# ਓੜਕਿ ਨਿਬਹੀ ਪ੍ਰੀਤਿ

*The* **AUTOBIOGRAPHY** *of*

## CAPT. AMARJIT SINGH KALEKA



CAPTAIN Kaleka

www.captainaskaleka.com

**ਇਸੇ ਕਲਮ ਤੋਂ:**

Battle Front-America (English)
ਰਣ-ਭੂਮੀ ਅਮਰੀਕਾ (ਪੰਜਾਬੀ)
ਇਹ ਕਿਤਾਬਾਂ ਲੇਖਕ ਦੀ ਵੈਬਸਾਈਟ www.captainaskaleka.com ਤੇ ਮੁਫ਼ਤ ਪੜ੍ਹੀਆਂ ਜਾ ਸਕਦੀਆਂ ਹਨ।

ਲੇਖਕ:

ਅਮਰਜੀਤ ਸਿੰਘ ਕਾਲੇਕਾ

ਪਬਲੀਕੇਸ਼ਨ:

ਸ਼ਹੀਦ-ਏ-ਆਜ਼ਮ ਪਬਲੀਕੇਸ਼ਨ, ਪਟਿਆਲਾ

# ਓੜਕਿ ਨਿਬਹੀ ਪ੍ਰੀਤਿ

## ਕੈਪਟਨ ਅਮਰਜੀਤ ਸਿੰਘ ਕਾਲੇਕਾ

63- ਸੈਂਚਰੀ ਐਨਕਲੇਵ, ਨਾਭਾ ਰੋਡ, ਪਟਿਆਲਾ
ਮੋਬਾਇਲ 98782-39940
ਈ ਮੇਲ: captkaleka@yahoo.com
ਵੈਬਸਾਈਟ: www.captainaskaleka.com

ISBN: 978-93-84789-99-2
ਕਾਪੀਰਾਈਟ: © ਲੇਖਕ
ਪਹਿਲਾ ਐਡੀਸ਼ਨ: 2018

ਕੀਮਤ:

ਪ੍ਰਕਾਸ਼ਕ: ਸ਼ਹੀਦ-ਏ-ਆਜ਼ਮ ਪਬਲੀਕੇਸ਼ਨ

ਪ੍ਰਿੰਟਿੰਗ: ਸ਼ਹੀਦ-ਏ-ਆਜ਼ਮ ਪ੍ਰੈਸ ਐਂਡ ਹਾਸਪੀਟੈਲਿਟੀ ਪ੍ਰਾਈਵੇਟ ਲਿਮ.
ਪਟਿਆਲਾ, 98146-32807

ਇਹ ਪੁਸਤਕ ਮੇਰੇ ਸਤਿਕਾਰਯੋਗ ਮਾਤਾ-ਪਿਤਾ ਨੂੰ ਸਮਰਪਿਤ ਹੈ। ਪਿਤਾ, ਮੇਜਰ ਪ੍ਰੀਤਮ ਸਿੰਘ ਜੀ ਨੇ ਸਾਰੀ ਉਮਰ ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ॥ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ ਕੰਠ ਹੀ ਨਹੀਂ ਕਰਾਇਆ ਬਲਕਿ ਜੀਵਨ ਦਾ ਆਧਾਰ ਬਣਾਉਣਾ ਦ੍ਰਿੜ ਕਰਾਇਆ। 1965 ਦੀ ਲੜਾਈ ਜਾਂਦਿਆਂ ਹੋਇਆਂ ਮਾਤਾ ਜੀ ਸਰਦਾਰਨੀ ਜਗੀਰ ਕੌਰ ਨੇ ਸੰਜੀਦਗੀ ਨਾਲ ਸਮਝਾਇਆ "ਕਾਕਾ ਦੁੱਖ-ਸੁੱਖ ਬੰਦਿਆਂ 'ਤੇ ਹੀ ਆਉਂਦੇ ਹਨ, ਅੱਛੀ ਤਰ੍ਹਾਂ ਕੰਮ ਕਰਨਾ।" ਮਾਪਿਆਂ ਦੀਆਂ ਇਹਨਾਂ ਸਿੱਖਿਆਵਾਂ ਨੇ ਮੇਰੇ ਜੀਵਨ ਵਿਚ ਸਦਾ ਹੀ ਚਾਨਣ ਮੁਨਾਰੇ ਦਾ ਕੰਮ ਕੀਤਾ। ਮੈਂ ਆਪਣਾ ਜੀਵਨ ਇਹਨਾਂ ਸਿੱਖਿਆਵਾਂ ਨਾਲ ਬਹਾਦਰੀ ਅਤੇ ਇਮਾਨਦਾਰੀ ਨਾਲ ਨਿਭਾਇਆ। 1965 ਦੀ ਲੜਾਈ ਵਿਚ ਅਜਿਹੀ ਹਾਲਤ ਆਈ ਜਦ ਕਿ ਮਰਨਾ ਜਾਂ ਲੜਾਈ ਤੋਂ ਭੱਜਣਾ ਹੀ ਵਿਕਲਪ ਸੀ, ਮੈਂ ਇਜ਼ਤ ਨਾਲ ਮਰਨ ਨੂੰ ਤਰਜੀਹ ਦਿੱਤੀ। ਮੈਂ ਸਾਰੀ ਉਮਰ ਇਮਾਨਦਾਰੀ ਦਾ ਪੱਲਾ ਨਹੀਂ ਛੱਡਿਆ। ਦੁੱਖ-ਸੁੱਖ ਲੰਘ ਕੇ ਜੀਵਨ ਦੀ ਸ਼ਾਮ ਵਿਚ ਵੀ ਮਹਿਸੂਸ ਕਰ ਰਿਹਾ ਹਾਂ ਕਿ ਜੋ ਕੁਝ ਮੈਂ ਸੋਚਿਆ ਅਤੇ ਕੀਤਾ, ਮੇਰੇ ਮਾਪਿਆਂ ਦੀ ਬਦੌਲਤ ਹੀ ਸੀ।

# ਤਤਕਰਾ

ਮੁੱਖ ਬੰਧ
Introduction of the Author as an Army Officer-Col. K.S.Bakshi
1. ਜਾਣ -ਪਛਾਣ
2. ਜਨਮ
3. ਬਚਪਨ
4. ਮੇਰੇ ਸਕੂਲ
5. ਉਚੇਰੀ ਵਿੱਦਿਆ
6. ਕਮਿਸ਼ੰਡ ਅਫ਼ਸਰ
7. ਮਹਾਰ ਰੈਜੀਮੈਂਟ ਸੈਂਟਰ, ਸਾਗਰ ਦੇ ਦਿਨ
8. ਮਾਂ ਦਾ ਆਸ਼ੀਰਵਾਦ
9. ਜਲਿਪਾ ਅਤੇ ਜੋਧਪੁਰ ਦਾ ਸਮਾਂ
10. 1965 ਦੀ ਲੜਾਈ
11. ਸੀਜ਼-ਫਾਇਰ
12. ਅੰਬਾਲਾ ਅਤੇ ਨਾਗਾਲੈਂਡ ਦਾ ਸਮਾਂ
13. ਕਾਲਕਾ
14. ਬੇਰੁਜ਼ਗਾਰੀ ਦਾ ਸਮਾਂ
15. ਸਰਕਾਰੀ ਕਾਲਜ, ਟਾਂਡਾ
16. ਵਿਆਹ
16.(ਏ) ਮੇਰਾ ਸਹੁਰਾ ਪਰਿਵਾਰ
17. ਸਰਕਾਰੀ ਕਾਲਜ, ਨਾਭਾ
18. ਮੇਰੇ ਬੱਚੇ, ਉਹਨਾਂ ਦਾ ਬਚਪਨ ਅਤੇ ਵਿੱਦਿਆ
19. ਅਮਰੀਕਾ ਰਹਿੰਦਿਆਂ
20. ਅਧਿਆਤਮਿਕ ਸਫ਼ਰ
21. ਆਰਥਿਕ ਵਿਊਂਤਬੰਦੀ
22. ਅਨੋਖੇ ਅਨੁਭਵ
23. ਸੰਤਾਪ
24. ਮੇਰੇ ਸ਼ੌਕ
25. ਯਾਰਾਂ ਨਾਲ ਬਹਾਰਾਂ
26. ਮੇਰੇ ਵਿਰੋਧੀ
27. ਬੰਦੋਬਸਤ
28. ਸਾਡੇ ਅਸੂਲ
29. ਇਨਸਾਫ਼ ਪਸੰਦ
30. ਆਖਰੀ ਦੌੜ

# ਮੁੱਖ ਬੰਧ

ਕੈਪਟਨ ਅਮਰਜੀਤ ਸਿੰਘ ਕਾਲੇਕਾ ਦੀ ਸਵੈ-ਜੀਵਨੀ ਅੱਜ-ਕੱਲ ਦੇ ਨੌਜਵਾਨਾਂ ਲਈ ਇਕ ਪ੍ਰੇਰਣਾ ਸਰੋਤ ਹੈ।

ਮੈਨੂੰ ਸਰਦਾਰ ਅਮਰਜੀਤ ਸਿੰਘ ਕਾਲੇਕਾ ਨੂੰ ਪਿਛਲੇ 30 ਸਾਲਾਂ ਤੋਂ ਵੱਧ ਸਮੇਂ ਤੋਂ ਜਾਨਣ ਦਾ ਮਾਣ ਹਾਸਲ ਹੈ ਅਤੇ ਮੈਂ ਕਹਿ ਸਕਦਾ ਹਾਂ ਕਿ ਇਹ ਸੱਚ ਅਤੇ ਇਮਾਨਦਾਰੀ ਦਾ ਪੱਲਾ ਫੜ ਕੇ ਨਿਡਰਤਾ ਨਾਲ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਹੌਸਲਾ ਰੱਖਣ ਵਾਲੀ ਸਖ਼ਸ਼ੀਅਤ ਦੇ ਮਾਲਕ ਹਨ।

ਪਟਿਆਲਾ ਰਿਆਸਤ ਦੇ ਇਕ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਹਨਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਸੇਵਾ ਨਿਭਾਈ, ਜਿਸ ਉਪਰੰਤ ਲੰਬੇ ਸਮੇਂ ਲਈ ਦੂਜਿਆਂ ਲਈ ਚਾਨਣ ਮੁਨਾਰਾ ਬਣ ਕੇ ਆਬਕਾਰੀ ਤੇ ਕਰ ਵਿਭਾਗ ਦੇ ਵਿਚ ਸੇਵਾ ਨਿਭਾਈ ਅਤੇ ਇਮਾਨਦਾਰੀ ਦੀ ਇਕ ਮਿਸਾਲ ਕਾਇਮ ਕੀਤੀ। ਜਿਸ ਵੇਲੇ ਬਤੌਰ ਉਪ-ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਚਲੇ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਿਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾਂ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਅਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ ਅਤੇ ਉਸ ਤੋਂ ਬਾਅਦ ਮੁੜ ਤੋਂ ਵਿੱਦਿਆ ਦੇ ਖੇਤਰ ਵਿਚ ਜੁੱਟ ਗਏ ਅਤੇ ਤਿੰਨ ਕਿਤਾਬਾਂ ਵੀ ਲਿਖ ਚੁੱਕੇ ਹਨ। ਅੱਜ ਵੀ ਕਈ ਜਾਨ ਲੇਵਾ ਬਿਮਾਰੀਆਂ ਨਾਲ ਜੂਝਦੇ ਹੋਏ, ਬੜੇ ਹੌਸਲੇ ਅਤੇ ਉਤਸ਼ਾਹ ਦੇ ਨਾਲ ਸਮਾਜ ਦੀ ਸੇਵਾ ਵਿਚ ਲੱਗੇ ਹੋਏ ਹਨ ਅਤੇ ਦੂਸਰਿਆਂ ਨੂੰ ਪ੍ਰੋਤਸਾਹਨ ਦਿੰਦੇ ਹਨ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਜੀ ਦੀ ਜੀਵਨੀ ਮੁਸ਼ਕਿਲਾਂ ਅਤੇ ਔਕੜਾ 'ਤੇ ਕਾਬੂ ਪਾਉਣ, ਅਕਾਲ ਪੁਰਖ ਵੱਲੋਂ ਦਰਸਾਏ ਸੱਚ, ਇਮਾਨਦਾਰੀ, ਨੇਕੀ ਦੇ ਮਾਰਗ 'ਤੇ ਚੱਲਣ ਦੀ ਅਤੇ ਇਨਸਾਨੀ ਕਦਰਾਂ ਕੀਮਤਾਂ ਦੀ ਇਕ ਬਹੁਤ ਅਨੂਠੀ ਮਿਸਾਲ ਹੈ। ਆਸ ਹੈ ਕਿ ਅੱਜ ਦੇ ਨੌਜਵਾਨ ਇਸ ਤੋਂ ਉਤਸ਼ਾਹਿਤ ਹੋ ਕੇ ਇਸ ਮਾਰਗ ਵੱਲ ਚੱਲਣ ਲਈ ਪ੍ਰੇਰਿਤ ਹੋਣਗੇ।

ਫ਼ਤਿਹਗੜ੍ਹ ਸਾਹਿਬ — ਸ਼ਿਵਦੁਲਾਰਸਿੰਘ ਢਿੱਲੋਂ, ਆਈ.ਏ.ਐੱਸ.

ਮਿਤੀ: 13-12-2018 — ਡਿਪਟੀ ਕਮਿਸ਼ਨਰ

## Introduction of the Author as an Army Officer

Amarjit is an Officer and a Gentleman. He has made success of each of his diverse career choices - Army Officer, Civil Officer, Farmer, Professor, Businessman, by performing them with the highest sense of duty, dedication & service.

I met 2/Lt Amarjit in April 1965, when he reported to 2 Mahar which was under move to Jodhpur in role in defence of Barmer sector against Sindh. In early September 1965, as CO 2 Mahar my revised assignment was changed to Khemkaran sector where Pakistan invasion had run over some miles of Indian highways to Amritsar. Amarjit's platoon leading its company was providing defence to Brigade HQ from Pakistan's Balooch unit occupying positions in occupied territory. Amarjit's aggressive actions and probes to push back enemy positions invited enemy fire from not only those position but artillery fire as well. His aggressive actions were in complete contrast to the other units who had adopted a defensive posture despite having limited manpower and ammunition. The situation was so dire that I had to carry a few boxes of small arm's ammunition for his platoon. The Pakistan attack was beaten back with hand grenades and small arms. The Company Commander was wounded and Amarjit took over the charge. After the cease fire he secured the ceasefire line in Asaluttar by patrolling.

For his personal bravery and leadership, I recommended him for high gallantry award. He submitted, that the award be given to his juniors which will be of help in their career. He served with devotion till the war was over and after leaving the army followed his dream for pursuing career in civil life. He remained college professor and later joined civil services as ETO, when he retired as Addl. Excise & Taxation Commissioner, Punjab in 2001. Taking leave of his job as Deputy Excise & Taxation

Commissioner, Patiala Division and selling all his property in India, the family left to U.S for higher education of his two sons in 1993. Elder son, Gurmit did B.S in electrical engineering & computer science from university of Wisconsin and he is a businessman. The younger son, Gurjeet is a well-known Vascular surgeon in U.S after 18 years of education there. Both are well settled & happily married to physician girls from India.

He also built successful business' in America and followed the best tradition and culture of his faith for self & family. I wish him God's blessings in his future pursuits.

Secunderabad **Col. K.S. Bakshi, A.V.S.M (Retd)**
20-12-2018

# ਆਪਣੀ ਗੱਲ

ਅਮਰੀਕਾ ਵਿਚ ਬੱਚਿਆਂ ਦੀ ਪੜ੍ਹਾਈ ਲਈ ਸਾਨੂੰ ਕਈ ਸਾਲ ਸੰਘਰਸ਼ ਕਰਨਾ ਪਿਆ ਅਤੇ ਆਪਣੀਆਂ ਨੌਕਰੀਆਂ ਤੋਂ ਪੰਜ ਸਾਲ (1993-1998) ਛੁੱਟੀ ਲੈਣੀ ਪਈ। ਉਸ ਵੇਲੇ ਮੇਰਾ ਅਹੁਦਾ ਡਿਪਟੀ ਕਰ ਅਤੇ ਆਬਕਾਰੀ ਕਮਿਸ਼ਨਰ ਪਟਿਆਲਾ ਡਵੀਜ਼ਨ ਸੀ। ਮੇਰੀ ਪਤਨੀ ਜਸਮਿੰਦਰ ਕੌਰ ਦਾ ਅਹੁਦਾ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਸੀ। ਬੱਚਿਆਂ ਨੂੰ ਪੜ੍ਹਾਉਣ ਦੀ ਖਾਤਰ ਅਸੀਂ ਸਾਰੀ ਜ਼ਮੀਨ ਅਤੇ ਪਟਿਆਲਾ ਸ਼ਹਿਰ ਦਾ ਮਕਾਨ ਵੇਚ ਦਿੱਤਾ। ਇਸ ਸਾਰੇ ਸੰਘਰਸ਼ ਦੀ ਕਹਾਣੀ ਅੰਗਰੇਜ਼ੀ ਵਿਚ ਬੈਟਲ ਫਰੰਟ ਅਮਰੀਕਾ ਦੇ ਨਾਮ ਹੇਠਾਂ ਲਿਖੀ ਹੈ। ਤਕਰੀਬਨ ਇਸੇ ਦਾ ਪੰਜਾਬੀ ਰੂਪਾਂਤਰਣ ਰਣ-ਭੂਮੀ ਅਮਰੀਕਾ (ਬੱਚਿਆਂ ਦੇ ਵਿੱਦਿਆ ਲਈ ਸੰਘਰਸ਼) ਲਿਖੀ ਹੈ। ਇਸੇ ਲੜੀ ਵਿਚ ਤੀਸਰੀ ਕਿਤਾਬ ਓੜਕਿ ਨਿਬਹੀ ਪ੍ਰੀਤਿ ਲਿਖੀ ਹੈ। ਇਸ ਵਡੇਰੀ ਉਮਰ ਵਿਚ ਅਤੇ ਅਨੇਕਾਂ ਬਿਮਾਰੀਆਂ ਤੋਂ ਉਪਰੰਤ ਅਜਿਹਾ ਉੱਦਮ ਅਤੇ ਉਤਸ਼ਾਹ ਰੱਬ ਦੀ ਕਿਰਪਾ ਅਤੇ ਸ਼ੁਭ ਚਿੰਤਕਾਂ ਦੀ ਹੱਲਾ-ਸ਼ੇਰੀ ਤੋਂ ਬਿਨਾਂ ਪੂਰਾ ਨਹੀਂ ਹੁੰਦਾ। ਇਸ ਕਿਤਾਬ ਨੂੰ ਲਿਖਣ ਵਿਚ ਬਹੁਤ ਭੈਣ-ਭਰਾਵਾਂ ਅਤੇ ਪਿਆਰੇ ਮਿੱਤਰਾਂ ਦਾ ਸਹਿਯੋਗ ਤੇ ਆਸ਼ੀਰਵਾਦ ਹੈ। ਮੈਂ ਧੰਨਵਾਦੀ ਹਾਂ:-

ਡਾ. ਰਣਬੀਰ ਸਿੰਘ ਸਰਾਓ, ਪ੍ਰੋਫੈਸਰ ਅਤੇ ਸਾਬਕਾ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਜਿਨ੍ਹਾਂ ਦੀ ਯੋਗ ਅਗਵਾਈ ਨਾਲ ਮੈਂ ਆਪਣੀ ਉਮਰ ਦੇ ਛੇਵੇਂ ਦਹਾਕੇ ਵਿਚ ਦੋ ਵਿਸ਼ਿਆਂ ਵਿਚ ਐੱਮ.ਏ. ਕੀਤੀ।

ਸ. ਸੁਰਜੀਤ ਸਿੰਘ ਰੱਖੜਾ, ਸਾਬਕਾ ਕੈਬਨਿਟ ਮੰਤਰੀ, ਪੰਜਾਬ ਸਰਕਾਰ ਜੋ ਕਿ ਰਿਪੁਦਮਨ ਕਾਲਜ, ਨਾਭਾ ਵਿਖੇ ਅਧਿਆਪਨ ਦੌਰਾਨ ਮੇਰੇ ਅਜੀਜ਼ ਸ਼ਾਗਿਰਦਾਂ ਵਿਚੋਂ ਸਨ। ਉਹਨਾਂ ਵੱਲੋਂ ਮਿਲੇ ਸਤਿਕਾਰ ਅਤੇ ਉਤਸ਼ਾਹੀ ਸ਼ਬਦਾਂ ਨੇ ਵੀ ਮੈਨੂੰ ਪ੍ਰੇਰਤਿ ਕੀਤਾ।

ਸ. ਸ਼ਿਵਦੁਲਾਰ ਸਿੰਘ ਢਿੱਲੋਂ, ਆਈ.ਏ.ਐੱਸ., ਡਿਪਟੀ ਕਮਿਸ਼ਨਰ, ਸ੍ਰੀ ਫ਼ਤਹਿਗੜ੍ਹ ਸਾਹਿਬ ਜਿਨ੍ਹਾਂ ਨੇ ਇਸ ਕਿਤਾਬ ਦਾ ਮੁੱਖ ਬੰਧ ਲਿਖਿਆ ਹੈ।

ਮੇਰੇ 1965 ਦੀ ਲੜਾਈ ਦੇ ਹੀਰੋ ਕਮਲ ਕੰਵਰ ਸੇਨ ਬਖਸ਼ੀ ਦਾ ਜਿਨ੍ਹਾਂ ਨੇ ਮੇਰੀ ਲੜਾਈ ਕਾਰਗੁਜ਼ਾਰੀ ਬਾਰੇ ਉਤਸ਼ਾਹਿਤ ਸ਼ਬਦ ਲਿਖੇ।

ਡਾ. ਗੁਰਮੀਤ ਸਿੰਘ ਸਿੱਧੂ ਪ੍ਰੋਫੈਸਰ ਅਤੇ ਮੁਖੀ, ਧਰਮ ਅਧਿਐਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਜਿਹਨਾਂ ਨੇ ਕਿਤਾਬ ਦੀ ਰੂਪ-ਰੇਖਾ ਬਾਰੇ ਨਿੱਘਰ ਸੁਝਾਓ ਦਿੱਤੇ।

ਪ੍ਰੋਫੈਸਰ ਅਵਤਾਰ ਸਿੰਘ ਧਾਲੀਵਾਲ (ਰਿਟਾਇਰਡ), ਜਿਹਨਾਂ ਨੇ ਇਸ

ਪੁਸਤਕ ਦੇ ਖਰੜੇ ਨੂੰ ਪੜ੍ਹਨ ਤੋਂ ਬਾਅਦ ਇਸ ਨੂੰ ਸੰਵਾਰਨ ਵਿਚ ਮੈਨੂੰ ਉਤਸ਼ਾਹਿਤ ਕੀਤਾ।

ਡਾ. ਹਰਨੇਕ ਸਿੰਘ ਢੋਟ, ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਜਿਹਨਾਂ ਨੇ ਮੈਨੂੰ ਮੇਰੇ ਜੀਵਨ ਦੇ ਅਨੁਭਵਾਂ ਨੂੰ ਹਰਫ਼ਾਂ ਵਿਚ ਲਿਖਣ ਲਈ ਪ੍ਰੇਰਿਆ।

ਪ੍ਰੋ. ਚਤਰ ਸਿੰਘ ਵਿਰਕ, ਜੋ ਕਿ ਤਿੰਨ ਦਹਾਕਿਆਂ ਤੋਂ ਵਧੇਰੇ ਸਮੇਂ ਤੋਂ ਮੇਰੇ ਮਿੱਤਰ ਰਹੇ ਹਨ। ਉਹਨਾਂ ਨੇ ਵੀ ਇਸ ਪੁਸਤਕ ਨੂੰ ਲਿਖਣ ਲਈ ਹਮੇਸ਼ਾਂ ਮੇਰੀ ਹੌਂਸਲਾ ਅਫ਼ਜਾਈ ਕੀਤੀ।

ਮੇਰੀ ਪਤਨੀ, ਜਸਮਿੰਦਰ ਕੌਰ ਦੇ ਜ਼ਿਕਰ ਤੋਂ ਬਿਨਾਂ ਮੇਰੀ ਇਹ ਗੱਲ ਅਧੂਰੀ ਰਹੇਗੀ, ਜਿਹਨਾਂ ਨੇ ਹਮੇਸ਼ਾਂ ਵਾਂਗ ਆਪਣੀ ਗੰਭੀਰਤਾ ਅਤੇ ਸਿਆਣਪ ਨਾਲ ਇਸ ਕਿਤਾਬ ਦੀ ਪ੍ਰਕਾਸ਼ਨਾ ਸਬੰਧੀ ਮੈਨੂੰ ਮਹੱਤਵਪੂਰਨ ਸੁਝਾਅ ਦਿੱਤੇ।

ਪਟਿਆਲਾ — ਕੈਪਟਨ ਅਮਰਜੀਤ ਸਿੰਘ ਕਾਲੇਕਾ
ਮਿਤੀ: 13-12-2018 — ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ
(ਰਿਟਾਇਰਡ)

# ਜਾਣ-ਪਛਾਣ

ਇਸ ਕਿਤਾਬ ਦਾ ਨਾਮ 'ਓੜਕਿ ਨਿਬਹੀ ਪ੍ਰੀਤਿ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1000 'ਤੇ ਮਾਰੂ ਰਾਗ ਹੇਠ ਦਰਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਰਿਤ ਸ਼ਬਦ ਦੀ ਪੰਕਤੀ ਹੈ। ਜਿਥੇ ਮਹਾਰਾਜ ਜੀ ਫੁਰਮਾਉਂਦੇ ਹਨ ॥ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥ ਇਸ ਸਾਰੇ ਸ਼ਬਦ ਦਾ ਅਰਥ ਇਸ ਪ੍ਰਕਾਰ ਹੈ:-

ਹੇ ਭਾਈ, ਪ੍ਰਮਾਤਮਾ ਤੇ ਭਗਤ ਦੀ ਪ੍ਰੀਤਿ ਅਖੀਰ ਤੱਕ ਬਣੀ ਰਹਿੰਦੀ ਹੈ। ਜਿਤਨਾ ਚਿਰ ਉਹ ਇਸ ਜੱਗ ਵਿਚ ਜਿਉਂਦਾ ਹੈ, ਉਤਨਾ ਚਿਰ ਆਪਣੇ ਮਾਲਕ-ਪ੍ਰਭੂ ਦੀ ਸੇਵਾ-ਸਿਮਰਨ ਕਰਦਾ ਰਹਿੰਦਾ ਹੈ ਅਤੇ ਜਗਤ ਤੋਂ ਤੁਰਨ ਲੱਗਿਆਂ ਭੀ ਪ੍ਰਭੂ ਨੂੰ ਆਪਣੇ ਚਿੱਤ ਵਿਚ ਵਸਾਈ ਰੱਖਦਾ ਹੈ।

ਮਾਨ, ਮੋਹ ਤੇ ਲੋਭ ਆਦਿਕ ਹੋਰ ਵਿਕਾਰਾਂ ਨੂੰ ਪ੍ਰਮਾਤਮਾ ਦਾ ਸੇਵਕ ਆਪਣੇ ਚਿੱਤ ਵਿਚ ਨਹੀਂ ਆਉਣ ਦਿੰਦਾ। ਉਹ ਸਦਾ ਪ੍ਰਮਾਤਮਾ ਦਾ ਨਾਮ ਰਤਨ ਅਤੇ ਪ੍ਰਮਾਤਮਾ ਦੀ ਸਿਫਤਿ ਸਲਾਹ ਹੀ ਵਣਜਦਾ ਰਹਿੰਦਾ ਹੈ। ਇਹੀ ਸੌਦਾ ਉਹ ਇਥੋਂ ਲੱਦ ਕੇ ਤੁਰਦਾ ਹੈ। ਸੇਵਕ ਪ੍ਰਭੂ ਦੇ ਹੁਕਮ ਨੂੰ ਖੁਸ਼ੀ-ਖੁਸ਼ੀ ਮੰਨਦਾ ਹੈ ਤੇ ਜਿਥੇ ਪ੍ਰਭੂ ਭੇਜੇ ਖੁਸ਼ੀ-ਖੁਸ਼ੀ ਚਲਾ ਜਾਂਦਾ ਹੈ। ਸੇਵਕ ਨੂੰ ਮਾਲਕ ਦੇ ਹੁਕਮ ਵਿਚ ਭੁੱਖ ਨੰਗ ਆ ਗਈ ਤਾਂ ਉਸ ਨੂੰ ਹੀ ਉਸ ਨੇ ਸੁੱਖ ਮੰਨ ਲਿਆ।

ਹੇ ਨਾਨਕ! ਮਾਲਕ ਪ੍ਰਭੂ ਜਿਸ ਸੇਵਕ ਉੱਤੇ ਦਇਆਵਾਨ ਹੁੰਦਾ ਹੈ, ਉਸ ਦਾ ਲੋਕ ਅਤੇ ਪਰਲੋਕ ਦੋਵੇਂ ਸੁਧਰ ਜਾਂਦੇ ਹਨ। ਜਿਸ ਸੇਵਕ ਨੇ ਖਸਮ ਪ੍ਰਭੂ ਨਾਲ ਡੂੰਘੀ ਸਾਂਝ ਪਾ ਲਈ ਉਹ ਭਾਗਾਂ ਵਾਲਾ ਹੈ, ਉਸ ਦਾ ਦੁਨੀਆ ਵਿਚ ਆਉਣਾ ਸਫਲ ਹੋ ਜਾਂਦਾ ਹੈ। (ਪ੍ਰੋ. ਸਾਹਿਬ ਸਿੰਘ ਜੀ)

ਮੈ ਆਪਣੇ ਸਮੁੱਚੇ ਜੀਵਨ ਦਾ ਸਫਰ ਦੇਸ਼, ਪਰਿਵਾਰ, ਨੌਕਰੀਆਂ ਅਤੇ ਸਮਾਜ ਪ੍ਰਤੀ ਨਿਰਸਵਾਰਥ ਪਿਆਰ ਨਾਲ ਪੂਰਾ ਕੀਤਾ। ਫੌਜ ਵਿਚ ਅੱਛੇ ਕੰਮ ਲਈ ਕਰਨਲ ਕੰਵਰ ਸੈਨ ਬਖਸ਼ੀ ਸਾਹਿਬ ਮੈਨੂੰ ਮਹਾਂਵੀਰ ਚੱਕਰ ਜਾਂ ਵੀਰ ਚੱਕਰ ਦਿਵਾਉਣਾ ਚਾਹੁੰਦੇ ਸਨ। ਮੈਂ ਹੌਲਦਾਰ ਭੀਮ ਸੈਨ ਮੌਰੇ ਨੂੰ ਵੀਰ ਚੱਕਰ ਦਿਵਾਇਆ। ਇਹ ਅਲੱਗ ਗੱਲ ਹੈ ਕਿ ਬਾਅਦ ਵਿਚ ਮੈਨੂੰ ਵੀ ਮੇਰੇ ਪੁੱਛੇ ਬਿਨਾਂ ਹੀ ਹੋਰ ਬਹਾਦਰੀ ਦਾ ਪੁਰਸਕਾਰ ਦਿੱਤਾ ਗਿਆ। ਪ੍ਰੋਫੈਸਰੀ ਦੌਰਾਨ ਸਾਰੇ ਵਿਦਿਆਰਥੀਆਂ ਨੂੰ ਆਪਣੇ ਛੋਟੇ ਭੈਣ-ਭਰਾ ਸਮਝ ਕੇ ਦਿਆਨਤਦਾਰੀ ਨਾਲ ਪੜ੍ਹਾਇਆ ਅਤੇ ਅੱਛੀਆਂ ਨੈਤਿਕ ਗੱਲਾਂ ਸਮਝਾਈਆਂ।

ਆਬਕਾਰੀ ਤੇ ਕਰ ਵਿਭਾਗ ਵਿਚ ਮੈਂ ਨੌਕਰੀ ਕਰਦਿਆਂ ਵਪਾਰੀਆਂ ਅਤੇ

ਸਰਕਾਰ ਨਾਲ ਪੂਰਾ ਇਨਸਾਫ ਕੀਤਾ। 1990 ਵਿਚ ਟੈਕਸ ਇੰਸਪੈਕਟਰਾਂ ਦਾ ਇਮਤਿਹਾਨ ਕਰਵਾਉਣ ਦੀ ਸਾਰੀ ਜ਼ਿੰਮੇਵਾਰੀ ਪੇਪਰ ਛਪਾਉਣ ਤੋਂ ਲੈ ਕੇ ਨੰਬਰ ਲਗਾਉਣ ਤੱਕ ਸਾਰੇ ਅਧਿਕਾਰ ਮੇਰੇ ਕੋਲ ਹੀ ਸਨ। ਮੈਂ ਪਰਮਾਤਮਾ ਦੇ ਭੈਅ ਵਿਚ ਰਹਿੰਦਿਆਂ ਇਸ ਪਾਵਰ ਦਾ ਸਹੀ ਉਪਯੋਗ ਕੀਤਾ। ਇਸ ਵਿਚ ਕਈ ਰਿਸ਼ਤੇਦਾਰਾਂ ਅਤੇ ਦੋਸਤਾਂ ਦੀ ਨਰਾਜ਼ਗੀ ਵੀ ਝੱਲਣੀ ਪਈ।

ਬੱਚਿਆਂ ਨੂੰ ਅਮਰੀਕਾ ਪੜ੍ਹਾਉਣ ਲਈ 1993 ਤੋਂ 1998 ਤੱਕ ਪੰਜ ਸਾਲ ਦੀ ਛੁੱਟੀ ਲਈ। ਸਾਡੇ ਕੋਲ ਇਮਾਨਦਾਰੀ ਕਰਕੇ ਪੈਸੇ ਆਦਿ ਨਹੀਂ ਸੀ। ਅਸੀਂ ਲਾਲ ਬਾਗ਼, ਪਟਿਆਲਾ ਵਿਖੇ ਆਪਣਾ ਮਕਾਨ ਅਤੇ ਸਾਰੀ ਜ਼ਮੀਨ ਵੇਚ ਦਿੱਤੀ। ਅਮਰੀਕਾ ਰਹਿੰਦਿਆਂ ਸਾਰਾ ਵਪਾਰ ਨੇਕੀ ਅਤੇ ਇਮਾਨਦਾਰੀ ਨਾਲ ਕੀਤਾ। ਬੱਚਿਆਂ ਨੂੰ ਪੜ੍ਹਾਈ ਕਰਵਾਉਣ ਉਪਰੰਤ 1998 ਵਿਚ ਆਪਣੇ ਸ਼ਹਿਰ ਨੌਕਰੀਆਂ ਤੇ ਵਾਪਸ ਆ ਗਏ। ਫਿਰ ਪਟਿਆਲਾ ਵਿਚ ਇਕ ਦਰਮਿਆਨਾ ਜਿਹਾ ਮਕਾਨ ਬਣਾਇਆ।

ਦੋਹਾਂ ਬੱਚਿਆਂ ਦੇ ਵਿਆਹ 2000 ਅਤੇ 2003 ਵਿਚ ਗੁਰਮੁਖ ਪਰਿਵਾਰਾਂ ਵਿਚ ਕੀਤੇ ਤੇ ਕੋਈ ਵੀ ਦਹੇਜ਼ ਆਦਿਕ ਨਹੀਂ ਮੰਗਿਆ। 2014 ਤੋਂ 2016 ਤੱਕ ਜਾਨ ਲੇਵਾ ਬਿਮਾਰੀਆਂ ਨਾਲ ਯੁੱਧ ਵਿੱਚ ਵੀ ਰੱਬੀ ਪ੍ਰੀਤ ਕਰਕੇ ਹੀ ਫ਼ਤਿਹ ਪਾਈ।

ਮੈਂ 75 ਸਾਲ ਦੀ ਉਮਰ ਪਾਰ ਕਰ ਚੁੱਕਾ ਹਾਂ ਅਤੇ ਮੈਨੂੰ ਸਪਸ਼ਟ ਹੈ ਕਿ ਮੇਰੇ ਜੀਵਨ ਕਾਲ ਦੀ ਸ਼ਾਮ ਹੈ। ਜਿਵੇਂ ਪੰਛੀ ਸਾਰਾ ਦਿਨ ਚੋਗ ਚੁੱਗਦੇ ਹਨ, ਧੁੱਪ ਸੇਕਦੇ ਹਨ ਅਤੇ ਸ਼ਾਮ ਨੂੰ ਆਪਣੇ ਆਲ੍ਹਣੇ ਵੱਲ ਆਉਂਦੇ ਹਨ। ਮੇਰਾ ਵੀ ਆਲ੍ਹਣੇ ਵੱਲ ਆਉਣ ਦਾ ਸਮਾਂ ਹੋ ਗਿਆ ਹੈ। ਮੇਰਾ ਆਲ੍ਹਣਾ ਇਹ ਦੁਨੀਆਂ ਨਹੀਂ, ਜਿਸ ਵਿਚ ਮੈਂ ਵੱਸ ਰਿਹਾ ਹਾਂ। ਇਹ ਤਾਂ ਇਮਤਿਹਾਨ ਦਾ ਪ੍ਰੀਖਿਆ ਹਾਲ ਹੈ। ਇਹ ਧਰਤੀ ਤਾਂ ਪ੍ਰਭੂ ਜੀ ਦੀ ਧਰਮਸਾਲ ਹੈ।

॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 7)

ਜਿਥੇ ਰਹਿ ਕੇ ਜੀਵ ਨੇ ਅਧਿਆਤਮਕ ਕਮਾਈ ਕਰਨੀ ਹੈ ਅਤੇ ਨੇਕ ਜੀਵਨ ਜਿਊਣਾ ਹੈ। ਇਥੇ ਮਾਤਾ ਪਿਤਾ ਦੀ ਸੇਵਾ, ਘਰ-ਵਾਲਿਆਂ ਦੀ ਦੇਖ-ਭਾਲ ਅਤੇ ਰੱਖਿਆ ਕਰਨੀ ਹੈ। ਇਥੇ ਬੱਚੇ ਪੈਦਾ ਕਰਕੇ ਪਾਲਣੇ ਹਨ। ਸਮਾਜ ਵਿਚ ਰਹਿੰਦਿਆਂ ਨਿਮਰਤਾ ਨਾਲ ਵਿਚਰਨਾ ਹੈ। ਇਥੇ ਟੱਬਰ ਪਾਲਣ ਲਈ ਨੇਕ ਕਮਾਈ ਕਰਨੀ ਹੈ। ਹਰ ਇਕ ਰੂਹ ਕਿਸੇ ਮਿਸ਼ਨ ਲਈ ਦੁਨੀਆਂ ਵਿਚ ਜਨਮ ਲੈਂਦੀ ਹੈ। ਜਿਹੜੀਆਂ ਰੂਹਾਂ ਜੀਵਨ ਵਿਚ ਆਰਥਿਕ ਅਤੇ ਅਧਿਆਤਮਕ ਤੌਰ ਤੇ ਅੱਗੇ ਹਨ, ਉਹਨਾਂ ਦਾ ਫਰਜ਼ ਹੈ ਕਿ ਪਿੱਛੇ ਰਹੀਆਂ ਹੋਈਆਂ ਰੂਹਾਂ ਦੀ ਆਰਥਿਕ ਮੱਦਦ ਅਤੇ ਅਧਿਆਤਮਕ ਗਿਆਨ ਦੇ ਕੇ ਉਹਨਾਂ ਦੀ ਅੱਗੇ ਵਧਣ ਵਿਚ ਸਹਾਇਤਾ ਕਰਨ। ਹਰ ਇਕ ਇਨਸਾਨ ਦਾ ਦੁਨਿਆਵੀ ਤੌਰ ਤੇ ਤਰੱਕੀ ਕਰਨ ਦਾ ਮਨ ਹੁੰਦਾ ਹੈ। ਇਹਨਾਂ ਰੂਹਾਂ ਨੂੰ ਵੀ ਆਰਥਿਕ ਸਹਾਇਤਾ ਦੀ ਲੋੜ ਹੈ। ਮੈਂ ਸਾਰੀ ਉਮਰ ਆਪਣੇ ਸਹਾਇਕਾਂ ਦੀ

ਮੱਦਦ ਕਰਦਾ ਰਿਹਾ। ਇਸ ਦੀ ਮੈਨੂੰ ਬਹੁਤ ਸੰਤੁਸ਼ਟੀ ਹੈ। ਪਰ ਏਨਾ ਹੀ ਕਾਫ਼ੀ ਨਹੀਂ ਹੈ। ਮੈਂ ਆਉਣ ਵਾਲੇ ਸਮੇਂ ਵਿਚ ਆਪਣੀ ਕਮਾਈ ਦੇ ਪੈਸੇ ਵਿਚੋਂ ਹੋਰ ਵੀ ਵੱਧ ਮੱਦਦ ਕਰਨੀ ਹੈ। ਇਹ ਮੱਦਦ ਵੀ ਕਿੱਧਰੇ ਹਉਮੈ ਦਾ ਕਾਰਨ ਨਾ ਬਣ ਜਾਵੇ, ਇਸ ਲਈ ਮੈਨੂੰ ਗੁਰੂ ਦੀ ਰੱਖਿਆ, ਰੱਬ ਜੀ ਦੀ ਕਿਰਪਾ ਅਤੇ ਆਪਣੀ ਮਿਹਨਤ ਤੇ ਉੱਦਮ ਦੀ ਲੋੜ ਹੈ।

॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥

(ਸੋਰਠਿ ਮ: ੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 595)

ਗੁਰੂ ਨਾਨਕ ਦੇਵ ਜੀ ਦਾ ਹੁਕਮ ਵੀ ਪੱਲੇ ਬੰਨ੍ਹਣ ਦੀ ਲੋੜ ਹੈ। ਹਉਮੈ ਤਾਂ ਇੰਨੀ ਸ਼ਾਤਰ ਹੈ ਕਿ ਸਮਝੋ ਅਸੀਂ ਇਕ ਟੈਂਕੀ ਵਿਚ ਬੈਠੇ ਹਾਂ, ਇਹ ਟੈਂਕੀ ਪਾਣੀ ਦੇ ਵਿਚ ਹੈ। ਥੋੜ੍ਹੀ ਜਿਹੀ ਹਉਮੈ ਨਾਲ ਹੀ ਇਸ ਟੈਂਕੀ ਵਿਚ ਤਰੇੜ ਆ ਜਾਂਦੀ ਹੈ ਤੇ ਪਾਣੀ ਅੰਦਰ ਆ ਜਾਂਦਾ ਹੈ ਸਮਝੋ ਕਿ ਸਾਡੇ ਡੁੱਬਣ ਦਾ ਕਾਰਨ ਬਣ ਗਿਆ ਹੈ। ਗੁਣ ਹੀ ਔਗੁਣ ਬਣ ਜਾਂਦਾ ਹੈ, ਇਸੇ ਤਰ੍ਹਾਂ ਹੀ ਹੋਰ ਗੁਣ ਹਨ, ਜਿਵੇਂ ਪੁੰਨ-ਦਾਨ।

ਮੈਂ ਆਪਣੇ ਲੰਮੇ ਜੀਵਨ ਕਾਲ ਵਿਚ ਬਹੁਤ ਦਾਨੀਆਂ ਨੂੰ ਹਉਮੈ ਦੇ ਪਾਣੀ ਵਿਚ ਡੁੱਬਦਾ ਦੇਖਿਆ ਹੈ। ਮੇਰੇ ਇਕ ਨਜ਼ਦੀਕੀ ਰਿਸ਼ਤੇਦਾਰ ਨੂੰ ਗੁਰਦੁਆਰਿਆਂ ਵਿਚ ਵੱਡੀ ਮੱਦਦ ਕਰਨ ਦਾ ਬੜਾ ਸ਼ੌਕ ਸੀ। ਪਟਿਆਲੇ ਸ਼ਹਿਰ ਤੋਂ ਦਸ ਕਿਲੋਮੀਟਰ ਦੂਰ ਇਕ ਪਿੰਡ ਦੇ ਲੋਕ ਮੇਰੇ ਪਾਸ ਆਏ ਅਤੇ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਲਈ ਮੱਦਦ ਮੰਗੀ। ਇਹ ਤਕਰੀਬਨ 1975 ਦੀ ਗੱਲ ਹੈ, ਜਦੋਂ ਕਿ ਪੰਜ ਹਜ਼ਾਰ ਰੁਪਏ ਕਾਫ਼ੀ ਵੱਡੀ ਰਕਮ ਸੀ। ਮੈਂ ਦਾਨੀ ਰਿਸ਼ਤੇਦਾਰ ਨੂੰ ਗੱਡੀ ਵਿਚ ਬਿਠਾ ਕੇ ਉਸ ਪਿੰਡ ਵਿਚ ਲੈ ਗਿਆ। ਉਹ ਕਾਫ਼ੀ ਪਛੜਿਆ ਹੋਇਆ ਪਿੰਡ ਸੀ। ਗੁਰਦੁਆਰਾ ਸਾਹਿਬ ਦੀ ਇਮਾਰਤ ਕਾਫ਼ੀ ਛੋਟੀ ਸੀ ਅਤੇ ਉਹ ਵੀ ਅੱਧ ਵਿਚਾਲੇ ਹੀ ਪਈ ਸੀ। ਅਸੀਂ ਮੱਥਾ ਟੇਕ ਕੇ ਬੈਠ ਗਏ। ਕੁਝ ਦੇਰ ਬਾਅਦ ਮੈਂ ਰਿਸ਼ਤੇਦਾਰ ਜੀ ਨੂੰ ਬੇਨਤੀ ਕੀਤੀ ਕਿ ਉਹ ਪੈਸੇ ਬਾਬਾ ਜੀ ਤਾਬੇ ਮੱਥਾ ਟੇਕ ਦੇਣ। ਮੇਰੇ ਕਹਿਣ ਤੇ ਉਹਨਾਂ ਨੇ ਮੱਥਾ ਟੇਕ ਦਿੱਤਾ। ਪ੍ਰਬੰਧਕ ਜਨ ਵੀ ਕੁਝ ਘੱਟ ਪੜ੍ਹੇ ਸਨ। ਉਹਨਾਂ ਨੂੰ ਉਪਚਾਰਕਤਾ ਨਹੀਂ ਸੀ ਆਉਂਦੀ। ਉਹ 15-20 ਮਿੰਟ ਇਸ ਦਾਨ ਬਾਰੇ ਬੋਲੇ ਹੀ ਨਹੀਂ। ਇੰਨੇ ਵਿਚ ਮੇਰੇ ਰਿਸ਼ਤੇਦਾਰ ਕੁਝ ਨਿਰਾਸ਼ ਜਿਹੇ ਲੱਗੇ। ਉਹਨਾਂ ਨੇ ਮੈਨੂੰ ਕਿਹਾ, "ਗੁਰਦੁਆਰਾ ਸਾਹਿਬ ਵਿਚ ਤਾਂ ਪੰਜ ਰੁਪਏ ਮੱਥਾ ਟੇਕੋ ਤੇ ਬੋਲੇ ਸੋ ਨਿਹਾਲ ਹੋ ਜਾਂਦੀ ਹੈ, ਇਹ ਕੀ ਹੋਇਆ ਕਿ ਇਹਨਾਂ ਨੇ ਮੇਰੇ ਬਾਰੇ ਕੋਈ ਜ਼ਿਕਰ ਵੀ ਨਹੀਂ ਕੀਤਾ।" ਮੈਂ ਹੀ ਉਠ ਕੇ ਗੁਰਦੁਆਰਾ ਸਾਹਿਬ ਵੱਲੋਂ ਰਿਸ਼ਤੇਦਾਰ ਦਾ ਧੰਨਵਾਦ ਕੀਤਾ। ਇਹ ਉਦਾਹਰਨ ਤਾਂ ਇਸ ਲਈ ਦਿੱਤੀ ਹੈ ਕਿ ਅਸੀਂ ਸਾਰੇ ਹੀ ਗੁਣਾਂ ਨੂੰ ਔਗੁਣ ਬਣਾ ਲੈਂਦੇ ਹਾਂ। ਹਲੀਮੀ ਦੀ ਗੈਰਹਾਜ਼ਰੀ ਵਿਚ ਵੀ ਇਨਸਾਨ ਹਉਮੈ ਦਾ ਸ਼ਿਕਾਰ ਹੋ ਜਾਂਦਾ ਹੈ।

ਮੇਰਾ ਰਹਿੰਦਾ ਸਮਾਂ ਵੀ ਮੈਨੂੰ ਦੱਸ ਦਿੱਤਾ ਹੈ ਕਿ ਥੋੜ੍ਹਾ ਹੈ। ਇਸ ਇਮਤਿਹਾਨ ਵਿਚੋਂ ਮੈਂ ਫੇਲ੍ਹ ਹੋ ਕੇ ਨਹੀਂ ਜਾਣਾ ਹੈ, ਸਗੋਂ ਅੱਛੇ ਨੰਬਰ ਲੈ ਕੇ ਰੱਬ ਦੇ ਘਰ ਵਿਚ ਅੱਛਾ ਸਥਾਨ ਗ੍ਰਹਿਣ ਕਰਨਾ ਹੈ। ਜੋ ਕਿ ਹਰ ਇਕ ਮਨੁੱਖ ਦਾ ਧਰਮ ਹੈ।

ਇਹ ਉਸ ਦੀ ਹੀ ਕਿਰਪਾ ਹੈ ਕਿ ਪ੍ਰਭੂ ਨੇ ਮੈਨੂੰ ਮੇਰਾ ਧਰਮ ਵੀ ਸਮਝਾ ਦਿੱਤਾ ਹੈ।

ਆਪਣੇ ਜੀਵਨ ਦੇ ਕੁਝ ਸਾਲਾਂ ਦੀਆਂ ਕੁਝ ਘਟਨਾਵਾਂ ਦਾ ਇਥੇ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਮੈਂ 67 ਸਾਲ ਦੀ ਉਮਰ ਵਿਚ ਦੂਜੀ ਐੱਮ.ਏ. ਅਤੇ 70 ਸਾਲ ਦੀ ਉਮਰ ਵਿਚ ਤੀਜੀ ਐੱਮ.ਏ. ਕੀਤੀ। ਇਹ ਦੋਵੇਂ ਐੱਮ.ਏ. ਅਧਿਆਤਮਕਤਾ ਵੱਲ ਤੁਰਨ ਦਾ ਇਕ ਨਿਮਾਣਾ ਜਿਹਾ ਯਤਨ ਹੈ। ਮੈਂ ਤਾਂ ਉਦਮ ਕਰਨਾ ਹੈ। ਪ੍ਰਭੂ ਜੀ ਦੀ ਅਤੇ ਗੁਰੂ ਜੀ ਦੀ ਕਿਰਪਾ ਨਾਲ ਹੀ ਇਹ ਜੀਵਨ ਕਾਮਯਾਬ ਹੋਣਾ ਹੈ।

॥ ਨਿਰਭਉ ਜਪੈ ਸਗਲ ਭਉ ਮਿਟੈ ॥

(ਗਉੜੀ ਸੁਖਮਨੀ ਮ:੫॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 292)

ਦੇ ਵਾਕ ਅਨੁਸਾਰ ਭਉ ਅਤੇ ਭਰਮ ਵੀ ਉਸ ਦੀ ਕਿਰਪਾ ਨਾਲ ਮਿਟ ਗਏ ਹਨ। ਪ੍ਰਭੂ ਦੀ ਕਿਰਪਾ ਨਾਲ ਇਨਸਾਨ ਦੇ ਸਾਰੇ ਡਰ ਦੂਰ ਹੋ ਜਾਂਦੇ ਹਨ। ਉਹ ਆਪਣੀ ਅਗਲੀ ਮੰਜ਼ਿਲ ਵੱਲ ਜਾਣ ਦੀ ਤਿਆਰੀ ਕਰਨ ਲੱਗਦਾ ਹੈ। ਮੈਂ ਜੀਵਨ ਵਿਚ ਇਕ ਸਮੇਂ ਵਿਚ ਸਿਰਫ਼ ਇਕ ਹੀ ਕੰਮ ਕਰਦਾ ਹਾਂ। ਇਹ ਵੀ ਉਸ ਦੀ ਹੀ ਸਿੱਖਿਆ ਅਤੇ ਕਿਰਪਾ ਹੈ।

2003 ਤੋਂ ਹੁਣ ਤੱਕ ਇਹ ਸਫ਼ਰ ਬਹੁਤ ਸੁਹਾਵਣਾ ਹੋ ਗਿਆ ਹੈ। ਪਾਠ ਤਾਂ ਮੈਂ ਅਮਰੀਕਾ ਜਾ ਕੇ 1993 ਤੋਂ 1998 ਤੱਕ ਬਹੁਤ ਕੀਤਾ। ਰੋਜ਼ ਸਵੇਰੇ ਤਿੰਨ ਵਜੇ ਉਠ ਕੇ ਕੇਸੀ ਨਹਾਉਂਦਾ ਸੀ। ਫਿਰ ਸੁਖਮਨੀ ਸਾਹਿਬ ਦਾ ਪਾਠ ਕਰਦਾ ਅਤੇ ਪਾਠ ਦੀ ਸਮਾਪਤੀ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦਾ ਸੀ। ਫਿਰ ਮਹਾਰਾਜ ਅੱਗੇ ਅਰਦਾਸ ਕਰਦਾ ਅਤੇ ਇਉਂ ਬੇਨਤੀ ਕਰਦਾ ਸੀ," ਪ੍ਰਭੂ ਜੀ, ਗੁਰੂ ਜੀ, ਮੇਰੇ ਬੱਚਿਆਂ ਦਾ ਮੂੰਹ ਸਿਰ ਬਣਾ ਦਿਓ।"

ਸਮਾਂ ਬੀਤਦਾ ਗਿਆ। 1998 ਵਿਚ ਮੈਂ ਭਾਰਤ ਆ ਗਿਆ ਅਤੇ ਛੁੱਟੀਆਂ ਖਤਮ ਹੋਣ ਉਪਰੰਤ ਮੈਂ ਆਪਣੀ ਨੌਕਰੀ ਦੁਬਾਰਾ ਜਾਇਨ ਕਰ ਲਈ। ਦੋ ਪ੍ਰੋਮੋਸ਼ਨਾਂ ਲੈ ਕੇ ਡਿਪਟੀ ਕਮਿਸ਼ਨਰ ਤੋਂ ਐਡੀਸ਼ਨਲ ਕਮਿਸ਼ਨਰ ਬਣ ਗਿਆ। ਜਦੋਂ ਅਸੀਂ 1992 ਵਿਚ ਅਮਰੀਕਾ ਗਏ ਸੀ ਤਾਂ ਭਾਰਤ ਵਿਚ ਆਪਣੀ ਸਾਰੀ ਜਾਇਦਾਦ ਅਤੇ ਮਕਾਨ ਆਦਿਕ ਵੇਚ ਦਿੱਤਾ ਸੀ।1999-2000 ਵਿਚ ਅਸੀਂ ਸੈਂਚਰੀ ਐਨਕਲੇਵ, ਪਟਿਆਲਾ ਵਿਖੇ ਇਕ ਮਕਾਨ ਬਣਾ ਲਿਆ ਜੋ ਸਾਡੇ ਬੁਢਾਪੇ ਦਾ ਸਹਾਰਾ ਹੈ। ਜਨਵਰੀ 2001 ਵਿਚ ਮੈਂ ਸਰਕਾਰੀ ਨੌਕਰੀ ਤੋਂ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਰਿਟਾਇਰ ਹੋ ਗਿਆ।

9/11 ਦੇ ਹਮਲੇ ਕਰਕੇ ਬੱਚਿਆਂ ਨੂੰ ਅਮਰੀਕਾ ਵਿਚ ਕੁਝ ਤਕਲੀਫ਼ ਮਹਿਸੂਸ ਹੋਣ ਲੱਗੀ। ਮੇਰੀ ਪਤਨੀ ਨੇ ਵੀ 18 ਮਹੀਨੇ ਪਹਿਲਾਂ, ਜਨਵਰੀ 2002 ਵਿਚ ਰਿਟਾਇਰਮੈਂਟ ਲੈ ਲਈ ਅਤੇ ਅਸੀਂ ਦੋਵੇਂ ਅਪ੍ਰੈਲ 2002 ਵਿਚ ਅਮਰੀਕਾ ਪਹੁੰਚ ਗਏ। 2002 ਤੋਂ ਅੱਗੇ ਮੈਂ ਪਾਠ ਹੋਰ ਵੀ ਵਧਾ ਦਿੱਤਾ। 2002 ਤੋਂ 2008 ਤੱਕ ਨਿਤਨੇਮ ਦੀਆਂ ਬਾਣੀਆਂ ਕੰਠ ਕੀਤੀਆਂ। 2003 ਤੋਂ ਸਾਡੀ ਅਧਿਆਤਮਿਕ

ਤਰੱਕੀ ਹੋਰ ਵੀ ਹੋ ਗਈ। ਰੱਬ ਜੀ ਨੇ ਸਾਨੂੰ ਕਾਰੋਬਾਰ ਛੱਪੜ ਪਾੜ ਕੇ ਦੇਣੇ ਸ਼ੁਰੂ ਕਰ ਦਿੱਤੇ। 2005 ਤੱਕ ਸਾਡਾ ਕਾਰੋਬਾਰ ਆਦਿਕ ਤੋਂ ਮਨ ਭਰ ਗਿਆ। 9 ਮਈ 2005 ਨੂੰ ਰੱਬ ਜੀ ਨੇ ਸਾਨੂੰ 11 ਏਕੜ ਦਾ ਮਕਾਨ ਦਿੱਤਾ। ਮੈਨੂੰ ਅਤੇ ਮੇਰੀ ਪਤਨੀ ਨੂੰ ਲੱਗਿਆ ਕਿ ਏਨਾ ਕੁਝ ਤਾਂ ਅਸੀਂ ਮੰਗਿਆ ਵੀ ਨਹੀਂ ਸੀ ਜੋ ਪ੍ਰਭੂ ਜੀ ਨੇ ਸਾਨੂੰ ਬਖਸ਼ ਦਿੱਤਾ ਹੈ। ਹੁਣ ਸਾਡਾ ਮਨ ਹਰ ਵੇਲੇ ਰੱਬ ਦੇ ਸ਼ੁਕਰ ਵਿਚ ਰਹਿਣ ਲੱਗਾ। ਸਾਡੇ ਰਿਸ਼ਤੇਦਾਰ ਅਤੇ ਦੋਸਤ ਸਾਡੇ ਘਰ ਬਾਰੇ ਕਹਿਣ ਲੱਗੇ "ਇਹ ਕਾਲੇਕਿਆਂ ਦਾ ਬਾਗ਼ ਹੈ।" ਮੈਂ ਕਿਹਾ ਕਰਾਂ,"ਇਹ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਬਾਗ਼ ਹੈ, ਅਸੀਂ ਤਾਂ ਨਿਮਾਣੇ ਜਿਹੇ ਮਾਲੀ ਹਾਂ।" ਅਸੀਂ ਭਾਰਤ ਤੋਂ ਦੋ ਤਿੰਨ ਖੁਰਪੇ ਅਤੇ ਇਕ ਦਾਤੀ ਮੰਗਵਾ ਲਈ। ਘਾਹ ਕੱਟਣ ਲਈ ਟਰੈਕਟਰ ਅਮਰੀਕਾ ਤੋਂ ਖਰੀਦ ਲਿਆ ਹੈ। 2007 ਵਿਚ 65 ਸਾਲ ਹੋਣ ਉਪਰੰਤ ਮੈਂ ਅਮਰੀਕਾ ਦੇ ਵਪਾਰ ਤੋਂ ਵੀ ਰਿਟਾਇਰ ਹੋ ਗਿਆ। ਚਾਹੇ ਕਾਗਜ਼ਾਂ ਵਿਚ ਇਹ ਬਿਲਡਿੰਗ ਤੇ ਕਾਰੋਬਾਰ 2010 ਨੂੰ ਲੜਕਿਆਂ ਵਿਚਕਾਰ ਤਕਸੀਮ ਕਰ ਦਿੱਤੇ। 13 ਜਨਵਰੀ 2008 ਨੂੰ ਹੀ ਮੈਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ ਅਤੇ ਉਹਨਾਂ ਨੇ ਮੈਨੂੰ ਅਸ਼ੀਰਵਾਦ ਦਿੱਤਾ। ਇਸ ਤੋਂ ਬਾਅਦ ਸਮਝੋ ਮੇਰੇ ਸੋਚਣ ਸਮਝਣ ਦਾ ਤਰੀਕਾ ਹੀ ਬਦਲ ਗਿਆ। ॥ਜਬ ਜਾਨਿਆ ਤਉ ਮਨੁ ਮਾਨਿਆ॥ (ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 655)

2010 ਵਿਚ ਸਾਡੇ ਕੋਲ ਅਮਰੀਕਾ ਵਿਚ ਇਕ ਮਕਾਨ ਅਤੇ ਪੰਜ ਕਾਰੋਬਾਰ ਹੋ ਗਏ। ਅਸੀਂ ਸਾਰੀ ਜਾਇਦਾਦ ਬੱਚਿਆਂ ਨੂੰ ਵੰਡ ਕੇ 10 ਦਸੰਬਰ 2010 ਨੂੰ ਭਾਰਤ ਆ ਗਏ ਅਤੇ ਇਹ ਸੋਚਿਆ ਕਿ ਬਾਕੀ ਦਾ ਸਮਾਂ ਜਿਸ ਨੇ ਇਹ 'ਦੁਲੰਭ' ਜੀਵਨ ਬਖਸ਼ਿਆ ਹੈ, ਉਸ ਦੀ ਸੇਵਾ ਵਿਚ ਹੀ ਬਿਤਾਉਣਾ ਹੈ। ਬਸ ਹੁਣ ਇਹੀ ਕੰਮ ਹੈ ਕਿ ਗੁਰੁ ਪਰਮੇਸ਼ਰ ਬਾਰੇ ਸਮਝਣਾ, ਸੋਚਣਾ, ਵਿਚਾਰ ਕਰਨਾ, ਕਹਿਣਾ ਅਤੇ ਲਿਖਣਾ।

2010 ਅਤੇ 2013 ਤੱਕ ਮੈਂ ਧਰਮ ਅਧਿਐਨ ਅਤੇ ਸਿੱਖ ਅਧਿਐਨ ਦੀਆਂ ਦੋ ਐੱਮ.ਏ. ਕੀਤੀਆਂ। ਪਹਿਲੀ ਐੱਮ.ਏ. ਵਿਚ ਹਾਈ ਸੈਕਿੰਡ ਡਵੀਜ਼ਨ ਹੈ ਅਤੇ ਦੂਜੀ ਐੱਮ.ਏ ਵਿਚ ਫਰਸਟ ਡਵੀਜ਼ਨ ਹੈ। ਇਹਨਾਂ ਦੋ ਐੱਮ.ਏ ਤੋਂ ਇਲਾਵਾ ਇਕ ਐੱਮ.ਏ ਮੈਂ 20 ਸਾਲ ਦੀ ਉਮਰ ਵਿਚ 1963 ਵਿਚ ਕਰ ਲਈ ਸੀ। 20 ਸਾਲ ਦੀ ਉਮਰ ਤੋਂ ਲੈ ਕੇ 70 ਸਾਲ ਦੀ ਉਮਰ ਤੱਕ ਪੜ੍ਹਦਿਆਂ ਮੈਨੂੰ ਇਉਂ ਲੱਗਦਾ ਹੈ ਕਿ ਇਨਸਾਨ ਆਪਣੀ ਪੂਰੀ ਯੋਗਤਾ ਅਨੁਸਾਰ ਕੰਮ ਹੀ ਨਹੀਂ ਕਰਦਾ।

ਮੈਂ 2014 ਵਿਚ ਪੀਐੱਚ.ਡੀ ਕਰਨ ਲਈ ਤਿਆਰ ਸੀ, ਜਦੋਂ ਕਿ ਮੈਨੂੰ ਬਿਮਾਰੀਆਂ ਨਾਲ ਜੂਝਣਾ ਪਿਆ। ਮਾਰਚ 2014 ਵਿਚ ਮੇਰਾ ਹਾਰਟ ਦਾ ਬਾਈਪਾਸ ਓਪਰੇਸ਼ਨ ਹੋਇਆ। ਮਾਰਚ 2015 ਵਿਚ ਮੈਨੂੰ ਕੈਂਸਰ ਹੋ ਗਿਆ। 2015 ਜੁਲਾਈ ਵਿਚ ਮੈਂ ਹਰਨੀਆ ਦਾ ਓਪਰੇਸ਼ਨ ਕਰਵਾਇਆ। ਮਾਰਚ 2016 ਵਿਚ ਮੈਨੂੰ ਕੈਂਸਰ ਦਾ ਦੁਬਾਰਾ ਆਪਰੇਸ਼ਨ ਕਰਵਾਉਣਾ ਪਿਆ। ਮਾਰਚ 2015 ਵਿਚ ਜਦੋਂ ਮੈਨੂੰ ਪਹਿਲੀ ਵਾਰ ਕੈਂਸਰ ਹੋਇਆ ਤਾਂ ਮੈਂ ਪ੍ਰਭੂ ਜੀ ਨੂੰ ਬੇਨਤੀ ਕੀਤੀ ਕਿ " ਰੱਬ ਜੀ ਇਸ

ਵਾਰ ਤਾਂ ਤੁਸੀਂ ਮੈਨੂੰ ਮੇਜਰ ਸਾਹਿਬ ਦੇ ਘਰ ਜਨਮ ਦਿੱਤਾ ਹੈ, ਅਗਲੀ ਵਾਰ ਮੇਰਾ ਧਿਆਨ ਰੱਖਣਾ, ਮੇਰੇ ਤੇ ਕਿਰਪਾ ਕਰੋ। ਮੈਨੂੰ ਕੁਝ ਸਮਾਂ ਬਖਸ਼ੋ।" ਅੱਧੇ ਕੁ ਮਿੰਟ ਬਾਅਦ ਮੈਨੂੰ ਆਵਾਜ਼ ਆਈ ਗਿਆਰਾਂ ਸਾਲ। ਸੋ ਹੁਣ ਉਹਨਾਂ ਗਿਆਰਾਂ ਸਾਲਾਂ ਵਿਚੋਂ ਤਕਰੀਬਨ ਤਿੰਨ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ। ਇਹ ਗਿਆਰਾਂ ਸਾਲ ਮਿਲਣ ਨਾਲ ਮੈਨੂੰ ਇਹ ਮਹਿਸੂਸ ਹੋਣ ਲੱਗ ਪਿਆ ਹੈ ਕਿ ਮੇਰਾ ਰੱਬ ਨਾਲ ਪਿਆਰ ਇਕਤਰਫਾ ਨਹੀਂ ਬਲਕਿ ਦੋਤਰਫਾ ਹੈ। ਮੈਂ ਚੜ੍ਹਦੀ-ਕਲਾ ਵਿਚ ਹੋ ਗਿਆ ਹਾਂ। ਮੈਨੂੰ ਬਿਮਾਰੀਆਂ ਦਾ ਡਰ-ਡੁਕਰ ਨਹੀਂ ਸਤਾਉਂਦਾ। ਮੈਂ ਨਿਰਭਉ ਹੋ ਗਿਆ ਹਾਂ ਅਤੇ ਆਪਣੀ ਅਗਲੀ ਮੰਜ਼ਿਲ ਲਈ ਗੰਭੀਰਤਾ ਨਾਲ ਤਿਆਰੀ ਕਰ ਰਿਹਾ ਹਾਂ। ਮੈਂ ਜੁਲਾਈ 2017 ਤੋਂ ਲਿਖਣਾ ਸ਼ੁਰੂ ਕਰ ਦਿੱਤਾ ਹੈ।

ਅੱਜ ਦੇ ਭੌਤਿਕਵਾਦੀ ਸਮੇਂ ਵਿਚ ਇਨਸਾਨ ਕਿਸ ਤਰ੍ਹਾਂ ਰੋਜ਼ਾਨਾ ਰੱਬ ਦਾ ਰਾਹ ਛੱਡ ਕੇ ਆਪਣੇ ਅੰਤਹਕਰਨ ਨੂੰ ਸੰਵਾਰਨ ਦੀ ਬਜਾਏ ਆਪਣੇ ਮਨ ਦੇ ਪਿਛੇ ਲੱਗ ਕੇ ਨਿਤ ਗਲਤੀਆਂ ਕਰ ਰਿਹਾ ਹੈ ਅਤੇ ਪਾਪ ਕਮਾ ਰਿਹਾ ਹੈ। ਪ੍ਰਭੂ ਜੀ ਨੇ ਕਿਰਪਾ ਕਰਕੇ ਮੇਰੀ ਆਸ਼ਾ, ਤ੍ਰਿਸ਼ਨਾ ਅਤੇ ਚਿੰਤਾ ਵੀ ਮਿਟਾ ਦਿੱਤੀ ਹੈ। ਇਸ ਉਮਰ ਵਿਚ ਸਿਰਫ਼ ਇਹੀ ਤੰਗ ਕਰਦੀਆਂ ਹਨ। ਬਾਕੀ ਦਾ ਸਮਾਂ ਮੇਰਾ ਪ੍ਰਭੂ ਜੀ ਅਤੇ ਉਹਨਾਂ ਦੇ ਸਿਰਜੇ ਹੋਏ ਸਮਾਜ

॥ ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥

(ਆਸਾ ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 463)

ਦੀ ਸੇਵਾ ਵਿਚ ਲਾਉਣਾ ਹੈ। ਇਕ ਇਕ ਸਵਾਸ ਉਸ ਨੂੰ ਯਾਦ ਰੱਖਦਿਆਂ ਉਸ ਦੀ ਮਹਿਮਾ ਗਾਉਣੀ ਹੈ ਅਤੇ ਸਮਾਜ ਨੂੰ ਰੱਬੀ ਰਸਤੇ ਤੇ ਤੋਰਨਾ ਹੈ।

ਇਹ ਸਾਰਾ ਕੁਝ ਇਕ ਦਿਨ ਵਿਚ ਨਹੀਂ ਹੋਇਆ। ਮੈਂ ਦਰਮਿਆਨੀ ਆਮਦਨ ਵਾਲੇ ਪਰਿਵਾਰ ਵਿਚੋਂ ਉਠ ਕੇ ਤਰੱਕੀ ਕੀਤੀ ਹੈ। ਮਿਹਨਤ ਕਰਕੇ ਆਪਣੇ ਸਤਿਕਾਰਯੋਗ ਮਾਤਾ ਪਿਤਾ ਦੀ ਮੱਦਦ ਕੀਤੀ ਅਤੇ ਉਹਨਾਂ ਨੂੰ ਕਰਜ਼ੇ ਵਿਚੋਂ ਕੱਢਿਆ। ਮੈਂ ਆਪਣੇ ਅੱਠਾਂ ਭੈਣ-ਭਰਾਵਾਂ ਦੀ ਮੱਦਦ ਕੀਤੀ। ਫੌਜ ਵਿਚ ਰਹਿੰਦਿਆਂ ਮੈਨੂੰ ਵਾਹਿਗੁਰੂ ਜੀ ਦੀ ਕਿਰਪਾ ਨਾਲ ਬਹਾਦਰੀ ਮਿਲੀ ਪਰ ਉਸ ਸਮੇਂ ਮੈਨੂੰ ਇਸ ਗੱਲ ਦੀ ਸਮਝ ਨਹੀਂ ਸੀ। ਕੁਝ ਸਮੇਂ ਲਈ ਮੈਂ ਨਾਸਤਿਕਤਾ ਦਾ ਮੂੰਹ ਵੀ ਦੇਖਿਆ ਹੈ। ਮੈਂ ਪ੍ਰੋਫੈਸਰ ਬਣ ਕੇ ਤਿੰਨ ਸਾਲ (1971-74) ਬੱਚਿਆਂ ਨੂੰ ਪੋਲੀਟੀਕਲ ਸਾਇੰਸ ਪੜ੍ਹਾਉਣ ਤੋਂ ਇਲਾਵਾ ਉਹਨਾਂ ਨੂੰ ਨੈਤਿਕ ਜੀਵਨ ਬਾਰੇ ਦੱਸਿਆ। ਇਮਾਨਦਾਰੀ ਅਤੇ ਬਹਾਦਰੀ ਨਾਲ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ। ਮੈਂ ਬਾਈ ਸਾਲ ਪੰਜਾਬ ਦੇ ਆਬਕਾਰੀ ਤੇ ਕਰ ਵਿਭਾਗ ਵਿਚ ਬਤੌਰ ਈ.ਟੀ.ਉ ਤੋਂ ਲੈ ਕੇ ਐਡੀਸ਼ਨਲ ਕਮਿਸ਼ਨਰ ਤੱਕ ਨੌਕਰੀ ਕੀਤੀ। ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਸਾਰਾ ਕੰਮ ਕੀਤਾ। ਰਿਟਾਇਰਮੈਂਟ ਤੋਂ ਬਾਅਦ ਸਤੰਬਰ 2001 ਵਿਚ ਮੈਂ ਮਹਾਰਾਣੀ ਕਲੱਬ, ਪਟਿਆਲਾ ਦਾ ਪ੍ਰਧਾਨ ਚੁਣਿਆ ਗਿਆ ਅਤੇ ਉਥੇ ਵੀ ਇਮਾਨਦਾਰੀ ਦੀ ਖੁਸ਼ਬੂ ਫੈਲਾਉਣ ਦਾ ਯਤਨ ਕੀਤਾ। ਮੈਂ ਅਮਰੀਕਾ ਵਿਖੇ ਤਕਰੀਬਨ 15 ਸਾਲ ਤੋਂ ਵੱਧ ਸਮਾਂ ਵਪਾਰ

ਕੀਤਾ। ਸਾਰਾ ਵਪਾਰ ਕਰਦਿਆਂ ਮੈਂ, ਮੇਰੀ ਪਤਨੀ ਅਤੇ ਦੋਵੇਂ ਬੱਚਿਆਂ ਨੇ ਕਦੇ ਝੂਠ ਨਹੀਂ ਬੋਲਿਆ ਅਤੇ ਨਾ ਹੀ ਇਕ ਪੈਸਾ ਟੈਕਸ ਦੀ ਚੋਰੀ ਕੀਤੀ। ਹੁਣ ਅਸੀਂ ਦੁਨੀਆਦਾਰੀ ਤੋਂ ਵਿਹਲੇ ਹੋ ਗਏ ਹਾਂ ਅਤੇ ਬਾਕੀ ਦਾ ਸਮਾਂ ਇਸ ਸ਼ੁਭ ਕਾਰਜ ਵਿਚ ਲਾਉਣਾ ਹੈ।

ਇਸ ਸਾਰੇ ਸਫ਼ਰ ਵਿਚ ਮੇਰੀ ਪਤਨੀ ਜਸਮਿੰਦਰ ਕੌਰ ਅਤੇ ਮੇਰੇ ਦੋਵੇਂ ਬੱਚੇ ਗੁਰਮੀਤ ਸਿੰਘ ਅਤੇ ਗੁਰਜੀਤ ਸਿੰਘ ਦਾ ਭਰਪੂਰ ਯੋਗਦਾਨ ਹੈ। ਮੈਂ 2001 ਵਿਸਾਖੀ ਵਾਲੇ ਦਿਨ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ 2002 ਵਿਸਾਖੀ ਵਾਲੇ ਦਿਨ ਮੇਰੀ ਪਤਨੀ ਨੇ ਵੀ ਅੰਮ੍ਰਿਤ ਛੱਕ ਲਿਆ। ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਜੋ ਸਾਡੇ ਲਾਲ ਬਾਗ਼ ਵਾਲੇ ਘਰ ਵਿਚ ਸੀ, 1992 ਵਿਚ ਅਮਰੀਕਾ ਜਾਣ ਵੇਲੇ ਆਪਣੇ ਨਾਲ ਹੀ ਲੈ ਗਏ ਸੀ। ਅਮਰੀਕਾ ਅਸੀਂ ਰੋਜ਼ਾਨਾ ਪਾਠ ਅਤੇ ਅਰਦਾਸ ਕਰਦੇ ਸੀ। ਜਦੋਂ ਸਾਡੇ ਬੱਚੇ ਵੀ ਸੋਹਣੀ ਉਮਰ ਵਿਚ ਹੋ ਗਏ ਤਾਂ ਮੈਂ ਉਹਨਾਂ ਨੂੰ ਵੀ ਅੰਮ੍ਰਿਤ ਛਕਣ ਲਈ ਪ੍ਰੇਰਿਤ ਕੀਤਾ। 2016 ਅਤੇ 2017 ਵਿਚ ਸਾਡੇ ਦੋਵੇਂ ਲੜਕੇ ਅੰਮ੍ਰਿਤਧਾਰੀ ਹੋ ਗਏ। ਇਹ ਵੀ ਰੱਬ ਜੀ ਦੀ ਕਿਰਪਾ ਤੋਂ ਬਿਨਾਂ ਸੰਭਵ ਨਹੀਂ ਸੀ, ਕਿਉਂਕਿ ਦੋਵੇਂ ਲੜਕੇ 25 ਸਾਲਾਂ ਤੋਂ ਵੱਧ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ। ਦੋਵਾਂ ਬੱਚਿਆਂ ਨੇ ਸਾਰੀ ਪੜ੍ਹਾਈ ਅਮਰੀਕਾ ਤੋਂ ਹੀ ਕੀਤੀ ਹੈ ਅਤੇ ਉਥੇ ਹੀ ਨੌਕਰੀ/ਕਾਰੋਬਾਰ ਕਰ ਰਹੇ ਹਨ।

ਉਪਰ ਲਿਖੀਆਂ ਸਾਰੀਆਂ ਪ੍ਰਾਪਤੀਆਂ 70 ਸਾਲਾਂ ਦੀ ਮਿਹਨਤ, ਮਸ਼ੱਕਤ, ਸੰਜਮ, ਉਦਮ ਅਤੇ ਅਖੀਰ ਰੱਬ ਦੀ ਕਿਰਪਾ ਨਾਲ ਪ੍ਰਾਪਤ ਹੋਈਆਂ ਹਨ। ਇਸ ਅਰਸੇ ਦੌਰਾਨ ਮੈਥੋਂ ਗਲਤੀਆਂ ਵੀ ਹੋਈਆਂ ਹੋਣਗੀਆਂ। ਮੈਂ ਬਚਪਨ ਤੋਂ ਹੀ ਦੋ ਗੱਲਾਂ ਨੂੰ ਪੱਲੇ ਬੰਨ੍ਹ ਲਿਆ ਸੀ, ਪਹਿਲੀ ਇਮਾਨਦਾਰੀ ਦੂਸਰੀ ਬਹਾਦਰੀ ਤੇ ਹੌਂਸਲਾ। ਮੇਰੇ ਪਿਤਾ ਜੀ ਨੇ ਹਜ਼ਾਰਾਂ ਵਾਰ ਮੈਨੂੰ ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਸੁਣਾਇਆ,

॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥

(ਮਾਝ ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 141)

ਮੈਂ ਸਾਰੀ ਉਮਰ ਵਿਚ ਆਪਣੀ ਤਰੱਕੀ ਲਈ ਜਾਂ ਬਦਲੀ ਲਈ ਕੋਈ ਜ਼ਿਆਦਾ ਤਰੱਦਦ ਨਹੀਂ ਕੀਤਾ। ਫਿਰ ਵੀ ਪ੍ਰਭੂ ਨੇ ਕੁਝ ਐਸੇ ਲੋਕ/ਅਫ਼ਸਰ ਮਿਲਾਏ ਜਿਹਨਾਂ ਨੇ ਹਰ ਕਦਮ ਤੇ ਮੇਰੀ ਸਹਾਇਤਾ ਕੀਤੀ। ਮੈਂ ਕਿਸੇ ਵੀ ਵਪਾਰੀ ਨੂੰ ਆਪਣੇ ਕਮਰੇ ਵਿਚੋਂ ਚਾਹ ਪਿਲਾਏ ਬਿਨਾਂ ਨਹੀਂ ਤੋਰਿਆ। ਮੈਂ ਆਰਥਿਕ ਤਕਲੀਫਾਂ ਵੀ ਦੇਖੀਆਂ ਹਨ ਪਰ ਹੌਂਸਲੇ ਅਤੇ ਠਰ੍ਹੰਮੇ ਨਾਲ ਮੁਕਾਬਲਾ ਕੀਤਾ ਹੈ। ਕਈ ਵਾਰ ਮੈਂ ਅਸਿਸਟੈਂਟ ਕਮਿਸ਼ਨਰ ਦੇ ਤੌਰ ਤੇ ਆਪਣੇ ਦਫ਼ਤਰ ਸਾਈਕਲ ਤੇ ਵੀ ਜਾਂਦਾ ਰਿਹਾ ਹਾਂ। ਜਦ ਕਿ ਸਾਡੇ ਮਹਿਕਮੇ ਦੇ ਇੰਸਪੈਕਟਰ ਕਾਰਾਂ ਵਿਚ ਕੋਲ ਦੀ ਲੰਘ ਜਾਂਦੇ ਸਨ। ਇਹ ਦੇਖਣਾ ਔਖਾ ਸੀ ਪਰ ਮੈਨੂੰ ਮਹਿਸੂਸ ਹੁੰਦਾ ਸੀ ਕਿ ਮੈਂ ਠੀਕ ਹਾਂ। ਮੈਨੂੰ ਆਪਣੀ ਨੇਕੀ ਅਤੇ ਇਮਾਨਦਾਰੀ ਦਾ ਹੌਂਸਲਾ ਸੀ। ਮੈਨੂੰ ਮੇਰੇ ਠੀਕ ਹੋਣ ਦਾ ਸਾਹਸ ਸੀ। ਫੌਜ ਦੀ ਟ੍ਰੇਨਿੰਗ ਸਦਕਾ ਮੈਂ ਹਮੇਸ਼ਾਂ ਛਾਤੀ ਉਚੀ ਕਰ ਕੇ ਤੁਰਦਾ ਸੀ। ਜਦੋਂ ਮੈਂ

ਕਾਫ਼ੀ ਤੁਰਦਾ ਸੀ, ਅਕਸਰ ਮੇਰੇ ਕੱਪੜੇ ਪਸੀਨੇ ਨਾਲ ਭਰ ਜਾਂਦੇ ਸਨ। ਮੈਂ 99 ਪ੍ਰਤੀਸ਼ਤ ਸਫਰ ਲੁਧਿਆਣਾ(1977-80), ਅੰਮ੍ਰਿਤਸਰ(1980-81) ਅਤੇ ਬਠਿੰਡਾ (1990-92) ਜਾਣ ਲਈ ਸਰਕਾਰੀ ਬੱਸਾਂ ਵਿਚ ਹੀ ਕੀਤਾ। ਮੈਂ ਸਰੀਰਕ ਤੌਰ ਤੇ ਕਾਫ਼ੀ ਰਿਸ਼ਟ-ਪੁਸ਼ਟ ਸੀ। ਲੁਧਿਆਣੇ ਸਾਡਾ ਦਫਤਰ ਬੱਸ ਸਟੈਂਡ ਤੋਂ ਤਕਰੀਬਨ ਦੋ ਕਿਲੋਮੀਟਰ ਸੀ, ਮੈਂ ਅਕਸਰ ਪੈਦਲ ਤੁਰ ਕੇ ਹੀ ਜਾਂਦਾ ਸੀ। ਪਟਿਆਲੇ ਆਉਣ ਲੱਗਿਆਂ ਕਿਸੇ ਸਟਾਫ ਮੈਂਬਰ ਨੂੰ ਬੇਨਤੀ ਕਰ ਦਿੰਦਾ ਸੀ ਤੇ ਉਹ ਮੈਨੂੰ ਸਕੂਟਰ ਰਾਹੀਂ ਬੱਸ ਸਟੈਂਡ ਛੱਡ ਜਾਂਦਾ ਸੀ। ਮੈਂ ਇਹਨਾਂ ਤਿੰਨਾਂ ਥਾਵਾਂ (ਸ਼ਹਿਰਾਂ) ਤੇ ਟਿਫਨ ਕੈਰੀਅਰ ਵਿਚ ਰੋਟੀ ਆਦਿਕ ਢਾਬੇ ਤੋਂ ਮੰਗਵਾ ਕੇ ਖਾਂਦਾ ਸੀ। ਮੇਰੇ ਬੈਂਕ ਵਿਚ ਕਦੇ 1000 ਤੋਂ ਵੱਧ ਰੁਪਏ ਜਮ੍ਹਾਂ ਨਹੀਂ ਸੀ ਹੋਏ। ਮੈਨੂੰ ਇਸ ਚੀਜ਼ ਦਾ ਕਦੇ ਮਲਾਲ ਵੀ ਨਹੀਂ ਸੀ। ਮੈਂ ਹਿੰਮਤ ਅਤੇ ਹੌਂਸਲੇ ਨਾਲ ਨੌਕਰੀ ਕਰਦਾ ਸੀ ਅਤੇ ਸਦਾ ਖੁਸ਼ ਰਹਿੰਦਾ ਸੀ।

ਲੁਧਿਆਣਾ ਵਿਖੇ (1977-1980) ਦੌਰਾਨ ਮੈਨੂੰ ਇਕ ਵਕੀਲ ਪੁੱਛਣ ਲੱਗਾ ਕਿ ਤੁਹਾਡੀ ਤਨਖਾਹ ਕਿੰਨੀ ਹੈ। ਮੈਂ ਕਿਹਾ,"1100 ਰੁਪਏ ਪ੍ਰਤੀ ਮਹੀਨਾ।" ਮੇਰੇ ਗੁਆਂਢ ਦੇ ਦਫ਼ਤਰ ਵਿਚ ਹੀ ਇਕ ਹੋਰ ਅਫ਼ਸਰ ਬੈਠਦਾ ਸੀ। ਵਕੀਲ ਕਹਿਣ ਲੱਗਾ," ਤੁਹਾਡਾ ਗੁਆਂਢੀ ਤੁਹਾਡੀ ਮਹੀਨੇ ਦੀ ਤਨਖਾਹ ਦੇ ਬਰਾਬਰ ਤਾਂ ਇਕ ਦਿਨ ਵਿਚ ਹੀ ਕਮਾ ਲੈਂਦਾ ਹੈ। ਤੁਹਾਡਾ ਇਸ ਬਾਰੇ ਕੀ ਵਿਚਾਰ ਹੈ?" ਮੈਂ ਕਿਹਾ " ਰੱਬ ਨੇ ਤਾਂ ਇਸ ਨੂੰ ਰਾਜਾ ਬਣਾ ਕੇ ਭੇਜਿਆ ਹੈ, ਕਿ ਇਨਸਾਫ ਕਰੇ ਅਤੇ ਵਪਾਰੀਆਂ ਨੂੰ ਬਣਦਾ ਟੈਕਸ ਲਗਾਵੇ। ਇਹ ਆਪਣੀ ਮਰਜ਼ੀ ਨਾਲ ਹੀ ਮੰਗਤਾ ਬਣ ਗਿਆ ਹੈ। ਮੈਨੂੰ ਤਾਂ ਇਸ ਤੇ ਤਰਸ ਆਉਂਦਾ ਹੈ।"

ਗਰੀਬੀ ਤੋਂ ਸੱਚੀ ਅਮੀਰੀ ਤੱਕ ਦਾ ਇਹ ਸਫਰ ਕਰਦਿਆਂ ਜਿਸ ਵਿਚ ਰੱਬ ਜੀ ਨੇ ਅੱਛੇ ਮਾਤਾ ਪਿਤਾ ਦੇ ਘਰ ਜਨਮ ਦੇ ਕੇ, ਚੰਗੇ ਅਧਿਆਪਕਾਂ ਤੋਂ ਪੜ੍ਹਾ ਕੇ ਅਤੇ ਮੇਰੀ ਰੂਹ ਨੂੰ ਸਹੀ ਦਿਸ਼ਾ ਦਿਖਾ ਕੇ ਜੋ ਆਰਥਿਕ ਅਤੇ ਅਧਿਆਤਮਿਕ ਤਰੱਕੀ ਕਰਵਾਈ, ਨੂੰ ਤਕਰੀਬਨ 70 ਸਾਲ ਲੱਗ ਗਏ ਹਨ। ਮੈਂ ਕੋਈ ਪਾਕ ਪਵਿੱਤਰ ਰੂਹ ਨਹੀਂ ਸੀ। ਪਰ ਸਹੀ ਦਿਸ਼ਾ ਦਿਖਾ ਕੇ ਮੈਨੂੰ ਉਦਮ ਬਖਸ਼ ਕੇ ਆਪਣੀ ਕਿਰਪਾ ਨਾਲ ਪ੍ਰਭੂ ਅਤੇ ਗੁਰੂ ਨੇ ਸੱਚਮੁਚ ਹੀ ਅਮੀਰ ਬਣਾ ਦਿੱਤਾ ਹੈ। ਹੁਣ ਮੇਰਾ ਮਨ ਭਰਮ ਅਤੇ ਡਰ ਵਿਚੋਂ ਨਿਕਲ ਗਿਆ ਹੈ। ਮੇਰੇ ਮਨ ਤੋਂ ਮੌਤ ਦਾ ਡਰ ਵੀ ਹਟ ਗਿਆ ਹੈ। ਮੈਂ ਆਪਣੇ ਘਰ ਜਾਣ ਲਈ ਪੂਰੀ ਤਰ੍ਹਾਂ ਤਿਆਰ ਹਾਂ। ਬਸ ਕੁਝ ਲਿਖਣਾ ਪੜ੍ਹਨਾ ਹੈ, ਪ੍ਰਭੂ ਨੂੰ ਸਦਾ ਯਾਦ ਰੱਖਣਾ ਹੈ ਅਤੇ ਸਮਾਜ ਦੀ ਸੇਵਾ ਕਰਨੀ ਹੈ। ਬਸ ਆਪ ਪਾਠਕਾਂ ਦੀ ਆਸ਼ੀਰਵਾਦ ਦੀ ਜ਼ਰੂਰਤ ਹੈ।

॥ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥

( ਰਾਗੁ ਗਉੜੀ ਦੀਪਕੀ ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 12)

*****

# ਜਨਮ

ਮੇਰਾ ਜਨਮ ਪਿੰਡ ਜੋਗਿੰਦਰ ਸਿੰਘ ਵਾਲਾ ਨੇੜੇ ਚੱਕ ਅਬਦੁੱਲਾ ਬਹਾਵਲਪੁਰ ਸਟੇਟ ਵਿਚ ਹੋਇਆ। ਚੱਕ ਅਬਦੁੱਲਾ ਇਕ ਛੋਟਾ ਜਿਹਾ ਰੇਲਵੇ ਸਟੇਸ਼ਨ ਸੀ ਜੋ ਬਹਾਵਲਪੁਰ ਤੋਂ 40 ਕੁ ਕਿਲੋਮੀਟਰ ਤੇ ਸਥਿਤ ਸੀ। ਬਹਾਵਲਪੁਰ ਉਹਨਾਂ ਦਿਨਾਂ ਵਿਚ ਭਾਰਤ ਦੀਆਂ ਰਿਆਸਤਾਂ ਵਿਚੋਂ ਇਕ ਸੀ। ਇਸ ਦਾ ਨੀਂਹ ਪੱਥਰ 1802 ਵਿਚ ਨਵਾਬ ਮੁਹੰਮਦ ਬਹਾਵਲ ਖਾਂ ਅਵਾਸੀ ਨੇ ਰੱਖਿਆ ਸੀ। 22 ਫਰਵਰੀ 1833 ਨੂੰ ਬਹਾਵਲਪੁਰ ਸਟੇਟ ਨੇ ਬ੍ਰਿਟਿਸ਼ ਕੰਟਰੋਲ ਮਨਜ਼ੂਰ ਕਰ ਲਿਆ। ਦੇਸ਼ ਦੀ ਵੰਡ ਵੇਲੇ ਬਹਾਵਲਪੁਰ ਸਟੇਟ ਪਾਕਿਤਸਾਨ ਵਿਚ ਚਲੀ ਗਈ ਅਤੇ 7 ਅਕਤੂਬਰ 1947 ਨੂੰ ਬਹਾਵਲਪੁਰ ਪਾਕਿਸਤਾਨ ਦਾ ਹਿੱਸਾ ਬਣ ਗਿਆ। ਬਹਾਵਲਪੁਰ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਸੀ ਅਤੇ ਬਹੁਤ ਘੱਟ ਗਿਣਤੀ ਦੇ ਲੋਕ ਹੀ ਹਿੰਦੂ ਅਤੇ ਸਿੱਖ ਸਨ।

ਉਹਨਾਂ ਦਿਨਾਂ ਵਿਚ ਲੜਕੀਆਂ ਦਾ ਜਣੇਪਾ ਪੇਕੇ ਹੀ ਕਰਵਾਉਂਦੇ ਸਨ। ਸੋ ਮੇਰਾ ਜਨਮ ਵੀ ਉਸੇ ਹਿਸਾਬ ਨਾਲ ਮੇਰੇ ਨਾਨਕੇ ਘਰ ਵਿਚ ਹੀ ਹੋਇਆ।

ਮੇਰੇ ਨਾਨਕਿਆਂ ਦਾ ਜੱਦੀ ਪਿੰਡ ਭੈਣੀ ਫੱਤਾ ਹੈ, ਜੋ ਕਿ ਇਸ ਵੇਲੇ ਬਰਨਾਲਾ ਜ਼ਿਲ੍ਹੇ ਵਿਚ ਪੈਂਦਾ ਹੈ। ਭੈਣੀ ਫੱਤਾ ਸਿੱਧੂ ਬਰਾੜ ਜੱਟਾਂ ਦਾ ਪਿੰਡ ਹੈ। ਸਾਡੇ ਪੜਨਾਨਾ ਸ. ਬਸੰਤ ਸਿੰਘ ਜੀ ਪਿੰਡ ਦੇ ਸਿਰਕੱਢ ਜ਼ਿੰਮੀਂਦਾਰ ਹੋਣ ਦੇ ਬਾਵਜੂਦ ਸ਼ਾਹੂਕਾਰੇ ਦਾ ਕੰਮ ਵੀ ਕਰਦੇ ਸਨ। ਸਾਡੀ ਪੜਨਾਨੀ ਜਿਸ ਨੂੰ ਲੋਕ ਸੰਤੋ ਕਹਿੰਦੇ ਸਨ, ਦਾ ਨਾਮ ਸਰਦਾਰਨੀ ਸੰਤ ਕੌਰ ਸੀ। 1930 ਦੇ ਨੇੜੇ-ਤੇੜੇ ਸਾਡੇ ਨਾਨਕਿਆਂ ਨੇ ਇੱਕ ਰਿਸ਼ਤੇਦਾਰ ਨਾਲ ਰਲ ਕੇ ਚੱਕ ਅਬਦੁੱਲਾ ਸਟੇਸ਼ਨ ਤੋਂ ਅੱਧਾ ਕਿਲੋਮੀਟਰ ਤੇ 1600 ਬਿੱਘੇ ਜ਼ਮੀਨ ਖ਼ਰੀਦ ਲਈ। ਜਿਸ ਵਿਚ ਮੇਰੇ ਨਾਨਕਿਆਂ ਦਾ ਹਿੱਸਾ 800 ਬਿੱਘੇ ਸੀ। ਉਸ ਇਲਾਕੇ ਵਿਚ ਬਰਨਾਲੇ ਅਤੇ ਬਠਿੰਡੇ ਇਲਾਕੇ ਦੇ ਹੋਰ ਜ਼ਿੰਮੀਂਦਾਰ ਵੀ ਆ ਵੱਸੇ, ਜਿਹਨਾਂ ਦੀਆਂ ਮੇਰੇ ਨਾਨਕਿਆਂ ਨਾਲੋਂ ਵੀ ਵੱਧ ਜ਼ਮੀਨਾਂ ਸੀ। ਪਰ ਜਦੋਂ ਪਿੰਡ ਦਾ ਨਾਮ ਰੱਖਣ ਦੀ ਗੱਲ ਆਈ ਤਾਂ ਪਿੰਡ ਦਾ ਨਾਂ ਮੇਰੇ ਨਾਨਾ ਸ. ਜੋਗਿੰਦਰ ਸਿੰਘ ਦੇ ਨਾਂ 'ਤੇ ਰੱਖਣਾ ਤੈਅ ਕੀਤਾ।

ਮੇਰੇ ਨਾਨਕੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਸਨ। ਸਿੰਘ ਸਭਾ ਲਹਿਰ ਤਕਰੀਬਨ 1890 ਤੱਕ ਸਾਰੇ ਪੰਜਾਬ ਵਿਚ ਫੈਲ ਗਈ ਸੀ। ਇਸ ਲਹਿਰ ਦਾ ਮੁੱਖ ਮੰਤਵ ਪੰਜਾਬ ਵਿਚ ਸਿੱਖਾਂ ਨੂੰ ਸਿੱਖੀ ਨਾਲ ਜੋੜਨਾ ਸੀ। 1839 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਉਪਰੰਤ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਦੋ ਜੰਗਾਂ

ਹੋਈਆਂ, ਜਿਸ ਵਿਚ ਅੰਗਰੇਜ਼ (ਜੋ ਉਸ ਸਮੇਂ ਈਸਟ ਇੰਡੀਆ ਕੰਪਨੀ ਸੀ) ਜਿੱਤ ਗਏ। 1849 ਤੱਕ ਪੰਜਾਬ ਵਿਚ ਸਿੱਖ ਸਲਤਨਤ ਉਤੇ ਅੰਗਰੇਜ਼ਾਂ ਦਾ ਰਾਜ ਸਥਾਪਿਤ ਹੋ ਗਿਆ। ਦੋਵੇਂ ਜੰਗਾਂ ਵਿਚ ਸਿੱਖ ਫੌਜ ਹਾਰ ਗਈ ਤੇ ਈਸਟ ਇੰਡੀਆ ਕੰਪਨੀ ਜਿੱਤ ਗਈ। 1857 ਦੀ ਗਦਰ ਲਹਿਰ ਨੂੰ ਦਬਾ ਕੇ 1860 ਤੱਕ ਅੰਗਰੇਜ਼ੀ ਰਾਜ ਪੂਰੀ ਤਰ੍ਹਾਂ ਸਥਾਪਿਤ ਹੋ ਗਿਆ ਸੀ।1857 ਵਿਚ ਅੰਗਰੇਜ਼ ਸਰਕਾਰ ਨੇ ਈਸਟ ਇੰਡੀਆ ਕੰਪਨੀ ਤੋਂ ਰਾਜ-ਭਾਗ ਕੰਟਰੋਲ ਵਿਚ ਲੈ ਲਿਆ ਅਤੇ ਸਿੱਧਾ ਇੰਗਲੈਂਡ ਦੀ ਸਰਕਾਰ ਰਾਜ ਕਰਨ ਲੱਗੀ। ਰਾਜ ਦੇ ਨਾਲ ਨਾਲ ਭਾਰਤ ਵਿਚ ਈਸਾਈ ਮਤ ਦੀਆਂ ਗਤੀਵਿਧੀਆਂ ਵੀ ਵੱਧ ਗਈਆਂ।

ਬਰਤਾਨਵੀ ਸਰਕਾਰ ਨੇ ਇਹ ਪ੍ਰਚਾਰ ਕੀਤਾ ਕਿ ਮਹਾਰਾਜਾ ਦਲੀਪ ਸਿੰਘ ਅੱਠ ਸਾਲ ਦੀ ਉਮਰ ਵਿਚ ਈਸਾਈ ਬਣ ਗਿਆ ਹੈ। ਇੰਞ ਹੀ ਕਪੂਰਥਲਾ ਦੇ ਸਿੱਖ ਰਾਜਿਆਂ ਨੇ ਲੁਧਿਆਣੇ ਵਿਖੇ ਸਥਾਪਿਤ ਈਸਾਈ ਮਿਸ਼ਨ ਨੂੰ ਆਪਣੀ ਰਾਜਧਾਨੀ ਵਿਚ ਇਕ ਮਿਸ਼ਨ ਖੋਲ੍ਹਣ ਲਈ ਬੁਲਾ ਲਿਆ ਅਤੇ ਉਸ ਇਮਾਰਤ ਦੀ ਦੇਖਭਾਲ ਲਈ ਪੈਸੇ ਵੀ ਦਿੱਤੇ। ਕੁਝ ਸਾਲਾਂ ਬਾਅਦ ਕਪੂਰਥਲਾ ਰਾਜੇ ਦੇ ਚਚੇਰੇ ਭਾਈ ਕੰਵਰ ਹਰਕਮਲ ਸਿੰਘ ਨੇ ਵੀ ਈਸਾਈ ਮਤ ਧਾਰਨ ਕਰ ਲਿਆ। ਈਸਾਈ ਮਤ ਤੋਂ ਇਲਾਵਾ ਆਰੀਆ ਸਮਾਜ ਲਹਿਰ ਦੇ ਪ੍ਰਭਾਵ ਅਧੀਨ ਲੋਕ ਹਿੰਦੂ ਧਰਮ ਨੂੰ ਮੁੜ ਅਪਨਾਉਣ ਲੱਗੇ ਸਨ। 1873 ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀਆਂ ਨੇ ਐਲਾਨ ਕਰ ਦਿੱਤਾ ਕਿ ਉਹ ਸਿੱਖ ਧਰਮ ਛੱਡ ਕੇ ਈਸਾਈ ਧਰਮ ਅਪਣਾ ਰਹੇ ਸਨ। ਪੰਜਾਬ ਸਮੇਤ ਪੂਰੇ ਭਾਰਤ ਵਿਚ ਈਸਾਈ ਅਤੇ ਆਰੀਆ ਮਤ ਦਾ ਅਸਰ ਪੂਰੀ ਤਰ੍ਹਾਂ ਜ਼ੋਰ ਫੜ ਚੁੱਕਾ ਸੀ। ਸਿੱਖ ਮਤ ਨੂੰ ਇਹਨਾਂ ਅਸਰਾਂ ਤੋਂ ਬਚਾਉਣ ਲਈ ਸਿੰਘ ਸਭਾ ਲਹਿਰ ਚਲਾਈ ਗਈ, ਜਿਸ ਦਾ ਮਕਸਦ ਲੋਕਾਂ ਨੂੰ ਸਿੱਖੀ ਸਰੂਪ, ਬਾਣੀ ਅਤੇ ਬਾਣੇ ਪ੍ਰਤੀ ਜਾਗ੍ਰਿਤ ਕਰਨਾ ਸੀ।ਸਿੱਖੀ ਦਾ ਪ੍ਰਚਾਰ ਵਧਾਇਆ ਗਿਆ, ਹਜ਼ਾਰਾਂ ਲੋਕਾਂ ਨੇ ਅੰਮ੍ਰਿਤ ਪਾਨ ਕੀਤਾ ਅਤੇ ਗੁਰੂ ਘਰ ਨਾਲ ਦੁਬਾਰਾ ਜੁੜ ਗਏ। ਈਸਾਈ ਮਤ ਅਤੇ ਆਰੀਆ ਸਮਾਜ ਦਾ ਅਸਰ ਪੰਜਾਬ 'ਤੇ ਨਾ ਹੋ ਸਕਿਆ। ਦੁਬਾਰਾ ਘਰਾਂ ਵਿਚ ਗੁਰਬਾਣੀ ਦਾ ਬੋਲਬਾਲਾ ਹੋ ਗਿਆ। ਸਿੱਖਾਂ ਨੂੰ ਪੰਜ ਬਾਣੀਆਂ, ਪੰਜ ਕਕਾਰਾਂ ਅਤੇ ਪੰਜ ਕੁਰਹਿਤਾਂ ਬਾਰੇ ਜਾਗਰੂਕ ਕੀਤਾ ਗਿਆ। ਸਮਾਜ ਸੁਧਾਰ ਦੇ ਕੰਮ ਜਿਵੇਂ ਕਿ ਦਾਜ ਪ੍ਰਥਾ ਆਦਿ ਨੂੰ ਖਤਮ ਕਰਨ ਦਾ ਪ੍ਰਚਾਰ ਕੀਤਾ ਗਿਆ। ਵਿਆਹ ਆਦਿ ਸਮਾਗਮ ਸਾਦੇ ਢੰਗ ਨਾਲ ਹੋਣ ਲੱਗੇ।

ਮੇਰੇ ਨਾਨਾ ਜੀ ਦੇ ਚਾਰ ਬੱਚੇ ਸਨ। ਵੱਡੀ ਲੜਕੀ ਜਗੀਰ ਕੌਰ (ਮੇਰੀ ਮਾਤਾ) ਉਸ ਤੋਂ ਬਾਅਦ ਦੋ ਲੜਕੇ ਗੁਰਦੇਵ ਸਿੰਘ ਅਤੇ ਜਗਰੂਪ ਸਿੰਘ ਅਤੇ ਫਿਰ ਇਕ ਲੜਕੀ ਹਰਦਿਆਲ ਕੌਰ। ਸਭ ਤੋਂ ਵੱਡੀ ਲੜਕੀ ਜਗੀਰ ਕੌਰ ਮੇਰੇ ਪਿਤਾ ਮੇਜਰ (ਉਸ ਵੇਲੇ ਲਫਟੈਣ) ਪ੍ਰੀਤਮ ਸਿੰਘ ਨੂੰ 1931 ਵਿਚ ਵਿਆਹੇ ਗਏ। ਮੇਰੇ ਪਿਤਾ

ਜੀ ਦਾ ਵਿਆਹ ਭੈਣੀ ਫੱਤੇ ਵਿਖੇ ਹੀ ਹੋਇਆ। ਮੇਰੇ ਮਾਤਾ ਪਿਤਾ ਦੇ ਵਿਆਹ ਤੋਂ ਬਾਅਦ ਹੀ ਨਾਨਕਾ ਪਰਿਵਾਰ ਬਹਾਵਲਪੁਰ ਚਲਾ ਗਿਆ ਤੇ 1947 ਤੱਕ ਉਥੇ ਹੀ ਰਹੇ।

ਮੇਰੇ ਵੱਡੇ ਮਾਮਾ ਜੀ ਸ. ਗੁਰਦੇਵ ਸਿੰਘ ਵੀ ਵਿਆਹੇ ਵਰੇ ਸਨ। ਉਹਨਾਂ ਦੀ ਪਤਨੀ ਸਰਦਾਰਨੀ ਹਮੀਰ ਕੌਰ ਦੇ ਵੀ ਬੱਚਾ ਹੋਣ ਵਾਲਾ ਸੀ। ਨਾਨਾ ਜੀ ਨੂੰ ਆਸ ਸੀ ਕਿ ਉਹਨਾਂ ਦੇ ਘਰ ਪੋਤਾ ਹੋਏਗਾ ਅਤੇ ਹੋਣ ਵਾਲੇ ਪੋਤੇ ਦੀ ਖੁਸ਼ੀ ਵਿਚ ਲੋਕਾਂ ਵਿਚ ਵੰਡਣ ਲਈ ਇਕ ਕਮਰਾ ਗੁੜ ਦਾ ਭਰ ਲਿਆ। ਮਾਮਾ ਜੀ ਦੇ ਘਰ ਲੜਕੀ ਹੋਈ ਅਤੇ ਇਸੇ ਸਾਲ ਮੇਰੀ ਮਾਤਾ ਜੀ ਨੇ ਲੜਕੇ ਨੂੰ ਜਨਮ ਦਿੱਤਾ, ਯਾਨੀ ਕਿ ਮੇਰਾ ਜਨਮ ਹੋਇਆ। ਨਾਨਾ ਜੀ ਨੇ ਕਿਹਾ ਕਿ ਪੋਤੇ ਅਤੇ ਦੋਹਤੇ ਵਿਚ ਕੋਈ ਫਰਕ ਨਹੀਂ ਹੁੰਦਾ। ਜੋ ਕਮਰਾ ਗੁੜ ਦਾ ਭਰਿਆ ਹੋਇਆ ਸੀ, ਲੋਕਾਂ ਵਿਚ ਵੰਡਵਾ ਦਿੱਤਾ। ਮੇਰਾ ਜਨਮ ਇਕ ਮਾਘ 1999 ਬਿਕ੍ਰਮੀ ਨੂੰ ਸਵੇਰੇ ਤਿੰਨ ਵਜੇ ਹੋਇਆ, ਜਿਸ ਦਾ ਅੰਗਰੇਜ਼ੀ ਸਾਲ 13 ਜਨਵਰੀ 1942 ਬਣਦਾ ਹੈ। ਚੱਕ ਅਬਦੁੱਲਾ ਤੋਂ ਉਸ ਵੇਲੇ ਸਵੇਰੇ 3 ਵਜੇ ਇਕ ਰੇਲ ਗੱਡੀ ਲੰਘਦੀ ਸੀ। ਘੜੀਆਂ ਜਾਂ ਘੰਟੇ ਆਦਿ ਆਮ ਘਰਾਂ ਵਿਚ ਉਪਲਬਧ ਨਹੀਂ ਸਨ। ਰੇਡੀਓ ਵੀ ਕਿਸੇ-ਕਿਸੇ ਘਰ ਲੱਗਾ ਹੁੰਦਾ ਸੀ। ਮੇਰੇ ਨਾਨਕੇ ਇਕੱਠੇ ਰਹਿੰਦੇ ਸਨ। ਪੜਨਾਨਾ ਸ. ਬਸੰਤ ਸਿੰਘ ਜੀ ਦੀ ਮੌਤ ਛੋਟੀ ਉਮਰ ਵਿਚ ਹੀ ਹੋ ਗਈ ਸੀ। ਜਿਸ ਕਰਕੇ ਮੇਰੀ ਪੜਨਾਨੀ ਜੀ ਅਤੇ ਉਹਨਾਂ ਦੇ ਦੋਵੇਂ ਲੜਕੇ ਜੋਗਿੰਦਰ ਸਿੰਘ ਅਤੇ ਸ਼ਮਸ਼ੇਰ ਸਿੰਘ ਆਪਣੇ ਪਰਿਵਾਰ ਸਮੇਤ ਇਕੱਠੇ ਇਕੋ ਛੱਤ ਹੇਠ ਰਹਿੰਦੇ ਸਨ।

ਇੱਧਰ ਮੇਰੇ ਪਿਤਾ ਨੂੰ ਟੈਲੀਗ੍ਰਾਮ ਪਾਈ ਗਈ। ਉਸ ਸਮੇਂ ਮੇਰੇ ਪਿਤਾ ਜੀ ਫੌਜ ਵਿਚ ਕਪਤਾਨ ਸਨ। ਸਾਰੀ ਰੈਜੀਮੈਂਟ ਟ੍ਰੇਨਿੰਗ 'ਤੇ ਗਈ ਹੋਈ ਸੀ। ਮੇਰੇ ਤੋਂ ਵੱਡੀਆਂ ਮੇਰੀਆਂ ਤਿੰਨ ਭੈਣਾਂ ਸਨ। ਰੁਪਿੰਦਰ ਕੌਰ (1935), ਰਾਜਿੰਦਰ ਕੌਰ (1937), ਅਤੇ ਜਸਵਿੰਦਰ ਕੌਰ (1939)। ਦੋਵੇਂ ਪਰਿਵਾਰ ਨਾਨਕੇ ਅਤੇ ਦਾਦਕੇ ਮੁੰਡੇ ਦੀ ਉਡੀਕ, ਗਰਮੀਆਂ ਦੇ ਮਹੀਨੇ ਵਿਚ ਮੀਂਹ ਦੀ ਤਰ੍ਹਾਂ ਕਰ ਰਹੇ ਸਨ।ਦੋਵੇਂ ਪਰਿਵਾਰਾਂ ਨੇ ਬਹੁਤ ਚਾਓ ਕੀਤਾ। ਮੈਂ ਨਾਨਕੇ ਪਿੰਡ ਕਈ ਮਹੀਨੇ ਰਿਹਾ। ਮੇਰੇ ਨਾਨਾ ਸ. ਜੋਗਿੰਦਰ ਸਿੰਘ ਮੈਨੂੰ ਬਹੁਤ ਪਿਆਰ ਕਰਦੇ ਸਨ ਅਤੇ ਉਹਨਾਂ ਨੇ ਮੇਰਾ ਨਾਮ ਘਮੰਡਾ ਸਿੰਘ ਰੱਖ ਦਿੱਤਾ, ਕਿਉਂਕਿ ਉਹ ਸਮਝਦੇ ਸਨ ਕਿ ਮੈਨੂੰ ਬਹੁਤ ਘਮੰਡ ਹੈ। ਵੱਡਾ ਹੋ ਕੇ ਵੀ ਮੈਂ ਤਕਰੀਬਨ 18 ਸਾਲ ਦੀ ਉਮਰ ਤੱਕ ਹਰ ਸਾਲ ਆਪਣੇ ਨਾਨਕੇ ਘਰ ਮਹੀਨੇ ਦੋ ਮਹੀਨੇ ਛੁੱਟੀਆਂ ਕੱਟਣ ਜਾਂਦਾ ਸੀ। 1947 ਤੋਂ ਬਾਅਦ ਬਹਾਵਲਪੁਰ ਦੀ ਜ਼ਮੀਨ ਵੀ ਮੇਰੇ ਨਾਨਕੇ ਪਰਿਵਾਰ ਨੂੰ ਭੈਣੀ ਪਿੰਡ ਦੇ ਨਾਲ ਦੇ ਪਿੰਡ ਜੋਗਾ ਵਿਚ ਅਲਾਟ ਹੋ ਗਈ।

ਮਾਤਾ ਜੀ ਦੇ ਤਿੰਨ ਲੜਕੀਆਂ ਹੋਣ ਤੋਂ ਬਾਅਦ ਮੇਰੇ ਦਾਦੀ ਜੀ ਸਰਦਾਰਨੀ ਨਿਹਾਲ ਕੌਰ  ਪਿਤਾ ਜੀ ਨੂੰ ਹੋਰ ਵਿਆਹ ਕਰਾਉਣ ਲਈ ਕਹਿਣ ਲੱਗੇ। ਮੇਰੀ ਮਾਤਾ

ਜਗੀਰ ਕੌਰ ਨੂੰ ਮੇਰੇ ਜਨਮ ਨਾਲ ਬਹੁਤ ਸੁੱਖ ਮਿਲਿਆ ਅਤੇ ਉਹ ਸੌਕਣ ਆਉਣ ਦੇ ਸੰਤਾਪ ਤੋਂ ਬਚ ਗਏ। ਮੇਰੇ ਤੋਂ ਬਾਅਦ 1944 ਵਿਚ ਇਕ ਹੋਰ ਭਰਾ ਜਗਜੀਤ ਸਿੰਘ ਦਾ ਜਨਮ ਹੋਇਆ। ਜੂਨ 1947 ਵਿਚ ਇੱਕ ਭਰਾ ਸਤਵੰਤ ਸਿੰਘ (ਸ਼ਹੀਦ) ਅਤੇ 1950 ਵਿਚ ਗੁਰਵੰਤ ਨੇ ਜਨਮ ਲਿਆ। ਇਸ ਤੋਂ ਬਾਅਦ 1952 ਵਿਚ ਸਭ ਤੋਂ ਛੋਟੀ ਲੜਕੀ ਹਰਿੰਦਰ ਕੌਰ ਦਾ ਜਨਮ ਹੋਇਆ। ਨੌ ਭੈਣ ਭਾਈਆਂ ਵਿਚੋਂ ਮੇਰਾ ਪੰਜਵਾਂ ਨੰਬਰ ਸੀ। ਇੱਕ ਭਰਾ ਤੇ ਤਿੰਨ ਭੈਣਾਂ ਵੱਡੀਆਂ, ਤਿੰਨ ਛੋਟੇ ਭਰਾ ਤੇ ਇਕ ਛੋਟੀ ਭੈਣ। ਮੇਰੇ ਪਿਤਾ ਜੀ ਮੇਰੇ ਜਨਮ ਤੋਂ ਕੁਝ ਹੀ ਦਿਨਾਂ ਬਾਅਦ ਮੇਜਰ ਬਣ ਗਏ। ਮੇਰੀ ਆਮਦ ਨੂੰ ਸੁਭਾਗ ਵਾਲਾ ਸਮਝਿਆ ਜਾਣ ਲੱਗਾ।

ਨੋਟ:-1952 ਵਿਚ ਪੈਪਸੂ ਸਰਕਾਰ ਨੇ ਸਾਰੇ ਸਕੂਲਾਂ ਨੂੰ ਚਿੱਠੀ ਲਿਖੀ ਕਿ ਜਨਮ ਦੇਸੀ ਬ੍ਰਿਕਮੀ ਨੂੰ ਛੱਡ ਕੇ ਅੰਗਰੇਜ਼ੀ ਕੈਲੰਡਰ ਅਨੁਸਾਰ ਲਿਖਿਆ ਜਾਵੇ। ਮੇਰਾ ਜਨਮ ਉਸ ਹਿਸਾਬ ਨਾਲ 13 ਜਨਵਰੀ 1942 ਬਣਦਾ ਸੀ ਪਰ ਕਿਸੇ ਅਧਿਆਪਕ ਜਾਂ ਕਲਰਕ ਦੀ ਗਲਤੀ ਨਾਲ 13 ਜਨਵਰੀ 1943 ਬਣਾ ਦਿੱਤਾ। ਸੋ ਕਾਗਜ਼ਾਂ ਵਿਚ ਮੇਰਾ ਜਨਮ 1943 ਦਾ ਹੋ ਗਿਆ ਅਤੇ ਮੇਰੇ ਪਿਤਾ ਜੀ ਨੂੰ ਉਦੋਂ ਹੀ ਪਤਾ ਲੱਗਿਆ ਜਦੋਂ ਮੈਨੂੰ ਦੱਸਵੀਂ ਦਾ ਸਰਟੀਫਿਕੇਟ ਮਿਲਿਆ। ਉਸ ਵੇਲੇ ਉਹ ਜੱਦੀ ਪਿੰਡ ਦੁਗਾਲ ਵਿਚ ਖੇਤੀ ਕਰਵਾ ਰਹੇ ਸਨ ਅਤੇ ਬਹੁਤ ਮਸ਼ਰੂਫ਼ ਸਨ। ਮੈਂ ਸਾਰੀਆਂ ਲਿਖਤਾਂ 1943 ਦੇ ਜਨਮ ਦੇ ਹਿਸਾਬ ਮੁਤਾਬਿਕ ਹੀ ਲਿਖ ਰਿਹਾ ਹਾਂ।

*****

# ਬਚਪਨ

ਪਟਿਆਲਾ ਰਿਆਸਤ ਦੀ ਹੋਂਦ ਬਾਬਾ ਆਲ੍ਹਾ ਸਿੰਘ ਦੇ ਨਾਲ ਆਈ। ਬਾਬਾ ਆਲ੍ਹਾ ਸਿੰਘ ਨੇ ਪਟਿਆਲਾ ਸ਼ਹਿਰ ਦੀ ਨੀਂਹ 1752 ਈ: ਵਿਚ ਰੱਖੀ। ਇਸ ਦਾ ਅਸਲੀ ਨਾਮ ਪੱਤੀ ਆਲਾ ਸਿੰਘ ਸੀ। ਅੰਗਰੇਜ਼ੀ ਭਾਸ਼ਾ ਵਿਚ 'ਤ' ਅੱਖਰ ਨਹੀਂ ਹੁੰਦਾ। ਇਸ ਲਈ ਲੋਕ ਇਸ ਨੂੰ ਅੰਗਰੇਜ਼ੀ ਕਰਕੇ ਪਟਿਆਲਾ ਕਹਿਣ ਲੱਗ ਪਏ। 1760 ਤੱਕ ਬਾਬਾ ਆਲ੍ਹਾ ਅਤੇ ਉਸ ਦੀ ਪਤਨੀ ਫੱਤੋ (ਫਤਹਿ ਕੌਰ) ਨੇ ਨੌ ਸੌ ਪਿੰਡ ਇਕੱਠੇ ਕਰ ਲਏ। ਬਾਬਾ ਆਲ੍ਹਾ ਦਾ ਹੈੱਡਕੁਆਰਟਰ ਬਰਨਾਲਾ ਸੀ। ਉਹਨਾਂ ਦਾ ਦੇਹਾਂਤ 1765 ਵਿਚ ਹੋਇਆ। ਉਸ ਤੋਂ ਬਾਅਦ ਉਹਨਾਂ ਦੀ ਔਲਾਦ ਪਟਿਆਲੇ ਸ਼ਹਿਰ ਵਿਚ ਪੱਕੇ ਤੌਰ ਤੇ ਆ ਗਈ ਅਤੇ ਰਾਜ ਕਰਨਾ ਸ਼ੁਰੂ ਕਰ ਦਿੱਤਾ। 1947 ਵਿਚ ਪਟਿਆਲੇ ਸ਼ਹਿਰ ਦੀ ਆਬਾਦੀ ਤਕਰੀਬਨ ਪੰਜਾਹ ਹਜ਼ਾਰ ਸੀ। ਪਟਿਆਲੇ ਦੇ ਮਹਾਰਾਜੇ ਸਮੇਂ ਤੋਂ ਅੱਗੇ ਦੀ ਸੋਚਦੇ ਸਨ। ਮਹਾਰਾਜਾ ਮੁਹਿੰਦਰ ਸਿੰਘ ਨੇ ਪਟਿਆਲਾ ਵਿਖੇ ਮਹਿੰਦਰਾ ਕਾਲਜ ਬਣਵਾਇਆ। ਇਹ ਕਾਲਜ 1875 ਵਿਚ ਸ਼ੁਰੂ ਹੋਇਆ। ਇਹ ਸਾਰੇ ਪੰਜਾਬ ਵਿਚ ਪਹਿਲਾ ਕਾਲਜ ਸੀ। ਉਸ ਵੇਲੇ ਪੰਜਾਬ ਯੂਨੀਵਰਸਿਟੀ ਨਹੀਂ ਸੀ। ਇਹ ਕਾਲਜ ਕਲਕੱਤਾ ਯੂਨੀਵਰਸਿਟੀ ਨਾਲ ਜੁੜਿਆ ਹੋਇਆ ਸੀ।

ਮਹਾਰਾਜਾ ਰਾਜਿੰਦਰ ਸਿੰਘ ਨੇ ਬਾਰਾਂਦਰੀ ਬਾਗ਼ ਬਣਵਾਇਆ, ਜਿਸ ਦੇ ਬਾਰ੍ਹਾਂ ਦਰਵਾਜ਼ੇ ਸਨ। ਮਹਾਰਾਜਾ ਸਾਹਿਬ ਦੀ ਇਕ ਪਤਨੀ ਅੰਗਰੇਜ਼ ਸੀ। ਇਹ ਅੰਗਰੇਜ਼ ਪਤਨੀ ਦਾ ਨਾਮ ਫਲੋਰੈਂਸ ਸੀ। ਇਸ ਨੂੰ ਪੌਦਿਆਂ ਦਾ ਬਹੁਤ ਸ਼ੌਕ ਸੀ। ਉਹਨਾਂ ਦਿਨਾਂ ਵਿਚ ਹਵਾਈ ਜਹਾਜ਼ ਨਹੀਂ ਸਨ। ਜਦ ਵੀ ਮਹਾਰਾਣੀ ਤੇ ਮਹਾਰਾਜਾ ਸਮੁੰਦਰੀ ਜਹਾਜ਼ਾਂ ਰਾਹੀਂ ਇੰਗਲੈਂਡ ਜਾਂਦੇ, ਉਹ ਫਰਾਂਸ ਵਿਚੋਂ ਲੰਘਦੇ ਸੈਂਕੜੇ ਪੌਦੇ ਪਟਿਆਲਾ ਸ਼ਹਿਰ ਲੈ ਆਂਦੇ। ਸਮੁੰਦਰੀ ਰਸਤੇ ਇੰਗਲੈਂਡ ਜਾਣ ਤੋਂ ਪਹਿਲਾਂ ਫਰਾਂਸ ਆਉਂਦਾ ਸੀ। ਪਟਿਆਲੇ ਵਿਚ ਏਸ਼ੀਆ ਦਾ ਸਭ ਤੋਂ ਪੁਰਾਣਾ ਫਰਨ ਦਾ ਬਾਗ਼ ਹੈ, ਜੋ ਬਾਰਾਂਦਰੀ ਵਿਚ ਹੈ।

ਮਹਾਰਾਜਾ ਭੁਪਿੰਦਰ ਸਿੰਘ ਨੇ ਚੈਲ ਸ਼ਹਿਰ ਆਬਾਦ ਕੀਤਾ। ਪਹਿਲੀ ਸੰਸਾਰ ਯੁੱਧ ਵਿਚ ਜਰਨੈਲ ਦੇ ਰੂਪ ਵਿਚ ਆਪਣੀਆਂ ਫੌਜਾਂ ਵੀ ਭੇਜੀਆਂ ਅਤੇ ਬਾਕੀ ਸਿੱਖ ਫੌਜਾਂ ਨੂੰ ਵੀ ਉਤਸ਼ਾਹਤ ਕਰਦੇ ਰਹੇ। ਪਟਿਆਲਾ ਸਟੇਟ ਭਾਰਤ ਦੀਆਂ ਪੰਜ ਸੌ

ਰਿਆਸਤਾਂ ਵਿਚੋਂ ਇਕ ਸੀ। ਮਹਾਰਾਜਾ ਭੁਪਿੰਦਰ ਸਿੰਘ ਅਤੇ ਉਸ ਤੋਂ ਬਾਅਦ ਉਹਨਾਂ ਦੇ ਪੁੱਤਰ ਮਹਾਰਾਜਾ ਯਾਦਵਿੰਦਰਾ ਸਿੰਘ ਪੰਜ ਸੌ ਰਿਆਸਤਾਂ ਦੇ ਬਣੇ ਹੋਏ ਚੈਂਬਰ ਆਫ ਪ੍ਰਿੰਸਿਸ ਦੇ ਚੇਅਰਮੈਨ ਰਹੇ। ਆਪ ਨੇ ਪਟਿਆਲਾ ਦੀ ਪੱਗ ਨੂੰ ਦੁਨੀਆਂ ਭਰ ਵਿਚ ਮਸ਼ਹੂਰ ਕੀਤਾ। ਆਪ ਦੇ ਕੋਲ ਭਾਰਤ ਦਾ ਪਹਿਲਾ ਹਵਾਈ ਜਹਾਜ ਸੀ। ਪਟਿਆਲਾ ਰਿਆਸਤ ਦੀ ਪੋਲੋ ਟੀਮ 1910 ਅਤੇ 1911 ਵਿਚ ਵਰਲਡ ਚੈਂਪੀਅਨ ਰਹੀ।

ਪਟਿਆਲਾ ਰਾਜ ਦੀ ਫੌਜ ਵਿਚ ਚਾਰ ਇਨਫੈਂਟਰੀ ਦੀਆਂ ਪਲਟਨਾਂ ਸਨ। ਜਿਹਨਾਂ ਦੇ ਨੰਬਰ ਫਰਸਟ ਪਟਿਆਲਾ, ਸੈਕਿੰਡ ਪਟਿਆਲਾ, ਥਰਡ ਪਟਿਆਲਾ ਅਤੇ ਫੋਰਥ ਪਟਿਆਲਾ ਇਨਫੈਂਟਰੀ ਸਨ। ਇਸ ਤੋਂ ਇਲਾਵਾ ਰਸਾਲਾ ਅਤੇ ਤੋਪਖਾਨਾ ਵੀ ਸੀ। ਫੌਜ ਦੀ ਕੁੱਲ ਸੰਖਿਆ ਤਕਰੀਬਨ ਸੱਤ ਹਜ਼ਾਰ ਸੀ। ਮੇਰੇ ਪਿਤਾ ਫੋਰ ਪਟਿਆਲਾ ਇਨਫੈਂਟਰੀ ਦੇ ਸੈਕਿੰਡ ਇਨ ਕਮਾਂਡ ਸਨ। ਉਹ 1949 ਵਿਚ ਰਿਆਸਤਾਂ ਦੀਆਂ ਫੌਜਾਂ ਟੁੱਟਣ ਕਾਰਨ 43 ਸਾਲ ਦੀ ਉਮਰ ਵਿਚ ਮੇਜਰ ਦੇ ਅਹੁਦੇ ਤੋਂ ਰਿਟਾਇਰ ਹੋਏ।

1946-47 ਵਿਚ ਮੈਨੂੰ ਕੁਝ ਕੁ ਸੁਰਤ ਆਈ। ਉਸ ਵੇਲੇ ਪਿਤਾ ਜੀ ਨੂੰ ਇਕ ਏਕੜ ਦਾ ਸਰਕਾਰੀ ਮਕਾਨ ਮਿਲਿਆ ਹੋਇਆ ਸੀ। ਉਸ ਮਕਾਨ ਦੀ ਸ਼ਕਲ-ਸੂਰਤ ਹਾਲੇ ਵੀ ਮੇਰੇ ਜ਼ਹਿਨ ਵਿਚ ਹੈ। ਇਕ ਸਰਕਾਰੀ ਸੰਤਰੀ (ਜਮਾਂਦਾਰ) ਸਾਡੇ ਘਰ ਹੁੰਦਾ ਸੀ ਜੋ ਸਾਡੇ ਘਰ ਦਾ ਕੂੜਾ-ਕਰਕਟ ਇਕੱਠਾ ਕਰਦਾ ਸੀ। ਉਹ ਹਿੰਦੂ ਪਰਿਵਾਰ ਵਿਚੋਂ ਸੀ ਅਤੇ ਉਸ ਦੇ ਕਈ ਵਿਆਹ ਸਨ। ਮਾਤਾ ਜੀ ਉਸ ਨੂੰ ਕੇਰਾਮਾਰਾ ਕਹਿੰਦੇ ਸਨ। ਕਿਸੇ ਨੇ ਮਹਾਰਾਜਾ ਭੁਪਿੰਦਰ ਸਿੰਘ ਨੂੰ ਇਸ ਦੇ ਵਿਆਹਾਂ ਸਬੰਧੀ ਸ਼ਿਕਾਇਤ ਕਰ ਦਿੱਤੀ ਕਿ ਇਸ ਨੇ ਤਿੰਨ ਪਤਨੀਆਂ ਰੱਖੀਆਂ ਹੋਈਆਂ ਹਨ। ਇਸ ਨੂੰ ਸਜ਼ਾ ਦਿਓ। ਕੇਰਾਮਾਰਾ ਮਹਾਰਾਜਾ ਭੁਪਿੰਦਰ ਸਿੰਘ ਕੋਲ ਹਾਜ਼ਰ ਕੀਤਾ ਗਿਆ। ਉਸ ਨੇ ਮਹਾਰਾਜਾ ਭੁਪਿੰਦਰ ਸਿੰਘ ਨੂੰ ਮੱਥਾ ਟੇਕਿਆ ਅਤੇ ਮਹਾਰਾਜਾ ਦੇ ਪੁੱਛਣ ਤੇ ਕਹਿਣ ਲੱਗਾ,“ ਮਹਾਰਾਜ ਮੈਂ ਕੋਈ ਆਮ ਜਮਾਂਦਾਰ ਨਹੀਂ ਹਾਂ। ਮੈਂ ਮਹਾਰਾਜਾ ਭੁਪਿੰਦਰ ਸਿੰਘ ਦੀ ਰਿਆਸਤ ਦਾ ਕਰਿੰਦਾ ਹਾਂ।” ਮਹਾਰਾਜਾ ਭੁਪਿੰਦਰ ਸਿੰਘ ਹੱਸ ਪਏ ਅਤੇ ਉਸ ਨੂੰ ਦੋ ਸੋਨੇ ਦੀਆਂ ਮੋਹਰਾਂ ਦੇ ਕੇ ਤੋਰ ਦਿੱਤਾ।

ਸਾਡਾ ਬੰਗਲਾ ਸੁਨਾਮੀ ਗੇਟ ਰੋਡ ਤੇ ਫੌਜੀ ਇਲਾਕੇ ਵਿਚ ਜਾਣ ਲੱਗਿਆਂ ਖੱਬੇ ਪਾਸੇ ਸਭ ਤੋਂ ਪਹਿਲੀਆਂ ਇਮਾਰਤਾਂ ਵਿਚੋਂ ਇਕ ਸੀ। ਇਹਨਾਂ ਨੂੰ ਮੇਜਰਾਂ ਦੀਆਂ ਕੋਠੀਆਂ ਵੀ ਕਿਹਾ ਜਾਂਦਾ ਸੀ। ਸਾਡੀ ਕੋਠੀ ਦੇ ਪਿਛਲੇ ਪਾਸੀਂ ਇਕ ਬੋਹੜ ਦਾ ਦਰਖ਼ਤ ਸੀ, ਜੋ ਅੱਜ ਵੀ ਮੌਜੂਦ ਹੈ। ਇਹ ਦਰਖ਼ਤ ਨਿਹੰਗ ਸਿੰਘਾਂ ਦੇ ਡੇਰੇ ਵਾਲੀ ਇਮਾਰਤ ਨਾਲ ਲੱਗਦਾ ਹੈ। ਹੁਣ ਉਥੇ ਸਰਕਾਰ ਨੇ ਸਾਰੀਆਂ ਕੋਠੀਆਂ ਢਾਹ ਕੇ ਨਵੇਂ ਛੋਟੇ ਦੋ ਮੰਜ਼ਿਲੇ ਮਕਾਨ ਬਣਾ ਦਿੱਤੇ ਹਨ।

ਮੈਨੂੰ ਅਜੇ ਵੀ ਯਾਦ ਹੈ ਕਿ ਮੇਰੇ ਨਾਨਾ ਜੀ ਸ. ਜੋਗਿੰਦਰ ਸਿੰਘ ਬੋਹੜ ਦੇ ਦਰਖ਼ਤ ਹੇਠਾਂ ਆਰਾਮ ਕਰਦੇ ਹੁੰਦੇ ਸਨ। ਉਹਨਾਂ ਦੇ ਮੰਜੇ ਕੋਲ ਕੁਰਸੀਆਂ ਅਤੇ ਇਕ ਛੋਟਾ ਜਿਹਾ ਟੇਬਲ ਪਿਆ ਹੁੰਦਾ ਸੀ। ਨਾਨਾ ਜੀ ਬੀਮਾਰ ਸਨ ਅਤੇ ਉਹਨਾਂ ਨੇ ਸਾਡੇ ਸਰਕਾਰੀ ਘਰ ਵਿਚ ਹੀ ਸਵਾਸ ਤਿਆਗੇ। ਸਸਕਾਰ ਕਰਨ ਲਈ ਉਹਨਾਂ ਦਾ ਸਰੀਰ ਲਾਰੀ ਵਿਚ ਉਹਨਾਂ ਦੇ ਪਿੰਡ ਭੈਣੀ ਫੱਤਾ ਭੇਜਿਆ ਗਿਆ। ਮੈਂ ਪਹਿਲੀ ਵਾਰ ਉਸ ਸਮੇਂ ਲਾਰੀ ਵੇਖੀ ਸੀ। ਬੱਸ ਦੇ ਬਾਹਰੋਂ ਦੋ ਤਿੰਨ ਰੰਗ ਸਨ। ਉਸ ਸਮੇਂ ਘਰ ਵਿਚ ਇਕ ਫੋਟੋਗ੍ਰਾਫਰ ਆਇਆ ਹੋਇਆ ਸੀ ਜੋ ਕਿ ਨਾਨਾ ਜੀ ਦੀਆਂ ਫੋਟੋਆਂ ਖਿੱਚ ਰਿਹਾ ਸੀ। ਫੋਟੋਗ੍ਰਾਫਰ ਘੁੰਡ ਜਿਹਾ ਕੱਢ ਲੈਂਦਾ ਸੀ ਅਤੇ ਫਿਰ ਬਾਹਰ ਦੇਖਣ ਲੱਗ ਜਾਂਦਾ ਸੀ। ਮੈਂ ਫੋਟੋਗ੍ਰਾਫਰ ਵੀ ਉਸੇ ਵੇਲੇ ਹੀ ਪਹਿਲੀ ਵਾਰ ਦੇਖਿਆ ਸੀ। ਮੈਂ ਪਹਿਲੀ ਵਾਰ ਦੇਖਿਆ ਕਿ ਸਾਡੇ ਘਰ ਵਿਚ ਕਾਫੀ ਔਰਤਾਂ ਚਿੱਟੇ ਕੱਪੜੇ ਪਾ ਕੇ ਫਰਸ਼ ਤੇ ਬੈਠੀਆਂ ਸਨ ਅਤੇ ਅਫ਼ਸੋਸ ਕਰ ਰਹੀਆਂ ਸਨ।

ਇੰਨੇ ਵਿਚ 1947 ਦਾ ਸਮਾਂ ਆ ਗਿਆ।1945-46 ਵਿਚ ਮੇਰੇ ਪਿਤਾ ਜੀ ਨੇ ਤੋਪਖਾਨੇ ਗੇਟ ਕੋਲ ਆਪਣਾ ਘਰ ਬਣਾ ਲਿਆ ਸੀ। 1947 ਦੀ ਆਜ਼ਾਦੀ ਤੋਂ ਕੁਝ ਦਿਨ ਪਹਿਲਾਂ ਮਹਾਰਾਜਾ ਯਾਦਵਿੰਦਰ ਸਿੰਘ ਜੀ ਨੇ ਮੇਰੇ ਪਿਤਾ ਜੀ ਨੂੰ ਮੁਸਲਮਾਨਾਂ ਨੂੰ ਸਹੀ ਸਲਾਮਤ ਪਾਕਿਸਤਾਨ ਪਹੁੰਚਾਉਣ ਲਈ ਸਰਹਿੰਦ ਵਿਖੇ ਇਕ ਵੱਡਾ ਕੈਂਪ ਲਗਾਉਣ ਲਈ ਕਿਹਾ। ਉਸ ਸਮੇਂ ਸਾਡੇ ਘਰ ਵਿਚ ਤਿੰਨ ਅਰਦਲੀਆਂ ਨੂੰ ਹਥਿਆਰ ਦਿੱਤੇ ਗਏ ਸਨ ਤਾਂ ਜੋ ਉਹ ਪਰਿਵਾਰ ਦੀ ਰੱਖਿਆ ਕਰ ਸਕਣ। ਇੱਕ ਅਰਦਲੀ ਸਿਪਾਹੀ ਜਰਨੈਲ ਸਿੰਘ, ਦੂਜਾ ਸਿਪਾਹੀ ਵਿਸਾਖਾ ਸਿੰਘ ਅਤੇ ਤੀਜਾ ਅਰਦਲੀ ਸਾਡੇ ਪਿਤਾ ਜੀ ਦੇ ਮਾਮੇ ਦਾ ਪੋਤਾ ਸੀ। ਇਸ ਦਾ ਨਾਮ ਜਗਦੇਵ ਸਿੰਘ ਸੀ। ਵਿਸਾਖਾ ਸਿੰਘ ਮਾਨਸੇ ਇਲਾਕੇ ਦਾ ਸੀ। ਉਸ ਦੇ ਨੈਨ ਨਕਸ਼ ਬਹੁਤ ਸੁੰਦਰ ਸਨ। ਉਸ ਦਾ ਰੰਗ ਚਿੱਟਾ ਅਤੇ ਨੀਲੀਆਂ ਅੱਖਾਂ ਸਨ। ਵਿਸਾਖਾ ਸਿੰਘ ਬਹੁਤ ਸੋਹਣੀ ਪੱਗ ਬੰਨ੍ਹਦਾ ਸੀ, ਪਰ ਸੁਭਾਅ ਦਾ ਬਹੁਤ ਸਿੱਧਾ-ਸਾਦਾ ਸੀ। ਇਸ ਦਾ ਕੰਮ ਮੇਰੀ ਮਾਤਾ ਨੂੰ ਰਸੋਈ ਵਿਚ ਮੱਦਦ ਕਰਨਾ ਸੀ। ਦੂਜਾ ਸਿਪਾਹੀ ਜਰਨੈਲ ਸਿੰਘ ਪਿੰਡ ਨਾਈਵਾਲੇ ਦਾ ਸਿੱਧੂ ਜੱਟ ਸੀ। ਮੇਰੀ ਮਾਤਾ ਦਾ ਸਹਿਗੋਤੀ ਹੋਣ ਕਰਕੇ ਸਾਨੂੰ ਇਹ ਸਮਝਾਇਆ ਗਿਆ ਸੀ ਕਿ ਅਸੀਂ ਇਸ ਨੂੰ ਮਾਮਾ ਜੀ ਕਹਿਣਾ ਹੈ। ਅਸੀਂ ਜਰਨੈਲ ਸਿੰਘ ਨੂੰ ਜਰਨੈਲ ਮਾਮਾ ਕਹਿੰਦੇ ਸੀ। ਇਸ ਦਾ ਕੰਮ ਸਾਨੂੰ ਸਕੂਲ ਛੱਡ ਕੇ ਅਤੇ ਲੈ ਕੇ ਆਉਣਾ ਸੀ। ਮੇਰੀ ਮਾਤਾ ਵੱਡੇ ਜੱਟ ਪਰਿਵਾਰ ਦੀ ਲੜਕੀ ਹੋਣ ਕਰਕੇ ਮੱਝਾਂ ਆਦਿ ਦੇ ਬਹੁਤ ਸ਼ੌਕੀਨ ਸਨ। ਉਹਨਾਂ ਨੇ ਸਰਕਾਰੀ ਬੰਗਲੇ ਵਿਚ ਤਿੰਨ ਮੱਝਾਂ ਰੱਖੀਆਂ ਹੋਈਆਂ ਸਨ। ਘਰ ਵਿਚ ਦੁੱਧ, ਮੱਖਣ ਅਤੇ ਘਿਓ ਆਦਿ ਦੀ ਬਹੁਤਾਤ ਹੁੰਦੀ ਸੀ। ਕਦੇ ਕਦੇ ਮੇਰੀ ਮਾਤਾ ਜੀ ਬਰਫ ਮੰਗਵਾ ਕੇ ਮਸ਼ੀਨ ਨਾਲ ਦੁੱਧ ਦੀ ਆਈਸ ਕਰੀਮ ਵੀ ਬਣਾਉਂਦੇ ਹੁੰਦੇ ਸਨ। ਸਾਡੇ ਘਰ ਵਿਚ ਇੱਕ ਪ੍ਰੈਮ ਸੀ, ਜਿਸ ਨੂੰ ਉਸ ਜ਼ਮਾਨੇ ਵਿਚ ਬੱਗੀ ਕਹਿੰਦੇ

ਸੀ। ਪਿਤਾ ਜੀ ਨੇ ਇਹ ਬੱਗੀ ਵੱਡੇ ਭਰਾ ਪਰਮਿੰਦਰ ਵਾਸਤੇ ਖ਼ਰੀਦੀ ਸੀ। ਉਸ ਬੱਗੀ ਵਿਚ ਤਿੰਨ ਫੱਟੀਆਂ ਲਗਾ ਕੇ ਦੋ ਸੀਟਾਂ ਬਣ ਜਾਂਦੀਆਂ ਸਨ। ਕਦੇ ਕਦੇ ਮੇਰੇ ਪਿਤਾ ਜੀ ਮੈਨੂੰ ਬੱਗੀ ਵਿਚ ਬਿਠਾ ਕੇ ਤਕਰੀਬਨ ਅੱਧੇ ਏਕੜ ਦੇ ਲਾਅਨ ਵਿਚ ਸੈਰ ਕਰਵਾਉਂਦੇ ਸਨ। ਸੰਨ 1947 ਵਿਚ ਜਦੋਂ ਮਾਹੌਲ ਖਰਾਬ ਸੀ, ਮੇਰੇ ਪਿਤਾ ਜੀ ਨੇ ਇਕ ਹੌਲਦਾਰ ਨੂੰ ਬੁਲਾ ਕੇ ਮੇਰੀਆਂ ਵੱਡੀਆਂ ਭੈਣਾਂ ਅਤੇ ਵੱਡੇ ਭਰਾ ਨੂੰ ਬੰਦੂਕ ਚਲਾਉਣ ਦੀ ਸਿਖਲਾਈ ਦਿੱਤੀ ਸੀ।

ਮੈਨੂੰ ਹਾਲੇ ਵੀ ਯਾਦ ਹੈ ਕਿ ਸਾਡੇ ਸਰਕਾਰੀ ਮਕਾਨ ਦੇ ਪਿੱਛਲੇ ਪਾਸੇ ਨਿਹੰਗਾਂ ਦੇ ਡੇਰੇ ਵੱਲ ਕੁਝ ਚਰ੍ਹੀ ਆਦਿ ਦੀਆਂ ਪੂਲੀਆਂ ਖੜ੍ਹੀਆਂ ਕੀਤੀਆਂ ਹੋਈਆਂ ਸਨ। ਇਹ ਤਕਰੀਬਨ 20 ਪੂਲੀਆਂ ਸਨ। ਇਸ ਹੱਲੇ-ਗੁੱਲੇ ਵਿਚ ਇਕ ਮੁਸਲਮਾਨ ਇਹਨਾਂ ਪੂਲੀਆਂ ਵਿਚ ਲੁੱਕ ਗਿਆ। ਸਾਡੇ ਮਕਾਨ ਦੇ ਉਸ ਪਾਸੇ ਇਕ ਚੁਬਾਰਾ ਸੀ, ਜਿਸ ਦੀ ਇਕ ਤਾਕੀ ਉਧਰ ਨੂੰ ਖੁੱਲ੍ਹਦੀ ਸੀ। ਉਸ ਤਾਕੀ ਤੇ ਕੋਈ ਜਾਲੀ ਆਦਿ ਵੀ ਨਹੀਂ ਸੀ। ਉਸ ਦੇ ਬਿਲਕੁਲ ਨਾਲ ਇਕ ਮੰਜਾ ਪਿਆ ਸੀ। ਮੰਜੇ ਤੇ ਚੜ੍ਹ ਕੇ ਮਾਮਾ ਜਰਨੈਲ ਸਿੰਘ ਨੇ ਇਕ ਗੋਲੀ ਚਲਾਈ। ਇੰਨੇ ਵਿਚ ਵੱਡੇ ਬੱਚੇ (ਮੇਰੀਆਂ ਤਿੰਨੇ ਭੈਣਾਂ ਅਤੇ ਵੱਡਾ ਭਰਾ) ਮੰਜੇ ਤੇ ਚੜ੍ਹ ਗਏ ਅਤੇ ਤਾਕੀ ਵਿਚੋਂ ਦੇਖਣ ਲੱਗੇ। ਮੈਂ ਬਹੁਤ ਛੋਟਾ ਸੀ ਅਤੇ ਮੰਜੇ ਦੇ ਪਾਅਵੇ ਵੱਡੇ ਹੋਣ ਕਰਕੇ ਚੜ੍ਹ ਨਹੀਂ ਸਕਦਾ ਸੀ ਅਤੇ ਕਹਿ ਰਿਹਾ ਸੀ," ਮਾਮਾ ਜੀ ਮੈਂ ਵੀ ਮੁਸਲਮਾਨ ਦੇਖਣਾ ਹੈ।"

ਇਸੇ ਸਰਕਾਰੀ ਮਕਾਨ ਵਿਚ ਹੀ 1948 ਵਿਚ ਮੈਨੂੰ ਸਿੰਘ ਸਭਾ ਸਕੂਲ ਵਿਚ ਪੜ੍ਹਨ ਲਈ ਭਰਤੀ ਕਰਵਾ ਦਿੱਤਾ। ਮੇਰੀਆਂ ਤਿੰਨੋਂ ਵੱਡੀਆਂ ਭੈਣਾਂ ਪਹਿਲਾਂ ਹੀ ਸਿੰਘ ਸਭਾ ਮਾਲ ਰੋਡ, ਪਟਿਆਲਾ ਵਿਚ ਪੜ੍ਹ ਰਹੀਆਂ ਸਨ। ਉਸ ਜ਼ਮਾਨੇ ਵਿਚ ਇਹ ਸਕੂਲ ਲੜਕਿਆਂ ਲਈ ਸਿਰਫ ਚੌਥੀ ਕਲਾਸ ਤੱਕ ਸੀ ਅਤੇ ਲੜਕੀਆਂ ਲਈ ਵੱਡੀਆਂ ਕਲਾਸਾਂ ਤੱਕ ਵੀ ਸੀ। ਉਸ ਜ਼ਮਾਨੇ ਵਿਚ ਲੜਕੀਆਂ ਵਾਸਤੇ ਸਿੰਘ ਸਭਾ ਵਿਚ ਇਕ ਅਲੱਗ ਸਕੂਲ ਸ਼ੁਰੂ ਹੋਇਆ, ਜਿਸ ਦਾ ਨਾਂ ਪਟਿਆਲੇ ਦੀ ਮਹਾਰਾਣੀ ਮਹਿੰਦਰ ਕੌਰ ਦੇ ਨਾਮ ਤੇ ਮਹਿੰਦਰਾ ਕੰਨਿਆ ਮਹਾਂਵਿਦਿਆਲਾ ਰੱਖਿਆ ਗਿਆ। 1948 ਵਿਚ ਮੇਰੀ ਵੱਡੀ ਭੈਣ ਸਕੂਲ ਤੁਰ ਕੇ ਜਾਂਦੀ ਸੀ। ਮੈਨੂੰ ਅਤੇ ਦੋ ਵੱਡੀਆਂ ਭੈਣਾਂ ਰਾਜਿੰਦਰ ਅਤੇ ਜਸਵਿੰਦਰ ਨੂੰ ਜਰਨੈਲ ਸਿੰਘ ਸਕੂਲ ਛੱਡ ਕੇ ਅਤੇ ਲੈ ਕੇ ਆਉਂਦਾ ਸੀ। ਓਨੀਂ ਦਿਨੀਂ ਸਕੂਲਾਂ ਵਿਚ ਉਰਦੂ ਦੀ ਪੜ੍ਹਾਈ ਹਾਲੇ ਚਲ ਰਹੀ ਸੀ। ਅੱਜ-ਕੱਲ੍ਹ ਸਿੰਘ ਸਭਾ ਦੇ ਆਲੇ ਦੁਆਲੇ ਜਿਹੜੀਆਂ ਦੁਕਾਨਾਂ ਹਨ, ਉਸ ਸਮੇਂ ਨਹੀਂ ਹੁੰਦੀਆਂ ਸਨ। ਸਾਡੀ ਪਹਿਲੀ ਕਲਾਸ ਦੇ ਪੀਰੀਅਡ ਦੁਕਾਨਾਂ ਵਾਲੀ ਥਾਂ ਤੇ ਇਕ ਕੋਨੇ ਵਿਚ ਲੱਗਦੇ ਸਨ, ਜਿਥੇ ਅਪਰ ਅਤੇ ਲੋਅਰ ਮਾਲ ਆਪਸ ਵਿਚ ਜੁੜਦੇ ਹਨ। ਹੁਣ ਇਸ ਜਗ੍ਹਾ ਨੂੰ ਫੁਆਰਾ ਚੌਕ ਕਹਿੰਦੇ ਹਨ।

ਛੁੱਟੀ ਹੋਣ ਤੇ ਅਸੀਂ ਸਿੰਘ ਸਭਾ ਦੇ ਲੋਅਰ ਮਾਲ ਵਾਲੇ ਗੇਟ ਦੇ ਸਾਹਮਣੇ

ਇਕ ਟਾਹਲੀ ਦੇ ਦਰਖ਼ਤ ਹੇਠਾਂ ਬੈਠ ਜਾਂਦੇ। ਕਈ ਵਾਰ ਤਾਂ ਬੜੀ ਦੇਰ ਤੱਕ ਜਰਨੈਲ ਸਿੰਘ ਨੂੰ ਉਡੀਕਣਾ ਪੈਂਦਾ ਸੀ। ਮੈਂ ਪਹਿਲੀ ਵਾਰ ਰਿਕਸ਼ਾ ਇਸੇ ਦਰਖ਼ਤ ਹੇਠਾਂ ਹੀ ਦੇਖਿਆ ਸੀ। ਉਸ ਸਮੇਂ ਇੰਨੀ ਸੂਝ ਨਹੀਂ ਸੀ। ਮੈਨੂੰ ਯਾਦ ਹੈ ਜਦੋਂ ਫੂਲ ਸਿਨੇਮਾ ਬਣਨ ਲਈ ਇੱਟਾਂ ਆਉਣ ਲੱਗੀਆਂ ਤਾਂ ਸਿੰਘ ਸਭਾ ਦਰਖ਼ਤ ਹੇਠਾਂ ਖੜ੍ਹੇ ਇਕ ਵਿਅਕਤੀ ਨੇ ਮੈਨੂੰ ਦੱਸਿਆ ਸੀ ਕਿ ਇਥੇ ਫੂਲ ਸਿਨੇਮਾ ਬਣੇਗਾ, ਜਿਸ ਦੀ ਸ਼ਕਲ ਫੁੱਲ ਵਰਗੀ ਹੋਵੇਗੀ। ਇਕ ਹੋਰ ਘਟਨਾ ਜੋ ਯਾਦ ਹੈ ਉਹ ਇਹ ਕਿ ਇਕ ਦਿਨ ਅਸੀਂ ਤਿੰਨੋਂ ਭੈਣ ਭਰਾ ਜਰਨੈਲ ਸਿੰਘ ਅਰਦਲੀ ਦੀ ਉਡੀਕ ਕਰ ਰਹੇ ਸੀ। ਏਨੇ ਵਿਚ ਇਕ ਦਰਮਿਆਨੀ ਜਿਹੀ ਉਮਰ ਦੀ ਔਰਤ ਮੇਰੇ ਕੋਲ ਆਈ ਅਤੇ ਕਹਿਣ ਲੱਗੀ," ਪੁੱਤਰ ਇਕ ਛੋਟਾ ਜਿਹਾ ਕੰਮ ਕਰਨਾ ਹੈ।" ਮੈਂ ਭੋਲਾ ਜਿਹਾ ਬੱਚਾ ਸੀ। ਮੈਂ ਹਾਲੇ ਉਸ ਵੱਲ ਦੇਖ ਹੀ ਰਿਹਾ ਸੀ, ਉਹ ਕਹਿਣ ਲੱਗੀ," ਪੁੱਤਰ ਇਕ ਆਨਾ ਗੁਰੂ ਮਹਾਰਾਜ ਅੱਗੇ ਮੱਥਾ ਟੇਕ ਆਣਾ ਅਤੇ ਦੋ ਆਨੇ ਚੁੱਕ ਲਿਆਣਾ।" ਮੈਨੂੰ ਅਜਿਹੀਆਂ ਗੱਲਾਂ ਦੀ ਕੋਈ ਸੂਝ ਨਹੀਂ ਸੀ ਕਿ ਇਹ ਚੰਗਾ ਕੰਮ ਹੈ ਜਾਂ ਬੁਰਾ। ਇਹ ਬੇਇਮਾਨੀ ਹੈ ਜਾਂ ਇਮਾਨਦਾਰੀ। ਇਹ ਨੈਤਿਕਤਾ ਹੈ ਜਾਂ ਅਨੈਤਿਕਤਾ, ਪਰ ਸੁਤੇ-ਸੁਭਾਅ ਹੀ ਮੇਰਾ ਸਿਰ ਨਾਂਹ ਵਿਚ ਹਿਲ ਗਿਆ ਅਤੇ ਮਾਈ ਚੁੱਪ ਕਰ ਕੇ ਉਥੋਂ ਚਲੀ ਗਈ ਸੀ। ਬਚਪਨ ਵਿੱਚ ਵਾਪਰੀ ਇਹ ਸਹਿਜ ਘਟਨਾ ਜੀਵਨ ਦਾ ਆਦਰਸ਼ ਬਣ ਗਈ ਅਤੇ ਮੈਂ ਨੈਤਿਕ ਰਾਹ ਦੀ ਚੋਣ ਕੀਤੀ।

*****

# ਮੇਰੇ ਸਕੂਲ

ਮੇਰੇ ਦਾਦਾ ਜੀ ਅਤੇ ਪੜਦਾਦਾ ਜੀ ਵੀ ਪੜ੍ਹਾਈ ਦੇ ਬਹੁਤ ਸ਼ੌਕੀਨ ਸਨ। 1870 ਵਿਚ ਮੇਰੇ ਪੜਦਾਦਾ ਸ. ਮਾਨ ਸਿੰਘ ਆਪਣੇ ਜੱਦੀ ਪਿੰਡ ਦੁਗਾਲ ਤੋਂ ਪੈਦਲ ਤੁਰ ਕੇ ਹੀ ਪਟਿਆਲੇ ਪਹੁੰਚੇ ਅਤੇ ਮਹਾਰਾਜਾ ਪਟਿਆਲਾ ਪਾਸ ਨੌਕਰੀ ਕੀਤੀ। ਕੁਝ ਹੀ ਮਹੀਨਿਆਂ ਵਿਚ ਮਹਾਰਾਜਾ ਸ. ਮਾਨ ਸਿੰਘ ਤੋਂ ਬਹੁਤ ਖੁਸ਼ ਹੋਏ ਅਤੇ ਉਹਨਾਂ ਨੂੰ ਸਰਕਾਰੀ ਘੋੜਾ ਅਲਾਟ ਕਰ ਦਿੱਤਾ। ਤਕਰੀਬਨ 1885 ਈ. ਵਿਚ ਉਹ ਸਰਕਾਰੀ ਘੋੜੇ 'ਤੇ ਆਪਣੇ ਪਿੰਡ ਦੁਗਾਲ ਗਏ ਤਾਂ ਵਾਪਸ ਮੁੜਦਿਆਂ ਆਪਣੇ ਪੁੱਤਰ ਸ. ਕਪੂਰ ਸਿੰਘ ਨੂੰ ਵੀ ਆਪਣੇ ਨਾਲ ਲੈ ਆਏ। ਚਾਹੇ ਸਾਡੇ ਪਿੰਡ ਦੁਗਾਲ ਵਿਚ ਉਹਨਾਂ ਦਿਨਾਂ ਵਿਚ ਚਾਰ ਕਲਾਸਾਂ ਦਾ ਸਕੂਲ ਸੀ, ਪਰ ਉਹਨਾਂ ਨੂੰ ਮਹਿਸੂਸ ਹੋਇਆ ਕਿ ਪੜ੍ਹਾਈ ਲਈ ਪਟਿਆਲਾ ਬਹੁਤ ਵਧੀਆ ਥਾਂ ਹੈ। 1872 ਵਿਚ ਮਹਾਰਾਜਾ ਮਹਿੰਦਰ ਸਿੰਘ ਸੁਰਗਵਾਸ ਹੋ ਗਏ ਅਤੇ ਗੱਦੀ 'ਤੇ ਉਹਨਾਂ ਦੇ ਪੁੱਤਰ ਮਹਾਰਾਜਾ ਰਾਜਿੰਦਰ ਸਿੰਘ ਬੈਠੇ। 1890 ਵਿਚ ਪੜਦਾਦਾ ਜੀ ਨੇ 20 ਸਾਲ ਨੌਕਰੀ ਕਰਨ ਤੋਂ ਬਾਅਦ ਰਿਟਾਇਰ ਹੋਣਾ ਚਾਹਿਆ। ਉਹ ਮਹਾਰਾਜਾ ਰਾਜਿੰਦਰ ਸਿੰਘ ਜੀ ਨੂੰ ਮਿਲੇ। ਮਹਾਰਾਜਾ ਰਾਜਿੰਦਰ ਸਿੰਘ ਨੇ ਕਿਹਾ ਕਿ ਉਹ ਉਹਨਾਂ ਦੇ ਲੜਕੇ ਕਪੂਰ ਸਿੰਘ ਨੂੰ ਨੌਕਰੀ ਦੇ ਦੇਣਗੇ। ਸ. ਮਾਨ ਸਿੰਘ ਦੇ ਕਹਿਣ ਤੇ ਕਿ ਲੜਕਾ ਤਾਂ ਅਜੇ ਕੇਵਲ 10 ਸਾਲ ਦਾ ਹੈ ਅਤੇ ਪੰਜਵੀਂ ਜਮਾਤ ਵਿਚ ਪੜ੍ਹਦਾ ਹੈ, ਮਹਾਰਾਜਾ ਰਾਜਿੰਦਰ ਸਿੰਘ ਕਹਿਣ ਲੱਗੇ," ਉਹਨਾਂ ਦਾ 10 ਸਾਲ ਦਾ ਲੜਕਾ ਵੀ 20 ਸਾਲ ਦੀ ਉਮਰ ਵਾਲਿਆਂ ਦੇ ਬਰਾਬਰ ਹੀ ਹੋਵੇਗਾ।" ਬਾਲਕ ਕਪੂਰ ਸਿੰਘ ਨੂੰ ਮਹਾਰਾਜਾ ਅੱਗੇ ਪੇਸ਼ ਕੀਤਾ ਗਿਆ। ਗੱਲਬਾਤ ਕਰ ਕੇ ਮਹਾਰਾਜਾ ਰਾਜਿੰਦਰ ਸਿੰਘ ਬੱਚੇ ਤੋਂ ਬਹੁਤ ਖੁਸ਼ ਹੋਏ ਅਤੇ ਉਸ ਨੂੰ ਨੌਕਰੀ ਤੇ ਰੱਖ ਲਿਆ। ਸ. ਕਪੂਰ ਸਿੰਘ ਆਪਣੀ ਇਮਾਨਦਾਰੀ ਅਤੇ ਨੇਕ-ਦਿਲੀ ਅਤੇ ਅਨੁਸ਼ਾਸਨ ਕਰਕੇ ਬਹੁਤ ਕਾਮਯਾਬ ਅਫ਼ਸਰ ਬਣੇ। ਪਰ ਉਹਨਾਂ ਨੂੰ ਸਾਰੀ ਉਮਰ ਆਪਣੀ ਪੜ੍ਹਾਈ ਪੂਰੀ ਨਾ ਕਰ ਸਕਣ ਦਾ ਦੁੱਖ ਜ਼ਰੂਰ ਰਿਹਾ।

ਮੇਰੇ ਪਿਤਾ ਜੀ (ਜਨਮ 1906) 1926 ਵਿਚ ਮਹਿੰਦਰਾ ਕਾਲਜ ਤੋਂ ਐੱਫ.ਐੱਸ.ਸੀ. ਮੈਡੀਕਲ ਕਰ ਰਹੇ ਸਨ। ਮੇਰੇ ਪਿਤਾ ਜੀ ਪੜ੍ਹਨ ਵਿਚ ਬਹੁਤ ਹੁਸ਼ਿਆਰ ਸਨ। 1924 ਤੱਕ ਉਹ ਆਪਣੀ ਕਲਾਸ ਦੇ ਮੋਨੀਟਰ ਰਹੇ। 1926 ਵਿਚ

ਉਹਨਾਂ ਨੂੰ ਆਰਮੀ ਅਫ਼ਸਰ ਬਣਨ ਦਾ ਮੌਕਾ ਮਿਲਿਆ। ਉਹਨਾਂ ਨੂੰ ਵੀ ਦਾਦਾ ਜੀ ਵਾਂਗ ਅੱਧ-ਵਿਚਾਲੇ ਹੀ ਪੜ੍ਹਾਈ ਛੱਡਣੀ ਪਈ। ਮੇਰੇ ਪਿਤਾ ਜੀ 1928 ਵਿਚ ਲਫਟੈਣ ਬਣੇ ਅਤੇ 1949 ਵਿਚ ਮੇਜਰ ਦੇ ਅਹੁਦੇ ਤੋਂ ਰਿਟਾਇਰ ਹੋਏ। ਨੌਕਰੀ ਦੌਰਾਨ ਉਹਨਾਂ ਨੇ ਕਈ ਜਗ੍ਹਾ ਸਿਖਲਾਈ ਕੀਤੀ, ਜਿਸ ਵਿਚ ਅੰਗਰੇਜ਼ ਅਫ਼ਸਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਦਾ ਸੀ। ਪਿਤਾ ਜੀ ਦੀ ਅੰਗਰੇਜ਼ੀ ਬਹੁਤ ਵਧੀਆ ਸੀ ਅਤੇ ਅੰਗਰੇਜ਼ ਅਫ਼ਸਰਾਂ ਨਾਲ ਅੱਛੀ ਅੰਗਰੇਜ਼ੀ ਵਿਚ ਹੀ ਗੱਲ ਕਰਦੇ ਸਨ। ਅੰਗਰੇਜ਼ ਅਫ਼ਸਰ ਅਕਸਰ ਪੁੱਛਦੇ ਸਨ ਕਿ ਉਹਨਾਂ ਨੇ ਬੀ.ਏ. ਕਿਥੋਂ ਕੀਤੀ ਹੈ? ਜਦੋਂ ਪਿਤਾ ਜੀ ਉਹਨਾਂ ਅਫ਼ਸਰਾਂ ਨੂੰ ਦੱਸਦੇ ਕਿ ਉਹ ਸਿਰਫ ਦਸਵੀਂ ਪਾਸ ਹਨ ਤਾਂ ਅੰਗਰੇਜ਼ ਬਹੁਤ ਹੈਰਾਨ ਹੁੰਦੇ ਸਨ।

ਮੇਰੇ ਪਿਤਾ ਜੀ ਚਾਹੁੰਦੇ ਸਨ ਕਿ ਉਹਨਾਂ ਦਾ ਹਰੇਕ ਬੱਚਾ ਘੱਟੋ ਘੱਟ ਬੀ.ਏ. ਤੱਕ ਜ਼ਰੂਰ ਪੜ੍ਹੇ। ਮੈਨੂੰ ਪਹਿਲੀ ਕਲਾਸ ਸਿੰਘ ਸਭਾ ਸਕੂਲ ਤੋਂ ਅਤੇ ਦੂਜੀ ਕਲਾਸ ਘਰ ਟਿਊਸ਼ਿਨ ਰੱਖ ਕੇ ਕਰਵਾਈ। ਤੀਜੀ ਕਲਾਸ ਮੈਂ ਢੁਡਿਆਲ ਸਕੂਲ ਤੋਂ ਕੀਤੀ ਅਤੇ ਚੌਥੀ ਫਿਰ ਘਰੇ ਟਿਊਸ਼ਿਨ ਰੱਖ ਕੇ ਕਰਵਾਈ। 1948 ਵਿਚ ਸਿੰਘ ਸਭਾ ਤੋਂ ਪਹਿਲੀ ਕਲਾਸ ਸ਼ੁਰੂ ਕਰ ਕੇ ਮੈਂ 1950 ਮਾਰਚ ਤੱਕ ਚਾਰ ਕਲਾਸਾਂ ਪਾਸ ਕਰ ਗਿਆ। 1950 ਵਿਚ ਮੈਨੂੰ ਸੇਵਕ ਜੱਥੇ ਸਕੂਲ ਵਿਚ ਪੰਜਵੀਂ ਜਮਾਤ ਵਿਚ ਦਾਖ਼ਲ ਕਰਵਾਇਆ ਗਿਆ। ਮੇਰੇ ਤੋਂ ਵੱਡੀ ਭੈਣ ਜਸਵਿੰਦਰ ਕੌਰ, ਸਿੰਘ ਸਭਾ ਵਿਚ ਹੀ ਚੱਲਦੇ ਸਕੂਲ (ਮਹਿੰਦਰਾ ਕੰਨਿਆ ਮਹਾਂਵਿਦਿਆਲਾ) ਵਿਚ ਪੰਜਵੀਂ ਕਲਾਸ ਵਿਚ ਪੜ੍ਹਦੀ ਸੀ। ਉਸ ਤੋਂ ਦੋ ਸਾਲ ਵੱਡੀ ਭੈਣ ਰਾਜਿੰਦਰ,ਪੰਜਵੀਂ ਵਿਚ ਫੇਲ੍ਹ ਹੋ ਗਈ ਅਤੇ ਉਹ ਵੀ ਜਸਵਿੰਦਰ ਭੈਣ ਦੇ ਨਾਲ ਉਸੇ ਸਕੂਲ ਵਿਚ ਪੜ੍ਹਦੀ ਸੀ। ਇਹ ਲੜਕੀਆਂ ਦਾ ਸਕੂਲ ਸੀ ਅਤੇ ਦੱਸਵੀਂ ਤੱਕ ਕਲਾਸਾਂ ਲੱਗਦੀਆਂ ਸਨ। 1956 ਵਿਚ ਮੈਂ ਅਤੇ ਮੇਰੀਆਂ ਦੋਵੇਂ ਵੱਡੀਆਂ ਭੈਣਾਂ ਨੇ ਇਕੱਠਿਆਂ ਦੱਸਵੀਂ ਪਾਸ ਕੀਤੀ।

ਸੇਵਕ ਜੱਥੇ ਸਕੂਲ ਵਿਚ ਉਸ ਸਮੇਂ ਇਕ ਗੁਰਦੁਆਰਾ ਵੀ ਸੀ, ਜੋ ਅਜੇ ਤੱਕ ਵੀ ਇਸੇ ਤਰ੍ਹਾਂ ਹੀ ਹੈ। ਇਹ ਸਕੂਲ ਛੇਵੀਂ ਕਲਾਸ ਤੱਕ ਹੀ ਸੀ। ਗੁਰਦੁਆਰਾ ਹਾਲ ਦੀ ਮੁਰਮੰਤ ਹੋ ਰਹੀ ਸੀ। ਪੰਜਵੀਂ ਕਲਾਸ ਵਿਚ ਦਾਖ਼ਲ ਹੋਣ ਵਾਲੇ ਸਾਰੇ ਬੱਚਿਆਂ ਨੂੰ ਗੁਰਦੁਆਰਾ ਹਾਲ ਵਿਚ ਇਕੱਠਾ ਕੀਤਾ ਗਿਆ। ਉਸ ਹਾਲ ਵਿਚ ਇੱਟਾਂ ਪਈਆਂ ਸਨ ਅਤੇ ਅਸੀਂ ਇੱਟਾਂ ਤੇ ਬੈਠੇ ਸੀ। ਮਾਸਟਰ ਜੀ ਨੇ ਸਾਰੇ ਬੱਚਿਆਂ ਨੂੰ ਕਾਗਜ਼ ਦਿੱਤੇ ਅਤੇ ਇੱਟ ਦਾ ਚਿੱਤਰ ਬਣਾਉਣ ਲਈ ਕਿਹਾ। ਜਿਹਨਾਂ ਬੱਚਿਆਂ ਨੇ ਚੰਗੀ ਤਰ੍ਹਾਂ ਚਾਰ ਕਲਾਸਾਂ ਕੀਤੀਆਂ ਸਨ, ਉਹਨਾਂ ਨੂੰ ਇੱਟ ਦਾ ਚਿੱਤਰ ਬਣਾਉਣਾ ਆਉਂਦਾ ਸੀ। ਮੇਰੇ ਨਾਲ ਇਕ ਹੋਰ ਬੱਚਾ ਸੀ, ਜਿਸ ਨੂੰ ਮੈਂ ਜਾਣਦਾ ਤਾਂ ਨਹੀਂ ਸੀ, ਨੇ ਇੱਟ ਦੀ ਸ਼ਕਲ ਬਣਾਈ ਹੋਈ ਸੀ। ਮੈਂ ਉਸ ਨੂੰ ਪੁਛਿਆ ਕਿ ਤੂੰ ਇੱਟ ਟੇਢੀ ਕਿਉਂ ਬਣਾਈ ਹੈ। ਉਸ ਨੇ ਮੈਨੂੰ ਪੁਛਿਆ,"ਤੈਨੂੰ ਇੱਟ ਨਹੀਂ ਬਣਾਉਣੀ ਆਉਂਦੀ?" ਜਿਹੜੇ

ਬੱਚਿਆਂ ਨੇ ਇੱਟ ਦਾ ਵਧੀਆ ਚਿੱਤਰ ਬਣਾਇਆ, ਉਹਨਾਂ ਨੂੰ ਡਰਾਇੰਗ ਵਿਸ਼ਾ ਦਿੱਤਾ ਗਿਆ।

ਕੁਝ ਬੱਚਿਆਂ ਤੋਂ ਇੱਟ ਦਾ ਚਿੱਤਰ ਨਹੀਂ ਸੀ ਬਣਿਆ, ਉਹਨਾਂ ਵਿਚ ਮੈਂ ਵੀ ਸ਼ਾਮਲ ਸੀ। ਸੇਵਕ ਜੱਥੇ ਸਕੂਲ ਦੇ ਖੱਬੇ ਪਾਸੀਂ ਇਕ ਕਮਰਾ ਸੀ, ਜਿਥੇ ਹੈੱਡ ਮਾਸਟਰ ਜੀ ਨੇ ਸਾਨੂੰ ਸੰਬੋਧਨ ਕੀਤਾ। ਉਹਨਾਂ ਦਾ ਨਾਮ ਸ੍ਰੀ ਗੋਪਾਲ ਕ੍ਰਿਸ਼ਨ ਕਪੂਰ ਸੀ। ਉਹ ਬਹੁਤ ਸੋਹਣੀ ਪੱਗ ਬੰਨ੍ਹਦੇ ਸਨ। ਉਹਨਾਂ ਨੇ ਸਾਨੂੰ ਕਿਹਾ ਕਿ ਜਿਹੜੇ ਬੱਚੇ ਡਰਾਇੰਗ ਨਹੀਂ ਲੈ ਸਕਦੇ ਉਹ ਸਿਵਿਕਸ ਵਿਸ਼ਾ ਲੈ ਸਕਦੇ ਹਨ। ਉਹਨਾਂ ਨੇ ਦੱਸਿਆ ਕਿ ਸਾਡੇ ਆਪਣੇ ਸਮਾਜ, ਪਰਿਵਾਰ ਪ੍ਰਤੀ ਕੀ ਫਰਜ਼ ਹਨ। ਮੈਨੂੰ ਮਾਸਟਰ ਜੀ ਦੀਆਂ ਗੱਲਾਂ ਬਹੁਤ ਚੰਗੀਆਂ ਲੱਗੀਆਂ ਸਨ ਅਤੇ ਮੈਂ ਸਿਵਿਕਸ ਵਿਸ਼ਾ ਰੱਖ ਲਿਆ।

ਸੇਵਕ ਜੱਥੇ ਸਕੂਲ ਦੀ ਇਮਾਰਤ ਛੋਟੀ ਹੋਣ ਕਰਕੇ ਜ਼ਿਆਦਾਤਰ ਕਲਾਸਾਂ ਸਾਹਮਣੇ ਵਾਲੇ ਪਾਰਕ ਵਿਚ ਹੀ ਲੱਗਦੀਆਂ ਸਨ। ਇਸ ਪਾਰਕ ਦਾ ਨਾਂ ਬਾਅਦ ਵਿਚ ਮਾਸਟਰ ਤਾਰਾ ਸਿੰਘ ਪਾਰਕ ਰੱਖਿਆ ਗਿਆ। ਮੈਂ ਸਾਰੀ ਕਲਾਸ ਵਿਚ ਸਭ ਤੋਂ ਛੋਟਾ ਬੱਚਾ ਸੀ। 90 ਪ੍ਰਤੀਸ਼ਤ ਬੱਚੇ ਪਾਕਿਸਤਾਨ ਤੋਂ ਆਏ ਰਿਫਊਜੀ ਪਰਿਵਾਰਾਂ ਦੇ ਸਨ। ਪੰਜਵੀਂ ਕਲਾਸ ਦੀ ਪੜ੍ਹਾਈ ਮੈਨੂੰ ਸਮਝ ਨਹੀਂ ਆਉਂਦੀ ਸੀ। ਇਕ ਦਿਨ ਮੈਂ ਪਿਤਾ ਜੀ ਨੂੰ ਕਿਹਾ ਕਿ ਮੈਨੂੰ ਪਿਛਲੀ ਕਲਾਸ ਵਿਚ ਕਰਵਾ ਦਿਓ। ਪਿਤਾ ਜੀ ਹੱਸ ਕੇ ਕਹਿਣ ਲੱਗੇ, “ਤੂੰ ਫੌਜੀ ਦਾ ਪੁੱਤਰ ਹੈਂ, ਤੂੰ ਅੱਗੇ ਵੱਲ ਵੱਧਣਾ ਹੈ ਜਾਂ ਪਿਛੇ ਹੱਟਣਾ ਹੈ।” ਖੈਰ ਮੈਂ ਚੁੱਪ ਕਰ ਗਿਆ। ਇੱਕ ਦਿਨ ਕੁਝ ਬੱਚੇ ਆਪਸ ਵਿਚ ਗੱਲਾਂ ਕਰ ਰਹੇ ਸਨ ਅਤੇ ਇਕ ਦੂਜੇ ਦੇ ਪਿਤਾ ਦੇ ਕੰਮ-ਕਾਰ ਬਾਰੇ ਪੁੱਛ ਰਹੇ ਸਨ। ਇਕ ਬੱਚੇ ਨੇ ਦੂਜੇ ਬੱਚੇ ਨੂੰ ਪੁਛਿਆ,“ ਤੇਰੇ ਪਿਤਾ ਜੀ ਕੀ ਕਰਦੇ ਹਨ। ਬੱਚੇ ਨੇ ਜਵਾਬ ਦਿੱਤਾ ਕਿ ਉਸ ਦੇ ਪਿਤਾ ਜੀ ਸਾਈਕਲ ਟਾਇਰ ਦੇ ਪੰਚਰ ਲਗਾਉਂਦੇ ਹਨ।” ਪੁੱਛਣ ਤੇ ਦੂਜਾ ਬੱਚਾ ਕਹਿਣ ਲੱਗਾ ਕਿ ਮੇਰੇ ਪਿਤਾ ਜੀ ਕਬਾੜੀ ਦਾ ਕੰਮ ਕਰਦੇ ਹਨ। ਬੱਚਿਆਂ ਦੇ ਪੁੱਛਣ ਤੇ ਮੈਂ ਦੱਸਿਆ ਕਿ ਮੇਰੇ ਪਿਤਾ ਜੀ ਫੌਜ ਵਿਚੋਂ ਮੇਜਰ ਰਿਟਾਇਰ ਹਨ ਅਤੇ ਪੈਨਸ਼ਨ ਲੈ ਰਹੇ ਹਨ। ਇਹ ਦੋਨੋਂ ਬੱਚੇ ਕਹਿਣ ਲੱਗੇ ਕਿ ਅਸੀ ਤਾਂ ਪਾਕਿਸਤਾਨ ਤੋਂ ਉੱਜੜ ਕੇ ਇਥੇ ਆਏ ਹਾਂ ਅਤੇ ਦੁੱਖ ਤਕਲੀਫਾਂ ਵਿਚੋਂ ਲੰਘ ਰਹੇ ਹਾਂ। ਤੇਰੇ ਪਿਤਾ ਜੀ ਤਾਂ ਇੰਨੇ ਵੱਡੇ ਅਫ਼ਸਰ ਹਨ, ਤੈਨੂੰ ਤਾਂ ਵਾਈ.ਪੀ.ਐੱਸ. ਸਕੂਲ ਜਾਣਾ ਚਾਹੀਦਾ ਹੈ। ਮੈਂ ਘਰ ਆ ਕੇ ਪਿਤਾ ਜੀ ਨੂੰ ਸਾਰੀ ਗੱਲ ਦੱਸੀ ਅਤੇ ਵਾਈ.ਪੀ.ਐੱਸ. ਸਕੂਲ ਵਿਚ ਪੜ੍ਹਨ ਬਾਰੇ ਕਿਹਾ। ਪਿਤਾ ਜੀ ਕਹਿਣ ਲੱਗੇ ਕਿ ਇਕ ਦੋ ਬੱਚੇ ਹੁੰਦੇ ਤਾਂ ਸ਼ਾਇਦ ਮੈਂ ਤੈਨੂੰ ਵਾਈ.ਪੀ.ਐੱਸ. ਭੇਜ ਸਕਦਾ। ਹੁਣ ਤੁਸੀਂ ਇੰਨੇ ਭੈਣ ਭਰਾ ਹੋ, ਮੈਂ ਤਾਂ ਦਰਮਿਆਨੇ ਸਕੂਲ ਵਿਚ ਹੀ ਭੇਜ ਸਕਦਾ ਹਾਂ।

ਇਸ ਸਕੂਲ ਵਿਚ ਬੱਚਿਆਂ ਨੂੰ ਕੁੱਟਣ ਦਾ ਬਹੁਤ ਰਿਵਾਜ ਸੀ। ਇਕ

ਪਤਲਾ ਜਿਹਾ ਮਾਸਟਰ ਜਿਸ ਦਾ ਨਾਂ ਜੈ ਸਿੰਘ ਸੀ, ਆਪਣੀ ਕਲਾਸ ਦੇ ਵਿਦਿਆਰਥੀਆਂ ਨੂੰ ਬਹੁਤ ਕੁੱਟਦਾ ਸੀ। ਮੈਂ ਪੜ੍ਹਾਈ ਵਿਚ ਜ਼ਿਆਦਾ ਹੁਸ਼ਿਆਰ ਨਹੀਂ ਸੀ। ਪਰ ਸੁਭਾਅ ਦਾ ਸਾਊ ਹੋਣ ਕਰਕੇ ਅਤੇ ਸ਼ਾਇਦ ਪਿਤਾ ਜੀ ਦੇ ਅਫ਼ਸਰ ਹੋਣ ਕਰਕੇ ਕਿਸੇ ਮਾਸਟਰ ਨੇ ਮੈਨੂੰ ਕਦੇ ਨਹੀਂ ਕੁੱਟਿਆ।

ਉਹਨਾਂ ਦਿਨਾਂ ਵਿਚ ਪੈੱਨ ਬਹੁਤ ਮਹਿੰਗੇ ਹੁੰਦੇ ਸਨ। ਉਸ ਸਮੇਂ ਭਾਰਤ ਵਿਚ ਪੈੱਨ ਨਹੀਂ ਬਣਦੇ ਸਨ, ਇਸ ਲਈ ਪੈੱਨ ਇੰਗਲੈਂਡ ਤੋਂ ਭਾਰਤ ਆਯਾਤ ਹੁੰਦੇ ਸਨ। ਪੈੱਨ ਦੀ ਕੀਮਤ ਤਕਰੀਬਨ ਚਾਰ ਪੰਜ ਰੁਪਏ ਤੋਂ ਸ਼ੁਰੂ ਹੁੰਦੀ ਸੀ। ਇਕ ਦਿਨ ਸਾਨੂੰ ਛੁੱਟੀ ਹੋਈ ਤਾਂ ਪਾਰਕ ਵਿਚਾਲੇ ਇਕ ਗਰੀਬੜਾ ਜਿਹਾ ਬੰਦਾ ਖੜ੍ਹਾ ਸੀ, ਜਿਸ ਦੇ ਹੱਥ ਵਿਚ ਚਿੱਟੇ ਰੰਗ ਦੇ ਪੈੱਨ ਸਨ। ਉਸ ਵਿਚ ਟਿਊਬ ਦੀ ਜਗ੍ਹਾ ਸਿੱਧੀ ਸਿਆਹੀ ਪਾਈ ਜਾਂਦੀ ਸੀ। ਇਸ ਪੈੱਨ ਦੀ ਕੀਮਤ 12 ਆਨੇ ਸੀ। ਮੈਨੂੰ ਇਹ ਕੀਮਤ ਬਹੁਤ ਘੱਟ ਲੱਗੀ। ਮੈਂ ਅੱਧੀ ਛੁੱਟੀ ਵਿਚ ਭੱਜ ਕੇ ਆਪਣੇ ਘਰ ਆਇਆ। ਮੈਨੂੰ ਯਾਦ ਹੈ ਕਿ ਮੈਨੂੰ ਸਾਹ ਚੜ੍ਹਿਆ ਹੋਇਆ ਸੀ ਤੇ ਮੈਂ ਬਹੁਤ ਉਤਸੁਕਤਾ ਨਾਲ ਪਿਤਾ ਜੀ ਤੋਂ 12 ਆਨੇ ਮੰਗੇ ਅਤੇ ਇਹ ਪੈੱਨ ਖ਼ਰੀਦਿਆ। ਦੋ ਦਿਨਾਂ ਬਾਅਦ ਹੀ ਪੈੱਨ ਦੀ ਸਿਆਹੀ ਲੀਕ ਹੋਣ ਲੱਗੀ। ਮੇਰੇ ਹੱਥ ਅਤੇ ਕੱਪੜੇ ਸਿਆਹੀ ਨਾਲ ਭਰ ਗਏ।

ਮੈਂ ਅਪ੍ਰੈਲ 1950 ਤੋਂ ਅਪ੍ਰੈਲ 1952 ਤੱਕ ਸੇਵਕ ਜੱਥੇ ਸਕੂਲ ਵਿਚ ਪੜ੍ਹਿਆ। ਪੰਜਵੀਂ ਕਲਾਸ ਵਿਚ ਇਕ ਹੋਰ ਬੱਚਾ ਸੀ ਜੋ ਸਾਰੇ ਬੱਚਿਆਂ ਨਾਲੋਂ ਵੱਡਾ ਅਤੇ ਧੱਕੜ ਸੀ। ਉਸ ਦਾ ਨਾਮ ਭਾਗ ਸਿੰਘ ਸੀ। ਸਾਰੇ ਬੱਚੇ ਤੱਪੜ 'ਤੇ ਬੈਠਦੇ ਸਨ। ਉਸ ਸਮੇਂ ਕਲਮ ਨੂੰ ਦਵਾਤ ਵਿਚ ਡੋਬ ਕੇ ਲਿਖਿਆ ਜਾਂਦਾ ਸੀ। ਉਹਨਾਂ ਦਿਨਾਂ ਵਿਚ ਇਕ ਲੋਹੇ ਦੀ ਦਵਾਤ ਚੱਲ ਪਈ, ਜਿਸ ਨੂੰ ਚੋਰ ਦਵਾਤ ਕਹਿੰਦੇ ਸੀ। ਉਸ ਦੀ ਬਣਤਰ ਇਸ ਪ੍ਰਕਾਰ ਸੀ ਕਿ ਦਵਾਤ ਨੂੰ ਖੱਬੇ ਸੱਜੇ ਕੀਤਿਆਂ ਵੀ ਸਿਆਹੀ ਦਵਾਤ ਵਿਚੋਂ ਨਹੀਂ ਡੁੱਲ੍ਹਦੀ ਸੀ। ਇਕ ਦਿਨ ਮੇਰੀ ਦਵਾਤ ਵਿਚੋਂ ਸਿਆਹੀ ਖਤਮ ਹੋ ਗਈ। ਮੈਂ ਆਪਣੇ ਨਾਲ ਬੈਠੇ ਜਮਾਤੀ ਭਾਗ ਸਿੰਘ ਤੋਂ ਕਲਮ ਲਈ ਸਿਆਹੀ ਦਾ ਇਕ ਡੋਬਾ ਮੰਗਿਆ। ਉਹ ਕਹਿਣ ਲੱਗਾ ਇਕ ਡੋਬੇ ਦੀ ਫ਼ੀਸ ਇਕ ਪੈਸਾ ਹੋਵੇਗੀ। ਦੋ ਆਨੇ ਦਾ ਹਿਸਾਬ ਤਾਂ ਉਸੇ ਦਿਨ ਦਾ ਹੀ ਬਣ ਗਿਆ। ਨਵੇਂ ਪੈਸੇ ਦੇ ਹਿਸਾਬ ਨਾਲ 12 ਪੈਸੇ ਬਣਦੇ ਸਨ। ਮੈਂ ਸ਼ਰਮੀਲੇ ਸੁਭਾਅ ਦਾ ਬੱਚਾ ਸੀ ਅਤੇ ਮਾਪਿਆਂ ਤੋਂ ਦੋ ਆਨੇ ਵੀ ਨਾ ਮੰਗ ਸਕਿਆ। ਅਗਲੇ ਦਿਨ ਮੈਂ ਸਕੂਲ ਗਿਆ। ਸਕੂਲ ਜਾਣ ਤੇ ਮੇਰੇ ਜਮਾਤੀ ਭਾਗ ਸਿੰਘ ਨੇ ਆਪਣੇ ਦੋ ਆਨੇ ਮੰਗੇ। ਦੋ ਆਨੇ ਨਾ ਮਿਲਣ 'ਤੇ ਉਸ ਨੇ ਦੋ ਆਨੇ ਤੇ ਹੋਰ ਵਿਆਜ ਲਗਾ ਦਿੱਤਾ। ਕੁਝ ਦਿਨਾਂ ਵਿਚ ਇਹ ਹਿਸਾਬ ਵੱਧਦਾ ਵੱਧਦਾ ਛੇ ਆਨੇ ਬਣ ਗਿਆ। ਮੇਰੇ ਮਾਤਾ ਜੀ ਅਕਸਰ ਪੈਸੇ ਇਧਰ-ਉਧਰ ਰੱਖ ਕੇ ਭੁੱਲ ਜਾਂਦੇ ਸਨ। ਇਕ ਦਿਨ ਉਹਨਾਂ ਨੇ ਇਕ ਰੁਪਿਆ ਕਿਸੇ ਥਾਂ 'ਤੇ ਰੱਖ ਦਿੱਤਾ। ਮੈਂ ਉਹ ਰੁਪਈਆ ਚੁੱਕ ਲਿਆ ਅਤੇ ਭਾਗ ਸਿੰਘ ਦਾ ਹਿਸਾਬ ਨਿਬੇੜ ਦਿੱਤਾ। ਜੋ ਪੈਸੇ ਬਚੇ, ਉਹ ਹੌਲੀ-ਹੌਲੀ

ਖ਼ਰਚ ਕਰ ਲਏ। ਇਸ ਤੋਂ ਬਾਅਦ ਇਕ ਹੋਰ ਦਿਨ ਮੇਰੀ ਮਾਤਾ ਜੀ ਨੇ ਪੰਜ ਰੁਪਏ ਰੱਖੇ ਤੇ ਮੈਂ ਉਹ ਵੀ ਚੁੱਕ ਲਏ। ਥੋੜ੍ਹੇ ਜਿਹੇ ਪੈਸੇ ਖ਼ਰਚ ਕਰਕੇ ਮੈਂ ਬਾਕੀ ਦੇ ਪੈਸੇ ਕੱਚ ਦੇ ਮਰਤਬਾਨਾਂ ਵਿਚ ਰੱਖ ਦਿੱਤੇ। ਅਗਲੇ ਦਿਨ ਹੀ ਮਾਤਾ ਜੀ ਰੱਖੇ ਹੋਏ ਪੰਜ ਰੁਪਏ ਲੱਭਣ ਲੱਗੇ। ਚੋਰ ਦਾ ਮੂੰਹ ਬਾਕੀ ਲੋਕਾਂ ਨਾਲੋਂ ਵੱਖਰਾ ਹੁੰਦਾ ਹੈ। ਮੇਰਾ ਸਹਿਮਿਆ ਹੋਇਆ ਚਿਹਰਾ ਦੇਖ ਕੇ ਮਾਤਾ ਜੀ ਨੇ ਮੈਨੂੰ ਪੁਛਿਆ, "ਪੈਸੇ ਤੂੰ ਚੁੱਕੇ ਹਨ?" ਮੈਂ ਹਾਂ ਕਹਿ ਦਿੱਤੀ। ਮੈਂ ਇਕ ਇਕ ਰੁਪਈਆ ਸਾਰੇ ਮਰਤਬਾਨਾਂ ਵਿਚੋਂ ਕੱਢ ਕੇ ਮਾਤਾ ਜੀ ਨੂੰ ਦੇ ਦਿੱਤਾ। ਮਾਤਾ ਜੀ ਨੇ ਕਿਹਾ ਕਿ ਜੇ ਤੈਨੂੰ ਪੈਸੇ ਚਾਹੀਦੇ ਸੀ ਤਾਂ ਸਾਥੋਂ ਮੰਗ ਲੈਂਦਾ। ਇਸ ਤੋਂ ਬਾਅਦ ਰੱਬ ਦੀ ਐਸੀ ਕਿਰਪਾ ਹੋਈ ਕਿ ਮੈਂ ਦੁਬਾਰਾ ਕਦੇ ਘਰੋਂ ਪੈਸੇ ਨਹੀਂ ਚੁੱਕੇ ਤੇ ਮੇਰੀ ਸੰਗ ਵੀ ਖਤਮ ਹੋ ਗਈ। ਜੇਕਰ ਮੈਨੂੰ ਪੈਸੇ ਦੀ ਲੋੜ ਹੁੰਦੀ ਤਾਂ ਮੈਂ ਮਾਤਾ ਪਿਤਾ ਤੋਂ ਮੰਗ ਲੈਂਦਾ ਸੀ।

ਇਸ ਸਾਰੀ ਗੱਲ ਤੋਂ ਮੈਂ ਇਹ ਸਿਖਿਆ ਕਿ ਬੱਚੇ ਨੂੰ ਕੁਝ ਜੇਬ ਖ਼ਰਚ ਵੀ ਦੇਣਾ ਚਾਹੀਦਾ ਹੈ। ਸਾਡੇ ਘਰ ਵਿਚ ਜੇਬ ਖ਼ਰਚ ਦੇਣ ਦਾ ਰਿਵਾਜ ਨਹੀਂ ਸੀ।

ਮਾਂ ਬਾਪ ਨੂੰ ਬੱਚੇ ਦੇ ਅਧਿਆਪਕਾਂ ਨਾਲ ਸੰਪਰਕ ਬਣਾ ਕੇ ਰੱਖਣਾ ਚਾਹੀਦਾ ਹੈ। ਜੇ ਮੇਰੇ ਪਿਤਾ ਵੀ ਅਜਿਹਾ ਕਰਦੇ ਰਹਿੰਦੇ ਅਤੇ ਅਧਿਆਪਕਾਂ ਨਾਲ ਮੇਲ-ਜੋਲ ਰੱਖਦੇ ਤਾਂ ਉਹ ਮੇਰੀ ਰੱਖਿਆ ਕਰ ਸਕਦੇ ਸੀ ਅਤੇ ਭਾਗ ਸਿੰਘ ਵਰਗੇ ਵਡੇਰੀ ਉਮਰ ਦੇ ਤੱਕੜੇ ਬੱਚੇ ਦੀ ਤਸ਼ਦੱਦ ਤੋਂ ਮੈਨੂੰ ਬਚਾ ਸਕਦੇ ਸੀ। ਜਦੋਂ ਅਸੀਂ ਆਪਣੇ ਬੱਚੇ ਵਾਈ.ਪੀ.ਐੱਸ. ਸਕੂਲ, ਪਟਿਆਲਾ ਵਿਚ ਪੜ੍ਹਾਏ ਤਾਂ ਅਸੀਂ ਸਾਰੇ ਅਧਿਆਪਕਾਂ ਨਾਲ ਬੱਚਿਆਂ ਬਾਰੇ ਗੱਲਾਂ ਕਰਦੇ ਰਹਿੰਦੇ ਸੀ।

ਇਕ ਹੋਰ ਗੱਲ ਜੋ ਮਾਂ ਬਾਪ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਬੱਚਿਆਂ ਦੇ ਦੋਸਤ ਕੌਣ ਹਨ। ਇਹ ਬਹੁਤ ਵੱਡੀ ਗੱਲ ਹੈ। ਜੇ ਬੱਚਿਆਂ ਦੇ ਦੋਸਤ ਬੇਪਰਵਾਹ ਹੋਣਗੇ ਤਾਂ ਉਸ ਦਾ ਬੁਰਾ ਅਸਰ ਤੁਹਾਡੇ ਬੱਚਿਆਂ 'ਤੇ ਪੈਣਾ ਸੁਭਾਵਿਕ ਹੈ। ਸਾਡਾ ਘਰ ਲਾਲ ਬਾਗ ਪਟਿਆਲਾ ਵਿਚ ਵਾਈ.ਪੀ.ਐੱਸ ਦੀ ਕੰਧ ਨਾਲ ਲੱਗਦਾ ਸੀ। ਅਸੀਂ ਬੱਚਿਆਂ ਦੇ ਦੋਸਤਾਂ ਅਤੇ ਉਹਨਾਂ ਦੇ ਮਾਪਿਆਂ ਨੂੰ ਵੀ ਜਾਣਦੇ ਸੀ। ਵੱਡੇ ਜ਼ਿਮੀਂਦਾਰਾਂ ਦੇ ਬੱਚੇ ਜ਼ਿਆਦਾ ਤਰੱਕੀ ਆਦਿਕ ਦੇ ਚਾਹਵਾਨ ਨਹੀਂ ਸਨ, ਕਿਉਂਕਿ ਉਹਨਾਂ ਨੇ ਤਾਂ ਆਪਣੇ ਪਿਓ ਦਾਦੇ ਦੀ ਦਿੱਤੀ ਹੋਈ ਜ਼ਮੀਨ ਹੀ ਸੰਭਾਲਣੀ ਸੀ। ਮੈਂ ਕਈ ਵੱਡੇ ਜ਼ਿਮੀਂਦਾਰ ਰਿਸ਼ਤੇਦਾਰਾਂ ਨੂੰ ਕਹਿੰਦੇ ਸੁਣਿਆ ਹੈ, "ਅਸੀਂ ਤਾਂ ਬੱਚੇ ਨੂੰ ਜਵਾਨ ਹੋਣ ਲਈ ਹੀ ਸਕੂਲ ਭੇਜ ਰਹੇ ਹਾਂ।" ਅਸੀਂ ਆਪਣੇ ਬੱਚਿਆਂ ਨੂੰ ਵਪਾਰ ਜਾਂ ਨੌਕਰੀ ਆਦਿਕ ਲਈ ਤਿਆਰ ਕਰ ਰਹੇ ਸੀ, ਇਸ ਕਰਕੇ ਅਸੀਂ ਚਾਹੁੰਦੇ ਸੀ ਕਿ ਸਾਡੇ ਬੱਚੇ ਉਹਨਾਂ ਬੱਚਿਆਂ ਨਾਲ ਦੋਸਤੀ ਪਾਉਣ ਜਿਹਨਾਂ ਨੇ ਜੀਵਨ ਵਿਚ ਕੋਈ ਕਾਰੋਬਾਰ ਜਾਂ ਨੌਕਰੀ ਆਦਿਕ ਕਰਨੀ ਹੈ।

ਅਪ੍ਰੈਲ 1952 ਵਿਚ ਸੱਤਵੀਂ ਜਮਾਤ ਵਿਚ ਮੈਂ ਬੀ.ਐੱਨ.ਖਾਲਸਾ ਸਕੂਲ

ਜਾਣ ਲੱਗਾ, ਜੋ ਕਿ ਪਟਿਆਲਾ ਰੇਲਵੇ ਸਟੇਸ਼ਨ ਦੇ ਨੇੜੇ ਹੁਣ ਵੀ ਸਥਿਤ ਹੈ। ਇਹ ਸਕੂਲ ਸ. ਦੇਵਾ ਸਿੰਘ ਯਤੀਮ ਖਾਨਾ ਦੀ ਜਗ੍ਹਾ ਤੇ ਬਣਿਆ ਹੋਇਆ ਹੈ। ਉਸ ਵੇਲੇ ਮੌਜੂਦਾ ਬੱਸ ਸਟੈਂਡ ਨਹੀਂ ਹੁੰਦਾ ਸੀ। ਇਸ ਜਗ੍ਹਾ ਤੇ ਉਸ ਸਮੇਂ ਇਕ ਛੋਟੀ ਜਿਹੀ ਨਹਿਰ ਚੱਲਦੀ ਹੁੰਦੀ ਸੀ। ਉਸ ਸਮੇਂ ਪਟਿਆਲਾ ਸ਼ਹਿਰ ਦੇ ਕਈ ਅਲੱਗ-ਅਲੱਗ ਇਲਾਕਿਆਂ ਵਿਚ ਛੋਟੇ ਛੋਟੇ ਬੱਸ ਸਟੈਂਡ ਸਨ। ਜਿਵੇਂ ਬਹੇੜਾ ਰੋਡ ਤੋਂ ਸੁਨਾਮ ਅਤੇ ਸਮਾਣਾ ਲਈ ਬੱਸਾਂ ਚੱਲਦੀਆਂ ਸਨ। ਤੋਪਖਾਨਾ ਗੇਟ ਤੋਂ ਚੈਲ ਲਈ ਬੱਸ ਜਾਂਦੀ ਸੀ।

ਖਾਲਸਾ ਸਕੂਲ ਵਿਚ ਉਸ ਵੇਲੇ ਸ. ਨਾਨਕ ਸਿੰਘ ਹੈੱਡ ਮਾਸਟਰ ਸੀ। ਉਹ ਸਰਦੀਆਂ ਵਿਚ ਹਮੇਸ਼ਾਂ ਹੀ ਤਿੰਨ ਪੀਸ ਸੂਟ ਪਾਉਂਦੇ ਸਨ। ਉਹਨਾਂ ਦਾ ਸਾਈਕਲ ਰੈਲੇ ਕੰਪਨੀ ਦਾ ਸੀ, ਜੋ ਕਿ ਬਹੁਤ ਸਾਫ਼ ਹੁੰਦਾ ਸੀ। ਸਾਈਕਲ ਦਾ ਡਬਲ ਚੇਨ ਕਵਰ ਸੀ ਅਤੇ ਉਸ ਜ਼ਮਾਨੇ ਅਨੁਸਾਰ ਬਹੁਤ ਵਧੀਆ ਘੰਟੀ ਲਗਾਈ ਹੋਈ ਸੀ। ਦਫ਼ਤਰ ਸਾਹਮਣੇ ਸਾਈਕਲ ਖੜ੍ਹਾਉਣ ਤੇ ਵਿਸਾਖਾ ਸਿੰਘ ਜੋ ਕਿ ਬਜ਼ੁਰਗ ਚਪੜਾਸੀ ਸੀ, ਕੱਪੜੇ ਨਾਲ ਉਹਨਾਂ ਦਾ ਸਾਈਕਲ ਸਾਫ਼ ਕਰਦਾ ਸੀ। ਸਕੂਲ ਦੇ ਇਕ ਪਾਸੇ ਮਾਲ ਰੋਡ ਸੀ ਅਤੇ ਦੂਜੇ ਪਾਸੇ ਜੋ ਹੁਣ ਬੱਸ ਸਟੈਂਡ ਹੈ ਇਹ ਖਾਲੀ ਜਗ੍ਹਾ ਸੀ। ਸਕੂਲ ਦੇ ਤੀਜੇ ਪਾਸੇ ਵੀ ਖਾਲੀ ਮੈਦਾਨ ਸੀ, ਜਿਥੇ ਬਾਅਦ ਵਿਚ ਟਾਟਾ ਮੋਟਰਜ਼ ਕੰਪਨੀ ਨੇ ਆਪਣੀ ਵਰਕਸ਼ਾਪ ਬਣਾਈ। ਟਾਟਾ ਮੋਟਰਜ਼ ਵਾਲੀ ਜਗ੍ਹਾ ਤਕਰੀਬਨ ਦੋ ਏਕੜ ਸੀ, ਜਿਸ ਵਿਚ ਖਜੂਰ ਦੇ ਦਰਖ਼ਤ ਲੱਗੇ ਹੋਏ ਸਨ। ਉਸ ਵੇਲੇ ਬੀ.ਐੱਨ. ਖਾਲਸਾ ਸਕੂਲ ਵਿਚ ਵੀ ਬੱਚਿਆਂ ਨੂੰ ਕੁੱਟਣ ਦਾ ਬਹੁਤ ਰਿਵਾਜ ਸੀ ਅਤੇ ਸਾਡੇ ਹੈੱਡ ਮਾਸਟਰ ਨਾਨਕ ਸਿੰਘ ਵੀ ਬੱਚਿਆਂ ਨੂੰ ਬਹੁਤ ਕੁੱਟਦੇ ਸਨ। ਸ. ਨਾਨਕ ਸਿੰਘ, ਵਿਸਾਖਾ ਸਿੰਘ ਚਪੜਾਸੀ ਨੂੰ ਕਹਿ ਕੇ ਖਜੂਰ ਦੀ ਛਟੀ ਮੰਗਵਾਉਂਦੇ ਅਤੇ ਉਸ ਨਾਲ ਬੱਚਿਆਂ ਨੂੰ ਕੁੱਟਦੇ ਸੀ। ਮੈਂ ਕੇਵਲ ਇਕ ਵਾਰ ਹੀ ਨਾਨਕ ਸਿੰਘ ਤੋਂ ਕੁੱਟ ਖਾਧੀ ਹੈ। ਇਕ ਦਿਨ ਪਤਾ ਨਹੀਂ ਕੀ ਹੋਇਆ ਕਿ ਸਾਰੇ ਸਕੂਲ ਦੇ ਬੱਚਿਆਂ ਨੂੰ ਇੱਕ ਲਾਈਨ ਵਿਚ ਖੜ੍ਹਾ ਕਰ ਦਿੱਤਾ ਅਤੇ ਸਭ ਦੇ ਚਾਰ ਚਾਰ ਡੰਡੇ ਲਗਾਏ। ਮੈਂ ਕਦੇ ਮਾਰ ਨਹੀਂ ਖਾਧੀ ਸੀ, ਜਦੋਂ ਮੇਰੀ ਵਾਰੀ ਆਈ ਤਾਂ ਮੈਂ ਹੱਥ ਪਿੱਛੇ ਖਿੱਚ ਲਿਆ। ਛਟੀ ਨਾਨਕ ਸਿੰਘ ਦੇ ਗੋਡੇ ਤੇ ਜਾ ਲੱਗੀ। ਉਸ ਤੋਂ ਬਾਅਦ ਪਤਾ ਨਹੀਂ ਮੇਰੇ ਕਿੰਨੇ ਕੁ ਡੰਡੇ ਪਏ। ਇਕ ਡੰਡਾ ਹੁਣ ਵੀ ਮੇਰੇ ਸੱਜੇ ਹੱਥ ਦੇ ਅੰਗੂਠੇ ਦੇ ਅੰਦਰਲੇ ਪਾਸੇ ਦਿੱਸਦਾ ਹੈ, ਜੋ ਕਿ ਅਜੇ ਤੱਕ ਖਾਲਸਾ ਸਕੂਲ ਦੀ ਨਿਸ਼ਾਨੀ ਹੈ।

ਇਕ ਹੋਰ ਅੰਗਰੇਜ਼ੀ ਦੇ ਅਧਿਆਪਕ ਗਿਆਨੀ ਬਚਨ ਸਿੰਘ ਸਨ। ਗਿਆਨ ਤਾਂ ਪਤਾ ਨਹੀਂ ਕਿੰਨਾ ਕੁ ਸੀ, ਪਰ ਬੱਚਿਆਂ ਨੂੰ ਕੁੱਟਣ ਦਾ ਉਹਨਾਂ ਨੂੰ ਵੀ ਪੂਰਾ ਸ਼ੌਕ ਸੀ। ਮੈਨੂੰ ਇਸ ਸਕੂਲ ਵਿਚ ਅੰਗਰੇਜ਼ੀ ਅਤੇ ਸਿਵਿਕਸ ਕਾਫ਼ੀ ਸਮਝ ਆਉਣ ਲੱਗ ਪਈ। ਮੇਰੇ ਕੋਲ ਸਾਇੰਸ ਦਾ ਵਿਸ਼ਾ ਨਹੀਂ ਸੀ ਅਤੇ ਹਿਸਾਬ ਵਿਚ ਮੈਂ ਬਹੁਤ ਕਮਜ਼ੋਰ ਸੀ।

ਇੱਕ ਹੋਰ ਅਧਿਆਤਮਕ ਵਾਕਿਆ ਹੋਇਆ। ਇਕ ਸੁਘੜ ਸਿਆਣਾ ਅਤੇ ਦਰਮਿਆਨੀ ਉਮਰ ਦਾ ਵਿਅਕਤੀ ਸੀ, ਜੋ ਕਿ ਸਕੂਲ ਵਿਚ ਫੇਰੀ ਲਗਾ ਰਿਹਾ ਸੀ। ਮੈਨੂੰ ਇਉਂ ਲੱਗਿਆ ਕਿ ਮੈਂ ਇਸ ਵਿਅਕਤੀ ਨੂੰ ਜਾਣਦਾ ਹਾਂ, ਅਤੇ ਇਸ ਦਾ ਨਾਂ ਗਿਆਨੀ ਕਰਤਾਰ ਸਿੰਘ ਹੈ। ਉਹ ਸਾਡੀ ਕਲਾਸ ਨੂੰ ਦੋ ਤਿੰਨ ਦਿਨਾਂ ਬਾਅਦ ਪੜ੍ਹਾਉਣ ਲੱਗੇ। ਉਹਨਾਂ ਨੇ ਕਿਹਾ ਕਿ ਮੇਰਾ ਨਾਂ ਗਿਆਨੀ ਕਰਤਾਰ ਸਿੰਘ ਹੈ। ਮੈਂ ਤੁਹਾਨੂੰ ਪੰਜਾਬੀ ਅਤੇ ਧਾਰਮਿਕ ਵਿੱਦਿਆ ਪੜ੍ਹਾਵਾਂਗਾ। ਗਿਆਨੀ ਕਰਤਾਰ ਸਿੰਘ ਕਾਫ਼ੀ ਨੇਕ ਇਨਸਾਨ ਸੀ। ਸੱਤਵੀਂ ਕਲਾਸ ਪਾਸ ਕਰਕੇ ਅਪ੍ਰੈਲ 1953 ਵਿਚ ਮੈਂ ਅੱਠਵੀਂ ਵਿਚ ਹੋ ਗਿਆ। ਉਹਨਾਂ ਦਿਨਾਂ ਵਿਚ ਅਪ੍ਰੈਲ ਮਹੀਨੇ ਤੋਂ ਬਾਅਦ ਵਿਦਿਆਰਥੀਆਂ ਨੂੰ ਦੋ ਮਹੀਨੇ ਦੀਆਂ ਛੁੱਟੀਆਂ ਹੁੰਦੀਆਂ ਸਨ। ਬੱਚਿਆਂ ਨੂੰ ਘਰੋਂ ਕੰਮ ਕਰਨ ਲਈ ਮਿਲਦਾ ਸੀ, ਜੋ ਕਿ ਛੁੱਟੀਆਂ ਖਤਮ ਹੋਣ ਤੇ ਸਕੂਲ ਵਿਚ ਚੈੱਕ ਕਰਵਾਉਣਾ ਹੁੰਦਾ ਸੀ।

1953 ਵਿਚ ਮੇਰੇ ਪਿਤਾ ਜੀ ਪਰਿਵਾਰ ਸਮੇਤ ਦੁਗਾਲ ਜਾਣ ਲਈ ਯੋਜਨਾ ਬਣਾਉਣ ਲੱਗੇ। ਸਾਡਾ ਜੱਦੀ ਪਿੰਡ ਦੁਗਾਲ ਮਹਾਰਾਜਾ ਆਲ੍ਹਾ ਸਿੰਘ ਦੇ ਸਹੁਰੇ ਸਨ ਅਤੇ ਇਸ ਪਰਿਵਾਰ ਕੋਲ ਦੁਗਾਲ ਤੋਂ ਇਲਾਵਾ ਗਿਆਰਾਂ ਪਿੰਡ ਹੋਰ ਸਨ। 1950 ਤੋਂ 1952 ਤੱਕ ਇਕ ਲਾਲ ਪਾਰਟੀ ਲਹਿਰ ਚੱਲੀ, ਜੋ ਵੱਡੇ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਲੈ ਕੇ ਮੁਜਾਰਿਆਂ ਨੂੰ ਕਬਜ਼ੇ ਕਰਵਾਉਂਦੇ ਸੀ। ਸਾਡੀ ਜ਼ਮੀਨ ਉਤੇ ਵੀ ਇਹੋ ਜਿਹੀ ਕੋਸ਼ਿਸ਼ ਹੋਈ। ਸਾਡਾ ਮੁਜਾਰਾ, ਜਗਤਾ ਰਾਮ ਬਹੁਤ ਨੇਕ ਦਿਲ ਇਨਸਾਨ ਸੀ। ਉਸ ਨੇ ਮੇਰੇ ਪਿਤਾ ਜੀ ਨੂੰ ਪਿੰਡ ਆ ਕੇ ਜ਼ਮੀਨ ਸੰਭਾਲਣ ਲਈ ਕਿਹਾ। ਦੂਜੇ ਪਾਸੇ ਸਾਡੇ ਪਿੰਡ ਅੱਠਵੀਂ ਦਾ ਸਕੂਲ ਖੁੱਲ੍ਹ ਚੁੱਕਾ ਸੀ। ਜੁਲਾਈ 1953 ਦੇ ਪਹਿਲੇ ਹਫ਼ਤੇ ਅਸੀਂ ਆਪਣੇ ਜੱਦੀ ਪਿੰਡ ਦੁਗਾਲ ਚੱਲੇ ਗਏ। ਮੈਨੂੰ ਅਤੇ ਦੋਨੋਂ ਵੱਡੀਆਂ ਭੈਣਾਂ ਜਸਵਿੰਦਰ ਅਤੇ ਰਾਜਿੰਦਰ ਨੂੰ ਦੁਗਾਲ ਸਕੂਲ ਵਿਖੇ ਅੱਠਵੀਂ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਅਸੀਂ ਕਲਾਸ ਵਿਚ ਅੱਠ ਬੱਚੇ ਸੀ। ਜਿਸ ਵਿਚੋਂ ਤਿੰਨ ਅਸੀਂ ਇਕੋ ਘਰ ਦੇ ਸੀ। ਸਾਡੇ ਹੀ ਪਿੰਡ ਦਾ ਇਕ ਹੋਰ ਲੜਕਾ ਲਾਲ ਸਿੰਘ ਪੁੱਤਰ ਨਿਰੰਜਨ ਸਿੰਘ ਛੋਟੀ ਦੁਗਾਲ ਦਾ ਸੀ। ਉਹ ਤਕਰੀਬਨ 20 ਕੁ ਸਾਲਾਂ ਦਾ ਸੀ ਅਤੇ ਉਸ ਦੇ ਦਾਹੜੀ ਵੀ ਆ ਰਹੀ ਸੀ। ਪਿੰਡ ਵਿਚੋਂ ਇਕ ਹੋਰ ਸਾਡਾ ਭਰਾ ਭਗਵੰਤ ਸਿੰਘ ਸੀ ਜੋ ਕਿ ਮੇਰੇ ਤੋਂ ਚਾਰ ਕੁ ਵਰ੍ਹੇ ਵੱਡਾ ਸੀ।

ਦੁਗਾਲ ਵਿਚ ਨਵੇਂ ਸਕੂਲ ਲਈ ਕੋਈ ਇਮਾਰਤ ਨਹੀਂ ਸੀ। ਪਿੰਡ ਵਿਚ ਚਾਰ ਜਮਾਤਾਂ ਤੱਕ ਦਾ ਇਕ ਸਕੂਲ ਪਿਛਲੇ 100 ਸਾਲਾਂ ਤੋਂ ਚੱਲ ਰਿਹਾ ਸੀ। 1920 ਵਿਚ ਸਾਡੇ ਪਿੰਡ ਦੇ ਆਨਰੇਰੀ ਮਜਿਸਟ੍ਰੇਟ ਸ. ਟੇਕ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਬਣਵਾਈ। ਪਿੰਡ ਦੇ ਲੋਕਾਂ ਨੇ ਉਥੇ ਸਕੂਲ ਲਗਾਉਣਾ ਸ਼ੁਰੂ ਕਰ ਦਿੱਤਾ। ਅਸੀਂ ਅਗਸਤ 1953 ਤੋਂ ਲੈ ਕੇ ਤਕਰੀਬਨ 7 ਕੁ ਮਹੀਨੇ ਦੁਗਾਲ ਪਿੰਡ ਰਹੇ

ਅਤੇ ਅਪ੍ਰੈਲ 1954 ਵਿੱਚ ਅੱਠਵੀਂ ਕਲਾਸ ਪਾਸ ਕੀਤੀ। ਨੌਵੀਂ ਕਲਾਸ ਕਰਨ ਲਈ ਅਸੀਂ ਫਿਰ ਪਟਿਆਲਾ ਆ ਗਏ ਅਤੇ ਖਾਲਸਾ ਸਕੂਲ ਵਿਚ ਦਾਖ਼ਲ ਹੋ ਗਏ। ਹੁਣ ਪਟਿਆਲੇ ਘਰ ਦਾ ਵਾਤਾਵਰਨ ਸਾਡੇ ਲਈ ਬਦਲ ਚੁੱਕਾ ਸੀ। ਪਹਿਲਾਂ ਮਾਤਾ ਪਿਤਾ ਪਟਿਆਲੇ ਹੀ ਰਹਿੰਦੇ ਸਨ, ਜਿਸ ਕਰਕੇ ਸਾਨੂੰ ਉਹਨਾਂ ਦਾ ਬਹੁਤ ਸਹਾਰਾ ਸੀ। ਦੋਵੇਂ ਵੱਡੀਆਂ ਭੈਣਾਂ ਮਹਿੰਦਰਾ ਕੰਨਿਆ ਮਹਾਂਵਿਦਿਆਲਾ, ਜੋ ਸਿੰਘ ਸਭਾ ਮਾਲ ਰੋਡ ਵਿਚ ਲਗਦਾ ਸੀ, ਦਾਖ਼ਲ ਹੋ ਗਈਆਂ। ਮੈਂ ਪੁਰਾਣੇ ਖਾਲਸਾ ਸਕੂਲ ਵਿਚ ਦਾਖ਼ਲ ਹੋ ਗਿਆ। ਸ. ਨਾਨਕ ਸਿੰਘ ਅਜੇ ਵੀ ਹੈੱਡ ਮਾਸਟਰ ਸਨ ਅਤੇ ਬਾਕੀ ਦਾ ਸਟਾਫ ਵੀ ਉਹੀ ਸੀ। ਮੈਂ ਅੰਗਰੇਜ਼ੀ ਅਤੇ ਸਿਵਿਕਸ ਵਿਸ਼ੇ ਵਿਚ ਚੰਗਾ ਸੀ, ਪ੍ਰੰਤੂ ਹਿਸਾਬ ਵਿਚ ਮੈਂ ਕਮਜ਼ੋਰ ਸੀ। ਦੱਸਵੀਂ ਜਮਾਤ ਵਿਚ ਸਾਨੂੰ ਐੱਸ.ਡੀ. ਗਰਲਜ਼ ਸਕੂਲ ਦੇ ਹੈੱਡਮਾਸਟਰ ਸੀਤਾ ਰਾਮ ਕੋਲ ਟਿਊਸ਼ਨ ਲਗਾ ਦਿੱਤੀ। ਸੀਤਾ ਰਾਮ ਤਕਰੀਬਨ ਪੰਜਾਹ ਕੁ ਸਾਲ ਦੇ ਸਨ ਅਤੇ ਉਹ ਸਾਨੂੰ ਘਰ ਹੀ ਪੜ੍ਹਾਉਣ ਆਉਂਦੇ ਸਨ। ਉਸ ਜ਼ਮਾਨੇ ਵਿਚ ਉਹਨਾਂ ਨੂੰ ਮੇਰੇ ਪਿਤਾ ਜੀ 60 ਰੁਪਏ ਪ੍ਰਤੀ ਮਹੀਨਾ ਫੀਸ ਦਿੰਦੇ ਸਨ, ਜੋ ਕਿ ਉਹਨਾਂ ਦਿਨਾਂ ਵਿਚ ਕਾਫ਼ੀ ਜ਼ਿਆਦਾ ਸੀ। ਉਹਨਾਂ ਦੀ ਟਿਊਸ਼ਨ ਦਾ ਮੈਨੂੰ ਇਹ ਫਾਇਦਾ ਹੋਇਆ ਕਿ ਮੇਰਾ ਹਿਸਾਬ ਦਾ ਮਜਬੂਨ ਠੀਕ ਹੋ ਗਿਆ। ਇਕ ਦਿਨ ਗਿਆਨੀ ਬਚਨ ਸਿੰਘ ਮੈਨੂੰ ਬੜੇ ਪਿਆਰ ਨਾਲ ਪੁੱਛਣ ਲੱਗੇ "ਕਾਕਾ ਤੇਰੀ ਇੰਗਲਿਸ਼ ਬਹੁਤ ਵਧੀਆ ਹੋ ਗਈ ਹੈ,ਕਿੱਧਰੇ ਟਿਊਸ਼ਨ ਲਾਈ ਹੈ।" ਮਾਸਟਰ ਸੀਤਾ ਰਾਮ ਨੇ ਮੈਨੂੰ ਸਮਝਾ ਦਿੱਤਾ ਸੀ ਕਿ ਕਈ ਵਾਰ ਮਾਸਟਰ ਕਹਿ ਦਿੰਦੇ ਹਨ ਕਿ ਪੜ੍ਹਦੇ ਤਾਂ ਸਾਡੇ ਸਕੂਲ ਹੋ ਪਰ ਟਿਊਸ਼ਨ ਕਿਤੇ ਹੋਰ ਲਗਾ ਲੈਂਦੇ ਹੋ। ਜਿਵੇਂ ਮੈਨੂੰ ਸਿਖਾਇਆ ਸੀ, ਮੈਂ ਕਹਿ ਦਿੱਤਾ ਕਿ ਮੇਰੀਆਂ ਵੱਡੀਆਂ ਭੈਣਾਂ ਪੜ੍ਹਨ ਵਿਚ ਬਹੁਤ ਹੁਸ਼ਿਆਰ ਹਨ। ਉਹਨਾਂ ਨੇ ਟਿਊਸ਼ਨ ਲਗਾਈ ਹੋਈ ਹੈ ਅਤੇ ਉਹੀ ਮੈਨੂੰ ਪੜ੍ਹਾਉਂਦੀਆਂ ਹਨ।

ਮਾਸਟਰ ਜੋਗਿੰਦਰ ਸਿੰਘ ਸਾਨੂੰ ਹਿਸਾਬ ਪੜ੍ਹਾਉਂਦੇ ਸਨ। ਉਹਨਾਂ ਦੀ ਇਕ ਟੰਗ ਖਰਾਬ ਸੀ, ਜਿਸ ਕਰਕੇ ਲੋਕ ਉਹਨਾਂ ਨੂੰ ਡੁੱਡਾ (ਲੰਗੜਾ) ਵੀ ਕਹਿੰਦੇ ਸਨ। ਪਰ ਸਿਹਤ ਪੱਖੋਂ ਉਹ ਬਹੁਤ ਤੰਦਰੁਸਤ ਸਨ ਅਤੇ ਬਾਸਕਟਬਾਲ ਆਦਿ ਵੀ ਖੇਡ ਲੈਂਦੇ ਸਨ। ਬਾਅਦ ਵਿਚ ਉਹ ਖਾਲਸਾ ਸਕੂਲ ਮੁੰਬਈ ਚਲੇ ਗਏ ਸਨ। ਇਕ ਦਿਨ ਉਹਨਾਂ ਨੇ ਸਾਡਾ ਟੈੱਸਟ ਲਿਆ। ਮੇਰੇ ਹਿਸਾਬ ਵਿਚੋਂ 100 ਵਿਚੋਂ 80 ਨੰਬਰ ਆ ਗਏ। ਬਾਕੀ ਦੇ ਬੱਚੇ ਕਹਿਣ ਲੱਗੇ ਕਿ ਇਸ ਦੇ ਏਨੇ ਨੰਬਰ ਕਿਵੇਂ ਆ ਸਕਦੇ ਹਨ। ਖੈਰ ਮੇਰਾ ਦੁਬਾਰਾ ਟੈੱਸਟ ਲਿਆ ਗਿਆ ਅਤੇ ਮੇਰੇ ਫਿਰ ਉਨੇ ਹੀ ਨੰਬਰ ਆਏ। ਫਿਰ ਉਹਨਾਂ ਨੂੰ ਤਸੱਲੀ ਹੋਈ ਕਿ ਮੈਨੂੰ ਹਿਸਾਬ ਦਾ ਵਿਸ਼ਾ ਆ ਗਿਆ ਹੈ।

ਦੱਸਵੀਂ ਕਲਾਸ ਵਿਚ ਜਿਥੇ ਸਕੂਲ ਦੇ ਅਧਿਆਪਕ ਬੱਚਿਆਂ ਨੂੰ ਕੁੱਟ ਕੇ ਖੁਸ਼ ਹੁੰਦੇ ਸੀ, ਮੇਰਾ ਸੁਭਾਅ ਇਸ ਦੇ ਉਲਟ ਸੀ। ਜਿਹੜੀ ਗੱਲ ਮੈਨੂੰ ਸਮਝ ਆ ਜਾਂਦੀ ਸੀ ਉਹ ਮੈਂ ਸਹਿਜੇ ਅਤੇ ਚੰਗੀ ਤਰ੍ਹਾਂ ਹੱਲ ਕਰ ਲੈਂਦਾ ਸੀ। ਮੇਰੀ ਲਿਖਾਈ

ਬਹੁਤ ਸੁੰਦਰ ਸੀ। ਜਿਹੜੀ ਚੀਜ਼ ਮੈਨੂੰ ਸਮਝ ਨਹੀਂ ਆਈ ਉਹ ਸੀ ਜੁਮੈਟਰੀ। ਹਿਸਾਬ ਅਤੇ ਜਮੈਟਰੀ ਵਿਚ ਮੇਰੇ ਦਰਮਿਆਨੇ ਜਿਹੇ ਨੰਬਰ ਹੀ ਆਉਂਦੇ ਸਨ। ਜੁਮੈਟਰੀ ਦੀ ਕਲਾਸ ਦੁਪਹਿਰ ਤੋਂ ਬਾਅਦ ਲੱਗਦੀ ਸੀ। ਮੈਂ ਸਕੂਲੋਂ ਭੱਜਣਾ ਸ਼ੁਰੂ ਕਰ ਦਿੱਤਾ। ਅਪ੍ਰੈਲ ਮਈ 1955 ਤੋਂ ਲੈ ਕੇ ਤਕਰੀਬਨ ਚਾਰ ਮਹੀਨੇ ਮੈਂ ਸਕੂਲੋਂ ਭੱਜਦਾ ਰਿਹਾ। ਭੱਜਣ ਦਾ ਢੰਗ ਮੇਰਾ ਇਹ ਸੀ ਕਿ ਸਵੇਰੇ ਕਲਾਸ ਦੀ ਹਾਜ਼ਰੀ ਲੱਗਦੀ ਸੀ। ਗਰਮੀਆਂ ਵਿਚ ਸਕੂਲ ਲੱਗਣ ਦਾ ਸਮਾਂ 7 ਵਜੇ ਸੀ ਅਤੇ ਸਿਆਲਾਂ ਵਿਚ 10 ਵਜੇ। ਹਾਜ਼ਰੀ ਲੱਗਣ ਤੋਂ ਬਾਅਦ ਸਾਰੇ ਬੱਚੇ ਆਪਣੇ ਬਸਤੇ ਲੈ ਕੇ ਪ੍ਰਾਰਥਨਾ ਲਈ ਜਾਂਦੇ ਸਨ। ਅਰਦਾਸ ਵਿਚ ਦੱਸਵੀਂ ਕਲਾਸ ਸਭ ਤੋਂ ਪਿੱਛੇ ਹੁੰਦੀ ਸੀ, ਪ੍ਰਾਰਥਨਾ ਤੋਂ ਬਾਅਦ ਅਰਦਾਸ ਹੁੰਦੀ ਸੀ। ਜਦੋਂ ਅਰਦਾਸ ਵੇਲੇ ਸਾਰੇ ਵਿਦਿਆਰਥੀ ਮੱਥਾ ਟੇਕਦੇ ਸਨ, ਮੈਂ ਬਸਤਾ ਲੈ ਕੇ ਹੌਲੀ ਹੌਲੀ ਪਿੱਛੋਂ ਨਿਕਲ ਆਉਂਦਾ। ਇਹ ਸਿਲਸਿਲਾ ਕਈ ਮਹੀਨੇ ਚੱਲਦਾ ਰਿਹਾ। ਮੈਂ ਸਕੂਲੋਂ ਤੁਰ ਕੇ ਗੁਰਦੁਆਰਾ ਦੁਖਨਿਵਾਰਨ ਸਾਹਿਬ ਪਹੁੰਚ ਜਾਂਦਾ। ਦੁਖਨਿਵਾਰਨ ਸਰੋਵਰ ਦੇ ਕੰਢੇ ਬੈਠ ਕੇ ਜਿਸ ਪਾਸੇ ਮਾਡਰਨ ਸਕੂਲ ਨਾਲ ਕੰਧ ਲੱਗਦੀ ਹੈ, ਉਸ ਪਾਸੇ ਗੁਲਾਬ ਦੇ ਫੁੱਲ ਲੱਗੇ ਹੁੰਦੇ ਸਨ। ਮੈਂ ਫੁੱਲਾਂ ਦੀ ਖੁਸ਼ਬੂ ਲੈਂਦਾ। ਕਦੇ ਬੈਠ ਕੇ ਜਿੰਨਾ ਕੁ ਮੈਨੂੰ ਪਾਠ ਆਉਂਦਾ, ਉਹ ਕਰ ਲੈਂਦਾ ਸੀ। ਇਕ ਦਿਨ ਗੁਰਦੁਆਰਾ ਸਾਹਿਬ ਦੇ ਇਕ ਸੇਵਾਦਾਰ ਨੇ ਮੈਨੂੰ ਪੁਛਿਆ," ਕਾਕਾ ਤੁਸੀਂ ਸਕੂਲ ਨਹੀਂ ਜਾਂਦੇ।" ਮੈਂ ਕਿਹਾ ਕਿ ਸਾਡੇ ਸਕੂਲ ਵਿਚ ਮਾਸਟਰ ਬਹੁਤ ਕੁੱਟਦੇ ਹਨ ਅਤੇ ਮੈਨੂੰ ਕੁੱਟ ਖਾਣੀ ਅੱਛੀ ਨਹੀਂ ਲੱਗਦੀ। ਸੇਵਾਦਾਰ ਕਹਿਣ ਲੱਗਾ, ਤੁਸੀਂ ਇਥੇ ਪੜ੍ਹਦੇ ਵੀ ਰਹਿੰਦੇ ਹੋ। ਮੈਂ ਕਿਹਾ ਕਿ ਮੈਂ ਬਾਕੀ ਕਲਾਸ ਤੋਂ ਪਿੱਛੇ ਥੋੜ੍ਹਾ ਰਹਿਣਾ ਹੈ। ਪੜ੍ਹਾਈ ਦਾ ਮੈਂ ਇਹ ਸਿਸਟਮ ਬਣਾਇਆ ਸੀ ਕਿ ਹਿਸਾਬ ਵਿਚ ਇਕ ਸਵਾਲ ਜੋ ਉਦਾਰਹਨ ਦੇ ਤੌਰ ਤੇ ਕਿਤਾਬ ਵਿਚ ਦਿੱਤਾ ਹੁੰਦਾ ਸੀ, ਪਹਿਲਾਂ ਉਸ ਦਾ ਅਭਿਆਸ ਕਰਦਾ ਅਤੇ ਫਿਰ ਜੋ ਬਾਕੀ ਦੇ ਸਵਾਲ ਹੁੰਦੇ ਉਹ ਕਰਦਾ। ਜਦੋਂ ਮੈਂ ਕਈ ਮਹੀਨੇ ਸਕੂਲੋਂ ਭੱਜਦਾ ਰਿਹਾ ਤਾਂ ਹੈੱਡਮਾਸਟਰ ਨੇ ਮੇਰੇ ਪਿਤਾ ਜੀ ਨੂੰ ਸੁਨੇਹਾ ਦੇ ਕੇ ਸਕੂਲ ਬੁਲਾ ਲਿਆ। ਮੈਂ ਅਤੇ ਮੇਰੇ ਪਿਤਾ ਜੀ ਹੈੱਡਮਾਸਟਰ ਸ. ਨਾਨਕ ਸਿੰਘ ਨੂੰ ਮਿਲੇ। ਉਹਨਾਂ ਨੇ ਕਿਹਾ ਕਿ ਕਈ ਮਹੀਨਿਆਂ ਤੋਂ ਤੁਹਾਡਾ ਲੜਕਾ ਸਵੇਰੇ ਤਾਂ ਹਾਜ਼ਰ ਹੁੰਦਾ ਹੈ ਪਰ ਦੁਪਹਿਰ ਬਾਅਦ ਤੋਂ ਗੈਰਹਾਜ਼ਰ ਹੁੰਦਾ ਹੈ। ਮੈਂ ਸਾਰੀ ਵਿਥਿਆ ਸੱਚ ਸੁਣਾਈ ਕਿ ਮੈਂ ਤਾਂ ਅਰਦਾਸ ਤੋਂ ਬਾਅਦ ਹੀ ਸਕੂਲੋਂ ਭੱਜ ਜਾਂਦਾ ਹਾਂ, ਪੰਜ ਮਿੰਟ ਵੀ ਸਕੂਲ ਵਿਚ ਨਹੀਂ ਰਹਿੰਦਾ। ਉਹ ਕਹਿਣ ਲੱਗੇ ਤੁਸੀਂ ਸਕੂਲ ਕਿਉਂ ਨਹੀਂ ਆਉਂਦੇ। ਮੈਂ ਦੱਸਿਆ ਕਿ ਮਾਸਟਰ ਬਹੁਤ ਕੁੱਟਦੇ ਹਨ। ਮੈਨੂੰ ਕੁੱਟ ਖਾਣੀ ਪਸੰਦ ਨਹੀਂ ਹੈ। ਪਟਿਆਲੇ ਵਿਚ ਇਕ ਹੋਰ ਸਰਕਾਰੀ ਸਕੂਲ ਸੀ, ਜਿਸ ਦਾ ਨਾਮ ਸਿਟੀ ਹਾਈ ਸਕੂਲ ਸੀ। ਇਥੇ ਬੱਚਿਆਂ ਨੂੰ ਬਿਲਕੁਲ ਨਹੀਂ ਕੁੱਟਿਆ ਜਾਂਦਾ ਸੀ। ਮੈਂ ਪਿਤਾ ਜੀ ਨੂੰ ਮੈਨੂੰ ਇਥੇ ਦਾਖ਼ਲ ਕਰਾਉਣ ਲਈ ਕਿਹਾ। ਪਿਤਾ ਜੀ ਸਕੂਲ ਲੀਵਿੰਗ ਸਰਟੀਫਿਕੇਟ ਲੈਣ ਲਈ ਖਾਲਸਾ

ਸਕੂਲ ਗਏ। ਹੈੱਡਮਾਸਟਰ ਸਾਹਿਬ ਨੇ ਕਿਹਾ ਕਿ ਜੇ ਖਾਲਸਿਆਂ ਦੇ ਬੱਚੇ ਇਥੇ ਨਹੀਂ ਪੜ੍ਹਨਗੇ ਤਾਂ ਹੋਰ ਕੌਣ ਪੜ੍ਹੇਗਾ। ਪਿਤਾ ਜੀ ਸਕੂਲ ਵਾਲਿਆਂ ਦੀ ਗੱਲ ਮੰਨ ਕੇ ਆ ਗਏ ਅਤੇ ਮੈਨੂੰ ਉਸੇ ਸਕੂਲ ਵਿਚ ਹੀ ਬਾਕੀ ਸਮਾਂ ਜੂਝਣਾ ਪਿਆ।

ਇਕ ਹੋਰ ਦਿਲਚਸਪ ਗੱਲ ਇਹ ਸੀ ਕਿ ਅਸੀਂ ਘਰੋਂ ਪੈਸੇ ਲੈ ਕੇ ਜਾਂਦੇ ਸੀ। ਸਿੱਕੇ ਨੂੰ ਰੇਲਵੇ ਲਾਈਨ ਤੇ ਰੱਖ ਦਿੰਦੇ ਸੀ ਅਤੇ ਜਦੋਂ ਰੇਲ ਗੱਡੀ ਸਿੱਕੇ ਦੇ ਉਪਰੋਂ ਗੁਜ਼ਰਦੀ ਸੀ ਤਾਂ ਸਿੱਕੇ ਦਾ ਆਕਾਰ ਵੱਡਾ ਹੋ ਜਾਂਦਾ ਸੀ।

ਦੱਸਵੀਂ ਪੜ੍ਹਦਿਆਂ ਸਤੰਬਰ 1955 ਦੇ ਮਹੀਨੇ ਵਿਚ ਹੀ ਮੈਂ ਆਪਣੇ ਮਾਪਿਆਂ ਨੂੰ ਕਹਿ ਦਿੱਤਾ ਸੀ ਕਿ ਮੈਂ ਨਹੀਂ ਪੜ੍ਹਨਾ ਚਾਹੁੰਦਾ ਅਤੇ ਪਿੰਡ ਜਾ ਕੇ ਖੇਤੀ ਕਰਾਵਾਂਗਾ। ਅਕਤੂਬਰ 1955 ਵਿਚ ਮੇਰੇ ਪਿਤਾ ਬਹੁਤ ਔਖੇ ਮਨ ਨਾਲ ਮੈਨੂੰ ਪਿੰਡ ਲੈ ਗਏ। ਸਾਡੇ ਪਿੰਡ ਦੋ ਏਕੜ ਵਿਚ ਵਣ ਦੇ ਦਰਖ਼ਤ ਸਨ, ਜੋ ਸਾਡੇ ਨੌਕਰ ਰੋਜ਼ਾਨਾ ਕੱਟ ਰਹੇ ਸਨ। ਪਿਤਾ ਜੀ ਨੇ ਦੋ ਨੌਕਰਾਂ ਤੋਂ ਇਲਾਵਾ ਹੋਰ ਮਜ਼ਦੂਰ ਵੀ ਲਾਏ ਹੋਏ ਸਨ। ਸਾਡੇ ਖੂਹ ਦਾ ਪਾਣੀ ਸਾਫ਼ ਨਹੀਂ ਸੀ, ਇਸ ਲਈ ਪਿਤਾ ਜੀ ਨੇ ਗੁਆਂਢੀਆਂ ਦੇ ਖੂਹ ਤੋਂ ਪਾਣੀ ਲਿਆਉਣ ਲਈ ਮੈਨੂੰ ਕਹਿ ਦਿੱਤਾ। ਨੌਕਰਾਂ ਨੂੰ ਵੀ ਪਿਤਾ ਜੀ ਨੇ ਸਮਝਾ ਦਿੱਤਾ ਸੀ ਕਿ ਇਸ ਤੋਂ ਚੰਗੀ ਤਰ੍ਹਾਂ ਕੰਮ ਲੈਣਾ ਹੈ ਤਾਂ ਕਿ ਇਹ ਛੇਤੀ ਹੀ ਇਥੋਂ ਭੱਜ ਜਾਵੇ। ਮੈਂ ਬਹੁਤ ਮੁਸ਼ਕਿਲ ਨਾਲ ਗੁਆਂਢੀਆਂ ਦੇ ਖੂਹ ਤੋਂ ਪਾਣੀ ਲੈ ਕੇ ਆਉਂਦਾ ਸੀ। ਕੰਮੀ ਅੱਧਾ ਕੁ ਪਾਣੀ ਪੀ ਲੈਂਦੇ ਸੀ ਅਤੇ ਬਾਕੀ ਡੋਲ੍ਹ ਦਿੰਦੇ ਸਨ। ਮੇਰੇ ਪਿਤਾ ਜੀ ਨੇ ਕਹਿਣਾ ਕਾਕਾ ਤੁਸੀਂ ਹੁਣ ਪਿੰਡ ਹੀ ਰਹਿਣਾ ਹੈ। ਇਸ ਲਈ ਕੁਹਾੜੀ ਨਾਲ ਦਰਖ਼ਤ ਕੱਟੋ। ਮੈਂ ਥੋੜ੍ਹਾ ਬਹੁਤ ਦਰਖ਼ਤ ਕੱਟਣ ਦੀ ਕੋਸ਼ਿਸ਼ ਕੀਤੀ। ਮੇਰੇ ਹੱਥਾਂ ਤੇ ਛਾਲੇ ਪੈ ਗਏ। ਖੇਤ ਤੋਂ ਆਉਣ ਤੇ ਜਾਣ ਲਈ ਮੈਂ ਗੱਡੇ ਵਿਚ ਬੈਠ ਜਾਂਦਾ ਸੀ। ਸਾਡੇ ਖੇਤ ਪਿੰਡ ਤੋਂ ਲਗਭਗ ਤਿੰਨ ਕਿਲੋਮੀਟਰ ਦੂਰ ਸਨ। ਅਜਿਹਾ ਕਰਦਿਆਂ ਕੋਈ 20 ਦਿਨ ਬੀਤ ਗਏ। ਇਕ ਦਿਨ ਮੈਂ ਆਪਣੀ ਮਾਤਾ ਨੂੰ ਕਿਹਾ ਕਿ ਮੈਂ ਬਹੁਤ ਤੰਗ ਆ ਗਿਆ ਹਾਂ। ਮੈਨੂੰ ਦੁਬਾਰਾ ਪੜ੍ਹਣ ਦਾ ਮੌਕਾ ਦਿਓ। ਮੈਂ ਪਟਿਆਲੇ ਜਾ ਕੇ ਪੜ੍ਹਨਾ ਚਾਹੁੰਦਾ ਹਾਂ। ਪਹਿਲਾਂ ਪਹਿਲ ਤਾਂ ਮੇਰੇ ਪਿਤਾ ਜੀ ਨਾ ਮੰਨੇ। ਕਹਿਣ ਲੱਗੇ, "ਇਸ ਨੇ ਪਿੰਡ ਆ ਕੇ ਆਪਣੀ ਜ਼ਿੰਦਗੀ ਖ਼ਰਾਬ ਕਰ ਲਈ ਹੈ, ਧੱਕੇ ਖਾਣ ਦਿਓ। ਦੋ ਚਾਰ ਸਾਲਾਂ ਵਿਚ ਇਸ ਦਾ ਵਿਆਹ ਕਰ ਦਿਆਂਗੇ। ਮੈਂ ਚਾਹੁੰਦਾ ਸੀ ਕਿ ਬੱਚੇ ਪੜ੍ਹ ਲਿਖ ਜਾਣ ਤਾਂ ਕਿ ਕਿਧਰੇ ਅਫ਼ਸਰ ਲੱਗ ਜਾਣ ਪਰ ਜਿਹਨਾਂ ਦੇ ਭਾਗਾਂ ਵਿਚ ਖੇਤੀ ਕਰਨੀ ਹੈ ਤਾਂ ਮੈਂ ਕੀ ਕਰ ਸਕਦਾ ਹਾਂ।" ਮੈਂ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਹੁਣ ਮੈਨੂੰ ਪੜ੍ਹਨ ਲਗਾ ਦਿਓ, ਮੈਂ ਸੌ ਸਾਲ ਤੱਕ ਪੜ੍ਹਦਾ ਰਹਾਂਗਾ। ਖੈਰ ਮੇਰੀ ਮਾਤਾ ਜੀ ਦੇ ਕਹਿਣ ਤੇ ਪਿਤਾ ਜੀ ਮੰਨ ਗਏ ਅਤੇ ਮੈਨੂੰ ਪਟਿਆਲੇ ਲੈ ਆਏ।

ਸਾਡੇ ਨਜ਼ਦੀਕੀ ਰਿਸ਼ਤੇਦਾਰ ਜੋ ਪਟਿਆਲੇ ਜੱਜ ਲੱਗੇ ਹੋਏ ਸਨ, ਸਾਡੇ ਘਰ ਵਿਚ ਹੀ ਰਹਿੰਦੇ ਸਨ। ਉਹਨਾਂ ਨੇ ਆਪਣਾ ਅਰਦਲੀ ਮੇਰੇ ਨਾਲ ਸਕੂਲ ਭੇਜ ਦਿੱਤਾ।

ਜੱਜ ਸਾਹਿਬ ਦੇ ਕਹਿਣ 'ਤੇ ਸਕੂਲ ਵਾਲਿਆਂ ਨੇ ਮੈਨੂੰ ਮੁੜ ਦਾਖ਼ਲ ਕਰ ਲਿਆ। ਸਕੂਲ ਵਾਲੇ ਕਹਿਣ ਲੱਗੇ ਕਿ ਅਸੀਂ ਇਸ ਦੀ ਫ਼ੀਸ ਨਹੀਂ ਭੇਜਾਂਗੇ, ਕਿਉਂਕਿ ਇਸ ਦੇ ਲੈਕਚਰ ਬਹੁਤ ਘੱਟ ਹਨ। ਜੱਜ ਸਾਹਿਬ ਨੇ ਕਿਹਾ ਕਿ ਚਲੋ ਫ਼ੀਸ ਨਾ ਭੇਜਣਾ ਤੁਸੀਂ ਦਾਖ਼ਲ ਤਾਂ ਕਰ ਲਓ। ਇੰਨੇ ਵਿਚ 1955 ਦਸੰਬਰ ਆ ਗਿਆ। ਮੇਰੇ ਪਿਤਾ ਜੀ ਨੇ ਸਾਨੂੰ ਤਿੰਨਾਂ ਭੈਣ-ਭਾਈਆਂ ਨੂੰ ਟਿਊਸ਼ਨ ਲਗਾ ਦਿੱਤਾ। ਮੇਰਾ ਅਲਜੈਬਰਾ ਅਤੇ ਗਣਿਤ ਵਿਸ਼ਾ ਠੀਕ ਹੋ ਗਿਆ ਅਤੇ ਅੰਗਰੇਜ਼ੀ ਹੋਰ ਵੀ ਸਹੀ ਹੋ ਗਈ। ਹੁਣ ਫ਼ੀਸਾਂ ਭਰਨ ਦਾ ਸਮਾਂ ਆ ਗਿਆ। ਜੱਜ ਸਾਹਿਬ ਨੇ ਹੈੱਡ ਮਾਸਟਰ ਨੂੰ ਸੁਨੇਹਾ ਭੇਜਿਆ ਕਿ ਅਮਰਜੀਤ ਦੀ ਫ਼ੀਸ ਜ਼ਰੂਰ ਭੇਜਣੀ ਹੈ। ਸਕੂਲ ਦੇ ਹੈੱਡਮਾਸਟਰ ਨੇ ਕਿਹਾ ਮੈਡੀਕਲ ਸਰਟੀਫਿਕੇਟ ਲੈ ਆਓ, ਹੋਰ ਤਾਂ ਕੋਈ ਚਾਰਾ ਨਹੀਂ ਹੈ। ਖੈਰ ਮੇਰੀ ਫ਼ੀਸ ਭੇਜੀ ਗਈ। ਮਾਰਚ 1956 ਵਿਚ ਸਾਡੇ ਇਮਤਿਹਾਨ ਹੋਏ। ਸ਼੍ਰੀ ਸੀਤਾ ਰਾਮ, ਜੋ ਸਾਨੂੰ ਘਰੇ ਟਿਊਸ਼ਨ ਪੜ੍ਹਾਉਂਦੇ ਸਨ ਉਹੀ ਸਾਡੇ ਸੈਂਟਰ ਦੇ ਸੁਪਰਡੰਟ ਬਣੇ। ਸਾਨੂੰ ਹੌਂਸਲਾ ਜਿਹਾ ਰਿਹਾ। ਮੈਂ 379 ਨੰਬਰ ਲੈ ਕੇ ਦੱਸਵੀਂ ਪਾਸ ਕੀਤੀ। ਇਹ ਨੰਬਰ ਸੈਕਿੰਡ ਡਵੀਜ਼ਨ ਤੋਂ 3 ਨੰਬਰ ਘੱਟ ਸਨ। ਵੱਡੀ ਭੈਣ ਜਸਵਿੰਦਰ ਦੀ ਸੈਕਿੰਡ ਡਵੀਜ਼ਨ ਆਈ। ਉਸ ਤੋਂ ਵੱਡੀ ਭੈਣ ਰਾਜਿੰਦਰ ਦੇ 338 ਨੰਬਰ ਆਏ, ਜਿਸ ਦੀ ਤੀਜੀ ਡਵੀਜ਼ਨ ਸੀ।

ਸਕੂਲ ਪੜ੍ਹਦਿਆਂ ਇਕ ਵਾਰ ਮਹਿੰਦਰਾ ਕਾਲਜ ਦੇ ਕੁਝ ਵਿਦਿਆਰਥੀ ਸਾਡੇ ਸਕੂਲ ਆਏ। ਉਹ ਸਾਰੇ ਸਕੂਲ ਬੰਦ ਕਰਵਾ ਰਹੇ ਸਨ। ਮੈਂ ਇਕ ਲੜਕੇ ਨੂੰ ਪੁੱਛਿਆ, ਵੀਰ ਜੀ," ਤੁਹਾਡੇ ਕਾਲਜ ਵਿਚ ਬੱਚਿਆਂ ਨੂੰ ਕਿੰਨੀ ਕੁ ਕੁੱਟ ਪੈਂਦੀ ਹੈ?" ਉਹ ਕਹਿਣ ਲੱਗਾ ਕਿ ਕਾਲਜ ਵਿਚ ਕੁੱਟ ਨਹੀਂ ਪੈਂਦੀ। ਮੈਂ ਕਿਹਾ ਫਿਰ ਤਾਂ ਇਹ ਸਵਰਗ ਹੀ ਹੈ। ਇਹ ਸੀ ਮੇਰੇ ਸਕੂਲ ਦਾ ਸਫ਼ਰ।

*****

# ਉਚੇਰੀ ਸਿੱਖਿਆ

1956 ਵਿਚ ਅਸੀਂ ਤਿੰਨੋਂ ਭੈਣ ਭਾਈਆਂ ਨੇ ਦੱਸਵੀਂ ਪਾਸ ਕਰ ਲਈ। ਮੇਰੀ ਵੱਡੀ ਭੈਣ ਰਾਜਿੰਦਰ ਦੇ ਘੱਟ ਨੰਬਰ ਆਉਣ ਕਰਕੇ ਉਸ ਨੂੰ ਜੇ.ਬੀ.ਟੀ. ਵਿਚ ਦਾਖ਼ਲ ਕਰਵਾਇਆ ਗਿਆ। ਵੱਡੀ ਭੈਣ ਜਸਵਿੰਦਰ ਦੀ ਸੈਕਿੰਡ ਡਵੀਜ਼ਨ ਆਈ ਅਤੇ ਉਸ ਨੂੰ ਸਰਕਾਰੀ ਕਾਲਜ ਲੜਕੀਆਂ ਵਿਚ ਆਰਟਸ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਮੈਂ ਪਿਤਾ ਜੀ ਨੂੰ ਕਿਹਾ ਕਿ ਮੈਨੂੰ ਮਹਿੰਦਰਾ ਕਾਲਜ ਦਾਖ਼ਲ ਕਰਵਾ ਦਿਓ। ਪਿਤਾ ਜੀ ਨੂੰ ਮੇਰੀ ਪੜ੍ਹਾਈ ਦਾ ਬਹੁਤ ਚਾਓ ਸੀ। ਮੇਰੇ ਲਈ ਉਹਨਾਂ ਨੇ ਨਵਾਂ ਈਸਟਰਨਸਟਾਰ ਸਾਈਕਲ, ਨਵੇਂ ਕੱਪੜੇ ਅਤੇ ਨਵੇਂ ਜੁੱਤੇ ਆਦਿ ਲੈ ਕੇ ਦਿੱਤੇ। ਮੈਨੂੰ ਤਾਂ ਉਸ ਵੇਲੇ ਪੈਂਟ ਪਾਉਣ ਦਾ ਭਰੋਸਾ ਵੀ ਨਹੀਂ ਸੀ। ਮੈਂ ਬਦਾਮੀ ਰੰਗ ਦਾ ਕੁੜਤਾ ਤੇ ਚਿੱਟਾ ਪਜਾਮਾ ਪਾਇਆ ਹੋਇਆ ਸੀ। ਪਿਤਾ ਜੀ ਨੇ ਕਿਹਾ ਕਿ ਤੁਸੀਂ ਆਪ ਹੀ ਜਾ ਕੇ ਦਾਖ਼ਲ ਹੋ ਜਾਓ। ਉਹਨਾਂ ਨੇ ਕਿਹਾ ਕਿ ਕਿਸੇ 35 ਕੁ ਸਾਲ ਦੇ ਪ੍ਰੋਫੈਸਰ ਨਾਲ ਗੱਲ ਕਰ ਲੈਣਾ ਅਤੇ ਉਸ ਤੋਂ ਸਾਰੀ ਗੱਲਬਾਤ ਪੁੱਛ ਲੈਣਾ।

ਮੈਂ ਮੱਧ ਅਪ੍ਰੈਲ 1956 ਵਿਚ ਮਹਿੰਦਰਾ ਕਾਲਜ ਦਾਖ਼ਲ ਹੋਣ ਲਈ ਗਿਆ। ਖਾਲਸਾ ਸਕੂਲ ਦੇ ਮੁਕਾਬਲੇ ਇਸ ਕਾਲਜ ਦੀ ਇਮਾਰਤ ਬਹੁਤ ਵੱਡੀ ਹੈ। ਇਸ ਦੇ ਪਿਛੇ ਕਈ ਏਕੜ ਦਾ ਖੇਡਾਂ ਲਈ ਮੈਦਾਨ ਹੈ। ਕੁਝ ਐਨ.ਸੀ.ਸੀ. ਦੇ ਟਰੱਕ ਖੜ੍ਹੇ ਸਨ। ਉਸ ਵੇਲੇ ਤਕਰੀਬਨ 3000 ਵਿਦਿਆਰਥੀ ਮਹਿੰਦਰਾ ਕਾਲਜ ਵਿਚ ਪੜ੍ਹਦੇ ਸਨ। ਮੇਰਾ ਗਿਆਰਵੀਂ ਵਿਚ ਦਾਖ਼ਲਾ ਹੋਣਾ ਸੀ, ਜਿਸ ਨੂੰ ਐਫ.ਏ. ਫਸਟ ਈਅਰ ਕਹਿੰਦੇ ਸਨ। ਐਫ.ਏ. ਦੋ ਸਾਲਾਂ ਦੀ ਹੁੰਦੀ ਸੀ ਅਤੇ ਬੀ.ਏ. ਵੀ ਦੋ ਸਾਲਾਂ ਦੀ ਹੁੰਦੀ ਸੀ। ਮਹਿੰਦਰਾ ਕਾਲਜ ਵਿੱਚ ਐਫ.ਏ. ਅਤੇ ਬੀ.ਏ. ਤੋਂ ਇਲਾਵਾ ਐਫ.ਐਸ.ਸੀ ਅਤੇ ਬੀ.ਐਸ.ਸੀ. ਜਮਾਤਾਂ ਵੀ ਹੁੰਦੀਆਂ ਸਨ। ਐਫ.ਐਸ.ਸੀ ਅਤੇ ਬੀ.ਐਸ.ਸੀ ਦੀਆਂ ਜਮਾਤਾਂ ਵੱਖਰੀ ਇਮਾਰਤ ਵਿਚ ਲੱਗਦੀਆਂ ਸਨ। ਉਸ ਸਮੇਂ ਮਹਿੰਦਰਾ ਕਾਲਜ ਵਿਚ ਐਮ.ਏ. ਦੀਆਂ ਅੱਠ ਕਲਾਸਾਂ ਵੀ ਲੱਗਦੀਆਂ ਸਨ। ਮੈਨੂੰ ਮਹਿੰਦਰਾ ਕਾਲਜ ਦਾ ਮਾਹੌਲ ਬਹੁਤ ਵਧੀਆ ਅਤੇ ਆਜ਼ਾਦਾਨਾ ਲੱਗਿਆ। ਮੈਂ ਦਫ਼ਤਰ ਤੋਂ ਫਾਰਮ ਲੈ ਕੇ ਪ੍ਰੋਫੈਸਰਾਂ ਦੇ ਸਟਾਫ ਰੂਮ ਦੇ ਸਾਹਮਣੇ ਜਾ ਖੜ੍ਹਾ ਹੋਇਆ। ਪਿਤਾ ਜੀ ਦੇ ਦੱਸੇ ਅਨੁਸਾਰ ਕਿਸੇ 35-40 ਸਾਲਾ ਪ੍ਰੋਫੈਸਰ ਨੂੰ ਦੇਖਣ ਲੱਗਿਆ ਤਾਂ ਜੋ ਉਸ ਨਾਲ ਗੱਲਬਾਤ ਕਰ ਸਕਾਂ। ਇੰਨੇ ਵਿਚ ਇਕ ਸਟਾਫ ਰੂਮ ਤੋਂ 35 ਕੁ ਸਾਲ ਦਾ ਪ੍ਰੋਫੈਸਰ ਬਾਹਰ ਆ ਰਿਹਾ ਸੀ। ਇਸ ਪ੍ਰੋਫੈਸਰ ਦਾ ਨਾਂ ਕ੍ਰਿਸ਼ਨ ਕਾਂਤ ਸੀ। ਮੈਂ ਉਸ ਨੂੰ ਪਰਿਵਾਰ ਦੀ ਸਿਖਲਾਈ ਅਨੁਸਾਰ ਪਿਆਰ ਨਾਲ ਸਤਿ ਸ੍ਰੀ ਅਕਾਲ ਬੁਲਾਈ ਅਤੇ

ਉਸ ਤੋਂ ਕੁਝ ਸਮਾਂ ਮੰਗਿਆ। ਮਹਿੰਦਰਾ ਕਾਲਜ ਦਾ ਦਫ਼ਤਰ, ਪ੍ਰਿੰਸੀਪਲ ਦਾ ਕਮਰਾ, ਲੜਕੀਆਂ ਦਾ ਕਮਰਾ ਅਤੇ ਪ੍ਰੋਫੈਸਰਾਂ ਦਾ ਸਟਾਫ ਰੂਮ ਆਦਿ ਸਾਰੇ ਇਕ ਹੀ ਵਰਾਂਡੇ ਨਾਲ ਜੁੜੇ ਹੋਏ ਸਨ। ਪ੍ਰੋਫੈਸਰ ਕ੍ਰਿਸ਼ਨ ਕਾਂਤ ਮੈਨੂੰ ਸਟਾਫ ਰੂਮ ਵਿਚ ਲੈ ਗਏ। ਉਹ ਬੜੇ ਪਿਆਰ ਨਾਲ ਮੈਨੂੰ ਕਹਿਣ ਲੱਗੇ ਕਿ ਐਫ.ਏ ਲਈ ਅੰਗਰੇਜ਼ੀ ਲਾਜ਼ਮੀ ਵਿਸ਼ਾ ਹੈ। ਜਦੋਂ ਉਹਨਾਂ ਨੇ ਮੈਨੂੰ ਦੱਸਿਆ ਕਿ ਹਿਸਾਬ ਜ਼ਰੂਰੀ ਵਿਸ਼ਾ ਨਹੀਂ ਹੈ, ਤਾਂ ਮੈਨੂੰ ਬਹੁਤ ਖੁਸ਼ੀ ਹੋਈ ਜੋ ਕਿ ਬਿਆਨ ਤੋਂ ਪਰੇ ਹੈ। ਉਹਨਾਂ ਕਿਹਾ ਕਿ ਇਕ ਭਾਸ਼ਾ ਜ਼ਰੂਰੀ ਹੈ, ਤਾਂ ਮੈਂ ਪੰਜਾਬੀ ਦਾ ਵਿਸ਼ਾ ਰੱਖ ਲਿਆ। ਸਿਵਿਕਸ ਵਿਸ਼ੇ ਵਿਚ ਮੇਰੀ ਸ਼ੁਰੂ ਤੋਂ ਹੀ ਦਿਲਚਸਪੀ ਸੀ। ਇਸ ਲਈ ਮੈਂ ਇਤਿਹਾਸ ਅਤੇ ਸਿਵਿਕਸ ਵਿਸ਼ੇ ਰੱਖ ਲਏ। ਹਿੰਦੀ ਚੋਣਵੇਂ ਵਿਸ਼ੇ ਦੇ ਤੌਰ ਤੇ ਲਿਆ, ਜੋ ਕਿ 50 ਨੰਬਰਾਂ ਦਾ ਸੀ। ਮੈਂ ਹਰ ਰੋਜ਼ ਇੱਕ ਕਾਪੀ ਲੈ ਕੇ ਮਹਿੰਦਰਾ ਕਾਲਜ ਚਲਾ ਜਾਂਦਾ। ਉਸ ਵੇਲੇ ਤਕਰੀਬਨ 150 ਸਾਈਕਲ, ਸਟੈਂਡ ਤੇ ਖੜ੍ਹਦੇ ਸਨ। ਉਸ ਵੇਲੇ ਦੋ ਪ੍ਰੋਫੈਸਰਾਂ ਕੋਲ ਹੀ ਸਕੂਟਰ ਜਾਂ ਮੋਟਰ ਸਾਈਕਲ ਹੁੰਦਾ ਸੀ। ਪ੍ਰੋਫੈਸਰ ਹਰਦਿਆਲ ਸਿੰਘ ਗਿੱਲ ਜੋ ਅੰਗਰੇਜ਼ੀ ਦੇ ਪ੍ਰੋਫੈਸਰ ਅਤੇ ਐਨ.ਸੀ.ਸੀ. ਦੇ ਅਫ਼ਸਰ ਵੀ ਸਨ, ਕੋਲ ਇਕ ਲੰਬਰੇਟਾ ਸਕੂਟਰ ਸੀ, ਜਿਸ ਦਾ ਨੰਬਰ ਪੀ.ਐਨ.ਟੀ. 2049 ਸੀ। ਇਹ ਸਕੂਟਰ ਮਹਿੰਦਰਾ ਕਾਲਜ ਦੇ ਵੱਡੇ ਪੋਰਚ ਵਿਚ ਇਕ ਪਾਸੇ ਖੜ੍ਹਾ ਹੁੰਦਾ ਸੀ। ਪ੍ਰੋਫੈਸਰ ਹਰਬਖਸ਼ ਸਿੰਘ ਕੋਲ ਇਕ ਬੀ.ਐਸ.ਏ. ਕੰਪਨੀ ਦਾ ਮੋਟਰ ਸਾਈਕਲ ਹੁੰਦਾ ਸੀ। ਉਹ ਆਪਣਾ ਮੋਟਰ ਸਾਈਕਲ, ਸਾਈਕਲ ਸਟੈਂਡ ਵਿਚ ਖੜ੍ਹਾਉਂਦੇ ਸਨ। ਸਾਈਕਲ ਸਟੈਂਡ ਵਿਚ ਇਕ ਸ਼ੈਡ ਬਣਿਆ ਹੋਇਆ ਸੀ, ਜੋ ਕਿ ਪੋਰਚ ਦੇ ਬਿਲਕੁਲ ਸਾਹਮਣੇ ਸੀ। ਉਸ ਵਿਚ ਤਕਰੀਬਨ 50/60 ਸਾਈਕਲ ਖੜ੍ਹੇ ਕਰਨ ਦਾ ਪ੍ਰਬੰਧ ਸੀ। ਬਾਕੀ ਬੱਚੇ ਆਪਣੇ ਸਾਈਕਲ ਬਾਹਰ ਖੜ੍ਹੇ ਕਰ ਦਿੰਦੇ ਸਨ। ਸਾਈਕਲ ਸਟੈਂਡ ਇਕ ਬਹੁਤ ਵੱਡੇ ਪਿੱਪਲ ਦੇ ਦਰਖਤ ਹੇਠ ਬਣਿਆ ਹੋਇਆ ਸੀ।

ਮਹਿੰਦਰਾ ਕਾਲਜ ਉਹਨਾਂ ਦਿਨਾਂ ਵਿਚ ਏਨਾ ਹਰਮਨ ਪਿਆਰਾ ਸੀ ਕਿ ਪਟਿਆਲਾ ਸ਼ਹਿਰ ਅਤੇ ਇਸ ਇਲਾਕੇ ਦੇ ਵਿਦਿਆਰਥੀਆਂ ਤੋਂ ਇਲਾਵਾ ਫਿਰੋਜ਼ਪੁਰ, ਰਾਜਸਥਾਨ, ਜੀਂਦ ਅਤੇ ਕੈਥਲ ਹੁਣ (ਹਰਿਆਣਾ) ਆਦਿ ਤੋਂ ਵੀ ਵਿਦਿਆਰਥੀ ਪੜ੍ਹਨ ਲਈ ਆਉਂਦੇ ਸਨ। ਸਮਾਣਾ ਸ਼ਹਿਰ ਵਿਚ ਵੀ ਕੋਈ ਕਾਲਜ ਨਹੀਂ ਸੀ, ਉਥੋਂ ਵੀ ਬਹੁਤ ਸਾਰੇ ਵਿਦਿਆਰਥੀ ਬੱਸਾਂ ਰਾਹੀਂ ਮਹਿੰਦਰਾ ਕਾਲਜ ਪੜ੍ਹਨ ਆਉਂਦੇ ਸਨ। ਸਾਡੀ ਗਿਆਰਵੀਂ ਐਫ.ਏ. ਭਾਗ ਪਹਿਲਾ ਆਰਟਸ ਵਿਚ ਤਕਰੀਬਨ 600 ਵਿਦਿਆਰਥੀਆਂ ਨੇ ਦਾਖ਼ਲਾ ਲਿਆ। ਕਾਲਜ ਦੇ ਪਹਿਲੇ ਦਿਨ ਹੀ ਬਾਲ ਕ੍ਰਿਸ਼ਨ ਸਿੰਗਲਾ ਅਤੇ ਸ਼ਾਂਤੀ ਸਰੂਪ ਮੇਰੇ ਦੋਸਤ ਬਣ ਗਏ। ਸ਼ਾਂਤੀ ਬਾਹਵਲਪੁਰੀਆਂ ਦਾ ਲੜਕਾ ਸੀ ਜੋ ਰੋਜ਼ਾਨਾ ਸਮਾਣੇ ਤੋਂ ਬੱਸ ਰਾਹੀਂ ਆਉਂਦਾ ਸੀ। ਉਸ ਦੇ ਵਡੇਰੇ ਦਵਾਈਆਂ ਦਾ ਕਾਰੋਬਾਰ ਕਰਦੇ ਸਨ। ਬਾਲ ਕ੍ਰਿਸ਼ਨ ਸਿੰਗਲਾ ਸਮਾਣੇ ਤੋਂ ਦੱਸਵੀਂ ਕਰ ਕੇ ਪਟਿਆਲੇ ਆ ਗਿਆ ਸੀ। ਉਸ ਦੇ ਪਿਤਾ ਲਾਲਾ ਰੌਸ਼ਨ ਲਾਲ ਨੇ

1956 ਵਿਚ ਆਪਣਾ ਕਾਰੋਬਾਰ ਤੇ ਘਰ-ਬਾਰ ਪਟਿਆਲੇ ਲੈ ਲਿਆ ਸੀ। ਬਾਲ ਕ੍ਰਿਸ਼ਨ ਸਿੰਗਲਾ ਦੇ ਵੱਡੇ-ਵਡੇਰੇ ਆੜ੍ਹਤ ਦਾ ਕੰਮ ਕਰਦੇ ਸਨ। ਆੜ੍ਹਤ ਵਪਾਰ ਦਾ ਪੇਂਡੂ ਲੋਕਾਂ ਨਾਲ ਬਹੁਤ ਸਬੰਧ ਹੁੰਦਾ ਹੈ। ਰੱਬ ਜੀ ਨੇ ਐਸੀ ਕ੍ਰਿਪਾ ਕੀਤੀ ਕਿ ਬਾਲ ਕ੍ਰਿਸ਼ਨ ਸਿੰਗਲਾ ਹੁਣ ਵੀ 62 ਸਾਲ ਤੋਂ ਬਾਅਦ ਮੇਰਾ ਪੱਕਾ ਦੋਸਤ ਹੈ। ਇੰਨੇ ਲੰਬੇ ਦੋਸਤੀ ਦੇ ਸਫ਼ਰ ਵਿਚ ਸਾਨੂੰ ਇਕ ਦੂਜੇ ਵਿਚ ਕਦੇ ਕੋਈ ਨੁਕਸ ਨਹੀਂ ਲੱਭਾ। ਇਕ ਹੋਰ ਦੋਸਤ ਜੋ ਬੀ.ਏ. ਵਿਚ ਸਾਡਾ ਦੋਸਤ ਬਣਿਆ। ਉਸ ਦਾ ਨਾਮ ਬਲਦੇਵ ਸਿੰਘ ਕਬਰਵਾਲ ਸੀ। ਬਲਦੇਵ ਸਿੰਘ, ਸੈਣੀ ਜਾਤੀ ਦਾ ਸੀ ਅਤੇ ਉਸ ਦੇ ਪਿਤਾ ਰਿਟਾਇਰਡ ਸੂਬੇਦਾਰ ਸਨ। ਇਸ ਦਾ ਵੱਡਾ ਭਰਾ ਪਟਿਆਲੇ ਵਿਚ ਨੌਕਰੀ ਕਰਦਾ ਸੀ। ਦੋ ਤਿੰਨ ਸਾਲਾਂ ਬਾਅਦ ਸ਼ਾਂਤੀ ਮਹਿਤਾ, ਇੰਗਲੈਂਡ ਅਤੇ ਫਿਰ ਅਮਰੀਕਾ ਚਲਾ ਗਿਆ। ਉਹ ਇਕ ਬੈਂਕ ਤੋਂ ਸੀਨੀਅਰ ਅਫ਼ਸਰ ਰਿਟਾਇਰ ਹੋਇਆ ਸੀ ਅਤੇ ਉਸ ਤੋਂ ਬਾਅਦ ਉਹ ਸਾਨੂੰ ਨਹੀਂ ਮਿਲਿਆ, ਸਮਝੋ ਕਿ ਸਾਡੇ ਲਈ ਉਹ ਗੁੰਮ ਹੀ ਹੋ ਗਿਆ। ਸਾਨੂੰ ਨਹੀਂ ਪਤਾ ਕਿ ਹੁਣ ਉਹ ਕਿਥੇ ਹੈ। ਸ. ਬਲਦੇਵ ਸਿੰਘ ਕਬਰਵਾਲ ਦੋ ਕੁ ਸਾਲ ਪਹਿਲਾਂ ਸੁਰਗਵਾਸ ਹੋ ਗਏ ਹਨ। ਬਾਲ ਕ੍ਰਿਸ਼ਨ ਸਿੰਗਲਾ ਤਕਰੀਬਨ 20 ਸਾਲ ਪਹਿਲਾਂ ਪਟਿਆਲੇ ਤੋਂ ਪੰਚਕੂਲਾ ਚਲੇ ਗਏ ਸਨ ਪਰ ਹਾਲੇ ਵੀ ਸਾਡਾ ਟੈਲੀਫੋਨ ਰਾਹੀਂ ਸੰਪਰਕ ਹੁੰਦਾ ਰਹਿੰਦਾ ਹੈ ਅਤੇ ਵਿਆਹ ਆਦਿਕ ਸਮਾਗਮਾਂ ਵਿਚ ਮੇਲ-ਜੋਲ ਵੀ ਹੋ ਜਾਂਦਾ ਹੈ।

ਪ੍ਰੋਫੈਸਰ ਓਮ ਪ੍ਰਕਾਸ਼ ਭਾਰਦਵਾਜ ਸਾਨੂੰ ਅੰਗਰੇਜ਼ੀ ਪੜ੍ਹਾਉਂਦੇ ਸਨ। ਪ੍ਰੋਫੈਸਰ ਗੁਰਚਰਨ ਸਿੰਘ ਇਤਿਹਾਸ, ਪ੍ਰੋਫੈਸਰ ਬੀ.ਕੇ. ਕਪੂਰ ਸਿਵਿਕਸ, ਪ੍ਰੋਫੈਸਰ ਜਨਕ ਸਿੰਘ ਪੰਜਾਬੀ ਅਤੇ ਪ੍ਰੋਫੈਸਰ ਸਤੀਸ਼ ਵਰਮਾ ਹਿੰਦੀ ਪੜ੍ਹਾਉਂਦੇ ਸਨ। ਸਭ ਤੋਂ ਵੱਡੀ ਰਾਹਤ ਇਹ ਸੀ ਕਿ ਕਾਲਜ ਵਿਚ ਸਕੂਲ ਵਾਂਗ ਪੜ੍ਹਾਈ ਦਾ ਬੋਝ ਨਹੀਂ ਸੀ। ਕਾਲਜ ਦੇ ਪ੍ਰੋਫੈਸਰਾਂ ਨੇ ਸਕੂਲ ਦੇ ਮਾਸਟਰਾਂ ਨਾਲੋਂ ਵਧੀਆ ਕੱਪੜੇ ਪਾਏ ਹੁੰਦੇ ਸਨ। ਸਾਰੇ ਪ੍ਰੋਫੈਸਰ ਗੱਲਬਾਤ ਵਿਚ ਵੀ ਬਹੁਤ ਵਧੀਆ ਸਨ। ਕੁਝ ਦਿਨਾਂ ਬਾਅਦ ਮੈਂ ਇਤਿਹਾਸ ਬਦਲ ਕੇ ਅਰਥ-ਸ਼ਾਸ਼ਤਰ ਲੈ ਲਿਆ। ਪ੍ਰੋਫੈਸਰ ਰਾਜਬੰਸ ਕੌਰ ਵਾਲੀਆ ਸਾਨੂੰ ਅਰਥ-ਸ਼ਾਸ਼ਤਰ ਪੜ੍ਹਾਉਂਦੇ ਸਨ। ਸਾਨੂੰ ਕਦੇ ਲੇਡੀ ਅਧਿਆਪਕ ਕੋਲ ਪੜ੍ਹਨ ਦਾ ਅਵਸਰ ਨਹੀਂ ਸੀ ਮਿਲਿਆ। ਤਕਰੀਬਨ 95 ਪ੍ਰਤੀਸ਼ਤ ਬੱਚੇ ਕਲਾਸ ਵਿਚ ਅਜਿਹੇ ਸਨ ਜੋ ਰੋਲ ਨੰਬਰ ਆਉਣ ਤੇ ਯੈੱਸ ਸਰ ਬੋਲਦੇ ਸਨ ਕਿਉਂਕਿ ਉਹਨਾਂ ਨੂੰ ਯੈੱਸ ਮੈਡਮ ਬੋਲਣ ਦਾ ਅਭਿਆਸ ਹੀ ਨਹੀਂ ਸੀ। ਮੇਰਾ ਰੋਲ ਨੰਬਰ 338 ਸੀ। ਦੋ ਚਾਰ ਦਿਨਾਂ ਬਾਅਦ ਤੰਗ ਆ ਕੇ ਮੈਡਮ ਨੇ ਸਾਨੂੰ ਕਿਹਾ ਕਿ ਜੋ ਬੱਚੇ ਯੈੱਸ ਮੈਡਮ ਨਹੀਂ ਬੋਲਣਗੇ ਉਹਨਾਂ ਦੀ ਗੈਰ ਹਾਜ਼ਰੀ ਲਗਾ ਦਿੱਤੀ ਜਾਵੇਗੀ। ਕੁਝ ਦਿਨਾਂ ਬਾਅਦ ਸਾਰੇ ਬੱਚਿਆਂ ਨੂੰ ਯੈੱਸ ਮੈਡਮ ਬੋਲਣ ਦੀ ਆਦਤ ਬਣ ਗਈ।

10 ਮਈ 1956, ਦਿਨ ਵੀਰਵਾਰ ਨੂੰ ਤਕਰੀਬਨ 11 ਕੁ ਵਜੇ ਮੈਂ ਉਸ ਬਿਲਡਿੰਗ ਕੋਲ ਖੜ੍ਹਾ ਸੀ ਜਿਥੇ ਹੁਣ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਉਸ ਵੇਲੇ ਇਹ ਸਾਰੀ ਬਿਲਡਿੰਗ ਕੰਟੀਨ ਸੀ ਅਤੇ ਕੰਟੀਨ ਠੇਕੇਦਾਰ ਦਾ ਨਾਂ ਮਲਾਵਾ

ਰਾਮ ਸੀ ਅਤੇ ਇਸ ਨੂੰ ਮਲਾਵਾ ਰਾਮ ਦੀ ਕੰਟੀਨ ਕਹਿੰਦੇ ਸਨ। ਉਸ ਵੇਲੇ ਮੈਂ ਇਕੱਲਾ ਖੜ੍ਹਾ ਸੀ ਕਿ ਇਕ ਰੂਹਾਨੀ ਆਵਾਜ਼ ਮੇਰੇ ਕੰਨਾਂ ਵਿਚ ਪਈ ਅਤੇ ਉਸ ਨੇ ਕਿਹਾ,"ਅਮਰਜੀਤ ਸਿੰਘ ਤੁਸੀਂ ਬਹੁਤ ਵੱਡੇ ਅਫ਼ਸਰ ਬਣਨਾ ਹੈ, ਚੰਗੀ ਤਰ੍ਹਾਂ ਪੜ੍ਹਿਆ ਕਰੋ।" ਮੈਂ ਬਹੁਤ ਹੈਰਾਨ ਹੋਇਆ ਅਤੇ ਆਪਣੇ ਆਲੇ ਦੁਆਲੇ ਦੇਖਣ ਲੱਗਾ ਕਿ ਕਿਸ ਨੇ ਮੈਨੂੰ ਆਵਾਜ਼ ਮਾਰੀ ਹੈ। ਪਰ ਮੇਰੇ ਤੋਂ ਇਲਾਵਾ ਉਥੇ ਹੋਰ ਕੋਈ ਨਹੀਂ ਸੀ। ਇਸ ਆਵਾਜ਼ ਦਾ ਮੇਰੇ ਉਤੇ ਏਨਾ ਅਸਰ ਹੋਇਆ ਕਿ ਜਿਥੇ ਮੈਂ ਖਾਲਸਾ ਸਕੂਲ ਵਿਚ ਜ਼ਿਆਦਾਤਰ ਹਾਜ਼ਰ ਨਹੀਂ ਹੁੰਦਾ ਸੀ, ਕਾਲਜ ਵਿਚ ਰੋਜ਼ਾਨਾ ਜਾਣ ਲੱਗ ਪਿਆ। ਮੈਂ ਪੜ੍ਹਾਈ ਵਿਚ ਪੂਰੀ ਤਰ੍ਹਾਂ ਚੇਤੰਨ ਰਹਿੰਦਾ। ਮੇਰੇ ਕੋਲ ਪੰਜ ਵਿਸ਼ੇ ਸਨ। ਹਰ ਵਿਸ਼ੇ ਲਈ ਮੈਂ ਅਲੱਗ-ਅਲੱਗ ਕਾਪੀ ਲਗਾਈ ਹੋਈ ਸੀ ਅਤੇ ਕਾਪੀਆਂ ਨੂੰ ਇਕ ਫਾਈਲ ਕਵਰ ਵਿਚ ਪਾ ਲੈਂਦਾ ਸੀ। ਚਾਹੇ ਕਲਾਸ ਕਿੰਨੀ ਵੀ ਦੂਰ ਹੋਵੇ ਮੈਂ ਹਰ ਲੈਕਚਰ ਲਗਾਉਣ ਲਈ ਸਮੇਂ ਸਿਰ ਪਹੁੰਚ ਜਾਂਦਾ ਸੀ। ਸਾਲ ਦੇ ਅੰਤ ਵਿਚ ਪ੍ਰੋਫੈਸਰ ਲੈਕਚਰਾਂ ਬਾਰੇ ਦੱਸਦੇ ਸਨ। 200 ਲੈਕਚਰਾਂ ਵਿਚੋਂ ਲਗਭਗ ਮੇਰੇ 198-199 ਲੈਕਚਰ ਹੁੰਦੇ ਸਨ। ਇਸ ਸਮੇਂ ਦੌਰਾਨ ਮੈਨੂੰ ਪ੍ਰੋਫੈਸਰ ਬੀ.ਕੇ. ਕਪੂਰ ਸਭ ਤੋਂ ਵਧੀਆ ਅਤੇ ਪ੍ਰਭਾਵਸ਼ਾਲੀ ਲੱਗੇ। ਕੁਝ ਸਮੇਂ ਵਿਚ ਹੀ ਉਹ ਮੇਰੇ ਹਰਮਨ ਪਿਆਰੇ ਪ੍ਰੋਫੈਸਰ ਬਣ ਗਏ। 101 ਸਾਲ ਦੀ ਉਮਰ ਭੋਗ ਕੇ ਉਹ ਦੁਨੀਆਂ ਤੋਂ ਕੂਚ ਕਰ ਗਏ। ਜੀਵਨ ਦੇ ਆਖਰੀ ਸਾਹਾਂ ਵਿਚ ਮੈਂ ਉਹਨਾਂ ਦੇ ਨਾਲ ਸੀ ਅਤੇ ਮੈਂ ਉਹਨਾਂ ਦੀ ਅਰਥੀ ਨੂੰ ਮੋਢਾ ਵੀ ਦਿੱਤਾ। ਪ੍ਰੋ. ਜਨਕ ਸਿੰਘ ਵੀ ਕਾਫ਼ੀ ਬਿਰਧ ਉਮਰ ਦੇ ਸਨ। ਉਹ ਬਹੁਤ ਸਾਫ਼ ਕੱਪੜੇ ਨਹੀਂ ਪਾਉਂਦੇ ਸਨ। ਰਾਜਬੰਸ ਕੌਰ ਵਾਲੀਆ ਨਵੇਂ ਨਵੇਂ ਐੱਮ.ਏ. ਕਰਕੇ ਆਏ ਸਨ ਅਤੇ ਲੈਕਚਰ ਬੋਲ ਕੇ ਚਲੇ ਜਾਂਦੇ ਸਨ। ਮੈਂ ਐੱਫ.ਏ. 1958 ਵਿਚ ਦਰਮਿਆਨੇ ਜਿਹੇ ਨੰਬਰਾਂ ਨਾਲ ਤੀਜੀ ਡਵੀਜ਼ਨ ਨਾਲ ਪਾਸ ਕੀਤੀ। ਮਈ 1958 ਵਿਚ ਮੈਂ ਬੀ.ਏ. ਵਿਚ ਦਾਖ਼ਲ ਹੋ ਗਿਆ। ਬੀ.ਏ. ਵਿਚ ਇਕ ਵਿਸ਼ਾ ਘੱਟ ਸੀ। ਅੰਗਰੇਜ਼ੀ ਵਿਸ਼ਾ ਬੀ.ਏ. ਵਿਚ ਵੀ ਜ਼ਰੂਰੀ ਸੀ। ਮੈਂ ਅੰਗਰੇਜ਼ੀ ਤੋਂ ਇਲਾਵਾ ਪੋਲੀਟੀਕਲ ਸਾਇੰਸ ਅਤੇ ਅਰਥ-ਸ਼ਾਸ਼ਤਰ ਲਿਆ ਅਤੇ ਪੰਜਾਬੀ ਚੋਣਵਾਂ ਵਿਸ਼ਾ ਲੈ ਲਿਆ। ਬੀ.ਏ. ਭਾਗ ਪਹਿਲੇ ਦੇ ਇਨਾਮੀ ਵੰਡ ਸਮਾਰੋਹ ਦੌਰਾਨ ਮੈਂ ਉਸ ਵੇਲੇ ਬਹੁਤ ਹੈਰਾਨ ਹੋਇਆ, ਜਦੋਂ ਮੈਨੂੰ ਅਰਥ-ਸ਼ਾਸ਼ਤਰ ਵਿਸ਼ੇ ਵਿਚ ਪਹਿਲਾ ਇਨਾਮ ਮਿਲਿਆ। ਮੈਨੂੰ ਆਪਣੇ ਚੰਗੇ ਨੰਬਰ ਆਉਣ ਦੀ ਵੀ ਉਮੀਦ ਨਹੀਂ ਸੀ, ਪਹਿਲੇ ਸਥਾਨ ਤੇ ਆਉਣਾ ਤਾਂ ਦੂਰ ਦੀ ਗੱਲ ਸੀ। ਮੈਨੂੰ ਇਨਾਮ ਵਿਚ ਤਿੰਨ ਕਿਤਾਬਾਂ ਮਿਲੀਆਂ। ਪਰ ਫਸਟ ਆਉਣ ਦਾ ਮੈਨੂੰ ਬਹੁਤ ਨੁਕਸਾਨ ਹੋਇਆ। 1960 ਵਿਚ ਬੀ.ਏ ਭਾਗ ਦੋ ਵਿਚ ਕਾਲਜ ਵਿਚ ਬਹੁਤ ਵੱਡੀ ਹੜਤਾਲ ਹੋਈ। ਇਕ ਮਹੀਨੇ ਤੋਂ ਵੱਧ ਕਲਾਸਾਂ ਨਾ ਲੱਗੀਆਂ। ਉਸ ਵੇਲੇ ਅਮਰਜੀਤ ਸਿੰਘ ਢਿਲੋਂ ਸਟੂਡੈਂਟ ਯੂਨੀਅਨ ਦਾ ਪ੍ਰਧਾਨ ਸੀ ਤੇ ਅਮਰੀਕਾ ਆਦਿ ਰਹਿ ਕੇ ਆਇਆ ਸੀ। ਹੜਤਾਲ ਵਿਚ ਮੁੱਖ ਮੰਗ ਕਾਲਜ ਕੰਟੀਨ ਬਣਾਉਣ ਬਾਰੇ ਅਤੇ ਸਾਈਕਲ ਸਟੈਂਡ ਬਣਾਉਣਾ ਸੀ। ਕਾਲਜ ਵਿਚ ਦਿਨੋਂ ਦਿਨ ਸਾਈਕਲਾਂ ਦੀ ਗਿਣਤੀ ਵੱਧ ਰਹੀ ਸੀ, ਜਿਸ ਕਰਕੇ

ਵਿਦਿਆਰਥੀਆਂ ਨੂੰ ਸਾਈਕਲ ਖੜ੍ਹਾਉਣ ਵਿਚ ਬਹੁਤ ਪਰੇਸ਼ਾਨੀ ਹੋ ਰਹੀ ਸੀ। ਮੈਂ ਸੋਚਿਆ ਕਿ ਅਰਥ-ਸ਼ਾਸ਼ਤਰ ਤਾਂ ਮੈਨੂੰ ਆਉਂਦਾ ਹੀ ਹੈ। ਇਮਤਿਹਾਨ ਵਿਚ 13 ਸਵਾਲ ਆਉਂਦੇ ਸਨ ਜਿਸ ਵਿਚੋਂ ਪੰਜ ਕਰਨੇ ਹੁੰਦੇ ਸਨ। ਮੇਰੇ ਹੰਕਾਰੀ ਮਨ ਨੇ ਕਿਹਾ ਕਿ ਮੈਂ ਕਿਤਾਬ ਦੇ ਪਹਿਲੇ ਭਾਗ ਵਿਚੋਂ ਹੀ ਤਿਆਰੀ ਕਰ ਲੈਂਦਾ ਹਾਂ। ਛੇ ਸਵਾਲ ਹੋਣਗੇ ਜਿਨਾਂ ਵਿਚੋਂ ਪੰਜ ਕਰਨੇ ਹਨ। ਉਸ ਸਮੇਂ ਮੈਂ ਜ਼ੋਖਿਮ ਬਹੁਤ ਲੈਂਦਾ ਸੀ। ਮੈਂ ਅੱਧੀ ਕਿਤਾਬ ਤਿਆਰ ਕਰ ਲਈ, ਮੇਰੇ ਹਿਸਾਬ ਨਾਲ ਮੈਂ ਇਮਤਿਹਾਨ ਦੇਣ ਲਈ ਪੂਰੀ ਤਰ੍ਹਾਂ ਤਿਆਰ ਸੀ। ਪਰ ਹੋਇਆ ਇਸ ਤੋਂ ਉਲਟ, ਇਮਤਿਹਾਨ ਵਿਚ ਕਿਤਾਬ ਦੇ ਪਹਿਲੇ ਹਿੱਸੇ ਵਿਚੋਂ ਬਹੁਤ ਘੱਟ ਸਵਾਲ ਆਏ ਸਨ ਜਦ ਕਿ ਜ਼ਿਆਦਾਤਰ ਸਵਾਲ ਪਿਛਲੇ ਹਿੱਸੇ ਵਿਚੋਂ ਆਏ ਸਨ। ਨਤੀਜਾ ਇਹ ਹੋਇਆ ਕਿ ਮੈਂ ਅਰਥ-ਸ਼ਾਸ਼ਤਰ ਵਿਚੋਂ ਫੇਲ੍ਹ ਹੋ ਗਿਆ। ਅੰਗਰੇਜ਼ੀ ਅਤੇ ਪੋਲੀਟੀਕਲ ਸਾਇੰਸ ਵਿਚ ਮੈਂ ਪਾਸ ਹੋ ਗਿਆ ਪਰ ਓਵਰਆਲ ਮੈਂ ਫੇਲ੍ਹ ਸੀ। ਮੈਨੂੰ ਉਸ ਸਮੇਂ ਬਹੁਤ ਤਕਲੀਫ਼ ਹੋਈ। ਇਸ ਘਟਨਾ ਤੋਂ ਮੈਂ ਇਹ ਸਬਕ ਸਿਖਿਆ ਕਿ ਸਾਰੀ ਕਿਤਾਬ ਪੜ੍ਹ ਕੇ ਹੀ ਦਰਮਿਆਨੀ ਸਮਝ ਆਉਣੀ ਚਾਹੀਦੀ ਹੈ। ਅਗਲੇ ਸਾਲ ਅਪ੍ਰੈਲ ਵਿਚ ਫਿਰ ਇਮਤਿਹਾਨ ਹੋਏ ਅਤੇ ਮੈਂ ਪਾਸ ਹੋ ਗਿਆ। ਮੇਰੇ ਅੰਗਰੇਜ਼ੀ ਵਿਚ 74 ਨੰਬਰ, ਪੋਲੀਟੀਕਲ ਸਾਇੰਸ ਵਿਚ 75 ਅਤੇ ਅਰਥ-ਸ਼ਾਸ਼ਤਰ ਵਿਚ 68 ਨੰਬਰ ਆਏ। ਪੰਜਾਬੀ ਚੋਣਵਾਂ ਵਿਸ਼ਾ ਸੀ ਜਿਸ ਵਿਚੋਂ ਮੇਰੇ 50 ਵਿਚੋਂ 20 ਨੰਬਰ ਆਏ। ਮੈਂ ਪਾਸ ਤਾਂ ਹੋ ਗਿਆ ਪਰ ਮੇਰੀ ਸੈਕਿੰਡ ਡਵੀਜ਼ਨ 13 ਨੰਬਰਾਂ ਤੋਂ ਰਹਿ ਗਈ।

ਮੇਰੇ ਪਿਤਾ ਜੀ ਕਹਿਣ ਲੱਗੇ," ਕਾਕਾ ਬੀ.ਐਡ. ਕਰ ਲੈ। ਮੈਂ ਬੀ.ਐਡ. ਦਾ ਖ਼ਰਚਾ ਹੀ ਦੇ ਸਕਦਾ ਹਾਂ।" ਉਸ ਸਮੇਂ ਬੀ.ਐਡ. ਇਕ ਸਾਲ ਦੀ ਹੁੰਦੀ ਸੀ। ਛੋਟਾ ਭਰਾ ਹਿਸਾਰ ਯੂਨੀਵਰਸਿਟੀ ਵਿਚ ਵੈਟਰਨਰੀ ਸਰਜਰੀ ਕਰ ਰਿਹਾ ਸੀ ਅਤੇ ਪਿਤਾ ਜੀ ਨੇ ਉਸ ਨੂੰ ਵੀ ਖ਼ਰਚਾ ਭੇਜਣਾ ਹੁੰਦਾ ਸੀ। ਸਾਡੇ ਪਿੰਡ ਜ਼ਮੀਨ ਕਾਫ਼ੀ ਸੀ ਪਰ ਆਮਦਨ ਬਹੁਤੀ ਨਹੀਂ ਸੀ। ਪਰਿਵਾਰ ਵੱਡਾ ਸੀ ਪਰ ਪੈਨਸ਼ਨ ਉਹੀ 230 ਰੁਪਏ 10 ਆਨੇ ਅਤੇ 2 ਪੈਸੇ ਮਿਲਦੀ ਸੀ ਜੋ 1949 ਵਿਚ ਲੱਗੀ ਸੀ। ਪਿਤਾ ਜੀ ਆਰਥਿਕ ਤੰਗੀ ਦੇ ਦੌਰ ਵਿਚੋਂ ਲੰਘ ਰਹੇ ਸਨ। ਉਹਨਾਂ ਨੇ ਮੈਨੂੰ ਬੀ.ਐਡ. ਕਰਨ ਲਈ ਕਿਹਾ। ਮੈਂ ਪਿਤਾ ਜੀ ਨੂੰ ਕਿਹਾ ਤੁਸੀਂ ਮੈਨੂੰ ਐੱਮ.ਏ. ਕਰ ਲੈਣ ਦਿਓ, ਮੈਂ ਇਕ ਸਾਲ ਦੇ ਖ਼ਰਚੇ ਵਿਚ ਹੀ ਦੋ ਸਾਲ ਦੀ ਐੱਮ.ਏ. ਕਰ ਲਵਾਂਗਾ।

ਮੈਂ ਐੱਮ.ਏ. ਅੰਗਰੇਜ਼ੀ ਵਿਚ ਦਾਖ਼ਲਾ ਲੈ ਲਿਆ। ਪ੍ਰੋਫੈਸਰ ਕੁਲਦੀਪ ਸਿੰਘ ਬਤਰਾ ਅੰਗਰੇਜ਼ੀ ਦੇ ਹੈੱਡ ਸਨ। ਉਹਨਾਂ ਨੇ ਸਾਨੂੰ ਇਕ ਪੀਰੀਅਡ ਪੜ੍ਹਾਇਆ। ਪ੍ਰੋਫੈਸਰ ਕੁਲਦੀਪ ਸਿੰਘ ਦਰਮਿਆਨੇ ਕੱਦ ਦੇ ਸੁੰਦਰ ਵਿਅਕਤੀ ਸਨ। ਉਹਨਾਂ ਦੀ ਭੂਰੀ ਦਾੜ੍ਹੀ ਮੁੱਛਾਂ ਅਤੇ ਬਿਲੀਆਂ ਅੱਖਾਂ ਸਨ। ਉਹਨਾਂ ਦੀ ਅੰਗਰੇਜ਼ੀ ਵੀ ਕਾਫ਼ੀ ਅੱਛੀ ਸੀ। ਉਹਨਾਂ ਨੇ ਵਿਦਿਆਰਥੀਆਂ ਨੂੰ ਛੁੱਟੀਆਂ ਦੌਰਾਨ 20/30 ਕਿਤਾਬਾਂ ਪੜ੍ਹਨ ਲਈ ਕਿਹਾ।

ਮੇਰਾ ਐੱਮ.ਏ. ਅੰਗਰੇਜ਼ੀ ਕਰਨ ਨੂੰ ਦਿਲ ਤਾਂ ਕਰਦਾ ਸੀ ਪਰ ਮੈਂ ਦੋ ਚੀਜ਼ਾਂ

ਕਰਕੇ ਪਿਛੇ ਹੱਟ ਗਿਆ। ਪਹਿਲਾ ਇਹ ਕਿ ਪਿਤਾ ਜੀ ਕੋਲ ਪੜ੍ਹਾਈ ਦੇ ਖ਼ਰਚੇ ਲਈ ਇੰਨੇ ਪੈਸੇ ਨਹੀਂ ਸਨ। ਦੂਜਾ ਇਹ ਕਿ ਮੈਂ ਹੌਲੀ ਹੌਲੀ ਪੜ੍ਹਦਾ ਸੀ। ਮੈਂ ਆਪਣੇ ਦਿਮਾਗ ਅਤੇ ਤਵੱਜੋਂ ਤੋਂ ਬਹੁਤ ਅੱਗੇ ਦੀ ਗੱਲ ਸਮਝਦਾ ਸੀ। ਮੈਂ ਹਰ ਚੀਜ਼ ਨੂੰ ਹੌਲੀ ਹੌਲੀ ਪੜ੍ਹਦਾ ਅਤੇ ਸਮਝਦਾ ਸੀ। ਮੈਂ ਕੁਝ ਦੇਰ ਬਾਅਦ ਹੀ ਸਮਝ ਲਿਆ ਸੀ ਕਿ ਮੈਂ ਪੋਲੀਟੀਕਲ ਸਾਇੰਸ ਵਿਚ ਐੱਮ.ਏ. ਕਰਾਂਗਾ। ਅਗਲੇ ਹੀ ਦਿਨ ਮੈਂ ਪ੍ਰੋਫੈਸਰ ਬੀ.ਕੇ ਕਪੂਰ ਕੋਲ ਗਿਆ ਅਤੇ ਪੋਲੀਟੀਕਲ ਸਾਇੰਸ ਵਿਚ ਦਾਖ਼ਲਾ ਲੈ ਲਿਆ। ਪ੍ਰੋਫੈਸਰ ਬੀ.ਕੇ ਕਪੂਰ ਮੈਨੂੰ ਕਈ ਸਾਲਾਂ ਤੋਂ ਜਾਣਦੇ ਸਨ, ਉਹਨਾਂ ਨੇ ਮੇਰਾ ਸਵਾਗਤ ਕੀਤਾ ਅਤੇ ਮੈਂ ਉਹਨਾਂ ਦੀ ਸਲਾਹ ਨਾਲ ਐੱਮ.ਏ. ਕੀਤੀ। ਪੂਰੇ ਦੋ ਸਾਲ ਦੇ ਸਮੇਂ ਵਿਚ ਮੈਂ ਸਿਰਫ਼ ਦੋ ਹੀ ਕਿਤਾਬਾਂ ਖ਼ਰੀਦੀਆਂ। ਇਕ ਕਿਤਾਬ ਪ੍ਰੋਫੈਸਰ ਵਰਿਆਮ ਸਿੰਘ ਦੀ ਸੀ ਜੋ 8 ਰੁਪਏ ਵਿਚ ਖ਼ਰੀਦੀ ਅਤੇ ਦੂਜੀ ਕਿਤਾਬ ਇੰਟਰਨੈਸ਼ਲ ਲਾਅ ਦੀ ਸੀ ਜੋ ਪ੍ਰੋਫੈਸਰ ਟੰਡਨ ਦੀ ਸੀ, ਉਹ 10 ਰੁਪਏ ਵਿਚ ਖ਼ਰੀਦੀ। ਇਸ ਤੋਂ ਬਾਅਦ ਮੈਂ ਐੱਮ.ਏ. ਵਿਚ ਕੋਈ ਵੀ ਕਿਤਾਬ ਨਹੀਂ ਖ਼ਰੀਦੀ। ਐੱਮ.ਏ. ਪੜ੍ਹਨ ਵੇਲੇ ਮੈਨੂੰ ਇਕਦਮ ਪ੍ਰੋਫੈਸਰਾਂ ਦੇ ਵਰਤਾਓ ਵਿਚ ਫਰਕ ਜਿਹਾ ਲੱਗਾ। ਉਹ ਸਾਨੂੰ ਵਿਦਿਆਰਥੀ ਘੱਟ ਅਤੇ ਦੋਸਤ ਜ਼ਿਆਦਾ ਸਮਝਦੇ ਸਨ। ਇਕ ਨਵੇਂ ਪ੍ਰੋਫੈਸਰ, ਪ੍ਰੋਫੈਸਰ ਹਰਬਖਸ਼ ਸਿੰਘ ਨਾਲ ਮੇਰਾ ਬਹੁਤ ਪਿਆਰ ਵੱਧ ਗਿਆ। ਉਹਨਾਂ ਦੀ ਪਤਨੀ ਸਾਨੂੰ ਐੱਫ.ਏ. ਅਤੇ ਬੀ.ਏ ਵਿਚ ਅਰਥ-ਸ਼ਾਸ਼ਤਰ ਪੜ੍ਹਾਉਂਦੇ ਸਨ। ਪ੍ਰੋਫੈਸਰ ਹਰਬਖਸ਼ ਸਿੰਘ ਦੀ ਸਮਾਜਿਕ ਜ਼ਿੰਦਗੀ ਕਾਫ਼ੀ ਅੱਛੀ ਸੀ ਤੇ ਉਹਨਾਂ ਦਾ ਪਹਿਰਾਵਾ ਬਹੁਤ ਵਧੀਆ ਹੁੰਦਾ ਸੀ। ਉਹ ਘਰੋਂ ਵੀ ਰੱਜੇ ਪੁੱਜੇ ਪਰਿਵਾਰ ਤੋਂ ਸੀ। ਉਹਨਾਂ ਕੋਲ ਵਧੀਆ ਮੋਟਰ ਸਾਈਕਲ ਅਤੇ ਕਾਰ ਸੀ। ਜਦੋਂ ਵੀ ਅਸੀਂ ਉਹਨਾਂ ਨੂੰ ਚਾਹ ਪਿਆਉਣ ਲਈ ਕਹਿਣਾ ਤਾਂ ਉਹ ਸਾਨੂੰ ਕੰਟੀਨ ਲਿਜਾ ਕੇ ਚਾਹ ਆਦਿ ਪਿਲਾਉਂਦੇ ਸਨ ਪਰ ਉਹ ਪ੍ਰੋਫੈਸਰ ਬੀ.ਕੇ. ਕਪੂਰ ਜਿੰਨੇ ਗੰਭੀਰ ਨਹੀਂ ਸਨ। ਇਕ ਹੋਰ ਪ੍ਰੋਫੈਸਰ, ਪ੍ਰੋਫੈਸਰ ਕੇ.ਸੀ. ਖੰਨਾ ਜੋ ਮੇਰੇ ਪਸੰਦੀਦਾ ਅਧਿਆਪਕ ਸਨ। ਉਹ ਸਾਡੀ ਐੱਮ.ਏ. ਦੌਰਾਨ ਮਹਿੰਦਰਾ ਕਾਲਜ, ਪਟਿਆਲਾ ਤੋਂ ਕਿਸੇ ਹੋਰ ਕਾਲਜ ਵਿਚ ਚਲੇ ਗਏ ਸਨ। ਬਾਕੀ ਪ੍ਰੋਫੈਸਰਾਂ ਨਾਲ ਸਾਡਾ ਰਾਬਤਾ ਜ਼ਿਆਦਾ ਨਹੀਂ ਸੀ। ਪ੍ਰੋਫੈਸਰ ਬੀ.ਕੇ. ਕਪੂਰ ਨਾਲ ਤਾਂ ਸਾਡਾ ਪਰਿਵਾਰਕ ਤੌਰ ਤੇ ਵੀ ਆਉਣਾ ਜਾਣਾ ਸੀ। ਫੌਜ ਵਿਚ ਜਾ ਕੇ ਵੀ ਮੈਂ ਪ੍ਰੋਫੈਸਰ ਕਪੂਰ ਅਤੇ ਪ੍ਰੋਫੈਸਰ ਹਰਬਖਸ਼ ਸਿੰਘ ਨੂੰ ਜ਼ਰੂਰ ਮਿਲਦਾ ਸੀ।

ਪ੍ਰੋਫੈਸਰ ਕਪੂਰ ਮੇਰੇ ਸਭ ਤੋਂ ਵੱਧ ਹਰਮਨ ਪਿਆਰੇ ਅਧਿਆਪਕ ਰਹੇ। ਉਹਨਾਂ ਵਿਚ ਦੇਸ਼ ਭਗਤੀ ਦੀ ਭਾਵਨਾ ਬਹੁਤ ਸੀ। ਗਰਮੀਆਂ ਦੇ ਮਹੀਨਿਆਂ ਵਿਚ ਉਹ ਖੱਦਰ ਦਾ ਇਕ ਚਿੱਟਾ ਬੁਸ਼ਟ-ਸ਼ਰਟ ਅਤੇ ਚਿੱਟੇ ਰੰਗ ਦੀ ਪੈਂਟ ਪਾਉਂਦੇ ਸਨ। ਸਰਦੀਆਂ ਵਿਚ ਉਹਨਾਂ ਕੋਲ ਜ਼ਿਆਦਾ ਕੱਪੜੇ ਨਹੀਂ ਹੁੰਦੇ ਸਨ। ਪਰ ਜੋ ਵੀ ਪਾਉਂਦੇ ਸੀ ਬਹੁਤ ਸਾਫ਼ ਪਾਉਂਦੇ ਸਨ। ਉਹਨਾਂ ਦਾ ਘਰ 90 ਸੀ. ਮਾਡਲ ਟਾਊਨ, ਪਟਿਆਲਾ ਵਿਖੇ ਸੀ। ਮੈਨੂੰ ਆਪਣੇ ਪਰਿਵਾਰ ਨਾਲ ਉਹਨਾਂ ਦੇ ਘਰ ਜਾਣ ਦਾ ਕਈ ਵਾਰ ਮੌਕਾ ਮਿਲਿਆ। ਉਹਨਾਂ ਨੂੰ ਗੁਲਾਬ ਦਾ ਫੁੱਲ ਬਹੁਤ ਪਸੰਦ ਸੀ, ਇਸ ਲਈ

ਉਹਨਾਂ ਦੇ ਘਰ ਬਹੁਤ ਗੁਲਾਬ ਦੇ ਫੁੱਲ ਲੱਗੇ ਹੋਏ ਸਨ। ਪ੍ਰੋਫੈਸਰ ਬੀ.ਕੇ. ਕਪੂਰ ਬਹੁਤ ਗੰਭੀਰ ਵਿਅਕਤੀ ਸਨ। ਗਰਮੀਆਂ ਦੇ ਦਿਨਾਂ ਵਿਚ ਉਹਨਾਂ ਦੀ ਜੇਬ ਵਿਚੋਂ ਇਕ ਰੁਪਏ ਦਾ ਨੋਟ ਦਿੱਸਦਾ ਹੁੰਦਾ ਸੀ। ਉਹ ਸਾਈਕਲ 'ਤੇ ਹੀ ਆਉਂਦੇ ਸਨ। ਉਹਨਾਂ ਦੀ ਘਰਵਾਲੀ ਨਿਰਮਲ, ਕੋਈ ਨੌਕਰੀ ਆਦਿ ਨਹੀਂ ਕਰਦੀ ਸੀ। ਉਹ ਸਾਨੂੰ ਪੂਰੇ 40 ਮਿੰਟ ਪੜ੍ਹਾਉਂਦੇ ਸਨ। ਉਹ ਆਪਣੇ ਨਾਲ ਮੇਨ ਪੁਆਇੰਟ ਦੀਆਂ ਸਲਿਪਾਂ ਬਣਾ ਕੇ ਆਪਣੇ ਨਾਲ ਲੈ ਕੇ ਆਉਂਦੇ ਸਨ ਤਾਂ ਕਿ ਕੋਈ ਪੁਆਇੰਟ ਪੜ੍ਹਾਉਣ ਤੋਂ ਨਾ ਰਹਿ ਜਾਵੇ। ਮੇਰੇ ਤੇ ਪ੍ਰੋਫੈਸਰ ਕਪੂਰ ਦਾ ਏਨਾ ਪ੍ਰਭਾਵ ਸੀ ਕਿ ਮੈਂ ਵੀ ਜਦੋਂ ਪ੍ਰੋਫੈਸਰ ਰਿਹਾ (1971-74) ਤਾਂ ਮੈਂ ਵਿਦਿਆਰਥੀਆਂ ਨੂੰ ਪੜ੍ਹਾਉਣ ਦਾ ਇਹੀ ਢੰਗ ਅਪਣਾਉਂਦਾ ਸੀ। ਫਰਕ ਸਿਰਫ਼ ਇਹ ਸੀ ਕਿ ਮੈਂ ਤਕਰੀਬਨ 30 ਮਿੰਟ ਪੜ੍ਹਾਉਂਦਾ ਸੀ ਅਤੇ ਉਸ ਤੋਂ ਬਾਅਦ ਮੇਨ ਪੁਆਇੰਟ ਬਲੈਕ ਬੋਰਡ ਤੇ ਬੱਚਿਆਂ ਨੂੰ ਰਿਵਾਇਜ਼ ਕਰਵਾਉਂਦਾ ਸੀ। ਸ਼ਾਇਦ ਮੈਂ ਇਕੱਲਾ ਪੋਲੀਟਿਕਲ ਸਾਇੰਸ ਦਾ ਪ੍ਰੋਫੈਸਰ ਸੀ, ਜੋ ਬੋਰਡ ਤੇ ਲਿਖ ਕੇ ਪੜ੍ਹਾਉਂਦਾ ਸੀ। ਬਾਅਦ ਵਿਚ ਰਿਵਾਈਜ਼ ਕਰਨ ਲਈ ਮੈਂ ਵਿਦਿਆਰਥੀਆਂ ਦਾ ਧਿਆਨ ਬਲੈਕ ਬੋਰਡ ਵੱਲ ਲੈ ਜਾਂਦਾ ਤੇ ਇਕੱਲੀ ਇਕੱਲੀ ਚੀਜ਼ ਨੂੰ ਪੜ੍ਹ ਕੇ ਦੱਸਦਾ ਸੀ। ਪ੍ਰੋਫੈਸਰ ਕਪੂਰ ਵਿਚ ਦੇਸ਼ ਭਗਤੀ ਦਾ ਬਹੁਤ ਜਜ਼ਬਾ ਸੀ। ਉਹ ਮਹਾਤਮਾ ਗਾਂਧੀ ਦੇ ਅਸਰ ਹੇਠ ਸਨ। ਪ੍ਰੋਫੈਸਰ ਕਪੂਰ ਅਤੇ ਪ੍ਰੋਫੈਸਰ ਓਮ ਪ੍ਰਕਾਸ਼ ਗਰਗ (ਅਰਥ-ਸ਼ਾਸਤਰ) ਅਜੇ ਵੀ ਖੱਦਰ ਦੇ ਕੱਪੜੇ ਹੀ ਪਾਉਂਦੇ ਸਨ। ਪ੍ਰੋਫੈਸਰ ਕਪੂਰ ਕੁਝ ਸਾਲ ਪਹਿਲਾਂ ਹੀ 101 ਸਾਲ ਦੀ ਉਮਰ ਵਿਚ ਸੁਰਗਵਾਸ ਹੋਏ ਹਨ। ਉਹਨਾਂ ਦੇ ਲੜਕੇ ਉਹਨਾਂ ਦੀ ਮੌਤ ਤੇ ਵਿਦੇਸ਼ ਤੋਂ ਭਾਰਤ ਨਾ ਆ ਸਕੇ। ਮੈਂ ਅਤੇ ਉਹਨਾਂ ਦਾ ਇਕ ਹੋਰ ਵਿਦਿਆਰਥੀ ਪ੍ਰੋਫੈਸਰ ਅਭਿਮਨਿਯੂ ਖੰਨਾ ਨੇ ਉਹਨਾਂ ਦੀ ਅਰਥੀ ਨੂੰ ਮੋਢਾ ਦਿੱਤਾ। ਮੈਂ ਵੀ ਜੀਵਨ ਵਿਚ ਜੋ ਕੰਮ ਕੀਤਾ ਪ੍ਰੋਫੈਸਰ ਕਪੂਰ ਵਾਂਗ ਗੰਭੀਰਤਾ ਨਾਲ ਕੀਤਾ।

ਐਮ.ਏ. ਭਾਗ ਪਹਿਲਾ ਅਸੀਂ ਪੰਜਾਬ ਯੂਨੀਵਰਸਿਟੀ ਤੋਂ ਕੀਤੀ। ਸਾਡੀ ਕਲਾਸ ਵਿਚ ਗਿਆਰਾਂ ਵਿਦਿਆਰਥੀ ਸਨ। ਸਾਡੀ ਕਲਾਸ ਵਿਚ ਸਿਰਫ਼ ਦੋ ਹੀ ਸੈਕਿੰਡ ਡਵੀਜ਼ਨਾਂ ਆਈਆਂ। ਇਕ ਲੜਕੀ ਅਪਰਾਜਿਤਾ ਜਿਸ ਦੇ 222 ਨੰਬਰ ਆਏ ਅਤੇ ਦੂਜਾ ਮੈਂ ਜਿਸ ਦੇ 202 ਨੰਬਰ ਆਏ। ਉਸ ਸਮੇਂ ਸੈਕਿੰਡ ਡਵੀਜ਼ਨ ਦੀ ਬਹੁਤ ਅਹਿਮੀਅਤ ਹੁੰਦੀ ਸੀ। ਪ੍ਰੋਫੈਸਰ ਲੋਕ ਵੀ ਸੈਕਿੰਡ ਡਵੀਜ਼ਨ ਵਾਲੇ ਵਿਦਿਆਰਥੀ ਨੂੰ ਆਪਣੇ ਸਾਥੀ ਵਾਂਗ ਹੀ ਸਮਝਦੇ ਸਨ।

ਮੈਂ, ਪ੍ਰੋਫੈਸਰ ਕਪੂਰ ਅਤੇ ਪ੍ਰੋਫੈਸਰ ਹਰਬਖਸ਼ ਸਿੰਘ ਤੋਂ ਹਮੇਸ਼ਾ ਹੀ ਕੁਝ ਨਾ ਕੁਝ ਪੁੱਛਣ ਚਲਾ ਜਾਂਦਾ ਸੀ। ਉਹ ਮੈਨੂੰ ਦੋਸਤਾਂ ਵਾਂਗ ਆਪਣੇ ਨਾਲ ਬਿਠਾ ਕੇ ਗੱਲਾਂ ਕਰਦੇ ਸੀ। ਮਈ 1962 ਵਿਚ ਐਮ.ਏ. ਫਾਈਨਲ ਦੀਆਂ ਕਲਾਸਾਂ ਸ਼ੁਰੂ ਹੋਈਆਂ, ਜਿਸ ਵਿਚ 8 ਵਿਦਿਆਰਥੀ ਹੀ ਰਹਿ ਗਏ ਸਨ। ਚਾਰ ਲੜਕੀਆਂ ਅਤੇ ਚਾਰ ਲੜਕੇ। ਨਵੰਬਰ 1962 ਵਿਚ ਭਾਰਤ ਦੀ ਚੀਨ ਨਾਲ ਲੜਾਈ ਛਿੜ ਗਈ ਅਤੇ ਭਾਰਤ ਬੁਰੀ ਤਰ੍ਹਾਂ ਹਾਰ ਗਿਆ। ਮੇਰੇ 'ਤੇ ਪਹਿਲਾਂ ਤੋਂ ਹੀ ਦੇਸ਼ ਭਗਤੀ ਦਾ ਬਹੁਤ

ਪ੍ਰਭਾਵ ਸੀ। ਮੈਂ ਨਿੱਜੀ ਤੌਰ ਤੇ ਦੁੱਖੀ ਮਹਿਸੂਸ ਕਰਦਾ ਸੀ। ਉਸ ਵੇਲੇ ਮੇਰੀ ਸੋਚ ਸੀ ਕਿ ਇਸ ਵੇਲੇ ਦੇਸ਼ ਨੂੰ ਬਹਾਦਰ ਨੌਜ਼ਵਾਨਾਂ ਦੀ ਲੋੜ ਹੈ। ਸਾਡੀ ਭਾਰਤੀ ਫੌਜ ਚੀਨ ਦੀ ਫੌਜ ਤੋਂ ਬੁਰੀ ਤਰ੍ਹਾਂ ਹਾਰ ਗਈ। ਇਹਨਾਂ ਦਿਨਾਂ ਵਿਚ ਤਕਰੀਬਨ ਦਸੰਬਰ ਦੇ ਪਹਿਲੇ ਹਫ਼ਤੇ ਵਿਚ ਮੈਂ ਪ੍ਰੋਫੈਸਰ ਹਰਬਖਸ਼ ਸਿੰਘ ਕੋਲ ਸਟਾਫ ਰੂਮ ਵਿਚ ਕੁਝ ਪੁੱਛਣ ਲਈ ਗਿਆ। ਉਹਨਾਂ ਕੋਲ ਕੋਈ ਪੁਰਾਣੇ ਦੋਸਤ ਆਏ ਹੋਏ ਸਨ। ਉਹਨਾਂ ਦਾ ਪਹਿਰਾਵਾ ਫੌਜੀ ਅਫ਼ਸਰਾਂ ਵਰਗਾ ਸੀ। ਉਹ ਪ੍ਰੋਫੈਸਰ ਹਰਬਖਸ਼ ਸਿੰਘ ਨੂੰ ਕਹਿਣ ਲੱਗੇ ਕਿ ਜਦੋਂ ਅਸੀਂ ਪੜ੍ਹਦੇ ਸੀ ਤਾਂ ਦੂਜੀ ਸੰਸਾਰ ਜੰਗ ਛਿੜ ਗਈ। ਕੁਝ ਨੌਜੁਆਨ ਜੋ ਪੜ੍ਹਨ ਵਿਚ ਬਹੁਤ ਹੁਸ਼ਿਆਰ ਸਨ, ਸੋਚਦੇ ਸਨ ਕਿ ਸਾਨੂੰ ਫੌਜ ਵਿਚ ਜਾਣ ਦੀ ਕੀ ਲੋੜ ਹੈ। ਸਾਡੇ ਨੰਬਰ ਵੈਸੇ ਹੀ ਬਹੁਤ ਚੰਗੇ ਹਨ, ਸਾਨੂੰ ਤਾਂ ਨੌਕਰੀ ਮਿਲ ਹੀ ਜਾਣੀ ਹੈ। ਜਿਹਨਾਂ ਨੇ ਫੌਜ ਦੀ ਨੌਕਰੀ ਜਾਇਨ ਕੀਤੀ ਸੀ, ਉਹ ਲੜਾਈ ਲੱਗਣ ਤੱਕ ਫੌਜ ਵਿਚ ਰਹੇ ਅਤੇ ਲੜਾਈ ਖਤਮ ਹੋਣ ਤੋਂ ਬਾਅਦ ਫੌਜ ਵਿਚੋਂ ਆ ਗਏ। ਲੜਾਈ ਲੱਗਣ ਕਾਰਨ ਅੰਗਰੇਜ਼ ਸਰਕਾਰ ਨੇ ਸਿਵਿਲ ਮਹਿਕਮਿਆਂ ਦੀ ਭਰਤੀ ਬੰਦ ਕਰ ਦਿੱਤੀ ਸੀ। ਲੜਾਈ ਬੰਦ ਹੋਣ ਸਾਰ ਫੌਜ ਦੀ ਗਿਣਤੀ ਘਟਾ ਦਿੱਤੀ ਅਤੇ ਸਿਵਿਲ ਵਿਚ ਖਾਲੀ ਪਈਆਂ ਅਸਾਮੀਆਂ ਦਾ ਇਸ਼ਤਿਹਾਰ ਦਿੱਤਾ ਗਿਆ ਅਤੇ ਫੌਜ ਤੋਂ ਆਏ ਹੋਏ ਅਫ਼ਸਰਾਂ ਲਈ ਅਸਾਮੀਆਂ ਰਾਖਵੀਆਂ ਰੱਖੀਆਂ ਗਈਆਂ। ਜਿਹੜੇ ਵਿਦਿਆਰਥੀ ਇਹ ਸੋਚਦੇ ਸਨ ਕਿ ਸਾਡੇ ਨੰਬਰ ਬਹੁਤ ਚੰਗੇ ਹਨ ਅਤੇ ਸਾਨੂੰ ਨੌਕਰੀ ਮਿਲ ਹੀ ਜਾਣੀ ਹੈ, ਉਹ ਸਾਲਾਂ ਬੱਧੀ ਵਿਹਲੇ ਘਰ ਵਿਚ ਹੀ ਬੈਠੇ ਰਹੇ। ਜੋ ਵਿਦਿਆਰਥੀ ਫੌਜ ਵਿਚ ਗਏ ਸਨ, ਉਹਨਾਂ ਨੇ ਪਹਿਲਾਂ ਉਥੇ ਤਜ਼ਰਬਾ ਅਤੇ ਆਮਦਨ ਹਾਸਲ ਕੀਤੀ ਅਤੇ ਫਿਰ ਸਭ ਤੋਂ ਪਹਿਲਾਂ ਸਿਵਿਲ ਨੌਕਰੀ ਵੀ ਉਹਨਾਂ ਨੂੰ ਹੀ ਮਿਲੀ। ਉਹੀ ਵਿਦਿਆਰਥੀ ਸਾਡੀ ਕਲਾਸ ਦੇ ਸਭ ਤੋਂ ਸਿਆਣੇ ਸਨ।

ਮੈਂ ਆਪਣੇ ਮਨ ਵਿਚ ਸੋਚਿਆ ਕਿ ਰੱਬ ਜੀ ਨੇ ਮੈਨੂੰ ਇਹ ਸੁਨੇਹਾ ਭੇਜਿਆ ਹੈ। ਮੈਂ ਵੀ ਫੌਜ ਵਿਚ ਜਾਣ ਬਾਰੇ ਸੋਚਣ ਲੱਗ ਪਿਆ। ਫੌਜ ਵਿਚ ਭਰਤੀ ਲਈ ਉਸ ਵੇਲੇ 20 ਤੋਂ 35 ਸਾਲ ਦੀ ਉਮਰ ਲੋੜੀਂਦੀ ਸੀ। ਮੈਂ ਅਜੇ 20 ਸਾਲ ਦਾ ਵੀ ਨਹੀਂ ਹੋਇਆ ਸੀ। 13 ਜਨਵਰੀ 1963 ਨੂੰ ਮੈਂ 20 ਸਾਲ ਦਾ ਹੋ ਗਿਆ। ਮੈਂ ਸਵੇਰੇ 9 ਵਜੇ ਆਰਮੀ ਹੈਡਕੁਆਰਟਰ ਮਾਲ ਰੋਡ, ਪਟਿਆਲਾ ਦੀ ਬਿਲਡਿੰਗ ਵਿਚ ਪਹੁੰਚ ਗਿਆ ਅਤੇ ਭਰਤੀ ਲਈ ਫਾਰਮ ਮੰਗਿਆ। ਉਥੇ ਇਕ ਕੈਪਟਨ ਫਾਰਮ ਵੰਡ ਰਿਹਾ ਸੀ। ਉਸ ਨੇ ਮੈਨੂੰ ਪੁੱਛਿਆ ਕਿ ਮੈਂ ਕੀ ਕਰ ਰਿਹਾ ਹਾਂ। ਮੈਂ ਦੱਸਿਆ ਕਿ ਮੈਂ ਐੱਮ.ਏ. ਕਰ ਰਿਹਾ ਹਾਂ। ਪਿਤਾ ਜੀ ਬਾਰੇ ਪੁੱਛਣ ਤੇ ਮੈਂ ਦੱਸਿਆ ਕਿ ਮੇਰੇ ਪਿਤਾ ਜੀ ਆਰਮੀ ਤੋਂ ਮੇਜਰ ਰਿਟਾਇਰਡ ਹਨ। ਮੈਂ ਫਾਰਮ ਭਰ ਕੇ ਦੇ ਦਿੱਤਾ। 20 ਮਾਰਚ ਨੂੰ ਮੈਨੂੰ ਸੰਗਰੂਰ ਵਿਖੇ ਮੁੱਢਲੀ ਇੰਟਰਵਿਊ ਲਈ ਬੁਲਾਇਆ ਗਿਆ ਅਤੇ ਮੈਂ ਉਸ ਵਿਚ ਸਿਲੈਕਟ ਹੋ ਗਿਆ।

ਮਾਰਚ ਦੇ ਆਖੀਰ ਵਿਚ ਮੈਨੂੰ ਖਸਰਾ ਹੋ ਗਿਆ। 16 ਅਪ੍ਰੈਲ ਨੂੰ ਮੈਨੂੰ ਫਾਈਨਲ ਇੰਟਰਵਿਊ ਲਈ ਮੇਰਠ ਬੁਲਾਇਆ ਗਿਆ। ਸਿਹਤ ਚੰਗੀ ਨਾ ਹੋਣ

ਕਰਕੇ ਮੈਂ ਜਾ ਨਾ ਸਕਿਆ ਅਤੇ ਮੈਡੀਕਲ ਸਰਟੀਫਿਕੇਟ ਭੇਜ ਦਿੱਤਾ। ਇੰਨੇ ਨੂੰ ਮੇਰੀ ਐੱਮ.ਏ ਵੀ ਹੋ ਗਈ। ਜੁਲਾਈ ਤੱਕ ਮੈਨੂੰ ਇੰਟਰਵਿਊ ਲਈ ਕੋਈ ਚਿੱਠੀ ਨਹੀਂ ਆਈ। ਮੈਂ ਲਿਖ ਕੇ ਦੇ ਦਿੱਤਾ ਕਿ ਮੇਰੀ ਸਿਹਤ ਹੁਣ ਤੰਦਰੁਸਤ ਹੈ ਅਤੇ ਮੈਨੂੰ ਇੰਟਰਵਿਊ ਲਈ ਬੁਲਾਇਆ ਜਾਵੇ। ਅਗਸਤ ਦੇ ਮਹੀਨੇ ਵਿਚ ਮੇਰੀ ਇੰਟਰਵਿਊ ਹੋਈ ਅਤੇ ਮੈਂ ਸਿਲੈਕਟ ਹੋ ਗਿਆ। ਮੇਰੀ ਟ੍ਰੇਨਿੰਗ, ਅਫ਼ਸਰ ਟ੍ਰੇਨਿੰਗ ਸਕੂਲ, ਪੂਨਾ ਵਿਖੇ 15 ਅਕਤੂਬਰ 1963 ਨੂੰ ਸ਼ੁਰੂ ਹੋ ਗਈ। ਇਹ ਟ੍ਰੇਨਿੰਗ 2 ਮਈ 1964 ਨੂੰ ਖ਼ਤਮ ਹੋ ਗਈ ਅਤੇ 3 ਮਈ 1964 ਨੂੰ ਮੈਂ ਕਮਿਸ਼ੰਡ ਅਫ਼ਸਰ ਬਣ ਗਿਆ ਅਤੇ ਮੇਰਾ ਰੈਂਕ ਸੈਕਿੰਡ ਲਫਟੈਣ ਹੋ ਗਿਆ।

ਮੇਰੇ ਪੜ੍ਹਣ ਦਾ ਤਰੀਕਾ ਦੂਜੇ ਵਿਦਿਆਰਥੀਆਂ ਨਾਲੋਂ ਬਿਲਕੁਲ ਅਲੱਗ ਸੀ। ਮੈਂ ਬੀ.ਏ. ਅਤੇ ਐੱਮ.ਏ ਵਿਚ ਅੰਗਰੇਜ਼ੀ ਮਾਧਿਅਮ ਰੱਖਿਆ। ਮੈਂ ਖ਼ਾਲਸਾ ਸਕੂਲ ਤੋਂ ਪੜ੍ਹਿਆ ਸੀ ਅਤੇ ਅੰਗਰੇਜ਼ੀ ਇੰਨੀ ਅੱਛੀ ਨਹੀਂ ਸੀ। ਮੈਂ ਅੰਗਰੇਜ਼ੀ ਮਾਧਿਅਮ ਵਿਚ ਪੜ੍ਹਨਾ ਚਾਹੁੰਦਾ ਸੀ, ਜਿਸ ਨੇ ਜੀਵਨ ਵਿਚ ਮੇਰੀ ਬਹੁਤ ਮੱਦਦ ਕੀਤੀ।

ਐੱਮ.ਏ. ਵਿਚ ਮੈਨੂੰ ਸਮਝ ਆ ਗਿਆ ਸੀ ਕਿ ਜੋ ਪ੍ਰੋਫੈਸਰ ਬੋਲਦੇ ਹਨ ਮੈਂ ਉਸ ਦੇ ਮੇਨ ਪੁਆਇੰਟ ਕਾਪੀ ਤੇ ਉਤਾਰ ਲੈਂਦਾ ਸੀ। ਉਹ ਵਿਦਵਾਨਾਂ ਦੀਆਂ ਕਿਤਾਬਾਂ ਦਾ ਹਵਾਲਾ ਦਿੰਦੇ ਸਨ। ਮੈਂ ਲਾਇਬ੍ਰੇਰੀ ਵਿਚੋਂ ਉਹਨਾਂ ਵਿਦਵਾਨਾਂ ਦੀਆਂ ਕਿਤਾਬਾਂ ਕਢਵਾ ਲੈਂਦਾ ਸੀ। ਇਸ ਤਰ੍ਹਾਂ ਦੋ ਤਿੰਨ ਦਿਨਾਂ ਦੀ ਮਿਹਨਤ ਨਾਲ ਪੂਰਾ ਪਾਠ ਤਿਆਰ ਕਰ ਲੈਂਦਾ ਸੀ। ਉਸ ਵਿਚ ਅੱਧੀ ਮਿਹਨਤ ਪ੍ਰੋਫੈਸਰ ਕਪੂਰ ਦੀ ਹੁੰਦੀ ਅਤੇ ਅੱਧੀ ਮਿਹਨਤ ਮੈਂ ਆਪ ਕਰਦਾ ਸੀ। ਮੈਂ ਵਿਦਵਾਨਾਂ ਦੀ ਭਾਸ਼ਾ ਉਹਨਾਂ ਦੀਆਂ ਕਿਤਾਬਾਂ ਵਿਚੋਂ ਲਿਖ ਲੈਂਦਾ ਸੀ। ਐੱਮ.ਏ. ਤੱਕ ਮੈਂ ਪਟਿਆਲੇ ਆਪਣੇ ਘਰ ਇਕੱਲਾ ਹੀ ਰਹਿ ਗਿਆ। ਵੱਡੀਆਂ ਭੈਣਾਂ ਵਿਆਹ ਪਿੱਛੋਂ ਆਪੋ ਆਪਣੇ ਘਰੀਂ ਚੱਲੀਆਂ ਗਈਆਂ। ਛੋਟਾ ਭਰਾ ਹਿਸਾਰ ਯੂਨੀਵਰਸਿਟੀ ਤੋਂ ਵੈਟਰਨਰੀ ਸਰਜਰੀ ਕਰ ਰਿਹਾ ਸੀ। ਉਸ ਤੋਂ ਛੋਟੇ ਦੋ ਭਰਾ ਅਤੇ ਇਕ ਭੈਣ ਪਿੰਡ ਰਹਿੰਦੇ ਸਨ। ਤੋਪਖਾਨੇ ਗੇਟ ਵਾਲੇ ਘਰ ਨੂੰ ਮੈਂ ਇਕੱਲਾ ਹੀ ਸਾਂਭ ਰਿਹਾ ਸੀ। ਪਿਤਾ ਜੀ ਹਰ ਮਹੀਨੇ ਇਕ ਤਰੀਕ ਨੂੰ ਪਟਿਆਲੇ ਪੈਨਸ਼ਨ ਲੈਣ ਆਉਂਦੇ ਅਤੇ ਮੈਨੂੰ ਮਹੀਨੇ ਦਾ 60 ਰੁਪਏ ਖ਼ਰਚਾ ਦੇ ਕੇ ਜਾਂਦੇ ਸਨ। ਮੈਂ ਸਾਰਾ ਹਿਸਾਬ ਕਿਤਾਬ ਬਚਪਨ ਤੋਂ ਹੀ ਲਿਖਣਾ ਸਿਖ ਲਿਆ ਸੀ। ਇਕ ਮਹੀਨੇ ਪਿਤਾ ਜੀ ਕਹਿਣ ਲੱਗੇ ਕਿ ਮੈਂ ਬਹੁਤ ਔਖਾ ਹਾਂ, ਖ਼ਰਚੇ ਬਹੁਤ ਹਨ। ਉਹ ਮੈਨੂੰ 40 ਰੁਪਏ ਦੇ ਗਏ। ਮੈਂ ਸੋਚਿਆ ਕਿ ਇੰਨੇ ਵੱਡੇ ਘਰ ਵਿਚ ਮੈਂ ਇਕੱਲਾ ਹੀ ਰਹਿੰਦਾ ਹਾਂ। ਮੈਂ ਇਕ ਕਮਰਾ 20 ਰੁਪਏ ਮਹੀਨਾ ਕਿਰਾਏ ਤੇ ਦੇ ਦਿੱਤਾ। ਉਹ ਕਿਰਾਏਦਾਰ ਸਾਡਾ ਦੋਸਤ ਵੀ ਬਣ ਗਿਆ ਅਤੇ ਬਾਅਦ ਵਿਚ ਫੌਜ ਵਿਚੋਂ ਬਤੌਰ ਕਰਨਲ ਰਿਟਾਇਰ ਹੋਇਆ।

ਮੈਂ ਸਵੇਰ ਦਾ ਨਾਸ਼ਤਾ ਆਪ ਬਣਾਉਂਦਾ ਸੀ। ਦੁਪਹਿਰ ਦੀ ਰੋਟੀ ਕਾਲਜ ਤੋਂ ਆਉਂਦਿਆਂ ਰਾਹ ਵਿਚ ਸਾਡੇ ਘਰ ਦੇ ਨਜ਼ਦੀਕ ਹੀ ਇਕ ਗ੍ਰੈਂਡ ਹੋਟਲ ਨਾਮੀ ਢਾਬੇ ਤੇ

ਖਾਂਦਾ ਸੀ। ਇਹ ਢਾਬਾ ਮੇਰੇ ਘਰ ਅਤੇ ਮਹਿੰਦਰਾ ਕਾਲਜ ਦੇ ਵਿਚਾਲੇ ਕੜਾਹ ਚੌਕ ਦੇ ਪਾਸ ਸੀ। ਅਕਸਰ ਪਿੰਡ ਤੋਂ ਦੇਸੀ ਘਿਓ ਆ ਜਾਂਦਾ ਸੀ। ਸ਼ਾਮ ਨੂੰ ਰੋਟੀ ਖਾਣ ਵੇਲੇ ਕੁਝ ਘਿਓ ਮੈਂ ਦਾਲ ਸਬਜ਼ੀ ਵਿਚ ਪਾਉਣ ਲਈ ਘਰੋਂ ਲੈ ਜਾਂਦਾ ਸੀ। ਦੁਪਹਿਰੇ 12 ਕੁ ਵਜੇ ਮੈਂ ਘਰੇ ਆ ਜਾਂਦਾ ਸੀ। ਘਰ ਆਉਣ ਤੋਂ ਪਹਿਲਾਂ ਮੈਂ ਰਾਹ ਵਿਚ ਰੋਟੀ ਖਾ ਲਈ ਹੁੰਦੀ ਸੀ। ਉਸ ਵੇਲੇ ਮੇਰੇ ਕੁਝ ਦੋਸਤ ਵੀ ਮੇਰੇ ਘਰ ਆ ਜਾਂਦੇ ਸਨ। ਅਸੀਂ 12 ਤੋਂ ਤਿੰਨ ਵਜੇ ਤੱਕ ਤਾਸ਼ ਖੇਡਦੇ ਸੀ। ਮੈਨੂੰ ਚਾਹ ਪੀਣ ਦਾ ਬਚਪਨ ਤੋਂ ਹੀ ਬਹੁਤ ਸ਼ੌਕ ਹੈ। ਸਾਡੇ ਘਰ ਵਿਚ ਇਕ ਛੱਤ ਵਾਲਾ ਪੱਖਾ ਸੀ ਜੋ ਡਰਾਇੰਗ ਰੂਮ ਵਿਚ ਲੱਗਾ ਹੋਇਆ ਸੀ। ਦੋਸਤਾਂ ਨੂੰ ਚਾਹ ਪਿਆ ਕੇ ਤਾਸ਼ ਖੇਡਦਿਆਂ ਮੈਂ ਡਰਾਇੰਗ ਰੂਮ ਵਿਚ ਛੱਡ ਜਾਂਦਾ ਸੀ। ਉਹ ਸ਼ਾਮ ਤੱਕ ਤਾਸ਼ ਖੇਡਦੇ ਰਹਿੰਦੇ। ਸਾਡੀ ਛੱਤ ਉਤੇ ਦੋ ਵੱਡੇ ਵੱਡੇ ਟੀਨਾ ਦੇ ਛੱਤੜੇ ਬਣੇ ਹੋਏ ਸਨ। ਮੀਂਹ ਆਦਿ ਦੇ ਦਿਨਾਂ ਵਿਚ ਮੰਜੇ ਬਿਸਤਰਿਆਂ ਨੂੰ ਮੀਂਹ ਤੋਂ ਬਚਾਉਣ ਲਈ ਇਹ ਛੱਤੜੇ ਬਣਾਏ ਹੋਏ ਸਨ। ਛੱਤੜਿਆਂ ਵਿਚ ਕੋਈ ਪੱਖਾ ਆਦਿ ਨਹੀਂ ਲੱਗਾ ਹੋਇਆ ਸੀ। ਸ਼ਾਇਦ ਇਕ ਬੱਲਬ ਲੱਗਾ ਹੁੰਦਾ ਸੀ। ਘਰ ਵਿਚ ਉਸ ਵੇਲੇ ਇਕ ਹੀ ਗੁਸਲਖਾਨਾ ਬਣਿਆ ਹੋਇਆ ਸੀ, ਜੋ ਅਕਸਰ ਲੋਕ ਪੌੜੀਆਂ ਹੇਠ ਬਣਾਉਂਦੇ ਸਨ। ਮੈਂ ਆਪਣੇ ਦੋਸਤਾਂ ਨਾਲ ਚਾਹ ਪੀ ਕੇ ਤੇ ਚਾਹ ਦੀ ਇਕ ਥਰਮਸ ਆਪਣੇ ਨਾਲ ਲੈ ਕੇ ਛੱਤ ਤੇ ਚਲਾ ਜਾਂਦਾ ਸੀ ਅਤੇ ਤਿੰਨ ਵਜੇ ਤੋਂ ਲੈ ਕੇ ਛੇ ਵਜੇ ਤੱਕ ਲਗਾਤਾਰ ਪੜ੍ਹਦਾ ਸੀ। ਮੈਂ ਸਮੇਂ ਨਾਲ ਸਾਰਾ ਸਾਲ ਪੜ੍ਹਦਾ ਰਹਿੰਦਾ ਸੀ, ਇਸ ਲਈ ਮੇਰੇ ਨੋਟ ਦਸੰਬਰ ਤੱਕ ਪੂਰੇ ਹੋ ਜਾਂਦੇ ਸਨ। ਉਧਰ ਤਕਰੀਬਨ ਸਿਲੇਬਸ ਵੀ ਜਨਵਰੀ ਤੱਕ ਖਤਮ ਹੋ ਜਾਂਦਾ ਸੀ। ਛੇ ਵਜੇ ਵਿਹਲਾ ਹੋ ਕੇ ਮੈਂ ਸੈਰ ਕਰਨ ਚਲਾ ਜਾਂਦਾ। ਤਕਰੀਬਨ ਇਕ ਘੰਟੇ ਦਾ ਚੱਕਰ ਲਗਾ ਕੇ ਢਾਬੇ ਤੋਂ ਰੋਟੀ ਖਾ ਕੇ ਰਾਤ ਨੂੰ ਅੱਠ ਕੁ ਵਜੇ ਘਰ ਆ ਜਾਂਦਾ ਤੇ ਨੌ ਵਜੇ ਤੱਕ ਸੌਂ ਜਾਂਦਾ ਸੀ। ਜਦੋਂ ਵਿਦਿਆਰਥੀ ਜਨਵਰੀ ਫਰਵਰੀ ਦੇ ਮਹੀਨੇ ਵਿਚ ਚਿੰਤਾ ਨਾਲ ਪੜ੍ਹ ਰਹੇ ਹੁੰਦੇ ਸਨ ਤਾਂ ਮੈਂ ਆਰਾਮ ਨਾਲ ਮਹਿੰਦਰਾ ਕਾਲਜ ਦੇ ਹੋਸਟਲ ਵਿਚ ਸੈਰ ਕਰਨ ਜਾਂਦਾ ਸੀ ਅਤੇ ਪੁਰਾਣੇ ਦੋਸਤਾਂ ਨੂੰ ਮਿਲਦਾ ਸੀ। ਮੇਰੇ ਕਾਲਜ ਦੇ ਕਈ ਦੋਸਤ ਪੜ੍ਹਾਈ ਵਿਚੋਂ ਛੱਡ ਕੇ ਆਪਣੇ ਪਰਿਵਾਰਕ ਵਪਾਰਾਂ ਵਿਚ ਲੱਗ ਗਏ, ਜੋ ਕਿ ਅਦਾਲਤ ਬਜਾਰ ਅਤੇ ਕਿਲ੍ਹਾ ਚੌਕ ਵਿਚ ਸਨ। ਸਾਰੇ ਦੋਸਤ ਅਤੇ ਉਹਨਾਂ ਦੇ ਮਾਪੇ ਮੈਨੂੰ ਪਸੰਦ ਕਰਦੇ ਸਨ। ਉਹ ਕਦੇ ਵੀ ਮੈਨੂੰ ਮਿਲਣ ਤੋਂ ਟਲਦੇ ਨਹੀਂ ਸਨ। ਕਈ ਪੁਰਾਣੀਆਂ ਦੁਕਾਨਾਂ ਵਾਲੇ ਲੋਕ, ਪਿਤਾ ਜੀ ਅਤੇ ਦਾਦਾ ਜੀ ਨੂੰ ਵੀ ਜਾਣਦੇ ਸਨ।

*****

# ਕਮਿਸ਼ੰਡ ਅਫ਼ਸਰ

ਫੌਜ ਵਿਚ ਅਫ਼ਸਰ ਪੱਧਰ ਦੀ ਐਂਟਰੀ ਲਈ ਤਿੰਨ ਤਰ੍ਹਾਂ ਦੇ ਕਮਿਸ਼ਨ ਉਪਲਬਧ ਸਨ। ਪਹਿਲਾ, ਐੱਨ.ਡੀ.ਏ. ਕਮਿਸ਼ਨ, ਜਿਸ ਵਿਚ ਦਸ ਜਾਂ ਵੱਧ ਵਿੱਦਿਅਕ ਯੋਗਤਾ ਵਾਲੇ ਉਮੀਦਵਾਰਾਂ ਦੇ ਪੂਰੇ ਦੇਸ਼ ਦੇ ਲੈਵਲ 'ਤੇ ਟੈਸਟ ਹੁੰਦੇ ਸਨ। ਇਹ ਟੈਸਟ ਯੂ.ਪੀ.ਐੱਸ.ਸੀ ਕਰਵਾਉਂਦੀ ਸੀ। ਟੈਸਟ ਪਾਸ ਹੋਣ ਉਪਰੰਤ ਇੰਟਰਵਿਊ ਹੁੰਦੀ ਸੀ ਅਤੇ ਐੱਨ.ਡੀ.ਏ ਟ੍ਰੇਨਿੰਗ ਪੂਨਾ ਸ਼ਹਿਰ ਪਾਸ ਖੜਗਵਾਸਲਾ ਕਰਨ ਚਲੇ ਜਾਂਦੇ ਸਨ। ਐੱਨ.ਡੀ.ਏ. ਵਿਚ ਤਿੰਨ ਸਾਲ ਲਗਾ ਕੇ ਇਹ ਕੈਡਿਟ ਇਕ ਸਾਲ ਆਈ.ਐੱਮ.ਏ ਦੇਹਰਾਦੂਨ ਵਿਚ ਲਗਾਉਂਦੇ ਸਨ। ਇਸ ਤਰ੍ਹਾਂ ਚਾਰ ਵਰ੍ਹਿਆਂ ਵਿਚ 15-16 ਸਾਲ ਦਾ ਬੱਚਾ ਭਰਤੀ ਹੋ ਕੇ 20 ਕੁ ਸਾਲ ਦੀ ਉਮਰ ਵਿਚ ਕਮਿਸ਼ੰਡ ਅਫ਼ਸਰ ਬਣਦਾ ਸੀ।

ਦੂਜਾ ਕਮਿਸ਼ਨ, ਜਿਸ ਨੂੰ ਸਿੱਧਾ ਕਮਿਸ਼ਨ ਵੀ ਕਹਿੰਦੇ ਸਨ। ਇਹ ਉਮੀਦਵਾਰ ਅਕਸਰ ਬੀ.ਏ. ਪਾਸ ਕਰਕੇ ਇਮਤਿਹਾਨ ਦਿੰਦੇ ਸਨ ਅਤੇ ਆਈ.ਐੱਮ.ਏ ਦੇਹਰਾਦੂਨ ਵਿਚ ਇਕ ਸਾਲ ਦੀ ਸਿਖਲਾਈ ਤੋਂ ਬਾਅਦ ਅਫ਼ਸਰ ਬਣ ਜਾਂਦੇ ਸਨ। ਇਸ ਵਿਚ ਜ਼ਿਆਦਾਤਰ ਉਹ ਨੌਜੁਆਨ ਵਿਦਿਆਰਥੀ ਸਨ, ਜਿਹਨਾਂ ਨੇ ਐੱਨ.ਸੀ.ਸੀ ਆਦਿ ਦਾ 'ਸੀ' ਸਰਟੀਫਿਕੇਟ ਕਰ ਲਿਆ ਹੁੰਦਾ ਸੀ।

ਤੀਜਾ ਕਮਿਸ਼ਨ ਐਮਰਜੈਂਸੀ ਕਮਿਸ਼ਨ ਸੀ। 1962 ਦੀ ਭਾਰਤ-ਚੀਨ ਲੜਾਈ ਤੋਂ ਬਾਅਦ ਐਮਰਜੈਂਸੀ ਕਮਿਸ਼ਨ ਸ਼ੁਰੂ ਕੀਤਾ ਗਿਆ ਤਾਂ ਜੋ ਅਫ਼ਸਰਾਂ ਦੀ ਤੁਰੰਤ ਭਰਤੀ ਕਰ ਕੇ ਫੌਜ ਦੀ ਨਫਰੀ ਵਧਾਈ ਜਾ ਸਕੇ। ਇਸ ਵਿਚ ਲੋੜੀਂਦੀ ਵਿੱਦਿਆ ਐੱਫ.ਏ. ਰੱਖੀ ਗਈ ਅਤੇ ਉਮਰ ਸੀਮਾ 20 ਤੋਂ 35 ਸਾਲ ਸੀ। ਚੀਨ ਦੀ ਲੜਾਈ ਤੋਂ ਬਾਅਦ ਭਾਰਤ ਸਰਕਾਰ ਨੇ ਤਕਰੀਬਨ 10 ਹਜ਼ਾਰ ਐਮਰਜੈਂਸੀ ਕਮਿਸ਼ੰਡ ਅਫ਼ਸਰ ਭਰਤੀ ਕਰ ਲਏ। ਇਸ ਤਰ੍ਹਾਂ ਦੀਆਂ ਭਰਤੀਆਂ ਦੂਜੀ ਸੰਸਾਰ ਯੁੱਧ ਵੇਲੇ ਵੀ ਹੋਈਆਂ ਸਨ।

ਐਮਰਜੈਂਸੀ ਕਮਿਸ਼ੰਡ ਅਫ਼ਸਰ ਲਈ ਮੇਰੀ ਭਰਤੀ ਸੰਗਰੂਰ ਅਤੇ ਮੇਰਠ ਵਿਖੇ ਹੋਈ ਇੰਟਰਵਿਊ ਦੇ ਆਧਾਰ 'ਤੇ ਹੋਈ ਸੀ। ਮੇਰੀ ਫੌਜ ਦੀ ਟ੍ਰੇਨਿੰਗ 15 ਅਕਤੂਬਰ 1963 ਤੋਂ 2 ਮਈ 1964 ਤੱਕ ਪੂਨਾ ਟ੍ਰੇਨਿੰਗ ਸਕੂਲ ਵਿਖੇ ਹੋਈ। ਇਸ ਸਮੇਂ ਵਿਚ ਤਿੰਨ ਮਹੀਨਿਆਂ ਦੀ ਟ੍ਰੇਨਿੰਗ ਤੋਂ ਬਾਅਦ ਸਾਨੂੰ 15 ਦਿਨ ਦੀਆਂ ਛੁੱਟੀਆਂ ਦਿੱਤੀਆਂ ਗਈਆਂ। ਫਿਰ ਤਿੰਨ ਮਹੀਨੇ ਦੀ ਟ੍ਰੇਨਿੰਗ ਪਿੱਛੋਂ ਮੇਰਾ ਕਮਿਸ਼ਨ ਤਿੰਨ

ਮਈ 1964 ਨੂੰ ਹੋਇਆ। ਮੇਰੇ ਪਿਤਾ ਜੀ ਵੀ ਆਰਮੀ ਅਫ਼ਸਰ ਸਨ ਅਤੇ ਸਰੀਰਿਕ ਤੌਰ ਤੇ ਬਹੁਤ ਤੱਕੜੇ ਸਨ। ਉਹਨਾਂ ਨੇ ਮੈਨੂੰ ਐੱਮ.ਏ. ਕਰਨ ਤੋਂ ਬਾਅਦ ਹੀ ਦੁਗਾਲ ਪਿੰਡ ਬੁਲਾ ਕੇ ਕਈ ਮਹੀਨੇ ਬਹੁਤ ਸਖਤ ਟ੍ਰੇਨਿੰਗ ਦਿੱਤੀ ਸੀ।

**ਨੋਟ:–** ਐਮਰਜੈਂਸੀ ਕਮਿਸ਼ਨ ਖਤਮ ਹੋਣ ਤੋਂ ਬਾਅਦ ਭਾਰਤ ਸਰਕਾਰ ਨੇ ਸ਼ਾਰਟ ਸਰਵਿਸ ਕਮਿਸ਼ਨ ਖੋਲ੍ਹਿਆ। ਇਸ ਤੋਂ ਇਲਾਵਾ ਟੈਕਨੀਕਲ ਅਫ਼ਸਰਾਂ ਵਾਸਤੇ ਵੀ ਕਮਿਸ਼ਨ ਹੁੰਦਾ ਹੈ, ਜਿਸ ਲਈ ਟੈਕਨੀਕਲ ਐਜੂਕੇਸ਼ਨ ਜ਼ਰੂਰੀ ਹੈ। ਜਿਵੇਂ, ਈ.ਐੱਮ.ਈ, ਏ.ਐੱਮ.ਸੀ. ਅਤੇ ਆਰਮੀ ਡੈਂਟਲ ਕੋਰ ਅਤੇ ਜੱਜ ਐਡਵੋਕੇਟ ਜਨਰਲ ਬ੍ਰਾਂਚ।

**ਪਿੰਡ ਦੀ ਟ੍ਰੇਨਿੰਗ ਦਾ ਵਿਸਥਾਰ ਇਸ ਪ੍ਰਕਾਰ ਹੈ:–** ਸਾਡੇ ਪਿੰਡ ਤਿੰਨ ਖੇਤ ਸਨ। ਮੈਨੂੰ ਸਵੇਰੇ ਅੱਠ ਵਜੇ ਨਾਸ਼ਤਾ ਖੁਆ ਕੇ ਘਰ ਤੋਂ ਤਿੰਨੇ ਖੇਤਾਂ ਵਿਚੋਂ ਹੁੰਦੇ ਹੋਏ ਘਰੇ ਵਾਪਸ ਆਉਣਾ ਹੁੰਦਾ ਸੀ। ਇਹ ਤਕਰੀਬਨ 10 ਕਿਲੋਮੀਟਰ ਦਾ ਰਸਤਾ ਸੀ। ਰਾਹ ਵਿਚ ਮੈਂ ਇਕ ਅੱਧੀ ਵਾਰ ਹੀ ਪਾਣੀ ਪੀਂਦਾ ਸੀ। ਇਹ ਸਾਰਾ ਰਸਤਾ ਮੈਂ ਭੱਜ ਕੇ ਹੀ ਤਹਿ ਕਰਦਾ ਸੀ। ਤਕਰੀਬਨ ਦੋ ਘੰਟਿਆਂ ਬਾਅਦ 10.30 ਕੁ ਵਜੇ ਮੈਂ ਘਰੇ ਪਹੁੰਚਦਾ ਸੀ। ਦੁਪਹਿਰ ਨੂੰ ਅੱਛਾ ਭੋਜਨ ਖੁਆ ਕੇ ਮੈਨੂੰ ਸੁਆਇਆ ਜਾਂਦਾ ਸੀ। ਭੋਜਨ ਨਾਲ ਮੈਨੂੰ ਦੇਸੀ ਘਿਓ ਦਾ ਟਹਿਲਾ ਖੁਆਇਆ ਜਾਂਦਾ ਸੀ। ਟਹਿਲਾ ਇਕ ਪੇਂਡੂ ਖੁਰਾਕ ਹੈ। ਜਿਸ ਵਿਚ ਬਦਾਮ, ਖਸਖਸ ਅਤੇ ਦੇਸੀ ਘਿਓ ਆਦਿ ਰਲਾ ਕੇ ਦੁੱਧ ਵਿਚ ਪਾਇਆ ਜਾਂਦਾ ਸੀ, ਜਿਸ ਨਾਲ ਬਹੁਤ ਵਧੀਆ ਨੀਂਦ ਆਉਂਦੀ ਸੀ ਅਤੇ ਸਰੀਰ ਨੂੰ ਰਿਸ਼ਟ-ਪੁਸ਼ਟ ਬਣਾਉਂਦੀ ਸੀ।

ਟ੍ਰੇਨਿੰਗ ਦਾ ਦੂਜਾ ਫੇਜ਼ ਸ਼ਾਮੀ ਸ਼ੁਰੂ ਹੁੰਦਾ ਸੀ। ਤਕਰੀਬਨ ਤਿੰਨ ਕੁ ਵਜੇ ਮੈਂ ਘਰ ਤੋਂ ਤੁਰ ਕੇ ਪਾਤੜਾਂ ਜਾਂਦਾ ਸੀ ਅਤੇ ਤੇਜ਼ ਤੁਰ ਕੇ ਵਾਪਸ ਘਰ ਆਉਂਦਾ ਸੀ। ਇਹ ਤਕਰੀਬਨ 6 ਕਿਲੋਮੀਟਰ ਦਾ ਰਸਤਾ ਸੀ। ਤਿੰਨ ਕੁ ਮਹੀਨਿਆਂ ਵਿਚ ਇਹ ਰਸਤਾ ਹੌਲੀ-ਹੌਲੀ ਕੋਈ 30 ਕਿਲੋਮੀਟਰ ਕਰ ਦਿੱਤਾ ਗਿਆ।ਇਸ ਟ੍ਰੇਨਿੰਗ ਦੇ ਆਖਰੀ ਦਿਨ ਮੈਂ ਪਿੰਡ ਤੋਂ ਬਾਅਦ ਦੁਪਹਿਰ ਦੇ ਤਿੰਨ ਵਜੇ ਚਲਿਆ ਅਤੇ ਘੱਗੇ ਸ਼ਹਿਰ ਤੱਕ ਪਹੁੰਚ ਗਿਆ। ਸਾਰੇ ਰਾਹ ਵਿਚ ਮੈਂ ਕੇਵਲ ਇਕ ਵਾਰ ਹੀ ਪਾਣੀ ਪੀਤਾ ਸੀ। ਮੈਂ ਉਸੇ ਤਰ੍ਹਾਂ ਹੀ ਤੇਜ਼ ਤੁਰਦਾ ਆਪਣੇ ਪਿੰਡ ਪਹੁੰਚਿਆ। ਤਕਰੀਬਨ ਰਾਤ ਦੇ 8 ਵੱਜ ਗਏ ਸਨ। ਸਾਰੀ ਟ੍ਰੇਨਿੰਗ ਤੋਂ ਬਾਅਦ ਪਿਤਾ ਜੀ ਨੇ ਕਿਹਾ ਕਿ ਹੁਣ ਤੂੰ ਅਫ਼ਸਰੀ ਦੀ ਟ੍ਰੇਨਿੰਗ ਲਈ ਤਿਆਰ ਹੈਂ।

**ਪੂਨੇ ਦੀ ਟ੍ਰੇਨਿੰਗ:–** ਮੈਂ 15 ਅਕਤੂਬਰ 1963 ਨੂੰ ਅਫ਼ਸਰ ਟ੍ਰੇਨਿੰਗ ਸਕੂਲ, ਪੂਨਾ ਵਿਖੇ ਰਿਪੋਰਟ ਕੀਤੀ। ਪੂਨੇ ਦਾ ਮੌਸਮ ਬਹੁਤ ਵਧੀਆ ਰਹਿੰਦਾ ਸੀ। ਉਥੇ ਟ੍ਰੇਨਿੰਗ ਦੇ ਤਿੰਨ ਹਿੱਸੇ ਸਨ। ਸਵੇਰੇ ਤਕਰੀਬਨ ਪੌਣਾ ਘੰਟਾ ਪੀ.ਟੀ. ਹੁੰਦੀ ਸੀ। ਬਰੇਕ ਫਾਸਟ ਖਾਣ ਤੋਂ ਬਾਅਦ ਕੱਪੜੇ ਬਦਲ ਕੇ ਪਰੇਡ ਹੁੰਦੀ ਸੀ। ਟ੍ਰੇਨਿੰਗ ਦਾ ਤੀਜਾ ਹਿੱਸਾ ਵੈਪਨ ਟ੍ਰੇਨਿੰਗ ਸੀ। ਕਦੇ-ਕਦੇ ਸਾਨੂੰ ਕਰਾਸ ਕੰਟਰੀ ਵੀ ਭਜਾਉਂਦੇ ਸਨ। ਟ੍ਰੇਨਿੰਗ ਦੇ ਆਖਰੀ ਹਿੱਸੇ ਵਿਚ ਵਰਦੀ ਦੇ ਨਾਲ ਰਫਲ, ਪਾਣੀ ਦੀ ਬੋਤਲ ਅਤੇ ਪਿੱਛੇ 08 ਪੈਕ

ਬੰਨ੍ਹ ਕੇ ਤੁਰਨਾ ਅਤੇ ਭੱਜਣਾ ਹੁੰਦਾ ਸੀ। ਇਹ ਟ੍ਰੇਨਿੰਗ ਦਿਨ ਵਿਚ ਅਤੇ ਰਾਤ ਨੂੰ ਵੀ ਹੁੰਦੀ ਸੀ। ਰਾਤ ਨੂੰ ਤੀਹ ਕਿਲੋਮੀਟਰ ਕਰਾਸ ਕੰਟਰੀ ਕਰਕੇ ਫਰਜ਼ੀ ਦੁਸ਼ਮਣ ਦੇ ਇਲਾਕੇ ਨੇੜੇ ਪਹੁੰਚਣਾ ਸੀ। ਹਰ ਇਕ ਕੈਡਿਟ ਕੋਲ ਤਾਂ ਇਕ ਰਫਲ ਹੀ ਹੁੰਦੀ ਹੈ ਪਰ ਇਕ ਸੈਕਸ਼ਨ ਵਿਚ ਜਿਸ ਵਿਚ 11 ਕੈਡਿਟ ਹੁੰਦੇ ਹਨ- ਇਕ ਲਾਈਟ ਮਸ਼ੀਨ ਗਨ ਵੀ ਹੁੰਦੀ ਹੈ, ਜੋ ਕਾਫ਼ੀ ਭਾਰੀ ਹੁੰਦੀ ਹੈ। ਇਹ 11 ਮੈਂਬਰਾਂ ਨੇ ਵਾਰੀ-ਵਾਰੀ ਚੁੱਕਣੀ ਹੁੰਦੀ ਹੈ। ਭਾਵੇਂ ਟ੍ਰੇਨਿੰਗ ਅਫ਼ਸਰਾਂ ਦੀ ਹੁੰਦੀ ਸੀ ਪਰ ਇਸ ਤਰ੍ਹਾਂ ਟ੍ਰੇਂਡ ਕੀਤਾ ਜਾਂਦਾ ਸੀ ਜਿਵੇਂ ਅਸੀਂ ਇਕ ਸਿਪਾਹੀ ਹੋਈਏ। ਮੈਂ ਇਕ ਵਾਰ ਆਪਣੇ ਉਸਤਾਦ ਹੌਲਦਾਰ ਅਜੀਤ ਸਿੰਘ ਨੂੰ ਪੁੱਛਿਆ, "ਉਸਤਾਦ ਜੀ ਤੁਸੀਂ ਸਾਨੂੰ ਅਫ਼ਸਰ ਤਾਂ ਬਣਾਉਣਾ ਹੈ ਪਰ ਟ੍ਰੇਨਿੰਗ ਸਾਨੂੰ ਸਿਪਾਹੀ ਦੀ ਕਿਉਂ ਦੇ ਰਹੇ ਹੋ?" ਉਸਤਾਦ ਜੀ ਨੇ ਬੜੇ ਪਿਆਰ ਨਾਲ ਦੱਸਿਆ," ਅਫ਼ਸਰ ਬਣਨ ਬਾਅਦ ਤੁਸੀਂ ਫੌਜ ਨੂੰ ਕੰਟਰੋਲ ਕਰਨਾ ਹੈ, ਜਿਸ ਦੇ ਵਿਚ ਜੂਨੀਅਰ ਕਮਿਸ਼ੰਡ ਅਫ਼ਸਰ, ਨਾਨ ਕਮਿਸ਼ੰਡ ਅਫ਼ਸਰ ਅਤੇ ਬਾਕੀ ਰੈਂਕ ਦੇ ਸਿਪਾਹੀ ਆਦਿਕ ਹੋਣਗੇ। ਜੇ ਤੁਸੀਂ ਸਾਰੀ ਟ੍ਰੇਨਿੰਗ ਕੀਤੀ ਹੋਵੇਗੀ ਤਾਂ ਤੁਹਾਨੂੰ ਪਤਾ ਹੋਵੇਗਾ ਕਿ ਕਿਹੜਾ ਕੰਮ ਕਿੰਨਾ ਕੁ ਔਖਾ ਹੈ ਅਤੇ ਤੁਸੀਂ ਸਾਰੇ ਹੁਕਮ ਜ਼ਿੰਮੇਵਾਰੀ ਨਾਲ ਦਿਓਗੇ।"

ਜਦੋਂ ਅਸੀਂ ਭੱਜਦੇ ਸੀ ਤਾਂ ਸਾਨੂੰ ਗਰਮੀ ਲੱਗਦੀ ਸੀ। ਦੋ ਮਿੰਟ ਖੜ੍ਹ ਕੇ ਕੁਝ ਸਾਹਾਂ ਵਿਚ ਹੀ ਤਾਜ਼ਗੀ ਆ ਜਾਂਦੀ ਸੀ। ਮੈਂ ਸਾਰੀ ਟ੍ਰੇਨਿੰਗ ਬੜੀ ਵਫ਼ਾਦਾਰੀ ਨਾਲ ਕਰਦਾ ਸੀ। ਸਾਡੇ ਕੰਪਨੀ ਕਮਾਂਡਰ ਮੇਜਰ ਜੈਂਡ.ਕੇ. ਵਾਡੀਆ ਸਨ। ਇਹ ਪਾਰਸੀ ਅਫ਼ਸਰ ਸਨ ਅਤੇ ਆਰਮਡ ਕੋਰ ਨਾਲ ਸਬੰਧਤ ਸਨ। ਇਹਨਾਂ ਦਾ ਬਹੁਤ ਸੁੰਦਰ ਚਿਹਰਾ ਅਤੇ ਭੂਰੀਆਂ ਮੁੱਛਾਂ ਸਨ। ਇਹਨਾਂ ਕੋਲ ਪੈਰਾ ਸਾਈਕਲ ਸੀ, ਜਿਸ ਤੇ ਇਹ ਰੋਜ਼ਾਨਾ ਆਉਂਦੇ ਸਨ। ਇਕ ਹੋਰ ਅਫ਼ਸਰ ਪੀ.ਕੇ. ਮਹਿਤਾ ਸਨ, ਜੋ ਕਿ ਕੈਪਟਨ ਸਨ ਅਤੇ ਬਾਅਦ ਵਿਚ ਮੇਜਰ ਜਨਰਲ ਰਿਟਾਇਰ ਹੋਏ। ਕੈਪਟਨ ਕੁਲਕਰਨੀ ਇਨਫੈਂਟਰੀ ਦੇ ਅਫ਼ਸਰ ਸਨ। ਮੇਜਰ ਜੈਡ.ਕੇ. ਵਾਡੀਆ ਬਹੁਤ ਚੰਗੇ ਸੁਭਾਅ ਦੇ ਸਨ ਅਤੇ ਬਹੁਤ ਵਧੀਆ-ਵਧੀਆ ਗੱਲਾਂ ਕਰਦੇ ਸਨ। ਜਦੋਂ ਅਸੀਂ ਤਿੰਨ ਮਈ 1964 ਨੂੰ ਕਮਿਸ਼ਨ ਹੋਣ ਵਾਲੇ ਹੀ ਸੀ ਤਾਂ ਇਹਨਾਂ ਨੇ ਸਾਨੂੰ ਮਿਹਨਤ ਅਤੇ ਸੰਜਮ ਆਦਿਕ ਗੁਣਾਂ ਬਾਰੇ ਦੱਸਿਆ। ਮਿਹਨਤੀ ਤਾਂ ਮੈਂ ਪਹਿਲਾਂ ਹੀ ਸੀ ਪਰ ਸੰਜਮ ਦੀ ਗੱਲ ਜਿਸ ਤਰ੍ਹਾਂ ਉਹਨਾਂ ਨੇ ਸਮਝਾਈ, ਉਸ ਨੇ ਮੇਰੇ ਤੇ ਬਹੁਤ ਪ੍ਰਭਾਵ ਪਾਇਆ। ਉਹਨਾਂ ਨੇ ਸਮਝਾਇਆ, " ਜੇ ਤੁਸੀਂ ਸੈਕਿੰਡ ਲਫਟੈਣ ਹੋ ਤਾਂ ਤੁਹਾਨੂੰ ਸੰਜਮ ਨਾਲ ਸਾਈਕਲ ਚਲਾਉਣਾ ਚਾਹੀਦਾ ਹੈ। ਔਖੇ-ਸੌਖੇ ਹੋ ਕੇ ਜੇ ਤੁਸੀਂ ਕਾਰ ਲੈ ਵੀ ਲਈ ਤਾਂ ਤੁਹਾਡੀ ਕਾਰ ਦਾ ਖ਼ਰਚਾ ਇੰਨਾ ਹੋਵੇਗਾ ਕਿ ਤੁਹਾਨੂੰ ਤਨਖਾਹ ਵਿਚੋਂ ਕੁਝ ਵੀ ਨਹੀਂ ਬਚੇਗਾ। ਜੇ ਕੁਝ ਵੀ ਨਹੀਂ ਬਚੇਗਾ ਤਾਂ ਤੁਸੀਂ ਅਮੀਰ ਕਿਸ ਤਰ੍ਹਾਂ ਹੋਵੋਗੇ।" ਇਸ ਲਈ ਮੈਂ ਇਹ ਗੱਲ ਆਪਣੇ ਪੱਲੇ ਬੰਨ੍ਹ ਲਈ ਅਤੇ ਸਾਰੀ ਉਮਰ ਸੰਜਮ ਨਾਲ ਬਤੀਤ ਕੀਤੀ। ਤਕਰੀਬਨ 70 ਸਾਲ ਦੀ ਉਮਰ ਤੱਕ ਜੋ ਕੰਮ ਸਾਈਕਲ ਤੇ ਹੋ ਸਕਦਾ ਸੀ ਮੈਂ ਉਹ ਪੈਦਲ ਕੀਤਾ ਅਤੇ ਜੋ ਕੰਮ ਸਕੂਟਰ ਤੇ ਹੋ ਸਕਦਾ ਸੀ ਉਹ ਸਾਈਕਲ ਤੇ। ਜਦੋਂ

ਪਰਿਵਾਰ ਨਾਲ ਕਿਧਰੇ ਜਾਣਾ ਹੁੰਦਾ ਸੀ ਤਾਂ ਸਕੂਟਰ ਦਾ ਪ੍ਰਯੋਗ ਕਰ ਲੈਂਦਾ ਸੀ। ਇਸ ਸੰਜਮ ਭਰਪੂਰ ਜੀਵਨ ਦਾ ਨਤੀਜਾ ਇਹ ਹੋਇਆ ਕਿ ਮੈਂ ਫੌਜ ਦੇ ਛੇ ਸਾਲਾਂ ਵਿਚ ਹੀ ਚਾਲੀ ਹਜ਼ਾਰ ਦੀ ਤਨਖਾਹ ਵਿਚੋਂ ਵੀਹ ਹਜ਼ਾਰ ਰੁਪਏ ਦੀ ਬੱਚਤ ਕੀਤੀ। ਫੌਜ ਛੱਡਣ ਤੋਂ ਬਾਅਦ ਜਦ ਕਿ ਮੇਰੇ ਨਾਲ ਦੇ ਜ਼ਿਆਦਾ ਸਾਥੀਆਂ ਕੋਲ ਦੋ-ਤਿੰਨ ਹਜ਼ਾਰ ਤੋਂ ਇਲਾਵਾ ਕੁਝ ਵੀ ਨਹੀਂ ਸੀ। ਮੇਰੀ ਫੀਲਡ ਪੋਸਟਿੰਗ ਬਹੁਤ ਘੱਟ ਸੀ। ਉਸ ਬੱਚਤ ਨਾਲ ਮੈਂ ਆਪਣੇ ਸਤਿਕਾਰਯੋਗ ਪਿਤਾ ਜੀ ਦੀ ਮੱਦਦ ਕੀਤੀ। ਪਿਤਾ ਜੀ ਦਾ ਵੱਡਾ ਪਰਿਵਾਰ ਹੋਣ ਕਰਕੇ ਅਤੇ ਬੱਚਿਆਂ ਦੀ ਪੜ੍ਹਾਈ ਕਰਕੇ ਮੇਰੇ ਜਾਣ ਤੱਕ ਪਿਤਾ ਜੀ ਸਿਰ ਤੇ 7,000 ਰੁਪਏ ਦਾ ਕਰਜ਼ਾ ਚੜ੍ਹ ਚੁਕਿਆ ਸੀ। ਮੈਂ ਫੌਜ ਦੇ ਤਿੰਨ ਸਾਲਾਂ ਵਿਚ ਹੀ 1967 ਤੱਕ ਇਹ ਕਰਜ਼ਾ ਉਤਾਰ ਦਿੱਤਾ ਅਤੇ ਉਸ ਤੋਂ ਬਾਅਦ ਇਕ ਮਾਰਚ 1970 ਨੂੰ ਰਿਲੀਜ਼ ਹੋਣ ਤੋਂ ਪਹਿਲਾਂ 14,000 ਰੁਪਏ ਹੋਰ ਬਚਾ ਲਏ। ਮੈਂ ਜਦੋਂ ਫੌਜ ਤੋਂ ਵਾਪਸ ਆਇਆ ਤਾਂ ਉਸ ਵੇਲੇ ਮੇਰੇ ਕੋਲ ਇਕ ਸਕੂਟਰ ਤੋਂ ਇਲਾਵਾ 10,000 ਰੁਪਏ ਨਕਦ ਸਨ।

ਸਾਡੀ ਟ੍ਰੇਨਿੰਗ ਵਿਚ ਕੰਪਨੀਆਂ ਬਣਾਈਆਂ ਜਾਂਦੀਆਂ ਸਨ। ਜਿਸ ਵਿਚ ਅਫ਼ਸਰ ਕੈਡਿਟ ਜਿਹਨਾਂ ਨੂੰ ਜੈਂਟਲਮੈਨ ਕੈਡਿਟ ਵੀ ਕਿਹਾ ਜਾਂਦਾ ਸੀ, ਕੰਪਨੀਆਂ ਵਿਚ ਵੰਡੇ ਹੁੰਦੇ ਸਨ। ਮੇਰੀ ਕੰਪਨੀ ਅਰਜਨ ਕੰਪਨੀ ਸੀ। ਇਸ ਓ.ਟੀ.ਐੱਸ. ਦਾ ਕਮਾਂਡਰ, ਬਿਗ੍ਰੇਡੀਅਰ ਅਪਜੀ ਰਣਧੀਰ ਸਿੰਘ ਸੀ। ਇਹ ਬਹੁਤ ਧਾਰਮਿਕ ਵਿਚਾਰਾਂ ਵਾਲਾ ਵਿਅਕਤੀ ਸੀ। ਸਾਰੀ ਕੰਪਨੀਆਂ ਦੇ ਨਾਂ ਇਸ ਨੇ ਦੇਸੀ ਹਿਸਾਬ ਨਾਲ ਲਿਖੇ ਸਨ। ਏ ਅੱਖਰ ਨੂੰ ਅਲਫਾ ਦੀ ਥਾਂ ਅਰਜਨ ਲਿਖਿਆ। ਬੀ ਨੂੰ ਬਰੈਵੋ ਲਿਖਣ ਦੀ ਥਾਂ ਭੀਸ਼ਮ ਲਿਖਿਆ, ਸੀ ਨੂੰ ਚਾਰਲੀ ਲਿਖਣ ਦੀ ਥਾਂ ਚੇਤਕ ਲਿਖਿਆ। ਰੋਜ਼ਾਨਾ ਦਸ ਕੈਡਿਟ, ਬਿਗ੍ਰਡੀਅਰ ਸਾਹਿਬ ਦੇ ਘਰ ਚਾਹ ਪੀਣ ਲਈ ਸੱਦੇ ਜਾਂਦੇ ਸਨ। ਹਰੇਕ ਕੰਪਨੀ ਦਾ ਟ੍ਰੇਨਿੰਗ ਇੰਚਾਰਜ ਸੂਬੇਦਾਰ ਹੁੰਦਾ ਸੀ। ਮੇਰਾ ਨਾਂ ਕਿਉਂਕਿ 'ਅ' ਤੋਂ ਸ਼ੁਰੂ ਹੁੰਦਾ ਸੀ, ਇਸ ਲਈ ਮੇਰਾ ਨੰਬਰ 2001 ਸੀ। ਜੋ ਜੈਂਟਲਮੈਨ ਕੈਡਿਟ ਬਹੁਤ ਅੱਛੇ ਹੁੰਦੇ ਸਨ ਤੇ ਐੱਨ.ਸੀ.ਸੀ. ਦਾ ਪਿਛੋਕੜ ਹੁੰਦਾ ਸੀ, ਉਹਨਾਂ ਨੂੰ ਰੈਂਕ ਆਦਿ ਦੇ ਕੇ ਸਾਰਜੰਟ ਤੱਕ ਵੀ ਬਣਾਇਆ ਜਾਂਦਾ ਸੀ। ਮੈਂ ਸਾਰੀ ਟ੍ਰੇਨਿੰਗ ਵਿਚ ਦਰਮਿਆਨੇ ਤੋਂ ਥੋੜ੍ਹਾ ਜਿਹਾ ਅੱਛਾ ਸੀ। ਮੈਨੂੰ ਇਕ ਵਾਰ ਇਕ ਮਹੀਨੇ ਲਈ ਲੈਂਸ ਨਾਇਕ ਬਣਾਇਆ ਗਿਆ। ਮੈਂ ਸਾਰੀ ਟ੍ਰੇਨਿੰਗ ਬਹੁਤ ਗੰਭੀਰਤਾ ਨਾਲ ਕਰਦਾ ਸੀ। ਕਈ ਉਸਤਾਦ ਸਾਨੂੰ ਦਰਖ਼ਤ ਆਦਿ ਦੇ ਚੱਕਰ ਲਗਾਉਣ ਲਈ ਕਹਿੰਦੇ ਸਨ। ਸਰੀਰ ਦਾ ਪਤਲਾ ਹੋਣਾ ਮੇਰੇ ਬਹੁਤ ਕੰਮ ਆਇਆ। ਮੈਂ ਕਦੇ ਕੋਈ ਖੇਡ ਨਹੀਂ ਸੀ ਖੇਡੀ, ਸੋ ਟ੍ਰੇਨਿੰਗ ਦੌਰਾਨ ਮੋਹਰੀਆਂ ਵਿਚ ਨਹੀਂ ਸੀ। ਟ੍ਰੇਨਿੰਗ ਕਰਦਿਆਂ ਮੇਰੀ ਕੰਪਨੀ ਵਿਚੋਂ ਦੋ ਲੜਕਿਆਂ ਨਾਲ ਮੇਰੀ ਦੋਸਤੀ ਹੋ ਗਈ। ਇਕ ਦਾ ਨਾਮ ਮੇਜਰ ਝੰਡਾ ਸਿੰਘ ਸੀ ਅਤੇ ਦੂਜਾ ਕਸ਼ਮੀਰ ਸਿੰਘ ਗਿੱਲ। ਇਕ ਹੋਰ ਲੜਕਾ ਨਰਿੰਦਰ ਸ਼ਰਮਾ ਜੋ ਕਿ ਦਿੱਲੀ ਦਾ ਰਹਿਣ ਵਾਲਾ ਸੀ। ਇਸ ਨਾਲ ਵੀ ਮੇਰੀ ਅੱਛੀ ਮਿੱਤਰਤਾ ਹੋ ਗਈ। ਇਹ ਏ.ਐੱਸ.ਸੀ. ਵਿਚ ਕਮਿਸ਼ਨ ਹੋਇਆ। ਅਫ਼ਸਰ ਬਣਨ ਤੋਂ ਬਾਅਦ ਮੇਰਾ ਇਸ ਨਾਲ

ਸੰਪਰਕ ਟੁੱਟ ਗਿਆ। ਮੇਜਰ ਝੰਡਾ ਸਿੰਘ ਪਟਿਆਲਾ ਦਾ ਨਿਵਾਸੀ ਸੀ। ਜਦੋਂ ਮੈਂ ਸਿਵਿਲ ਵਿਚ ਆ ਗਿਆ ਤਾਂ ਪਟਿਆਲੇ ਇਹ ਮੇਰੇ ਸੰਪਰਕ ਵਿਚ ਸੀ। ਇਸ ਨੂੰ ਮੈਂ ਪਟਿਆਲੇ ਇਕ ਪਲਾਟ ਵੀ ਦਵਾਇਆ ਸੀ। ਸ. ਕਸ਼ਮੀਰ ਸਿੰਘ ਗਿੱਲ ਫੌਜ ਵਿਚੋਂ ਛੇ ਕੁ ਸਾਲਾਂ ਬਾਅਦ ਡਿਸਚਾਰਜ ਹੋ ਕੇ ਵਾਪਸ ਆ ਗਏ ਅਤੇ ਮੇਰੇ ਵਾਂਗ ਹੀ ਪ੍ਰੋਫੈਸਰ ਸਿਲੈਕਟ ਹੋ ਗਏ। 1972 ਵਿਚ ਪੀ.ਸੀ.ਐਸ. ਪ੍ਰੀਖਿਆ ਵਿਚ ਇਹ ਵੀ ਕਾਮਯਾਬ ਹੋ ਗਏ ਅਤੇ ਸਾਡੇ ਮਹਿਕਮੇ ਦੇ ਸਹਾਇਕ ਆਬਕਾਰੀ ਤੇ ਕਰ ਅਫ਼ਸਰ ਲੱਗੇ। ਪ੍ਰੰਤੂ ਥੋੜ੍ਹੀ ਦੇਰ ਬਾਅਦ ਹੀ ਇਹ ਕਾਲਜ ਸਰਵਿਸ ਵਿਚ ਵਾਪਸ ਚਲੇ ਗਏ ਅਤੇ ਬਤੌਰ ਡੀ.ਪੀ.ਆਈ ਰਿਟਾਇਰ ਹੋਏ। ਇਹਨਾਂ ਨਾਲ ਮੇਰਾ ਹੁਣ ਤੱਕ ਸੰਪਰਕ ਹੈ।

ਸੂਬੇਦਾਰ ਮੇਜਰ ਹਰਨਾਮ ਸਿੰਘ, ਗਾਰਡਸ ਰੈਜੀਮੈਂਟ ਦੇ ਸਨ। ਇਹਨਾਂ ਦਾ ਸਰੀਰ ਰਿਸ਼ਟ ਪੁਸ਼ਟ ਅਤੇ ਰੰਗ ਗੋਰਾ ਚਿੱਟਾ ਸੀ। ਇਹ ਸਾਰੀ ਪਰੇਡ ਨੂੰ ਵਿਚਾਲੇ ਖੜ੍ਹ ਕੇ ਕਮਾਂਡ ਕਰਦੇ ਸਨ। ਇਹ ਬਹੁਤ ਸਿੱਖੀ ਵਿਚਾਰਾਂ ਵਾਲੇ ਸਨ ਅਤੇ ਜਿਹੜੇ ਸਿੱਖ ਕੈਡਿਟ ਦਾਹੜੀ ਕੱਟਦੇ ਸਨ ਉਹਨਾਂ ਤੇ ਜ਼ਿਆਦਾ ਸਖ਼ਤੀ ਕਰਦੇ ਸਨ। ਕੁਝ ਦਿਨਾਂ ਵਿਚ ਹੀ 80 ਪ੍ਰਤੀਸ਼ਤ ਸਿੱਖ ਮੁੰਡਿਆਂ ਨੇ ਦਾਹੜੀ ਬੰਨ੍ਹਣੀ ਸ਼ੁਰੂ ਕਰ ਦਿੱਤੀ, ਜਿਹਨਾਂ ਵਿਚੋਂ ਮੈਂ ਵੀ ਇਕ ਸੀ। ਪੂਨਾ ਟ੍ਰੇਨਿੰਗ ਸਕੂਲ ਵਿਚ ਇਕ ਗੁਰਦੁਆਰਾ ਸਾਹਿਬ ਸਥਿਤ ਸੀ, ਜਿਥੇ ਅਸੀਂ ਹਰ ਐਤਵਾਰ ਨੂੰ ਮੱਥਾ ਟੇਕਣ ਜਾਂਦੇ ਸੀ।

25 ਅਪ੍ਰੈਲ 1964 ਤੱਕ ਸਾਨੂੰ ਸਾਰਿਆਂ ਨੂੰ ਆਪਣੀਆਂ ਰੈਜੀਮੈਂਟਾਂ ਬਾਰੇ ਪਤਾ ਲੱਗਿਆ। ਮੇਰੀ ਮਹਾਰ ਰੈਜੀਮੈਂਟ ਵਿਚ ਅਲਾਟਮੈਂਟ ਹੋਈ। ਮੇਰੀ ਇੱਛਾ ਸੀ ਕਿ ਮੇਰੀ ਜੇ ਐਂਡ ਕੇ ਰੈਜੀਮੈਂਟ ਵਿਚ ਅਲਾਟਮੈਂਟ ਹੁੰਦੀ। ਜਦੋਂ ਅਸੀਂ ਆਪਣੀ ਚੁਆਇਸ ਭਰ ਰਹੇ ਸੀ ਤਾਂ ਉਸ ਵੇਲੇ ਕਿਸੇ ਨੇ ਅਫਵਾਹ ਉਡਾ ਦਿੱਤੀ ਕਿ ਜੇ ਐਂਡ ਕੇ ਰਾਈਫਲ ਦੀਆਂ ਚਾਰ ਪਲਟਣਾਂ ਵਿਦੇਸ਼ ਜਾ ਰਹੀਆਂ ਹਨ। ਵਿਦੇਸ਼ ਜਾਣ ਦੇ ਚੱਕਰ ਵਿਚ ਅਸੀਂ ਜੇ ਐਂਡ ਕੇ ਰਾਈਫਲ ਭਰ ਦਿੱਤੀ। ਇਹ ਰੈਜੀਮੈਂਟ ਸਾਡੇ ਇਕੋ ਸਾਥੀ ਸਾਰਜੰਟ ਕਰਨ ਸਿੰਘ ਨੂੰ ਮਿਲੀ। ਬਾਕੀਆਂ ਨੂੰ ਉਹ ਰੈਜੀਮੈਂਟਾਂ ਮਿਲੀਆਂ, ਜੋ ਉਹਨਾਂ ਨੇ ਭਰੀਆਂ ਵੀ ਨਹੀਂ ਸਨ। ਟ੍ਰੇਨਿੰਗ ਦੌਰਾਨ ਮੈਨੂੰ ਕਰਨਲ ਵਿਸ਼ਨੂੰ ਸ਼ਰਮਾ ਮਿਲੇ ਜੋ ਨੌਕਰੀ ਦੌਰਾਨ ਮੇਰੇ ਪਿਤਾ ਜੀ ਦੇ ਸੁਬਾਰਡੀਨੇਟ ਰਹਿ ਚੁੱਕੇ ਸਨ। ਮੇਜਰ ਰਾਜਿੰਦਰ ਸਿੰਘ ਗਰੇਵਾਲ ਜੋ 15 ਪੰਜਾਬ ਰੈਜੀਮੈਂਟ ਦੇ ਅਫ਼ਸਰ ਸਨ ਅਤੇ ਉਹ ਵੀ ਪਿਤਾ ਜੀ ਨਾਲ ਰਹਿ ਚੁੱਕੇ ਸਨ। ਪਟਿਆਲੇ ਸਟੇਟ ਦੀਆਂ ਦੋ ਬਟਾਲੀਅਨਾਂ ਪੰਜਾਬ ਰੈਜੀਮੈਂਟ ਵਿਚ ਰਲਾ ਦਿੱਤੀਆਂ ਗਈਆਂ ਸਨ। ਫਸਟ ਪਟਿਆਲਾ ਨੂੰ 15 ਪੰਜਾਬ ਅਤੇ ਸੈਕਿੰਡ ਪਟਿਆਲਾ ਨੂੰ 16 ਪੰਜਾਬ ਬਣਾ ਦਿੱਤਾ ਗਿਆ ਸੀ। ਉਹ ਚਾਹੁੰਦੇ ਸੀ ਕਿ ਮੈਂ ਪੰਜਾਬ ਰੈਜੀਮੈਂਟ ਵਿਚ ਚਲਾ ਜਾਵਾਂ। ਕਰਨੈਲ ਵਿਸ਼ਨੂ ਸ਼ਰਮਾ ਪਟਿਆਲਾ ਰੈਜੀਮੈਂਟ ਤੋਂ ਗੋਰਖਾ ਰੈਜੀਮੈਂਟ ਵਿਚ ਭੇਜ ਦਿੱਤੇ ਗਏ। ਉਹ ਚਾਹੁੰਦੇ ਸੀ ਕਿ ਮੈਂ ਗੋਰਖਾ ਰੈਜੀਮੈਂਟ ਵਿਚ ਚਲਾ ਜਾਵਾਂ। ਉਦੋਂ ਮੈਨੂੰ ਇੰਨੀ ਸਮਝ ਨਹੀਂ ਸੀ। ਮੈਂ ਮਹਾਰ ਰੈਜੀਮੈਂਟ ਵਿਚ ਅਲਾਟ ਹੋ ਗਿਆ ਅਤੇ ਮੇਰੀ ਬਦਲੀ ਮਹਾਰ ਰੈਜੀਮੈਂਟ ਸਾਗਰ ਵਿਚ ਹੋ ਗਈ। ਸਾਨੂੰ ਇਕ ਮਈ ਨੂੰ ਹੀ ਲੋੜੀਂਦੇ ਰੇਲਵੇ ਕਾਗਜ਼ ਆਦਿ ਦਿੱਤੇ ਗਏ।

2 ਮਈ 1964 ਦੀ ਰਾਤ ਨੂੰ 12 ਵੱਜ ਕੇ 1 ਮਿੰਟ ਤੇ ਸਾਡੇ ਕਮਿਸ਼ਨ ਦੀ ਰਸਮ ਹੋਈ। ਕਮਿਸ਼ਨ ਦੀ ਰਸਮ ਇਸ ਤਰ੍ਹਾਂ ਹੁੰਦੀ ਸੀ। ਕਈ ਕੈਡਿਟਾਂ ਦੇ ਮਾਪੇ ਜਾਂ ਭੈਣ ਭਰਾ ਆਏ ਹੁੰਦੇ ਸਨ। ਕੈਡਿਟਾਂ ਦੇ ਫੁੱਲ ਪਹਿਲਾਂ ਹੀ ਲੱਗੇ ਹੁੰਦੇ ਸਨ ਪਰ ਉਹ ਕਿਸੇ ਫਲੈਪਰ ਨਾਲ ਢੱਕੇ ਹੁੰਦੇ ਸਨ। ਰਾਤ ਦੇ 12 ਵਜੇ ਲਾਈਟ ਬੰਦ ਕੀਤੀ ਜਾਂਦੀ ਸੀ। ਇੰਨੀ ਦੇਰ ਵਿਚ ਜਿਹਨਾਂ ਦੇ ਫਲੈਪਰ ਲਾਏ ਹੁੰਦੇ ਸਨ ਉਹ ਕੱਢੇ ਜਾਂਦੇ ਸਨ ਅਤੇ ਪੰਜ ਮਿੰਟਾਂ ਬਾਅਦ ਲਾਈਟ ਚਲਾਉਣ ਤੇ ਤੁਹਾਨੂੰ ਜੋ ਸੈਂਕੜੇ ਦੀ ਗਿਣਤੀ ਵਿਚ ਜੀ.ਸੀ. ਦਿਖਦੇ ਸਨ, ਸੱਚਮੁੱਚ ਉਹ ਅਫ਼ਸਰ ਬਣ ਗਏ ਸਨ। ਦੋਵਾਂ ਮੋਢਿਆਂ ਤੇ ਇਕ ਇਕ ਫੁੱਲ ਲੱਗਾ ਹੁੰਦਾ ਹੈ। ਸਾਰੇ ਕੈਡਿਟਾਂ ਦੇ ਮਾਂ ਬਾਪ ਅਤੇ ਭੈਣ ਭਰਾ ਕਿੰਨੇ ਚਾਓ ਮਲਾਰਾਂ ਨਾਲ ਆਪਣੇ ਬੱਚਿਆਂ ਅਤੇ ਭਰਾਵਾਂ ਨੂੰ ਅਫ਼ਸਰ ਬਣਦਾ ਦੇਖਦੇ ਸਨ। ਮੇਰੇ ਮਾਤਾ ਪਿਤਾ ਦੂਰ ਹੋਣ ਕਰਕੇ ਆ ਨਾ ਸਕੇ। ਤਕਰੀਬਨ 10 ਪ੍ਰਤੀਸ਼ਤ ਅਫ਼ਸਰਾਂ ਦੇ ਮਾਂ ਬਾਪ ਜਾਂ ਭੈਣ ਭਰਾ ਹੀ ਆਉਂਦੇ ਸਨ। ਕਮਾਂਡੈਂਟ ਨੇ ਛੋਟੀ ਜਿਹੀ ਸਪੀਚ ਦਿੱਤੀ " ਤੁਸੀਂ ਅਫ਼ਸਰ ਬਣ ਗਏ ਹੋ ਪਰ ਇਹ ਤਾਂ ਵਕਤ ਹੀ ਦੱਸੇਗਾ ਕਿ ਤੁਹਾਡੇ ਵਿਚੋਂ ਕੌਣ ਵਧੀਆ ਅਫ਼ਸਰ ਬਣੇਗਾ ਅਤੇ ਕੌਣ ਨਹੀਂ।" ਇਕ ਹੋਰ ਅਜੀਬ ਗੱਲ ਜੋ ਅਸੀਂ ਦੇਖੀ ਕਿ ਜੋ ਉਸਤਾਦ ਸਾਨੂੰ ਇਕ ਦਿਨ ਪਹਿਲਾਂ ਤੱਕ ਝਿੜਕਾਂ ਅਤੇ ਹੁਕਮ ਦੇ ਰਹੇ ਸਨ ਉਹ ਤਿੰਨ ਮਈ ਵਾਲੇ ਦਿਨ ਦਿਖੇ ਹੀ ਨਹੀਂ। ਸਾਰੇ ਅਫ਼ਸਰ 15 ਦਿਨਾਂ ਦੀ ਛੁੱਟੀ ਤੇ ਆਪਣੇ ਘਰ ਗਏ। ਸਾਰਾ ਰੇਲਵੇ ਸਟੇਸ਼ਨ ਅਫ਼ਸਰਾਂ ਨਾਲ ਹੀ ਭਰਿਆ ਹੋਇਆ ਸੀ। ਆਪਣੇ-ਆਪਣੇ ਡੈਸਟੀਨੇਸ਼ਨ ਵਾਲੀਆਂ ਗੱਡੀਆਂ ਤੇ ਅਫ਼ਸਰ ਆਪਣੇ-ਆਪਣੇ ਘਰਾਂ ਨੂੰ ਜਾ ਰਹੇ ਸਨ ਅਤੇ ਉਹਨਾਂ ਦੇ ਘਰ ਦੇ ਵੀ ਉਹਨਾਂ ਦੇ ਆਉਣ ਦੀ ਉਡੀਕ ਕਰ ਰਹੇ ਸਨ।

*****

# ਮਹਾਰ ਰੈਜੀਮੈਂਟ ਸੈਂਟਰ, ਸਾਗਰ ਦੇ ਦਿਨ

ਓ.ਟੀ.ਐੱਸ ਪੂਨਾ ਤੋਂ ਕਮਿਸ਼ਨ ਹੋਣ ਤੋਂ ਬਾਅਦ ਸਾਨੂੰ 15 ਕੁ ਦਿਨ ਦੀਆਂ ਛੁੱਟੀਆਂ ਹੋਈਆਂ। ਮੈਂ ਪਿੰਡ ਦੁਗਾਲ ਅਤੇ ਪਟਿਆਲਾ ਛੁੱਟੀਆਂ ਕੱਟ ਕੇ 18 ਮਈ 1964 ਨੂੰ ਮਹਾਰ ਸੈਂਟਰ, ਸਾਗਰ ਵਿੱਖੇ ਜਾਇਨ ਕਰ ਲਿਆ। ਮਹਾਰ ਸੈਂਟਰ ਸਾਗਰ ਵਿਚ ਹੋਰ ਕਾਫ਼ੀ ਯੰਗ ਅਫ਼ਸਰ ਸਨ। ਜਿਹਨਾਂ ਅਫ਼ਸਰਾਂ ਨੂੰ ਮਹਾਰ ਰੈਜੀਮੈਂਟ ਮਿਲਦੀ ਸੀ, ਉਹਨਾਂ ਵਿਚੋਂ ਕੁਝ ਅਫ਼ਸਰਾਂ ਨੂੰ ਬਟਾਲੀਅਨਾਂ ਵਿਚ ਭੇਜ ਦਿੱਤਾ ਜਾਂਦਾ ਸੀ ਅਤੇ ਕੁਝ ਅਫ਼ਸਰ ਸੈਂਟਰ ਵਿੱਚ ਭੇਜ ਦਿੱਤੇ ਜਾਂਦੇ ਸਨ। ਨਵੇਂ ਕਮਿਸ਼ਨ ਹੋਏ ਅਫ਼ਸਰਾਂ ਨੂੰ ਸੈਂਟਰ ਵਿਚ ਕੁਝ ਕੁ ਮਹੀਨੇ ਰੱਖ ਕੇ ਬਟਾਲੀਅਨਾਂ ਵਿਚ ਭੇਜ ਦਿੱਤਾ ਜਾਂਦਾ ਸੀ। ਸਾਡੇ ਬੈਚ ਈ.ਸੀ.ਅੱਠ ਵਿਚੋਂ 7 ਨਵੇਂ ਅਫ਼ਸਰ ਸੈਂਟਰ ਭੇਜ ਦਿੱਤੇ ਗਏ। ਸਾਡੇ ਜਾਇਨ ਕਰਨ ਤੱਕ ਤਕਰੀਬਨ 35-36 ਨਵੇਂ ਅਫ਼ਸਰ ਸੈਂਟਰ ਵਿਚ ਹੋ ਗਏ।

ਸਾਗਰ ਵਿਚ ਉੱਚੀ ਪਹਾੜੀ 'ਤੇ ਤਕਰੀਬਨ 80 ਸਾਲ ਪੁਰਾਣੀ ਇਮਾਰਤ ਹੈ, ਜੋ ਸਾਡਾ ਅਫ਼ਸਰ ਮੈੱਸ ਸੀ। ਅਫ਼ਸਰ ਮੈੱਸ ਦੇ ਸਾਹਮਣੇ ਕੁਝ ਬੈਰਕਾਂ ਵਰਗੀਆਂ ਇਮਾਰਤਾਂ ਸਨ। ਜਿਹਨਾਂ ਵਿਚ ਟ੍ਰੇਨਿੰਗ ਕੰਪਨੀ ਦੇ ਬਟਾਲੀਅਨ ਕਮਾਂਡਰ ਬੈਠਦੇ ਸਨ। ਸਾਨੂੰ ਨਵੇਂ ਅਫ਼ਸਰਾਂ ਨੂੰ 50-60 ਸਿਪਾਹੀ ਰੰਗਰੂਟਾਂ ਨੂੰ ਟ੍ਰੇਨਿੰਗ ਲਈ ਬਣੀਆਂ ਹੋਈਆਂ ਕੰਪਨੀਆਂ ਦੇ ਕਮਾਂਡਰ ਥਾਪ ਦਿੱਤਾ ਗਿਆ। ਉਂਝ ਤਾਂ ਬਟਾਲੀਅਨ ਕਮਾਂਡਰ ਦਾ ਰੈਂਕ ਉਹਨਾਂ ਦਿਨਾਂ ਵਿਚ ਲਫਟੈਣ ਕਰਨਲ ਦਾ ਸੀ ਪਰ ਇਹ ਟ੍ਰੇਨਿੰਗ ਬਟਾਲੀਅਨ ਕਮਾਂਡਰ ਦਾ ਰੈਂਕ ਮੇਜਰ ਸੀ। ਜਿਸ ਕੰਪਨੀ ਦਾ ਮੈਂ ਕਮਾਂਡਰ ਸੀ, ਉਸ ਦਾ ਬਟਾਲੀਅਨ ਕਮਾਂਡਰ ਮੇਜਰ ਬੀ.ਕੇ. ਪਟੋਲੇ ਸੀ।

ਤਕਰੀਬਨ ਅੱਧਾ ਕਿਲੋਮੀਟਰ ਦੇ ਫਾਸਲੇ ਤੇ ਨਵੀਆਂ ਬਣੀਆਂ ਇਮਾਰਤਾਂ ਅਣ-ਵਿਆਹੇ ਅਫ਼ਸਰਾਂ ਲਈ ਸੀ। ਇਕ ਲੰਬਾ ਸਾਰਾ ਵਰਾਂਡਾ ਜੋ ਸਾਰੇ ਅਫ਼ਸਰਾਂ ਦੇ ਕੁਆਰਟਰਾਂ ਨੂੰ ਜੋੜਦਾ ਸੀ। ਹਰ ਇਕ ਕੁਆਰਟਰ ਵਿਚ ਇਕ ਛੋਟਾ ਜਿਹਾ ਡਰਾਇੰਗ ਰੂਮ ਤੇ ਨਾਲ ਬੈੱਡ ਰੂਮ ਸੀ। ਪਿਛਲੇ ਪਾਸੇ ਛੋਟਾ ਜਿਹਾ ਵਰਾਂਡਾ ਤੇ ਬਾਥਰੂਮ ਸੀ। ਹਰ ਇਕ ਅਫ਼ਸਰ ਨੂੰ ਇਕ ਅਰਦਲੀ ਦਿੱਤਾ ਹੁੰਦਾ ਸੀ, ਜੋ ਖੁਦ ਵੀ ਰੰਗਰੂਟ ਹੀ ਹੁੰਦਾ ਸੀ। ਰੰਗਰੂਟ ਉਹ ਹੁੰਦਾ ਹੈ ਜੋ ਸਿਪਾਹੀ ਬਣਨ ਲਈ ਟ੍ਰੇਨਿੰਗ ਕਰਦਾ ਹੈ। ਟ੍ਰੇਨਿੰਗ ਪੂਰੀ ਹੋਣ ਉਪਰੰਤ ਉਸ ਨੂੰ ਸਿਪਾਹੀ ਦੀ ਵਰਦੀ ਮਿਲਦੀ ਹੈ ਅਤੇ ਸਿਪਾਹੀ ਦੀ ਤਨਖਾਹ ਤੇ ਹੋਰ ਸਾਰੀਆਂ ਸੁਵਿਧਾਵਾਂ ਮਿਲਦੀਆਂ ਹਨ। ਅਫ਼ਸਰਾਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਦੋ ਅਫ਼ਸਰਾਂ ਨੂੰ ਇਕ-ਇਕ ਕੁਆਰਟਰ ਰਹਿਣ ਲਈ ਦਿੱਤਾ ਗਿਆ। ਇਕ ਦੋ ਅਫ਼ਸਰਾਂ ਕੋਲ ਹੀ ਸਕੂਟਰ ਜਾਂ ਮੋਟਰ ਸਾਈਕਲ ਹੁੰਦੇ ਸਨ।

ਅਸੀਂ ਅਫ਼ਸਰਾਂ ਨੇ ਜਦੋਂ ਕਿਤੇ ਬਾਹਰ ਜਾਣਾ ਹੁੰਦਾ ਸੀ ਤਾਂ ਸਾਈਕਲ 'ਤੇ ਜਾਂਦੇ ਸੀ। ਸੈਂਟਰ ਵਿਚ ਇਕ ਛੋਟਾ ਜਿਹਾ ਬਾਜ਼ਾਰ ਸੀ, ਜਿਸ ਵਿਚ ਇਕ ਸਾਈਕਲਾਂ ਦੀ ਦੁਕਾਨ ਸੀ। ਇਸ ਦੁਕਾਨ ਤੋਂ ਕਿਰਾਏ ਤੇ ਸਾਈਕਲਾਂ ਮਿਲਦੀਆਂ ਸਨ। ਉਹਨਾਂ ਦਿਨਾਂ ਵਿਚ ਸਾਈਕਲ ਦਾ ਕਿਰਾਇਆ ਚਾਰ ਆਨੇ ਪ੍ਰਤੀ ਘੰਟਾ ਹੁੰਦਾ ਸੀ। ਜਦੋਂ ਵੀ ਕਿਸੇ ਅਫ਼ਸਰ ਨੇ ਬਾਹਰ ਜਾਣਾ ਹੁੰਦਾ ਸੀ ਤਾਂ ਉਹ ਆਪਣੇ ਅਰਦਲੀ ਰਾਹੀਂ ਕਿਰਾਏ 'ਤੇ ਸਾਈਕਲ ਮੰਗਵਾ ਲੈਂਦਾ ਸੀ। ਇਸ ਤੋਂ ਇਲਾਵਾ ਅਰਦਲੀ ਧੋਬੀ ਤੋਂ ਕੱਪੜੇ ਧੁਆ ਕੇ ਲਿਆਉਂਦਾ, ਜੁੱਤੀਆਂ ਨੂੰ ਪਾਲਿਸ਼ ਕਰਦਾ ਅਤੇ ਪੱਗ ਨੂੰ ਮਾਵਾ ਆਦਿ ਲੁਆ ਦਿੰਦਾ ਸੀ। ਚਾਹੇ ਸਾਡੀ ਰੈਜੀਮੈਂਟ ਮਹਾਂਰਾਸ਼ਟਰ ਲੋਕਾਂ ਦੀ ਸੀ ਪਰ ਹੁਣ ਕਾਫ਼ੀ ਬੰਗਾਲੀ ਲੜਕੇ ਵੀ ਸਿਪਾਹੀ ਰੰਗਰੂਟ ਭਰਤੀ ਹੋ ਕੇ ਆ ਰਹੇ ਸਨ।

ਮੇਜਰ ਬੀ.ਕੇ. ਪਟੋਲੇ ਮਹਾਂਰਾਸ਼ਟਰ ਦਾ ਰਹਿਣ ਵਾਲਾ ਸੀ ਅਤੇ ਸਿਪਾਹੀ ਅਹੁਦੇ ਤੋਂ ਤਰੱਕੀ ਕਰਕੇ ਅਫ਼ਸਰ ਬਣਿਆ ਸੀ। ਇਹ ਸਿੱਧੇ-ਸਾਦੇ ਸੁਭਾਅ ਦਾ ਵਿਅਕਤੀ ਸੀ। ਪੁਰਾਣੇ ਜ਼ਮਾਨੇ ਦਾ ਹੋਣ ਕਰਕੇ ਖੁਲ੍ਹੀਆਂ ਪੈਂਟਾਂ ਪਾਉਂਦਾ ਸੀ। 1947-48 ਵਿਚ ਅੰਗਰੇਜ਼ ਅਫ਼ਸਰ ਵਾਪਸ ਇੰਗਲੈਂਡ ਚਲੇ ਗਏ ਅਤੇ ਭਾਰਤੀ ਸੈਨਿਕਾਂ ਨੂੰ ਅਫ਼ਸਰ ਬਣਨ ਦਾ ਮੌਕਾ ਮਿਲਿਆ। ਅਜਿਹੇ ਸਮੇਂ ਵਿਚ ਕਾਫ਼ੀ ਛੋਟੇ ਰੈਂਕਾਂ ਦੇ ਸੈਨਿਕ ਕਮਿਸ਼ੰਡ ਹੋਏ, ਜਿਹਨਾਂ ਵਿਚੋਂ ਬੀ.ਕੇ. ਪਟੋਲੇ ਵੀ ਸੀ।

ਸਾਡੇ ਨਾਲ ਲੱਗਦੇ ਕੁਆਰਟਰ ਵਿਚ ਇਕ ਸੈਕਿੰਡ ਲਫਟੈਣ ਗੁਰਦੀਪ ਸਿੰਘ ਸੰਧੂ ਨਾਂ ਦਾ ਅਫ਼ਸਰ ਰਹਿੰਦਾ ਸੀ ਜੋ ਕਿ ਭਵਾਨੀਗੜ੍ਹ ਦੇ ਨੇੜੇ ਦੇ ਪਿੰਡ ਨਕਟਾ ਦਾ ਰਹਿਣ ਵਾਲਾ ਸੀ। ਇਸ ਦਾ ਸਰੀਰ ਬਹੁਤ ਤੱਕੜਾ ਸੀ। ਸਾਡੇ ਇਲਾਕੇ ਦਾ ਹੋਣ ਕਰਕੇ ਕੁਝ ਨੇੜਤਾ ਜਿਹੀ ਮਹਿਸੂਸ ਕਰਨ ਲੱਗ ਪਿਆ। ਇਕ ਦਿਨ ਇਸ ਦੇ ਅਰਦਲੀ ਨੇ ਕੋਈ ਛੋਟੀ ਜਿਹੀ ਗਲਤੀ ਕਰ ਦਿੱਤੀ। ਗੁਰਦੀਪ ਸਿੰਘ ਸੰਧੂ ਨੇ ਅਰਦਲੀ ਦੇ ਥੱਪੜ ਮਾਰ ਦਿੱਤਾ। ਇਕ ਦੋ ਦਿਨਾਂ ਬਾਅਦ ਅਰਦਲੀ ਦਾ ਕੰਨ ਦੁੱਖਣ ਲੱਗ ਗਿਆ ਅਤੇ ਉਹ ਹਸਪਤਾਲ ਵਿਚ ਚੈੱਕ ਕਰਵਾਉਣ ਲਈ ਗਿਆ। ਹਸਪਤਾਲ ਦੇ ਡਾਕਟਰ ਨੇ ਦੱਸਿਆ ਕਿ ਕੰਨ ਦਾ ਪੜਦਾ ਫੱਟ ਗਿਆ ਹੈ। ਡਾਕਟਰ ਨੇ ਸਾਡੇ ਬਟਾਲੀਅਨ ਕਮਿਸ਼ਨ ਮੇਜਰ ਪਟੋਲੇ ਨੂੰ ਇਹ ਗੱਲ ਦੱਸੀ। ਮੇਜਰ ਪਟੋਲੇ ਨੇ ਗੁਰਦੀਪ ਸਿੰਘ ਸੰਧੂ ਨੂੰ ਬੁਲਾਇਆ ਅਤੇ ਸਾਰੀ ਗੱਲ ਪੁੱਛੀ। ਗੁਰਦੀਪ ਸਿੰਘ ਸੰਧੂ ਨੇ ਕਿਹਾ ਕਿ ਮੈਂ ਤਾਂ ਹੌਲੀ ਜਿਹਾ ਥੱਪੜ ਮਾਰਿਆ ਸੀ। ਮੈਨੂੰ ਕੀ ਪਤਾ ਸੀ ਇਹ ਰੰਗਰੂਟ ਇੰਨਾਂ ਕਮਜ਼ੋਰ ਹੈ।

ਇਕ ਦਿਨ ਬਟਾਲੀਅਨ ਕਮਾਂਡਰ ਗੁਰਦੀਪ ਸਿੰਘ ਨੂੰ ਪੁੱਛਣ ਲੱਗੇ ਕਿ ਤੇਰਾ ਸਰੀਰ ਬਹੁਤ ਤੱਕੜਾ ਹੈ, ਕੋਈ ਵਰਜਿਸ਼ ਵਗੈਰਾ ਕਰਦਾ ਹੋਵੇਂਗਾ। ਉਸ ਨੇ ਕਿਹਾ ਕਿ ਵਰਜ਼ਿਸ਼ ਤਾਂ ਮੈਂ ਕੋਈ ਨਹੀਂ ਕਰਦਾ ਸੀ। ਉਸ ਨੇ ਮੇਜਰ ਪਟੋਲੇ ਨੂੰ ਦੱਸਿਆ ਕਿ ਉਹਨਾਂ ਦੇ ਪਿਤਾ ਸ. ਗਿਆਨ ਸਿੰਘ ਨੰਬਰਦਾਰ ਬਹੁਤ ਸਖ਼ਤ ਸੁਭਾਅ ਦੇ ਵਿਅਕਤੀ ਹਨ। ਜਦੋਂ ਵੀ ਉਹ ਮੈਨੂੰ ਪਿੰਡ ਤੋਂ ਖੇਤ ਭੇਜਦੇ ਸਨ ਤਾਂ ਕਹਿੰਦੇ ਸਨ, " ਦੋ ਮਣ ਪੰਡ ਚੁੱਕਣੀ ਹੈ ਅਤੇ ਕਦੇ ਵੀ ਤੁਰ ਕੇ ਨਹੀਂ ਆਉਣਾ, ਸਗੋਂ ਭੱਜ ਕੇ ਆਉਣਾ ਹੈ। ਬਸ ਸਮਝ ਲਓ ਮੇਰੀ ਤਾਂ ਇਹੀ ਵਰਜ਼ਿਸ਼ ਸੀ। ਨਹਾਉਣ ਲਈ ਸਾਡੇ ਪਿੰਡ ਇਕ ਛੱਪੜ ਸੀ, ਜਿਸ ਵਿਚ ਮੈਂ ਤੈਰਦਾ ਸੀ। ਸਵੀਮਿੰਗ ਪੂਲ ਤਾਂ ਮੈਂ ਫੌਜ ਵਿਚ ਆ ਕੇ ਹੀ

ਦੇਖਿਆ ਹੈ ।"

ਇਕ ਹੋਰ ਅਫ਼ਸਰ ਜੋ ਮੈਨੂੰ ਬਹੁਤ ਚੰਗਾ ਲੱਗਿਆ ਪਰ ਇਕ ਸਾਲ ਬਾਅਦ ਉਹ ਮੈਨੂੰ ਕਦੇ ਨਹੀਂ ਮਿਲਿਆ। ਉਸ ਦਾ ਨਾਮ ਜਗਜੀਤ ਸਿੰਘ ਵਾਲੀਆ ਸੀ ਅਤੇ ਉਹ ਸੈਕਿੰਡ ਲਫਟੈਣ ਸੀ। ਇਹ ਅਫ਼ਸਰ ਕਪੂਰਥਲਾ ਸ਼ਹਿਰ ਦੇ ਚੰਗੇ ਪਰਿਵਾਰ ਦਾ ਲੜਕਾ ਸੀ ਅਤੇ ਗੱਲਬਾਤ ਬਹੁਤ ਵਧੀਆ ਢੰਗ ਨਾਲ ਕਰ ਲੈਂਦਾ ਸੀ।

**ਬਮੋਰੀ ਦੀ ਘਟਨਾ**

ਦੋ ਕੰਪਨੀਆਂ ਦੀ ਟ੍ਰੇਨਿੰਗ ਕਰਨ ਲਈ 16 ਜੁਲਾਈ 1964 ਨੂੰ ਸਾਨੂੰ ਬਮੋਰੀ ਭੇਜ ਦਿੱਤਾ ਗਿਆ। ਬਮੋਰੀ ਸਾਗਰ ਸ਼ਹਿਰ ਤੋਂ ਤਕਰੀਬਨ 30 ਕੁ ਕਿਲੋਮੀਟਰ ਬਾਹਰ ਸੀ। ਬਮੋਰੀ ਇਕ ਪਿੰਡ ਦਾ ਨਾਮ ਹੈ। ਜਿਥੇ ਭਾਰਤ ਸਰਕਾਰ ਨੇ 40 ਏਕੜ ਦੇ ਕਰੀਬ ਜ਼ਮੀਨ ਖ਼ਰੀਦੀ ਹੋਈ ਹੈ। ਇਥੇ ਸਾਡੀ ਰੈਜੀਮੈਂਟ ਦੇ ਸਿਪਾਹੀ ਟ੍ਰੇਨਿੰਗ ਲਈ ਜਾਂਦੇ ਸਨ। ਇਹ ਦੋ ਕੰਪਨੀਆਂ ਜਿਹਨਾਂ ਵਿਚੋਂ ਇਕ ਦਾ ਕਮਾਂਡਰ ਸੈਕਿੰਡ ਲਫਟੈਣ ਜਗਜੀਤ ਸਿੰਘ ਸੀ ਅਤੇ ਦੂਜੀ ਦਾ ਮੈਂ ਸੀ, ਇਹ ਕੰਪਨੀਆਂ ਨੇ ਬਮੋਰੀ 15 ਦਿਨ ਰਹਿਣਾ ਸੀ। ਮੇਰੇ ਤੇ ਜਗਜੀਤ ਸਿੰਘ ਵਾਲੀਆ ਲਈ ਛੋਟੀ ਜਿਹੀ ਪਹਾੜੀ ਉਤੇ ਅਫ਼ਸਰ ਟੈਂਟ ਲਗਾ ਦਿੱਤਾ ਗਿਆ ਤੇ ਸਾਡੇ ਟਾਇਲਟ ਲਈ 40 ਪਾਊਂਡ ਦਾ ਛੋਟਾ ਟੈਂਟ ਲਗਾ ਦਿੱਤਾ ਸੀ। ਰੰਗਰੂਟਾਂ ਨੂੰ ਰੋਜ਼ਾਨਾ ਪੀ.ਟੀ, ਪਰੇਡ ਅਤੇ ਵੈਪਨ ਟ੍ਰੇਨਿੰਗ ਕਰਵਾਉਣੀ ਹੁੰਦੀ ਸੀ।

ਇਕ ਦਿਨ ਇੰਝ ਹੋਇਆ ਕਿ ਸੂਬੇਦਾਰ ਸਾਹਿਬ ਨੇ ਦੋ ਸਿਪਾਹੀ ਮੇਰੇ ਕੋਲ ਪੇਸ਼ ਕੀਤੇ। ਸਿਪਾਹੀ ਕਹਿਣ ਲੱਗੇ ਕਿ ਪਿੰਡ ਦੇ ਲੋਕਾਂ ਨੇ ਉਹਨਾਂ ਨੂੰ ਕੁੱਟਿਆ ਹੈ। ਉਸ ਵੇਲੇ ਮੈਨੂੰ ਕੋਈ ਤਜ਼ਰਬਾ ਨਹੀਂ ਸੀ। ਜੇ ਅੱਜ ਇਹ ਗੱਲ ਹੁੰਦੀ ਤਾਂ ਮੈਂ ਪਹਿਲਾਂ ਪਿੰਡ ਦੇ ਲੋਕਾਂ ਕੋਲ ਜਾ ਕੇ ਗੱਲਬਾਤ ਪੁੱਛਦਾ ਤੇ ਖੁਦ ਤਸੱਲੀ ਕਰਦਾ ਕਿ ਕੀ ਗੱਲ ਹੋਈ ਹੈ। ਉਸ ਤੋਂ ਬਾਅਦ ਕੁਝ ਸੋਚਦਾ। ਮੈਂ ਇਸ ਤਰ੍ਹਾਂ ਦਾ ਕੁਝ ਨਹੀਂ ਕੀਤਾ। ਮੈਂ ਪੂਰੀ ਕੰਪਨੀ ਦੇ ਸਾਰੇ ਨੌਜਵਾਨ ਲੈ ਕੇ ਚਾਰੇ ਪਾਸੇ ਤੋਂ ਪਿੰਡ ਨੂੰ ਘੇਰ ਲਿਆ। ਪਿੰਡ ਦੇ ਲੋਕ ਸਹਿਮ ਜਿਹੇ ਗਏ। ਮੈਂ ਲੋਕਾਂ ਨੂੰ ਕਿਹਾ ਕਿ ਜੇ ਇਹ ਲੋਕ ਤੁਹਾਡੇ ਤੋਂ ਡਰਨਗੇ ਤਾਂ ਇਹ ਚੀਨ ਅਤੇ ਪਾਕਿਸਤਾਨ ਦੀਆਂ ਫੌਜਾਂ ਨਾਲ ਕਿਵੇਂ ਲੜਨਗੇ। ਰੰਗਰੂਟਾਂ ਦੀ ਟ੍ਰੇਨਿੰਗ ਖਤਮ ਹੋ ਗਈ ਅਤੇ ਅਸੀਂ ਵਾਪਸ ਸਾਗਰ ਆ ਗਏ। 6 ਅਗਸਤ 1964 ਨੂੰ ਮੇਜਰ ਪਟੋਲੇ ਨੇ ਮੈਨੂੰ ਬੁਲਾਇਆ ਅਤੇ ਕਹਿਣ ਲੱਗੇ ਕਿ ਪਿੰਡ ਦੇ ਲੋਕਾਂ ਨੇ ਡਿਫੈਂਸ ਮਿਨੀਸਟਰੀ ਨੂੰ ਸ਼ਿਕਾਇਤ ਕੀਤੀ ਹੈ ਅਤੇ ਉਹ ਸ਼ਿਕਾਇਤ ਸਾਨੂੰ ਆਈ ਹੈ। ਉਹਨਾਂ ਨੇ ਮੇਰੇ ਤੋਂ ਘਟਨਾ ਬਾਰੇ ਜਾਣਕਾਰੀ ਪੁੱਛੀ। ਮੈਂ ਕਿਹਾ," ਜੀ ਬਿਲਕੁਲ ਠੀਕ ਗੱਲ ਹੈ। ਮੈਂ ਇਹ ਸਭ ਇਸ ਲਈ ਕੀਤਾ ਕਿ ਜੇਕਰ ਸਾਡੇ ਜਵਾਨ ਸਿਵਲੀਅਨ ਲੋਕਾਂ ਤੋਂ ਹੀ ਡਰ ਜਾਣਗੇ ਤਾਂ ਉਹ ਪਾਕਿਸਤਾਨ ਜਾਂ ਚੀਨ ਦੀ ਫੌਜ ਨਾਲ ਕਿਵੇਂ ਲੜਣਗੇ। ਮੈਨੂੰ ਇਹ ਫੌਜ ਦੀ ਬੇਇਜ਼ਤੀ ਲੱਗੀ।" ਮੇਜਰ ਪਟੋਲੇ ਨੇ ਮੈਨੂੰ ਕਿਹਾ ਕਿ ਤੁਸੀਂ ਨੌਜਵਾਨ ਅਫ਼ਸਰ ਹੋ ਅੱਗੇ ਤੋਂ ਪੁੱਛਗਿਛ ਕੇ ਫ਼ੈਸਲਾ ਕਰਿਆ ਕਰੋ।

15 ਸਤੰਬਰ 1964 ਨੂੰ ਬੰਗਾਲ ਦਾ ਇਕ ਐਮ.ਐਲ.ਏ, ਇਕ ਰੰਗਰੂਟ

ਨਾਲ ਉਸ ਦੀ ਸਿਫ਼ਾਰਸ਼ ਕਰਨ ਆਇਆ। ਸਿਪਾਹੀ ਭਗੌੜਾ ਸੀ,ਜੋ ਛੁੱਟੀਆਂ ਖਤਮ ਹੋਣ ਤੋਂ ਦੋ ਮਹੀਨਿਆਂ ਬਾਅਦ ਆਇਆ ਸੀ। ਕੰਪਨੀ ਕਮਾਂਡਰ ਕੋਲ ਰੰਗਰੂਟ ਨੂੰ ਬੰਦ ਕਰਨ ਦਾ ਅਧਿਕਾਰ ਸੀ। ਮੈਂ ਹੌਲਦਾਰ ਨੂੰ ਕਿਹਾ ਕਿ ਇਸ ਰੰਗਰੂਟ ਨੂੰ ਕੁਆਰਟਰਗਾਰਡ ਵਿਚ ਬੰਦ ਕਰ ਦਿਓ। ਐਮ.ਐਲ.ਏ. ਮੈਨੂੰ ਮਿਲਿਆ। ਉਸ ਵੇਲੇ ਮੈਨੂੰ ਐਮ.ਐਲ.ਏ ਦੀ ਅਹਿਮੀਅਤ ਬਾਰੇ ਇੰਨਾ ਨਹੀਂ ਪਤਾ ਸੀ। ਮੈਂ ਸਮਝਦਾ ਸੀ ਕਿ ਸੈਕਿੰਡ ਲਫਟੈਣ ਵੀ ਬਹੁਤ ਵੱਡੀ ਚੀਜ਼ ਹੁੰਦੀ ਹੈ। ਮੈਂ ਐਮ.ਐਲ.ਏ ਨੂੰ ਕਿਹਾ ਇਹ ਸਿਪਾਹੀ ਭਗੌੜਾ ਹੈ। ਇਸ ਲਈ ਅਸੀਂ ਇਸ ਨੂੰ ਸਜ਼ਾ ਦੇਵਾਂਗੇ। ਜੇ ਤੁਸੀਂ ਸਾਡੇ ਕੰਮ ਵਿਚ ਦਖ਼ਲ ਦਿਓਗੇ ਤਾਂ ਤੁਹਾਨੂੰ ਵੀ ਬੰਦ ਕਰ ਦਿੱਤਾ ਜਾਵੇਗਾ। ਐਮ.ਐਲ.ਏ ਮੇਰੇ ਅਜਿਹਾ ਕਹਿਣ ਤੇ ਇੰਨਾ ਡਰ ਗਿਆ ਕਿ ਮਿੰਟਾਂ ਸਕਿੰਟਾਂ ਵਿਚ ਹੀ ਪਤਾ ਨਹੀਂ ਕਿਧਰ ਚਲਾ ਗਿਆ। ਇਸ ਤੋਂ ਇਲਾਵਾ ਸਾਰਾ ਸਮਾਂ ਠੀਕ ਨਿਕਲਿਆ।

ਸਾਡੇ ਮੈਸ ਵਿਚ ਖਾਣਾ ਬਹੁਤ ਸਸਤਾ ਮਿਲਦਾ ਸੀ। ਮਹਾਰ ਸੈਂਟਰ, ਸਾਗਰ ਨਾਲ ਕਾਫ਼ੀ ਜ਼ਮੀਨ ਸੀ। ਜੋ ਅਨਾਜ ਅਸੀਂ ਪੈਦਾ ਕਰਦੇ ਸੀ, ਉਹ ਮੈਸ ਨੂੰ ਬਹੁਤ ਸਸਤਾ ਮਿਲ ਜਾਂਦਾ ਸੀ। ਕਰਨਲ ਰੋਹਿਨਖੇਡਕਰ ਸੈਂਟਰ ਦੇ ਕਮਾਂਡੈਂਟ ਸਨ। ਉਹ ਵੀ ਮਰਾਠਾ ਅਫ਼ਸਰ ਸਨ। ਉਹਨਾਂ ਦਾ ਸਰੀਰ ਬਹੁਤ ਸੁਡੋਲ ਸੀ। ਇਹਨਾਂ ਨੇ ਵੀ ਹੇਠਾਂ ਤੋਂ ਭਾਵ ਸਿਪਾਹੀ ਤੋਂ ਤਰੱਕੀ ਕੀਤੀ ਸੀ। ਉਹ ਰਿਟਾਇਰ ਹੋਣ ਵਾਲੇ ਹੀ ਸਨ। ਸਾਨੂੰ ਅਫ਼ਸਰਾਂ ਨੂੰ ਕਰਨਲ ਸਾਹਿਬ ਨੂੰ ਮਿਲਣ ਲਈ ਕਿਹਾ ਜਾਂਦਾ ਸੀ। ਕਰਨਲ ਸਾਹਿਬ ਨੇ ਸਾਨੂੰ ਕਿਹਾ ਕਿ ਤੁਸੀਂ ਕਾਫ਼ੀ ਪੈਸੇ ਬਚਾਉਣੇ ਹਨ। ਅਜੇ ਤੁਹਾਡੀਆਂ ਜ਼ਿੰਮੇਵਾਰੀਆਂ ਘੱਟ ਹਨ ਪਰ ਜਦੋਂ ਤੁਸੀਂ ਵਿਆਹੇ ਜਾਓਗੇ ਤਾਂ ਤੁਹਾਡੇ ਖ਼ਰਚੇ ਵੱਧ ਜਾਣਗੇ। ਉਹਨਾਂ ਨੇ ਅਫ਼ਸਰਾਂ ਦੀ ਸ਼ਰਾਬ ਦੇ ਖ਼ਰਚੇ ਤੇ ਵੀ ਪਾਬੰਦੀ ਲਾਈ ਸੀ। ਉਹ 40 ਰੁਪਏ ਤੋਂ ਵੱਧ ਮਹੀਨਾ ਦੀ ਸ਼ਰਾਬ ਨਹੀਂ ਪੀਣ ਦਿੰਦੇ ਸਨ। ਜੇ ਕੋਈ ਅਫ਼ਸਰ ਵੱਧ ਸ਼ਰਾਬ ਪੀਂਦਾ ਸੀ ਤਾਂ ਮੈਸ ਵਾਲੇ ਕਰਨਲ ਸਾਹਿਬ ਨੂੰ ਰਿਪੋਰਟ ਕਰ ਦਿੰਦੇ ਸਨ। ਮੈਂ ਮੱਧ ਮਾਰਚ 1965 ਵਿਚ ਸਾਲਾਨਾ ਛੁੱਟੀਆਂ ਲਈ ਘਰ ਆ ਗਿਆ। ਸਾਲਾਨਾ ਛੁੱਟੀਆਂ 60 ਦਿਨਾਂ ਦੀਆਂ ਹੁੰਦੀਆਂ ਸਨ। ਮੇਰੇ ਮਾਤਾ ਪਿਤਾ ਉਸ ਵੇਲੇ ਦੁਗਾਲ ਪਿੰਡ ਹੀ ਰਹਿੰਦੇ ਸਨ ਅਤੇ ਪਟਿਆਲੇ ਵਾਲੇ ਘਰ ਨੂੰ ਜਿੰਦਰਾ ਲੱਗਾ ਹੋਇਆ ਸੀ। ਮੈਂ ਛੁੱਟੀਆਂ ਬਿਤਾ ਹੀ ਰਿਹਾ ਸੀ ਕਿ ਰਣਕੱਛ ਦੀ ਛੋਟੀ ਜਿਹੀ ਲੜਾਈ ਲੱਗ ਗਈ। ਛੁੱਟੀਆਂ ਵਿਚ ਮੈਨੂੰ ਚਿੱਠੀ ਆਈ ਕਿ ਮੇਰੀ ਬਦਲੀ ਸੈਂਟਰ ਤੋਂ ਦੋ ਮਹਾਰ ਦੀ ਹੋ ਗਈ ਹੈ ਅਤੇ ਮੇਰਾ ਸਾਰਾ ਸਮਾਨ ਨਵੀਂ ਜਗ੍ਹਾ ਤੇ ਭੇਜ ਦਿੱਤਾ ਜਾਵੇਗਾ। ਨਾਲ ਹੀ ਉਹਨਾਂ ਨੇ ਮੇਰੇ ਲਈ ਰੇਲਵੇ ਟਿਕਟ ਭੇਜ ਦਿੱਤੀ ਸੀ। ਮੈਂ ਪਟਿਆਲੇ ਤੋਂ ਜੋਧਪੁਰ ਹੁੰਦਿਆਂ ਬਾੜਮੇਰ ਰੇਲਵੇ ਸਟੇਸ਼ਨ ਜਾਣਾ ਸੀ।

*****

# ਮਾਂ ਦਾ ਆਸ਼ੀਰਵਾਦ

ਅਪ੍ਰੈਲ 1965 ਦੇ ਮਹੀਨੇ ਇਕ ਛੋਟੀ ਜਿਹੀ ਲੜਾਈ ਹੋਈ ਜੋ ਗੁਜਰਾਤ, ਰਾਜਸਥਾਨ ਪਾਕਿਸਤਾਨ ਬਾਰਡਰ ਤੇ ਸੀ। ਰਣਕੱਛ ਵਿਚ ਭਾਰਤ ਦੀਆਂ ਕੁਝ ਚੌਕੀਆਂ ਸਨ, ਜੋ ਪਾਕਿਸਤਾਨੀ ਫੌਜ ਨੇ ਮੱਲ ਲਈਆਂ ਸਨ। ਉਸ ਵੇਲੇ ਮੈਂ ਖੁਸ਼ੀ-ਖੁਸ਼ੀ ਪਿੰਡ ਸਾਲਾਨਾ ਛੁੱਟੀਆਂ ਕੱਟ ਰਿਹਾ ਸੀ। ਮੈਨੂੰ ਆਰਮੀ ਹੈਡਕੁਆਰਟਰ ਦੀ ਚਿੱਠੀ ਆਈ, ਜਿਸ ਵਿਚ ਲਿਖਿਆ ਸੀ ਕਿ ਮੇਰੀ ਬਦਲੀ ਮਹਾਰ ਸੈਂਟਰ ਸਾਗਰ ਤੋਂ ਦੋ ਮਹਾਰ ਵਿਚ ਹੋ ਗਈ ਹੈ। ਨਾਲ ਹੀ ਮੈਨੂੰ ਰੇਲਵੇ ਟਿਕਟ ਆ ਗਿਆ ਸੀ। ਛੁੱਟੀ ਖਤਮ ਹੋਣ ਉਪਰੰਤ ਮੈਂ ਨਵੀਂ ਰੈਜੀਮੈਂਟ ਜਾਣ ਦੀ ਤਿਆਰੀ ਕੀਤੀ। ਭਾਰਤ ਪਾਕਿਸਤਾਨ ਲੜਾਈ ਦੇ ਬੱਦਲ ਜਿਹੇ ਬਣੇ ਹੋਏ ਸਨ।

15 ਮਈ ਨੂੰ ਮੈਂ ਆਪਣੇ ਪਿੰਡ ਦੁਗਾਲ ਤੋਂ ਪਟਿਆਲਾ ਲਈ ਚੱਲ ਪਿਆ। ਉਸ ਵੇਲੇ ਦੁਗਾਲ ਮੇਰੇ ਦੋ ਛੋਟੇ ਭਰਾ ਸਤਵੰਤ, ਗੁਰਵੰਤ ਅਤੇ ਸਭ ਤੋਂ ਛੋਟੀ ਭੈਣ ਹਰਿੰਦਰ ਰਹਿੰਦੀ ਸੀ। 11 ਕੁ ਵਜੇ ਮਾਤਾ ਜੀ ਅਤੇ ਤਿੰਨੇ ਭੈਣ-ਭਰਾ, ਮੈਨੂੰ ਦੁਗਾਲ ਬੱਸ ਸਟੈਂਡ 'ਤੇ ਛੱਡਣ ਆਏ। ਸਾਡੇ ਖੇਤੀ ਦੇ ਕੰਮ 'ਤੇ ਲਾਏ ਦੋ ਮਜ਼ਦੂਰਾਂ ਵਿਚੋਂ ਇਕ ਮਜ਼ਦੂਰ ਨੇ ਮੇਰਾ ਸਮਾਨ ਆਪਣੇ ਸਿਰ 'ਤੇ ਚੁੱਕ ਲਿਆ। ਉਸ ਵੇਲੇ ਦੁਗਾਲ ਤੋਂ ਪਟਿਆਲਾ ਆਉਣ ਲਈ ਪਹਿਲਾਂ ਪਾਤੜਾਂ ਜਾਣਾ ਪੈਂਦਾ ਸੀ, ਜੋ ਕਿ ਦੁਗਾਲ ਤੋਂ ਤਿੰਨ ਕਿਲੋਮੀਟਰ ਹੈ। ਪਾਤੜਾਂ ਮੰਡੀ ਬਹੁਤ ਵੱਡਾ ਜੰਕਸ਼ਨ ਹੈ, ਜਿਥੋਂ ਪਟਿਆਲਾ, ਚੰਡੀਗੜ੍ਹ, ਜਾਖਲ, ਜੀਂਦ ਅਤੇ ਦਿੱਲੀ ਲਈ ਬੱਸਾਂ ਚੱਲਦੀਆਂ ਹਨ। ਮੇਰੇ ਪਿਤਾ ਜੀ ਉਸ ਦਿਨ ਕਿਧਰੇ ਗਏ ਹੋਏ ਸਨ। ਅਸੀਂ ਦੁਗਾਲ ਬੱਸ ਸਟੈਂਡ ਪਹੁੰਚ ਗਏ। ਜਦੋਂ ਸੰਗਰੂਰ ਤੋਂ ਬੱਸ ਦੁਗਾਲ ਬੱਸ ਸਟੈਂਡ ਵੱਲ ਨੂੰ ਆ ਰਹੀ ਸੀ ਤਾਂ ਮੇਰੇ ਮਾਤਾ ਜੀ ਮੈਨੂੰ ਇਕ ਪਾਸੇ ਲੈ ਗਏ। ਉਹ ਮੈਨੂੰ ਕਹਿਣ ਲੱਗੇ," ਕਾਕਾ ਧਿਆਨ ਨਾਲ ਗੱਲ ਸੁਣ, ਤੂੰ ਲੜਾਈ ਜਾ ਰਿਹਾ ਹੈਂ। ਦੁੱਖ-ਸੁੱਖ ਬੰਦਿਆਂ ਉਤੇ ਹੀ ਆਉਂਦੇ ਹਨ, ਅੱਛੀ ਤਰ੍ਹਾਂ ਕੰਮ ਕਰਨਾ ਹੈ।" ਇਹ ਸੁਣ ਕੇ ਮੈਂ ਵੀ ਗੰਭੀਰ ਹੋ ਗਿਆ ਅਤੇ ਆਪਣੀ ਮਾਂ ਨੂੰ ਕਹਿਣ ਲੱਗਾ,"ਮਾਤਾ ਜੀ ਮੈਂ ਤੁਹਾਡੇ ਦੁੱਧ ਦੀ ਲਾਜ ਰੱਖਾਂਗਾ ਅਤੇ ਦੁੱਖ-ਸੁੱਖ ਨੂੰ ਸਰੀਰ ਉਤੇ ਜ਼ਿੰਮੇਵਾਰੀ ਨਾਲ ਝੱਲਾਂਗਾ।"

ਮੈਂ ਬੱਸ ਚੜ੍ਹ ਕੇ ਪਟਿਆਲੇ ਆ ਗਿਆ। ਉਸ ਤੋਂ ਬਾਅਦ ਰੇਲ ਗੱਡੀ ਦਾ ਸਫ਼ਰ ਸ਼ੁਰੂ ਹੋਇਆ। ਮੈਂ ਡੇਢ ਕੁ ਦਿਨ ਵਿਚ ਬਾੜਮੇਰ, ਰਾਜਸਥਾਨ ਪਹੁੰਚ ਗਿਆ ਜਿਥੋਂ ਮੈਨੂੰ ਦੋ ਮਹਾਰ ਦਾ ਟਰੱਕ ਲੈਣ ਆਇਆ ਹੋਇਆ ਸੀ। ਅੱਧੇ ਘੰਟੇ ਦਾ ਸਫ਼ਰ

ਤੈਅ ਕਰ ਕੇ ਮੈਂ ਇਕ ਪਿੰਡ ਪਹੁੰਚ ਗਿਆ, ਜਿਸ ਦਾ ਨਾਮ ਜਲਿਪਾ ਸੀ। ਇਥੇ ਹੀ ਦੋ ਮਹਾਰ ਸਥਾਪਿਤ ਸੀ। ਮਾਂ ਦੇ ਆਸ਼ੀਰਵਾਦ ਦਾ ਮੇਰੇ 'ਤੇ ਬਹੁਤ ਅਸਰ ਹੋਇਆ। ਜਦੋਂ 1965 ਦੀ ਲੜਾਈ ਲੱਗੀ ਅਤੇ ਇਮਤਿਹਾਨ ਦੀਆਂ ਘੜੀਆਂ ਆਈਆਂ, ਉਸ ਵੇਲੇ ਸਾਡਾ ਅਸਲਾ ਖਤਮ ਹੋ ਗਿਆ ਤੇ ਮਰਨ ਜਾਂ ਭੱਜਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ ਬਚਿਆ। ਉਸ ਵੇਲੇ ਇਸ ਮਾਂ ਦੀ ਆਸ਼ੀਰਵਾਦ ਨੇ ਬਹੁਤ ਕੰਮ ਕੀਤਾ ਜੋ ਸਤੰਬਰ 1965 ਦੀ ਲੜਾਈ ਅਧਿਆਇ ਵਿਚ ਵਿਸਥਾਰ ਨਾਲ ਲਿਖਿਆ ਹੋਇਆ ਹੈ।

16 ਨਵੰਬਰ 1996 ਨੂੰ ਮੇਰੇ ਮਾਤਾ ਜੀ ਮਿਲਵਾਕੀ (ਅਮਰੀਕਾ) ਵਿਖੇ ਸੁਰਗਵਾਸ ਹੋ ਗਏ। ਮੇਰੇ ਤਿੰਨੇ ਛੋਟੇ ਭਰਾ ਕਾਫੀ ਵਰ੍ਹਿਆਂ ਤੋਂ ਅਮਰੀਕਾ ਵਿਚ ਰਹਿ ਰਹੇ ਸਨ। ਮੈਂ ਤੇ ਮੇਰਾ ਪਰਿਵਾਰ ਵੀ ਬੱਚਿਆਂ ਦੀ ਪੜ੍ਹਾਈ ਲਈ 1993 ਵਿਚ ਅਮਰੀਕਾ ਪਹੁੰਚ ਗਏ ਸੀ। ਮਾਤਾ ਜੀ ਦੇ ਅੰਤ ਵੇਲੇ ਸਾਰੀਆਂ ਰਸਮਾਂ ਮਿਲਵਾਕੀ ਸ਼ਹਿਰ ਵਿਚ ਹੀ ਪੂਰੀਆਂ ਹੋਈਆਂ। ਮੇਰਾ ਛੋਟਾ ਭਰਾ ਸਤਵੰਤ ਸਿੰਘ (ਸ਼ਹੀਦ) ਪਟਿਆਲੇ ਮੇਰੀ ਭੈਣ ਦੇ ਸਹੁਰੇ ਸ. ਕਰਤਾਰ ਸਿੰਘ (ਸ. ਸੁਰਜੀਤ ਸਿੰਘ ਰੱਖੜਾ ਦੇ ਪਿਤਾ ਜੀ) ਦੇ ਭੋਗ ਤੇ ਆਏ ਸਨ। ਮਾਤਾ ਜੀ ਦੀ ਮਿਰਤਕ ਦੇਹ ਨੂੰ ਫਰੀਜ਼ਰ ਵਿਚ ਰੱਖਿਆ ਗਿਆ। ਸਸਕਾਰ ਹੋਣ ਤੱਕ ਸਵੇਰੇ ਸ਼ਾਮ ਫਰੀਜ਼ਰ ਕੋਲ ਆਤਮਾ ਦੇ ਕਲਿਆਣ ਲਈ ਅਰਦਾਸ ਕੀਤੀ ਜਾਂਦੀ ਸੀ। ਸਤਵੰਤ ਸਿੰਘ ਦੇ ਅਮਰੀਕਾ ਪਹੁੰਚਣ ਤੇ ਮਾਤਾ ਜੀ ਦਾ ਅੰਤਿਮ ਸਸਕਾਰ ਕੀਤਾ ਗਿਆ। ਸਾਡੇ ਨੌਂ ਭੈਣ ਭਾਈਆਂ ਵਿਚੋਂ ਇਕ ਭਰਾ 1988 ਵਿਚ ਹੀ ਸੁਰਗਵਾਸ ਹੋ ਚੁੱਕਾ ਸੀ। ਸਭ ਤੋਂ ਵੱਡੀ ਭੈਣ ਰੁਪਿੰਦਰ ਕੌਰ ਦੇ ਪਤੀ ਸ. ਹਰਨੇਕ ਸਿੰਘ ਨੇ ਅਮਰੀਕਾ ਜਾਣ ਦੇ ਕਾਗਜ਼ ਬਣਨ ਤੋਂ ਮਨ੍ਹਾਂ ਕਰ ਦਿੱਤੇ ਸਨ। ਬਾਕੀ ਸਾਰੇ ਭੈਣ ਭਰਾ ਮਾਤਾ ਜੀ ਦੇ ਅੰਤਿਮ ਸਸਕਾਰ 'ਤੇ ਪਹੁੰਚੇ ਹੋਏ ਸਨ। ਅਸੀਂ ਚਾਰੇ ਭਰਾ ਤਕਰੀਬਨ ਸੌ ਮੀਲ ਦੇ ਇਲਾਕੇ ਵਿਚ ਹੀ ਰਹਿੰਦੇ ਸੀ। ਵੱਡੀ ਭੈਣ ਨਿਊਯਾਰਕ ਦੇ ਨਜ਼ਦੀਕ ਬੋਸਟਨ ਸ਼ਹਿਰ ਵਿਚ ਰਹਿੰਦੀ ਸੀ। ਛੋਟੀ ਭੈਣ ਹਰਿੰਦਰ ਕੌਰ ਰੱਖੜਾ ਪਟਿਆਲੇ ਤੋਂ ਇਸ ਸਮਾਗਮ ਵਿਚ ਪਹੁੰਚੀ ਸੀ।

ਅਮਰੀਕਾ ਵਿਚ ਮਿਰਤਕ ਦੇਹ ਇਕ ਵੱਡੀ ਕਾਲੀ ਗੱਡੀ (ਲਿਮੋ) ਵਿਚ ਲਿਜਾਈ ਜਾਂਦੀ ਹੈ। ਉਸ ਦੇ ਅੱਗੇ ਕੋਈ ਦੋ ਕੁ ਪੁਲਿਸ ਦੀਆਂ ਗੱਡੀਆਂ ਲੱਗਦੀਆਂ ਹਨ। ਉਸ ਤੋਂ ਪਿੱਛੇ ਰਿਸ਼ਤੇਦਾਰ, ਭੈਣ-ਭਰਾ ਅਤੇ ਸ਼ੁਭ-ਚਿੰਤਕ ਹੁੰਦੇ ਹਨ। ਤਕਰੀਬਨ ਤਿੰਨ ਸੌ ਬੰਦੇ ਸੌ ਗੱਡੀਆਂ ਵਿਚ ਸਫ਼ਰ ਕਰ ਰਹੇ ਸਨ। ਮਾਤਾ ਜੀ ਦਾ ਦਾਹ ਸਸਕਾਰ ਕੈਪੀਟਲ ਡਰਾਈਵ 'ਤੇ ਬਹੁਤ ਵੱਡੀ ਜਗ੍ਹਾ ਤੇ ਹੋਇਆ। ਇੰਝ ਲੱਗਦਾ ਸੀ ਕਿ ਨੌਂ ਬੱਚਿਆਂ ਦੀ ਮਾਂ ਇੱਕ ਬਹੁਤ ਹੋਣਹਾਰ ਰੱਬੀ ਰੂਹ ਸੀ, ਜੋ ਸੰਪੂਰਨ ਜੀਵਨ ਜੀਅ ਕੇ ਅਤੇ ਜਿੱਤ ਕੇ ਆਪਣੇ ਘਰ ਵਾਪਸ ਜਾ ਰਹੀ ਸੀ।

ਅਜਿਹੀ ਕਾਨਵਾਈ ਵਾਸਤੇ ਕੋਈ ਰੈੱਡ ਲਾਈਟ ਨਹੀਂ ਹੁੰਦੀ। ਸਾਰੇ ਸਮਝਦਾਰ ਲੋਕ ਕਾਨਵਾਈ ਵਿਚ ਨਹੀਂ ਫੱਸਦੇ। ਕਰਾਮਾ ਟੋਰੀਅਮ ਪਹੁੰਚ ਕੇ ਮਿਰਤਕ ਦੇਹ ਨੂੰ ਉੱਚੇ ਪਲੇਟ ਫਾਰਮ ਤੇ ਰੱਖਿਆ ਗਿਆ। ਕਾਨਵਾਈ ਨਾਲ ਆਏ

ਸਾਰੇ ਸੰਗੀ ਸਾਥੀ ਅਰਦਾਸ ਵਿਚ ਸ਼ਾਮਲ ਹੋਏ। ਭਾਈ ਨਾਜਰ ਸਿੰਘ (ਸਾਬਕਾ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ) ਨੇ ਅਰਦਾਸ ਕੀਤੀ। ਉਸ ਤੋਂ ਬਾਅਦ ਮਿਰਤਕ ਦੇਹ ਬੇਸਮੈਂਟ ਵਿਚ ਲਿਜਾਈ ਗਈ। ਅਖੀਰ ਵਿਚ ਅਸੀਂ ਚਾਰੇ ਭਰਾ ਰਹਿ ਗਏ। ਸਾਨੂੰ ਗੋਰੇ ਪੁੱਛਣ ਲੱਗੇ ਕੋਈ ਹੋਰ ਰਸਮ ਤਾਂ ਨਹੀਂ ਰਹਿੰਦੀ। ਛੋਟੇ ਭਰਾ ਜਗਜੀਤ ਸਿੰਘ ਨੇ ਕਿਹਾ ਕਿ ਸਾਡੇ ਦੇਸ਼ ਵਿਚ ਵੱਡਾ ਭਰਾ ਹੀ ਅਗਨੀ ਦੀ ਰਸਮ ਨਿਭਾਉਂਦਾ ਹੈ। ਉਹ ਕਹਿਣ ਲੱਗੇ ਕਿ ਦੇਹ ਤਾਂ ਬਿਜਲੀ ਦੀ ਮਸ਼ੀਨ ਵਿਚ ਹੀ ਪਾ ਦੇਣੀ ਹੈ। ਤੁਸੀਂ ਬਾਹਰੋਂ ਸਵਿੱਚ ਦਬਾ ਸਕਦੇ ਹੋ। ਚਾਰਾਂ ਵਿੱਚੋਂ ਵੱਡਾ ਹੋਣ ਕਰਕੇ ਮੈਂ ਇਹ ਰਸਮ ਅਦਾ ਕੀਤੀ। ਇਕ ਦਿਨ ਬਾਅਦ ਸਾਨੂੰ ਮਾਤਾ ਜੀ ਦੀਆਂ ਅਸਥੀਆਂ ਮਿਲ ਗਈਆਂ। ਅਸੀਂ ਮਾਤਾ ਜੀ ਦੀਆਂ ਅਸਥੀਆਂ ਭਾਰਤ ਲੈ ਕੇ ਆਏ ਤੇ ਕੀਰਤਪੁਰ ਸਾਹਿਬ ਵਿਖੇ ਜਲ ਪ੍ਰਵਾਹ ਕੀਤੀਆਂ।

ਉੱਧਰ ਫੰਡੂਲਾਕ ਰੋਡ, ਗੁਰਦੁਆਰਾ ਸਾਹਿਬ ਮਿਲਵਾਕੀ ਵਿਖੇ ਅਖੰਡ ਪਾਠ ਸਾਹਿਬ ਰੱਖਿਆ ਗਿਆ। ਉਸ ਵੇਲੇ ਚਾਰੇ ਭਰਾ ਇਸ ਤਰ੍ਹਾਂ ਰਹਿੰਦੇ ਸਨ। ਮੈਂ ਤੇ ਮੇਰਾ ਪਰਿਵਾਰ ਮੈਡੀਸਨ ਵਿਚ, ਦੂਜਾ ਭਰਾ ਡਾ.ਜਗਜੀਤ ਸਿੰਘ ਸ਼ਿਕਾਗੋ, ਸਤਵੰਤ ਸਿੰਘ ਮਿਲਵਾਕੀ ਅਤੇ ਗੁਰਵੰਤ ਸਿੰਘ ਰਸੀਨ ਵਿਚ ਰਹਿੰਦਾ ਸੀ।

ਸਤਵੰਤ ਉਸ ਵੇਲੇ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਸੀ। ਭੋਗ ਵਾਲੇ ਦਿਨ ਦੂਰ-ਦੁਰਾਡੇ ਤੋਂ ਕਾਫ਼ੀ ਸੰਗਤਾਂ ਆਈਆਂ ਸਨ। ਸਾਰੇ ਪਰਿਵਾਰ ਨੇ ਸੋਚਿਆ ਕਿ ਵੱਡਾ ਲੜਕਾ ਹੋਣ ਕਰਕੇ ਮੈਂ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਾਂਗਾ। ਸ਼ਰਧਾਂਜਲੀ ਦਿੰਦਿਆਂ ਮੈਂ ਸਾਰੀ ਸੰਗਤ ਦਾ ਧਿਆਨ 1965 ਦੀ ਲੜਾਈ ਤੋਂ ਪਹਿਲਾਂ 15 ਮਈ ਵਾਲੇ ਦਿਨ 'ਤੇ ਲੈ ਗਿਆ। ਜਦੋਂ ਮੈਂ ਖੁਸ਼ੀ-ਖੁਸ਼ੀ ਦੁਗਾਲ ਵਿਚ ਆਪਣੀਆਂ ਸਾਲਾਨਾ ਛੁੱਟੀਆਂ ਕੱਟ ਰਿਹਾ ਸੀ ਤੇ ਲੜਾਈ ਲੱਗਣ ਕਰਕੇ ਸਾਨੂੰ ਵਾਪਸ ਬੁਲਾ ਲਿਆ ਗਿਆ ਸੀ। ਉਸ ਵੇਲੇ ਦੁਗਾਲ ਬੱਸ ਅੱਡੇ ਤੇ ਬੱਸ ਚੜ੍ਹਨ ਤੋਂ ਪਹਿਲਾਂ ਮਾਤਾ ਜੀ ਨੇ ਮੈਨੂੰ ਅਸ਼ੀਰਵਾਦ ਦਿੱਤਾ ਅਤੇ ਨਾਲ ਹੀ ਕਿਹਾ, "ਕਾਕਾ ਧਿਆਨ ਨਾਲ ਗੱਲ ਸੁਣ, ਦੁੱਖ-ਸੁੱਖ ਬੰਦਿਆਂ ਤੇ ਹੀ ਆਉਂਦੇ ਹਨ। ਅੱਛੀ ਤਰ੍ਹਾਂ ਕੰਮ ਕਰਨਾ ਹੈ।" ਇਹ ਗੱਲ ਸੁਣ ਕੇ ਮੈਂ ਵੀ ਗੰਭੀਰ ਹੋ ਗਿਆ ਤੇ ਮਾਤਾ ਜੀ ਨਾਲ ਵਾਅਦਾ ਕੀਤਾ ਕਿ ਮੈਂ ਉਹਨਾਂ ਦੇ ਦੁੱਧ ਦੀ ਲਾਜ ਰੱਖਾਂਗਾ ਅਤੇ ਦੁੱਖ-ਸੁੱਖ ਨੂੰ ਸਰੀਰ ਉਤੇ ਜ਼ਿੰਮੇਵਾਰੀ ਨਾਲ ਝੱਲਾਂਗਾ। ਕੁਝ ਕੁ ਮਹੀਨਿਆਂ ਵਿਚ ਪੂਰੀ ਲੜਾਈ ਲੱਗ ਗਈ, ਅਜਿਹਾ ਮੌਕਾ ਆ ਗਿਆ ਕਿ ਮਰਨ ਜਾਂ ਭੱਜਣ ਤੋਂ ਇਲਾਵਾ ਸਾਡੇ ਕੋਲ ਕੋਈ ਚਾਰਾ ਨਹੀਂ ਸੀ। ਉਥੇ ਮਾਤਾ ਦੀ ਅਸ਼ੀਰਵਾਦ ਨੇ ਰਫਲਾਂ, ਬੰਦੂਕਾਂ ਅਤੇ ਤੋਪਾਂ ਨਾਲੋਂ ਕਿਤੇ ਵੱਧ ਕੇ ਕੰਮ ਕੀਤਾ। ਬਿਨਾਂ ਅਸਲੇ ਤੋਂ ਇਹ ਬੰਦਾ ਚਟਾਨ ਬਣ ਕੇ ਦੁਸ਼ਮਣ ਦੇ ਸਾਹਮਣੇ ਖੜ੍ਹ ਗਿਆ ਕਿਉਂਕਿ ਉਸ ਦੇ ਪਿੱਛੇ ਗੁਰੂ ਦੀ ਸਿੱਖਿਆ ਤੋਂ ਇਲਾਵਾ ਮਾਂ ਦਾ ਅਸ਼ੀਰਵਾਦ ਵੀ ਸੀ। ਅਖੀਰ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਹੋਰ ਮਾਤਾਵਾਂ ਵੀ ਮੇਰੇ ਮਾਤਾ ਜੀ ਤੋਂ ਸਬਕ ਲੈਣ।

*****

# ਜਲਿਪਾ ਅਤੇ ਜੋਧਪੁਰ ਦਾ ਸਮਾਂ

ਜਲਿਪਾ ਦਾ ਸਮਾਂ ਜੋ ਲਗਭਗ ਦੋ ਮਹੀਨੇ ਸੀ ਅਤੇ ਤਕਰੀਬਨ ਡੇਢ ਮਹੀਨੇ ਦਾ ਸਮਾਂ ਜੋਧਪੁਰ ਦਾ ਸੀ। ਦੋ ਮਹਾਰ ਦੇ ਬਟਾਲੀਅਨ ਕਮਾਂਡਰ ਕਰਨਲ ਕੇ.ਐੱਸ. ਬਖਸ਼ੀ ਸਨ। ਇਹ ਬਹੁਤ ਖੁਸ਼-ਮਿਜਾਜ਼, ਦਰਮਿਆਨਾ ਕੱਦ, ਗੋਰਾ ਰੰਗ ਅਤੇ ਆਤਮ-ਵਿਸ਼ਵਾਸ ਨਾਲ ਭਰੇ ਹੋਏ ਵਿਅਕਤੀ ਸਨ। ਇਹਨਾਂ ਨੇ ਮੋਟੀਆਂ-ਮੋਟੀਆਂ ਐਨਕਾਂ ਲਾਈਆਂ ਹੋਈਆਂ ਸਨ। ਇਹਨਾਂ ਦਾ ਚਿਹਰਾ ਕੁਝ ਹੱਦ ਤੱਕ ਕਾਲਜ ਦੇ ਪ੍ਰੋਫੈਸਰਾਂ ਵਾਂਗ ਸੀ। ਇਸ ਵੇਲੇ ਇਹਨਾਂ ਦੀ ਉਮਰ 92 ਸਾਲ ਹੈ ਅਤੇ ਸਿਕੰਦਰਾਬਾਦ, ਤਿਲੰਗਨਾ ਵਿਚ ਰਹਿ ਰਹੇ ਹਨ।

ਮੇਰੀ ਇਕ ਮਹੀਨੇ ਦੀ ਟ੍ਰੇਨਿੰਗ ਸ਼ੁਰੂ ਹੋ ਗਈ ਅਤੇ ਮੈਨੂੰ ਡੈਲਟਾ ਕੰਪਨੀ ਦਾ ਪਲਾਟੂਨ ਕਮਾਂਡਰ ਬਣਾ ਦਿੱਤਾ ਗਿਆ। ਡੈਲਟਾ ਕੰਪਨੀ ਦੇ ਕੰਪਨੀ ਕਮਾਂਡਰ ਮੇਜਰ ਕੁਲਵਿੰਦਰ ਸਿੰਘ ਜੋ ਐੱਨ.ਡੀ.ਏ ਤੋਂ ਕਮਿਸ਼ੰਡ ਸਨ। ਉਸ ਵੇਲੇ ਇਹਨਾਂ ਦੀ ਉਮਰ 28 ਸਾਲ ਸੀ। ਇਹਨਾਂ ਦੇ ਮਾਤਾ ਪਿਤਾ ਦਿੱਲੀ ਰਹਿੰਦੇ ਸਨ। ਉਹ ਕਾਫ਼ੀ ਅੱਛੀ ਹਿੰਦੀ ਅਤੇ ਅੰਗਰੇਜ਼ੀ ਬੋਲ ਲੈਂਦੇ ਸਨ। ਉਹ ਦਾਹੜੀ ਪਟਿਆਲਾ ਰਿਆਸਤ ਵਾਂਗ ਪੁੱਠੀ ਚੜ੍ਹਾਉਂਦੇ ਸਨ। ਲਫਟੈਣ ਅਰੁਣ ਵਰਮਾ, ਕਰਨਲ ਸਾਹਿਬ ਦਾ ਅਡਜੂਟੈਂਟ ਸੀ। ਉਹ ਵੀ ਐੱਨ.ਡੀ.ਏ ਕਮਿਸ਼ੰਡ ਅਫ਼ਸਰ ਸੀ। ਇਸ ਦੇ ਪਿਤਾ ਮੱਧ ਪ੍ਰਦੇਸ਼ ਦੇ ਰਿਟਾਇਰਡ ਆਈ.ਏ.ਐੱਸ ਅਫ਼ਸਰ ਸੀ। ਅਰੁਣ ਵਰਮਾ ਬਹੁਤ ਹਵਾ ਵਿਚ ਰਹਿੰਦਾ ਸੀ। ਉਸ ਦਾ ਕੱਦ ਕਾਫ਼ੀ ਉੱਚਾ ਲੰਮਾ ਸੀ ਅਤੇ ਵੱਡੀਆਂ ਮੁੱਛਾਂ ਰੱਖੀਆਂ ਹੋਈਆਂ ਸਨ। ਉਹ ਸਿਗਰੇਟ ਬਹੁਤ ਪੀਂਦਾ ਸੀ। ਇਕ ਹੋਰ ਅਫ਼ਸਰ ਮੇਜਰ ਬਰਜਿੰਦਰ ਸਿੰਘ ਦਿਓਗਨ, ਜੋ ਕਿ ਮੈਨੂੰ ਬਹੁਤ ਚੰਗਾ ਲੱਗਿਆ। ਉਹ ਪੰਜਾਬ ਦਾ ਬ੍ਰਾਹਮਣ ਸੀ, ਜੋ ਸਿਪਾਹੀ ਤੋਂ ਤਰੱਕੀ ਕਰਕੇ ਇਥੇ ਤੱਕ ਪਹੁੰਚਿਆ ਸੀ। ਉਹ ਬਹੁਤ ਖੁਸ਼ ਮਿਜਾਜ਼ ਸੀ। ਉਸ ਵੇਲੇ ਉਸ ਦੀ ਉਮਰ ਲਗਭਗ 32 ਕੁ ਸਾਲ ਸੀ। ਉਸ ਦੇ ਵਾਲ ਕੱਟੇ ਹੋਏ ਸਨ। ਰਮੇਸ਼ ਕਪੂਰ ਨਾਂ ਦਾ ਇਕ ਹੋਰ ਅਫ਼ਸਰ, ਜੋ ਕਿ ਬਹੁਤ ਪਿਆਰਾ ਅਤੇ ਨੇਕ ਵਿਅਕਤੀ ਸੀ। ਉਹ ਵੀ ਕੈਪਟਨ ਸੀ ਅਤੇ ਕੰਪਨੀ ਕਮਾਂਡਰ ਸੀ। ਇਕ ਹਰਿਆਣਾ ਦੇ ਅਫ਼ਸਰ ਲਫਟੈਣ ਹੁਕਮ ਸਿੰਘ ਸਨ। ਜੋ ਬਹੁਤ ਖੁਸ਼ ਮਿਜਾਜ਼ ਅਤੇ ਬਹਾਦਰ ਵਿਅਕਤੀ ਸਨ। ਇਹ ਬਰੇਵੋ ਕੰਪਨੀ ਦੇ ਕਮਾਂਡਰ ਸਨ। ਇਕ ਹੋਰ ਅਫ਼ਸਰ ਬਲਦੇਵ ਸਿੰਘ ਸੀ। ਉਹ ਵੀ ਬ੍ਰਾਹਮਣ ਸੀ ਅਤੇ ਪੰਜਾਬ ਤੋਂ ਕਾਨੂੰਗੋ ਦੀ ਨੌਕਰੀ ਤੋਂ ਆਰਮੀ ਵਿਚ ਆਇਆ ਸੀ। ਉਹ ਕੇਸਾਧਾਰੀ ਸਿੱਖ ਸੀ

ਅਤੇ ਬਹੁਤ ਮਜ਼ਾਕ ਕਰਦਾ ਹੁੰਦਾ ਸੀ। ਜਦ ਵੀ ਅਸੀਂ ਮੈੱਸ ਵਿਚ ਖਾਣਾ ਖਾਣ ਲਈ ਜਾਂਦੇ ਸੀ ਤਾਂ ਅਫ਼ਸਰ ਬਲਦੇਵ ਸਿੰਘ ਦੀਆਂ ਗੱਲਾਂ ਸੁਣਦੇ ਹੁੰਦੇ ਸੀ। ਅਲਫਾ ਕੰਪਨੀ ਦੇ ਸ਼ੁਰੂ ਵਿਚ ਹੀ ਕੰਪਨੀ ਕਮਾਂਡਰ ਮੇਜਰ ਵਿਕਾਸ ਸੂਦ ਸਨ, ਜੋ 1966 ਵਿਚ ਲਫਟੈਣ ਕਰਨਲ ਬਣ ਕੇ ਦੋ ਮਹਾਰ ਦੇ ਬਟਾਲੀਅਨ ਕਮਾਂਡਰ ਬਣੇ। ਚਰਨ ਦਾਸ ਕੈਂਤ ਪੰਜਾਬ ਦੇ ਬਹੁਤ ਸੁੰਦਰ ਵਿਅਕਤੀ ਸਨ ਜੋ ਮੇਰੇ ਅੱਛੇ ਦੋਸਤ ਬਣੇ। ਬਾਅਦ ਵਿਚ ਆਈ.ਪੀ.ਐੱਸ ਹੋ ਕੇ ਐਡੀਸ਼ਨਲ ਡੀ.ਜੀ.ਪੀ. ਉੱਤਰ ਪ੍ਰਦੇਸ਼ ਬਣੇ। ਕਿਸੇ ਕਾਰਣ ਨੌਕਰੀ ਦੌਰਾਨ ਹੀ ਇਹਨਾਂ ਨੇ ਆਤਮ-ਹੱਤਿਆ ਕਰ ਲਈ। ਹੁਸ਼ਿਆਰਪੁਰ ਦੇ ਰਹਿਣ ਵਾਲੇ ਸੈਕਿੰਡ ਲਫਟੈਣ ਦਲਬੀਰ ਸਿੰਘ ਜੋ ਕਿ ਰਾਜਪੂਤ ਖਾਨਦਾਨ ਵਿਚੋਂ ਸਨ ਵੀ ਮੇਰੇ ਬਹੁਤ ਅੱਛੇ ਮਿੱਤਰ ਬਣੇ।

ਕਰਨਲ ਬਖਸ਼ੀ ਬਹੁਤ ਦਿਮਾਗੀ ਇਨਸਾਨ ਸਨ। ਜਲਿਪਾ ਗਰਮੀ ਬਹੁਤ ਸੀ। ਸਾਡੀ ਸਾਰੀ ਪਲਟਣ ਲਈ ਬਾਡਮੇਰ ਸ਼ਹਿਰ ਤੋਂ ਪਾਣੀ ਲਿਆਇਆ ਜਾਂਦਾ ਸੀ। ਇਕ ਟੈਂਕਰ ਵਿਚੋਂ ਅਫ਼ਸਰਾਂ ਨੂੰ ਇਕ ਬਾਲਟੀ ਪਾਣੀ ਮਿਲਦਾ ਸੀ, ਜਿਸ ਵਿਚ ਉਹਨਾਂ ਨੇ ਆਪਣਾ ਨਿਰਬਾਹ ਕਰਨਾ ਹੁੰਦਾ ਸੀ। ਛੋਟੇ ਰੈਂਕ ਲਈ ਪਾਣੀ ਹੋਰ ਵੀ ਘੱਟ ਸੀ। ਸਾਡੀ ਮੈੱਸ ਧਰਤੀ ਪੁੱਟ ਕੇ ਬੰਕਰ ਵਾਂਗ ਬਣਾਈ ਹੋਈ ਸੀ। ਛੱਤ ਤੰਬੂ ਦੀ ਸੀ ਅਤੇ ਇਕ ਪਾਸਿਓਂ ਰੈਂਪ ਜਿਹਾ ਬਣਾ ਕੇ ਬੰਕਰ ਵਿਚ ਵੜਦੇ ਸੀ। ਬਿਲਕੁਲ ਉਸ ਦੇ ਸਾਹਮਣੇ ਕੁਝ ਝਾੜੀਆਂ ਦੀ ਤਾਕੀ ਜਿਹੀ ਬਣਾ ਕੇ ਪਾਣੀ ਸੁਟਿਆ ਜਾਂਦਾ ਸੀ ਜਿਸ ਨਾਲ ਮੈੱਸ ਦਾ ਵਾਤਾਵਰਣ ਠੰਡਾ ਰਹਿੰਦਾ ਸੀ। ਇਕ ਦਿਨ ਮੈੱਸ ਵਿਚ ਖਾਣਾ ਖਾਂਦਿਆਂ ਮੇਰੇ ਤੋਂ ਕਾਂਟਾ ਡਿੱਗ ਗਿਆ। ਲਫਟੈਣ ਅਰੁਣ ਵਰਮਾ ਨੇ ਅਗਲੇ ਦਿਨ ਮੈਨੂੰ ਦਫ਼ਤਰ ਬੁਲਾਇਆ ਅਤੇ ਕਹਿਣ ਲੱਗਾ,“ ਖਾਣਾ ਖਾਂਦੇ ਹੋਏ ਤੁਹਾਡਾ ਕਾਂਟਾ ਡਿੱਗ ਪਿਆ।” ਮੈਂ ਉੱਤਰ ਦਿੱਤਾ, ਕਾਂਟਾ ਹੀ ਡਿੱਗਾ ਹੈ, ਰਫਲ ਤਾਂ ਨਹੀਂ। ਅਸਲ ਵਿਚ ਅਡਜੂਟੈਂਟ ਦਾ ਕੰਮ ਕਰਨਲ ਅਤੇ ਬਾਕੀ ਰੈਜੀਮੈਂਟ ਵਿਚਾਲੇ ਕੁਨੈਕਸ਼ਨ ਬਣਾ ਕੇ ਰੱਖਣਾ ਹੁੰਦਾ ਹੈ। ਅਰੁਣ ਵਰਮਾ ਨੂੰ ਐੱਨ.ਡੀ.ਏ ਕਮਿਸ਼ਨ ਹੋਣ ਦਾ ਮਾਣ ਸੀ ਅਤੇ ਮੈਨੂੰ ਐੱਮ.ਏ ਹੋਣ ਦਾ। ਉਸ ਦੇ ਪਿਤਾ ਆਈ.ਏ.ਐੱਸ ਰਿਟਾਇਰ ਸਨ ਅਤੇ ਮੇਰੇ ਪਿਤਾ, ਦਾਦਾ ਅਤੇ ਪੜ੍ਹਦਾਦਾ ਜੀ ਵੀ ਅਫ਼ਸਰ ਰਿਟਾਇਰਡ ਸਨ। ਕੁਝ ਦਿਨਾਂ ਵਿਚ ਸਾਡੀ ਆਪਸੀ ਤਲਖੀ ਕਾਫ਼ੀ ਵੱਧ ਗਈ। ਇਕ ਦਿਨ ਮੈਂ ਅਰੁਣ ਵਰਮਾ ਨੂੰ ਕਿਹਾ ਕਿ ਸੈਕਿੰਡ ਲਫਟੈਣ ਦਾ ਲਫਟੈਣ ਨੂੰ ਸਲੂਟ ਕਰਨਾ ਨਹੀਂ ਬਣਦਾ। ਉਸ ਨੇ ਪੁੱਛਿਆ ਕਿ ਤੁਹਾਨੂੰ ਕਿਵੇਂ ਪਤਾ ਹੈ। ਮੈਂ ਕਿਹਾ ਕਿ 1909 ਤੋਂ ਬਾਅਦ ਸਾਡੇ ਦਾਦਾ ਅਤੇ ਪਿਤਾ ਅਫ਼ਸਰ ਚੱਲੇ ਆ ਰਹੇ ਹਨ। ਸਬਲਟਰਨ ਆਪਸ ਵਿਚ ਸਲੂਟ ਨਹੀਂ ਕਰਦੇ। ਆਪਸੀ ਰੰਜਿਸ਼ ਇਥੋਂ ਤੱਕ ਵੱਧ ਗਈ ਕਿ ਇਕ ਦਿਨ ਮੈਂ ਅਰੁਣ ਵਰਮਾ ਨੂੰ ਕਹਿ ਦਿੱਤਾ,“ ਜੇ ਤੁਸੀਂ ਫੌਜ ਵਿਚੋਂ ਬਾਹਰ ਜਾਓਗੇ ਤਾਂ ਤੁਸੀਂ ਕਲਰਕ ਵੀ ਨਹੀਂ ਲੱਗ ਸਕੋਗੇ ਕਿਉਂਕਿ ਕਲਰਕ ਲਈ ਵੀ ਕੋਈ ਟਾਈਪਿੰਗ ਦੀ ਸਪੀਡ ਚਾਹੀਦੀ ਹੁੰਦੀ ਹੈ ਅਤੇ ਜੇ ਮੈਂ ਫੌਜ ਵਿਚੋਂ ਬਾਹਰ ਗਿਆ ਤਾਂ ਮੈਂ ਜੇਕਰ ਕਾਲਜ ਪ੍ਰੋਫੈਸਰ ਨਹੀਂ ਤਾਂ ਘੱਟੋ-ਘੱਟ ਸਕੂਲ ਵਿਚ ਲੈਕਚਰਾਰ ਜ਼ਰੂਰ ਲੱਗ ਜਾਵਾਂਗਾ।” ਉਸ ਨੇ ਗੁੱਸੇ ਹੋ ਕੇ

ਕਰਨਲ ਬਖਸ਼ੀ ਨੂੰ ਕਹਿ ਕੇ ਮੇਰੀ ਬਦਲੀ ਰਾਈਫਲ ਕੰਪਨੀ ਤੋਂ ਐਡਮੀਨਿਸਟ੍ਰੇਟਿਵ ਕੰਪਨੀ ਵਿਚ ਕਰਵਾ ਦਿੱਤੀ। ਹੁਣ ਮੈਂ ਐਡਮੀਨਿਸਟ੍ਰੇਟਿਵ ਕੰਪਨੀ ਕਮਾਂਡਰ ਬਣ ਗਿਆ।

ਹਰ ਇਨਫੈਂਟਰੀ ਬਟਾਲੀਅਨ ਵਿਚ ਛੇ ਕੰਪਨੀਆਂ ਹੁੰਦੀਆਂ ਹਨ। ਚਾਰ ਕੰਪਨੀਆਂ ਸਿੱਧੀਆਂ ਲੜਣ ਵਾਲੀਆਂ ਜਿਹਨਾਂ ਨੂੰ ਰਾਈਫਲ ਕੰਪਨੀਆਂ ਕਹਿੰਦੇ ਹਨ ਉਹਨਾਂ ਦਾ ਨਾਮ ਵੀ ਪੱਕਾ ਹੀ ਹੁੰਦਾ ਹੈ। ਅਲਫਾ, ਬਰੇਵੋ, ਚਾਰਲੀ ਅਤੇ ਡੈਲਟਾ। ਇਕ ਕੰਪਨੀ ਸਪੋਰਟ ਕੰਪਨੀ ਹੁੰਦੀ ਹੈ। ਜਿਸ ਕੋਲ ਸਪੋਰਟਿੰਗ ਵੈਪਨ ਹੁੰਦੇ ਹਨ। ਜਿਵੇਂ ਰਾਕੇਟ ਲਾਂਚਰ, ਮੀਡੀਅਮ ਮਸ਼ੀਨ ਗਨ। ਛੇਵੀਂ ਕੰਪਨੀ ਐਡਮੀਨਿਸਟ੍ਰੇਟਿਵ ਕੰਪਨੀ ਹੁੰਦੀ ਹੈ, ਜੋ ਫੁਟਕਲ ਕੰਮ ਕਰਦੀ ਹੈ। ਇਸ ਵਿਚ ਮੈਡੀਕਲ ਪਲਾਟੂਨ ਹੁੰਦੀ ਹੈ ਅਤੇ ਧੋਬੀ ਆਦਿ ਦੀਆਂ ਸੇਵਾਵਾਂ ਹੁੰਦੀਆ ਹਨ। ਸਾਰੇ ਅਫ਼ਸਰਾਂ ਦੇ ਅਰਦਲੀ ਵੀ ਇਸੇ ਕੰਪਨੀ ਦੇ ਅਧੀਨ ਹੁੰਦੇ ਹਨ। ਮੈਂ ਜਲਿਪਾ ਵਿਚ ਹੀ ਐਡਮੀਨਿਸਟ੍ਰੇਟਿਵ ਕੰਪਨੀ ਦੀ ਪੀ.ਟੀ ਕਰਵਾਉਣੀ ਸ਼ੁਰੂ ਕਰ ਦਿੱਤੀ। ਕਰਨਲ ਬਖਸ਼ੀ ਦਾ ਅਰਦਲੀ ਵੀ ਇਸੇ ਕੰਪਨੀ ਵਿਚ ਸੀ। ਜੋ ਪਲਾਟੂਨ ਯੁੱਧ ਦੇ ਦੌਰਾਨ ਮੈਡੀਕਲ ਪਲਾਟੂਨ ਦਾ ਕੰਮ ਕਰਦਾ ਸੀ, ਉਹੀ ਅਮਨ ਅਮਾਨ ਦੇ ਸਮੇਂ ਵਿਚ ਬੈਂਡ ਵਜਾਉਂਦੇ ਸਨ। ਯੁੱਧ ਦੇ ਵਿਚ ਖਾਣਾ ਆਦਿਕ ਬਣਾ ਕੇ ਭੇਜਣਾ ਵੀ ਇਸੇ ਕੰਪਨੀ ਦਾ ਕੰਮ ਹੁੰਦਾ ਹੈ।

ਅਲਫਾ ਕੰਪਨੀ ਦੇ ਕਮਾਂਡਰ ਮੇਜਰ ਵਿਕਾਸ ਸੂਦ ਸਨ। ਬਰੇਵੋ ਕੰਪਨੀ ਦੇ ਕਮਾਂਡਰ ਲਫਟੈਣ ਹੁਕਮ ਸਿੰਘ ਸਨ, ਜੋ ਮੇਰਠ ਇਲਾਕੇ ਦੇ ਜਾਟ ਸਨ। ਚਾਰਲੀ ਕੰਪਨੀ ਦੇ ਕਮਾਂਡਰ ਕੈਪਟਨ ਰਮੇਸ਼ ਕਪੂਰ ਸਨ ਅਤੇ ਇਹਨਾਂ ਕੋਲ ਇਕ ਪਲਾਟੂਨ ਕਮਾਂਡਰ ਵੀ ਸੀ, ਜਿਸ ਦਾ ਨਾਮ ਸੈਕਿੰਡ ਲਫਟੈਣ ਦਵਿੰਦਰਮੋਹਨ ਦਵੇਸ਼ਵਰ ਸੀ। ਡੈਲਟਾ ਕੰਪਨੀ ਦੇ ਮੇਜਰ ਕੁਲਵਿੰਦਰ ਸਿੰਘ ਕਮਾਂਡਰ ਸਨ ਅਤੇ ਮੈਂ ਉਹਨਾਂ ਕੋਲ ਪਲਾਟੂਨ ਕਮਾਂਡਰ ਸੀ, ਜੋ ਜਲਿਪਾ ਵਿਚ ਹੀ ਬਦਲ ਕੇ ਐਡਮੀਨਿਸਟ੍ਰੇਟਿਵ ਕੰਪਨੀ ਕਮਾਂਡਰ ਬਣਾ ਦਿੱਤਾ। ਸਪੋਰਟਸ ਕੰਪਨੀ ਦੇ ਕਮਾਂਡਰ ਕਪਤਾਨ ਬਰਜਿੰਦਰ ਸਿੰਘ ਦਿਓਗਨ ਸਨ।

ਜੂਨ 1965 ਦੇ ਪਹਿਲੇ ਹਫ਼ਤੇ ਆਰਮੀ ਹੈੱਡਕੁਆਰਟਰ ਨੇ ਇਕ ਚਿੱਠੀ ਭੇਜੀ, ਜਿਸ ਦਾ ਉਦੇਸ਼ ਐਮਰਜੈਂਸੀ ਕਮਿਸ਼ੰਡ ਅਫ਼ਸਰਾਂ ਵਿਚੋਂ ਸਰਵੇ ਕਰਨਾ ਸੀ ਕਿ ਕਿੰਨੇ ਕੁ ਅਫ਼ਸਰ ਆਪਣੀ ਮਰਜ਼ੀ ਨਾਲ ਵਾਪਸ ਜਾਣਾ ਚਾਹੁੰਦੇ ਹਨ। ਸਾਡੀ ਰੈਜੀਮੈਂਟ ਵਿਚ ਮੈਂ, ਚਰਨ ਦਾਸ ਕੈਂਤ ਅਤੇ ਬਲਦੇਵ ਸਿੰਘ ਨੇ ਆਪਸੀ ਸਲਾਹ ਕਰਕੇ ਇਹ ਲਿਖ ਦਿਤਾ ਕਿ ਸਾਨੂੰ ਫੌਜ ਵਿਚ ਪੱਕਾ ਰਹਿਣ ਵਿਚ ਕੋਈ ਦਿਲਚਸਪੀ ਨਹੀਂ ਹੈ। ਤਕਰੀਬਨ ਜੁਲਾਈ 1965 ਵਿਚ ਸਾਡੀ ਪਲਟਣ ਵਾਪਸ ਆਪਣੇ ਪੀਸ ਸਟੇਸ਼ਨ, ਜੋਧਪੁਰ ਵਿਖੇ ਆ ਗਈ। ਇੰਝ ਲੱਗਾ ਕਿ ਲੜਾਈ ਦਾ ਡਰ ਘੱਟ ਗਿਆ ਸੀ। ਬ੍ਰਿਗੇਡ ਕਮਾਂਡਰ, ਬੰਤ ਸਿੰਘ ਸਿੱਧੂ ਨੇ ਕਰਨਲ ਬਖਸ਼ੀ ਨੂੰ ਪੁਛਿਆ,“ ਤੁਹਾਡੇ ਤਿੰਨ ਅਫ਼ਸਰਾਂ ਨੇ ਲਿਖ ਕੇ ਦਿੱਤਾ ਹੈ ਕਿ ਉਹ ਫੌਜ ਵਿਚ ਨਹੀਂ ਰਹਿਣਾ ਚਾਹੁੰਦੇ।

ਇਹ ਕੀ ਗੱਲ ਹੈ।" ਸਾਡਾ ਮੈੱਸ ਜੋਧਪੁਰ ਵਿਚ ਬਹੁਤ ਰਮਣੀਕ ਜਗ੍ਹਾ ਉਤੇ ਸੀ। ਕਰਨਲ ਬਖਸ਼ੀ ਨੇ ਕਿਹਾ," ਸਾਡੇ ਮੈੱਸ ਵਿਚ ਅੱਜ ਬ੍ਰਿਗੇਡ ਦੇ ਸਾਰੇ ਅਫ਼ਸਰਾਂ ਦੀ ਪਾਰਟੀ ਹੈ ਅਤੇ ਤੁਸੀਂ ਤਿੰਨਾਂ ਅਫ਼ਸਰਾਂ ਨੂੰ ਉਥੇ ਹੀ ਮਿਲ ਲੈਣਾ।"

ਮੈਨੂੰ ਇਹ ਨਹੀਂ ਪਤਾ ਕਿ ਬ੍ਰਿਗੇਡੀਅਰ ਸਿੱਧੂ, ਸੈਕਿੰਡ ਲਫਟੈਣ ਚਰਨਦਾਸ ਅਤੇ ਬਲਦੇਵ ਸਿੰਘ ਨੂੰ ਮਿਲੇ ਜਾਂ ਨਹੀਂ ਪਰ ਉਹਨਾਂ ਨੇ ਮੇਰੇ ਨਾਲ ਜ਼ਰੂਰ ਗੱਲ ਕੀਤੀ। ਪਾਰਟੀ ਵਿਚ ਬ੍ਰਿਗੇਡੀਅਰ ਸਿੱਧੂ ਮੈਨੂੰ ਪੁੱਛਣ ਲੱਗੇ ਕਿ ਤੁਸੀਂ ਫੌਜ ਵਿਚ ਪੱਕੇ ਤੌਰ ਤੇ ਨਹੀਂ ਰਹਿਣਾ ਚਾਹੁੰਦੇ? ਮੈਂ ਕਿਹਾ ਜੀ ਨਹੀਂ। ਕਹਿਣ ਲੱਗੇ ਫਿਰ ਆਏ ਕਿਉਂ ਹੋ? ਮੈਂ ਕਿਹਾ," ਫੌਜ ਮੇਰੇ ਲਈ ਬਹੁਤ ਵੱਡੀ ਸੇਵਾ ਹੈ ਤੇ ਜੇ ਮੈਂ ਆਪਣੀ ਜਾਨ ਵਾਰ ਕੇ ਵੀ ਇਹ ਸੇਵਾ ਕਰਾਂ ਤਾਂ ਮੈਂ ਸਮਝਾਂਗਾ ਕਿ ਮੈਂ ਆਪਣਾ ਫਰਜ਼ ਪੂਰਾ ਕਰ ਕੇ ਦੁਨੀਆ ਤੋਂ ਚੱਲਿਆ ਹਾਂ। ਨੌਕਰੀ ਦੇ ਤੌਰ ਤੇ ਫੌਜ ਦੀ ਨੌਕਰੀ ਮੈਨੂੰ ਫੱਬਦੀ ਨਹੀਂ। ਜੇ ਮੈਂ ਫੌਜ ਵਿਚ ਰਿਹਾ ਤਾਂ ਮੈਂ 48 ਸਾਲ ਦੀ ਉਮਰ ਵਿਚ ਮੇਜਰ ਰਿਟਾਇਰ ਹੋ ਜਾਵਾਂਗਾ। 48 ਸਾਲ ਦੀ ਉਮਰ ਵਿਚ ਬੱਚੇ ਬਹੁਤ ਛੋਟੇ ਹੁੰਦੇ ਹਨ ਅਤੇ ਪੈਨਸ਼ਨ ਨਾਲ ਬੱਚੇ ਕਿਵੇਂ ਸੈੱਟ ਕਰਾਂਗਾ।"

ਸਾਡਾ ਦੋ ਕੁ ਮਹੀਨੇ ਦਾ ਜੋਧਪੁਰ ਦਾ ਸਮਾਂ ਬਹੁਤ ਅੱਛਾ ਬੀਤਿਆ। ਮੈੱਸ ਦੇ ਨਾਲ ਹੀ ਪੰਜ ਕੁ ਵੱਡੇ ਵੱਡੇ ਕਮਰੇ ਸਨ। ਜਿਹਨਾਂ ਵਿਚ ਅਸੀਂ ਦੋ ਮਹਾਰ ਦੇ ਸਾਰੇ ਅਣਵਿਆਹੇ ਅਫ਼ਸਰ ਰਹਿੰਦੇ ਸੀ। ਇਹ ਝੀਲ ਦੇ ਕਿਨਾਰੇ 'ਤੇ ਸੀ। ਇਸ ਦੇ ਦੂਜੇ ਕਿਨਾਰੇ ਤੇ ਉਮੇਦ ਭਵਨ ਸੀ, ਜੋ ਮਹਾਰਾਜਾ ਜੋਧਪੁਰ ਦਾ ਮਹਿਲ ਸੀ। ਇਥੇ ਵੀ ਸਾਗਰ ਵਰਗਾ ਹੀ ਸਿਸਟਮ ਸੀ। ਸਾਈਕਲ ਕਿਰਾਏ ਤੇ ਮਿਲ ਜਾਂਦਾ ਸੀ ਅਤੇ ਜਦੋਂ ਅਸੀਂ ਸ਼ਹਿਰ ਜਾਣਾ ਹੁੰਦਾ ਸੀ ਤਾਂ ਕਿਰਾਏ ਤੇ ਸਾਈਕਲ ਲੈ ਕੇ ਚਲੇ ਜਾਂਦੇ ਸੀ ਤੇ ਘੁੰਮ-ਘਮਾ ਕੇ ਵਾਪਸ ਆ ਜਾਂਦੇ ਸੀ। ਕੈਪਟਨ ਕਪੂਰ ਅਤੇ ਲਫਟੈਣ ਹੁਕਮ ਸਿੰਘ ਮੇਰੇ ਨਾਲ ਬਹੁਤ ਵਧੀਆ ਵਰਤਾਉ ਕਰਦੇ ਸਨ।

ਇਕ ਅਫ਼ਸਰ ਓਮ ਪ੍ਰਕਾਸ਼ ਗੌਡ ਜੋ ਮੇਰਾ ਰੂਮਮੇਟ ਸੀ, ਸੀ.ਓ ਦਾ ਇੰਟੈਲੀਜੈਂਸ ਅਫ਼ਸਰ ਸੀ। ਮੇਰਾ ਅਤੇ ਉਸ ਦਾ ਆਪਸੀ ਪਿਆਰ ਬਹੁਤ ਸੀ। ਉਹਨਾਂ ਦਿਨਾਂ ਵਿਚ ਮੋਟੇ ਕੜਿਆਂ ਦਾ ਬਹੁਤ ਰਿਵਾਜ ਸੀ। ਉਸ ਨੇ ਮੇਰੇ ਤੋਂ ਮੇਰਾ ਕੜਾ ਗਿਫਟ ਦੇ ਤੌਰ ਤੇ ਮੰਗਿਆ। ਮੈਂ ਉਸ ਨੂੰ ਆਪਣਾ ਕੜਾ ਦੇ ਦਿੱਤਾ। ਉਹ ਉਮਰ ਵਿਚ ਮੇਰੇ ਨਾਲੋਂ ਸਾਲ ਕੁ ਛੋਟਾ ਸੀ। ਉਸ ਦਾ ਪਾਲਮ ਪਿੰਡ, ਦਿੱਲੀ ਏਅਰ ਪੋਰਟ ਵਿਚ ਆ ਗਿਆ ਸੀ। (ਪਹਿਲਾਂ ਇਸ ਏਅਰਪੋਰਟ ਦਾ ਨਾਮ ਪਾਲਮ ਪਿੰਡ ਦੇ ਨਾਂ ਉਤੇ ਹੀ ਸੀ। ਬਾਅਦ ਵਿਚ ਇਸ ਇੰਟਰਨੈਸ਼ਨਲ ਏਅਰਪੋਰਟ ਦਾ ਨਾਮ ਇੰਦਰਾ ਗਾਂਧੀ (ਸਾਬਕਾ ਪ੍ਰਧਾਨ ਮੰਤਰੀ) ਦੇ ਨਾਮ 'ਤੇ ਰੱਖ ਦਿੱਤਾ ਗਿਆ)। ਉਸ ਤੋਂ ਮੈਂ ਇਕ ਵਾਰ 380 ਰੁਪਏ ਉਧਾਰ ਮੰਗੇ ਸਨ। ਇੰਨੇ ਵਿਚ ਲੜਾਈ ਲੱਗ ਗਈ। ਉਹ 12 ਸਤੰਬਰ 1965 ਨੂੰ ਖੇਮਕਰਨ ਯੁੱਧ ਵਿਚ ਸ਼ਹੀਦ ਹੋ ਗਿਆ। ਮੈਂ ਛੁੱਟੀ ਵਿਚ ਆਇਆ ਅਤੇ ਪਾਲਮ ਪਿੰਡ ਬਾਰੇ ਪੁੱਛਿਆ। ਮੈਂ ਉਸ ਦੇ 380 ਰੁਪਏ ਦੀ ਦੇਣਦਾਰੀ ਨੂੰ ਵਾਪਸ ਕਰਨਾ ਚਾਹੁੰਦਾ ਸੀ। ਉਥੇ ਜਾ ਕੇ ਮੈਨੂੰ ਪਤਾ ਚਲਿਆ ਕਿ ਪਾਲਮ ਪਿੰਡ ਤਾਂ

ਹੈ ਹੀ ਨਹੀਂ ਅਤੇ ਸਾਰਾ ਦਿੱਲੀ ਹੀ ਬਣ ਗਿਆ ਹੈ। ਸਾਰੀ ਉਮਰ ਮੈਨੂੰ ਉਸ ਦਾ ਕੋਈ ਥਾਉ ਪਤਾ ਨਹੀਂ ਲੱਗਿਆ। ਆਖਰ ਵਿਚ ਜਦੋਂ ਮੈਂ 60 ਦਾ ਸਾਲ ਦਾ ਹੋ ਗਿਆ ਤਾਂ ਅਮਰੀਕਾ ਵਿਖੇ ਓਮ ਪ੍ਰਕਾਸ਼ ਗੌਡ ਦੇ ਨਾਂ ਤੇ ਵਿਆਜ ਸਹਿਤ ਹਿਸਾਬ ਲਗਾ ਕੇ 101 ਡਾਲਰ ਗੁਰਦੁਆਰਾ ਸਾਹਿਬ ਮੱਥਾ ਟੇਕ ਦਿੱਤਾ ਅਤੇ ਉਸ ਦੇ ਨਾਂ ਦੀ ਅਰਦਾਸ ਕਰਵਾ ਦਿੱਤੀ। ਇਸ ਤਰ੍ਹਾਂ ਮੇਰਾ ਇਹ ਰਿਣ ਲੱਥ ਗਿਆ।

1-2 ਸਤੰਬਰ 1965 ਦੇ ਨੇੜੇ ਲੜਾਈ ਲਈ ਮੀਟਿੰਗਾਂ ਹੋਣੀਆਂ ਸ਼ੁਰੂ ਹੋ ਗਈਆਂ। ਇਹਨਾਂ ਮੀਟਿੰਗਾਂ ਵਿਚ ਸਾਰੇ ਕੰਪਨੀ ਕਮਾਂਡਰ ਬੁਲਾਏ ਜਾਂਦੇ ਸਨ। ਪੰਜ ਕੰਪਨੀ ਕਮਾਂਡਰ ਜੋ ਲੜਾਈ ਵਿਚ ਜਾਂਦੇ ਹਨ। ਉਹ ਚਾਰ ਰਫਲ ਕੰਪਨੀਆਂ ਹਨ ਅਤੇ ਇਕ ਸਪੋਰਟਿੰਗ ਵੈਪਨ ਕੰਪਨੀ ਹੁੰਦੀ ਹੈ।

ਇਕ ਦਿਨ ਜਦੋਂ ਅਫ਼ਸਰ ਮੈੱਸ ਦੇ ਵੱਡੇ ਹਾਲ ਵਿਚ ਇਹ ਹੰਗਾਮੀ ਮੀਟਿੰਗ ਚੱਲ ਰਹੀ ਸੀ ਤਾਂ ਮੈਂ, ਜੋ ਕਿ ਮੀਟਿੰਗ ਦਾ ਹਿੱਸਾ ਨਹੀਂ ਸੀ, ਪਰ ਮੈੱਸ ਵਿਚ ਵਾਈਨ ਮੈਂਬਰ ਸੀ, ਕਰਨਲ ਬਖਸ਼ੀ ਦੇ ਕੰਨ ਵਿਚ ਕਹਿਣ ਲੱਗਾ,"ਸਰ ਆਪਾਂ ਕਿੰਨੀ ਕੁ ਵਿਸਕੀ ਲੜਾਈ ਵਿਚ ਲਿਜਾਣੀ ਹੈ?" ਇਸ ਗੱਲ ਤੇ ਬਹੁਤ ਹਾਸਾ ਪਿਆ। ਸ਼ਾਇਦ ਅਫ਼ਸਰਾਂ ਨੇ ਸੋਚਿਆ ਹੋਵੇਗਾ ਕਿ ਇਹ ਕਬਾਬ ਵਿਚ ਹੱਡੀ ਕੀ ਆ ਗਈ ਹੈ। ਮੈਂ ਸੰਜੀਦਾ ਹੋ ਕੇ ਕਿਹਾ," ਲੜਾਈ ਵਿਚ ਜਾ ਰਹੇ ਹਾਂ, ਕੀ ਯੁੱਧ ਵਿਚ ਫਤਹਿ ਪਾ ਕੇ ਫਤਹਿ ਮਨਾਉਣੀ ਨਹੀਂ ਹੈ ?" ਇਸ ਤੇ ਸਾਰੇ ਅਫ਼ਸਰ ਹੀ ਗੰਭੀਰ ਹੋ ਗਏ। ਮੈਂ ਕਿਹਾ," ਮੈਂ ਦੋ ਐਮਿਊਨੇਸ਼ਨ ਬਾਕਸ ਵਿਸਕੀ ਦੇ ਭਰ ਕੇ ਲੈ ਚਲਦਾ ਹਾਂ।" ਕਰਨਲ ਬਖਸ਼ੀ ਨੇ ਮੇਰੇ ਉਤਸ਼ਾਹ ਨੂੰ ਸਲਾਹਿਆ।

*****

# 1965 ਦੀ ਲੜਾਈ

ਅਗਸਤ 1965 ਦੇ ਅਖੀਰ ਤੱਕ ਲੜਾਈ ਦੇ ਬੱਦਲ ਘਣੇ ਹੋ ਗਏ ਸਨ। ਇਕ-ਦੋ ਸਤੰਬਰ 1965 ਤੱਕ ਸਾਨੂੰ ਲੜਾਈ ਵਾਸਤੇ ਤਿਆਰ ਹੋਣ ਲਈ ਕਿਹਾ ਗਿਆ ਪਰ ਸਾਨੂੰ ਇਹ ਨਹੀਂ ਸੀ ਪਤਾ ਕਿ ਕਿਸ ਇਲਾਕੇ ਵਿਚ ਜਾਣਾ ਹੈ। ਪੰਜ ਸਤੰਬਰ 1965 ਨੂੰ ਸਾਡੀ ਰੈਜੀਮੈਂਟ ਨੂੰ ਤਿਆਰ ਕਰ ਕੇ ਰੇਲ ਗੱਡੀ ਵਿਚ ਭੇਜ ਦਿੱਤਾ ਗਿਆ। ਸਿਰਫ਼ ਅਣਵਿਆਹੇ ਅਫ਼ਸਰ ਜਿਹਨਾਂ ਵਿਚੋਂ ਮੈਂ ਵੀ ਸੀ, ਹੱਸ ਰਹੇ ਸੀ। ਵਿਆਹੇ ਅਫ਼ਸਰਾਂ ਦੀਆਂ ਪਤਨੀਆਂ ਨੇ ਕਾਲੇ ਸ਼ੀਸ਼ੇ ਵਾਲੀਆਂ ਐਨਕਾਂ ਲਾਈਆਂ ਹੋਈਆਂ ਸਨ ਤਾਂ ਕਿ ਲੋਕਾਂ ਨੂੰ ਉਹਨਾਂ ਦੇ ਅੱਥਰੂ ਨਾ ਦਿੱਸ ਸਕਣ। ਲੜਾਈ ਜਾਣ ਤੋਂ ਇਕ ਦਿਨ ਪਹਿਲਾਂ ਕਰਨਲ ਬਖਸ਼ੀ ਨੇ ਸਾਨੂੰ ਆਪਣੇ ਸਹੁਰੇ ਘਰ ਪਾਰਟੀ ਦਿੱਤੀ। ਮੈਂ ਵਾਈਨ ਮੈਂਬਰ ਦੇ ਤੌਰ ਤੇ ਦੋ ਵਿਸਕੀ ਦੀਆਂ ਬੋਤਲਾਂ ਉਹਨਾਂ ਦੇ ਘਰ ਲੈ ਗਿਆ। ਖਾਣੇ ਦਾ ਬੰਦੋਬਸਤ ਕਰਨਲ ਬਖਸ਼ੀ ਦੇ ਸਹੁਰਿਆਂ ਵੱਲੋਂ ਸੀ। ਸਾਡੇ ਵਿਚ ਬਹੁਤ ਜੋਸ਼ ਸੀ। ਲਫਟੈਣ ਅਰੁਣ ਵਰਮਾ ਜੋ ਕਿ ਐਡਜੂਟੈਂਟ ਸਨ, ਕਹਿਣ ਲੱਗੇ,"ਮੈਂ ਦੋ ਮੁਸਲਮਾਨਾਂ ਨੂੰ ਤਾਂ ਪਕੜ ਕੇ ਉਹਨਾਂ ਦੇ ਸਿਰ ਨਾਲ ਸਿਰ ਟਕਰਾ ਦਿਆਂਗਾ।" ਉਹਨਾਂ ਦੇ ਕੱਦ-ਕਾਠ ਕਰ ਕੇ ਇਹ ਸੰਭਵ ਵੀ ਲੱਗਦਾ ਸੀ। ਕੈਪਟਨ ਰਮੇਸ਼ ਕਪੂਰ ਗੰਭੀਰ ਅਤੇ ਅੱਛੇ ਅਫ਼ਸਰ ਸਨ। ਉਹ ਕੋਈ ਅਜਿਹੀਆਂ ਗੱਲਾਂ ਨਹੀਂ ਕਰਦੇ ਸਨ। ਜਦੋਂ ਟ੍ਰੇਨ ਚੱਲਣ ਲੱਗੀ ਤਾਂ ਵਿਆਹੇ ਅਫ਼ਸਰਾਂ ਦੀਆਂ ਪਤਨੀਆਂ ਕੁਝ ਦੇਰ ਟ੍ਰੇਨ ਦੇ ਨਾਲ-ਨਾਲ ਰੇਲਵੇ ਪਲੇਟ ਫਾਰਮ ਤੇ ਚੱਲੀਆਂ। ਰੇਲਵੇ ਸਟੇਸ਼ਨ ਦੇ ਦੂਜੇ ਪਾਸੇ ਸਾਡੀ ਰੈਜੀਮੈਂਟ ਦੇ ਛੋਟੇ ਰੈਂਕਾਂ ਦੇ ਕੁਆਰਟਰ ਸਨ। ਉਧਰੋਂ ਉਹਨਾਂ ਫੌਜੀਆਂ ਦੀਆਂ ਪਤਨੀਆਂ ਵੀ ਤਕਰੀਬਨ ਅੱਧਾ ਕਿਲੋਮੀਟਰ ਤੱਕ ਟ੍ਰੇਨ ਦੇ ਨਾਲ ਹੀ ਭੱਜੀਆਂ। ਉਹਨਾਂ ਦੇ ਰੋਣ ਦੀ ਆਵਾਜ਼ ਸਾਨੂੰ ਸੁਣਾਈ ਦੇ ਰਹੀ ਸੀ। ਸਾਡੇ ਡੱਬੇ ਵਿਚ ਚਰਨਦਾਸ ਕੈਂਤ, ਦਲਬੀਰ ਸਿੰਘ, ਬਲਦੇਵ ਸਿੰਘ ਅਤੇ ਮੈਂ ਸੀ। ਅਸੀਂ ਉੱਚੀ-ਉੱਚੀ ਹੱਸ ਰਹੇ ਸੀ। ਸਾਡੇ ਚਾਰਾਂ ਵਿਚੋਂ ਸਿਰਫ਼ ਬਲਦੇਵ ਹੀ ਵਿਆਹਿਆ ਹੋਇਆ ਸੀ। ਪਰ ਬਲਦੇਵ ਦੀ ਤਬੀਅਤ ਵਿਆਹ ਦੇ ਬਾਵਜੂਦ ਵੀ ਅਣਵਿਆਹਿਆਂ ਜੈਸੀ ਹੀ ਸੀ। ਟ੍ਰੇਨ ਤਕਰੀਬਨ ਸਵੇਰੇ ਗਿਆਰਾਂ ਕੁ ਵਜੇ ਚੱਲ ਪਈ। ਸਾਨੂੰ ਹੁਣ ਵੀ ਇਹ ਨਹੀਂ ਪਤਾ ਸੀ ਕਿ ਅਸੀਂ ਕਿਸ ਸ਼ਹਿਰ ਜਾਣਾ ਹੈ।

ਸਭ ਤੋਂ ਪਹਿਲਾਂ ਟ੍ਰੇਨ, ਹਿਸਾਰ (ਹੁਣ ਹਰਿਆਣਾ) ਰੇਲਵੇ ਸਟੇਸ਼ਨ 'ਤੇ ਰੁਕੀ। ਉਥੇ ਇਕ ਨਿਹੰਗ ਸਿੰਘ ਆਪਣੀ ਪਤਨੀ ਸਮੇਤ ਖੜ੍ਹਾ ਸੀ। ਸ਼ਾਇਦ ਨਿਹੰਗ

ਸਿੰਘ ਨੂੰ ਅੱਖੋਂ ਦਿਸਦਾ ਨਹੀਂ ਸੀ। ਉਸ ਦੇ ਹੱਥ ਵਿਚ ਇਕ ਸੋਟੀ ਸੀ। ਨਿਹੰਗ ਸਿੰਘ ਦਾ ਹੱਥ ਉਸ ਦੀ ਪਤਨੀ ਨੇ ਫੜਿਆ ਹੋਇਆ ਸੀ। ਹਿਸਾਰ ਤਕਰੀਬਨ ਇਕ ਘੰਟਾ ਗੱਡੀ ਖੜ੍ਹੀ ਰਹੀ। ਇਹ ਨਿਹੰਗ ਸਿੰਘ ਉੱਚੀ-ਉੱਚੀ ਕਹਿ ਰਿਹਾ ਸੀ, "ਜਾਂ ਤਾਂ ਫਤਹਿ ਪਾਉਣੀ ਹੈ ਜਾਂ ਸ਼ਹੀਦ ਹੋ ਜਾਣਾ ਹੈ।" ਹਰ ਇਕ ਚੱਲਦੇ ਹੋਏ ਡੱਬੇ ਵਿਚ ਬੈਠੇ ਫੌਜੀ ਯੋਧੇ ਇਹ ਨਿਹੰਗ ਸਿੰਘ ਦੀ ਗੱਲ ਨੂੰ ਬੜੇ ਗੌਰ ਨਾਲ ਸੁਣ ਰਹੇ ਸਨ ਅਤੇ ਸ਼ਾਇਦ ਮਹਿਸੂਸ ਕਰ ਰਹੇ ਸਨ ਕਿ ਉਮਰ ਨੇ ਵੀ ਬਾਬੇ ਦੀ ਭਾਵਨਾ ਅਤੇ ਜੋਸ਼ ਨੂੰ ਘਟਣ ਨਹੀਂ ਦਿੱਤਾ। ਰੇਲਵੇ ਸਟੇਸ਼ਨ ਉਤੇ ਇਕ ਫੌਜ ਦਾ ਅਫ਼ਸਰ ਤਾਇਨਾਤ ਹੁੰਦਾ ਹੈ ਜਿਸ ਨੂੰ ਆਰ.ਟੀ.ਓ. ਕਹਿੰਦੇ ਹਨ। ਜੋ ਆਰਮੀ ਦੇ ਹੁਕਮਾਂ ਨੂੰ ਸਾਡੇ ਕਰਨਲ ਸਾਹਿਬ ਤੱਕ ਪਹੁੰਚਾਉਂਦਾ ਹੈ। ਉਸ ਅਨੁਸਾਰ ਬਟਾਲੀਅਨ ਤੁਰਦੀ ਹੈ।

ਟ੍ਰੇਨ ਹੁਣ ਹਿਸਾਰ ਤੋਂ ਚੱਲ ਕੇ ਬਠਿੰਡੇ ਰੁਕੀ। ਇਹ 6 ਸਤੰਬਰ ਹੋ ਗਿਆ ਸੀ। ਇਥੇ ਟ੍ਰੇਨ ਨੇ ਤਿੰਨ ਘੰਟੇ ਰੁਕਣਾ ਸੀ। ਦੁਪਹਿਰੇ ਤਕਰੀਬਨ 12 ਕੁ ਵਜੇ ਸਾਡੀ ਟ੍ਰੇਨ ਇਥੇ ਪਹੁੰਚੀ। ਬਠਿੰਡੇ ਕਿਸੇ ਵਪਾਰੀ ਨੇ ਹਜ਼ਾਰਾਂ ਵਿਅਕਤੀਆਂ ਦੇ ਖਾਣੇ ਦਾ ਪ੍ਰਬੰਧ ਕੀਤਾ ਹੋਇਆ ਸੀ। ਇਸ ਖਾਣੇ ਵਿਚ ਆਟੇ ਦੀਆਂ ਪੂਰੀਆਂ ਅਤੇ ਖੁਸ਼ਕ ਆਲੂ ਬਣਾਏ ਹੋਏ ਸਨ। ਮੈਂ ਵੀ ਕੁਝ ਖਾਣਾ ਖਾ ਲਿਆ ਅਤੇ ਕੁਝ ਖਾਣਾ ਆਪਣੇ ਪਾਊਚ ਵਿਚ ਪਾ ਲਿਆ। ਹਰ ਫੌਜੀ ਦੇ ਬੈਲਟ ਦੇ ਨਾਲ ਦੋ ਪਾਊਚ ਲੱਗੇ ਹੋਏ ਸਨ। ਇਹ ਪਾਊਚ ਤਕਰੀਬਨ 10-12 ਇੰਚ ਲੰਬੇ ਹੁੰਦੇ ਹਨ ਅਤੇ ਚਾਰ ਕੁ ਇੰਚ ਚੌੜੇ। ਇਹਨਾਂ ਦੀ ਡੂੰਘਾਈ ਵੀ 3 ਕੁ ਇੰਚ ਚੌੜੀ ਹੁੰਦੀ ਹੈ। ਇਹ ਅਕਸਰ ਗਰਨੇਡ ਜਾਂ ਗੋਲੀਆਂ ਪਾਉਣ ਵਾਸਤੇ ਕੰਮ ਆਉਂਦੇ ਹਨ। ਮੈਂ ਇਕ ਪਾਸੇ ਪਾਊਚ ਵਿਚ ਚਾਰ ਪੰਜ ਪੂਰੀਆਂ ਪਾ ਲਈਆਂ। ਇਕ ਪਾਣੀ ਦੀ ਬੋਤਲ ਪਿੱਛੇ ਜਾਂ ਸਾਈਡ ਤੇ ਬੰਨ੍ਹੀ ਹੁੰਦੀ ਹੈ। ਇਹ ਬੋਤਲ ਲੋਹੇ ਦੀ ਬਣੀ ਹੁੰਦੀ ਹੈ ਅਤੇ ਇਸ ਦੇ ਉਤੇ ਗਰਮ ਕੱਪੜਾ ਚੜ੍ਹਿਆ ਹੁੰਦਾ ਹੈ। ਇਹ ਸਾਰੇ ਫੌਜੀਆਂ ਲਈ ਇਕੋ ਕਿਸਮ ਦੀ ਹੁੰਦੀ ਹੈ। ਉਸ ਸਮੇਂ ਅਫ਼ਸਰਾਂ ਨੂੰ ਸਟੇਨਗਨ ਮਿਲਦੀ ਸੀ। ਬਾਕੀ ਜੇ.ਸੀ.ਓ ਤੋਂ ਲੈ ਕੇ ਸਿਪਾਹੀ ਤੱਕ ਨੂੰ ਰਫਲਾਂ ਮਿਲਦੀਆਂ ਸਨ। ਹਰ ਇਕ ਗਿਆਰਾਂ ਬੰਦਿਆਂ ਦੀ ਸੈਕਸ਼ਨ ਵਿਚ ਇਕ ਲਾਈਟ ਮਸ਼ੀਨ ਗਨ ਹੁੰਦੀ ਸੀ। ਸੈਕਸ਼ਨ ਦਾ ਇਕ ਹਿੱਸਾ ਲਾਈਟ ਮਸ਼ੀਨ ਗਨ ਸੈਕਸ਼ਨ ਹੀ ਕਹਾਉਂਦਾ ਹੈ। ਇਸ ਵਿਚ ਤਿੰਨ ਫੌਜੀ ਹੁੰਦੇ ਹਨ ਅਤੇ ਉਹ ਵਾਰੀ ਵਾਰੀ ਮਸ਼ੀਨ ਗਨ ਨੂੰ ਚੁੱਕਦੇ ਹਨ ਅਤੇ ਲੈ ਕੇ ਤੁਰਦੇ ਹਨ। ਇਹ ਲਾਈਟ ਮਸ਼ੀਨ ਗਨ ਇਕੱਲਾ ਇਕੱਲਾ ਫਾਇਰ ਵੀ ਕਰ ਸਕਦੀ ਸੀ ਅਤੇ ਆਟੋਮੈਟਿਕ ਫਾਇਰ ਵੀ ਕਰ ਸਕਦੀ ਸੀ। ਇਹ ਸੈਕਸ਼ਨ ਦਾ ਸਭ ਤੋਂ ਅੱਛਾ ਅਤੇ ਕਾਰਗਰ ਹਥਿਆਰ ਹੁੰਦਾ ਸੀ।

ਇਕ ਰਾਈਫਲ ਕੰਪਨੀ ਵਿਚ ਤਿੰਨ ਪਲਾਟੂਨਾਂ ਹੁੰਦੀਆਂ ਹਨ। ਹਰ ਇਕ ਪਲਾਟੂਨ ਵਿਚ ਤਿੰਨ ਸੈਕਸ਼ਨਾਂ ਹੁੰਦੀਆਂ ਹਨ। ਸੈਕਸ਼ਨ ਕਮਾਂਡਰ ਅਕਸਰ ਨਾਇਕ ਹੁੰਦਾ ਸੀ। ਸਬ-ਸੈਕਸ਼ਨ ਕਮਾਂਡਰ ਲਾਂਸ ਨਾਇਕ ਹੁੰਦਾ ਸੀ, ਜੋ ਲਾਈਟ ਮਸ਼ੀਨ ਗਨ ਦੀ ਟੁੱਕੜੀ ਨੂੰ ਸੰਭਾਲਦਾ ਸੀ। ਪਲਾਟੂਨ ਕਮਾਂਡਰ ਅਕਸਰ ਨਾਇਬ ਸੂਬੇਦਾਰ ਜਾਂ ਸੂਬੇਦਾਰ ਹੁੰਦਾ ਹੈ। ਪਰ ਕਈ ਵਾਰੀ ਨਵੇਂ ਅਫ਼ਸਰਾਂ ਨੂੰ ਵੀ ਪਲਾਟੂਨ ਕਮਾਂਡਰ ਲਗਾ

ਦਿੱਤਾ ਜਾਂਦਾ ਹੈ। ਇਕ ਕੰਪਨੀ ਵਿਚ ਤਿੰਨ ਪਲਾਟੂਨਾਂ ਤੋਂ ਇਲਾਵਾ ਕੁਝ ਹੋਰ ਰੈਂਕ ਵੀ ਹੁੰਦੇ ਹਨ, ਜੋ ਕੰਪਨੀ ਕਮਾਂਡਰ ਨੂੰ ਕੰਟਰੋਲ ਕਰਨ ਵਿਚ ਮੱਦਦ ਦਿੰਦੇ ਹਨ ਜਿਵੇਂ ਕੰਪਨੀ ਹਵਾਲਦਾਰ ਮੇਜਰ ਅਤੇ ਕਵਾਰਟਰ ਮਾਸਟਰ ਹਵਾਲਦਾਰ ਰਾਈਫਲ ਕੰਪਨੀ ਦੀ ਨਫਰੀ ਤਕਰੀਬਨ 120 ਹੁੰਦੀ ਸੀ।

ਸਪੋਰਟਸ ਕੰਪਨੀ ਵਿਚ ਵੱਡੇ-ਵੱਡੇ ਹਥਿਆਰ ਹੁੰਦੇ ਹਨ। ਉਸ ਦੀਆਂ ਵੀ ਪਲਾਟੂਨਾਂ ਬਣੀਆਂ ਹੁੰਦੀਆਂ ਹਨ। ਜਿਵੇਂ ਆਰ.ਸੀ.ਐਲ ਪਲਾਟੂਨ। ਆਰ.ਸੀ.ਐਲ ਪਲਾਟੂਨ ਵਿਚ ਆਰ.ਸੀ.ਐਲ ਗੰਨਜ਼ ਹੁੰਦੀਆਂ ਹਨ ਜੋ ਜੀਪ ਉਤੇ ਲੱਦੀਆਂ ਹੁੰਦੀਆਂ ਹਨ। ਇਹ ਟੈਂਕਾਂ ਨੂੰ ਤੋੜਨ ਲਈ ਹੁੰਦੀਆਂ ਹਨ। ਇਸ ਤਰ੍ਹਾਂ ਹੀ ਰਾਕੇਟ ਲਾਂਚਰ ਪਲਾਟੂਨ ਹੁੰਦੀ ਹੈ, ਜਿਸ ਵਿਚ ਵੱਡੇ ਰਾਕੇਟ ਲਾਂਚਰ ਹੁੰਦੇ ਹਨ। ਦੋ ਇੰਚ ਦੇ ਛੋਟੇ ਰਾਕੇਟ ਲਾਂਚਰ ਹਰ ਇਕ ਰਾਈਫਲ ਕੰਪਨੀ ਵਿਚ ਹੁੰਦੇ ਹਨ। ਇਸ ਤੋਂ ਇਲਾਵਾ ਸਪੋਰਟਸ ਕੰਪਨੀ ਵਿਚ ਮੀਡੀਅਮ ਮਸ਼ੀਨ-ਗੰਨ ਵੀ ਹੁੰਦੀ ਹੈ। ਇਸ ਕੰਪਨੀ ਦੀ ਕਿਸੇ ਟੁੱਕੜੀ ਨੂੰ ਵੀ ਬਟਾਲੀਅਨ ਕਮਾਂਡਰ ਦੇ ਹੁਕਮਾਂ ਨਾਲ ਕਿਸੇ ਵੀ ਰਾਈਫਲ ਕੰਪਨੀ ਨਾਲ ਲਗਾ ਦਿੱਤਾ ਜਾਂਦਾ ਹੈ।

ਦੁਪਹਿਰ ਬਾਰਾਂ ਵਜੇ ਤੋਂ ਲੈ ਕੇ ਤਿੰਨ ਵਜੇ ਤੱਕ ਅਸੀਂ ਬਠਿੰਡੇ ਰੇਲਵੇ ਸਟੇਸ਼ਨ ਤੇ ਖੜ੍ਹੇ ਰਹੇ। ਮੈਂ ਕਰਨਲ ਬਖਸ਼ੀ ਤੋਂ ਆਗਿਆ ਲੈ ਕੇ ਆਪਣੀ ਭੈਣ ਦੇ ਰਿਸ਼ਤੇਦਾਰ ਜੋ ਰੇਲਵੇ ਸਟੇਸ਼ਨ ਕੋਲ ਹੀ ਰਹਿੰਦੇ ਸਨ, ਨੂੰ ਮਿਲਣ ਚਲਾ ਗਿਆ। ਇਥੇ ਮੈਂ ਸਿਰਫ਼ ਅੱਧਾ ਘੰਟਾ ਹੀ ਰਿਹਾ। ਉਹਨਾਂ ਨੂੰ ਮਿਲਣ ਉਪਰੰਤ ਮੈਂ ਰਿਕਸ਼ਾ ਕਰ ਕੇ ਵਾਪਸ ਰੇਲਵੇ ਸਟੇਸ਼ਨ ਪਹੁੰਚ ਗਿਆ। ਤਿੰਨ ਕੁ ਵਜੇ ਟ੍ਰੇਨ ਚੱਲੀ। ਆਰ.ਟੀ.ਓ ਨੇ ਸਾਨੂੰ ਕੋਟਕਪੂਰਾ ਰੇਲਵੇ ਸਟੇਸ਼ਨ ਜਾਣ ਲਈ ਕਿਹਾ। ਬਠਿੰਡਾ ਤੋਂ ਕੋਟਕਪੂਰਾ ਜ਼ਿਆਦਾ ਦੂਰ ਨਹੀਂ ਹੈ। ਅਸੀਂ ਲਗਭਗ ਇਕ ਘੰਟੇ ਵਿਚ ਕੋਟਕਪੂਰਾ ਪਹੁੰਚ ਗਏ। ਕੋਟਕਪੂਰਾ ਆਰ.ਟੀ.ਓ ਨੇ ਸਾਨੂੰ ਦੱਸਿਆ ਕਿ ਸਾਡੇ ਲਈ 50 ਸਿਵਲ ਟਰੱਕ ਖੜ੍ਹੇ ਹਨ। ਉਥੋਂ ਅਸੀਂ ਹਰੀਕੇ ਜਾਣਾ ਸੀ। ਸ਼ਾਮ ਨੂੰ 5.30 ਵਜੇ ਅਸੀਂ ਕੋਟਕਪੂਰੇ ਤੋਂ ਚੱਲੇ। ਰੁਕਦੇ ਰੁਕਾਉਂਦੇ ਅਸੀਂ ਹਰੀਕੇ ਪੱਤਣ ਪਹੁੰਚ ਗਏ। ਹਰੀਕੇ ਪੱਤਣ, ਯੁੱਧ ਦੇ ਮੈਦਾਨ ਤੋਂ 15 ਕੁ ਕਿਲੋਮੀਟਰ ਦੂਰ ਸੀ। ਅਸੀਂ ਹਰੀਕੇ ਪੱਤਣ ਤੋਂ ਦੋ ਕੁ ਮੀਲ ਅੱਗੇ ਜਾ ਕੇ ਇਕ ਜ਼ਿਮੀਦਾਰ ਦੇ ਖੇਤ ਵਿਚ ਉਤਰ ਗਏ। ਕਰਨਲ ਸਾਹਿਬ ਰਾਈਫਲ ਕੰਪਨੀਆਂ ਦੇ ਕਮਾਂਡਰਾਂ ਨਾਲ ਯੋਜਨਾਬੰਦੀ ਬਣਾ ਰਹੇ ਸਨ। ਅਸੀਂ ਨਵੇਂ ਇਲਾਕੇ ਵਿਚ ਆ ਗਏ। ਇਸ ਇਲਾਕੇ ਵਿਚ ਆ ਕੇ ਅਸੀਂ 4 ਮਾਊਂਟੇਨ ਡਿਵ ਦਾ ਹਿੱਸਾ ਬਣ ਗਏ। 4 ਮਾਊਂਟੇਨ ਡਿਵ ਦੇ ਕਮਾਂਡਰ ਮੇਜਰ ਜਰਨਲ ਗੁਰਬਖਸ਼ ਸਿੰਘ ਸਨ। ਹਰ ਇਕ ਡਿਵ ਵਿਚ ਕੁਝ ਬਿਗ੍ਰੇਡਾਂ ਹੁੰਦੀਆਂ ਹਨ, ਜੋ ਆਮ ਤੌਰ ਤੇ ਤਿੰਨ ਹੁੰਦੀਆਂ ਹਨ। ਸਾਨੂੰ 62 ਮਾਊਂਟੇਨ ਬਿਗ੍ਰੇਡ ਦਾ ਹਿੱਸਾ ਬਣਾ ਦਿੱਤਾ ਗਿਆ। ਜਿਸ ਦੇ ਬ੍ਰਿਗੇਡ ਕਮਾਂਡਰ, ਬ੍ਰਿਗੇਡੀਅਰ ਦਵਿੰਦਰ ਸਿੰਘ ਸਿੱਧੂ ਸਨ। ਸਾਡੀ ਬ੍ਰਿਗੇਡ ਵਿਚ ਦੋ ਹੋਰ ਬਟਾਲੀਅਨਾਂ ਸਨ। ਉਹਨਾਂ ਦਾ ਨਾਂ 4 ਗਰਨੇਡੀਅਰ ਅਤੇ 7 ਗਰਨੇਡੀਅਰ ਸੀ। 8 ਸਤੰਬਰ ਨੂੰ ਸਾਡੀ ਬਟਾਲੀਅਨ ਚੀਮਾ ਪਿੰਡ ਦੇ ਕੋਲ ਲਗਾ ਦਿੱਤੀ ਗਈ ਅਤੇ ਉਥੇ

ਮੋਰਚਾ ਸਾਂਭ ਲਿਆ।

ਰੇਅਰ ਹੈੱਡਕੁਆਰਟਰ ਜਿਸ ਵਿਚ ਦੋ ਅਫ਼ਸਰ ਸਨ, ਨੂੰ ਪੰਜ ਕੁ ਕਿਲੋਮੀਟਰ, ਚੀਮਾ ਪਿੰਡ ਤੋਂ ਪਿੱਛੇ ਲਗਾ ਦਿੱਤਾ ਗਿਆ। ਲਫਟੈਣ ਕੇ.ਕੇ. ਸ਼ਰਮਾ ਰੇਅਰ ਹੈੱਡਕੁਆਰਟਰ ਦੇ ਕਮਾਂਡਰ ਬਣਾਏ ਗਏ। ਮੈਨੂੰ ਵੀ ਐਡਮੀਨਿਸਟ੍ਰੇਟਿਵ ਕੰਪਨੀ ਕਮਾਂਡਰ ਹੋਣ ਕਰਕੇ ਉਥੇ ਹੀ ਤਾਇਨਾਤ ਕੀਤਾ ਗਿਆ। ਲੜਾਈ ਦੇ ਵਿਚ ਐਡਮੀਨਿਸਟ੍ਰੇਟਿਵ ਕੰਪਨੀ ਦਾ ਕੰਮ ਖਾਣਾ ਬਣਾ ਕੇ ਅੱਗੇ ਪਹੁੰਚਾਉਣਾ ਹੁੰਦਾ ਹੈ। ਮੈਡੀਕਲ ਪਲਾਟੂਨ ਦਾ ਕੰਮ ਜ਼ਖਮੀ ਫੌਜੀਆਂ ਨੂੰ ਮੱਲ੍ਹਮ-ਪੱਟੀ ਆਦਿ ਕਰਨਾ ਹੁੰਦਾ ਹੈ। ਇਸ ਪਲਾਟੂਨ ਕੋਲ ਸਟ੍ਰੈਚਰ ਵੀ ਹੁੰਦੇ ਹਨ। ਜੇਕਰ ਕੋਈ ਫੌਜੀ ਗੰਭੀਰ ਰੂਪ ਵਿਚ ਜ਼ਖਮੀ ਹੁੰਦਾ ਹੈ ਤਾਂ ਇਹ ਸਟ੍ਰੈਚਰ ਦੀ ਮੱਦਦ ਨਾਲ ਉਸ ਨੂੰ ਹਸਪਤਾਲ ਪਹੁੰਚਾਉਂਦੀ ਹੈ। 9,10 ਅਤੇ 11 ਸਤੰਬਰ ਨੂੰ ਸਾਡੀਆਂ ਚਾਰੇ ਰਾਈਫਲ ਕੰਪਨੀਆਂ ਤੇ ਇਕ ਸਪੋਰਟਸ ਕੰਪਨੀ ਸਥਾਪਿਤ ਹੋ ਗਈਆਂ ਤੇ ਦੁਸ਼ਮਣ ਦੇ ਇਲਾਕੇ ਨੇੜੇ ਜਾ ਕੇ ਰੈਕੀ ਆਦਿ ਕਰਨ ਲੱਗ ਪਈਆਂ। ਇਹ ਨਹੀਂ ਹੁੰਦਾ ਕਿ ਰੈਕੀ ਇਕੱਲੀ ਕੰਪਨੀ ਜਾਂ ਬਟਾਲੀਅਨ ਹੀ ਕਰਦੀ ਹੈ। ਬ੍ਰਿਗੇਡ ਹੈੱਡਕੁਆਰਟਰ ਅਤੇ ਡਵੀਜ਼ਨ ਹੈੱਡ ਕੁਆਰਟਰ ਕੋਲ ਵੀ ਦੁਸ਼ਮਣ ਦੇ ਇਲਾਕੇ ਦੀ ਖਬਰ ਹੁੰਦੀ ਹੈ। 12 ਸਤੰਬਰ ਨੂੰ ਸਾਡੀਆਂ ਦੋ ਕੰਪਨੀਆਂ ( ਬਰੇਵੋ ਅਤੇ ਚਾਰਲੀ) ਨੂੰ ਦੁਸ਼ਮਣ ਦੀ ਇਕ ਕੰਪਨੀ ਨੂੰ ਖਦੇੜਣ ਲਈ ਤਿਆਰ ਕੀਤਾ ਗਿਆ। ਕਰਨਲ ਬਖਸ਼ੀ ਨੇ ਡੈਲਟਾ ਕੰਪਨੀ ਦੇ ਮੇਜਰ ਕੁਲਵਿੰਦਰ ਸਿੰਘ ਨੂੰ ਪੁੱਛਿਆ ਕਿਉਂਕਿ ਉਹ ਸੀਨੀਅਰ ਕੰਪਨੀ ਕਮਾਂਡਰ ਸੀ। ਉਹਨਾਂ ਨੇ ਆਪਣੇ ਗੋਡੇ ਦੀ ਸਮੱਸਿਆ ਦੱਸੀ ਅਤੇ ਨਾਲ ਹੀ ਕਿਹਾ ਕਿ ਉਹਨਾਂ ਦਾ ਯੰਗ ਅਫ਼ਸਰ ਤਾਂ ਤੁਸੀਂ ਐਡਮੀਨਿਸਟ੍ਰੇਟਿਵ ਕੰਪਨੀ ਵਿਚ ਲਗਾ ਦਿੱਤਾ ਹੈ। ਫਿਰ ਅਲਫਾ ਕੰਪਨੀ ਦੇ ਮੇਜਰ ਸੂਦ ਨੂੰ ਪੁੱਛਿਆ। ਉਹਨਾਂ ਨੇ ਵੀ ਕੁਝ ਨਾ ਜਾਣ ਦੀ ਮਜਬੂਰੀ ਦੱਸੀ। ਫਿਰ ਬਰੇਵੋ ਕੰਪਨੀ ਦੇ ਲਫਟੈਣ ਹੁਕਮ ਸਿੰਘ ਨੂੰ ਪੁੱਛਿਆ। ਹੁਕਮ ਸਿੰਘ ਵਿਚ ਪਤਾ ਨਹੀਂ ਕਿਹੜੀ ਸ਼ਕਤੀ ਸੀ। ਉਹ ਮੌਤ ਤੋਂ ਬਿਲਕੁਲ ਨਹੀਂ ਡਰਦਾ ਸੀ। ਮੇਰਠ ਦਾ ਜਨਮਿਆ ਇਹ ਅਫ਼ਸਰ ਬਿਜਲੀ ਵਰਗੀ ਸ਼ਕਤੀ ਰੱਖਦਾ ਸੀ। ਹੁਕਮ ਸਿੰਘ ਨੇ ਹਮਲੇ ਵਿਚ ਜਾਣ ਲਈ ਹਾਂ ਕਰ ਦਿੱਤੀ। ਫਿਰ ਕੈਪਟਨ ਰਮੇਸ਼ ਕਪੂਰ ਜੋ ਕਿ ਚਾਰਲੀ ਕੰਪਨੀ ਦੇ ਕਮਾਂਡਰ ਸਨ, ਉਹਨਾਂ ਤੋਂ ਪੁਛਿਆ, "ਆ ਤੈਨੂੰ ਪਰਮਵੀਰ ਚੱਕਰ ਦੁਆ ਦਈਏ।" ਉਹਨਾਂ ਨੇ ਬੜੀ ਨਿਮਰਤਾ ਨਾਲ ਕਰਨਲ ਸਾਹਿਬ ਨੂੰ ਕਿਹਾ, " ਸਰ ਸਾਡਾ ਕੰਮ ਯੁੱਧ ਕਰਨਾ ਹੈ ਅਤੇ ਮੈਂ ਯੁੱਧ ਕਰਨ ਲਈ ਤਿਆਰ ਹਾਂ।" ਕੈਪਟਨ ਕਪੂਰ ਨੂੰ ਮੁਸਲਮਾਨਾਂ ਨਾਲ ਕੁਝ ਨਫ਼ਰਤ ਵੀ ਸੀ ਕਿਉਂਕਿ 1947 ਦੀ ਵੰਡ ਸਮੇਂ ਮੁਸਲਮਾਨਾਂ ਨੇ ਉਸ ਦੀ ਮਾਤਾ ਨਾਲ ਦੁਰਵਿਹਾਰ ਕੀਤਾ ਸੀ।

ਸਾਡੀਆਂ ਦੋਵੇਂ ਕੰਪਨੀਆਂ ਬਰੈਵੋ ਅਤੇ ਚਾਰਲੀ ਲੜਾਈ ਲਈ ਤਿਆਰ ਹੋ ਗਈਆਂ। ਦੋਵੇਂ ਅਫ਼ਸਰ ਲਫਟੈਣ ਹੁਕਮ ਸਿੰਘ ਅਤੇ ਕੈਪਟਨ ਰਮੇਸ਼ ਕਪੂਰ ਨੇ ਯੁੱਧ ਲਈ ਕਮਰਕੱਸੇ ਕਰ ਲਏ। ਕਰਨਲ ਬਖਸ਼ੀ ਜੋ ਕਿ ਰੈਜੀਮੈਂਟ ਦੇ ਕਮਾਂਡਰ ਸਨ, ਉਹ ਵੀ ਯੁੱਧ ਵਿਚ ਨਾਲ ਹੀ ਗਏ। ਮੇਰਾ ਪਿਆਰਾ ਦੋਸਤ ਓਮ ਪ੍ਰਕਾਸ਼ ਗੌਡ, ਜੋ

ਕਰਨਲ ਬਖਸ਼ੀ ਦਾ ਇੰਟੈਲੀਜੈਂਸ ਅਫ਼ਸਰ ਸੀ ਅਤੇ ਕਰਨਲ ਬਖਸ਼ੀ ਦੇ ਨਾਲ ਹੀ ਸੀ, ਉਹ ਵੀ ਯੁੱਧ ਵਿਚ ਗਿਆ।

ਖ਼ਬਰ ਇਹ ਸੀ ਕਿ ਹਮਲੇ ਵਾਲੀ ਜਗ੍ਹਾ 'ਤੇ ਪਾਕਿਤਾਨ ਦੀ ਇਕ ਕੰਪਨੀ ਸੀ। ਜਿਸਨੂੰ ਮਾਰਨ ਲਈ ਅਤੇ ਇਲਾਕਾ ਖਾਲੀ ਕਰਵਾਉਣ ਲਈ ਦੋ ਕੰਪਨੀਆਂ ਕਾਫ਼ੀ ਸਨ ਪ੍ਰੰਤੂ ਹੋਇਆ ਕੁਝ ਹੋਰ ਹੀ। ਤਕਰੀਬਨ ਸਾਢੇ ਦਸ ਵਜੇ ਦੋ ਕੰਪਨੀਆਂ ਜਿਹਨਾਂ ਦੀ ਸਮਰੱਥਾ ਤਕਰੀਬਨ 200 ਸੀ, ਸੰਗਠਿਤ ਹੋ ਕੇ ਕਰਨਲ ਬਖਸ਼ੀ ਦੀ ਕਮਾਂਡ ਹੇਠ ਯੁੱਧ ਵਿਚ ਚਲੀਆਂ ਗਈਆਂ। ਚਾਰੇ ਕੰਪਨੀਆਂ ਦੇ ਵਿਚਾਲੇ ਕਰਨਲ ਬਖਸ਼ੀ ਅਤੇ ਉਹਨਾਂ ਦਾ ਇੰਟੈਲੀਜੈਂਸ ਅਫ਼ਸਰ ਸੀ। ਜਿਸ ਜਗ੍ਹਾ ਹਮਲਾ ਕੀਤਾ ਗਿਆ, ਉਸ ਜਗ੍ਹਾ ਤੇ ਕੁਝ ਵੀ ਨਹੀਂ ਸੀ। ਬਾਅਦ ਵਿਚ ਪਤਾ ਲੱਗਾ ਕਿ ਪਾਕਿਸਤਾਨ ਆਰਮੀ ਨੂੰ ਸਾਡੀ ਇਸ ਕਾਰਵਾਈ ਦਾ ਪਹਿਲਾਂ ਹੀ ਪਤਾ ਲੱਗ ਗਿਆ ਸੀ। ਇਹ ਇਕ ਬਟਾਲੀਅਨ ਦੀ ਪੁਜ਼ੀਸ਼ਨ ਸੀ। ਜਿਸ ਨਾਲ ਲੜਨ ਵਾਸਤੇ ਘੱਟੋ ਘੱਟ ਦੋ ਬਟਾਲੀਅਨਾਂ ਚਾਹੀਦੀਆਂ ਸਨ। ਪਾਕਿਸਤਾਨ ਦੀ ਸਾਰੀ ਬਟਾਲੀਅਨ ਖੱਬੇ-ਸੱਜੇ ਹੋ ਗਈ। ਟੈਂਕ ਸਪੋਰਟ ਵੀ ਖੱਬੇ-ਸੱਜੇ ਹੋ ਗਏ। ਜਦੋਂ ਮਹਾਰਾਂ ਦੀਆਂ ਦੋ ਕੰਪਨੀਆਂ ਉਸ ਜਗ੍ਹਾ ਗਈਆਂ, ਉਹਨਾਂ ਨੂੰ ਸਿਵਾਏ ਗੋਲੀਆਂ ਤੋਂ ਉਥੇ ਕੁਝ ਨਹੀਂ ਮਿਲਿਆ। ਉਤੋਂ ਸੇਬਰਜੈੱਟ ਵੀ ਹੇਠਾਂ ਆ ਕੇ ਗੋਲੀਆਂ ਚਲਾਉਣ ਲੱਗ ਪਏ। ਤੋਪਖਾਨੇ ਦਾ ਫਾਇਰ ਉਸ ਜਗ੍ਹਾ ਉੱਤੇ ਡਿੱਗਿਆ। ਇਸ ਲੜਾਈ ਵਿਚ ਸਾਡੇ ਦੋਵੇਂ ਕੰਪਨੀ ਕਮਾਂਡਰ, ਸੈਕਿੰਡ ਲਫਟੈਣ ਓਮ ਪ੍ਰਕਾਸ਼ ਗੌਡ ਅਤੇ 38 ਹੋਰ ਜਵਾਨ ਸ਼ਹੀਦ ਹੋ ਗਏ। ਤਕਰੀਬਨ ਓਨੇ ਹੀ ਜਵਾਨ ਬੰਦੀ ਬਣਾ ਲਏ ਗਏ ਅਤੇ ਜ਼ਖ਼ਮੀ ਹੋ ਗਏ।

9,10 ਅਤੇ 11 ਤਾਰੀਕ ਨੂੰ ਮੈਂ ਜਾਂ ਲਫਟੈਣ ਕੇ.ਕੇ. ਸ਼ਰਮਾ ਖਾਣਾ ਲੈ ਕੇ ਜਾਂਦੇ ਸੀ ਅਤੇ ਰੈਜੀਮੈਂਟ ਨੂੰ ਉਹ ਖਾਣਾ ਵੰਡਦੇ ਸੀ। 12 ਸਤੰਬਰ 1965 ਨੂੰ ਤਕਰੀਬਨ ਸਾਢੇ ਕੁ ਦਸ ਵਜੇ ਲਫਟੈਣ ਕੇ.ਕੇ.ਸ਼ਰਮਾ ਖਾਣਾ ਲੈ ਕੇ ਗਿਆ। ਉਦੋਂ ਰੈਜੀਮੈਂਟ ਅੱਗੇ ਲੜਾਈ ਵਾਸਤੇ ਗਈ ਹੋਈ ਸੀ। ਇਹ 12 ਕੁ ਵਜੇ ਵਾਪਸ ਆ ਗਿਆ ਅਤੇ ਕਹਿਣ ਲੱਗਾ, " ਮੈਨੂੰ ਰੈਜੀਮੈਂਟ ਨਹੀਂ ਲੱਭੀ।" ਉਸ ਨੇ ਮੈਨੂੰ ਜਾਣ ਲਈ ਕਿਹਾ। ਮੈਂ ਇਕ ਟਨ ਦੇ ਟਰੱਕ ਅੱਗੇ ਬੈਠ ਕੇ ਖਾਣਾ ਲੈ ਕੇ ਉਸ ਇਲਾਕੇ ਵਿਚ ਚਲਾ ਗਿਆ, ਜਿਥੇ ਰੈਜੀਮੈਂਟ ਤਿੰਨ ਕੁ ਦਿਨਾਂ ਤੋਂ ਬੈਠੀ ਸੀ। ਉਥੇ ਮੈਨੂੰ ਮਹਾਰ ਰੈਜੀਮੈਂਟ ਦਾ ਕੋਈ ਸੈਨਿਕ ਨਹੀਂ ਮਿਲਿਆ। ਪ੍ਰੰਤੂ ਉਥੇ ਇਕ ਵੱਡੇ ਸਾਰੇ ਕੱਚੇ ਜਿਹੇ ਕਮਰੇ ਵਿਚ ਇਕ ਤੋਪਖਾਨੇ ਦੇ ਮੇਜਰ ਸਾਹਿਬ ਬੈਠੇ ਸਨ। ਇਹ ਤਕਰੀਬਨ ਡੇਢ ਕੁ ਵਜੇ ਦਾ ਸਮਾਂ ਸੀ। ਇਹ ਮੇਜਰ ਅੱਛੀ ਤਬੀਅਤ ਦੇ ਮਾਲਕ ਸਨ। ਮੈਂ ਪੁਛਿਆ," ਸਰ ਸਾਡੀ ਰੈਜੀਮੈਂਟ ਕਿੱਥੇ ਹੈ?" ਉਹ ਕਹਿਣ ਲੱਗੇ ਚੀਮਾ ਬੱਸ ਸਟੈਂਡ ਵੱਲ ਜਾਓ। ਉਥੇ ਬਹੁਤ ਬੁਰੀ ਤਰ੍ਹਾਂ ਜਵਾਨ ਸ਼ਹੀਦ ਹੋਏ ਹਨ ਅਤੇ ਬਾਕੀ ਦੇ ਬੰਦੇ ਵਾਪਸ ਆ ਰਹੇ ਹੋਣਗੇ। ਚੀਮਾ ਬੱਸ ਸਟੈਂਡ ਤੇ ਇਕ ਬਹੁਤ ਵੱਡਾ ਬੋਹੜ ਦਾ ਦਰਖ਼ਤ ਸੀ। ਇਸ ਦਰਖ਼ਤ ਹੇਠਾਂ ਇਕ ਤਖਤਪੋਸ਼ ਪਿਆ ਸੀ। ਮੈਨੂੰ ਵਾਪਸੀ ਆਉਂਦੇ ਉਥੇ ਹੀ ਕੁਝ ਅਫ਼ਸਰ ਮਿਲੇ। ਸਭ ਤੋਂ ਪਹਿਲਾਂ ਮੈਨੂੰ ਕੈਪਟਨ ਦਿਓਗੁਨ ਮਿਲੇ। ਉਹ ਕਹਿਣ ਲੱਗੇ," ਅਮਰਜੀਤ

ਅੱਜ ਬਹੁਤ ਬੁਰਾ ਹਾਲ ਹੋਇਆ ਹੈ। ਤੇਰਾ ਪਿਆਰਾ ਦੋਸਤ ਗੌਡ, ਆਰਟਿਲਰੀ ਸ਼ੈਲ ਦੇ ਨਾਲ ਹਵਾ ਵਿਚ ਉੱਡ ਗਿਆ ਹੈ। ਤੇਰਾ ਦਿੱਤਾ ਹੋਇਆ ਕੜਾ ਜੋ ਉਸ ਨੇ ਹੱਥ ਵਿਚ ਪਾਇਆ ਸੀ, ਮੈਂ ਆਪਣੀਆਂ ਅੱਖਾਂ ਨਾਲ ਹਵਾ ਵਿਚ ਉੱਡਦਾ ਦੇਖਿਆ ਹੈ। ਸਾਰੀ ਰੈਜੀਮੈਂਟ ਪਿੱਛੇ ਆ ਰਹੀ ਹੈ।" ਦਿਓਗੁਨ ਨੂੰ ਖਾਣ ਪੀਣ ਦਾ ਬਹੁਤ ਸ਼ੌਕ ਸੀ। ਮੈਂ ਉਸ ਨੂੰ ਖਾਣ ਲਈ ਰੋਟੀ ਦਿੱਤੀ। ਦਿਓਗੁਨ ਕਹਿਣ ਲੱਗਾ ਅਜਿਹੀ ਦੁੱਖ ਦੀ ਘੜੀ ਵਿਚ ਮੈਥੋਂ ਰੋਟੀ ਨਹੀਂ ਖਾ ਹੋਣੀ। ਮੈਨੂੰ ਵੀ ਇੰਨਾ ਗਮ ਸੀ ਕਿ ਖਾਣੇ ਦੇ ਪਤੀਲੇ ਆਦਿ ਉਥੇ ਹੀ ਰੱਖ ਕੇ ਵਾਪਸ ਆਪਣੀ ਜਗ੍ਹਾ ਉਤੇ ਪਹੁੰਚ ਗਿਆ। ਵਾਪਸ ਪਹੁੰਚਿਆ ਤਾਂ ਲਫਟੈਣ ਕੇ.ਕੇ.ਸ਼ਰਮਾ ਨੇ ਮੈਨੂੰ ਦੱਸਿਆ ਕਿ ਤਕਰੀਬਨ ਬਾਰ੍ਹਾਂ ਕੁ ਵਜੇ ਕਈ ਜਹਾਜ਼ਾਂ ਨੇ ਰੇਅਰ ਹੈੱਡਕੁਆਰਟਰ ਤੇ ਹਮਲਾ ਕਰ ਦਿੱਤਾ ਹੈ ਅਤੇ ਸਾਰੀਆਂ ਗੱਡੀਆਂ ਸਾੜ ਦਿੱਤੀਆਂ ਹਨ। ਹੁਣ ਸਾਡੇ ਕੋਲ ਰੇਅਰ ਹੈੱਡਕੁਆਰਟਰ ਕੋਲ ਉਹੀ ਗੱਡੀ ਸੀ, ਜਿਸ ਤੇ ਮੈਂ ਖਾਣਾ ਲੈ ਕੇ ਗਿਆ ਸੀ। ਪਰ ਫੌਜ ਦਾ ਪ੍ਰਬੰਧ ਦੇਖੋ, ਰਾਤੋ ਰਾਤ ਗੱਡੀਆਂ ਦੀ ਕਾਨਵਾਈ ਆ ਗਈ ਅਤੇ 13 ਤਾਰੀਕ ਤੱਕ ਫਿਰ ਗੱਡੀਆਂ ਹੀ ਗੱਡੀਆਂ ਹੋ ਗਈਆਂ। ਜੋ ਸਮਾਨ ਬਾਹਰ ਪਿਆ ਸੀ, ਉਹ ਪੂਰੀ ਤਰ੍ਹਾਂ ਤਬਾਹ ਹੋ ਗਿਆ। ਮੈਂ ਵਾਈਨ ਮੈਂਬਰ ਹੋਣ ਕਰਕੇ ਦੋ ਅਮੂਨੇਸ਼ਨ ਬਕਸੇ ਵਿਚ ਵਾਈਨ ਲੈ ਕੇ ਆਇਆ ਸੀ। ਮੈਂ ਦੋਨੋਂ ਬਕਸਿਆਂ ਨੂੰ ਬੰਕਰ ਪੁੱਟ ਕੇ ਮਿੱਟੀ ਵਿਚ ਦਬਾ ਦਿੱਤਾ ਸੀ। ਉਹ ਬਿਲਕੁਲ ਠੀਕ-ਠਾਕ ਸਨ।

ਸਾਡੇ ਦੋ ਅਫ਼ਸਰ ਹੋਰ ਜ਼ਖਮੀ ਹੋ ਗਏ। 12 ਸਤੰਬਰ ਨੂੰ ਹੀ ਮੈਂ ਲਫਟੈਣ ਅਰੁਣ ਵਰਮਾ ਨੂੰ ਸਾਡੀ ਇਕ ਜੀਪ ਵਿਚ ਵਾਪਸ ਆਉਂਦੇ ਦੇਖਿਆ। ਉਸ ਨੇ ਮੈਨੂੰ ਦੱਸਿਆ ਕਿ ਉਸ ਦੇ ਹੱਥ ਵਿਚ ਗੋਲੀ ਲੱਗੀ ਹੈ ਅਤੇ ਕਿਹਾ, " ਲੌਟ ਕੇ ਬੁੱਧੂ ਘਰ ਕੋ ਆਏ।" ਉਹ ਬਹੁਤ ਖੁਸ਼ ਨਜ਼ਰ ਆ ਰਿਹਾ ਸੀ। ਉਸ ਨੂੰ ਸ਼ਾਇਦ ਲੱਗਦਾ ਸੀ ਕਿ ਉਸ ਦਾ ਘੱਟ ਵਿਚ ਹੀ ਛੁਟਕਾਰਾ ਹੋ ਗਿਆ ਹੈ। ਸੈਕਿੰਡ ਲਫਟੈਣ ਦਵਿੰਦਰ ਮੋਹਨ ਦਵੇਸ਼ਵਰ ਬੇਹੋਸ਼ ਹੋ ਗਏ, ਇਹਨਾਂ ਨੂੰ ਵੀ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ। ਲਫਟੈਣ ਵਰਮਾ ਦੀ ਜਗ੍ਹਾ ਐਡਜੂਟੈਂਟ ਲਫਟੈਣ ਕੇ.ਕੇ. ਸ਼ਰਮਾ ਨੂੰ ਲਗਾ ਦਿੱਤਾ ਗਿਆ।

ਮੈਨੂੰ 12 ਸਤੰਬਰ ਸ਼ਾਮ ਨੂੰ ਹੀ ਕਰਨਲ ਬਖਸ਼ੀ ਕੋਲ ਜਾਣ ਦਾ ਸੁਨੇਹਾ ਆਇਆ। ਮੈਂ 13 ਸਤੰਬਰ ਨੂੰ ਸਵੇਰੇ 11 ਕੁ ਵਜੇ ਕਰਨਲ ਬਖਸ਼ੀ ਕੋਲ ਪਹੁੰਚ ਗਿਆ। ਬ੍ਰਿਗੇਡੀਅਰ ਸਿੱਧੂ ਦਾ ਬੰਕਰ ਚੀਮਾ ਭੂਰਾ ਕੂਆਂ ਖੇਮਕਰਨ ਰੋਡ ਉੱਤੇ ਸੀ। ਖੇਮਕਰਨ ਜੋ ਕਿ ਬਹੁਤ ਵੱਡਾ ਸ਼ਹਿਰ ਹੈ ਪਾਕਿਸਤਾਨ ਦੇ ਕਬਜ਼ੇ ਵਿਚ ਸੀ। ਪਿੰਡ ਕਰੀਮਪੁਰ ਵੀ ਪਾਕਿਸਤਾਨ ਦੇ ਕਬਜ਼ੇ ਵਿਚ ਹੀ ਸੀ। ਪਿੰਡ ਭੂਰਾ ਕੂਆਂ ਜੋ ਕਰੀਮਪੁਰ ਅਤੇ ਚੀਮਾ ਦੇ ਵਿਚਕਾਰ ਸੀ, ਸ਼ੱਕ ਵਾਲੇ ਇਲਾਕੇ ਸਨ ਕਿ, ਕੀ ਉਥੇ ਪਾਕਿਸਤਾਨ ਫੌਜ ਬੈਠੀ ਹੈ ਜਾਂ ਨਹੀਂ। ਕਰਨਲ ਬਖਸ਼ੀ ਦਾ ਹੈੱਡਕੁਆਰਟਰ ਚੀਮਾ ਪਿੰਡ ਦੇ ਨੇੜੇ ਹੀ ਇਕ ਬੜੇ ਸਿਹਤਮੰਦ ਸਰਦਾਰ ਦਾ ਫਾਰਮ ਸੀ। ਖੇਤ ਵਿਚ ਹੀ ਕਮਰੇ ਪਾਏ ਹੋਏ ਸਨ ਅਤੇ ਉਹੀ ਸਾਡਾ ਬਟਾਲੀਅਨ ਹੈੱਡਕੁਆਰਟਰ ਬਣ ਗਿਆ।

ਲੜਾਈ ਦੌਰਾਨ ਘਰ ਦਾ ਮਾਲਕ ਕਰਨਲ ਬਖਸ਼ੀ ਨੂੰ ਮਿਲਣ ਆਇਆ ਅਤੇ ਘਰ ਦੇ ਸਾਰੇ ਕਮਰੇ ਖੋਲ੍ਹ ਦਿੱਤੇ। ਕਹਿਣ ਲੱਗਾ,“ ਜਿੰਨਾ ਸਮਾਨ ਪਿਆ ਹੈ, ਸਭ ਤੁਹਾਡਾ ਹੈ। ਤੁਹਾਨੂੰ ਹੋਰ ਜੋ ਕੁਝ ਵੀ ਚਾਹੀਦਾ ਹੋਵੇਗਾ, ਮੈਂ ਲਿਆਉਣ ਨੂੰ ਤਿਆਰ ਹਾਂ।”

13 ਤਾਰੀਕ ਸ਼ਾਮ ਨੂੰ ਕਰਨਲ ਬਖਸ਼ੀ ਕੁਝ ਉਦਾਸ ਸਨ। ਕਹਿਣ ਲੱਗੇ ਅਮਰਜੀਤ, “ਜਿਸ ਬਾਪ ਦੇ ਪੰਜ ਪੁੱਤਰ ਲੜਾਈ ਵਿਚ ਮਰ ਜਾਣ, ਉਹ ਕੀ ਕਰੇ?” ਮੈਂ ਕਿਹਾ,“ਸਰ ਵਿਸਕੀ ਪੀਵੇ, ਮੁਰਗੇ ਖਾਵੇ ਅਤੇ ਅਗਲੇ ਦਿਨ ਦੁਸ਼ਮਣ ਦੇ 10 ਪੁੱਤਰ ਮਾਰੇ। ਇਹ ਤਾਂ ਮਰਨ ਮਾਰਨ ਦੀ ਹੀ ਗੱਲ ਹੈ ਕੋਈ ਫਿਲਾਸਫੀ ਦੀ ਗੱਲ ਨਹੀਂ ਹੈ।” ਮੇਰੀ ਇਸ ਗੱਲ ਤੇ ਉਹਨਾਂ ਨੂੰ ਕੁਝ ਹੌਸਲਾ ਜਿਹਾ ਹੋਇਆ ਕਿ ਇਸ ਨਵੇਂ ਅਫ਼ਸਰ ਵਿਚ ਜੋਸ਼ ਅਤੇ ਬਹਾਦਰੀ ਹੈ। ਮਹਾਰ ਰੈਜੀਮੈਂਟ ਮਹਾਰ ਕਮਿਊਨਟੀ ਦੀ ਰੈਜੀਮੈਂਟ ਸੀ। ਮਹਾਰ ਲੋਕ, ਮਹਾਰਾਸ਼ਟਰ ਰੀਜ਼ਨ ਦੇ ਹੁੰਦੇ ਹਨ ਅਤੇ ਇਕ ਹੀ ਰੈਜੀਮੈਂਟ ਵਿਚ ਮਾਮੇ, ਨਾਨੇ, ਚਾਚੇ, ਫੁੱਫੜ, ਭਤੀਜੇ ਜਾਂ ਭਰਾ ਹੁੰਦੇ ਹਨ। ਜੋ ਬੰਦੇ ਮਰੇ ਹਨ ਤਾਂ ਉਹ ਸਾਰੇ ਬੰਦਿਆਂ ਦੀ ਆਪਸ ਵਿਚ ਕੋਈ ਨਾ ਕੋਈ ਰਿਸ਼ਤੇਦਾਰੀ ਅਤੇ ਪਿਆਰ ਹੁੰਦਾ ਸੀ। ਲੜਾਈ ਵਿਚ ਬੰਦੀਆਂ ਨੂੰ ਅਤੇ ਜ਼ਖਮੀਆਂ ਨੂੰ ਵੀ ਮਰਿਆ ਹੀ ਸਮਝਿਆ ਜਾਂਦਾ ਹੈ। ਜਦੋਂ ਤੱਕ ਲਿਸਟਾਂ ਨਹੀਂ ਆਉਂਦੀਆਂ ਕੁਝ ਵੀ ਪਤਾ ਨਹੀਂ ਚੱਲਦਾ ਕਿ ਕੌਣ ਜਿਉਂਦਾ ਹੈ ਅਤੇ ਕੌਣ ਸ਼ਹੀਦ ਹੋਇਆ ਹੈ। ਜਵਾਨਾਂ ਵਿਚ ਹੌਂਸਲਾ ਅਤੇ ਲੜਨ ਦਾ ਜੋਸ਼ ਖਤਮ ਹੋ ਗਿਆ ਸੀ। ਮੈਨੂੰ ਦੁਬਾਰਾ ਡੈਲਟਾ ਕੰਪਨੀ ਦਾ ਪਲਾਟੂਨ ਕਮਾਂਡਰ ਬਣਾ ਦਿੱਤਾ ਗਿਆ।

**ਨੋਟ:–** ਇਸ ਕਿਸਾਨ ਨੂੰ ਮੈਂ 1980 ਵਿਚ ਦੁਬਾਰਾ ਅੰਮ੍ਰਿਤਸਰ ਮਿਲਿਆ। ਉਸ ਸਮੇਂ ਮੈਂ ਅੰਮ੍ਰਿਤਸਰ ਵਿਖੇ ਬਤੌਰ ਏ.ਈ.ਟੀ.ਸੀ. ਸੀ। ਮੈਂ ਉਸ ਨੂੰ ਦੱਸਿਆ ਕਿ ਅਸੀਂ ਹੁਣ ਵੀ ਤੈਨੂੰ ਯਾਦ ਕਰਦੇ ਹਾਂ ਅਤੇ ਉਸ ਦੀ ਸੇਵਾ ਲਈ ਸ਼ੁਕਰਗੁਜ਼ਾਰ ਹਾਂ।

14 ਤਾਰੀਕ ਨੂੰ ਮੈਨੂੰ ਕਰਨਲ ਬਖਸ਼ੀ ਨੇ ਬੁਲਾਇਆ। ਉਹ ਕਹਿਣ ਲੱਗੇ ਕਿ ਤੂੰ ਭੂਰਾ ਕੂਆਂ ਆਦਿ ਪਿੰਡ ਵਿਚ ਜਾਣਾ ਹੈ ਅਤੇ ਰੈਕੀ ਕਰਨੀ ਹੈ। ਫੌਜ ਵਿਚ ਪਟਰੋਲਿੰਗ ਦੋ ਕਿਸਮ ਦੀ ਹੁੰਦੀ ਹੈ। ਇਕ ਰੈਕੀ ਪਟਰੋਲ ਜੋ ਦੁਸ਼ਮਣ ਦੇ ਨੇੜੇ ਜਾਂਦੀ ਹੈ। ਇਹ ਦੁਸ਼ਮਣ ਦੀਆਂ ਗਤੀਵਿਧੀਆਂ ਤੇ ਗਿਣਤੀ ਆਦਿਕ ਦੀ ਸਾਰੀ ਖਬਰ ਲੈਂਦੀ ਹੈ ਪਰ ਗਿਣਤੀ ਘੱਟ ਹੋਣ ਕਰਕੇ ਇਹ ਲੜਾਈ ਨਹੀਂ ਕਰ ਸਕਦੀ। ਦੂਜੀ ਪ੍ਰੋਟੈਕਟਿਵ ਪਟਰੋਲ ਹੁੰਦੀ ਹੈ। ਇਸ ਦੀ ਗਿਣਤੀ 25 ਤੋਂ 30 ਦੇ ਕਰੀਬ ਹੁੰਦੀ ਹੈ। ਇਹ ਪਟਰੋਲ ਦੁਸ਼ਮਣ ਦੀ ਜਾਂਚ ਪੜਤਾਲ ਲੈਣ ਤੋਂ ਇਲਾਵਾ ਦੁਸ਼ਮਣ ਨਾਲ ਲੜਨ ਦੀ ਸਮਰੱਥਾ ਵੀ ਰੱਖਦੀ ਹੈ। ਮੇਰੀ ਰੈਕੀ ਪਟਰੋਲ ਸੀ, ਜਿਸ ਵਿਚ ਚਾਰ ਸਿਪਾਹੀ ਮੈਨੂੰ ਦਿੱਤੇ ਗਏ ਸਨ। ਦੋ ਸਿਪਾਹੀ ਅੱਗੇ ਚੱਲਦੇ ਹਨ ਜਿਹਨਾਂ ਨੂੰ ਸਕਾਊਟ ਕਹਿੰਦੇ ਹਨ। ਅਫ਼ਸਰ ਨੇ ਆਪਣੀ ਮਰਜ਼ੀ ਅਨੁਸਾਰ ਉਹਨਾਂ ਦੀ ਅਦਲਾ ਬਦਲੀ ਕਰਨੀ ਹੁੰਦੀ ਹੈ। ਅਫ਼ਸਰ ਅਕਸਰ ਵਿਚਾਲੇ ਹੁੰਦਾ ਹੈ ਅਤੇ ਦੋ ਜਵਾਨ ਪਿੱਛੇ ਹੁੰਦੇ ਹਨ ਜਾਂ ਸਾਈਡ ਤੇ ਹੁੰਦੇ ਹਨ।

ਸਾਰੀ ਜਾਣਕਾਰੀ ਤੋਂ ਬਾਅਦ ਕਰਨਲ ਬਖਸ਼ੀ ਮੈਨੂੰ ਬ੍ਰਿਗੇਡ ਦੇ ਕਮਾਂਡਰ

ਦਵਿੰਦਰ ਸਿੰਘ ਸਿੱਧੂ ਕੋਲ ਲੈ ਗਏ। ਦਵਿੰਦਰ ਸਿੰਘ ਸਿੱਧੂ ਮੈਨੂੰ ਦਿੱਖ ਵਿਚ ਅਮੀਰ ਘਰ ਦੇ ਅਫ਼ਸਰ ਲੱਗੇ। ਉਹ ਰਸਾਲੇ/ਟੈਂਕ ਦੇ ਅਫ਼ਸਰ ਸਨ। ਕਰਨਲ ਬਖਸ਼ੀ ਤੇ ਮੈਂ ਉਹਨਾਂ ਦੇ ਬੰਕਰ ਵਿਚ ਪਹੁੰਚ ਗਏ। ਉਹਨਾਂ ਨੇ ਮੇਰੇ ਨਾਲ ਥੋੜ੍ਹੀ ਜਿਹੀ ਗੱਲਬਾਤ ਕੀਤੀ। ਮੈਂ ਨੌਜਵਾਨ ਤਾਂ ਹੈ ਹੀ ਸੀ ਪਰ ਹੱਸਦਾ ਬਹੁਤ ਰਹਿੰਦਾ ਸੀ। ਉਹਨਾਂ ਨੇ ਮੈਨੂੰ ਪੁੱਛਿਆ,“ ਯੰਗ ਅਫ਼ਸਰ ਤੁਹਾਡਾ ਕੀ ਉਦੇਸ਼ ਹੈ।” ਮੈਂ ਕਿਹਾ,“ ਸਰ ਮੇਰਾ ਉਦੇਸ਼ ਭੂਰਾ ਕੂਆਂ ਉੱਤੇ ਕਬਜਾ ਕਰਨ ਦਾ ਹੈ ਅਤੇ ਉਥੇ ਕਾਮਯਾਬੀ ਨਾਲ ਪਹੁੰਚ ਕੇ ਤੁਹਾਨੂੰ ਤਿੰਨ ਵਾਰ ਬੜੌਦਾ ਬੜੌਦਾ ਬੜੌਦਾ ਸਿਗਨਲ ਭੇਜਣਾ ਹੈ।” ਇਕ ਜਵਾਨ ਦੇ ਮੋਢਿਆਂ ਤੇ ਵਾਇਰ ਲੈੱਸ ਲੱਗੀ ਹੁੰਦੀ ਸੀ, ਜਿਸ ਨਾਲ ਸਾਡਾ ਬਟਾਲੀਅਨ ਹੈੱਡਕੁਆਰਟਰ ਨਾਲ ਕੁਨੈਕਸ਼ਨ ਹੁੰਦਾ ਸੀ। ਭੂਰਾ ਕੂਆਂ, ਪਿੰਡ ਚੀਮੇ ਤੋਂ ਜ਼ਿਆਦਾ ਦੂਰ ਨਹੀਂ ਸੀ।

14 ਸਤੰਬਰ 1965 ਨੂੰ ਦੁਪਹਿਰੇ 3 ਕੁ ਵਜੇ ਕਰਨਲ ਬਖਸ਼ੀ ਮੈਨੂੰ ਅਲਵਿਦਾ ਕਹਿਣ ਲਈ ਤਕਰੀਬਨ ਅੱਧਾ ਕਿਲੋਮੀਟਰ ਨਾਲ ਤੁਰ ਕੇ ਗਏ। ਅੱਧਾ ਕਿਲੋਮੀਟਰ ਜਾਣ ਤੋਂ ਬਾਅਦ ਮੈਂ ਕਰਨਲ ਬਖਸ਼ੀ ਨੂੰ ਆਪਣਾ ਸ਼ਨਾਖਤੀ ਕਾਰਡ ਫੜਾ ਦਿੱਤਾ। ਕਰਨਲ ਸਾਹਿਬ ਨੇ ਪੁੱਛਿਆ,“ ਇਹ ਕੀ ਹੈ”? ਮੈਂ ਕਿਹਾ,“ ਸਰ ਜੇ ਇਕ ਕਰਨਲ, ਸੈਕਿੰਡ ਲਫਟੈਣ ਨੂੰ ਅੱਧਾ ਕਿਲੋਮੀਟਰ ਤੱਕ ਛੱਡਣ ਆ ਰਿਹਾ ਹੈ ਤਾਂ ਮੈਂ ਸਮਝ ਸਕਦਾ ਹਾਂ ਕਿ ਕਿੰਨੀ ਜ਼ਿੰਮੇਵਾਰੀ ਅਤੇ ਜ਼ੋਖਮ ਭਰਿਆ ਕੰਮ ਹੋਵੇਗਾ। ਜੇ ਮੈਂ ਸ਼ਹੀਦ ਹੋ ਗਿਆ ਤਾਂ ਦੁਸ਼ਮਣ ਨੂੰ ਇਸ ਗੱਲ ਦੀ ਖੁਸ਼ੀ ਨਹੀਂ ਹੋਵੇਗੀ ਕਿ ਉਹਨਾਂ ਨੇ ਅਫ਼ਸਰ ਨੂੰ ਮਾਰ ਦਿੱਤਾ ਹੈ।” ਕਰਨਲ ਬਖਸ਼ੀ ਇਸ ਗੱਲ ਨੂੰ ਨਾ ਮੰਨੇ ਅਤੇ ਮੈਨੂੰ ਸ਼ਨਾਖਤੀ ਕਾਰਡ ਵਾਪਸ ਦੇ ਦਿੱਤਾ। ਨਾਲ ਹੀ ਮੈਂ ਕਰਨਲ ਬਖਸ਼ੀ ਨੂੰ ਸਵਾਲ ਕੀਤਾ, “ ਜੇਕਰ ਮੇਰੇ ਬੰਦੇ ਡਰ ਕੇ ਭੱਜ ਜਾਣ, ਕੀ ਮੈਂ ਉਹਨਾਂ ਨੂੰ ਗੋਲੀ ਮਾਰ ਸਕਦਾ ਹਾਂ? ਮੈਂ ਉਹਨਾਂ ਨੂੰ ਦੇਸ਼ ਦੇ ਭਲੇ ਲਈ ਗੋਲੀ ਮਾਰਾਂ ਅਤੇ ਤੁਸੀਂ ਮੇਰਾ ਕੋਰਟ ਮਾਰਸ਼ਲ ਕਰਾ ਦਿਓ। ਮੇਰੇ ਘਰ ਦੇ ਕੀ ਸੋਚਣਗੇ ਕਿ ਅਮਰਜੀਤ ਨੇ ਪਤਾ ਨਹੀਂ ਕੀ ਗਲਤੀ ਕੀਤੀ ਹੈ, ਜੋ ਇਸ ਨੂੰ ਫੌਜ ਵਿਚੋਂ ਵਾਪਸ ਭੇਜ ਦਿੱਤਾ ਹੈ।” ਕਰਨਲ ਬਖਸ਼ੀ ਵਿਚਾਰ ਕਰਨ ਲੱਗੇ ਅਤੇ ਕਿਹਾ,“ ਜੇ ਅਜਿਹੀ ਗੱਲ ਹੋਵੇਗੀ ਤਾਂ ਮੈਂ ਤੁਹਾਡੇ ਨਾਲ ਖੜ੍ਹਾ ਹੋਵਾਂਗਾਂ।”

ਕਰਨਲ ਬਖਸ਼ੀ ਵਾਪਸ ਆਪਣੇ ਇਲਾਕੇ ਵਿਚ ਚਲੇ ਗਏ, ਮੈਂ ਅਤੇ ਬਾਕੀ ਦੀ ਟੀਮ ਪਿੰਡ ਭੂਰਾ ਕੂਆਂ ਵੱਲ ਨੂੰ ਵੱਧਣ ਲੱਗੇ। ਅਸੀਂ ਇਕ ਕਿਲੋਮੀਟਰ ਅੱਗੇ ਜਾ ਕੇ ਪਿੰਡ ਦੇ ਅੰਦਰ ਵੱਲ ਨੂੰ ਜਾਣ ਲੱਗੇ। ਸਕਾਊਟ ਅਡਵਾਂਸ ਕਰ ਰਹੇ ਸਨ। ਉਹਨਾਂ ਵਿਚੋਂ ਇਕ ਨੇ ਇਸ਼ਾਰਾ ਕੀਤਾ, ਪੁਜੀਸ਼ਨ ਲੈ ਲਓ। ਫੌਜ ਵਿਚ ਸਾਨੂੰ ਦੱਸਿਆ ਜਾਂਦਾ ਹੈ ਕਿ ਹਥਿਆਰ ਚਲਾਉਣ ਦੇ ਨਾਲ ਨਾਲ ਢਿੱਡ ਘਸੀਟ ਕੇ ਕਿਵੇਂ ਆਪਣੇ ਬੰਦੇ ਕੋਲ ਪਹੁੰਚਣਾ ਹੈ। ਮੈਂ ਢਿੱਡ ਘਸੀਟਦਾ ਉਸ ਸਿਪਾਹੀ ਕੋਲ ਪਹੁੰਚਿਆ ਤੇ ਪੁੱਛਿਆ,“ ਆਪਾਂ ਰੁੱਕ ਕਿਉਂ ਗਏ ਹਾਂ।” ਉਹ ਕਹਿਣ ਲੱਗਾ,“ ਮੈਨੂੰ ਇਕ ਪਾਕਿਸਤਾਨੀ ਸਿਪਾਹੀ ਦਿੱਸ ਰਿਹਾ ਹੈ, ਜੋ ਦੂਜੇ ਸਿਪਾਹੀ ਦੇ ਕੰਨ ਵਿਚ ਕੁਝ ਗੱਲ ਕਰ ਰਿਹਾ ਹੈ।” ਮੈਂ ਅਤੇ ਉਹ ਸਿਪਾਹੀ ਢਿੱਡ ਘਸੀਟਦੇ ਅੱਗੇ ਵੱਲ ਨੂੰ ਵਧੇ। ਉਸ ਨੇ ਮੈਨੂੰ ਦੋ ਪਾਕਿਸਤਾਨੀ ਸਿਪਾਹੀ ਦਿਖਾਏ ਪਰ ਉਹ ਇਕ ‘ਅਰਲਾਖੋਟ’ ਸੀ। ਮਹਾਂਰਾਸ਼ਟਰ

ਵਿਚ ਜਿਥੋਂ ਦੇ ਜਵਾਨ ਸਾਡੀ ਰੈਜੀਮੈਂਟ ਦੇ ਸਨ, ਉਹ ਅਰਲਾਖੋਟ ਬਾਰੇ ਨਹੀਂ ਜਾਣਦੇ ਸਨ। ਪੰਜਾਬ ਵਿਚ ਉਹਨਾਂ ਜ਼ਮਾਨਿਆਂ ਵਿਚ ਅਰਲਾਖੋਟ ਬਹੁਤ ਲਗਾਏ ਜਾਂਦੇ ਸਨ। ਇਸ ਦੇ ਲਗਾਉਣ ਦਾ ਮੁੱਖ ਉਦੇਸ਼ ਜੰਗਲੀ ਪਸ਼ੂਆਂ ਨੂੰ ਖੇਤ ਵਿਚ ਵੜਨ ਤੋਂ ਰੋਕਣਾ ਹੁੰਦਾ ਸੀ ਪਰ ਇਨਸਾਨ ਇਸ ਵਿਚੋਂ ਲੰਘ ਸਕਦੇ ਸਨ। ਇਹ ਲੱਕੜ ਦਾ ਬਣਿਆ ਹੁੰਦਾ ਹੈ ਅਤੇ ਇਸ ਦੀ ਸ਼ਕਲ ਗੁਲੇਲ ਵਰਗੀ ਹੁੰਦੀ ਹੈ। ਲੱਕੜ ਦਾ ਸੱਕ ਛੇ ਕੁ ਮਹੀਨਿਆਂ ਵਿਚ ਉਤਰ ਜਾਂਦਾ ਹੈ ਤੇ ਇਸ ਦਾ ਰੰਗ ਖਾਕੀ ਜਿਹਾ ਹੋ ਜਾਂਦਾ ਹੈ। ਪਾਕਿਸਤਾਨੀ ਫੌਜ ਦੀ ਵਰਦੀ ਦਾ ਰੰਗ ਵੀ ਖਾਕੀ ਸੀ। ਇਸ ਲਈ ਇਸ ਨੇ ਸੋਚਿਆ ਕਿ ਪਾਕਿਸਤਾਨੀ ਫੌਜੀ ਆਪਸ ਵਿਚ ਗੱਲਾਂ ਕਰ ਰਹੇ ਹਨ। ਖੈਰ ਅਸੀਂ ਜਲਦੀ ਹੀ ਅਰਲਾਖੋਟ ਪਾਰ ਕੀਤਾ ਤੇ ਭੂਰਾ ਕੂੰਆਂ ਪਿੰਡ ਦੇ ਬਾਹਰ ਪਹੁੰਚ ਗਏ।

ਭੂਰਾ ਕੂੰਆਂ ਪਿੰਡ ਦੇ ਬਾਹਰ ਇਕ ਪੈਟਨ ਟੈਂਕ ਖੜ੍ਹਾ ਸੀ, ਜਿਸ ਦਾ ਮੂੰਹ ਭਾਰਤ ਵੱਲ ਸੀ। ਪੈਟਨ ਟੈਂਕ ਪਾਕਿਸਤਾਨ ਨੂੰ ਅਮਰੀਕਾ ਨੇ ਦਿੱਤੇ ਸਨ ਤੇ ਇਹ ਸਾਡੇ ਟੈਂਕਾਂ ਨਾਲੋਂ ਵਧੇਰੇ ਤੱਕੜੇ ਤੇ ਹੁਣ ਦੀ ਤਕਨਾਲੋਜੀ ਉਹਨਾਂ ਵਿਚ ਉਪਲਬਧ ਸੀ, ਜਿਵੇਂ ਕਿ ਉਹ ਰਾਤ ਨੂੰ ਵੀ ਦੋ ਸੌ ਤੋਂ ਢਾਈ ਸੌ ਮੀਟਰ ਤੱਕ ਦੇਖ ਸਕਦੇ ਸਨ। ਅਸੀਂ ਸੋਚਿਆ ਟੈਂਕਾਂ ਵਿਚ ਕੁਝ ਬੰਦੇ ਹੋਣਗੇ। ਅਸੀਂ ਸਾਰਿਆਂ ਨੇ ਟੈਂਕ ਨੂੰ ਚਾਰੇ ਪਾਸਿਓਂ ਘੇਰ ਲਿਆ ਤੇ ਮੈਂ ਹਿੰਮਤ ਨਾਲ ਟੈਂਕ ਉਪਰ ਚੜ੍ਹ ਗਿਆ। ਟੈਂਕ ਉਤੇ ਲੋਹੇ ਦਾ ਢੱਕਣ ਹੁੰਦਾ ਹੈ ਜੋ ਕਾਫ਼ੀ ਭਾਰੀ ਹੁੰਦਾ ਹੈ। ਮੈਂ ਟੈਂਕ ਦਾ ਢੱਕਣ ਚੁੱਕਿਆ ਅਤੇ ਇਕ ਗਰਨੇਡ ਉਸ ਵਿਚ ਸੁੱਟ ਦਿੱਤਾ। ਗਰਨੇਡ ਸੁੱਟਣ ਤੋਂ ਬਾਅਦ ਸਾਨੂੰ ਪਤਾ ਚੱਲਿਆ ਕਿ ਟੈਂਕਾਂ ਵਿਚ ਤਾਂ ਕੋਈ ਬੰਦਾ ਹੀ ਨਹੀਂ ਸੀ।

ਸ਼ਾਮ ਨੂੰ ਸਾਢੇ ਕੁ ਚਾਰ ਵਜੇ ਅਸੀਂ ਭੂਰਾ ਕੂਆਂ ਪਿੰਡ ਦਾ ਚੱਕਰ ਲਾਇਆ। ਸਾਨੂੰ ਪਿੰਡ ਵਿਚ ਕੋਈ ਵੀ ਬੰਦਾ ਨਹੀਂ ਦਿਖਿਆ। ਕੁਝ ਜਾਨਵਰ ਖੁੱਲ੍ਹ ਕੇ ਅਵਾਰਾ ਜਿਹੇ ਹੋ ਗਏ ਸਨ। ਪਿੰਡ ਭੂਰਾ ਕੂੰਆਂ, ਚੀਮਾ ਖੇਮਕਰਨ ਸੜਕ ਦੇ ਉਤੇ ਸਥਿਤ ਸੀ। ਪਿੰਡ, ਸੜਕ ਤੋਂ ਸੱਤ ਅੱਠ ਸੌ ਗਜ ਹਟਕੇ ਸੀ। ਪਿੰਡ ਦੇ ਬੱਸ ਅੱਡੇ ਤੋਂ ਇਕ ਕੱਚਾ ਰਸਤਾ ਪਿੰਡ ਵੱਲ ਜਾਂਦਾ ਸੀ। ਅਸੀਂ ਬੱਸ ਅੱਡੇ ਅਤੇ ਪਿੰਡ ਵਿਚਾਲੇ ਪੁਜੀਸ਼ਨ ਲੈ ਲਈ। ਸਮਝੋ ਕਿ ਅਸੀਂ ਸੜਕ ਅਤੇ ਪਿੰਡ ਤੋਂ ਚਾਰ ਸੌ ਗਜ ਵਿਚਾਲੇ ਇਕ ਕਪਾਹ ਦੇ ਖੇਤ ਵਿਚ ਬੈਠ ਗਏ। ਇਸ ਰਸਤੇ ਦੇ ਬਿਲਕੁਲ ਨਜ਼ਦੀਕ ਸਾਡੀ ਪੁਜੀਸ਼ਨ ਸੀ। ਸਿਪਾਹੀਆਂ ਨੇ ਮੋਰਚੇ ਪੱਟਣੇ ਸ਼ੁਰੂ ਕਰ ਦਿੱਤੇ। ਮੈਂ ਬਟਾਲੀਅਨ ਕਮਾਂਡਰ ਨੂੰ ਵਾਇਰਲੈੱਸ ਸੈੱਟ ਉਤੇ ਤਿੰਨ ਵਾਰ ਬੜੋਦਾ ਬੜੋਦਾ ਬੜੋਦਾ ਕਿਹਾ। ਉਹਨਾਂ ਨੇ ਇਸ ਉਪਲਬਧੀ ਤੇ ਮੈਨੂੰ ਵਧਾਈ ਦਿੱਤੀ ਅਤੇ ਨਾਲ ਬ੍ਰਿਗੇਡੀਅਰ ਸਿੱਧੂ ਨੂੰ ਦੱਸਿਆ। ਕਰਨਲ ਬਖਸ਼ੀ ਨੇ ਮੈਨੂੰ ਦੱਸਿਆ ਕਿ ਉਹ ਮੇਜਰ ਕੁਲਵਿੰਦਰ ਦੇ ਨਾਲ ਪੂਰੀ ਡੈਲਟਾ ਕੰਪਨੀ ਮੇਰੇ ਪਾਸ ਭੇਜ ਰਹੇ ਹਨ। ਕਰਨਲ ਬਖਸ਼ੀ ਨੇ ਪੂਰੀ ਡੈਲਟਾ ਕੰਪਨੀ, ਕੰਪਨੀ ਕਮਾਂਡਰ ਸਮੇਤ ਭੇਜ ਦਿੱਤੀ। ਤਕਰੀਬਨ ਛੇ ਵਜੇ ਤੱਕ ਸ਼ਾਮ ਨੂੰ ਸਾਰੀ ਕੰਪਨੀ ਪੁਜੀਸ਼ਨਾਂ ਵਿਚ ਆ ਗਈ ਸੀ ਅਤੇ ਮੋਰਚੇ ਪੱਟ ਰਹੀ ਸੀ। ਮੋਰਚੇ ਦਾ ਮੂੰਹ ਪਿੰਡ ਵੱਲ ਸੀ ਕਿਉਂਕਿ ਸਾਨੂੰ ਭੂਰਾ ਕੂਆਂ ਪਿੰਡ ਤੋਂ ਹੀ ਦੁਸ਼ਮਣ ਦੇ ਆਉਣ ਦੀ ਆਸ ਸੀ।

15 ਅਤੇ 16 ਤਾਰੀਕ ਨੂੰ ਮੈਨੂੰ ਚਾਰ ਬੰਦੇ ਦੇ ਕੇ ਰੈਕੀ ਕਰਨ ਲਈ ਭੇਜਿਆ ਗਿਆ। ਸਾਡੇ ਤੋਂ ਤਕਰੀਬਨ 1000-1500 ਗਜ ਅੱਗੇ ਉਸੇ ਸੜਕ ਦੇ ਬਰਾਬਰ ਪਾਕਿਸਤਾਨ ਫੌਜ ਦੀਆਂ ਕੁਝ ਕੰਪਨੀਆਂ ਬੈਠੀਆਂ ਸਨ, ਜਿਹਨਾਂ ਦੇ ਇਲਾਕੇ ਵਿਚ ਸਾਨੂੰ ਰੈਕੀ ਕਰਨ ਲਈ ਭੇਜਿਆ ਗਿਆ। ਪੰਦਰਾਂ ਤਾਰੀਕ ਨੂੰ ਤਾਂ ਮੈਂ ਦੁਸ਼ਮਣ ਦੇ ਬਿਲਕੁਲ ਨੇੜੇ ਪਹੁੰਚ ਗਿਆ। ਮੈਂ ਅਤੇ ਮੇਰੇ ਸਾਥੀਆਂ ਨੇ ਦੁਸ਼ਮਣ ਦੀ ਪੁਜੀਸ਼ਨ ਤੇ ਗੋਲੀਆਂ ਚਲਾਈਆਂ ਤਾਂ ਕਿ ਦੁਸ਼ਮਣ ਸਹਿਮ ਜਾਵੇ ਅਤੇ ਸਾਡੇ ਤੇ ਗੋਲੀ ਚਲਾਵੇ। ਉਸ ਵੇਲੇ ਮੈਨੂੰ ਕੁਝ ਪਾਕਿਸਤਾਨੀ ਜਵਾਨ ਪਾਣੀ ਦੀਆਂ ਬੋਤਲਾਂ ਲੈ ਕੇ ਭੱਜਦੇ ਨਜ਼ਰ ਆ ਰਹੇ ਸਨ। ਮੈਂ ਆਰਾਮ ਨਾਲ ਨਕਸ਼ਾ ਕੱਢ ਕੇ ਦੇਖਿਆ ਅਤੇ ਉਸ ਤੇ ਮਾਰਕਿੰਗ ਕੀਤੀ ਅਤੇ ਆ ਕੇ ਕੰਪਨੀ ਕਮਾਂਡਰ ਨੂੰ ਰਿਪੋਰਟ ਦੇ ਦਿੱਤੀ।

16 ਤਰੀਕ ਦੀ ਰਾਤ ਸਾਨੂੰ ਫਿਰ ਰੈਕੀ ਕਰਨ ਲਈ ਭੇਜਿਆ ਗਿਆ। ਸਕਾਊਟ ਨੇ ਸਾਨੂੰ ਕੁਝ ਦੇਰ ਬਾਅਦ ਹੀ ਰੋਕ ਦਿੱਤਾ। ਉਹ ਹਿੰਦੀ ਵਿਚ ਕਹਿਣ ਲੱਗਾ,"ਸਾਹਿਬ ਦੁਸ਼ਮਣ ਕੀ ਹਰਕਤ ਦਿਖਾਈ ਦੇਤੀ ਹੈ।" ਅਸੀਂ ਤਕਰੀਬਨ ਡੇਢ ਘੰਟਾ ਪੁਜ਼ੀਸ਼ਨਾਂ ਲੈ ਕੇ ਉਥੇ ਹੀ ਲੇਟੇ ਰਹੇ। ਇੰਨੇ ਵਿਚ ਇਕ ਮੱਝ ਪਾਣੀ ਵਿਚੋਂ ਬਾਹਰ ਨਿਕਲੀ ਅਤੇ ਭੱਜਦੀ ਹੋਈ ਅੱਗੇ ਚੱਲੀ ਗਈ।

17 ਸਤੰਬਰ 1965 ਦਾ ਦਿਨ ਮੇਰੇ ਸਿਦਕ ਦਾ, ਸਿੱਖੀ ਦਾ, ਸਿੱਖਿਆ ਦਾ ਅਤੇ ਫੌਜ ਲਈ ਇਮਤਿਹਾਨ ਦਾ ਦਿਨ ਸੀ। ਤਕਰੀਬਨ ਸਵੇਰੇ ਹੀ ਬਰੇਕਫਾਸਟ ਕਰ ਕੇ ਅਸੀਂ ਭੂਰਾ ਕੂਆਂ ਤੋਂ ਕਰੀਮਪੁਰ ਵੱਲ ਰੈਕੀ ਤੇ ਨਿਕਲੇ। ਕਰੀਮਪੁਰ ਪਿੰਡ ਪੂਰੀ ਤਰ੍ਹਾਂ ਪਾਕਿਸਤਾਨ ਦੇ ਕੰਟਰੋਲ ਵਿਚ ਸੀ। ਭੂਰਾ ਕੂਆਂ ਕਰੀਮਪੁਰ ਜਾਣ ਲਈ ਭੂਰਾ ਕੂਆਂ ਪਿੰਡ ਵਿਚੋਂ ਲੰਘਣਾ ਪੈਂਦਾ ਸੀ। ਅਸੀਂ ਭੂਰਾ ਕੂਆਂ ਲੰਘ ਕੇ ਤਕਰੀਬਨ ਚਾਰ ਸੌ ਗਜ ਹੀ ਅੱਗੇ ਗਏ ਸੀ ਕਿ ਤੋਪਖਾਨੇ ਦੀ ਬੰਬਾਬਰਡਮੈਂਟ ਸ਼ੁਰੂ ਹੋ ਗਈ। ਸ਼ਾਇਦ ਇਹ ਬੰਬਾਰਡਮੈਂਟ ਭਾਰਤ ਫੌਜ ਵੱਲੋਂ ਸੀ। ਪਿੰਡ ਦੇ ਬਾਹਰਵਾਰ ਇਕ ਦੋ ਕੱਚੇ ਘਰ ਸਨ। ਉਸ 'ਤੇ ਵੀ ਇਕ ਬੰਬ ਡਿਗਿਆ। ਉਸ ਘਰ ਵਿਚੋਂ ਚਾਰ ਪਾਕਿਸਤਾਨੀ ਨਿਕਲੇ ਅਤੇ ਉਹ ਪਿੰਡ ਦੇ ਉਸ ਪਾਸੇ ਵੱਲ ਮੁੜ ਗਏ ਜਿਸ ਪਾਸਿਓਂ ਅਸੀਂ ਆਏ ਸੀ। ਤਕਰੀਬਨ 11 ਕੁ ਵਜੇ ਦਾ ਸਮਾਂ ਸੀ। ਮੇਰੇ ਕਹਿਣ ਤੇ ਵੀ ਕਿ ਪੁਜ਼ੀਸ਼ਨਾਂ ਲਓ ਸਾਡੇ ਸਿਪਾਹੀ ਡਰ ਗਏ ਅਤੇ ਪਿੰਡ ਦੇ ਦੂਜੇ ਪਾਸੇ ਵੱਲ ਨੂੰ ਜਾਣ ਲੱਗੇ। ਮੈਂ ਸੋਚਿਆ ਕਿ ਮੈਂ ਇਕੱਲਾ ਕੀ ਕਰਾਂਗਾ। ਮੈਂ ਵੀ ਉਹਨਾਂ ਦੇ ਪਿਛੇ ਤੁਰ ਗਿਆ। ਉਸ ਸਮੇਂ ਮੈਨੂੰ ਜਾਰਜ ਬਰਨਾਡ ਸ਼ਾਅ ਯਾਦ ਆਇਆ, ਜਿਸ ਨੇ ਕਿਹਾ ਸੀ," Every brave soldier is coward at heart" (ਹਰ ਬਹਾਦਰ ਸਿਪਾਹੀ ਦਿਲੋਂ ਡਰਪੋਕ ਹੁੰਦਾ ਹੈ)। ਪਿੰਡ ਦੇ ਦੂਜੇ ਪਾਸੇ ਥੋੜ੍ਹੀ ਹੋਰ ਪਿੱਛੇ ਚਲੇ ਗਏ ਅਤੇ ਤਕਰੀਬਨ ਚੀਮਾ, ਭੂਰਾ ਕੂਆਂ ਅਤੇ ਖੇਮਕਰਨ ਵਾਲੀ ਸੜਕ ਦੇ ਨੇੜੇ ਪਹੁੰਚ ਗਏ। ਅਸੀਂ ਆਪਣੀ ਕੰਪਨੀ ਪੁਜ਼ੀਸ਼ਨ ਤੋਂ ਤਕਰੀਬਨ ਢਾਈ ਸੌ ਗਜ ਦੂਰ ਸੀ। ਇੰਨੇ ਵਿਚ ਅਸੀਂ ਕੀ ਦੇਖਿਆ ਕਿ ਸਾਡੀ ਕੰਪਨੀ ਪੁਜ਼ੀਸ਼ਨ ਉਤੇ ਹਮਲਾ ਹੋਇਆ ਹੈ ਅਤੇ ਫੌਜੀ ਗੋਲੀਆਂ ਚਲਾ ਰਹੇ ਹਨ। ਅਸੀਂ ਉਹਨਾਂ ਪਾਕਿਸਤਾਨੀਆਂ ਦੀਆਂ ਪਿੱਠਾਂ ਦੇਖੀਆਂ।

ਇਕ ਭੜਿਓਂ (ਮਿੱਟੀ ਦੀ ਵੱਟ) ਬਹੁਤ ਉਚੀ ਸੀ। ਅਸੀਂ ਚਾਰੇ ਜਣਿਆਂ ਨੇ ਗੰਨੇ ਦੇ ਖੇਤ ਵਿਚ ਪੁਜੀਸ਼ਨ ਲੈ ਲਈ। ਚਾਰੇ ਪਾਸੇ ਗੋਲੀਆਂ ਚੱਲ ਰਹੀਆਂ ਸਨ। ਸਾਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਸਾਡੇ ਉਤੇ ਵੀ ਕਾਫ਼ੀ ਗੋਲੀਆਂ ਚਲ ਰਹੀਆਂ ਹਨ। ਕਰਦਿਆਂ-ਕਰਦਿਆਂ ਤਕਰੀਬਨ ਤਿੰਨ ਵਜ ਗਏ। ਮੇਰੇ ਮੱਥੇ ਵਿਚ ਚਾਨਣਾ ਜਿਹਾ ਹੋਇਆ। ਮੈਂ ਆਪਣੇ ਆਪ ਨੂੰ ਬਹੁਤ ਤਾਕਤਵਰ ਮਹਿਸੂਸ ਕਰਨ ਲੱਗਾ। ਇੰਝ ਲੱਗਣ ਲੱਗਾ ਕਿ ਟੈਂਕ ਨੂੰ ਤਾਂ ਮੈਂ ਹੱਥ ਨਾਲ ਹੀ ਤੋੜ ਸਕਦਾ ਹਾਂ। ਸਿਪਾਹੀ ਕਹਿਣ ਲੱਗੇ,“ ਸਾਹਿਬ ਕੀ ਹੁਕਮ ਹੈ?” ਮੈਂ ਕਿਹਾ ਚਲੋ ਆਪਣੀ ਕੰਪਨੀ ਪੁਜੀਸ਼ਨ ਵਿਚ ਚਲਦੇ ਹਾਂ। ਕੰਪਨੀ ਪੁਜੀਸ਼ਨ ਤੱਕ ਪਹੁੰਚਣ ਲਈ ਤਰੀਕਾ ਹੁੰਦਾ ਹੈ, ਫਾਇਰ ਐਂਡ ਮੂਵ। ਇਸ ਅਨੁਸਾਰ ਇਕ ਬੰਦਾ ਤੇਜ਼ੀ ਨਾਲ ਅੱਗੇ ਜਾਂਦਾ ਹੈ ਅਤੇ ਆਪਣੇ ਬੰਦੇ ਵੱਲ ਦੇਖਦਾ ਹੈ ਅਤੇ ਗੋਲੀ ਚਲਾਉਣ ਨੂੰ ਤਿਆਰ ਰਹਿੰਦਾ ਹੈ। ਉਸ ਦੀ ਰੱਖਿਆ ਵਿਚ ਦੂਜਾ ਫੌਜੀ ਜਵਾਨ ਉਸ ਤੋਂ ਵੀ ਅੱਗੇ ਚਲਾ ਜਾਂਦਾ ਹੈ। ਪਹਿਲਾਂ ਇਕ ਬੰਦਾ ਅੱਗੇ ਵੱਧਦਾ ਹੈ ਅਤੇ ਪੁਜ਼ੀਸ਼ਨ ਲੈਂਦਾ ਹੈ। ਫਿਰ ਦੂਜਾ ਬੰਦਾ ਪਹਿਲੇ ਬੰਦੇ ਨੂੰ ਪਾਰ ਕਰਕੇ ਅੱਗੇ ਜਾ ਕੇ ਪੁਜ਼ੀਸ਼ਨ ਲੈਂਦਾ ਹੈ। ਇਸ ਤਰ੍ਹਾਂ ਅਸੀਂ ਆਪਣੀ ਕੰਪਨੀ ਪੁਜ਼ੀਸ਼ਨ ਵਿਚ ਪਹੁੰਚ ਗਏ। ਕਰਨਲ ਬਖਸ਼ੀ, ਬਟਾਲੀਅਨ ਕਮਾਂਡਰ ਉਥੇ ਆਏ ਹੋਏ ਸਨ। ਕਹਿਣ ਲੱਗੇ,“ਤੁਸੀਂ ਕਿੱਥੇ ਸੀ, ਸਾਡੇ ‘ਤੇ ਤਾਂ ਹਮਲਾ ਹੋ ਗਿਆ ਸੀ।” ਮੈਂ ਦੱਸਿਆ,“ਅਸੀਂ ਦੁਸ਼ਮਣ ਦੇ ਪਿਛਲੇ ਪਾਸੇ ਚਲੇ ਗਏ ਸੀ ਤੇ ਹੁਣੇ ਆਏ ਹਾਂ।”

**ਦੂਜਾ ਹਮਲਾ: –** ਮੈਂ ਅਜੇ ਪਹੁੰਚਿਆ ਹੀ ਸੀ ਕਿ ਕੰਪਨੀ ਉੱਤੇ ਪਾਕਿਸਤਾਨ ਵੱਲੋਂ ਦੂਜਾ ਹਮਲਾ ਹੋਇਆ। ਕਰਨਲ ਬਖਸ਼ੀ ਪਿੱਛੇ ਬੰਕਰ ਵਿਚ ਬੈਠੇ ਹੋਏ ਸਨ ਤੇ ਇਹ ਬੰਕਰ ਖੁੱਲ੍ਹਾ ਸੀ। ਅਸੀਂ ਪੁਜ਼ੀਸ਼ਨਾਂ ਸੰਭਾਲੀਆਂ। ਮੇਜਰ ਕੁਲਵਿੰਦਰ ਸਿੰਘ ਮੇਰੇ ਤੋਂ ਵੀਹ ਕੁ ਫੁੱਟ ਦੂਰ ਬੈਠੇ ਸੀ। ਇੰਨੇ ਵਿਚ ਗੋਲੀਬਾਰੀ ਬੰਦ ਹੋ ਗਈ। ਮੇਜਰ ਕੁਲਵਿੰਦਰ ਸਿੰਘ ਬਹੁਤ ਸਾਫ ਕੱਪੜੇ ਪਾਉਂਦੇ ਸੀ। ਮੈਂ ਉਹਨਾਂ ਦੀ ਸੱਜੀ ਬਾਂਹ ਉਤੇ ਕੁਝ ਕੁੜਤਾ ਜਲਿਆ ਹੋਇਆ ਦੇਖਿਆ। ਮੈਂ ਉਹਨਾਂ ਨੂੰ ਕਹਿ ਹੀ ਰਿਹਾ ਸੀ “ ਸਰ ਇਹ ਲਾਲ ਨਿਸ਼ਾਨ ਕੀ ਹੈ?” ਇੰਨੇ ਵਿਚ ਉਹਨਾਂ ਨੇ ਕਿਹਾ ਕਿ,“ ਮੇਰੀ ਬਾਂਹ ਚਲੀ ਗਈ”। ਜਲਦੀ ਹੀ ਉਹਨਾਂ ਨੂੰ ਪਿੱਛੇ ਭੇਜਿਆ ਗਿਆ ਤਾਂ ਕਿ ਉਹਨਾਂ ਦਾ ਡਾਕਟਰੀ ਇਲਾਜ ਹੋ ਸਕੇ। ਕਰਨਲ ਬਖਸ਼ੀ ਨੇ ਮੈਨੂੰ ਪੁੱਛਿਆ ਕਿ, ਕੀ ਮੈਂ ਕੰਪਨੀ ਕਮਾਂਡ ਕਰ ਸਕਦਾ ਹਾਂ। ਮੈਂ ਕਿਹਾ,“ ਕਿਉਂ ਨਹੀਂ ਸਰ।” ਉਸ ਵੇਲੇ ਮੈਂ ਇਸ ਤਰ੍ਹਾਂ ਹੀ ਬੋਲਦਾ ਸੀ। ਜੇ ਹੁਣ ਵੇਲੇ ਬੋਲਣਾ ਹੁੰਦਾ ਤਾਂ ਮੈਂ ਕਹਿਣਾ ਸੀ, ਜੀ ਸਰ ਮੈਂ ਕੋਸ਼ਿਸ਼ ਕਰਾਂਗਾ। ਕੁਝ ਸਮੇਂ ਵਿਚ ਹੀ ਮੈਨੂੰ ਸਾਡੇ ਜਵਾਨਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ,“ਸਾਹਿਬ ਅਸਲਾ ਖਤਮ ਹੈ।” ਪਾਕਿਸਤਾਨੀ ਅਜੇ ਫਾਇਰ ਕਰ ਹੀ ਰਹੇ ਸਨ ਕਿ ਮੈਂ ਮੋਰਚੇ ਵਿਚੋਂ ਨਿਕਲ ਕੇ ਕਰਨਲ ਬਖਸ਼ੀ ਕੋਲ ਗਿਆ। ਮੈਂ ਉਹਨਾਂ ਨੂੰ ਕਿਹਾ ਕਿ ਮੈਨੂੰ ਕੁਝ ਅਸਲਾ ਚਾਹੀਦਾ ਹੈ। ਉਹਨਾਂ ਨੇ ਮੈਨੂੰ ਅਸਲੇ ਦੇ ਦੋ ਡੱਬੇ ਦਿੱਤੇ। ਜਦੋਂ ਮੈਂ ਕਰਨਲ ਬਖਸ਼ੀ ਕੋਲ ਖੜ੍ਹਾ ਹੀ ਸੀ ਤਾਂ ਉਹ ਮੈਨੂੰ ਕਹਿਣ ਲੱਗੇ ਛੇਤੀ ਨਾਲ ਪੁਜੀਸ਼ਨ ਲੈ ਲਓ। ਮੈਂ ਹੱਸ ਕੇ ਕਿਹਾ,“ ਸਰ ਜਿਸ ਗੋਲੀ ਤੇ ਅਮਰਜੀਤ ਸਿੰਘ ਲਿਖਿਆ ਹੈ, ਉਹੀ ਮੇਰੇ

ਵਾਸਤੇ ਹੈ। ਜਿਹਨਾਂ ਗੋਲੀਆਂ ਤੇ ਮੇਰਾ ਨਾਮ ਨਹੀਂ ਲਿਖਿਆ ਮੇਰਾ ਉਹਨਾਂ ਨਾਲ ਕੀ ਵਾਸਤਾ ਹੈ।" ਮੈਂ ਅਜੇ ਇਹ ਗੱਲ ਕਰਨਲ ਬਖਸ਼ੀ ਨਾਲ ਕਰ ਹੀ ਰਿਹਾ ਸੀ ਕਿ ਸਾਡੀ ਕੰਪਨੀ ਦਾ ਇਕ ਜਵਾਨ ਅੱਗੇ ਵਾਲੀ ਪੁਜੀਸ਼ਨ ਛੱਡ ਕੇ ਪਿੱਛੇ ਨੂੰ ਭੱਜ ਕੇ ਜਾਣ ਲੱਗਾ। ਉਹ ਕਰਨਲ ਬਖਸ਼ੀ ਦੇ ਬੰਕਰ ਦੇ ਨੇੜੇ ਸੀ। ਮੇਰੇ ਕੋਲ ਸਟੇਨਗਨ ਸੀ। ਮੈਂ ਉਸ ਸਿਪਾਹੀ ਦੇ ਗੋਲੀ ਮਾਰੀ। ਕਰਨਲ ਬਖਸ਼ੀ ਕਹਿਣ ਲੱਗੇ," ਇਹ ਕੀ ਕਰ ਰਿਹਾ ਹੈਂ ?" ਮੈਂ ਕਿਹਾ ਸਰ," ਜੇ ਇਕ ਵੀ ਫੌਜੀ ਭੱਜ ਗਿਆ ਤਾਂ ਇਥੇ ਕੋਈ ਵੀ ਨਹੀਂ ਰਹੇਗਾ। ਅਸੀਂ ਦੋ ਹੀ ਰਹਿ ਜਾਵਾਂਗੇ। ਜੇ ਦੋ ਜਿਉਂਦੇ ਰਹੇ ਤਾਂ ਵੀ ਬੇਵਕੂਫ ਕਹਾਵਾਂਗੇ ਅਤੇ ਜੇ ਮਾਰੇ ਗਏ ਤਾਂ ਵੀ ਬੇਵਕੂਫ ਕਹਾਵਾਂਗੇ।" ਉਹ ਮੇਰੀ ਗੱਲ ਨਾਲ ਸਹਿਮਤ ਲੱਗੇ। ਮੇਰੀ ਗੋਲੀ ਉਸ ਜਵਾਨ ਦੇ ਨਾ ਲੱਗੀ ਅਤੇ ਉਹ ਡਰ ਕੇ ਆਪਣੀ ਪੁਜ਼ੀਸ਼ਨ ਵਿਚ ਬੈਠ ਗਿਆ।

ਖ਼ੈਰ ਮੈਂ ਆਪਣੀ ਪੁਜੀਸ਼ਨ ਸੰਭਾਲ ਲਈ। ਮੈਂ ਬੰਡੋਲੀਅਰ ਆਪਣੇ ਜਵਾਨਾਂ ਵੱਲ ਸੁੱਟੇ। ਉਹਨਾਂ ਨੇ ਮੈਨੂੰ ਨਾਲ ਹੀ ਦੱਸ ਦਿੱਤਾ ਕਿ ਸਾਹਿਬ ਇਹ ਰਾਊਂਡ ਮੇਚ ਨਹੀਂ ਆ ਰਹੇ। ਇਸ ਦਾ ਕਾਰਨ ਇਹ ਸੀ ਕਿ ਅਸੀਂ ਜੋਧਪੁਰ ਤੋਂ ਆਏ ਸੀ ਅਤੇ ਅਸੀਂ ਪੁਰਾਣੇ ਅਸਲੇ .303 ਐਮ.ਐਮ ਤੇ ਹੀ ਸੀ ਜਦੋਂ ਕਿ ਨਵੀਂ ਡਵੀਜ਼ਨ ਕੋਲ 7.62 ਐਮ.ਐਮ ਅਸਲਾ ਸੀ। ਇਮਤਿਹਾਨ ਦੀ ਘੜੀ ਸ਼ੁਰੂ ਹੋ ਗਈ। ਮੇਰੇ ਕੋਲ ਬੈਠੇ ਸੂਬੇਦਾਰ ਸਾਹਿਬ ਕਹਿਣ ਲੱਗੇ," ਸਰ ਅਸਲਾ ਤਾਂ ਹੈ ਨਹੀਂ, ਹੁਣ ਆਪਾਂ ਚਲੀਏ।" ਮੈਂ ਕੁਝ ਨਾ ਬੋਲਿਆ। ਤਕਰੀਬਨ ਇਕ ਮਿੰਟ ਬਾਅਦ ਹੀ ਮੈਂ ਆਪਣੇ ਜਵਾਨਾਂ ਨੂੰ ਕਿਹਾ ਕਿ ਅਸੀਂ ਇਥੇ ਹੀ ਬੈਠ ਕੇ ਦੁਸ਼ਮਣ ਦਾ ਇੰਤਜ਼ਾਰ ਕਰਨਾ ਹੈ। ਜਦੋਂ ਦੁਸ਼ਮਣ ਵੀਹ ਫੁੱਟ ਤੇ ਆ ਜਾਵੇਗਾ ਤਾਂ ਅਸੀਂ ਰਾਈਫਲ ਦੇ ਬੈਨਟ ਲਗਾ ਕੇ ਦੁਸ਼ਮਣ ਨਾਲ ਲੜਾਂਗੇ। ਅਫ਼ਸਰਾਂ ਕੋਲ ਸਟੇਨਗਨ ਹੁੰਦੀ ਹੈ। ਜਦੋਂ ਗੋਲੀ ਚੱਲ ਰਹੀ ਸੀ ਇਕ ਤੋਪਖਾਨੇ ਦਾ ਸ਼ੈਲ ਮੇਰੇ ਮੋਰਚੇ ਉਤੇ ਗਿਰਿਆ। ਮੇਰਾ ਅਰਦਲੀ ਉਥੇ ਹੀ ਸ਼ਹੀਦ ਹੋ ਗਿਆ। ਮੇਰਾ ਖੱਬਾ ਕੰਨ ਬੋਲਾ ਜਿਹਾ ਹੋ ਗਿਆ। ਹਰ ਇਕ ਬੰਬ ਚੱਲਣ ਤੋਂ ਬਾਅਦ ਅਫ਼ਸਰ ਅਤੇ ਜਵਾਨ ਆਪਣੇ ਹੱਥਾਂ ਪੈਰਾਂ ਨੂੰ ਸਪਰਸ਼ ਕਰਕੇ ਦੇਖਦੇ ਹਨ ਕਿ ਸਰੀਰ ਦੇ ਅੰਗ ਠੀਕ ਤਾਂ ਹਨ। ਮੈਂ ਸਟੇਨਗਨ ਸੁੱਟ ਕੇ ਆਪਣੇ ਸ਼ਹੀਦ ਹੋਏ ਅਰਦਲੀ ਦੀ ਰਾਈਫਲ ਚੁੱਕ ਲਈ ਤੇ ਬੈਨਟ ਲਾ ਲਈ। ਉਸ ਦੌਰਾਨ ਮੈਨੂੰ ਕੁਝ ਵਿਚਾਰ ਆਏ ਜੋ ਇਸ ਪ੍ਰਕਾਰ ਹਨ।

ਮੈਂ ਸੋਚਿਆ ਕਿ ਜੇ ਮੈਂ ਮੋਰਚਾ ਛੱਡ ਕੇ ਚਲਾ ਜਾਂਦਾ ਹਾਂ ਤਾਂ ਕੀ ਹੋਵੇਗਾ। ਸਭ ਤੋਂ ਪਹਿਲਾਂ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਆਈ ਜਿਹਨਾਂ ਨੇ ਕਿਹਾ ਸੀ

॥ ਸਵਾ ਲਾਖ ਸੇ ਏਕ ਲੜਾਊਂ ॥
॥ ਤਬੀ ਗੋਬਿੰਦ ਸਿੰਘ ਨਾਮ ਕਹਾਊਂ ॥

(ਭਾਈ ਨੰਦ ਲਾਲ ਜੀ ਵਾਰ)

ਮੈਂ ਸੋਚਿਆ ਕਿ ਗੁਰੂ ਸਾਹਿਬ ਮੇਰੇ ਬਾਰੇ ਕੀ ਸੋਚਣਗੇ ਕਿ ਇਹ ਤਾਂ ਆਪਣੀ ਜਾਨ ਬਚਾਉਣ ਲਈ ਹੀ ਭੱਜਦਾ ਫਿਰਦਾ ਹੈ। ਇਸ ਨੇ ਸਵਾ ਲੱਖ ਨਾਲ ਕੀ ਲੜਨਾ ਹੈ।

ਫਿਰ ਮੈਂ ਸੋਚਿਆ ਕਿ ਮੇਰਾ ਤਾਂ ਅਜੇ ਮੰਗਣਾ ਵੀ ਨਹੀਂ ਹੋਇਆ ਅਤੇ ਨਾ ਹੀ ਵਿਆਹ ਹੋਇਆ ਹੈ। ਮਨ ਵਿਚੋਂ ਜਵਾਬ ਆਇਆ, ਬੇਸ਼ਰਮ ਬੰਦੇ, ਗੁਰੂ ਸਾਹਿਬ ਦੇ ਬੱਚਿਆਂ ਨੇ ਤਾਂ ਅਜੇ ਖੇਡ ਕੇ ਵੀ ਨਹੀਂ ਸੀ ਦੇਖਿਆ ਪਰ ਉਹ ਤੇਰੇ ਜਿਹੇ ਕਮੀਨੇ ਨਹੀਂ ਸਨ ਕਿ ਗਿਣਤੀ ਮਿਣਤੀ ਵਿਚ ਪੈਂਦੇ।

ਫਿਰ ਮੈਨੂੰ ਆਪਣੀ ਮਾਂ ਦੀ ਯਾਦ ਆਈ। ਜਿਸ ਨੇ ਦੁਗਾਲ ਪਿੰਡ ਦੇ ਬੱਸ ਅੱਡੇ ਤੇ ਬੱਸ ਚੜ੍ਹਨ ਤੋਂ ਪਹਿਲਾਂ ਮੈਨੂੰ ਅਸ਼ੀਰਵਾਦ ਦਿੱਤਾ ਸੀ ਅਤੇ ਕਿਹਾ ਸੀ, "ਕਾਕਾ ਦੁੱਖ ਸੁੱਖ ਬੰਦਿਆਂ 'ਤੇ ਹੀ ਆਉਂਦੇ ਹਨ , ਅੱਛੀ ਤਰ੍ਹਾਂ ਕੰਮ ਕਰਨਾ ਹੈ।" ਜਵਾਬ ਵਿਚ ਮੈਂ ਕਿਹਾ ਸੀ ਕਿ," ਮਾਤਾ ਜੀ ਮੈਂ ਤੁਹਾਡੇ ਦੁੱਧ ਦੀ ਲਾਜ ਰੱਖਾਂਗਾ।" ਫਿਰ ਮੈਂ ਸੋਚਿਆ ਕਿ ਮਨਾ, ਤੂੰ ਇੰਨੀਆਂ ਵੱਡੀਆਂ-ਵੱਡੀਆਂ ਗੱਲਾਂ ਕਰ ਕੇ ਹੁਣ ਕਿਉਂ ਲਿੱਪ ਲਿੱਪ ਕਰ ਰਿਹਾ ਹੈਂ।

ਫਿਰ ਮੈਨੂੰ ਆਪਣੇ ਪਿਤਾ ਜੀ ਦਾ ਚੇਤਾ ਆਇਆ, ਉਹ ਸਾਡੇ ਜੱਦੀ ਪਿੰਡ ਦੁਗਾਲ ਰਹਿੰਦੇ ਸਨ। ਸਾਡੇ ਖੇਤ ਪਿੰਡ ਤੋਂ ਤਿੰਨ ਕੁ ਕਿਲੋਮੀਟਰ ਦੂਰ ਹਨ। ਖੇਤਾਂ ਤੋਂ ਵਾਪਸ ਪਿੰਡ ਮੁੜਦਿਆਂ, ਪਿਤਾ ਜੀ ਗੁਰਦੁਆਰਾ ਸਾਹਿਬ ਦੇ ਸਾਹਮਣੇ ਰੁੱਕਦੇ ਸਨ। ਉਥੇ ਇਕ ਪੰਜ ਸੌ ਮੁਰੱਬੇ ਫੁੱਟ ਦਾ ਚੌਂਤਰਾ ਬਣਿਆ ਹੋਇਆ ਸੀ। ਜਿਸ ਤੇ ਕੁਝ ਪਿੰਡ ਦੇ ਲੋਕ ਤਾਸ਼ ਖੇਡਦੇ ਜਾਂ ਗੱਲਾਂ ਕਰਦੇ ਰਹਿੰਦੇ। ਪਿਤਾ ਜੀ ਉਥੇ ਜ਼ਰੂਰ ਰੁੱਕਦੇ। ਮੈਨੂੰ ਇੰਝ ਪ੍ਰਤੀਤ ਹੋ ਰਿਹਾ ਸੀ ਕਿ ਪਿਤਾ ਜੀ ਉਥੇ ਗਏ ਅਤੇ ਲੋਕ ਉਹਨਾਂ ਨੂੰ ਕਹਿ ਰਹੇ ਹਨ ਕਿ," ਤੁਸੀਂ ਤਾਂ ਤਕੜੇ ਸੀ, ਕਾਕਾ ਅਮਰਜੀਤ ਕੁਝ ਕਮਜ਼ੋਰੀ ਦਿਖਾ ਗਿਆ ਹੈ।" ਮੇਰੇ ਪਿਤਾ ਜੀ ਦਾ ਸਿਰ ਸ਼ਰਮ ਨਾਲ ਝੁਕ ਜਾਵੇਗਾ। ਮੇਰੇ ਅੰਦਰੋਂ ਅਣਖ ਦੀ ਆਵਾਜ਼ ਆਈ, ਜਿਸ ਮਾਤਾ ਪਿਤਾ ਨੇ ਤੈਨੂੰ ਜਨਮ ਦਿੱਤਾ, ਤੂੰ ਉਹਨਾਂ ਮਾਪਿਆਂ ਦਾ ਸਿਰ ਉਚਾ ਚੁਕਣਾ ਹੈ ਜਾਂ ਉਹਨਾਂ ਨੂੰ ਸਦਾ ਲਈ ਸ਼ਰਮ ਵਿਚ ਡੋਬਣਾ ਹੈ। ਇੰਨੇ ਵਿਚ ਹੀ ਮਨ ਤਕੜਾ ਹੋ ਗਿਆ ਤੇ ਸੋਚ ਲਿਆ ਕਿ ਇਹੀ ਮੇਰੀ ਜਗ੍ਹਾ ਹੈ ਜਿਥੇ ਮੈਂ ਇਜ਼ਤ ਨਾਲ ਅੱਜ ਸ਼ਹੀਦ ਹੋਣਾ ਹੈ। ਇਹੀ ਖਿਆਲ ਆਇਆ :-

॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

(ਰਾਗ ਮਾਰੂ ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ:1105)

ਉਸ ਸਮੇਂ ਮੈਨੂੰ ਜ਼ਿਆਦਾ ਪਾਠ ਕੰਠ ਨਹੀਂ ਸੀ, ਜਪੁ ਜੀ ਸਾਹਿਬ ਦੀਆਂ ਸਿਰਫ਼ 15 ਪਉੜੀਆਂ ਯਾਦ ਸਨ। ਮੈਂ ਪਾਠ ਸ਼ੁਰੂ ਕਰ ਦਿੱਤਾ ਅਤੇ 15 ਪਉੜੀਆਂ ਤੋਂ ਬਾਅਦ ਫਿਰ ਪਾਠ ਆਰੰਭ ਕਰ ਦਿੰਦਾ। ਇੰਨੇ ਵਿਚ ਦੱਸਵੇਂ ਪਾਤਸ਼ਾਹ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ," ਪਾਤਸ਼ਾਹ ਮੈਂ ਦੋ ਚਾਰ ਮਿੰਟਾਂ ਵਿਚ ਤੁਹਾਡੇ ਕੋਲ ਆਉਣ ਵਾਲਾ ਹਾਂ। ਇਕ ਕਿਰਪਾ ਕਰਨਾ ਕਿ ਮੇਰੀ ਮੌਤ ਬੈਨਟ ਨਾਲ ਨਾ ਹੋਵੇ ਬਲਕਿ ਗੋਲੀ ਨਾਲ ਹੀ ਸਿਰ ਸ਼ਾਂਤ ਹੋ ਜਾਵੇ ਅਤੇ ਪੱਗ ਵੀ ਮੇਰੇ ਸਿਰੋਂ ਨਾ ਲੱਥੇ।" ਇਹ ਸਾਰਾ ਕੁਝ ਕਹਿਣ ਨੂੰ ਤਾਂ ਸਮਾਂ ਲੱਗ ਰਿਹਾ ਹੈ ਪਰ ਉਸ ਸਮੇਂ ਇਹ ਵਿਚਾਰ ਬਿਜਲੀ ਦੀ ਰਫਤਾਰ ਵਾਂਗ ਸਿਰਫ਼ ਇਕ ਮਿੰਟ ਵਿਚ ਹੀ ਮੇਰੇ ਦਿਮਾਗ ਵਿਚ ਆਏ।

ਇਸ ਤਰ੍ਹਾਂ ਦੁਸ਼ਮਣ ਦੀ ਉਡੀਕ ਕਰਦਿਆਂ ਤਕਰੀਬਨ ਡੇਢ ਘੰਟਾ ਲੰਘ

ਗਿਆ। ਮੈਂ ਸਮਝ ਚੁੱਕਿਆ ਸੀ ਕਿ ਸਾਰੀ ਉਮਰ ਬੇਇੱਜ਼ਤੀ ਦੀ ਜ਼ਿੰਦਗੀ ਜਿਊਣ ਨਾਲੋਂ ਅੱਜ ਇੱਜ਼ਤ ਨਾਲ ਮਰਨਾ ਚੰਗਾ ਹੈ। ਜਦੋਂ ਇਨਸਾਨ ਮੌਤ ਲਈ ਤਿਆਰ ਹੋ ਜਾਂਦਾ ਹੈ ਤਾਂ ਉਸ ਦੀ ਸ਼ਕਤੀ ਆਮ ਇਨਸਾਨ ਨਾਲੋਂ ਦੱਸ ਗੁਣਾਂ ਜ਼ਿਆਦਾ ਵੱਧ ਜਾਂਦੀ ਹੈ। ਹੁਣ ਹਾਲਾਤ ਇਹ ਸਨ ਕਿ ਦੁਸ਼ਮਣ ਅੱਗੇ ਨਾ ਵਧੇ ਅਤੇ ਨਾ ਹੀ ਗੋਲੀ ਚਲਾਵੇ। ਅਸੀਂ ਗੋਲੀ ਤਾਂ ਚਲਾ ਸਕਦੇ ਸੀ ਜੇਕਰ ਸਾਡੇ ਕੋਲ ਅਸਲਾ ਹੁੰਦਾ। ਸਾਢੇ ਪੰਜ ਵਜੇ ਦੇ ਕਰੀਬ ਭਾਰਤੀ ਫੌਜ ਦੇ ਦੋ ਟੈਂਕ ਸਾਡੀ ਮੱਦਦ ਲਈ ਆਏ। ਇਹ ਉਹ ਮੱਦਦ ਸੀ ਜੋ ਕਰਨਲ ਬਖਸ਼ੀ ਨੇ ਸਾਢੇ ਤਿੰਨ ਵਜੇ ਪਹਿਲੇ ਹਮਲੇ ਲਈ ਮੰਗਵਾਈ ਸੀ। ਖੈਰ ਟੈਂਕ ਅਫ਼ਸਰਾਂ ਨੇ ਸਾਡੇ ਤੋਂ ਪੁੱਛਿਆ ਕਿ ਦੁਸ਼ਮਣ ਕਿਥੇ ਹੈ? ਅਸੀਂ ਇਸ਼ਾਰੇ ਨਾਲ ਦੁਸ਼ਮਣ ਬਾਰੇ ਦੱਸਿਆ। ਟੈਂਕਾਂ ਨੇ ਪਾਕਿਸਤਾਨੀ ਫੌਜ ਉਤੇ ਹਮਲਾ ਕਰ ਦਿੱਤਾ। ਸਾਰੇ ਪਾਕਿਸਤਾਨੀ ਫੌਜੀ ਅਲਾਹ-ਹੂ-ਅਕਬਰ ਕਰਦੇ ਹੋਏ ਭੱਜ ਗਏ। ਕਰਨਲ ਬਖਸ਼ੀ ਆਪਣੇ ਬੰਕਰ ਵਿਚੋਂ ਨਿਕਲੇ ਤੇ ਮੈਨੂੰ ਜੱਫੀ ਪਾ ਲਈ। ਕਹਿਣ ਲੱਗੇ," ਤੈਨੂੰ ਮਹਾਂਵੀਰ ਚੱਕਰ ਆਵੇ ਜਾਂ ਵੀਰ ਚੱਕਰ।" ਮੈਂ ਕਿਹਾ," ਸਰ ਮੈਂ ਫੌਜ ਦੀ ਨੌਕਰੀ ਨਹੀਂ ਕਰਨੀ। ਤੁਸੀਂ ਇਹ ਬਹਾਦਰੀ ਉਹਨਾਂ ਨੂੰ ਦਿਵਾਓ ਜਿਹਨਾਂ ਨੇ ਫੌਜ ਵਿਚ ਰਹਿਣਾ ਹੈ।" ਮੇਰੇ ਕੋਲ ਹੋਰ ਕੋਈ ਕਾਗਜ਼ ਤਾਂ ਨਹੀਂ ਸੀ, ਮੈਂ ਆਪਣੀ ਜੇਬ ਵਿਚੋਂ ਇਕ ਰੁਪਏ ਦਾ ਨੋਟ ਕੱਢਿਆ ਅਤੇ ਖਾਲੀ ਥਾਂ ਤੇ ਹੌਲਦਾਰ ਭੀਮ ਸੈਨ ਮੋਰੇ ਦਾ ਨਾਂ ਅਤੇ ਇਕ ਨਾਇਕ ਸਿਰਕਾਟੇ ਦਾ ਨਾਂ ਲਿਖ ਦਿੱਤਾ। ਹੌਲਦਾਰ ਮੋਰੇ ਨੂੰ ਵੀਰ ਚੱਕਰ ਮਿਲਿਆ ਅਤੇ ਮਹਾਂਰਾਸ਼ਟਰ ਵਿਚ 50 ਬਿੱਘੇ ਜ਼ਮੀਨ ਮਿਲੀ। ਨਾਇਕ ਸਿਰਕਾਟੇ ਨੂੰ ਚੀਫ ਆਫ ਆਰਮੀ ਸਟਾਫ ਦਾ ਕੁਮੈਂਡੇਸ਼ਨ ਕਾਰਡ ਮਿਲਿਆ।

ਕੁਝ ਸਮਾਂ ਹੋਰ ਲੰਘ ਗਿਆ। ਮੈਂ ਨਵੰਬਰ 1965 ਵਿਚ ਵੈਪਨ ਟ੍ਰੇਨਿੰਗ ਸਕੂਲ ਵਿਚ ਟ੍ਰੇਨਿੰਗ ਕਰ ਰਿਹਾ ਸੀ। ਮੈਂ ਅਖਬਾਰ ਵਿਚ ਪੜ੍ਹਿਆ ਕਿ ਮੈਨੂੰ ਵੀ ਬਹਾਦਰੀ ਦਾ ਇਨਾਮ (ਮੈਸ਼ੰਨਡ ਇਨ ਡਿਸਪੈਚਸ ਅਵਾਰਡ) ਮਿਲਿਆ ਹੈ। ਜਦੋਂ ਟ੍ਰੇਨਿੰਗ ਕਰਕੇ ਮੈਂ ਆਪਣੀ ਰੈਜੀਮੈਂਟ ਵਿਚ ਵਾਪਸ ਆਇਆ ਤਾਂ ਮੈਂ ਕਰਨਲ ਬਖਸ਼ੀ ਨੂੰ ਪੁਛਿਆ," ਸਰ ਮੈਂ ਤਾਂ ਬਹਾਦਰੀ ਲਈ ਕੋਈ ਅਵਾਰਡ ਮੰਗਿਆ ਹੀ ਨਹੀਂ ਸੀ।" ਉਹਨਾਂ ਨੇ ਦੱਸਿਆ ਕਿ ਜਦੋਂ ਮੈਂ ਤੁਹਾਡੀਆਂ ਦੱਸੀਆਂ ਸਿਫਾਰਸ਼ਾਂ ਲੈ ਕੇ ਗਿਆ ਤਾਂ ਬ੍ਰਿਗੇਡੀਅਰ ਸਿੱਧੂ ਨੇ ਪੁੱਛਿਆ ਕਿ ਅਮਰਜੀਤ, ਜਿਸ ਨੇ ਇਤਨਾ ਕੰਮ ਕੀਤਾ ਹੈ। ਤੁਸੀਂ ਉਸ ਦਾ ਨਾਂ ਵੀ ਨਹੀਂ ਲਿਖਿਆ। ਮੈਂ ਕਿਹਾ ਕਿ ਉਸ ਨੇ ਮਨਾਂ ਕਰ ਦਿੱਤਾ ਹੈ। ਬ੍ਰਿਗੇਡੀਅਰ ਸਿੱਧੂ ਕਹਿਣ ਲੱਗੇ ਉਹ ਤਾਂ ਅਜੇ ਯੰਗ ਅਫ਼ਸਰ ਹੈ, ਬੱਚਾ ਹੈ। ਤੁਸੀਂ ਤਾਂ ਬੱਚੇ ਨਹੀਂ। ਉਸ ਦਾ ਵੀ ਕੇਸ ਬਣਾ ਕੇ ਲੈ ਕੇ ਆਓ। ਮੈਂ ਤੁਹਾਡਾ ਨਾਮ ਵੀ ਵੀਰ ਚੱਕਰ ਵਾਸਤੇ ਹੀ ਭੇਜਿਆ ਪਰ ਆਰਮੀ ਹੈੱਡਕੁਆਰਟਰ ਨੇ ਤੁਹਾਨੂੰ ਮੈਨਸ਼ੰਡ ਇਨ ਡਿਸਪੈਚਸ ਦਿੱਤਾ।

ਇਸ ਦਿਨ ਦਾ ਮੇਰੇ ਜੀਵਨ ਤੇ ਬਹੁਤ ਪ੍ਰਭਾਵ ਹੈ।

ਮੈਨੂੰ ਅੱਛਾ ਲੱਗਦਾ ਹੈ ਕਿ ਮੈਂ ਦੇਸ਼ ਦੀ ਕੁਝ ਸੇਵਾ ਕਰ ਸਕਿਆ। ਮੈਨੂੰ ਅੱਛਾ ਲੱਗਦਾ ਹੈ ਕਿ ਮੈਂ ਮਾਤਾ ਦੀ ਗੱਲ ਮੰਨੀ ਅਤੇ ਪਿਤਾ ਜੀ ਦੀ ਇਜ਼ਤ ਲਈ ਇਹ

ਸਭ ਕੀਤਾ। ਮੇਰੇ ਆਪਣੇ ਅਗਲੇ ਜੀਵਨ ਲਈ ਇਸ ਘਟਨਾ ਨੇ ਮੇਰੇ ਆਤਮ ਵਿਸ਼ਵਾਸ ਵਿਚ ਬਹੁਤ ਵਾਧਾ ਕੀਤਾ। ਅਧਿਆਤਮਕ ਰਸਤੇ ਵਿਚ ਵੀ ਮੈਨੂੰ ਲੱਗਦਾ ਹੈ ਕਿ ਮੈਂ ਆਪਣੇ ਦੇਸ਼ ਪ੍ਰਤੀ ਅੱਛੀ ਤਰ੍ਹਾਂ ਆਪਣਾ ਫਰਜ਼ ਨਿਭਾਇਆ ਹੈ ਅਤੇ ਇਕ ਅੱਛਾ ਸਿੱਖ ਬਣ ਕੇ ਉਭਰਿਆ ਹਾਂ। ਇਸ ਤੋਂ ਇਕ ਹੋਰ ਸਬਕ ਮਿਲਿਆ ਕਿ ਬਿਲਕੁਲ ਮਰਨ ਵਾਲੀ ਜਗ੍ਹਾ ਤੇ ਪ੍ਰਭੂ ਜੀ ਨੇ ਮੈਨੂੰ ਬਚਾਇਆ ਹੈ। ਮੈਂ ਬਾਕੀ ਦਾ ਜੀਵਨ ਪ੍ਰਭੂ ਦਾ ਸਿਪਾਹੀ ਬਣ ਕੇ ਜਿਊਣਾ ਹੈ ਅਤੇ ਸ਼ੁਭ ਕੰਮ ਕਰਨੇ ਹਨ।

*****

# ਸੀਜ਼-ਫਾਇਰ

23 ਸਤੰਬਰ 1965 ਨੂੰ ਸੀਜ਼-ਫਾਇਰ ਦੀ ਘੋਸ਼ਣਾ ਹੋ ਗਈ ਅਤੇ ਮੇਰੀ ਕੰਪਨੀ ਨੂੰ ਰੱਤੋਕੇ ਪਿੰਡ ਭੇਜਿਆ ਗਿਆ। ਫ਼ੈਸਲਾ ਇਹ ਹੋਇਆ ਕਿ ਜਿਥੇ ਕਿਤੇ ਵੀ ਭਾਰਤ ਅਤੇ ਪਾਕਿਸਤਾਨ ਦੀਆਂ ਫੌਜਾਂ ਹਨ, ਉਥੇ ਹੀ ਬੈਠੀਆਂ ਰਹਿਣਗੀਆਂ। ਰੱਤੋਕੇ ਪਿੰਡ ਦਰਿਆ ਦੇ ਢਾਹੇ 'ਤੇ ਸੀ। ਇਸ ਦਾ ਗੁਰਦੁਆਰਾ ਪਾਕਿਸਤਾਨ ਆਰਮੀ ਕੋਲ ਸੀ ਅਤੇ ਪਿੰਡ ਸਾਡੇ ਕੋਲ। ਵਿਚਾਲੇ ਸਿਰਫ ਪੰਦਰਾਂ ਕੁ ਫੁੱਟ ਦਾ ਕੱਚਾ ਰਸਤਾ ਸੀ। ਤਕਰੀਬਨ ਦੋ ਮਹੀਨੇ ਮੈਂ ਇਸ ਪਿੰਡ ਵਿਚ ਰਿਹਾ। ਕੁਝ ਦਿਨਾਂ ਬਾਅਦ ਮੇਜਰ ਸੂਦ ਨੂੰ ਡੈਲਟਾ ਜੋ ਕਿ ਮੇਰੀ ਕੰਪਨੀ ਸੀ, ਵਿਚ ਕੰਪਨੀ ਕਮਾਂਡਰ ਬਣਾ ਕੇ ਭੇਜ ਦਿੱਤਾ ਗਿਆ।

ਜਦੋਂ ਤੱਕ ਮੇਜਰ ਸੂਦ ਨਹੀਂ ਆਏ ਸਨ, ਉਦੋਂ ਤੱਕ ਮੈਂ ਚਿੱਟਾ ਰੁਮਾਲ ਦਿਖਾ ਕੇ ਦੁਸ਼ਮਣ ਦੀਆਂ ਫੋਜਾਂ ਦੇ ਕੈਪਟਨ ਨੂੰ ਵੀ ਜਾ ਕੇ ਮਿਲ ਲੈਂਦਾ ਸੀ। ਪਹਿਲੇ ਦਿਨ ਮੈਂ ਪਾਕਿਸਤਾਨੀ ਫੌਜ ਦੇ ਕੈਪਟਨ ਨੂੰ ਜਾ ਕੇ ਮਿਲਿਆ ਅਤੇ ਉਸ ਨੂੰ ਸਲੂਟ ਕੀਤਾ। ਉਸ ਨੇ ਤਿੰਨ ਫੁੱਲ ਲਾਏ ਹੋਏ ਸਨ, ਜਿਵੇਂ ਸਾਡੀ ਆਰਮੀ ਵਿਚ ਲੱਗੇ ਹੁੰਦੇ ਹਨ। ਸ਼ਾਇਦ ਮੇਰੀ ਦਾਹੜੀ ਕਰਕੇ ਮੈਂ ਕੁਝ ਵੱਡਾ ਲੱਗਦਾ ਹੋਵਾਂਗਾ, ਉਸ ਨੇ ਮੈਨੂੰ ਕਿਹਾ ਕਿ ਤੁਸੀਂ ਮੇਜਰ ਹੋ, ਉਸ ਨੇ ਮੈਨੂੰ ਸਲੂਟ ਕੀਤਾ। ਲੜਾਈ ਦੌਰਾਨ ਭਾਰਤੀ ਅਫ਼ਸਰ ਰੈਂਕ ਆਦਿ ਨਹੀਂ ਲਾਉਂਦੇ ਸਨ ਤਾਂ ਕਿ ਜੇਕਰ ਕੋਈ ਅਫ਼ਸਰ ਸ਼ਹੀਦ ਹੋ ਜਾਵੇ ਤਾਂ ਦੁਸ਼ਮਣ ਨੂੰ ਇਹ ਪਤਾ ਨਾ ਚਲ ਸਕੇ ਕਿ ਸਾਡਾ ਰੈਂਕ ਕੀ ਹੈ।

ਮੇਜਰ ਸੂਦ ਕੁਝ ਡਰੂ ਸੁਭਾਅ ਦੇ ਅਫ਼ਸਰ ਸਨ। ਸਾਨੂੰ ਲੋਹੇ ਦੀਆਂ ਟੀਨਾਂ ਮਿਲੀਆਂ ਤਾਂ ਕਿ ਅਸੀਂ ਬੰਕਰ ਪੁੱਟ ਕੇ ਟੀਨ ਦੀਆਂ ਛੱਤਾਂ ਪਾ ਕੇ ਉਪਰ ਕੁਝ ਮਿੱਟੀ ਆਦਿ ਪਾ ਦਈਏ। ਸ਼ਾਮ ਦਾ ਸਮਾਂ ਸੀ। ਜਵਾਨ ਟੀਨਾਂ ਉਤੇ ਟੀਨਾਂ ਰੱਖ ਰਹੇ ਸਨ ਕਿ ਇਕਦਮ ਖੜਕਾ ਜਿਹਾ ਹੋਇਆ। ਮੈਂ ਉਸ ਵੇਲੇ ਮੇਜਰ ਸੂਦ ਕੋਲ ਹੀ ਖੜ੍ਹਾ ਸੀ। ਖੜਕਾ ਸੁਣ ਕੇ ਉਹ ਕਹਿਣ ਲੱਗੇ ਕਿ ਮਸ਼ੀਨ ਗਨ ਫਾਇਰ ਆ ਰਿਹਾ ਹੈ। ਮੈਂ ਕਿਹਾ," ਸਰ ਕੋਈ ਮਸ਼ੀਨ ਗਨ ਫਾਇਰ ਨਹੀਂ ਹੈ। ਇਹ ਤਾਂ ਟੀਨ ਉਤੇ ਟੀਨ ਡਿੱਗੀ ਹੈ।" ਉਹ ਕਦੇ ਕਦੇ ਆਪਣੇ ਸਿਰ 'ਤੇ ਦੋ ਹੈਲਮਟ ਵੀ ਪਾ ਲੈਂਦੇ ਸਨ। ਮੈਂ ਉਹਨਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ ਸੀ।

ਕੁਝ ਦਿਨਾਂ ਵਿਚ ਮਹਿਕਮੇ ਵਿਚ ਇਕ ਹੋਰ ਮੇਜਰ ਪੋਸਟ ਹੋ ਕੇ ਆ ਗਏ। ਉਹਨਾਂ ਦਾ ਨਾਮ ਮੇਜਰ ਟੀ.ਆਰ.ਕੇ ਪਾਤਮ ਸੀ। ਉਹਨਾਂ ਨੂੰ ਮੇਰਾ ਕੰਪਨੀ ਕਮਾਂਡਰ ਲਗਾ ਦਿੱਤਾ ਗਿਆ। ਇਹ ਦੱਖਣ ਭਾਰਤ ਨਾਲ ਸਬੰਧ ਰੱਖਦੇ ਸਨ ਅਤੇ ਸੁਭਾਅ ਦੇ

ਬਹੁਤ ਨੇਕ ਸਨ। ਮੇਰੀ ਇਹਨਾਂ ਨਾਲ ਬਹੁਤ ਬਣਦੀ ਸੀ ਅਤੇ ਮੈਂ ਇਹਨਾਂ ਦਾ ਬਹੁਤ ਸਤਿਕਾਰ ਕਰਦਾ ਸੀ। ਇਹ ਮੇਜਰ ਸੂਦ ਨਾਲੋਂ ਸੀਨੀਅਰ ਸਨ ਅਤੇ ਉਹਨਾਂ ਦੇ ਕਰਨਲ ਬਣਨ ਦੀ ਆਸ ਸੀ। ਜਦੋਂ ਵੀ ਪਲਟਨ ਹੈੱਡਕੁਆਰਟਰ 'ਤੇ ਮੀਟਿੰਗ ਹੁੰਦੀ ਸੀ ਤਾਂ ਸਾਡੇ ਦੋ ਅਫ਼ਸਰਾਂ ਵਿਚੋਂ ਮੈਂ ਮੀਟਿੰਗ ਅਟੈਂਡ ਕਰਨ ਚੀਮਾ ਪਿੰਡ ਚਲਾ ਜਾਂਦਾ ਸੀ।

ਮੈਨੂੰ ਬਚਪਨ ਤੋਂ ਹੀ ਘੋੜਿਆਂ ਦਾ ਬਹੁਤ ਸ਼ੌਕ ਸੀ। ਸਾਡੇ ਪਿੰਡ ਮਕਾਨ ਅਤੇ ਜ਼ਮੀਨ ਹੋਣ ਦੇ ਬਾਵਜੂਦ ਸਾਡੀ ਰਿਹਾਇਸ਼ ਪਟਿਆਲੇ ਹੀ ਸੀ ਅਤੇ ਮੈਂ ਹਰ ਸਾਲ ਆਪਣੇ ਨਾਨਕੇ ਪਿੰਡ, ਭੈਣੀ ਫੱਤਾ ਜਾਂਦਾ ਸੀ। ਮੇਰੇ ਨਾਨਕੇ ਘੋੜੀਆਂ ਅਤੇ ਊਠਾਂ ਦੇ ਬਹੁਤ ਸ਼ੌਕੀਨ ਸਨ। ਘੋੜੇ ਕੇਵਲ ਸਵਾਰੀ ਕਰਨ ਲਈ ਵਰਤੇ ਜਾਂਦੇ ਸਨ। ਜਦੋਂ ਕਿ ਊਠ ਖੇਤੀ ਅਤੇ ਸਵਾਰੀ ਦੋਵਾਂ ਲਈ ਵਰਤੇ ਜਾਂਦੇ ਸਨ। ਊਠ ਉਤੇ ਕਾਠੀ ਲਗਾ ਕੇ ਤਿੰਨ ਬੰਦੇ ਬੈਠ ਸਕਦੇ ਹਨ।

ਉਹਨਾਂ ਦਿਨਾਂ ਵਿਚ ਅਸਲ ਉੱਤਰ ਪਿੰਡ ਦਾ ਇਕ ਜ਼ਿਮੀਂਦਾਰ ਮੇਰਾ ਦੋਸਤ ਬਣ ਗਿਆ। ਮੈਂ ਉਸ ਤੋਂ ਉਸ ਦੀ ਘੋੜੀ ਮੰਗ ਲਈ ਅਤੇ ਰੱਤੋਕੇ ਰੱਖ ਲਈ। ਘੋੜੀ ਦੇ ਸੰਗਲ ਪਾ ਕੇ ਉਸ ਨੂੰ ਚਰਨ ਲਈ ਖੁੱਲ੍ਹਾ ਛੱਡ ਦਿੰਦੇ ਸਨ। ਜਦੋਂ ਵੀ ਮੈਂ ਰੱਤੋਕੇ ਤੋਂ ਪਿੰਡ ਚੀਮਾ ਮੀਟਿੰਗ ਲਈ ਜਾਂਦਾ ਸੀ ਤਾਂ ਤੁਰਨ ਦੀ ਥਾਂ ਘੋੜੀ ਤੇ ਚਲਾ ਜਾਂਦਾ ਸੀ। ਘੋੜੀ ਨੂੰ ਮੀਟਿੰਗ ਵਾਲੀ ਥਾਂ ਤੇ ਕਿਸੇ ਦਰਖ਼ਤ ਆਦਿ ਨਾਲ ਬੰਨ੍ਹ ਦਿੰਦਾ ਸੀ ਅਤੇ ਮੀਟਿੰਗ ਵਿਚ ਸ਼ਾਮਿਲ ਹੋ ਕੇ ਵਾਪਸ ਘੋੜੀ ਤੇ ਹੀ ਆ ਜਾਂਦਾ ਸੀ।

ਸਾਡੀ ਬਟਾਲੀਅਨ ਵਿਚ ਕਈ ਅਫ਼ਸਰ ਸ਼ਹੀਦ ਅਤੇ ਜ਼ਖਮੀ ਹੋ ਗਏ ਸਨ, ਜਿਸ ਕਰਕੇ ਕੁਝ ਅਸਾਮੀਆਂ ਖਾਲੀ ਹੋ ਗਈਆਂ। ਉਹਨਾਂ ਨੇ 7 ਸੈਕਿੰਡ ਲਫਟੈਨ ਅਫ਼ਸਰਾਂ ਨੂੰ ਕਾਰਜਕਾਰੀ ਕਪਤਾਨ ਬਣਾ ਦਿੱਤਾ। ਜਿਹਨਾਂ ਵਿਚੋਂ ਮੈਂ ਵੀ ਇੱਕ ਸੀ। ਹਰ ਹਫ਼ਤੇ ਅਫ਼ਸਰ ਮੈੱਸ ਵਿਚ ਪਰੋਮੋਸ਼ਨ ਦੀ ਇਕ ਪਾਰਟੀ ਹੁੰਦੀ ਸੀ। ਇਸ ਪਾਰਟੀ ਲਈ ਮੇਜਰ ਪਾਤਮ ਅਕਸਰ ਮੈਨੂੰ ਹੀ ਭੇਜ ਦਿੰਦੇ ਸਨ। ਮੈਂ ਸੱਤ ਕੁ ਵਜੇ ਮੈੱਸ ਵਿਚ ਚਲਾ ਜਾਂਦਾ ਅਤੇ ਖਾਣਾ ਆਦਿ ਖਾ ਕੇ ਰਾਤ ਨੂੰ ਦਸ ਕੁ ਵਜੇ ਵਾਪਸ ਆ ਜਾਂਦਾ। 1965 ਲੜਾਈ ਵਿਚ ਕਿਸੇ ਨੇ ਕੈਪਟਨ ਰਮੇਸ਼ ਕਪੂਰ ਨੂੰ ਸ਼ਹੀਦ ਹੁੰਦਿਆਂ ਨਹੀਂ ਦੇਖਿਆ। ਇਸ ਲਈ ਅਸੀਂ ਉਹਨਾਂ ਨੂੰ ਮਿਸਿੰਗ ਦਿਖਾਉਂਦੇ ਰਹੇ। ਜੋ ਦੋ ਬਕਸੇ ਸਕੌਚ ਵਿਸਕੀ ਦੇ ਮੈਂ ਵਾਈਨ ਮੈਂਬਰ ਦੇ ਤੌਰ ਤੇ ਜੋਧਪੁਰ ਤੋਂ ਲਿਆਂਦੇ ਸਨ, ਉਹ ਬਹੁਤ ਕੰਮ ਆ ਰਹੇ ਸਨ। ਹਰ ਇਕ ਬੋਤਲ ਵਿਚ ਇਕ ਪੈਗ ਦੇ ਬਰਾਬਰ ਵਿਸਕੀ ਕੈਪਟਨ ਕਪੂਰ ਵਾਸਤੇ ਛੱਡੀ ਜਾਂਦੀ ਸੀ ਅਤੇ ਉਹ ਵਿਸਕੀ ਦੀਆਂ ਬੋਤਲਾਂ ਮੈੱਸ ਦੀ ਛੱਤ ਨਾਲ ਬੰਨ੍ਹੀਆਂ ਹੋਈਆਂ ਸਨ। ਪਤਾ ਨਹੀਂ ਕਿਹੋ ਜਿਹੇ ਹਾਲਾਤ ਸਨ ਪਰ ਡਰ-ਡੁਕਰ ਦਾ ਤਾਂ ਮੇਰੇ ਲਈ ਨਾਮੋ ਨਿਸ਼ਾਨ ਹੀ ਨਹੀਂ ਸੀ।

ਰੱਤੋਕੇ ਰਹਿੰਦਿਆਂ ਇਕ ਹੋਰ ਘਟਨਾ ਹੋਈ ਜੋ ਮੈਨੂੰ ਸਦਾ ਹੀ ਯਾਦ ਰਹੇਗੀ। ਲੜਾਈ ਲੱਗਦਿਆਂ ਹੀ ਲੋਕ ਭੱਜ ਦੌੜ ਵਿਚ ਪੈ ਜਾਂਦੇ ਹਨ। ਪਸ਼ੂ ਅਵਾਰਾ ਹੋ ਜਾਂਦੇ ਹਨ। ਸਤੰਬਰ 1965 ਦੇ ਅਖੀਰ ਵਿਚ ਜਦੋਂ ਅਸੀਂ ਰੱਤੋਕੇ ਗਏ ਸੀ ਤਾਂ ਉਥੇ

ਸੁੰਦਰ ਬਦਾਮੀ ਰੰਗ ਦਾ ਇਕ ਘੋੜਾ ਕਾਠੀ ਸਮੇਤ ਫਿਰ ਰਿਹਾ ਸੀ। ਸੁੰਦਰ ਘੋੜਾ ਦੇਖ ਕੇ ਮੇਰਾ ਮਨ ਲਲਚਾ ਗਿਆ। ਸਾਡੀ ਕੰਪਨੀ ਦੀਆਂ ਦੋ ਪਲਾਟੂਨਾਂ ਰੱਤੋਕੇ ਪਿੰਡ ਤੋਂ ਹਟ ਕੇ ਇਕ ਟਿੱਬੇ ਉੱਤੇ ਸਨ। ਉਦੋਂ ਹਜ਼ਾਰ ਗਜ ਦੀ ਦੂਰੀ ਤੇ ਪਿੰਡ ਸੀ ਜਿਸ ਵਿਚ ਇਕ ਹਲਟੀ ਵਾਲਾ ਖੂਹ ਸੀ। ਇਸ ਖੂਹ ਦੇ ਇਲਾਕੇ ਵਿਚ ਹੀ ਸਾਡੀ ਕੰਪਨੀ ਦਾ ਖਾਣਾ ਬਣਦਾ ਸੀ। ਸਾਰਾ ਦਿਨ ਟਿੱਬੀ ਅਤੇ ਪਿੰਡ ਦੇ ਵਿਚ ਸਾਡੀ ਆਵਾਜਾਈ ਚਲਦੀ ਰਹਿੰਦੀ ਸੀ। ਹਲਟੀ ਦੇ ਨਾਲ ਹੀ ਪਿੰਡ ਸੀ ਤੇ ਪਿੰਡ ਤੋਂ ਕੁਝ ਫੁੱਟ ਦੀ ਦੂਰੀ ਤੇ ਗੁਰਦੁਆਰਾ ਸਾਹਿਬ ਸੀ, ਜੋ ਕਿ ਪਾਕਿਸਤਾਨੀ ਫੌਜ ਦੇ ਕਬਜ਼ੇ ਵਿਚ ਸੀ। ਟਿੱਬੀ ਤੋਂ ਲੈ ਕੇ ਪਿੰਡ ਤੱਕ ਦੇ ਸਾਰੇ ਇਲਾਕੇ ਦਾ ਰਸਤਾ ਛੱਡ ਕੇ ਅਸੀਂ ਐਂਟੀ ਟੈਂਕ ਮਾਈਨਜ਼ ਅਤੇ ਐਂਟੀ ਪਰਸਨਲ ਮਾਈਨਜ਼ ਲਾਈਆਂ ਹੋਈਆਂ ਸਨ। ਭਾਰਤ ਵਾਲੇ ਪਾਸੇ ਕੰਡਿਆਂ ਵਾਲੀਆਂ ਤਾਰਾਂ ਲਾਈਆਂ ਹੋਈਆਂ ਸਨ। ਇਸ ਪਿੰਡ ਤੋਂ ਲੈ ਕੇ ਸਾਡੀ ਕੰਪਨੀ ਹੈੱਡਕੁਆਰਟਰ ਤੱਕ ਇਕ ਵੀਹ ਫੁੱਟ ਦਾ ਕੱਚਾ ਰਸਤਾ ਜਾਂਦਾ ਸੀ। ਕੰਪਨੀ ਹੈੱਡਕੁਆਰਟਰ ਤੋਂ ਪਿੰਡ ਪਹੁੰਚਣ ਤੋਂ ਪਹਿਲਾਂ ਇਕ ਰਸਤਾ ਸੱਜੇ ਨੂੰ ਮੁੜਦਾ ਸੀ, ਜੋ ਗੁਰਦੁਆਰਾ ਸਾਹਿਬ ਵੱਲ ਨੂੰ ਜਾਂਦਾ ਸੀ। ਪਾਕਿਸਤਾਨ ਤੱਕ ਦੇ ਸਾਰੇ ਰਾਹ ਵਿਚ ਅਸੀਂ ਐਂਟੀ ਪਰਸਨਲ ਮਾਈਨਜ਼ ਲਾਈਆਂ ਹੋਈਆਂ ਸਨ।

ਇਹ ਘੋੜਾ ਮੈਨੂੰ ਟਿੱਬੀ ਤੇ ਮਿਲਿਆ, ਜਿਥੇ ਸਾਡੀਆਂ ਦੋ ਪਲਾਟੂਨਾਂ ਤਾਇਨਾਤ ਸਨ। ਮੈਂ ਘੋੜੇ ਨੂੰ ਪੁਚਕਾਰ ਕੇ ਘੋੜੇ ਦੀ ਕਾਠੀ ਤੇ ਬੈਠ ਗਿਆ ਅਤੇ ਘੋੜੇ ਦਾ ਮੂੰਹ ਪਿੰਡ ਵੱਲ ਨੂੰ ਕੀਤਾ, ਜਿਥੇ ਕੰਪਨੀ ਦਾ ਲੰਗਰ ਆਦਿਕ ਸੀ। ਇਹੀ ਰਸਤਾ ਸਾਰਾ ਦਿਨ ਚਲਦਾ ਰਹਿੰਦਾ ਸੀ। ਜਦੋਂ ਮੈਂ ਪਿੰਡ ਵੱਲ ਜਾਣ ਲਈ ਘੋੜੇ ਦੀ ਲਗਾਮ ਖਿੱਚ ਰਿਹਾ ਸੀ ਤਾਂ ਉਹ ਸੱਜੇ ਪਾਸੇ ਨੂੰ ਜਾ ਰਿਹਾ ਸੀ। ਜਿਥੇ ਤਾਰਾਂ ਲੱਗੀਆਂ ਹੋਈਆਂ ਸਨ, ਇਹਨਾਂ ਤਾਰਾਂ ਅੰਦਰ ਐਂਟੀ ਪਰਸਨਲ ਮਾਈਨਜ਼ ਲੱਗੀਆਂ ਹੋਈਆਂ ਸਨ। ਘੋੜਾ ਬਹੁਤ ਜਾਬਰ ਅਤੇ ਮੂੰਹ-ਜ਼ੋਰ ਸੀ। ਘੋੜਾ ਸੱਜੇ ਪਾਸੇ ਵੱਲ ਨੂੰ ਜਾਣਾ ਚਾਹੁੰਦਾ ਸੀ, ਜਿਥੇ ਤਾਰਾਂ ਲੱਗੀਆਂ ਹੋਈਆਂ ਸਨ। ਉਸ ਦੇ ਸਰੀਰ ਦਾ ਕੁਝ ਹਿੱਸਾ ਕੰਢੇ ਵਾਲੀਆਂ ਤਾਰਾਂ ਨਾਲ ਜ਼ਖਮੀ ਹੋ ਗਿਆ। ਇੰਨੇ ਵਿਚ ਘੋੜਾ ਸੱਜੇ ਪਾਸੇ ਮੁੜ ਗਿਆ। ਇਹ ਰਸਤਾ ਗੁਰਦੁਆਰਾ ਸਾਹਿਬ ਵੱਲ ਨੂੰ ਜਾਂਦਾ ਸੀ, ਜੋ ਕਿ ਪਾਕਿਸਤਾਨ ਦੇ ਕਬਜੇ ਵਿਚ ਸੀ। ਇੰਨੇ ਵਿਚ ਮੈਂ ਇਕ ਢਹਿਆ ਹੋਇਆ ਮਕਾਨ ਦੇਖਿਆ। ਮੈਂ ਉਸ ਨੂੰ ਮਕਾਨ ਵਿਚ ਲੈ ਗਿਆ, ਉਥੇ ਜਾ ਕੇ ਘੋੜਾ ਖੜ੍ਹ ਗਿਆ। ਰੱਬ ਰੱਬ ਕਰਕੇ ਮੈਂ ਉਸ ਨੂੰ ਉਥੇ ਹੀ ਛੱਡ ਦਿੱਤਾ ਅਤੇ ਅੱਗੇ ਤੋਂ ਸਬਕ ਲਿਆ ਕਿ ਅਣਜਾਣ ਘੋੜੇ ਨਾਲ ਪੰਗਾ ਨਹੀਂ ਲੈਣਾ ਚਾਹੀਦਾ।

ਨਵੰਬਰ 1965 ਵਿਚ ਮੈਨੂੰ ਵੈਪਨ ਟ੍ਰੇਨਿੰਗ ਲਈ ਮੱਧ ਪ੍ਰਦੇਸ਼ ਭੇਜ ਦਿੱਤਾ। ਉਥੇ ਮੈਨੂੰ ਅਖਬਾਰ ਰਾਹੀਂ ਆਪਣੀ ਬਹਾਦਰੀ ਦੀ ਖਬਰ ਮਿਲੀ। ਦਸੰਬਰ ਦੇ ਅੰਤ ਤੱਕ ਮੈਂ ਵਾਪਸ ਆ ਗਿਆ। ਉਦੋਂ ਸਾਡੀ ਸਾਰੀ ਪਲਟਨ ਹਰੀਕੇ ਪੱਤਣ ਪਹੁੰਚ ਗਈ ਸੀ। ਦਸੰਬਰ ਵਿਚ ਜਦੋਂ ਮੈਂ ਵਾਪਸ ਜਾਇਨ ਕੀਤਾ ਤਾਂ ਪਹਿਲਾਂ ਹੀ ਸਾਡੀ ਕੰਪਨੀ ਅਤੇ ਅਫ਼ਸਰਾਂ ਨੇ ਬੰਕਰ ਪੁੱਟ ਕੇ ਡੈਮ ਦੇ ਨੇੜੇ ਆਪਣੇ ਰਿਹਾਇਸ਼ੀ ਬੰਕਰ ਬਣਾ ਲਏ

ਸਨ। ਇਕ ਜਨਵਰੀ 1966 ਅਸੀਂ ਹਰੀਕੇ ਪੱਤਣ ਮਨਾਈ। ਫੌਜ ਵਿਚ ਕੋਈ ਵੀ ਵੱਡੇ ਤੋਂ ਵੱਡਾ ਫੰਕਸ਼ਨ ਹੋਵੇ, ਆਪਣੇ ਸਾਧਨਾਂ ਨਾਲ ਹੀ ਮਨਾ ਲਿਆ ਜਾਂਦਾ ਹੈ। ਜਨਵਰੀ ਵਿਚ ਇਕ ਮਿਲਟਰੀ ਪੁਲਿਸ ਦਾ ਕੋਰਸ ਆ ਗਿਆ। ਮੈਂ ਕਰਨਲ ਬਖਸ਼ੀ ਨੂੰ ਬੇਨਤੀ ਕੀਤੀ ਕਿ ਮੈਂ ਮਿਲਟਰੀ ਪੁਲਿਸ ਜਾਣ ਲਈ ਬਹੁਤ ਉਤਸੁਕ ਹਾਂ। ਮੈਂ ਉਹਨਾਂ ਨੂੰ ਮਿਲਟਰੀ ਪੁਲਿਸ ਦੀ ਟ੍ਰੇਨਿੰਗ ਲਈ ਫੈਜ਼ਾਬਾਦ ਜਾਣ ਵਾਸਤੇ ਬੇਨਤੀ ਕੀਤੀ। ਉਹਨਾਂ ਨੇ ਕਿਹਾ ਕਿ ਤੂੰ ਹੁਣੇ ਤਾਂ ਡੇਢ ਮਹੀਨੇ ਮਊ (ਮੱਧ ਪ੍ਰਦੇਸ਼) ਲਾ ਕੇ ਆਇਆ ਹੈਂ। ਅਸੀਂ ਤੈਨੂੰ ਇਕ ਸ਼ਰਤ ਤੇ ਭੇਜ ਸਕਦੇ ਹਾਂ ਜੇਕਰ ਤੂੰ ਇਸ ਸਾਲ (1966) ਦੀ ਸਾਲਾਨਾ ਛੁੱਟੀ ਛੱਡ ਦੇਵੇਂ। ਮੈਂ ਆਪਣੀ ਸਾਲਾਨਾ ਛੁੱਟੀ ਛੱਡ ਦਿੱਤੀ ਅਤੇ ਜਨਵਰੀ ਵਿਚ ਟ੍ਰੇਨਿੰਗ ਕਰਨ ਚਲਾ ਗਿਆ। ਮੇਰੀ ਟ੍ਰੇਨਿੰਗ ਮਾਰਚ 1966 ਵਿਚ ਖਤਮ ਹੋਈ। ਸਾਡੀ ਬਟਾਲੀਅਨ ਅੰਬਾਲੇ ਆ ਚੁੱਕੀ ਸੀ। ਬਟਾਲੀਅਨ ਅਜੇ ਰੇਲਵੇ ਸਟੇਸ਼ਨ ਤੇ ਹੀ ਬੈਠੀ ਸੀ ਕਿ ਮੈਂ ਬਟਾਲੀਅਨ ਮੁੜ ਜਾਇਨ ਕਰ ਲਈ।

*****

# ਅੰਬਾਲਾ ਅਤੇ ਨਾਗਾਲੈਂਡ ਦਾ ਸਮਾਂ

ਅਸੀਂ ਅੰਬਾਲੇ ਤਕਰੀਬਨ ਮਾਰਚ 1966 ਤੋਂ ਲੈ ਕੇ ਦਸੰਬਰ 1966 ਤੱਕ ਰਹੇ। ਇਸ ਸਮੇਂ ਵਿਚ ਕਰਨਲ ਬਖਸ਼ੀ ਦੀ ਬਦਲੀ ਆਰਮੀ ਹੈੱਡਕੁਆਰਟਰ ਨਵੀਂ ਦਿੱਲੀ ਵਿਖੇ ਹੋ ਗਈ। ਮੇਜਰ ਸੂਦ ਲਫਟੈਣ ਕਰਨਲ ਬਣ ਕੇ ਸਾਡੀ ਹੀ ਪਲਟਨ ਦੇ ਸੀ.ਓ ਲਗ ਗਏ। ਮੇਜਰ ਟੀ.ਆਰ.ਕੇ. ਪਾਤਮ ਸੁਪਰ ਸੀਡ ਹੋ ਗਏ। ਉਹ ਆਪਣੀ ਬਦਲੀ ਰੈਜੀਮੈਂਟ ਤੋਂ ਬਾਹਰ ਕਰਵਾ ਗਏ। ਅੰਬਾਲੇ ਦੀ ਪੋਸਟਿੰਗ ਦਾ ਇਹ ਲਾਭ ਹੋਇਆ ਕਿ ਮੈਂ ਕਦੇ ਕਦਾਈਂ ਟ੍ਰੇਨ ਚੜ੍ਹ ਕੇ ਪਟਿਆਲੇ ਆ ਜਾਂਦਾ ਸੀ। ਉਸ ਸਮੇਂ ਵਿਚ ਦੋ ਵੱਡੀਆਂ ਐਕਸਰਸਾਈਜ਼ਾਂ ਹੋਈਆਂ। ਮਈ ਜੂਨ ਦੇ ਮਹੀਨੇ ਵਿਚ ਪੰਜਾਬ ਦੇ ਮਾਛੀਵਾੜਾ ਇਲਾਕੇ ਵਿਚ ਇਕ ਐਕਸਰਸਾਈਜ਼ ਹੋਈ। ਜੋ ਸਾਰੀ ਡਵੀਜ਼ਨ ਦੀ ਐਕਸਰਸਾਈਜ਼ ਸੀ। ਨਵੰਬਰ ਦਸੰਬਰ ਵਿਚ ਇਹੀ ਐਕਸਰਸਾਈਜ਼ ਨਾਹਨ ਦੇ ਪਹਾੜਾਂ ਵਿਚ ਹੋਈ।

ਸਾਡਾ ਅਫ਼ਸਰ ਮੈੱਸ, ਅਲੈਨਬੈ ਲਾਈਨ ਵਿਚ ਸੀ। ਕਦੇ ਕਦਾਈ ਮੈਂ ਤੇ ਮੇਰੇ ਦੋਸਤ ਚਰਨਦਾਸ ਅਤੇ ਦਲਬੀਰ ਖਾਣਾ ਖਾਣ ਲਈ ਅੰਬਾਲੇ ਛਾਉਣੀ ਦੇ ਇਕ ਮਸ਼ਹੂਰ ਡੀਲਕਸ ਢਾਬੇ ਵਿਚ ਚੱਲੇ ਜਾਂਦੇ ਸੀ। ਪਹਿਲਾਂ ਪਹਿਲ ਸਾਨੂੰ ਬਹੁਤ ਝਿਜਕ ਮਹਿਸੂਸ ਹੁੰਦੀ ਸੀ। ਫੌਜ ਦੀ ਸਿਖਲਾਈ ਵਿਚ ਅਫ਼ਸਰਾਂ ਨੂੰ ਵੱਡੇ ਹੋਟਲਾਂ ਵਿਚ ਹੀ ਜਾਣ ਲਈ ਕਿਹਾ ਜਾਂਦਾ ਹੈ। ਫੌਜੀਆਂ ਦਾ ਚਾਲ ਅਤੇ ਲਹਿਜਾ ਸਿਵਲ ਲੋਕਾਂ ਨਾਲੋਂ ਵੱਖਰਾ ਹੁੰਦਾ ਹੈ। ਅਸੀਂ ਝਿੱਜਕਦੇ ਹੋਏ ਡਿਲਕਸ ਢਾਬੇ ਵੱਲ ਦੇਖਣ ਲੱਗੇ। ਇਹ ਹੁਣ ਵੀ ਬਹੁਤ ਹਰਮਨ ਪਿਆਰਾ ਢਾਬਾ ਹੈ। ਢਾਬੇ ਦੇ ਬਾਹਰ ਡਿਲੱਕਸ ਢਾਬਾ ਲਿਖਿਆ ਹੈ ਅਤੇ ਬਾਹਰ ਇਕ ਮੁਰਗੇ ਦਾ ਚਿੱਤਰ ਲਗਾਇਆ ਹੋਇਆ ਹੈ। ਉਸ ਤੇ ਅੰਗਰੇਜ਼ੀ ਵਿਚ ਲਿਖਿਆ ਹੈ Meet me anywhere but eat me at Deluxe Dhaba. ਮਾਲਕ ਪੰਜਾਬੀ ਸੀ ਅਤੇ ਉਹ ਸਾਨੂੰ ਦੇਖ ਕੇ ਸਮਝ ਗਿਆ ਕਿ ਇਹ ਖਾਣਾ ਤਾਂ ਖਾਣਾ ਚਾਹੁੰਦੇ ਹਨ ਪਰ ਝਿੱਜਕ ਮਹਿਸੂਸ ਕਰ ਰਹੇ ਹਨ। ਉਹ ਕਹਿਣ ਲੱਗਾ,“ ਤੁਸੀਂ ਅਜੇ ਲਫਟੈਣ ਹੀ ਹੋਵੋਗੇ।” ਅਸੀਂ ਕਿਹਾ, “ਹਾਂ ਜੀ ਪਰ ਤੁਹਾਨੂੰ ਕਿਵੇਂ ਪਤਾ ਲੱਗਾ?” ਉਹ ਕਹਿੰਦਾ ਕਿ ਦੁਕਾਨਦਾਰ ਦੀ ਅੱਖ ਬਹੁਤ ਤੇਜ਼ ਹੁੰਦੀ ਹੈ। ਤੁਸੀਂ ਆਰਾਮ ਨਾਲ ਬੈਠ ਜਾਓ, ਇਥੇ ਤਾਂ ਆਰਮੀ ਦੇ ਮੇਜਰ ਅਤੇ ਹੋਰ ਵੱਡੇ ਅਫ਼ਸਰ ਵੀ ਖਾਣਾ ਖਾਣ ਆਉਂਦੇ ਹਨ। ਅਸੀਂ ਹਫਤੇ ਵਿਚ ਉਥੇ ਇਕ-ਦੋ ਵਾਰ ਖਾਣਾ ਖਾ ਲੈਂਦੇ ਸੀ।

ਇੰਨੇ ਵਿਚ ਇਕ ਹੋਰ ਮੇਜਰ ਸਾਡੀ ਰੈਜੀਮੈਂਟ ਵਿਚ ਪੋਸਟ ਹੋ ਗਏ।

ਉਹਨਾਂ ਦਾ ਨਾਮ ਮੇਜਰ ਪੀ.ਕੇ. ਦਾਸ ਗੁਪਤਾ ਸੀ। ਇਹ ਬੰਗਾਲ ਮੂਲ ਦੇ ਅਫ਼ਸਰ ਸਨ ਅਤੇ ਆਪਣੇ ਆਪ ਨੂੰ ਬਹੁਤ ਵੱਡਾ ਸਮਝਦੇ ਸਨ। ਇਹ ਵਿਆਹੇ ਸਨ ਪਰ ਇਕੱਲੇ ਹੀ ਰਹਿੰਦੇ ਸਨ। ਇਹ ਐਨ.ਡੀ.ਏ ਤੋਂ ਕਮਿਸ਼ਨ ਸਨ। ਐਨ.ਡੀ.ਏ ਅਫ਼ਸਰ ਬਾਕੀ ਅਫ਼ਸਰਾਂ ਨਾਲੋਂ ਆਪਣੇ ਆਪ ਨੂੰ ਕੁਝ ਵੱਖ ਅਤੇ ਵਧੀਆ ਸਮਝਦੇ ਹਨ। ਇਹ ਸੀਨੀਅਰਤਾ ਕਰਕੇ ਪਲਟਨ ਦੇ ਸੈਕਿੰਡ ਇਨ ਕਮਾਂਡ ਬਣ ਗਏ। ਕਰਨਲ ਸੂਦ ਦੇ ਛੁੱਟੀ ਜਾਣ ਕਰਕੇ ਇਹਨਾ ਨੂੰ ਪਲਟਨ ਦਾ ਚਾਰਜ ਮਿਲ ਗਿਆ। ਇਕ ਵਾਰ ਜਦੋਂ ਅਸੀਂ ਪਹਾੜਾਂ ਵਿਚ ਐਕਸਰਸਾਈਜ਼ ਕਰ ਰਹੇ ਸੀ, ਉਹਨਾਂ ਨੇ ਸਾਨੂੰ ਮੈੱਸ ਵਿਚ ਬੁਲਾ ਲਿਆ। ਇਹ ਰਾਤ ਨੂੰ ਬਹੁਤ ਦੇਰ ਤੱਕ ਸ਼ਰਾਬ ਪੀਂਦੇ ਸਨ। ਤਕਰੀਬਨ 12 ਵੱਜ ਗਏ। ਸਵੇਰੇ 6 ਵਜੇ ਐਕਸਰਸਾਈਜ਼ ਵਿਚ ਹਿੱਸਾ ਲੈਣਾ ਸੀ। ਮੇਰਾ ਅਰਦਲੀ, ਦਾਰਾ ਸਿੰਘ ਮੈਨੂੰ ਜਗਾ ਨਾ ਸਕਿਆ, ਜਿਸ ਕਰਕੇ ਮੈਂ ਲੇਟ ਹੋ ਗਿਆ। ਮੈਂ ਕਾਹਲ ਵਿਚ ਭੱਜ ਕੇ ਪੁਜੀਸ਼ਨ ਵਿਚ ਗਿਆ। ਉਹ ਮੇਰੇ ਤੇ ਬਹੁਤ ਬਰਸੇ ਅਤੇ ਮੈਨੂੰ ਕਿਹਾ,“ ਤੁਹਾਨੂੰ ਸਜ਼ਾ ਇਹ ਹੈ ਕਿ ਤੁਸੀਂ ਆਪਣਾ ਮੋਰਚਾ ਆਪ ਪੁਟੋਗੇ।” ਮੈਂ ਕਿਹਾ,“ ਮੈਂ ਇਹਨਾਂ ਲੋਕਾਂ ਦਾ ਕਮਾਂਡਰ ਹਾਂ। ਇਹਨਾਂ ਲੋਕਾਂ ਨੂੰ ਮੈਂ ਲੜਾਈ ਵਿਚੋਂ ਭੱਜਣ ਤੋਂ ਰੋਕਿਆ ਹੈ। ਇਹ ਨਹੀਂ ਹੋ ਸਕਦਾ ਕਿ ਮੈਂ ਇਹਨਾਂ ਸਾਹਮਣੇ ਸਜ਼ਾ ਭੁਗਤਣ ਲਈ ਮੋਰਚਾ ਪੁੱਟਾਂ।” ਉਹ ਚੁੱਪ ਹੋ ਗਏ ਪਰ ਸੁਭਾਵਿਕ ਹੈ ਕਿ ਮੇਰੇ ਨਾਲ ਨਰਾਜ਼ ਹੋ ਗਏ। ਕਰਨਲ ਸੂਦ ਪਹਿਲਾਂ ਹੀ ਮੇਰੇ ਤੋਂ ਖੁਸ਼ ਨਹੀਂ ਸਨ। ਲਫਟੈਣ ਅਰੁਣ ਵਰਮਾ ਜੋ 1965 ਦੀ ਲੜਾਈ ਵਿਚ ਹੱਥ ਤੇ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਏ ਸਨ ਉਹ ਵੀ ਠੀਕ ਹੋ ਗਏ ਅਤੇ ਰੈਜੀਮੈਂਟ ਜਾਇਨ ਕਰ ਲਈ। ਉਹ ਕਪਤਾਨ ਬਣ ਗਏ ਸਨ ਅਤੇ ਉਹਨਾਂ ਨੂੰ ਐਡਜੂਟੈਂਟ ਲਗਾ ਦਿੱਤਾ ਗਿਆ। ਉਹਨਾਂ ਨੂੰ ਮੇਰੀ ਗੱਲਬਾਤ ਅੱਛੀ ਨਹੀਂ ਲੱਗਦੀ ਸੀ। ਹੁਣ ਮੇਰੇ ਵਿਰੁੱਧ ਉਹਨਾਂ ਦੀ ਇਕ ਤਿਕੜੀ ਬਣ ਗਈ ਸੀ। ਮੇਰੇ ਨਾਲ ਤਾਂ ਸਿਰਫ ਮੇਰਾ ਜਜ਼ਬਾ, ਬਹਾਦਰੀ ਅਤੇ ਲੜਾਈ ਦਾ ਇਤਿਹਾਸ ਸੀ।

**ਅੰਬਾਲੇ ਦੀ ਘਟਨਾ:-** ਅੰਬਾਲੇ ਦੀ ਇਸ ਘਟਨਾ ਨੇ ਮੇਰੇ ਤੇ ਬਹੁਤ ਅਸਰ ਪਾਇਆ। ਮਈ 1966 ਵਿਚ ਜਦੋਂ ਕਿ ਹਰਿਆਣਾ ਨਹੀਂ ਸੀ ਬਣਿਆ ਤੇ ਅੰਬਾਲਾ, ਪੰਜਾਬ ਦਾ ਹੀ ਜ਼ਿਲ੍ਹਾ ਹੈੱਡਕੁਆਰਟਰ ਸੀ। ਉਸ ਵੇਲੇ ਅੰਬਾਲੇ ਦੇ ਡੀ.ਸੀ. ਸਰਦਾਰ ਐੱਮ.ਐੱਸ. ਗਿੱਲ ਸਨ (ਜੋ ਬਾਅਦ ਵਿਚ ਐਮ.ਪੀ. ਅਤੇ ਕੇਂਦਰ ਸਰਕਾਰ ਦੇ ਮੰਤਰੀ ਵੀ ਬਣੇ)। ਉਹਨਾਂ ਨੇ ਰੈੱਡ ਕਰਾਸ ਵਿਖੇ ਇਕ ਸਮਾਗਮ ਕਰਾਇਆ, ਜਿਸ ਵਿਚ ਸ਼ਹੀਦ ਫੌਜੀਆਂ ਦੀਆਂ ਪਤਨੀਆਂ ਨੂੰ ਸਨਮਾਨਿਤ ਕਰਨਾ ਸੀ। ਸ਼ਹੀਦਾਂ ਦੀਆਂ ਪਤਨੀਆਂ ਸਨਮਾਨ ਲੈਣ ਵੇਲੇ ਇਸ ਤਰ੍ਹਾਂ ਰੋ ਰਹੀਆਂ ਸਨ ਜਿਵੇਂ ਉਹਨਾਂ ਪਾਸ ਕੁਝ ਵੀ ਨਾ ਬਚਿਆ ਹੋਵੇ। ਗੱਲ ਹੈ ਵੀ ਇਹੀ ਸੀ। ਜਿਸ ਪਤਨੀ ਦਾ ਸੁਹਾਗ ਲੁੱਟ ਜਾਂਦਾ ਹੈ, ਉਸ ਪਾਸ ਜਿਊਣ ਦਾ ਕੋਈ ਮਕਸਦ ਰਹਿ ਹੀ ਨਹੀਂ ਜਾਂਦਾ। ਸਾਡੀ ਰੈਜੀਮੈਂਟ ਦੇ ਬਹੁਤ ਪਰਿਵਾਰ ਮਹਾਰਾਸ਼ਟਰ ਦੇ ਪਿੰਡਾਂ ਦੇ ਸਨ। ਚਾਹੇ ਅਸੀਂ ਸ਼ਹਿਰ ਵਿਚ ਹੀ ਪੜ੍ਹੇ

ਪਰ ਪਿੰਡਾਂ ਵਿਚ ਅਕਸਰ ਜਾਣ ਦਾ ਮੌਕਾ ਮਿਲਦਾ ਸੀ। ਵਿਧਵਾਵਾਂ ਦੀ ਹਾਲਤ ਤਾਂ ਹਰ ਥਾਂ ਹੀ ਮਾੜੀ ਹੁੰਦੀ ਹੋਵੇਗੀ ਪਰ ਪਿੰਡਾਂ ਵਿਚ ਲਾਚਾਰੀ ਹੋਰ ਵੀ ਜ਼ਿਆਦਾ ਹੁੰਦੀ ਹੈ। ਸਾਡੀ ਰੈਜੀਮੈਂਟ ਦੇ ਜਵਾਨ ਮਹਾਂਰਾਸ਼ਟਰ ਦੀਆਂ ਨੀਵੀਆਂ ਜਾਤੀਆਂ ਨਾਲ ਸਬੰਧਤ ਸਨ। ਸੋਚ ਲਉ ਕਿ ਤੁਸੀਂ ਨੀਵੀਂ ਜਾਤੀ ਦੇ ਹੋ ਅਤੇ ਤੁਹਾਡਾ ਸੁਹਾਗ ਵੀ ਸਿਰ 'ਤੇ ਨਹੀਂ ਹੈ, ਕੀ ਹਾਲਤ ਹੁੰਦੀ ਹੋਵੇਗੀ।

ਸਮਾਗਮ ਸ਼ਾਮ ਨੂੰ ਪੰਜ ਕੁ ਵਜੇ ਰੈੱਡਕਰਾਸ ਦੇ ਗਰਾਊਂਡ ਵਿਚ ਸ਼ੁਰੂ ਹੋਇਆ। ਡੀ.ਸੀ. ਤੋਂ ਇਲਾਵਾ ਕਈ ਸਿਵਿਲ ਅਫ਼ਸਰ ਡਾਇਸ 'ਤੇ ਬੈਠੇ ਸਨ। ਅੰਬਾਲੇ ਦੇ ਕਾਫ਼ੀ ਗਜ਼ਟਿਡ ਅਫ਼ਸਰ ਬੁਲਾਏ ਗਏ ਸਨ। ਅਸੀਂ ਮਹਿਮਾਨਾਂ ਵਾਲੀਆਂ ਕੁਰਸੀਆਂ 'ਤੇ ਬੈਠੇ ਸੀ। ਹਰ ਇਕ ਵਿਧਵਾ ਨੂੰ ਇਕ ਸਿਲਾਈ ਮਸ਼ੀਨ ਦਿੱਤੀ ਜਾ ਰਹੀ ਸੀ। ਇਹ ਸਮਾਗਮ ਘੰਟਾ ਕੁ ਚਲਿਆ। ਬਾਅਦ ਵਿਚ ਚਾਹ ਆਦਿਕ ਪਰੋਸੀ ਗਈ। ਆਰਮੀ ਅਫ਼ਸਰ ਸਿਵਿਲ ਅਫ਼ਸਰਾਂ ਨੂੰ ਮਿਲ ਰਹੇ ਸੀ।

ਮੇਰੇ ਭਾਵਨਾਤਮਿਕ ਮਨ ਨੂੰ ਇਹ ਦੇਖ ਕੇ ਬਹੁਤ ਠੇਸ ਲੱਗੀ। ਮੈਂ ਸੋਚਿਆ ਕਿ ਇਕ ਮਾਂ ਆਪਣਾ ਪੁੱਤਰ ਜਵਾਨ ਕਰਕੇ ਫੌਜ ਵਿਚ ਭੇਜਦੀ ਹੈ। ਕੀ ਦੇਸ਼ ਉਹਨਾਂ ਦੀਆਂ ਪਤਨੀਆਂ ਨੂੰ ਸਿਲਾਈ ਦੀ ਮਸ਼ੀਨ ਦੇ ਕੇ ਉਹਨਾਂ ਦਾ ਅਹਿਸਾਨ ਚੁਕਾਉਂਦਾ ਹੈ। ਫਿਰ ਮੈਂ ਦੇਸ਼ ਦੀ ਗਰੀਬੀ ਬਾਰੇ ਸੋਚਿਆ ਕਿ ਜੇ ਸਾਡੇ ਦੇਸ਼ ਪਾਸ ਸਾਧਨ ਹੈ ਹੀ ਨਹੀਂ ਤਾਂ ਸ਼ਹੀਦ ਦੀ ਪਤਨੀ ਨੂੰ ਹੋਰ ਕੀ ਮਿਲ ਸਕਦਾ ਹੈ।ਕਈ ਦਿਨਾਂ ਤੱਕ ਮੈਂ ਇਸ ਗੱਲ ਤੇ ਵਿਚਾਰ ਕਰਦਾ ਰਿਹਾ ਤੇ ਇਹ ਸੋਚਦਾ ਰਿਹਾ ਕਿ ਫੌਜ ਵਿਚ ਕੁਝ ਸਾਲਾਂ ਲਈ ਤਾਂ ਸਾਨੂੰ ਜਾਣਾ ਚਾਹੀਦਾ ਹੈ, ਉਸ ਤੋਂ ਬਾਅਦ ਸਿਵਿਲ ਅਦਾਰਿਆਂ ਵਿਚ ਸਥਾਪਿਤ ਹੋ ਜਾਵੇ। ਵਿਆਹਿਆ ਵਰਿਆ ਫੌਜੀ ਜੇ ਲੜਾਈ ਵਿਚ ਸ਼ਹੀਦ ਹੋ ਜਾਵੇ ਤਾਂ ਉਹ ਆਪਣੀ ਵਿਧਵਾ ਪਤਨੀ ਅਤੇ ਯਤੀਮ ਬੱਚੇ ਪਿੱਛੇ ਛੱਡ ਜਾਂਦਾ ਹੈ।

ਮੇਰੇ 'ਤੇ ਇਸ ਘਟਨਾ ਦਾ ਏਨਾ ਅਸਰ ਹੋਇਆ ਕਿ ਮੈਂ ਸੋਚਿਆ ਕਿ ਜੇ ਫੌਜ ਵਿਚ ਹੀ ਰਹਿਣਾ ਹੈ ਤਾਂ ਲੜਾਈਆਂ ਤਾਂ ਚਲਦੀਆਂ ਹੀ ਰਹਿਣੀਆਂ ਹਨ। ਜੇ ਫੌਜ ਵਿਚ ਰਹਿਣਾ ਹੈ ਤਾਂ ਬਹਾਦਰੀ ਤੇ ਦ੍ਰਿੜ੍ਹਤਾ ਨਾਲ ਕੰਮ ਕਰਨਾ ਹੈ। ਜੀਵਨ ਜ਼ੋਖਮ ਵਿਚ ਤਾਂ ਰਹੇਗਾ ਹੀ। ਇਸ ਲਈ ਨਿੱਜੀ ਤੌਰ ਤੇ ਮੈਂ ਸੋਚਿਆ ਕਿ ਜੇ ਮੈਂ ਫੌਜ ਵਿਚ ਰਿਹਾ ਜਾਂ ਇਨਫੈਂਟਰੀ ( ਪੈਦਲ ਸੈਨਾ) ਵਿਚ ਰਿਹਾ ਤਾਂ ਮੈਂ ਕਦੇ ਵੀ ਵਿਆਹ ਨਹੀਂ ਕਰਵਾਉਣਾ।

ਮੇਰੇ ਪਿਤਾ ਕਦੇ ਕਦਾਈ ਮੇਰੇ ਵਿਆਹ ਬਾਰੇ ਪੁੱਛਦੇ ਸਨ ਤਾਂ ਮੈਂ ਪਿਤਾ ਜੀ ਨੂੰ ਇਹ ਕਹਿ ਦਿੰਦਾ ਸੀ," ਜਦ ਤੱਕ ਮੈਂ ਫੌਜ ਵਿਚ ਹਾਂ, ਮੈਂ ਵਿਆਹ ਕਰਾ ਕੇ ਪਤਨੀ ਨੂੰ ਵਿਧਵਾ ਅਤੇ ਬੱਚਿਆਂ ਨੂੰ ਯਤੀਮ ਨਹੀਂ ਛੱਡਣਾ ਚਾਹੁੰਦਾ।"

ਕਈ ਸਿਵਲ ਦੇ ਦੋਸਤ ਪੁੱਛਦੇ ਕਿ ਜਦੋਂ ਤੁਸੀਂ ਫੌਜ ਤੋਂ ਵਾਪਸ ਆਉਗੇ ਤਾਂ ਤੁਹਾਡੀ ਉਮਰ ਵੱਡੀ ਹੋ ਜਾਵੇਗੀ। ਮੈਂ ਉਹਨਾਂ ਨੂੰ ਕਹਿ ਦਿੰਦਾ ਕਿ ਜਿਹੋ ਜਿਹੀ ਉਮਰ ਹੋਵੇਗੀ, ਉਹੋ ਜਿਹੀ ਲੜਕੀ ਵਿਆਹ ਲਵਾਂਗਾ। ਜਿਵੇਂ ਕਿ ਮੇਰੀ ਉਮਰ 35 ਸਾਲ ਦੀ

ਹੋਈ ਤਾਂ 30 ਸਾਲ ਦੀ ਲੜਕੀ ਨਾਲ ਵਿਆਹ ਕਰਵਾ ਲਵਾਂਗਾ। ਕਿਸੇ ਰਿਸ਼ਤੇਦਾਰ ਨੇ ਪੁੱਛਿਆ ਕਿ ਜੇ 40/45 ਵਰ੍ਹਿਆਂ ਤੱਕ ਫੌਜ ਵਿਚ ਰਹਿਣਾ ਪਿਆ ਤਾਂ ਫਿਰ ਕੀ ਕਰੋਗੇ। ਮੈਂ ਕਹਿ ਦਿੰਦਾ, ਜੇ ਨਾ ਵਿਆਹ ਹੋਵੇ ਤਾਂ ਨਾ ਹੀ ਸਹੀ। ਅੱਗੇ ਪੁੱਛਦੇ ਕਿ ਬੁਢਾਪਾ ਕਿਵੇਂ ਲੰਘੇਗਾ? ਮੈਂ ਕਹਿ ਦਿੰਦਾ, ਜਿਸ ਨੂੰ ਜ਼ਮੀਨ ਅਤੇ ਪੈਸੇ ਦੇਵਾਂਗੇ, ਕੋਈ ਖਿਆਲ ਤਾਂ ਕਰੇਗਾ ਹੀ। ਇਕ ਰਿਸ਼ਤੇਦਾਰ ਪੁੱਛਦਾ ਕਿ ਸ਼ਹਿਰ ਵਿਚ ਰਹੋਗੇ ਜਾਂ ਪਿੰਡ ਵਿਚ। ਮੈਂ ਜਵਾਬ ਵਿਚ ਕਹਿ ਦਿੰਦਾ ਕਿ ਪਿੰਡ ਵਿਚ ਰਹਾਂਗੇ। ਸਾਡੇ ਪਿੰਡ ਇਕ ਬਹੁਤ ਵੱਡੀ ਬਨਾਉਟੀ ਝੀਲ ਸੀ, ਜਿਸ ਦਾ ਨਾਮ ਭੁਪਿੰਦਰਾ ਸਾਗਰ ਸੀ। ਬਿਲਕੁਲ ਉਸ ਦੇ ਨਾਲ ਲਗਦਾ ਸਾਡਾ ਇਕ ਖੇਤ ਸੀ, ਉਥੇ ਮਕਾਨ ਪਾ ਕੇ ਰਿਹਾ ਕਰਾਂਗਾ ਅਤੇ ਕਦੇ ਕਦੇ ਕਿਸ਼ਤੀ ਚਲਾਇਆ ਕਰਾਂਗੇ। ਮੇਰੀਆਂ ਲੋੜਾਂ ਆਮ ਬੰਦਿਆਂ ਨਾਲੋਂ ਘੱਟ ਹਨ।

## ਨਾਗਾਲੈਂਡ:

ਦਸੰਬਰ 1966 ਦੇ ਅਖੀਰ ਵਿਚ ਦੋ ਮਹਾਰ ਪਲਟਨ ਨੂੰ ਨਾਗਾਲੈਂਡ ਦੇ ਇਲਾਕੇ ਵਿਚ ਜਾਣ ਦੇ ਹੁਕਮ ਆ ਗਏ, ਜਿਥੇ ਅਸੀਂ 8 ਮਾਊਂਟੇਨ ਡਵੀਜ਼ਨ ਦਾ ਹਿੱਸਾ ਬਣ ਕੇ ਨਾਗਿਆਂ ਦੇ ਨਾਲ ਲੜਨਾ ਸੀ। 8 ਮਾਊਂਟੇਨ ਡਵੀਜ਼ਨ ਦਾ ਹੈੱਡਕੁਆਰਟਰ ਕੁਹੀਮਾ ਸੀ। ਪਲਟਨ ਦਾ ਹੈੱਡਕੁਆਰਟਰ ਮੈਰਨਕਾਂਗ ਹੋਣਾ ਸੀ। ਬ੍ਰਿਗੇਡ ਹੈੱਡਕੁਆਰਟਰ ਮਕੋਗਚੋਂਗ ਸੀ। ਨਾਗਾਲੈਂਡ ਦੇ ਵਾਸੀ ਈਸਾਈ ਮੱਤ ਦੇ ਅਸਰ ਹੇਠ ਸਨ। ਉਹ ਆਜ਼ਾਦ ਦੇਸ਼ ਬਣਾ ਕੇ ਰਹਿਣਾ ਚਾਹੁੰਦੇ ਸਨ। ਉਹਨਾਂ ਨੇ ਅੰਡਰ ਗਰਾਊਂਡ ਆਰਮੀ ਬਣਾਈ ਹੋਈ ਸੀ, ਜਿਸ ਨਾਲ ਭਾਰਤੀ ਫੌਜ ਨੇ ਸੁਲਝਣਾ ਸੀ। ਇਹ ਸਥਿਤੀ ਆਮ ਲੜਾਈ ਨਾਲੋਂ ਅਲੱਗ ਹੁੰਦੀ ਹੈ। ਅਸੀਂ ਖੇਮਕਰਨ (ਪੰਜਾਬ) ਦੇ ਇਲਾਕੇ ਵਿਚ ਲੜ ਰਹੇ ਸੀ। ਗੱਲ ਬੜੀ ਸਿੱਧੀ ਸੀ, ਪਿੱਛੇ ਦੋਸਤ ਸੀ ਅਤੇ ਅੱਗੇ ਦੁਸ਼ਮਣ। ਦੋਸਤ ਸਾਨੂੰ ਰੋਟੀ ਖਵਾਂਦੇ ਸੀ ਤੇ ਹਰ ਤਰ੍ਹਾਂ ਦੀ ਦੁਸ਼ਮਣ ਬਾਰੇ ਖਬਰ ਦਿੰਦੇ ਸੀ। ਅੱਗੇ ਦੁਸ਼ਮਣ ਸੀ ਜਿਹਨਾਂ ਨਾਲ ਅਸੀਂ ਲੜਨਾ ਸੀ।

ਅਸੀਂ ਟ੍ਰੇਨ ਵਿਚ ਅੰਬਾਲਾ ਤੋਂ ਨਾਗਾਲੈਂਡ ਜਾ ਰਹੇ ਸੀ। ਇਹ ਤਕਰੀਬਨ ਦੋ ਦਿਨਾਂ ਦਾ ਰਸਤਾ ਸੀ। ਰਸਤੇ ਵਿਚ ਹੀ ਪਲਟਨ ਨੂੰ ਪਤਾ ਲੱਗਾ ਕਿ ਪਲਟਨ ਨੂੰ ਇਕ ਕੰਪਨੀ ਏਅਰਬੋਰਨ ਵੀ ਮਿਲੀ ਹੈ। ਏਅਰਬੋਰਨ ਦਾ ਅਰਥ ਹੁੰਦਾ ਹੈ, ਜਿਸ ਕੰਪਨੀ ਦਾ ਸਮਾਨ ਜਾਂ ਰਾਸ਼ਨ ਆਦਿਕ ਹਵਾਈ ਜਹਾਜ਼ਾਂ ਰਾਹੀਂ ਪਹੁੰਚਾਇਆ ਜਾਂਦਾ ਹੈ। ਇਸ ਪਿੰਡ ਦਾ ਨਾਮ ਲੋਂਗਸ਼ੋਂਗ ਸੀ। ਇਹ ਮਰਿਆਨੀ ਤੋਂ ਮਕੋਗਚੋਂਗ ਨੂੰ ਪੱਕੀ ਸੜਕ ਜਾਂਦੀ ਸੀ। ਮਰਿਆਨੀ ਆਖਰੀ ਰੇਲਵੇ ਸਟੇਸ਼ਨ ਸੀ। ਜਿਸ ਤੋਂ ਅੱਗੇ ਸੜਕ ਰਾਹੀਂ ਨਾਗਾਲੈਂਡ ਵਿਚ ਜਾਣਾ ਸੀ। ਮਕੋਗਚੋਂਗ ਸਾਡਾ ਬ੍ਰਿਗੇਡ ਹੈੱਡਕੁਆਰਟਰ ਸੀ। ਮੈਰਨਕਾਂਗ ਸਾਡਾ ਪਲਟਨ ਦਾ ਹੈੱਡਕੁਆਰਟਰ ਸੀ। ਇਹ ਮੈਰਨਕਾਂਗ ਅਤੇ ਮਕੋਗਚੋਂਗ ਤੋਂ ਇਕ ਕੱਚੀ ਸੜਕ ਜਾਂਦੀ ਸੀ, ਜੋ ਜੰਗਲ ਵਿਚ ਸੀ। ਹੁਣ ਸਮੱਸਿਆ ਇਹ ਪੈਦਾ ਹੋ ਗਈ ਕਿ ਇਸ ਖਤਰਨਾਕ ਜਗ੍ਹਾ ਤੇ ਕੌਣ ਜਾਵੇ? ਸਾਰੇ ਹੀ ਕੰਪਨੀ

ਕਮਾਂਡਰਾਂ ਨੂੰ ਵਾਰੀ ਵਾਰੀ ਪੁਛਿਆ ਗਿਆ ਕਿ ਕਿਸ ਦੀ ਕੰਪਨੀ ਲੋਂਗਸ਼ੋਂਗ ਭੇਜੀ ਜਾਵੇ। ਸਾਰੇ ਹੀ ਅਫ਼ਸਰਾਂ ਨੇ ਕਰਨਲ ਸੂਦ ਨੂੰ ਕਿਹਾ,“ ਸਰ ਅਮਰਜੀਤ ਬਹਾਦਰ ਯੋਧਾ ਹੈ। ਤੁਸੀਂ ਉਸ ਨੂੰ ਬੇਨਤੀ ਕਰੋ, ਉਹ ਖੁਸ਼ੀ ਨਾਲ ਚਲਾ ਜਾਵੇਗਾ।” ਸਿਲੀਗੁੜੀ ਰੇਲਵੇ ਸਟੇਸ਼ਨ ਦੇ ਨੇੜੇ ਮੈਨੂੰ ਕਰਨਲ ਸੂਦ ਦਾ ਸੁਨੇਹਾ ਆਇਆ ਕਿ ਮੈਂ ਉਹਨਾਂ ਨੂੰ ਉਹਨਾਂ ਦੇ ਡੱਬੇ ਵਿਚ ਜਾ ਕੇ ਮਿਲਾਂ। ਜਦੋਂ ਇਕ ਸਟੇਸ਼ਨ ਤੇ ਗੱਡੀ ਰੁਕੀ ਤਾਂ ਮੈਂ ਜਾ ਕੇ ਕਰਨਲ ਸੂਦ ਨੂੰ ਉਹਨਾਂ ਦੇ ਡੱਬੇ ਵਿਚ ਮਿਲਿਆ। ਉਹਨਾਂ ਨੇ ਮੈਨੂੰ ਇਜ਼ਤ ਮਾਣ ਨਾਲ ਬਿਠਾਇਆ, ਵਿਸਕੀ ਪਿਆਈ ਅਤੇ ਸਾਰੀ ਗੱਲ ਕਹਿਣ ਲੱਗੇ। ਮੈਂ ਕਿਹਾ,“ ਸਰ ਮੈਂ ਆਜ਼ਾਦ ਇਨਸਾਨ ਹਾਂ। ਮੈਂ ਖੁਸ਼ੀ ਖੁਸ਼ੀ ਚਲਾ ਜਾਵਾਂਗਾ। ਤੁਹਾਨੂੰ ਬਹਾਦਰ ਬੰਦਾ ਚਾਹੀਦਾ ਹੈ ਅਤੇ ਮੈਨੂੰ ਆਜ਼ਾਦੀ।”

ਮੈਨੂੰ ਡੈਲਟਾ ਕੰਪਨੀ ਦਾ ਕਮਾਂਡਰ ਬਣਾ ਕੇ ਲੋਂਗਸ਼ੋਂਗ ਭੇਜ ਦਿੱਤਾ ਗਿਆ। ਇਹ ਉਹੀ ਡੈਲਟਾ ਕੰਪਨੀ ਸੀ ਜੋ ਲੜਾਈ ਵੇਲੇ ਮੈਂ ਕਮਾਂਡ ਕੀਤੀ ਸੀ। 110 ਜਵਾਨਾਂ ਦੀ ਨਫਰੀ ਵਾਲੀ ਇਹ ਕੰਪਨੀ ਲੈ ਕੇ ਮੈਂ ਲੋਂਗਸ਼ੋਂਗ ਪਹੁੰਚ ਗਿਆ। ਲੋਂਗਸ਼ੋਂਗ ਛੋਟਾ ਜਿਹਾ ਪਿੰਡ ਸੀ। ਇਹ ਪਿੰਡ ਇਕ ਪਹਾੜੀ ਤੇ ਸੀ ਅਤੇ ਕੰਪਨੀ ਹੈੱਡਕੁਆਰਟਰ ਦੂਜੀ ਪਹਾੜੀ ਤੇ ਸੀ। ਪਿੰਡ ਵਿਚ ਇਕ ਸਕੂਲ ਸੀ, ਜਿਸ ਦਾ ਹੈੱਡਮਾਸਟਰ ਸਿਰਫ ਇਕ ਦੋ ਦਿਨ ਹੀ ਬੱਚਿਆਂ ਨੂੰ ਪੜ੍ਹਾਉਣ ਆਉਂਦਾ ਸੀ। ਇਸ ਇਲਾਕੇ ਵਿਚ ਉਹੀ ਇਕੱਲਾ ਵਿਅਕਤੀ ਸੀ, ਜੋ ਥੋੜ੍ਹੀ ਬਹੁਤ ਹਿੰਦੀ ਜਾਣਦਾ ਸੀ। ਮੈਂ ਉਸ ਨੂੰ ਚਾਹ ਲਈ ਆਪਣੇ ਬਾਸ਼ੇ ਵਿਚ ਬੁਲਾ ਲੈਂਦਾ ਸੀ। ਬਾਸ਼ਾ ਬਾਂਸ ਅਤੇ ਫੂਸ ਦੀ ਮੱਦਦ ਨਾਲ ਬਣਾਇਆ ਹੋਇਆ ਢਾਂਚਾ ਸੀ, ਜੋ ਕਿ ਨਾਗਾ ਦੇ ਲੋਕ ਘੰਟਿਆਂ ਵਿਚ ਹੀ ਖੜ੍ਹਾ ਕਰ ਦਿੰਦੇ ਸੀ। ਉਹ ਮਿੰਟਾਂ ਵਿਚ ਹੀ ਬਾਂਸ ਨੂੰ ਪਾੜ ਕੇ ਉਸ ਦੇ ਦਰਵਾਜ਼ੇ ਬਣਾ ਦਿੰਦੇ ਸਨ। ਇਹ ਬਾਸ਼ਾ ਬਹੁਤ ਛੋਟਾ ਵੀ ਹੁੰਦਾ ਹੈ ਅਤੇ ਬਹੁਤ ਵੱਡਾ ਵੀ। ਕਦੇ ਕਦਾਈਂ ਮੈਂ ਹੈੱਡਮਾਸਟਰ ਨੂੰ ਸਕੂਲ ਵਿਚ ਮਿਲਣ ਚਲਾ ਜਾਂਦਾ ਸੀ। ਉਸ ਤੋਂ ਇਲਾਵਾ ਮੇਰਾ ਕੋਈ ਹੋਰ ਸਾਥ ਨਹੀਂ ਸੀ।

ਪਿੰਡ ਅਤੇ ਸਾਡੀ ਪੁਜੀਸ਼ਨ ਵਿਚਾਲੇ ਇਕ ਟੇਬਲ ਟਾਪ ਜਿਹੀ ਉਚੀ ਪਹਾੜੀ ਸੀ ਜੋ ਸਾਡਾ ਹੈਲੀਪੈਡ ਸੀ। ਹਰ ਹੈਲੀਪੈਡ ਦਾ ਨੰਬਰ ਹੁੰਦਾ ਹੈ ਜੋ ਕਿ ਖਾਲੀ ਲੋਹੇ ਦੇ ਡੱਬਿਆਂ ਨੂੰ ਮੂੱਧਾ ਮਾਰ ਕੇ ਦਿਖਾਇਆ ਜਾਂਦਾ ਸੀ। ਜਦੋਂ ਵੀ ਜੁਰਹਾਟ ਤੋਂ ਸਾਡੇ ਲਈ ਰਾਸ਼ਨ ਆਦਿ ਆਉਂਦਾ ਸੀ, ਅਸੀਂ ਹੈਲੀਪੈਡ ਦੇ ਨੇੜੇ ਅੱਗ ਬਾਲ ਕੇ ਧੂੰਆਂ ਕਰ ਦਿੰਦੇ ਸੀ। ਧੂੰਏ ਦੀ ਮੱਦਦ ਨਾਲ ਏਅਰ ਫੋਰਸ ਅਫ਼ਸਰ ਸਮਾਨ ਸੁਟਦੇ ਸਨ। ਦਾਲਾਂ ਅਤੇ ਖੰਡ ਆਦਿ ਡੱਬਲ ਬੋਰੀ ਬੰਨ੍ਹ ਕੇ ਅੱਧੀ ਖਾਲੀ ਰੱਖ ਦਿੰਦੇ ਸਨ ਤਾਂ ਜੋ ਬੋਰੀ ਫੱਟ ਨਾ ਜਾਵੇ। ਬੱਕਰੇ ਜਾਂ ਭੇਡੂ ਲੱਕੜ ਦੇ ਕਰੇਟ ਨਾਲ ਬੰਨ੍ਹ ਕੇ ਉਥੇ ਪੈਰਾਸ਼ੂਟ ਛੱਤਰੀ ਲਾ ਕੇ ਛੱਡ ਦਿੰਦੇ ਸਨ। ਕਈ ਵਾਰ ਸਮਾਨ ਖੱਬੇ ਸੱਜੇ ਵੀ ਡਿੱਗ ਪੈਂਦਾ ਸੀ। ਉਸ ਤੋਂ ਬਾਅਦ ਅਸੀਂ ਟੈਲੀਗ੍ਰਾਮ ਰਾਹੀਂ ਜੁਰਹਾਟ ਦੱਸ ਦਿੰਦੇ ਸੀ ਕਿ ਕਿਹੜਾ ਸਮਾਨ ਸਾਨੂੰ ਮਿਲਿਆ ਹੈ ਅਤੇ ਕਿਹੜਾ ਨਹੀਂ।

ਖਰਾਬ ਮੌਸਮ ਵਾਸਤੇ ਸਾਨੂੰ ਰੱਮ ਦਿੱਤੀ ਜਾਂਦੀ ਸੀ। ਮੇਰੇ ਆਦਰਸ਼ਾਂ ਅਨੁਸਾਰ ਸਿਪਾਹੀਆਂ ਨੂੰ ਜ਼ਿਆਦਾ ਰੱਮ ਪੀਣ ਦੀ ਆਗਿਆ ਨਹੀਂ ਸੀ। ਜਵਾਨਾਂ ਨੂੰ ਲੋੜ ਤੋਂ ਵੱਧ ਰੱਮ ਪਿਲਾਉਣਾ ਮੈਨੂੰ ਚੰਗਾ ਨਹੀਂ ਲੱਗਦਾ ਸੀ। ਜਿਸ ਕਰਕੇ ਰੱਮ ਕਾਫ਼ੀ ਬਚ ਜਾਂਦੀ ਸੀ। ਆਮ ਤੌਰ ਤੇ ਛੁਟੀਆਂ ਵਿਚ ਹਰ ਸਿਪਾਹੀ ਨੂੰ ਇਕ ਰੱਮ ਦੀ ਬੋਤਲ ਲਿਜਾਣ ਦੀ ਆਗਿਆ ਸੀ। ਮੈਂ ਸਿਪਾਹੀਆਂ ਨੂੰ ਤਿੰਨ ਬੋਤਲਾਂ ਘਰ ਲਿਜਾਣ ਲਈ ਦੇ ਦਿੰਦਾ ਸੀ ਕਿਉਂਕਿ ਇਹ ਉਹਨਾਂ ਦੀ ਹੀ ਰੱਮ ਸੀ।

ਕੁਝ ਦਿਨਾਂ ਬਾਅਦ ਮੈਂ ਮਹਿਸੂਸ ਕੀਤਾ ਕਿ ਇਥੇ ਸਮਾਂ ਬਤੀਤ ਕਰਨਾ ਬਹੁਤ ਔਖਾ ਹੈ। ਅਸੀਂ ਸ਼ਾਮ ਨੂੰ ਕਬੱਡੀ ਖੇਡਣੀ ਸ਼ੁਰੂ ਕਰ ਦਿੱਤੀ। ਨਾਗਾਲੈਂਡ ਵਿਚ ਕੱਚੀਆਂ ਪਹਾੜੀਆਂ ਹਨ। ਅਸੀਂ ਢਾਲ 'ਤੇ ਮਿੱਟੀ ਪੁੱਟ ਲੈਂਦੇ ਸੀ ਤੇ ਥਾਂ ਕਬੱਡੀ ਖੇਡਣ ਦੇ ਯੋਗ ਬਣਾ ਲੈਂਦੇ ਸੀ। ਮੇਰੇ ਹੱਥ ਅਤੇ ਪਿੱਠ ਬਹੁਤ ਮਜਬੂਤ ਸਨ। ਮੈਂ ਕਾਫ਼ੀ ਅੱਛੀ ਕਬੱਡੀ ਖੇਡਦਾ ਸੀ। ਰੱਖਿਆ ਲਈ ਅਸੀਂ ਦੋਨੋਂ ਪਾਸੇ ਲਾਈਟ ਮਸ਼ੀਨ ਗਨਾਂ ਲਗਾ ਦਿੰਦੇ ਸੀ ਤਾਂ ਜੋ ਸਾਡੇ ਤੇ ਅਚਨਚੇਤ ਹਮਲਾ ਨਾ ਹੋ ਜਾਵੇ। ਉਥੇ ਫਸਟ ਏਡ ਦਾ ਡਿੱਬਾ ਵੀ ਰੱਖ ਲੈਂਦੇ ਸੀ ਤਾਂ ਕਿ ਕੋਈ ਸੱਟ ਆਦਿ ਵੱਜੇ ਤਾਂ ਉਸ ਦਾ ਤੁਰੰਤ ਇਲਾਜ ਹੋ ਸਕੇ।

ਮੈਂ ਜੁਰਹਾਟ (ਅਸਾਮ) ਤੋਂ ਸ਼ੈਕਸਪੀਅਰ ਦੀ ਸਾਰੀਆਂ ਲਿਖਤਾਂ ਦੀ ਕਿਤਾਬ ਲੈ ਆਂਦੀ ਅਤੇ ਉਸ ਨੂੰ ਪੜ੍ਹਦਾ ਰਹਿੰਦਾ। ਮੈਂ ਆਪਣੇ ਬਾਸ਼ੇ ਦੇ ਅੱਗੇ ਛੋਟਾ ਜਿਹਾ ਵਰਾਂਡਾ ਬਣਵਾ ਲਿਆ ਸੀ, ਜਿਸ ਵਿਚ ਬੈਠ ਕੇ ਮੈਂ ਪਹਾੜੀਆਂ ਦੀ ਸੁੰਦਰਤਾ ਦੇਖਦਾ। ਇਸ ਇਲਾਕੇ ਵਿਚ ਛੋਟੇ-ਛੋਟੇ ਬੱਦਲ ਵੀ ਪਹਾੜੀਆਂ ਦੇ ਦੁਆਲੇ ਘੁੰਮਦੇ ਰਹਿੰਦੇ ਸਨ। ਮੈਂ ਇਹ ਨਜ਼ਾਰਾ ਪਹਿਲੀ ਵਾਰੀ ਦੇਖਿਆ ਸੀ।

ਮੈਂ ਕਈ ਕਿਸਮ ਦੇ ਮੀਟ ਬਣਾਉਣ ਦੀ ਕੋਸ਼ਿਸ਼ ਕਰਦਾ ਸੀ। ਜਦੋਂ ਬਕਰੇ ਹਵਾਈ ਜਹਾਜ਼ ਰਾਹੀਂ ਸਾਡੇ ਪਾਸ ਸੁਟਦੇ ਤਾਂ ਮੈਂ ਕੋਈ ਲੈਗ ਪੀਸ ਮੰਗਵਾ ਲੈਂਦਾ ਸੀ ਤੇ ਉਸ 'ਤੇ ਤਜ਼ਰਬੇ ਕਰਦਾ ਰਹਿੰਦਾ ਸੀ।

ਪਹਿਲਾਂ ਪਹਿਲ ਤਾਂ ਮੈਂ ਝਿਜਕਦਾ ਰਿਹਾ ਪਰ ਕੁਝ ਦਿਨਾਂ ਬਾਅਦ ਮੈਂ ਸੋਚਿਆ ਕਿ ਜੇ ਮੈਂ ਕਿਸੇ ਨਾਲ ਗੱਲ ਨਹੀਂ ਕਰਾਂਗਾ ਤਾਂ ਮੈਂ ਪਾਗਲ ਹੋ ਜਾਵਾਂਗਾ। ਮੈਂ ਸੂਬੇਦਾਰ ਸ਼ਿਵਾ ਜੀ ਬੋਂਸਲੇ ਨੂੰ ਕਿਹਾ ਕਿ ਕੁਝ ਦੋ ਤਿੰਨ ਸਿਪਾਹੀ ਬੁਲਾ ਲੋ। ਮੈਂ ਉਹਨਾਂ ਨਾਲ ਤਾਸ਼ ਖੇਡਣੀ ਸ਼ੁਰੂ ਕਰ ਦਿੱਤੀ। ਇਸ ਤਰੀਕੇ ਨਾਲ ਮੇਰਾ ਸਮਾਂ ਠੀਕ ਤਰ੍ਹਾਂ ਬਤੀਤ ਹੋਣ ਲੱਗਾ।

ਨਾਗਾਲੈਂਡ ਦੇ ਲੋਕਾਂ 'ਤੇ ਇਸਾਈ ਧਰਮ ਦਾ ਬਹੁਤ ਅਸਰ ਸੀ। ਤਕਰੀਬਨ ਹਰ ਵੱਡੇ ਛੋਟੇ ਸ਼ਹਿਰ ਵਿਚ ਇਕ ਗਿਰਜਾ ਘਰ ਬਣਿਆ ਹੁੰਦਾ ਸੀ। ਮੇਰਾ ਸੁਭਾਅ ਮਿਲਣਸਾਰ ਹੋਣ ਕਰਕੇ ਮੈਂ ਇਕ ਦਿਨ ਲੋਂਗਸ਼ੋਂਗ ਦੇ ਗਿਰਜ਼ਾ ਘਰ ਚਲਾ ਗਿਆ। ਤਿੰਨ ਚਾਰ ਜਵਾਨ ਵੀ ਮੇਰੇ ਨਾਲ ਸਨ। ਉਥੇ ਹੀ ਦੋ ਤਿੰਨ ਅੰਡਰ ਗਰਾਊਂਡ ਨਾਗਾ ਆਰਮੀ ਦੇ ਬੰਦੇ ਪਹਿਲਾਂ ਹੀ ਬੈਠੇ ਸਨ। ਮੈਂ ਆਪਣੇ ਜਵਾਨਾਂ ਨੂੰ ਕਿਹਾ ਕਿ

ਆਪਾਂ ਪਹਿਲਾਂ ਗੋਲੀ ਨਹੀਂ ਚਲਾਉਣੀ। ਜੇ ਉਹ ਗੋਲੀ ਚਲਾਉਣਗੇ ਤਾਂ ਆਪਾਂ ਜ਼ਰੂਰ ਮੁਕਾਬਲਾ ਕਰਾਂਗੇ ਪਰ ਉਹਨਾਂ ਨੇ ਗੋਲੀ ਨਹੀਂ ਚਲਾਈ। ਇਸ ਤੋਂ ਬਾਅਦ ਮੈਂ ਸੋਚਿਆ ਕਿ ਸਾਡੇ ਲਈ ਗਿਰਜਾ ਘਰ ਜਾਣਾ ਵੀ ਮਹਿਫੂਜ਼ ਨਹੀਂ ਹੈ। ਇਹ ਲੋਕ ਇੰਡੀਅਨ ਆਰਮੀ ਨੂੰ ਵੀ ਵਿਦੇਸ਼ੀ ਆਰਮੀ ਸਮਝਦੇ ਸੀ। ਨਾਗਾ ਆਪਣੀ ਆਜ਼ਾਦੀ ਲਈ ਭਾਰਤ ਨਾਲ ਲੜ ਰਿਹਾ ਸੀ।

ਅਪ੍ਰੈਲ 1967 ਦੇ ਪਹਿਲੇ ਹਫ਼ਤੇ ਬ੍ਰਿਗੇਡੀਅਰ ਸੁਖਪਾਲ ਸਿੰਘ ਸਾਡੀ ਇੰਸਪੈਕਸ਼ਨ ਤੇ ਆਏ। ਮੇਰਾ ਕੰਮਕਾਜ਼ ਅਤੇ ਆਤਮ ਵਿਸ਼ਵਾਸ ਦੇਖ ਕੇ ਉਹ ਬਹੁਤ ਖੁਸ਼ ਹੋਏ। ਮੈਂ ਕਿਹਾ ਸਰ ਮੇਰੇ ਕੋਲ ਬੀਅਰ ਤਾਂ ਨਹੀਂ ਹੈ ਪਰ ਸਕੌਚ ਵਿਸਕੀ ਦੀ ਇਕ ਬੋਤਲ ਪਈ ਹੈ। ਬ੍ਰਿਗੇਡੀਅਰ ਸਾਹਿਬ ਕਹਿਣ ਲੱਗੇ,“ ਕੀ ਤੁਸੀਂ ਸਕੌਚ ਵਿਸਕੀ ਹੀ ਪੀਂਦੇ ਹੋ?” ਮੈਂ ਕਿਹਾ,“ ਸਰ ਮੈਂ ਤਿੰਨ ਮਹੀਨੇ ਤੋਂ ਆਫ ਡਰਿੰਕ ਹਾਂ। ਜੇ ਤੁਸੀਂ ਚਾਹੋ ਤਾਂ ਮੈਂ ਤੁਹਾਡੇ ਲਈ ਖੋਲ੍ਹ ਸਕਦਾ ਹਾਂ।” ਬ੍ਰਿਗੇਡੀਅਰ ਸਾਹਿਬ ਕਹਿਣ ਲੱਗੇ,“ ਤੁਸੀਂ ਅਮੀਰ ਅਫ਼ਸਰ ਹੋ?” ਮੈਂ ਕਿਹਾ,“ ਜੀ ਬਿਲਕੁਲ ਨਹੀਂ। ਮੇਰੇ ਬਾਪ, ਦਾਦਾ ਜ਼ਰੂਰ ਅਫ਼ਸਰ ਸਨ ਪਰ ਅਸੀਂ ਅਮੀਰ ਨਹੀਂ ਹਾਂ।” ਕਰਨਲ ਸੂਦ ਮੇਰੀ ਤਾਰੀਫ਼ ਸੁਣ ਕੇ ਜ਼ਿਆਦਾ ਖੁਸ਼ ਨਹੀਂ ਹੋਏ। ਬ੍ਰਿਗੇਡੀਅਰ ਸੁਖਪਾਲ ਸਿੰਘ ਕਰਨਲ ਸੂਦ ਨੂੰ ਕਹਿਣ ਲੱਗੇ,“ ਮਰਿਆਨੀ ਆਪਾਂ ਨੂੰ ਚੰਗੇ ਅਫ਼ਸਰ ਦੀ ਜ਼ਰੂਰਤ ਹੈ। ਇਥੇ ਤੁਸੀਂ ਕਿਸੇ ਹੋਰ ਅਫ਼ਸਰ ਨੂੰ ਲਗਾ ਦਿਓ। ਇਹਨਾਂ ਨੂੰ ਮਰਿਆਨੀ ਭੇਜ ਦਿਓ ਤਾਂ ਕਿ ਉਥੇ ਐਡਮੀਨਿਸਟ੍ਰੇਸ਼ਨ ਠੀਕ ਹੋ ਜਾਵੇ।”

ਮੱਧ ਅਪ੍ਰੈਲ ਨੂੰ ਮੈਂ ਮਰਿਆਨੀ ਆ ਗਿਆ। ਮਰਿਆਨੀ ਬਟਾਲੀਅਨ ਦਾ ਰੇਅਰ ਹੈੱਡਕੁਆਰਟਰ ਸੀ। ਇਥੇ ਅਨੁਸ਼ਾਸਨਹੀਣਤਾ ਬਹੁਤ ਸੀ। ਮਰਿਆਨੀ ਇਕ ਰੇਲਵੇ ਜੰਕਸ਼ਨ ਸੀ। ਸਾਰੀ ਫੌਜ ਉਤੇ ਜਾਂ ਹੇਠਾਂ ਆਉਣ ਲਈ ਉਥੇ ਹੀ ਰੁਕਦੀ ਸੀ। ਸਾਡਾ ਕੰਮ ਫੌਜੀਆਂ ਨੂੰ ਰੇਲਵੇ ਸਟੇਸ਼ਨ ਛੱਡ ਕੇ ਅਤੇ ਲੈ ਕੇ ਆਉਣਾ ਸੀ। ਜਦੋਂ ਉਹ ਇਕੱਠੇ ਹੋ ਜਾਂਦੇ ਸਨ ਤਾਂ ਉਹਨਾਂ ਨੂੰ ਬਟਾਲੀਅਨ ਹੈੱਡਕੁਆਰਟਰ ਭੇਜਣਾ ਹੁੰਦਾ ਸੀ। ਇਹ ਇਕ ਛੋਟਾ ਜਿਹਾ ਸ਼ਹਿਰ ਸੀ। ਇਥੇ 100 ਗਜ ਦੀ ਦੂਰੀ ਤੇ ਸਾਡਾ ਮੈੱਸ ਸੀ। ਮੈੱਸ ਵਿਚ ਅਸੀਂ ਦੋ ਅਫ਼ਸਰ ਹੀ ਰਹਿੰਦੇ ਸੀ। ਇਕ ਫਲਾਇੰਗ ਅਫ਼ਸਰ ਐੱਨ.ਦੇਸਾਈ ਸੀ ਜੋ ਕਿ ਭਾਰਤੀ ਏਅਰ ਫੋਰਸ ਦਾ ਅਫ਼ਸਰ ਸੀ। ਮੈੱਸ ਸਾਡੀ ਮਹਾਰ ਰੈਜੀਮੈਂਟ ਦਾ ਸੀ। ਨਾਇਕ ਸ਼ਿੰਦੇ ਮੈੱਸ ਦਾ ਇੰਚਰਾਜ ਸੀ। ਅਫ਼ਸਰ ਉਥੇ ਦੋ ਚਾਰ ਘੰਟੇ ਹੀ ਰੁਕਦੇ ਸਨ।

ਮਰਿਆਨੀ, ਅਨੁਸ਼ਾਸਨ ਬਿਲਕੁਲ ਨਹੀਂ ਸੀ। ਇਕ ਦਿਨ ਮੈਂ ਕੁਝ ਹਦਾਇਤਾਂ ਦੇ ਰਿਹਾ ਸੀ ਕਿ ਇਕ ਸਿਪਾਹੀ ਨੇ ਮੇਰੇ ਤੇ ਸੋਟੀ ਚੁੱਕ ਲਈ। ਮੈਂ ਸਿਪਾਹੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ। ਸ਼ਾਇਦ ਨੇੜੇ ਖੜ੍ਹੇ ਸੂਬੇਦਾਰ ਵੀ ਤਮਾਸ਼ਾ ਦੇਖਣ ਵਿਚ ਦਿਲਚਸਪੀ ਲੈ ਰਹੇ ਸਨ। ਉਹਨਾਂ ਨੇ ਸਿਪਾਹੀ ਨੂੰ ਗ੍ਰਿਫਤਾਰ ਨਾ ਕੀਤਾ। ਮੈਂ ਦਫ਼ਤਰ ਵਿਚ ਆ ਗਿਆ ਅਤੇ ਦਰਵਾਜ਼ਾ ਬੰਦ ਕਰ ਲਿਆ। ਮੈਂ ਤਾਕੀ

ਵਿਚੋਂ ਛਾਲ ਮਾਰ ਕੇ ਆਪਣੇ ਅਫ਼ਸਰ ਮੈੱਸ ਪਹੁੰਚ ਗਿਆ। ਜਿਥੇ ਮੈਂ ਆਪਣੀ ਪ੍ਰਾਈਵੇਟ 12 ਬੋਰ ਦੀ ਗਨ ਚੁੱਕ ਲਈ ਅਤੇ ਫਿਰ ਦੁਬਾਰਾ ਆ ਗਿਆ। ਹੁਣ ਤੱਕ ਸੂਬੇਦਾਰ ਨੇ ਉਸ ਬੰਦੇ ਨੂੰ ਕੁਆਰਟਰ ਗਾਰਡ ਵਿਚ ਬੰਦ ਕਰ ਦਿੱਤਾ ਸੀ।

ਹੁਣ ਮਹਿਕਮੇ ਦੇ ਤਿੰਨ ਪ੍ਰਮੁੱਖ ਅਫ਼ਸਰ ਕਰਨਲ ਵਿਕਾਸ ਸੂਦ, ਸੈਕਿੰਡ ਇਨ ਕਮਾਂਡ ਮੇਜਰ ਪੀ.ਕੇ. ਦਾਸ ਗੁਪਤਾ ਅਤੇ ਕੈਪਟਨ ਅਰੁਣ ਵਰਮਾ ਐਡਜੂਟੈਂਟ ਰਲ ਕੇ ਮੇਰੇ ਵਿਰੁਧ ਗੋਂਦਾ ਗੁੰਦਣ ਲੱਗੇ ਤਾਂ ਕਿ ਮੈਨੂੰ ਵੱਧ ਤੋਂ ਵੱਧ ਨੁਕਸਾਨ ਪਹੁੰਚਾਇਆ ਜਾਵੇ। ਮੈਨੂੰ ਰੱਬ ਨੇ ਇਹ ਸੁਝਾਇਆ ਕਿ ਮੈਂ ਕਰਨਲ ਕੇ.ਐੱਸ. ਬਖਸ਼ੀ ਦੀ ਮੱਦਦ ਲਵਾਂ। ਮੈਂ ਕਰਨਲ ਬਖਸ਼ੀ ਨੂੰ ਚਾਰ ਸਫਿਆਂ ਵਿਚ ਵਿਸਥਾਰ ਪੂਰਵਕ ਚਿੱਠੀ ਲਿਖੀ। ਮੈਂ ਲਿਖਿਆ ਕਿ ਮੈਨੂੰ ਬਹੁਤ ਤੰਗ ਕੀਤਾ ਜਾ ਰਿਹਾ ਹੈ। ਮੈਨੂੰ ਅਜਿਹਾ ਲਗਦਾ ਹੈ ਕਿ ਤਿੰਨੇ ਰਲ ਕੇ ਮੇਰਾ ਕੋਰਟ ਮਾਰਸ਼ਲ ਕਰਵਾਉਣਾ ਚਾਹੁੰਦੇ ਹਨ। ਉਹ ਇਸ ਘਟਨਾ ਨੂੰ ਇਹ ਮੋੜ ਦੇ ਰਹੇ ਹਨ ਕਿ ਮੈਂ ਸਿਪਾਹੀ ਨੂੰ ਗਾਲਾਂ ਕੱਢੀਆਂ ਹਨ, ਜਿਸ ਨਾਲ ਅਫ਼ਸਰ ਕਮਿਊਨਟੀ ਦੀ ਬਦਨਾਮੀ ਹੋਈ ਹੈ ਅਤੇ ਅਫ਼ਸਰ ਦੇ ਵਿਰੁੱਧ ਐਕਸ਼ਨ ਲਿਆ ਜਾਵੇ ਅਤੇ ਕੋਰਟ ਮਾਰਸ਼ਲ ਕਰਕੇ ਉਸ ਨੂੰ ਫੌਜ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇ।

ਮੈਂ ਕਰਨਲ ਸੂਦ ਨੂੰ ਸਲੂਟ ਕਰਨਾ ਛੱਡ ਦਿੱਤਾ ਸੀ। ਕਰਨਲ ਸੂਦ ਮੈਨੂੰ ਇਕ ਦਿਨ ਮੈੱਸ ਵਿਚ ਬੈਠੇ ਕਹਿਣ ਲੱਗੇ,“ ਤੁਸੀਂ ਮੈਨੂੰ ਵਿਸ਼ ਵੀ ਨਹੀਂ ਕਰਦੇ।” ਮੈਂ ਕਿਹਾ,“ ਵਿਸ਼ ਦੋਸਤ ਨੂੰ ਕੀਤੀ ਜਾਂਦੀ ਹੈ ਦੁਸ਼ਮਣ ਨੂੰ ਨਹੀਂ। ਤੁਸੀਂ ਮੇਰਾ ਨੁਕਸਾਨ ਕਰ ਰਹੇ ਹੋ ਪਰ ਮੈਂ ਬਹਾਦਰ ਬੰਦਾ ਹਾਂ। ਤੁਸੀਂ ਕੀ ਸੋਚਦੇ ਹੋ, ਮੈਂ ਪੰਜਾਬ ਚਲਾ ਜਾਵਾਂਗਾ।” ਕਹਿਣ ਲੱਗੇ ਫਿਰ ਕੀ ਕਰੋਗੇ? ਮੈਂ ਕਿਹਾ ਮੈਂ ਨਾਗਾ ਆਰਮੀ ਵਿਚ ਭਰਤੀ ਹੋਵਾਂਗਾ ਅਤੇ ਤੁਹਾਡੇ ਵਿਰੁੱਧ ਲੜਾਂਗਾ। ਇਸ ਤੋਂ ਬਾਅਦ ਉਹਨਾਂ ਨੇ ਮੈਨੂੰ ਕਦੇ ਵਿਸ਼ ਕਰਨ ਲਈ ਨਹੀਂ ਕਿਹਾ। ਜਿਸ ਸਿਪਾਹੀ ਨੇ ਮੈਨੂੰ ਸੋਟੀ ਦਿਖਾਈ ਸੀ ਉਸ ਨੂੰ ਡੇਢ ਸਾਲ ਦੀ ਸਜ਼ਾ ਹੋਈ ਅਤੇ ਉਸ ਦਾ ਕੋਰਟ ਮਾਰਸ਼ਲ ਕਰ ਦਿੱਤਾ ਗਿਆ।

ਮੇਰਾ ਡਰ ਸੁਭਾਵਿਕ ਸੀ। ਉਹਨਾਂ ਨੇ ਇਸ ਤਰ੍ਹਾਂ ਹੀ ਰਿਪੋਰਟ ਬਣਾ ਕੇ ਆਰਮੀ ਹੈੱਡਕੁਆਰਟਰ ਨੂੰ ਚਿੱਠੀ ਭੇਜੀ ਸੀ। ਕਰਨਲ ਬਖਸ਼ੀ ਦੇ ਅਸਰ ਨਾਲ ਹੀ ਇਹਨਾਂ ਨੂੰ ਲਿਖਿਆ ਗਿਆ ਕਿ ਕੋਰਟ ਮਾਰਸ਼ਲ ਦੀ ਕੋਈ ਲੋੜ ਨਹੀਂ ਹੈ। ਅਫ਼ਸਰ ਨੇ 1965 ਵਿਚ ਬਹਾਦਰੀ ਲਈ ਹੈ। ਲੋਕਲ ਲੈਵਲ ਤੇ ਹੀ ਫ਼ੈਸਲਾ ਕੀਤਾ ਜਾਵੇ। ਲੋਕਲ ਲੈਵਲ ਦਾ ਅਰਥ ਸੀ ਕਿ ਬ੍ਰਿਗੇਡ ਹੈੱਡਕੁਆਰਟਰ ਜਾਂ ਡਵੀਜ਼ਨ ਹੈੱਡਕੁਆਰਟਰ। ਮੈਨੂੰ ਡਵੀਜ਼ਨ ਕਮਾਂਡਰ ਜਰਨਲ ਐੱਨ.ਸੀ ਰਓਲੇ ਨੇ ਸਖਤ ਵਾਰਨਿੰਗ ਦਿੱਤੀ। ਇਸ ਤਰ੍ਹਾਂ ਮੇਰਾ ਮਹਾਰ ਰੈਜੀਮੈਂਟ ਦਾ ਸਫ਼ਰ ਪੂਰਾ ਹੋਇਆ।

ਕਰਨਲ ਬਖਸ਼ੀ ਚਾਹੁੰਦੇ ਸਨ ਕਿ ਮੈਂ ਪਲਟਨ ਦੀ ਹੋਰ ਨੌਕਰੀ ਕਰਾਂ। ਉਹਨਾਂ ਨੇ ਮੈਨੂੰ ਚਿੱਠੀ ਵਿਚ ਇਹ ਵੀ ਦੱਸਿਆ ਕਿ ਕਾਲਕਾ ਮਿਲਟਰੀ ਪੁਲਿਸ ਵਾਲੀ ਪੋਸਟ ਲਫਟੈਣ/ਕਪਤਾਨ ਦੀ ਹੈ। ਇਸ ਦਾ ਅਰਥ ਇਹ ਸੀ ਕਿ ਜੇ ਮੈਂ ਛੇ ਸਾਲ ਲਗਾ

ਕੇ ਪੱਕਾ ਕਪਤਾਨ ਨਹੀਂ ਹਾਂ ਤਾਂ ਮੈਨੂੰ ਲਫਟੈਣ ਦਾ ਰੈਂਕ ਮਨਜੂਰ ਕਰਨਾ ਪਵੇਗਾ। ਨਾਲ ਹੀ ਉਹਨਾਂ ਨੇ ਦੱਸਿਆ ਕਿ ਮੈਨੂੰ 230 ਰੁਪਏ ਮਹੀਨੇ ਦਾ ਆਰਥਿਕ ਨੁਕਸਾਨ ਵੀ ਹੈ। ਮੈਂ ਪਲਟਨ ਦੀ ਨੌਕਰੀ ਤੋਂ ਬਹੁਤ ਤੰਗ ਆ ਚੁੱਕਾ ਸੀ। ਮੈਂ ਕਰਨਲ ਬਖਸ਼ੀ ਨੂੰ ਬੇਨਤੀ ਕੀਤੀ ਕਿ ਮਿਲਟਰੀ ਪੁਲਿਸ ਵਿਚ ਰਹਿ ਕੇ ਮੈਂ ਸੁੱਖ ਦੇ ਸਾਹ ਵੀ ਲਵਾਂਗਾ ਅਤੇ ਸਿਵਿਲ ਕਰੀਅਰ ਵਾਸਤੇ ਪੜ੍ਹਾਈ ਲਿਖਾਈ ਵੀ ਕਰਾਂਗਾ। ਮੇਰੀ ਬਦਲੀ ਕਰਨਲ ਬਖਸ਼ੀ ਦੇ ਸਹਿਯੋਗ ਨਾਲ ਕਾਲਕਾ ਮਿਲਟਰੀ ਪੁਲਿਸ ਵਿਖੇ ਹੋਈ ਜਿਥੇ ਮੈਂ ਫੌਜ ਦੇ ਆਖਰੀ ਢਾਈ ਸਾਲ ਬੜੇ ਸੁਖ ਨਾਲ ਬਤੀਤ ਕੀਤੇ।

*****

# ਕਾਲਕਾ

ਮੇਰੀ ਪੋਸਟਿੰਗ 106 ਕੌਮਨਜ਼ੋਨ ਪਰੋਨੋਸਟ ਯੂਨਿਟ ਵਿਚ ਸੈਕਿੰਡ ਇਨ ਕਮਾਂਡ ਹੋ ਗਈ। ਇਹ ਯੂਨਿਟ ਕਾਲਕਾ ਵਿਖੇ ਸਥਿਤ ਸੀ। ਇਸ ਵਿਚ ਦੋ ਹੀ ਪੋਸਟਾਂ ਹੁੰਦੀਆਂ ਸਨ। ਇਕ ਅਫ਼ਸਰ ਕਮਾਂਡਿੰਗ, ਜੋ ਕਿ ਮੇਜਰ ਦੀ ਪੋਸਟ ਸੀ। ਦੂਜਾ ਸੈਕਿੰਡ ਇਨ ਕਮਾਂਡ ਜੋ ਕੈਪਟਨ/ਲਫਟੈਣ ਸੀ। ਟਾਈਮ ਸਕੇਲ ਲਫਟੈਣ ਕਰਨਲ ਵੀ ਮੇਜਰ ਹੀ ਹੁੰਦਾ ਹੈ। ਰੈਂਕ ਤਾਂ ਉਸ ਦੇ ਲਫਟੈਣ ਕਰਨਲ ਦਾ ਹੀ ਲੱਗਾ ਹੁੰਦਾ ਹੈ। ਕਾਲਕਾ ਮੇਰਾ ਪਹਿਲਾ ਬੌਸ ਲਫਟੈਣ ਕਰਨਲ ਗੁਰਦਿਆਲ ਸਿੰਘ ਕਲੇਰ ਸੀ। ਇਹ ਹੇਠਲੇ ਰੈਂਕਾਂ ਤੋਂ ਤਰੱਕੀ ਕਰਕੇ ਅਫ਼ਸਰ ਬਣਿਆ ਸੀ। ਇਹ ਅਗਾਂਹਵਧੂ ਖਿਆਲ ਦਾ ਵਿਅਕਤੀ ਸੀ। ਇਹਨਾਂ ਦਾ ਜਲੰਧਰ ਵਿਖੇ ਮਕਾਨ ਸੀ ਅਤੇ ਸ਼ਹਿਰ ਦੇ ਨਜ਼ਦੀਕ ਹੀ ਕੁਝ ਜ਼ਮੀਨ ਸੀ। ਇਹਨਾਂ ਦਾ ਸੁਭਾਅ ਸਖ਼ਤ ਸੀ ਪਰ ਲਿਖਣ ਦੇ ਅੱਛੇ ਸੀ। ਇਹਨਾਂ ਦੇ ਤਿੰਨ ਲੜਕੇ ਸਨ, ਜੋ ਫੌਜੀ ਅਤੇ ਏਅਰਫੋਰਸ ਅਫ਼ਸਰ ਬਣੇ। ਇਹਨਾਂ ਦੀ ਪਤਨੀ ਅੱਛੇ ਘਰਾਣੇ ਦੀ ਲੜਕੀ ਲਗਦੀ ਸੀ। ਇਹਨਾਂ ਕੋਲ ਇਕ ਸਟੈਂਡਰਡ ਕਾਰ ਸੀ, ਜਿਸ ਨੂੰ ਬਹੁਤ ਸਾਫ ਰੱਖਦੇ ਸਨ। ਦੂਜੇ ਤੀਜੇ ਦਿਨ ਇਹ ਪਿੰਜੌਰ ਬਾਗ਼ ਸੈਰ ਕਰਨ ਜਾਂਦੇ ਸਨ।

ਮੇਰੀ ਪੋਸਟਿੰਗ ਸੈਕਿੰਡ ਇਨ ਕਮਾਂਡ ਦੀ ਸੀ, ਜੋ ਕਪਤਾਨ/ਲਫਟੈਣ ਦੀ ਸੀ। ਇਸ ਤੋਂ ਭਾਵ ਇਹ ਹੈ ਕਿ ਜੇ ਅਫ਼ਸਰ ਦੀ ਛੇ ਸਾਲਾਂ ਦੀ ਨੌਕਰੀ ਹੋਵੇ ਤਾਂ ਹੀ ਕੈਪਟਨ ਹੋਵੇਗਾ ਅਤੇ ਜੇ ਇਸ ਤੋਂ ਘੱਟ ਦੀ ਨੌਕਰੀ ਹੋਵੇ ਤਾਂ ਲਫਟੈਣ। ਮੇਰੀ ਤਕਰੀਬਨ ਤਿੰਨ ਸਾਲਾਂ ਦੀ ਨੌਕਰੀ ਸੀ। ਇਸ ਲਈ ਮੈਨੂੰ ਲਫਟੈਣ ਹੀ ਰਹਿਣਾ ਪੈਣਾ ਸੀ। ਪਲਟਣਾਂ ਵਿਚ ਤਿੰਨ ਸਾਲਾਂ ਬਾਅਦ ਅਫ਼ਸਰ ਨੂੰ ਕੈਪਟਨ ਬਣਾ ਦਿੱਤਾ ਜਾਂਦਾ ਹੈ। ਕਰਨਲ ਬਖਸ਼ੀ ਨੇ ਮੈਨੂੰ ਚਿੱਠੀ ਪਾਈ ਸੀ ਕਿ ਮੈਨੂੰ 230 ਰੁਪਏ ਦਾ ਨੁਕਸਾਨ ਹੋਵੇਗਾ। ਮੈਂ ਕਿਹਾ ਸਰ ਮੇਰੀ ਬਦਲੀ ਕਾਲਕਾ ਕਰਵਾ ਦਿਓ, ਮੈਂ ਤੁਹਾਡਾ ਬਹੁਤ ਸ਼ੁਕਰਗੁਜ਼ਾਰ ਹੋਵਾਂਗਾ ਅਤੇ ਮੈਂ 230 ਦਾ ਨੁਕਸਾਨ ਝੱਲ ਲਵਾਂਗਾ। ਮੇਰੇ ਖ਼ਰਚੇ ਇੰਨੇ ਨਹੀਂ ਹਨ।

ਮੈਂ ਇਸ ਜਗ੍ਹਾ ਖਾਲੀ ਸਮੇਂ ਵਿਚ ਪੜ੍ਹਾਈ ਕੀਤੀ ਅਤੇ 1968 ਅਤੇ 1969 ਵਿਚ ਦੋ ਵਾਰ ਆਈ.ਏ.ਐੱਸ ਦਾ ਇਮਤਿਹਾਨ ਦਿੱਤਾ। ਮੈਂ ਦੋਵੇਂ ਵਾਰ ਇੰਟਰਵਿਊ ਦਿੱਤੀ ਪਰ ਮੈਰਿਟ ਵਿਚ ਨਾ ਆ ਸਕਿਆ। ਇਹ ਤਿਆਰੀ ਮੇਰੇ 1970 ਵਿਚ ਪ੍ਰੋਫੈਸਰ ਬਣਨ ਵਿਚ ਕੰਮ ਆਈ ਅਤੇ 1972 ਸਿਵਿਲ ਸਰਵਿਸ ਪ੍ਰੀਖਿਆ ਵਿਚ ਮੈਂ

ਫੌਜੀਆਂ ਵਿਚੋਂ ਫਸਟ ਆਇਆ। ਜਿਸ ਦੇ ਨਾਲ ਮੈਂ ਈ.ਟੀ.ਓ ਜਾਇਨ ਕਰਕੇ ਐਡੀਸ਼ਨਲ ਕਮਿਸ਼ਨਰ ਰਿਟਾਇਰ ਹੋਇਆ।

ਕਾਲਕਾ ਦੇ ਸਮੇਂ ਵਿਚ ਇਕ ਹੋਰ ਘਟਨਾ ਦੱਸਣਯੋਗ ਹੈ, ਜੋ ਮੇਰੇ ਭੋਲੇ ਸੁਭਾਅ ਕਰਕੇ ਵਾਪਰੀ। ਹਰ ਵੱਡੇ ਰੇਲਵੇ ਸਟੇਸ਼ਨ ਅਤੇ ਜੰਕਸ਼ਨ ਤੇ ਇਕ ਆਰਮੀ ਅਫ਼ਸਰ ਲੱਗਾ ਹੁੰਦਾ ਹੈ, ਜਿਸ ਨੂੰ ਆਰ.ਟੀ.ਓ ਕਹਿੰਦੇ ਹਨ। ਕਾਲਕਾ ਰੇਲਵੇ ਸਟੇਸ਼ਨ ਤੇ ਵੀ ਇਕ ਆਰਮੀ ਅਫ਼ਸਰ ਲੱਗਾ ਹੋਇਆ ਸੀ, ਜਿਸ ਦਾ ਨਾਂ ਮੇਜਰ ਹਰਬਚਨ ਸਿੰਘ ( ਕਾਲਪਨਿਕ ਨਾਂ) ਸੀ। ਕਰਨਲ ਕਲੇਰ 1968 ਦੀਆਂ ਗਰਮੀਆਂ ਵਿਚ ਛੁੱਟੀਆਂ ਕੱਟਣ ਆਪਣੇ ਘਰ ਜਲੰਧਰ ਗਏ ਸਨ। ਕਾਲਕਾ ਮਿਲਟਰੀ ਪੁਲਿਸ ਦਾ ਚਾਰਜ ਮੇਰੇ ਪਾਸ ਆ ਗਿਆ। ਦੂਜੇ ਸ਼ਬਦਾਂ ਵਿਚ ਮੈਂ ਯੂਨਿਟ ਦਾ ਕਾਰਜਕਾਰੀ, ਅਫ਼ਸਰ ਕਮਾਂਡਿੰਗ ਬਣ ਗਿਆ। ਮੇਜਰ ਹਰਬਚਨ ਸਿੰਘ ਦੀ ਦੁਸ਼ਮਣੀ ਫੌਜ ਦੇ ਇਕ ਮੇਜਰ ਕੁਲਦੀਪ ਖੰਨਾ ਨਾਲ ਸੀ। ਮੇਰੇ ਰਾਹੀਂ ਮੇਜਰ ਹਰਬਚਨ ਸਿੰਘ, ਮੇਜਰ ਖੰਨਾ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਸਨ। ਮੇਜਰ ਹਰਬਚਨ ਸਿੰਘ ਮੇਰੇ ਕੋਲ ਮੇਰੇ ਦਫ਼ਤਰ ਵਿਚ ਆਏ ਤੇ ਬੜੇ ਪਿਆਰ ਨਾਲ ਕਹਿਣ ਲੱਗੇ," ਮੈਨੂੰ ਤੁਹਾਡੇ ਨਾਲ ਕੰਮ ਹੈ।" ਕੰਮ ਕਰਨ ਵਿਚ ਮੈਂ ਹਮੇਸ਼ਾਂ ਹੀ ਬਹੁਤ ਤੇਜ਼ ਸੀ। ਉਹਨਾਂ ਨੇ ਕਿਹਾ," ਮੇਜਰ ਖੰਨਾ ਮੇਰਾ ਦੁਸ਼ਮਣ ਹੈ ਤੇ ਤੁਹਾਡੇ ਦੁਆਰਾ ਮੈਂ ਇਹ ਦੁਸ਼ਮਣੀ ਕੱਢ ਸਕਦਾ ਹਾਂ।" ਸਾਡੀ ਮਿਲਟਰੀ ਪੁਲਿਸ ਯੂਨਿਟ ਨੇ ਚੰਡੀਮੰਦਰ ਤੋਂ ਲੈ ਕੇ ਸ਼ਿਮਲਾ ਰੋਡ ਤੋਂ ਅੱਗੇ ਜਾ ਕੇ ਸ਼ੁਗਰ ਸੈਕਟਰ ਤੱਕ ਅੱਠ ਟਰੈਫਿਕ ਚੈੱਕ ਪੋਸਟਾਂ ਲਾਈਆਂ ਹੋਈਆਂ ਸਨ। ਇਹਨਾਂ ਚੈੱਕ ਪੋਸਟਾਂ ਤੇ ਅਸੀਂ ਅਫ਼ਸਰਾਂ ਤੇ ਜਵਾਨਾਂ ਦਾ ਸਮਾਨ ਚੈੱਕ ਕਰ ਸਕਦੇ ਸੀ। ਇਹ ਤਕਰੀਬਨ ਢਾਈ ਸੌ ਕਿਲੋਮੀਟਰ ਦੀ ਸੜਕ ਸੀ, ਜਿਸ ਦੀ ਨਿਗਰਾਨੀ ਕਰਨਾ ਸਾਡਾ ਕੰਮ ਸੀ। ਅਫ਼ਸਰ ਅਕਸਰ ਨਿਯਮ ਨਾਲੋਂ ਜ਼ਿਆਦਾ ਵਿਸਕੀ ਲਿਆਂਦੇ ਸਨ। ਮਿਲਟਰੀ ਪੁਲਿਸ ਵਾਲੇ ਵੀ ਅਫ਼ਸਰਾਂ ਨੂੰ ਚੈੱਕ ਨਹੀਂ ਕਰਦੇ ਸਨ। ਮੇਜਰ ਹਰਬਚਨ ਸਿੰਘ ਦੀ ਖਬਰ ਅਨੁਸਾਰ ਮੇਜਰ ਖੰਨਾ ਨੇ ਵਿਸਕੀ ਲਿਆਣੀ ਹੈ, ਜੋ ਕਿ ਨਿਯਮਾਂ ਤੋਂ ਵੱਧ ਹੈ। ਮੈਂ ਕਾਲਕਾ ਟੀ.ਸੀ.ਪੀ. ਨੂੰ ਹੁਕਮ ਦਿੱਤਾ ਕਿ ਮੇਜਰ ਖੰਨਾ ਦਾ ਸਮਾਨ ਚੈੱਕ ਕੀਤਾ ਜਾਵੇ ਅਤੇ ਉਹਨਾਂ ਵਿਰੁੱਧ ਕਾਰਵਾਈ ਦਾ ਸੁਝਾਅ ਦਿੱਤਾ ਜਾਵੇ। ਖੈਰ ਮੇਜਰ ਖੰਨਾ ਦੋ ਕੁ ਦਿਨ ਲੇਟ ਆਏ। ਕਾਲਕਾ ਮਿਲਟਰੀ ਪੁਲਿਸ ਚੈੱਕ ਪੋਸਟ ਵਾਲੇ ਸਾਡੇ ਮੁਲਾਜ਼ਮ ਮੇਜਰ ਖੰਨਾ ਨੂੰ ਕਹਿ ਰਹੇ ਸਨ ਕਿ ਅਸੀਂ ਤਾਂ ਤੁਹਾਨੂੰ ਦੋ ਦਿਨਾਂ ਤੋਂ ਉਡੀਕ ਰਹੇ ਹਾਂ। ਮੇਜਰ ਖੰਨਾ ਨੇ ਮੇਰੇ ਨਾਲ ਗੱਲ ਕਰਨ ਦੀ ਸੋਚੀ। ਮੈਂ ਉਸ ਵੇਲੇ ਲਫਟੈਣ ਸੀ ਅਤੇ ਉਹ ਮੇਜਰ ਸੀ। ਉਹ ਬਹੁਤ ਘਬਰਾਏ ਹੋਏ ਸਨ। ਉਹਨਾਂ ਨੇ ਮੈਨੂੰ ਮਿਲਣ ਦੀ ਇੱਛਾ ਜਤਾਈ। ਇੰਨੀ ਦੇਰ ਵਿਚ ਮੈਨੂੰ ਵੀ ਸੋਝੀ ਆ ਗਈ ਕਿ ਮੇਜਰ ਹਰਬਚਨ ਸਿੰਘ ਮੈਨੂੰ ਬੇਵਕੂਫ਼ ਬਣਾ ਕੇ ਦੁਸ਼ਮਣੀ ਕੱਢ ਰਿਹਾ ਹੈ। ਮੈਂ ਸਮਝਣ ਲੱਗਾ ਕਿ ਮੈਂ ਮੇਜਰ ਹਰਬਚਨ ਸਿੰਘ ਦਾ ਕੀ ਦੇਣਾ ਹੈ। ਇੰਨੀ ਦੇਰ ਵਿਚ ਮੈਨੂੰ ਤਾਪ ਜਿਹਾ ਚੜ੍ਹ ਗਿਆ। ਮੈਂ ਮੇਜਰ ਖੰਨਾ ਨੂੰ ਮੈੱਸ ਵਿਚ ਖਾਣੇ ਲਈ ਬੁਲਾਇਆ ਅਤੇ ਆਪਣੀ

ਬੇਵਕੂਫ਼ੀ ਲਈ ਮਾਫੀ ਮੰਗੀ। ਅੱਗੋਂ ਤੋਂ ਇਹ ਸਬਕ ਲਿਆ ਕਿ ਕਿਸੇ ਦੀ ਦੁਸ਼ਮਣੀ ਲਈ ਮੈਂ ਸਾਧਨ ਕਿਉਂ ਬਣਾ।

ਇਸੇ ਹੀ ਸਮੇਂ ਵਿਚ ਮੇਰੇ ਹੇਠਾਂ ਕੰਮ ਕਰਦਾ ਹੋਇਆ ਸੂਬੇਦਾਰ ਗੋਪਾਲ ਸਿੰਘ ਕਹਿਣ ਲੱਗਾ, " ਸਰ ਮੈਂ ਤੁਹਾਨੂੰ ਸ਼ਿਕਾਰ ਸਿਖਾ ਸਕਦਾ ਹਾਂ। ਨਾਲਾਗੜ੍ਹ ਦੇ ਜੰਗਲਾਂ ਵਿਚ ਬਹੁਤ ਸ਼ਿਕਾਰ ਹੈ।" ਮੈਂ ਅਤੇ ਸੂਬੇਦਾਰ ਗੋਪਾਲ ਸਿੰਘ ਰੋਜ਼ਾਨਾ ਦੋ ਤਿੰਨ ਘੰਟੇ ਲਈ ਸ਼ਿਕਾਰ ਖੇਡਣ ਚਲੇ ਜਾਂਦੇ ਅਤੇ ਸਰਕਾਰੀ ਜੀਪ ਲੈ ਜਾਂਦੇ। ਇੰਨੇ ਵਿਚ ਕਰਨਲ ਕਲੇਰ ਨੇ ਡਿਊਟੀ ਜਾਇਨ ਕਰ ਲਈ। ਪਰ ਸਾਡੀਆਂ ਆਦਤਾਂ ਕੁਝ ਕੁ ਖਰਾਬ ਹੋ ਚੁਕੀਆਂ ਸਨ। ਅਸੀਂ ਉਹਨਾਂ ਨੂੰ ਬਿਨਾਂ ਪੁੱਛੇ ਹੀ ਇਕ ਸਰਕਾਰੀ ਜੀਪ ਕੱਢੀ ਅਤੇ ਸ਼ਿਕਾਰ ਖੇਡਣ ਚਲੇ ਗਏ। ਨਾਲਾਗੜ੍ਹ ਦੇ ਨੇੜੇ ਗੱਡੀ ਵਿਚ ਕੁਝ ਨੁਕਸ ਪੈ ਗਿਆ। ਸੂਬੇਦਾਰ ਸਾਹਿਬ ਬਾਹਰ ਨਿਕਲ ਕੇ ਗੱਡੀ ਠੀਕ ਕਰ ਰਹੇ ਸਨ। ਉਹਨਾਂ ਨੇ ਗੱਡੀ ਦਾ ਟਾਪਾ ਖੋਲ੍ਹ ਦਿੱਤਾ। ਮੈਂ ਜੀਪ ਵਿਚ ਬੈਠਾ ਸੀ ਅਤੇ ਆਪਣੀ ਬੰਦੂਕ ਦਾ ਘੋੜਾ ਠੀਕ ਕਰ ਰਿਹਾ ਸੀ। ਇਹ 12 ਬੋਰ ਬੰਦੂਕ ਮੈਨੂੰ ਮੇਰੇ ਪਿਤਾ ਜੀ ਨੇ ਦਿੱਤੀ ਸੀ ਅਤੇ ਪੁਰਾਣੇ ਜ਼ਮਾਨੇ ਦੀ ਸੀ। ਪੁਰਾਣੇ ਜ਼ਮਾਨੇ ਵਿਚ ਬੰਦੂਕਾਂ ਦੇ ਘੋੜੇ ਬਾਹਰ ਵੱਲ ਹੁੰਦੇ ਸਨ। ਬੰਦੂਕ ਵਿਚ ਰੌਂਦ ਪਾਇਆ ਹੋਇਆ ਸੀ। ਇੰਨੇ ਵਿਚ ਗੋਲੀ ਚੱਲ ਗਈ। ਗੋਲੀ ਦਾ ਵੱਡਾ ਥ੍ਰਸਟ, ਏਅਰ ਕਲੀਨਰ ਨੇ ਲੈ ਲਿਆ। ਏਅਰ ਕਲੀਨਰ ਨੂੰ ਪਾੜ ਕੇ ਕੁਝ ਛਰ੍ਹੇ ਸੂਬੇਦਾਰ ਸਾਹਿਬ ਦੇ ਦੋਹਾਂ ਟੰਗਾਂ ਦੇ ਵਿਚਕਾਰ ਲੱਗੇ। ਮੈਨੂੰ ਉਹਨਾਂ ਦੇ ਇਲਾਜ ਦੀ ਚਿੰਤਾ ਹੋਣ ਲੱਗੀ। ਮੈਂ ਉਹਨਾਂ ਨੂੰ ਕਮਾਂਡ ਹਸਪਤਾਲ ਚੰਡੀਗੜ੍ਹ ਲਿਜਾਣਾ ਚਾਹੁੰਦਾ ਸੀ। ਉਹਨਾਂ ਹੀ ਦਿਨਾਂ ਵਿਚ ਮੈਂ ਆਈ.ਏ.ਐਸ. ਦਾ ਇਮਤਿਹਾਨ ਦੇਣਾ ਸੀ। ਲੋਕੀ ਸਮਝਣ ਲਗ ਜਾਂਦੇ ਹਨ ਕਿ ਤੁਸੀਂ ਡੀ.ਸੀ. ਲੱਗ ਹੀ ਗਏ। ਅਸੀਂ ਪਿੰਜੌਰ ਤੱਕ ਇਹੀ ਗੱਲਾਂ ਕਰਦੇ ਰਹੇ। ਪਿੰਜੌਰ ਆਉਣ ਤੋਂ ਪਹਿਲਾਂ ਸੂਬੇਦਾਰ ਗੋਪਾਲ ਸਿੰਘ ਨੇ ਗੱਡੀ ਲੈ ਕੇ ਚਲਾਉਣੀ ਸ਼ੁਰੂ ਕਰ ਦਿੱਤੀ ਤੇ ਗੱਡੀ ਕਾਲਕਾ ਲੈ ਆਏ। ਇਥੇ ਇਕ ਫੌਜ ਦਾ ਡਾਕਟਰ ਕੈਪਟਨ ਸੂਰੀ ਸੀ ਜੋ ਕਿ ਮੇਰਾ ਦੋਸਤ ਸੀ। ਮੈਂ ਉਸ ਨੂੰ ਸਾਰੀ ਵਿਥਿਆ ਸੁਣਾਈ। ਡਾਕਟਰ ਸੂਰੀ ਨੇ ਕਿਹਾ," ਮੈਂ ਇਥੇ ਹੀ ਇਲਾਜ ਕਰ ਦਿੰਦਾ ਹਾਂ। ਤੁਸੀਂ ਬਜਾਰ ਵਿਚੋਂ ਕਲੋਰੋਫਾਰਮ ਮੰਗਵਾ ਲਵੋ।" ਕਲੋਰੋਫਾਰਮ ਬੇਹੋਸ਼ ਕਰਨ ਲਈ ਹੁੰਦੀ ਹੈ। ਕਾਲਕਾ ਛੋਟਾ ਸ਼ਹਿਰ ਸੀ, ਇਸ ਲਈ ਬਜ਼ਾਰੋਂ ਕਲੋਰੋਫਾਰਮ ਨਹੀਂ ਮਿਲੀ। ਗੋਪਾਲ ਸਿੰਘ ਬਹੁਤ ਬਹਾਦਰ ਬੰਦਾ ਸੀ। ਉਸ ਨੇ ਕਿਹਾ," ਤੁਸੀਂ ਮੈਨੂੰ ਦੋ ਵਿਸਕੀ ਦੇ ਪੈਗ ਪਿਲਾ ਦਿਉ ਅਤੇ ਓਪਰੇਸ਼ਨ ਸ਼ੁਰੂ ਕਰ ਦਿਉ।" ਇਸ ਤਰ੍ਹਾਂ ਹੀ ਹੋਇਆ। ਉਧਰ ਕਰਨਲ ਗੁਰਦਿਆਲ ਸਿੰਘ ਕਲੇਰ ਨੂੰ ਕਿਸੇ ਨੇ ਦੱਸ ਦਿੱਤਾ। ਸਭ ਤੋਂ ਪਹਿਲਾਂ ਤਾਂ ਮੈਨੂੰ ਹੁਕਮ ਦਿੱਤਾ ਕਿ ਬੰਦੂਕ ਕੁਆਰਟਰ ਗਾਰਦ ਵਿਚ ਜਮਾਂ ਕਰਵਾਉ। ਹੁਣ ਸਮੱਸਿਆ ਇਹ ਸੀ ਕਿ ਅਗਲੇ ਦਿਨ ਗੋਪਾਲ ਸਿੰਘ ਕਿਵੇਂ ਪਰੇਡ ਤੇ ਜਾਵੇਗਾ। ਖੈਰ ਗੋਪਾਲ ਸਿੰਘ ਮੇਰੀ ਬਹੁਤ ਇੱਜ਼ਤ ਕਰਦਾ ਸੀ। ਉਹ ਨਹੀਂ ਸੀ ਚਾਹੁੰਦਾ ਕਿ ਕਰਨਲ ਕਲੇਰ, ਕਿਸੇ ਤਰੀਕੇ ਨਾਲ ਮੇਰੀ ਬੇਇਜ਼ਤੀ ਕਰਨ ਜਾਂ ਮੈਨੂੰ ਛੋਟਾ ਦਿਖਾਉਣ। ਸੂਬੇਦਾਰ ਗੋਪਾਲ ਸਿੰਘ ਪੂਰੀ ਤਰ੍ਹਾਂ ਤਿਆਰ ਹੋ ਕੇ ਪਰੇਡ ਤੇ ਪਹੁੰਚ

ਗਏ। ਉਧਰੋਂ ਕਰਨਲ ਕਲੇਰ ਵੀ ਆ ਗਏ ਤੇ ਮੇਰੇ ਵੱਲ ਹੱਥ ਕਰਕੇ ਕਹਿਣ ਲੱਗੇ,“ ਇਸ ਨੇ ਤਾਂ ਤੁਹਾਨੂੰ ਮਾਰ ਦੇਣਾ ਸੀ।” ਸੂਬੇਦਾਰ ਗੋਪਾਲ ਸਿੰਘ ਮੇਰੀ ਦਿਲੋਂ ਇਜ਼ਤ ਕਰਦੇ ਸਨ। ਉਹਨਾਂ ਨੇ ਕਿਹਾ,“ ਕਰਨਲ ਸਾਹਿਬ, ਇਹ ਸਾਹਿਬ ਵੀ ਸਾਨੂੰ ਉਨੇ ਹੀ ਸੀਨੀਅਰ ਹਨ, ਜਿੰਨੇ ਤੁਸੀਂ। ਤੁਸੀਂ ਪਬਲਿਕ ਦੇ ਸਾਹਮਣੇ ਇਹਨਾਂ ਨੂੰ ਕੁਝ ਨਹੀਂ ਕਹਿਣਾ।” ਇੰਨੇ ਵਿਚ ਹਾਲਾਤ ਠੀਕ ਹੋ ਗਏ। ਜੀਵਨ ਪਹਿਲਾਂ ਵਾਂਗ ਚਲਣ ਲੱਗ ਪਿਆ। ਸਬਕ ਇਹ ਮਿਲਿਆ ਕਿ ਮੈਨੂੰ ਸਰਕਾਰੀ ਗੱਡੀ ਦੀ ਇਸ ਤਰ੍ਹਾਂ ਦੁਰਵਰਤੋਂ ਨਹੀਂ ਕਰਨੀ ਚਾਹੀਦੀ ਸੀ। ਨਾਲ ਹੀ ਸੂਬੇਦਾਰ ਗੋਪਾਲ ਸਿੰਘ ਦੀ ਬਹਾਦਰੀ ਅਤੇ ਵਫ਼ਾਦਾਰੀ ਅੱਗੇ ਮੇਰਾ ਸਿਰ ਝੁਕ ਜਾਂਦਾ ਹੈ।

1969 ਵਿਚ ਕਰਨਲ ਗੁਰਦਿਆਲ ਸਿੰਘ ਕਲੇਰ ਰਿਟਾਇਰ ਹੋ ਗਏ ਅਤੇ ਤੋਪਖਾਨੇ ਦੇ ਅਫ਼ਸਰ ਕਰਨਲ ਰਣਜੀਤ ਸਿੰਘ ਮੇਰੇ ਬੌਸ ਬਣ ਕੇ ਆ ਗਏ। ਸੂਬੇਦਾਰ ਗੋਪਾਲ ਸਿੰਘ ਦੀ ਬਦਲੀ ਹੋ ਗਈ। ਉਹਨਾਂ ਦੀ ਜਗ੍ਹਾ ਵੀ ਸੂਬੇਦਾਰ ਓਮ ਪ੍ਰਕਾਸ਼ ਆ ਗਏ। ਮੈਂ ਦੋ ਮਹੀਨੇ ਦੀ ਛੁੱਟੀ ਵੀ ਕਾਲਕਾ ਹੀ ਬਿਤਾਉਂਦਾ ਸੀ। ਮੈਂ ਆਈ.ਏ.ਐਸ ਦੀ ਪੜ੍ਹਾਈ ਕਾਲਕਾ ਵਿਖੇ ਸਰਕਾਰੀ ਘਰ ਬੈਠ ਕੇ ਹੀ ਕੀਤੀ ਅਤੇ ਚੰਡੀਗੜ੍ਹ ਵੀ ਕੋਚਿੰਗ ਲੈਂਦਾ ਸੀ। ਮੈਂ 1968 ਅਤੇ 1969 ਵਿਚ ਆਈ.ਏ.ਐਸ ਦਾ ਇਮਤਿਹਾਨ ਅਤੇ ਇੰਟਰਵਿਊ ਦਿੱਤੀ। 20 ਫਰਵਰੀ 1970 ਨੂੰ ਇੰਟਰਵਿਊ ਤੋਂ ਬਾਅਦ ਮੇਰਾ ਮੈਡੀਕਲ ਹੋਇਆ ਅਤੇ ਨਤੀਜਾ ਤਕਰੀਬਨ ਅਪ੍ਰੈਲ ਜਾਂ ਮਈ ਦੇ ਮਹੀਨੇ ਆਉਣਾ ਸੀ। ਮੈਂ ਬਹੁਤ ਆਸ਼ਾਵਾਦੀ ਸੀ।

ਮੈਂ ਫੌਜ ਤੋਂ ਰਿਲੀਜ਼ ਹੋਣ ਤੋਂ ਕੁਝ ਮਹੀਨੇ ਪਹਿਲਾਂ ਕਿਸੇ ਅਫ਼ਸਰ ਦੇ ਕਹਿਣ ਤੇ ਮੇਰੀ ਐਮ.ਏ. ਦੀ ਵਿੱਦਿਆ ਦੇ ਆਧਾਰ ’ਤੇ ਆਰਮੀ ਐਜੂਕੇਸ਼ਨ ਕੋਰ ਵਿਚ ਜਾਣ ਲਈ ਅਪਲਾਈ ਕਰ ਦਿੱਤਾ। ਮੇਰੀ ਇੰਟਰਵਿਊ ਜਨਵਰੀ 1970 ਵਿਚ ਆ ਗਈ ਅਤੇ ਨਾਲ ਹੀ ਮੇਰਾ ਰਿਲੀਜ਼ ਆਰਡਰ ਆ ਗਿਆ। ਫੌਜ ਦੀ ਇਹ ਵੀ ਹਦਾਇਤ ਸੀ ਕਿ ਬਹਾਦਰ ਫੌਜੀਆਂ ਨੂੰ ਰਿਲੀਜ਼ ਨਾ ਕੀਤਾ ਜਾਵੇ। ਮੈਂ ਬਹਾਦਰੀ ਦੇ ਆਧਾਰ ’ਤੇ ਅਰਜ਼ੀ ਦੇ ਸਕਦਾ ਸੀ ਪਰ ਮੈਂ ਅਜਿਹਾ ਨਾ ਕੀਤਾ।

ਮੈਂ, ਆਰਮੀ ਐਜੂਕੇਸ਼ਨ ਕੋਰ ਵਿਚ ਜਾਣ ਬਾਰੇ ਕੁਝ ਦੇਰ ਸੋਚਦਾ ਰਿਹਾ। ਮੇਰਾ ਇਕ ਦੋਸਤ ਕੈਪਟਨ ਵਿਨੇ ਰਾਵਤ, ਜੋ ਕਾਲਕਾ ਮੇਰੇ ਨਾਲ ਦੇ ਕਮਰਿਆਂ ਵਿਚ ਹੀ ਰਹਿੰਦਾ ਸੀ, ਨਾਲ ਸਲਾਹ ਕੀਤੀ। ਰਾਵਤ ਨੇ ਮੈਨੂੰ ਸਲਾਹ ਦਿੱਤੀ ਤੇ ਕਿਹਾ,“ ਜੇ ਪੜ੍ਹਾਉਣਾ ਹੀ ਹੈ ਤਾਂ ਜ਼ਰੂਰ ਸਿਪਾਹੀਆਂ ਨੂੰ ਹੀ ਪੜ੍ਹਾਉਣਾ ਹੈ। ਤੂੰ ਕਾਲਜ ਵਿਚ ਜਾ ਕੇ ਮੁੰਡੇ ਕੁੜੀਆਂ ਨੂੰ ਪੜ੍ਹਾ।” ਮੈਂ ਉਸ ਦੇ ਨਾਲ ਸਹਿਮਤ ਹੋ ਗਿਆ ਅਤੇ ਦੱਸੇ ਸਮੇਂ ਤੇ ਇੰਟਰਵਿਊ ਤੇ ਨਹੀਂ ਗਿਆ।

1 ਮਾਰਚ 1970 ਨੂੰ ਮੈਂ ਸਮਾਨ ਚੁੱਕ ਕੇ ਆਪਣੇ ਜੱਦੀ ਘਰ ਪਟਿਆਲੇ ਆ ਗਿਆ। ਮੈਂ ਤਕਰੀਬਨ ਸ਼ਾਮ ਨੂੰ ਚਾਰ ਕੁ ਵਜੇ ਪਟਿਆਲੇ ਪਹੁੰਚਿਆ। ਮੇਰਾ ਅਰਦਲੀ ਸਿਪਾਹੀ ਅਨਿਲ ਬੋਸ ਮੈਨੂੰ ਛੱਡਣ ਆਇਆ ਸੀ। ਮਿਲਟਰੀ ਪੁਲਿਸ ਦੀ ਗੱਡੀ ਹੌਲਦਾਰ ਅਜੀਤ ਸਿੰਘ ਚਲਾ ਰਿਹਾ ਸੀ। ਪਟਿਆਲੇ ਆ ਕੇ ਦੇਖਿਆ ਕਿ

ਪਿਤਾ ਜੀ ਵੀ ਪਿੰਡ ਤੋਂ ਆਏ ਹੋਏ ਹਨ। ਉਹ ਸਾਰਾ ਸਮਾਨ ਦੇਖ ਕੇ ਹੈਰਾਨ ਜਿਹੇ ਹੋਏ। ਜਦੋਂ ਅਰਦਲੀ ਸਲਿਊਟ ਮਾਰ ਕੇ ਵਾਪਸ ਜਾਣ ਲੱਗਾ, ਉਸ ਦੀਆਂ ਅੱਖਾਂ ਵਿਚ ਅੱਥਰੂ ਸਨ। ਮੇਰੇ ਪਿਤਾ ਜੀ ਪੁੱਛਣ ਲੱਗੇ, ਕੀ ਛੁੱਟੀ ਆਏ ਹੋ। ਮੈਂ ਕਿਹਾ ਹਾਂ ਪਿਤਾ ਜੀ। ਉਹ ਕਹਿਣ ਲੱਗੇ," ਕੋਈ ਗੱਲ ਹੈ, ਜੋ ਤੂੰ ਮੇਰੇ ਤੋਂ ਛੁਪਾ ਰਿਹਾ ਹੈਂ।" ਨਾਲ ਕਹਿਣ ਲੱਗੇ ਕਿ ਅਫ਼ਸਰ ਨੂੰ ਛੁੱਟੀ ਆਉਂਦਿਆਂ ਕਿਸੇ ਅਰਦਲੀ ਦੀਆਂ ਅੱਖਾਂ ਵਿਚ ਅੱਥਰੂ ਨਹੀਂ ਆਉਂਦੇ। ਮੈਂ ਕਿਹਾ ਪਿਤਾ ਜੀ ਮੈਂ ਸਾਰੀ ਗੱਲ ਦਸ ਸਕਦਾ ਹਾਂ, ਜੇ ਤੁਸੀਂ ਗੁੱਸੇ ਨਾ ਹੋਵੋ। ਉਹਨਾਂ ਨੇ ਮੈਨੂੰ ਭਰੋਸਾ ਦਿੱਤਾ ਕਿ ਉਹ ਗੁੱਸੇ ਨਹੀਂ ਹੋਣਗੇ। ਮੈਂ ਸਾਰੀ ਗੱਲ ਪਿਤਾ ਜੀ ਨੂੰ ਨਹੀਂ ਸੀ ਦੱਸੀ। ਮੈਂ ਕਿਹਾ," ਪਿਤਾ ਜੀ, ਮੈਂ ਪੱਕਾ ਹੀ ਆ ਗਿਆ ਹਾਂ।" ਉਹ ਘਬਰਾਏ ਨਹੀਂ। ਕਹਿਣ ਲੱਗੇ ਜੇ ਤੂੰ ਫੌਜ ਵਿਚ ਰਹਿੰਦਾ ਤਾਂ ਬ੍ਰਿਗੇਡੀਅਰ ਜਾਂ ਮੇਜਰ ਜਰਨਲ ਜ਼ਰੂਰ ਬਣ ਜਾਂਦਾ। ਮੈਂ ਕਿਹਾ ਪਿਤਾ ਜੀ ਮੈਂ ਤਾਂ ਫੌਜ ਤੋਂ ਮੇਜਰ ਰਿਟਾਇਰ ਹੋ ਕੇ ਆਉਣਾ ਸੀ ਕਿਉਂਕਿ ਐਮਰਜੈਂਸੀ ਵਿਚ ਦਸ ਹਜ਼ਾਰ ਅਫ਼ਸਰ ਇਕ ਸਾਲ ਵਿਚ ਹੀ ਭਰਤੀ ਹੋਏ ਹਨ, ਜਿਸ ਵਿਚ ਮੇਰਾ ਨੰਬਰ ਸੱਤ ਹਜ਼ਾਰਵਾਂ ਸੀ। ਫਿਰ ਮੇਰੇ ਸ਼ਹੀਦ ਹੋਣ ਦੀ ਜ਼ਿਆਦਾ ਸੰਭਾਵਨਾ ਸੀ ਤੇ ਤਰੱਕੀ ਦੀ ਘੱਟ। ਫਿਰ ਉਹ ਮੇਰੇ ਵਿਆਹ ਬਾਰੇ ਸੋਚਣ ਲੱਗ ਪਏ। ਕਹਿਣ ਲੱਗੇ," ਤੂੰ 27/28 ਸਾਲ ਦਾ ਹੋ ਗਿਆ ਹੈਂ। ਅਜੇ ਤੱਕ ਤੇਰਾ ਵਿਆਹ ਨਹੀਂ ਹੋਇਆ।" ਮੈਂ ਪਿਤਾ ਜੀ ਨੂੰ ਕਿਹਾ ਕਿ ਵਿਆਹ ਮੈਂ ਪੈਰਾਂ ਸਿਰ ਹੋ ਕੇ ਹੀ ਕਰਾਂਵਾਗਾ। ਫਿਰ ਕਹਿਣ ਲੱਗੇ ਕਿ ਤੇਰੇ ਰੁਜ਼ਗਾਰ ਦਾ ਕੀ ਬਣੇਗਾ। ਮੈਂ ਕਿਹਾ," ਪਿਤਾ ਜੀ ਮੇਰੇ ਪਾਸ ਦਸ ਹਜ਼ਾਰ ਰੁਪਏ ਹਨ, ਜਿਸ ਨਾਲ ਮੈਂ ਚਾਰ ਸਾਲ ਦੀ ਬੇਰੁਜ਼ਗਾਰੀ ਝੱਲ ਸਕਦਾ ਹਾਂ।"

**ਮੈਂ ਘਰ ਕੀ ਲੈ ਕੇ ਆਇਆ:–** 1965 ਦੀ ਲੜਾਈ ਵਿਚ ਬਹਾਦਰੀ ਅਤੇ ਮੈਨੂੰ ਛੇ ਸਾਲਾਂ ਵਿਚ 40 ਹਜ਼ਾਰ ਦੇ ਕਰੀਬ ਤਨਖਾਹ ਮਿਲੀ। ਜਿਸ ਵਿਚੋਂ ਮੈਂ 20 ਹਜ਼ਾਰ ਰੁਪਏ ਬਚਾਏ। 7000 ਰੁਪਏ ਮੈਂ 1964 ਤੋਂ 1967 ਤੱਕ ਆਪਣੇ ਪਿਤਾ ਜੀ ਦੀ ਮੱਦਦ ਲਈ ਭੇਜਦਾ ਰਿਹਾ। ਮੈਨੂੰ ਤਸੱਲੀ ਸੀ ਕਿ ਮੈਂ ਦੇਸ਼ ਦੀ ਸੇਵਾ ਬਿਨਾਂ ਕਿਸੇ ਸੁਆਰਥ ਤੋਂ ਕੀਤੀ। ਮੈਂ ਲੜਾਈ ਵਿਚ ਮਰਨ ਲਈ ਤਿਆਰ ਸੀ। ਹੁਣ ਤਾਂ ਮੈਨੂੰ ਮੂਰਖਤਾ ਵੀ ਲੱਗਦੀ ਹੈ, ਜਦੋਂ ਕਰਨਲ ਬਖਸ਼ੀ ਦੀ ਗੱਲ ਯਾਦ ਆਉਂਦੀ ਹੈ ਕਿ ਪੁਜੀਸ਼ਨ ਲਓ। ਮੈਂ ਕਿਹਾ ਸੀ ਕਿ ਜਿਸ ਗੋਲੀ ਤੇ ਮੇਰਾ ਨਾਂ ਲਿਖਿਆ ਹੈ ਸਿਰਫ਼ ਉਸ ਨਾਲ ਹੀ ਮੇਰਾ ਲੈਣਾ ਦੇਣਾ ਹੈ। ਜਿਸ ਗੋਲੀ ਤੇ ਮੇਰਾ ਨਾਂ ਨਹੀਂ ਲਿਖਿਆ, ਉਸ ਨਾਲ ਮੇਰਾ ਕੋਈ ਸਬੰਧ ਨਹੀਂ। ਹੁਣ ਮੈਂ ਸਿੱਖਾਂ ਦੀ ਬਹਾਦਰੀ ਭਰਿਆ ਇਤਿਹਾਸ ਪੜ੍ਹਦਾ ਹਾਂ ਤਾਂ ਦੇਖਦਾ ਹਾਂ ਕਿ ਸਿੱਖਾਂ ਨੇ ਜੰਗਾਂ ਯੁੱਧਾਂ ਵਿਚ ਪੁਜੀਸ਼ਨਾਂ ਲਈਆਂ। ਜਿਥੇ ਦੁਸ਼ਮਣ ਨਾਲ ਲੜਨ ਲਈ ਤਲਵਾਰ ਅਤੇ ਹੋਰ ਸ਼ਸ਼ਤਰ ਸਨ, ਉਥੇ ਆਪਣੀ ਸੁਰੱਖਿਆ ਲਈ ਢਾਲ ਦਾ ਪ੍ਰਯੋਗ ਵੀ ਕੀਤਾ ਜਾਂਦਾ ਸੀ।

1968 ਵਿਚ ਮੈਂ 3400 ਰੁਪਏ ਵਿਚ ਇਕ ਲੰਬਰੇਟਾ ਸਕੂਟਰ ਖਰੀਦਿਆ। ਜੋ ਮੇਰੇ ਲਈ ਬਹੁਤ ਵੱਡੀ ਉਪਲਬਧੀ ਸੀ। ਇਸ ਤੋਂ ਇਲਾਵਾ ਮੇਰੇ ਕੋਲ 10 ਹਜ਼ਾਰ ਰੁਪਏ ਨਕਦ ਸੀ। ਫੌਜ ਤੋਂ ਰਿਟਾਇਰ ਹੋਣ ਤੋਂ ਬਾਅਦ ਚਾਹੇ ਮੇਰੇ ਦੋਵੇਂ ਹੱਥ ਖਾਲੀ

ਸਨ ਪਰ ਦਿਮਾਗ ਨੂੰ ਤਸੱਲੀ ਸੀ। ਮੇਰਾ ਸਰੀਰ ਜੋ ਫੌਜ ਜਾਣ ਤੋਂ ਪਹਿਲਾਂ ਦਰਮਿਆਨੇ ਨਾਲੋਂ ਵੀ ਪਿੱਛੇ ਸੀ, ਕਾਫੀ ਰਿਸ਼ਟ ਪੁਸ਼ਟ ਹੋ ਗਿਆ ਸੀ। ਵਰਜਿਸ਼ਾਂ ਕਰ ਕੇ ਮੈਨੂੰ ਆਪਣਾ ਸਰੀਰ ਸੋਹਣਾ ਲੱਗਣ ਲਗ ਪਿਆ ਸੀ। ਇਹ ਵੀ ਜੀਵਨ ਦੇ ਸਫ਼ਰ ਵਿਚ ਨੌਜਵਾਨ ਆਦਮੀ ਲਈ ਬਹੁਤ ਅੱਛੀ ਭਾਵਨਾ ਹੈ।

*****

# ਬੇਰੁਜ਼ਗਾਰੀ ਦਾ ਸਮਾਂ

ਮੈਨੂੰ ਹੱਥ ਦੇਖਣ ਦਾ ਬਹੁਤ ਸ਼ੌਕ ਸੀ। ਪਿੰਡ ਵਿਚ ਵੀ ਕੁਝ ਲੋਕ ਮੈਨੂੰ ਹੱਥ ਦੇਖਣ ਲਈ ਕਹਿੰਦੇ ਸਨ। ਇਕ ਦਿਨ ਮੇਰੇ ਪਿਤਾ ਜੀ ਮੈਨੂੰ ਮਜ਼ਾਕ ਵਿਚ ਕਹਿਣ ਲੱਗੇ,"ਕਾਕਾ ਤੂੰ ਜੋਤਸ਼ੀ ਬਣਿਆ ਫਿਰਦਾ ਹੈਂ, ਮੈਨੂੰ ਆਪਣਾ ਹੱਥ ਦੇਖ ਕੇ ਦੱਸ ਕਿ ਤੈਨੂੰ ਨੌਕਰੀ ਕਦੋਂ ਮਿਲਣੀ ਹੈ?" ਮੈਂ ਕਿਹਾ ਪਿਤਾ ਜੀ ਦੱਸ ਦਿੰਦਾ ਹਾਂ। ਮੈਂ ਇੰਚੀਟੇਪ ਨਾਲ ਆਪਣੀ ਕਰੀਅਰ ਲਾਈਨ ਮਾਪੀ। ਜਿਸ ਨੂੰ ਲੋਕ ਸੂਰਿਆ ਰੇਖਾ ਵੀ ਕਹਿੰਦੇ ਹਨ। ਉਸ ਵਿਚ ਤਿੰਨ ਕੁ ਲਾਈਨਾਂ ਸਨ। ਮੈਂ ਕਿਹਾ ਪਿਤਾ ਜੀ ਇਉਂ ਲੱਗਦਾ ਹੈ ਕਿ ਮੈਨੂੰ ਤਿੰਨ ਨੌਕਰੀਆਂ ਕਰਨੀਆਂ ਪੈਣੀਆਂ ਹਨ। ਮੈਂ 20 ਸਾਲ ਦੀ ਉਮਰ ਵਿਚ ਫੌਜ ਦੀ ਨੌਕਰੀ ਜਾਇਨ ਕੀਤੀ ਸੀ। ਸਿਵਲ ਨੌਕਰੀ ਦੀ ਰਿਟਾਇਰਮੈਂਟ ਉਮਰ 58 ਸਾਲ ਤੱਕ ਦੀ ਹੁੰਦੀ ਹੈ। ਮੈਂ ਸਾਰੇ ਕਰੀਅਰ ਦੀ ਰੇਖਾ ਮਿਣ ਲਈ। ਕਰੀਅਰ ਦੀ ਰੇਖਾ 38 ਸਾਲ ਦੀ ਸੀ। ਉਸ ਵਿਚ ਗੈਪ ਲੱਭਿਆ। ਫਿਰ ਗੈਪ ਦੀ ਗਿਣਤੀ ਅਨੁਸਾਰ ਮੈਨੂੰ 16 ਮਹੀਨਿਆਂ ਬਾਅਦ ਨੌਕਰੀ ਮਿਲਣੀ ਸੀ। ਮੈਂ ਹੱਸ ਕੇ ਕਿਹਾ," ਪਿਤਾ ਜੀ ਮੈਨੂੰ 16 ਮਹੀਨਿਆਂ ਬਾਅਦ ਨੌਕਰੀ ਮਿਲਣ ਦੀ ਆਸ ਹੈ।"

ਖੈਰ ਸਮਾਂ ਬੀਤਦਾ ਗਿਆ। ਮੈਂ ਬੇਰੁਜ਼ਗਾਰੀ ਦੇ ਪਹਿਲੇ ਦੋ ਤਿੰਨ ਮਹੀਨੇ ਜ਼ਿਆਦਾਤਰ ਪਟਿਆਲੇ ਸ਼ਹਿਰ ਹੀ ਰਿਹਾ। ਕੁਝ ਸਮਾਂ ਮੇਰੇ ਨਾਨਕੇ ਪਿੰਡ ਭੈਣੀਫੱਤੇ ਗੁਜ਼ਾਰਿਆ। ਮੇਰੇ ਨਾਨਕੇ ਮੇਰਾ ਬਹੁਤ ਮਾਣ ਕਰਦੇ ਸਨ। ਉਥੇ ਮੇਰਾ ਘੋੜਾ ਦੁੜਾਉਣ ਦਾ ਸ਼ੌਕ ਵੀ ਪੂਰਾ ਹੋ ਜਾਂਦਾ ਸੀ। ਜੇ ਖੇਤ ਜਾਣਾ ਹੁੰਦਾ ਸੀ ਤਾਂ ਮੇਰੀ ਮਰਜ਼ੀ ਸੀ। ਅਪ੍ਰੈਲ 1970 ਦੇ ਤੀਜੇ ਹਫ਼ਤੇ ਮੈਂ ਤੇ ਮਾਮਾ ਗੁਰਦੇਵ ਸਿੰਘ ਜੀ ਭੈਣੀ ਫੱਤੇ ਤੋਂ ਪਟਿਆਲਾ ਆ ਰਹੇ ਸਾਂ। ਰਾਹ ਵਿਚ ਅਸੀਂ ਸੰਗਰੂਰ ਇਕ ਚਾਹ ਦੀ ਦੁਕਾਨ ਤੇ ਚਾਹ ਪੀਣ ਲਈ ਰੁਕ ਗਏ। ਉਸੇ ਦੁਕਾਨ ਤੇ ਮੇਰਾ ਛੋਟਾ ਭਰਾ ਸਤਵੰਤ (ਹੁਣ ਸ਼ਹੀਦ) ਵੀ ਖੜ੍ਹਾ ਸੀ। ਉਸ ਨੇ ਮੈਨੂੰ ਹੌਲੀ ਜਿਹਾ ਕੰਨ ਵਿਚ ਕਿਹਾ,"ਵੀਰ ਜੀ ਕੱਲ੍ਹ ਹੀ ਆਈ.ਏ.ਐਸ ਦਾ ਰਿਜ਼ਲਟ ਆਇਆ ਹੈ ਪਰ ਤੁਹਾਡਾ ਕੰਮ ਨਹੀਂ ਬਣਿਆ।" ਇਉਂ ਸਮਝੋ ਕਿ 100 ਘੜੇ ਪਾਣੀ ਦੇ ਮੇਰੇ ਸਿਰ 'ਤੇ ਪੈ ਗਏ। ਸੰਗਰੂਰ ਤੋਂ ਪਟਿਆਲੇ ਤੱਕ ਸਕੂਟਰ ਚਲਾਉਣਾ ਔਖਾ ਹੋ ਗਿਆ। ਪਟਿਆਲੇ ਸ਼ਹਿਰ ਦੇ ਹਵਾਈ ਅੱਡੇ ਦੇ ਨੇੜੇ ਪਹੁੰਚਣ ਤੇ ਕੁਝ ਐਸੀ ਸ਼ਕਤੀ ਆਈ ਕਿ ਮੇਰਾ ਮਨ ਸਮਝ ਗਿਆ ਕਿ ਜੋ ਲੋਕ ਆਰਮੀ ਅਫ਼ਸਰ ਨਹੀਂ ਹੁੰਦੇ ਜਾਂ ਆਈ.ਏ.ਐਸ ਅਫ਼ਸਰ ਨਹੀਂ ਹੁੰਦੇ, ਉਹ ਵੀ ਤਾਂ ਰੋਟੀ ਖਾਂਦੇ ਹੀ ਹਨ। ਇਉਂ ਸਮਝੋ ਕਿ ਮੈਂ ਕੱਪੜੇ ਝਾੜ ਕੇ ਦੁਬਾਰਾ ਸੰਘਰਸ਼ ਕਰਨ ਲਈ ਤਿਆਰ ਹੋ ਗਿਆ।

ਮੇਰੇ ਨਜ਼ਦੀਕੀ ਰਿਸ਼ਤੇਦਾਰ ਪਟਿਆਲੇ ਜੱਜ ਲੱਗੇ ਹੋਏ ਸਨ। ਉਹਨਾਂ ਦਿਨਾਂ ਵਿਚ ਕੈਨੇਡਾ ਖੁੱਲ੍ਹਾ ਸੀ। ਖੁਲ੍ਹੇ ਤੋਂ ਭਾਵ ਸੀ ਕਿ ਤੁਸੀਂ ਟਿਕਟ ਲੈ ਕੇ ਕੈਨੇਡਾ ਜਾ ਸਕਦੇ ਸੀ ਅਤੇ ਏਅਰਪੋਰਟ ਤੇ ਤੁਹਾਡਾ ਵੀਜ਼ਾ ਲੱਗ ਜਾਂਦਾ ਸੀ। ਕੁਝ ਮਹੀਨਿਆਂ ਬਾਅਦ ਤੁਹਾਡਾ ਵਿੱਦਿਅਕ ਗੁਣਾਂ ਦੇ ਮੁਤਾਬਿਕ ਤੁਹਾਨੂੰ ਕੈਨੇਡਾ ਵਿਚ ਜਜ਼ਬ ਕਰ ਲਿਆ ਜਾਂਦਾ ਸੀ। ਮੇਰੇ ਰਿਸ਼ਤੇਦਾਰਾਂ ਨੇ 15 ਕੁ ਦਿਨਾਂ ਵਿਚ ਮੇਰਾ ਪਾਸਪੋਰਟ ਬਣਵਾ ਦਿੱਤਾ। ਮੈਂ ਕੈਨੇਡਾ ਜਾਣ ਬਾਰੇ ਸੋਚਣ ਲੱਗ ਪਿਆ ਅਤੇ ਨਾਲ ਹੀ ਆਪਣੀ ਪੀਐੱਚ.ਡੀ ਦਾ ਸੁਪਨਾ ਪੂਰਾ ਕਰਨ ਬਾਰੇ ਵੀ ਸੋਚਣ ਲੱਗਾ।

ਜੂਨ 1970 ਵਿਚ ਖਾਲਸਾ ਕਾਲਜ ਪਟਿਆਲਾ ਵਿਚ ਇਕ ਪੋਲੀਟੀਕਲ ਸਾਇੰਸ ਦੀ ਅਸਾਮੀ ਨਿਕਲੀ। ਜੱਜ ਸਾਹਿਬ ਕਾਲਜ ਦੇ ਪ੍ਰਧਾਨ ਨੂੰ ਜਾਣਦੇ ਸਨ। ਉਹਨਾਂ ਨੇ ਕਿਹਾ ਕਿ ਮੈਂ ਤੁਹਾਨੂੰ ਪ੍ਰੋਫੈਸਰ ਲਗਵਾ ਸਕਦਾ ਹਾਂ। ਖੈਰ ਐਸਾ ਨਾ ਹੋ ਸਕਿਆ। 9 ਜੁਲਾਈ 1970 ਨੂੰ ਖਾਲਸਾ ਕਾਲਜ ਵਿਖੇ ਮੇਰੀ ਇੰਟਰਵਿਊ ਹੋਈ ਅਤੇ ਮੈਨੂੰ ਰੱਖਿਆ ਨਾ ਗਿਆ। ਇਸ ਗੱਲ ਦੀ ਮੈਨੂੰ ਬਹੁਤ ਤਕਲੀਫ਼ ਹੋਈ। ਪਰ ਇਕ ਗੁਣ ਰੱਬ ਨੇ ਮੈਨੂੰ ਬਹੁਤ ਵੱਡਾ ਦਿੱਤਾ ਹੈ ਕਿ ਦੁਖ ਵਿਚੋਂ ਆਪਣੇ ਉਦਮ ਨਾਲ ਅਤੇ ਉਸ ਦੀ ਦਿੱਤੀ ਸ਼ਕਤੀ ਨਾਲ ਜਲਦੀ ਹੀ ਨਿਕਲ ਜਾਂਦਾ ਹਾਂ। ਆਸ਼ਾ ਨਿਰਾਸ਼ਾ ਦਾ ਕਾਰਨ ਤਾਂ ਬਣਦੀ ਹੀ ਹੈ। ਜੋ ਮੁਰਾਦ ਇਨਸਾਨ ਦੀ ਪੂਰੀ ਨਹੀਂ ਹੁੰਦੀ, ਉਹ ਨਿਰਾਸ਼ ਤਾਂ ਹੋ ਹੀ ਜਾਂਦਾ ਹੈ। ਪਰ ਇਹ ਵੀ ਮੈਨੂੰ ਪਿੱਛੋਂ ਸਮਝ ਆ ਗਿਆ ਕਿ ਹਰ ਚੀਜ਼ ਦਾ ਹੱਲ ਹੈ।

ਮੈਂ ਆਪਣੇ ਬਚਪਨ ਦੇ ਦੋਸਤ ਅਨੂਪਇੰਦਰ ਢਿਲੋਂ ਨੂੰ ਕਿਹਾ ਅੱਜ ਮੈਂ ਤੇਰੇ ਘਰ ਸੋਵਾਂਗਾ। ਅਨੂਪ ਵੱਡੇ ਜ਼ਿਮੀਂਦਾਰਾਂ ਦਾ ਬੇਟਾ ਸੀ। ਇਸ ਦੇ ਦੋ ਵੱਡੇ ਭਰਾ ਸਨ। ਇਕ 1962 ਵਿਚ ਅਮਰੀਕਾ ਪੜ੍ਹਨ ਚਲਾ ਗਿਆ ਅਤੇ ਉਥੇ ਹੀ ਰਹਿ ਗਿਆ। ਛੋਟਾ ਭਰਾ ਸਰੂਪਿੰਦਰ ਉਸ ਜ਼ਮਾਨੇ ਵਿਚ ਥਾਪਰ ਕਾਲਜ ਪਟਿਆਲਾ ਤੋਂ ਇੰਜੀਨੀਅਰਿੰਗ ਕਰ ਰਿਹਾ ਸੀ। ਕਿਸੇ ਕਾਰਨ ਕਰਕੇ ਉਸ ਨੇ ਇੰਜੀਨੀਅਰਿੰਗ ਛੱਡ ਦਿੱਤੀ ਅਤੇ ਐੱਮ.ਐੱਸਸੀ ਮੈਥ ਕਰਨ ਲੱਗ ਪਿਆ। ਅਨੂਪ ਦੇ ਪਿਤਾ ਕੋਲ 1000 ਬਿੱਘਾ ਜ਼ਮੀਨ ਸੀ। 300 ਕੁ ਬਿੱਘਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪਿਛੇ ਸੀ ਅਤੇ 700 ਬਿੱਘੇ ਆਪਣੇ ਜੱਦੀ ਪਿੰਡ ਖੜਕ ਸਿੰਘ ਵਾਲਾ ਵਿਖੇ ਸੀ। ਅਨੂਪ ਦੇ ਪਿਤਾ ਸ. ਸ਼ਿਵਚਰਨ ਸਿੰਘ ਨੂੰ ਮੈਂ ਮਾਸੜ ਜੀ ਕਹਿੰਦਾ ਸੀ। ਅਨੂਪ ਦਾ ਸ਼ਹਿਰ ਵਿਚ ਕਾਫ਼ੀ ਵੱਡਾ ਘਰ ਸੀ। ਇਕ ਪਾਸੇ ਸਰੂਪਿੰਦਰ ਦਾ ਪਰਿਵਾਰ ਰਹਿੰਦਾ ਸੀ। ਵਿਚਾਲੇ ਵੱਡਾ ਵਿਹੜਾ ਸੀ। ਘਰ ਦੇ ਇਕ ਪਾਸੇ ਇਕ ਘਰ ਬਣਾ ਕੇ ਕਿਰਾਏ ਤੇ ਦਿੱਤਾ ਹੋਇਆ ਸੀ ਅਤੇ ਇਸ ਦੇ ਉਤੇ ਇਕ ਚੁਬਾਰਾ ਬਣਾਇਆ ਹੋਇਆ ਸੀ। ਮੈਂ ਅਤੇ ਅਨੂਪ ਉਸ ਚੁਬਾਰੇ ਵਿਚ ਬੈਠ ਕੇ ਕਾਫ਼ੀ ਸਮਾਂ ਬਿਤਾਉਂਦੇ ਸੀ। ਅਨੂਪ ਅਕਸਰ ਮੇਰੇ ਘਰ ਸੌਂ ਜਾਂਦਾ ਸੀ ਅਤੇ ਮੈਂ ਉਸ ਦੇ ਘਰ।

ਉਸ ਰਾਤ ਮੈਂ ਦੋ ਤਿੰਨ ਠੰਢੀ ਬੀਅਰ ਦੀਆਂ ਬੋਤਲਾਂ ਕੜਾਹ ਵਾਲੇ ਚੌਂਕ ਦੇ ਠੇਕੇ ਤੋਂ ਲੈ ਆਇਆ। ਦਸ ਕੁ ਵਜੇ ਤੱਕ ਰੋਟੀ ਖਾ ਕੇ ਅਸੀਂ ਸੌਂ ਗਏ। ਸਵੇਰੇ ਉਠ ਕੇ

ਅੰਗਰੇਜ਼ੀ ਦਾ ਅਖ਼ਬਾਰ ਪੜ੍ਹਿਆ। ਉਸ ਵਿਚ ਕਿਰਨ ਦੀ ਆਸ਼ਾ ਫਿਰ ਜਾਗ ਪਈ। ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ 10 ਜੁਲਾਈ 1970 ਦੇ ਅਖ਼ਬਾਰ ਵਿਚ ਇਕ ਇਸ਼ਤਿਹਾਰ ਸੀ ਜਿਸ ਵਿਚ ਕੁਝ ਪ੍ਰੋਫੈਸਰਾਂ ਦੀਆਂ ਪੋਸਟਾਂ ਨਿਕਲੀਆਂ ਹੋਈਆਂ ਸਨ ਅਤੇ ਉਸ ਵਿਚ ਫੌਜੀਆਂ ਲਈ ਵੀਹ ਪ੍ਰਤੀਸ਼ਤ ਕੋਟਾ ਸੀ। ਉਸ ਵਿਚ ਦੋ ਪੋਸਟਾਂ ਪੋਲੀਟੀਕਲ ਸਾਇੰਸ ਦੇ ਪ੍ਰੋਫੈਸਰ ਦੀਆਂ ਸਨ। ਸਾਡੇ ਘਰ ਦੀ ਸਾਂਝੀ ਕੰਧ ਵਾਲੇ ਗੁਆਂਢ ਵਿਚ ਸ. ਗੁਰਭਗਤ ਸਿੰਘ ਸਿੱਧੂ ਰਹਿੰਦੇ ਸਨ ਉਹਨਾਂ ਦਾ ਲੜਕਾ ਪਰਮਿੰਦਰ ਮੇਰੇ ਬਚਪਨ ਦਾ ਦੋਸਤ ਸੀ। ਸ. ਗੁਰਭਗਤ ਸਿੰਘ ਸਿੱਧੂ ਪਬਲਿਕ ਸਰਵਿਸ ਕਮਿਸ਼ਨ ਦੇ ਅਸਿਸਟੈਂਟ ਸੈਕਟਰੀ ਸਨ। ਮੈਂ ਉਹਨਾਂ ਨੂੰ ਮਿਲਿਆ। ਮੈਂ ਸਮੇਂ ਸਿਰ ਨੌਕਰੀ ਲਈ ਅਪਲਾਈ ਕਰ ਦਿੱਤਾ। ਸਤੰਬਰ ਵਿਚ ਸਾਡੀ ਇੰਟਰਵਿਊ ਹੋਈ। ਮੇਰੇ ਹਰਮਨ ਪਿਆਰੇ ਅਧਿਆਪਕ ਪ੍ਰੋਫੈਸਰ ਹਰਬਖਸ਼ ਸਿੰਘ ਮਹਿੰਦਰਾ ਕਾਲਜ ਤੋਂ ਇੰਟਰਵਿਊ ਲਈ ਆਏ ਹੋਏ ਸਨ। ਫਰਵਰੀ 1971 ਤੱਕ ਰਿਜ਼ਲਟ ਆ ਗਿਆ ਅਤੇ ਮੈਂ ਪ੍ਰੋਫੈਸਰ ਸਿਲੈਕਟ ਹੋ ਗਿਆ। ਜੂਨ ਮਹੀਨੇ ਵਿਚ ਮੈਨੂੰ ਜਾਇਨਿੰਗ ਲਈ ਚਿੱਠੀ ਆਈ। ਮੈਂ ਸਰਕਾਰੀ ਕਾਲਜ ਟਾਂਡੇ ਵਿਚ ਲੈਕਚਰਾਰ (ਅੱਜ-ਕੱਲ੍ਹ ਲੈਕਚਰਾਰ ਨੂੰ ਅਸਿਸਟੈਂਟ ਪ੍ਰੋਫੈਸਰ ਕਿਹਾ ਜਾਂਦਾ ਹੈ) ਲੱਗ ਗਿਆ। ਮੈਂ 17 ਜੁਲਾਈ 1971 ਨੂੰ ਬਤੌਰ ਪ੍ਰੋਫੈਸਰ ਨੌਕਰੀ ਜਾਇਨ ਕਰ ਲਈ।

ਜੋ ਦਸ ਹਜ਼ਾਰ ਰੁਪਏ ਮੈਂ ਫੌਜ ਤੋਂ ਲਿਆਇਆ ਸੀ, ਉਹ ਤੋਪਖਾਨੇ ਘਰ ਨਜ਼ਦੀਕ ਕੌਰ ਜੀ ਦੀ ਹਵੇਲੀ ਪਾਸ ਇਕ ਡਾਕਖਾਨੇ ਵਿਚ ਜਮ੍ਹਾਂ ਕਰਵਾ ਦਿੱਤੇ ਸਨ। ਇਕ ਤਰੀਕ ਨੂੰ ਮੈਂ ਪੂਰੇ ਢਾਈ ਸੌ ਰੁਪਏ ਕਢਵਾ ਲੈਂਦਾ ਸੀ। ਮਹੀਨੇ ਦਾ ਖ਼ਰਚ ਇਸ ਪ੍ਰਕਾਰ ਸੀ। ਪਾਰਟ ਟਾਈਮ ਨੌਕਰ ਵੀਹ ਰੁਪਏ ਪ੍ਰਤੀ ਮਹੀਨਾ, ਸਕੂਟਰ ਦਾ ਖ਼ਰਚਾ ਤੀਹ ਰੁਪਏ ਪ੍ਰਤੀ ਮਹੀਨਾ ਅਤੇ 200 ਰੁਪਏ ਮੇਰੇ ਬਾਕੀ ਦੇ ਫੁਟਕਲ ਖ਼ਰਚਿਆਂ ਲਈ ਹੁੰਦਾ ਸੀ।

ਮੇਰੀ ਨੌਕਰਾਣੀ ਘਰ ਦੇ ਜੋ ਕਮਰੇ ਮੈਂ ਵਰਤਦਾ ਸੀ ਉਸ ਨੂੰ ਝਾੜੂ ਮਾਰ ਕੇ ਅਤੇ ਦੁਪਹਿਰ ਦਾ ਖਾਣਾ ਆਦਿ ਬਣਾ ਕੇ ਚਲੀ ਜਾਂਦੀ ਸੀ। ਰਾਤ ਨੂੰ ਮੈਂ ਦਲੀਆ ਬਣਾ ਕੇ ਖਾ ਲੈਂਦਾ ਅਤੇ ਸਵੇਰੇ ਆਂਡਿਆਂ ਦਾ ਆਮਲੇਟ ਬਣਾ ਕੇ ਬਰੇਕਫਾਸਟ ਕਰ ਲੈਂਦਾ ਸੀ। ਚਾਹ ਬਣਾਉਣ ਅਤੇ ਪੀਣ ਦਾ ਮੈਨੂੰ ਬਚਪਨ ਤੋਂ ਹੀ ਬਹੁਤ ਸ਼ੌਕ ਸੀ। ਮੈਨੂੰ ਸਫਾਈ ਦਾ ਬਹੁਤ ਸ਼ੌਕ ਸੀ। ਮੈਂ ਸਵੇਰੇ ਘਰ ਦਾ ਵਿਹੜਾ ਅਤੇ ਬਾਹਰ ਸਰਕਾਰੀ ਥਾਂ ਤੇ ਪਾਣੀ ਦਾ ਛਿੜਕਾਅ ਕਰ ਦਿੰਦਾ। ਮੈਂ ਸਕੂਟਰ ਨੂੰ ਬਹੁਤ ਸਾਫ ਰੱਖਦਾ। ਮੈਂ ਥੋੜ੍ਹਾ ਜਿਹਾ ਪਾਠ ਕਰਦਾ ਸੀ। ਪਰ ਪਟਿਆਲੇ ਇੰਨਾ ਵੱਡਾ ਰੁਝੇਵਾਂ ਨਹੀਂ ਸੀ। ਸਮੱਸਿਆ ਵੀ ਬਹੁਤ ਸੀ। ਦੋ ਤਿੰਨ ਮਹੀਨੇ ਪਟਿਆਲੇ ਰਹਿਣ ਤੋਂ ਬਾਅਦ ਸੋਚਿਆ ਕਿ ਜਦੋਂ ਮੈਂ ਪਿੰਡ ਜਾਵਾਂਗਾ ਤਾਂ ਪਿੰਡ ਦੇ ਲੋਕ ਮਜ਼ਾਕ ਕਰਨਗੇ ਕਿ ਫੌਜ ਵਿਚੋਂ ਕੱਢ ਦਿੱਤਾ ਹੈ, ਕੋਈ ਗਲਤੀ ਹੋਈ ਹੋਵੇਗੀ ਆਦਿ। ਫਿਰ ਮੈਂ ਸੋਚਿਆ ਕਿ ਮੇਰਾ ਪੂਰਾ ਪਰਿਵਾਰ ਉਥੇ ਰਹਿੰਦਾ ਹੈ। ਮੇਰਾ ਉਥੇ ਹੀ ਜਾਣਾ ਬਣਦਾ ਹੈ। ਜੁਲਾਈ 1970 ਦੇ ਅਖੀਰ ਵਿਚ ਮੈਂ ਪਿੰਡ ਚਲਾ ਗਿਆ। ਮੇਰੇ ਮਾਤਾ ਪਿਤਾ ਦਾ ਪਿੰਡ ਵਿਚ ਬਹੁਤ ਸਤਿਕਾਰ ਸੀ। ਮੈਂ

ਸਾਰੇ ਰਿਸ਼ਤੇਦਾਰਾਂ ਅਤੇ ਵੱਡਿਆਂ ਨੂੰ ਪੂਰਾ ਸਤਿਕਾਰ ਦਿੰਦਾ ਸੀ। ਸਾਡੇ ਘਰ ਵਿਚ ਔਰਤਾਂ ਨੂੰ ਮੱਥਾ ਟੇਕਣ ਦਾ ਰਿਵਾਜ਼ ਹੈ, ਇਸ ਕਰਕੇ ਜਿਸ ਘਰ ਵੀ ਜਾਂਦਾ ਵੱਡਿਆਂ ਨੂੰ ਮੱਥਾ ਟੇਕ ਕੇ ਹੀ ਮਿਲਦਾ ਸੀ।

ਮਾਰਚ 1971 ਵਿਚ ਫੌਜੀ ਕੋਟੇ ਵਿਚ ਸਾਨੂੰ ਟਰੈਕਟਰ ਅਲਾਟ ਹੋ ਗਿਆ। ਇਸ ਟਰੈਕਟਰ ਦੀ ਕੀਮਤ 22 ਹਜ਼ਾਰ ਸੀ। ਟਰੈਕਟਰ ਦੇ ਹੱਲ ਆਦਿ ਪਾ ਕੇ ਕੀਮਤ 25,000 ਹਜ਼ਾਰ ਹੋ ਜਾਂਦੀ ਸੀ। ਮੈਂ ਜ਼ਮੀਨ ਦੇ ਕਾਗਜ ਲੈ ਕੇ ਪੰਜਾਬ ਸਿੰਧ ਬੈਂਕ (ਗੁੜ ਮੰਡੀ ਬ੍ਰਾਂਚ, ਪਟਿਆਲਾ) ਦੇ ਮੈਨੇਜਰ ਸ. ਪੀ.ਐਸ. ਸਿੰਧੂ ਨੂੰ ਮਿਲਿਆ। ਮੈਂ ਦਾਹੜੀ ਵਧਾ ਰਿਹਾ ਸੀ, ਇਸ ਕਰਕੇ ਦਾਹੜੀ ਖੁਲ੍ਹੀ ਲੱਗਦੀ ਸੀ। ਮੈਂ ਆਪਣੇ ਕਾਗਜ਼ ਉਸ ਨੂੰ ਦਿਖਾਏ। ਉਹ ਕਹਿਣ ਲੱਗੇ ਕਿ ਕਾਕਾ ਤੂੰ ਕੀ ਕਰਦਾ ਹੈਂ। ਮੈਂ ਕਿਹਾ ਸਰ ਮੈਂ ਬੇਰੁਜ਼ਗਾਰ ਹਾਂ। ਉਹਨਾਂ ਨੇ ਮੈਨੂੰ ਮੇਰੀ ਵਿੱਦਿਆ ਬਾਰੇ ਪੁਛਿਆ। ਮੈਂ ਕਿਹਾ ਕਿ ਮੈਂ ਐਮ.ਏ. ਪਾਸ ਹਾਂ। ਉਹਨਾਂ ਨੇ ਪੁੱਛਿਆ ਕੀ ਤੇਰੀ ਐਮ.ਏ. ਵਿਚ ਤੀਜੀ ਡਵੀਜ਼ਨ ਹੈ? ਮੈਂ ਕਿਹਾ, " ਜੀ ਨਹੀਂ ਸੈਕਿੰਡ ਡਵੀਜ਼ਨ।" ਕਹਿਣ ਲੱਗੇ ਤੂੰ ਗੁਰਸਿੱਖ ਬੱਚਾ ਹੈ। ਮੈਂ ਤੈਨੂੰ ਬੈਂਕ ਅਫ਼ਸਰ ਲਗਵਾ ਦਿਆਂਗਾ। ਮੈਂ ਕਿਹਾ ਜੀ ਮੈਂ ਕੇਸ ਕਟਵਾ ਲਏ ਸਨ ਅਤੇ ਹੁਣ ਦੁਬਾਰਾ ਰੱਖ ਰਿਹਾ ਹਾਂ। ਮੇਰੇ ਪਿਤਾ ਜੀ ਫੌਜ ਵਿਚੋਂ ਮੇਜਰ ਰਿਟਾਇਰ ਹਨ। ਉਸ ਨੇ ਲੋਨ ਲਈ ਮੇਰੇ ਤੋਂ ਦੋ ਨਾਮੀ ਬੰਦਿਆਂ ਦੀਆਂ ਗਵਾਹੀਆਂ ਮੰਗੀਆਂ। ਮੇਰੇ ਬਚਪਨ ਦੇ ਦੋਸਤ ਅਨੂਪਿੰਦਰ ਦੇ ਪਿਤਾ ਸ. ਸ਼ਿਵਚਰਨ ਸਿੰਘ ਢਿੱਲੋਂ ਅਤੇ ਇਕ ਹੋਰ ਰਿਸ਼ਤੇਦਾਰ ਸ. ਗੁਰਬਚਨ ਸਿੰਘ ਜੇਜੀ ਨੂੰ ਗਵਾਹੀ ਲਈ ਬੇਨਤੀ ਕੀਤੀ। ਉਹਨਾਂ ਨੇ ਬੈਂਕ ਵਿਚ ਮੇਰੀ ਗਵਾਹੀ ਦੇ ਦਿੱਤੀ ਅਤੇ ਮੇਰਾ ਲੋਨ ਪਾਸ ਹੋ ਗਿਆ। ਲੋਨ ਵਿਚ 7 ਹਜ਼ਾਰ ਰੁਪਏ ਅਸੀਂ ਪਾਉਣੇ ਸੀ। 18 ਹਜ਼ਾਰ ਬੈਂਕ ਦਾ ਲੋਨ ਸੀ। ਜੋ ਅਸੀਂ ਤਿੰਨ ਸਾਲਾਂ ਵਿਚ ਮੋੜਣਾ ਸੀ। ਪਿਤਾ ਜੀ ਕੋਲ 7 ਹਜ਼ਾਰ ਰੁਪਏ ਨਹੀਂ ਸਨ। ਉਹ ਕਹਿਣ ਲੱਗੇ," ਕਾਕਾ ਤੇਰੇ ਕੋਲ ਪੈਸੇ ਹਨ, ਤੁਸੀਂ ਭਰ ਦਿਓ।" ਮੈਂ ਕਿਹਾ ਪਿਤਾ ਜੀ ਇਹ ਪੈਸਾ ਤੁਹਾਨੂੰ ਸਾਂਝੇ ਖਾਤੇ ਵਿਚੋਂ ਮੋੜਨਾ ਹੋਵੇਗਾ। ਇਸ ਤੇ ਵਿਆਜ ਨਹੀਂ ਹੈ। ਮੈਨੂੰ ਇਹ ਪੈਸਾ ਵਾਪਸ ਚਾਹੀਦਾ ਹੈ ਕਿਉਂਕਿ ਇਸ ਤੋਂ ਬਾਅਦ ਇਸ ਪੈਸੇ ਨਾਲ ਹੀ ਮੈਂ ਵਿਆਹ ਵੀ ਕਰਵਾਉਣਾ ਹੈ।ਪਿਤਾ ਜੀ ਮੰਨ ਗਏ। ਮੈਂ ਸੱਤ ਹਜ਼ਾਰ ਰੁਪਏ ਬੈਂਕ ਵਿਚ ਜਮ੍ਹਾਂ ਕਰਵਾ ਦਿੱਤੇ। ਬੈਂਕ ਨੇ ਮੈਨੂੰ 25 ਹਜ਼ਾਰ ਰੁਪਏ ਦਾ ਚੈੱਕ ਦੇ ਦਿੱਤਾ। ਮੈਂ ਟਰੈਕਟਰ ਲੈ ਕੇ ਆਪਣੇ ਪਿੰਡ ਦੁਗਾਲ ਚਲਾ ਗਿਆ। ਪਿਤਾ ਜੀ ਨੂੰ ਲੱਗਦਾ ਸੀ ਕਿ ਸਾਨੂੰ ਟਰੈਕਟਰ ਇੰਨੀ ਜਲਦੀ ਨਹੀਂ ਮਿਲ ਸਕੇਗਾ। ਟਰੈਕਟਰ ਨਾਲ ਮੇਰਾ ਮਨ ਵੀ ਲਗ ਗਿਆ। ਲੋਕ ਵੀ ਸਮਝਦੇ ਸਨ ਕਿ ਅਸੀਂ ਕੁਝ ਤਰੱਕੀ ਕਰ ਲਈ ਹੈ। ਸਤੰਬਰ 1970 ਵਿਚ ਇਕ ਹੋਰ ਮੌਕਾ ਆ ਗਿਆ। ਆਬਕਾਰੀ ਤੇ ਕਰ ਮਹਿਕਮੇ ਨੇ ਇੰਸਪੈਕਟਰ ਦੀਆਂ ਅਸਾਮੀਆਂ ਕੱਢੀਆਂ। ਮੈਂ ਵੀ ਅਪਲਾਈ ਕਰ ਦਿੱਤਾ। ਪਹਿਲਾਂ ਇਮਤਿਹਾਨ ਹੋਇਆ ਅਤੇ ਦਸੰਬਰ 1970 ਵਿਚ ਇੰਟਰਵਿਊ ਹੋਈ। ਸ੍ਰੀ ਪੀ.ਕੇ ਕਠਪਾਲੀਆ ਉਸ ਸਮੇਂ ਆਬਕਾਰੀ ਤੇ ਕਰ ਵਿਭਾਗ ਦੇ ਕਮਿਸ਼ਨਰ ਸਨ। ਉਹਨਾਂ ਨੇ ਇੰਟਰਵਿਊ ਵਿਚ ਮੈਨੂੰ ਪੁੱਛਿਆ ਕਿ ਤੁਸੀਂ ਫੌਜ ਦੇ

ਅਫ਼ਸਰ ਰਹੇ ਹੋ, ਤੁਹਾਡੇ ਲਈ ਇੰਸਪੈਕਟਰ ਦੀ ਨੌਕਰੀ ਦੇ ਕੀ ਅਰਥ ਹਨ। ਜਿਸ ਲਹਿਜ਼ੇ ਨਾਲ ਉਹਨਾਂ ਨੇ ਪੁੱਛਿਆ ਮੈਨੂੰ ਲੱਗਿਆ ਕਿ ਉਹ ਸਮਝਦੇ ਹਨ ਕਿ ਮੈਂ ਬੇਈਮਾਨੀ ਦੇ ਪੈਸੇ ਕਮਾਉਣ ਲਈ ਇੰਸਪੈਕਟਰ ਬਣਨਾ ਚਾਹੁੰਦਾ ਹਾਂ। ਮੈਂ ਜਵਾਬ ਦਿੱਤਾ ਕਿ ਇਹ ਛੋਟੀ ਜਿਹੀ ਨੌਕਰੀ ਦਾ ਅਰਥ ਇਹੀ ਹੈ ਕਿ ਇਕ ਬੇਰੁਜ਼ਗਾਰ ਆਰਮੀ ਅਫ਼ਸਰ ਨੂੰ ਥੋੜ੍ਹੀ ਬਹੁਤ ਰੋਟੀ ਲੱਗ ਜਾਏਗੀ। ਉਹ ਚੁੱਪ ਹੋ ਗਏ ਅਤੇ ਮੈਂ ਸਮਝਿਆ ਕਿ ਇਹੋ ਜਿਹੇ ਜਵਾਬ ਨਾਲ ਮੈਨੂੰ ਕਿਸੇ ਨੇ ਕੀ ਨੌਕਰੀ ਦੇਣੀ ਹੈ? ਫਰਵਰੀ 1971 ਤੱਕ ਇੰਸਪੈਕਟਰ ਦਾ ਰਿਜ਼ਲਟ ਆ ਗਿਆ, ਜਿਸ ਵਿਚ ਮੈਂ ਵੀ ਸਿਲੈਕਟ ਹੋ ਗਿਆ। ਇੰਸਪੈਕਟਰ ਦੀ ਜਾਇਨਿੰਗ ਲਈ ਸਾਨੂੰ ਉਦੋਂ ਕਿਹਾ ਜਦੋਂ ਕਿ ਮੈਂ ਪਹਿਲਾਂ ਹੀ 17 ਜੁਲਾਈ ਨੂੰ ਸਰਕਾਰੀ ਕਾਲਜ, ਟਾਂਡਾ ਵਿਖੇ ਬਤੌਰ ਪ੍ਰੋਫੈਸਰ ਜਾਇਨ ਕਰ ਲਿਆ ਸੀ।

*****

# ਸਰਕਾਰੀ ਕਾਲਜ, ਟਾਂਡਾ

ਮੈਂ 17 ਜੁਲਾਈ 1971 ਨੂੰ ਸਰਕਾਰੀ ਕਾਲਜ, ਟਾਂਡਾ ਵਿਖੇ ਲੈਕਚਰਾਰ ਜਾਇਨ ਕਰ ਲਿਆ। ਸਾਡੇ ਪੋਲੀਟੀਕਲ ਸਾਇੰਸ ਵਿਭਾਗ ਵਿਚ ਪ੍ਰੋਫੈਸਰ ਦੁੱਗਲ ਵਿਭਾਗ ਦੇ ਮੁੱਖੀ ਸਨ। ਪ੍ਰੋਫੈਸਰ ਕਰਨੈਲ ਸਿੰਘ ਪਹਿਲਾਂ ਹੀ ਸੀ। ਮੈਂ ਅਤੇ ਇਕ ਹੋਰ ਲੇਡੀ ਪ੍ਰੋਫੈਸਰ ਕਿਰਨਜੀਤ ਕੌਰ ਨੇ ਇਸ ਆਰਡਰ ਵਿਚ ਜਾਇਨ ਕੀਤਾ। ਫੌਜ ਦੀ ਔਖੀ ਨੌਕਰੀ ਦੇਖ ਕੇ ਇਹ ਨੌਕਰੀ ਬਹੁਤ ਸੁਖਾਵੀਂ ਲੱਗਦੀ ਸੀ। ਪਹਿਲਾਂ ਪਹਿਲ ਮੈਂ ਜ਼ਿਆਦਾ ਅੰਗਰੇਜ਼ੀ ਵਿਚ ਹੀ ਪੜ੍ਹਾਉਂਦਾ ਰਿਹਾ। ਕੁਝ ਬੱਚੇ ਪ੍ਰਿੰਸੀਪਲ ਕੋਲ ਪੇਸ਼ ਹੋ ਗਏ ਅਤੇ ਕਹਿਣ ਲੱਗੇ ਕਿ ਸਾਨੂੰ ਪੰਜਾਬੀ ਵਿਚ ਪੜ੍ਹਾਓ। ਮੈਂ ਕਿਉਂਕਿ ਬੀ.ਏ. ਅਤੇ ਐੱਮ.ਏ. ਪੋਲੀਟੀਕਲ ਸਾਇੰਸ ਅੰਗਰੇਜ਼ੀ ਮਾਧਿਅਮ ਵਿਚ ਕੀਤੀ ਸੀ, ਇਸ ਲਈ ਮੈਨੂੰ ਪੰਜਾਬੀ ਵਿਚ ਪੜ੍ਹਾਉਣਾ ਥੋੜ੍ਹਾ ਜਿਹਾ ਔਖਾ ਲੱਗਿਆ। ਪਰ ਕੁਝ ਦਿਨਾਂ ਵਿਚ ਹੀ ਅਭਿਆਸ ਕਰਕੇ ਮੈਂ ਪੰਜਾਬੀ ਮਾਧਿਅਮ ਵਿਚ ਅੱਛੀ ਤਰ੍ਹਾਂ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਇਹ ਸਾਰਾ ਸਾਲ ਬਹੁਤ ਅੱਛਾ ਨਿਕਲਿਆ।

ਸਤੰਬਰ 1971 ਵਿਚ ਪੀ.ਸੀ.ਐੱਸ ਐਗਜ਼ੈਕਟਿਵ ਦੀਆਂ ਪੋਸਟਾਂ ਨਿਕਲੀਆਂ, ਜਿਹਨਾਂ ਵਿਚ ਮੈਂ ਵੀ ਇਮਤਿਹਾਨ ਦੇ ਸਕਦਾ ਸੀ ਪਰ ਉਸ ਸਮੇਂ ਮੇਰਾ ਪ੍ਰੋਫੈਸਰੀ ਵਿਚ ਪੂਰਾ ਜੀਅ ਲੱਗਾ ਹੋਇਆ ਸੀ। ਇਕ ਦੋ ਪ੍ਰੋਫੈਸਰਾਂ ਨੇ ਮੈਨੂੰ ਸਲਾਹ ਵੀ ਦਿੱਤੀ ਕਿ ਮੈਂ ਪੀ.ਸੀ.ਐੱਸ. ਦਾ ਇਮਤਿਹਾਨ ਦੇਵਾਂ ਪਰ ਮੇਰਾ ਮਨ ਨਹੀਂ ਮੰਨਿਆ। ਉਸ ਵਿਚ ਵੀਹ ਪ੍ਰਤੀਸ਼ਤ ਫੌਜੀ ਰਾਖਵਾਂਕਰਨ ਸੀ। ਮੈਂ ਫੌਜ ਦੀ ਥਕਾਵਟ ਵਾਲੀ ਨੌਕਰੀ ਤੋਂ ਬਾਅਦ ਪ੍ਰੋਫੈਸਰ ਦੀ ਨੌਕਰੀ ਦਾ ਪੂਰਾ ਆਨੰਦ ਮਾਣ ਰਿਹਾ ਸੀ। ਮੈਨੂੰ ਇਹ ਲੱਗਣ ਲੱਗ ਪਿਆ ਕਿ ਇਹੀ ਨੌਕਰੀ ਮੇਰੇ ਲਈ ਠੀਕ ਹੈ। ਮੇਜਰ ਜੀਵਨ ਤਿਵਾੜੀ, ਸਰਕਾਰੀ ਕਾਲਜ, ਟਾਂਡਾ ਦੇ ਪ੍ਰਿੰਸੀਪਲ ਸਨ। ਉਹਨਾਂ ਨੇ ਮੈਨੂੰ ਹੋਸਟਲ ਦਾ ਵਾਰਡਨ ਲਗਾ ਦਿੱਤਾ, ਜਿਸ ਕਰਕੇ ਮੇਰੀ ਰਿਹਾਇਸ਼ ਦੀ ਸਮੱਸਿਆ ਵੀ ਹੱਲ ਹੋ ਗਈ। ਹੋਸਟਲ ਵਿਚ ਥੋੜ੍ਹੇ ਹੀ ਵਿਦਿਆਰਥੀ ਸਨ।

ਮੈਂ ਇੰਸਪੈਕਟਰ ਦੀ ਨੌਕਰੀ ਲਈ ਨਾਂਹ ਕਰ ਦਿੱਤੀ। ਆਬਕਾਰੀ ਤੇ ਕਰ ਵਿਭਾਗ ਨੇ ਮੇਰੇ ਤੋਂ ਅਗਲੇ ਕੈਂਡੀਡੇਟ ਸਰਦਾਰ ਐੱਮ.ਪੀ. ਸਿੰਘ ਨੂੰ ਰੱਖ ਲਿਆ, ਜੋ ਬਾਅਦ ਵਿਚ ਈ.ਟੀ.ਓ ਰਿਟਾਇਰ ਹੋਇਆ। ਉਸ ਦੀ ਰਿਟਾਇਰਮੈਂਟ ਵੇਲੇ ਮੈਂ ਐਡੀਸ਼ਨਲ ਕਮਿਸ਼ਨਰ ਪੰਜਾਬ ਦੇ ਤੌਰ ’ਤੇ ਉਸ ਨੂੰ ਵਿਦਾ ਕੀਤਾ। ਮੈਨੂੰ ਅਜੇ ਵੀ ਯਾਦ ਹੈ ਜਦੋਂ ਉਸ ਨੇ ਕਿਹਾ ਸੀ,“ਸਰ ਤੁਸੀਂ ਬੰਬ ਪੋਸਟ ਛੱਡ ਰਹੇ ਹੋ।” ਪੂਰੇ ਤਿੰਨ ਸਾਲ ਬਾਅਦ ਮੈਂ ਪੀ.ਸੀ.ਐੱਸ ਸਿਲੈਕਟ ਹੋ ਕੇ 1974 ਵਿਚ ਈ.ਟੀ.ਓ ਜਾਇਨ

ਕੀਤਾ। ਜਦੋਂ ਉਹ ਮੈਨੂੰ ਪਟਿਆਲਾ ਹੈੱਡ ਆਫਿਸ ਵਿਚ ਮਿਲਿਆ ਤਾਂ ਕਹਿਣ ਲੱਗਾ,"ਸਰ ਬੰਬ ਪੋਸਟ ਤਾਂ ਇਹ ਹੈ।"

ਉਥੇ ਮੇਰੇ ਦੋ ਪ੍ਰੋਫੈਸਰ ਅੱਛੇ ਦੋਸਤ ਬਣੇ। ਇਕ ਦਾ ਨਾਮ ਲਾਲ ਚੰਦ ਸ਼ਰਮਾ ਸੀ ਜੋ ਟਾਂਡੇ ਸ਼ਹਿਰ ਵਿਚ ਕਿਰਾਏ ਦੇ ਮਕਾਨ ਤੇ ਰਹਿੰਦਾ ਸੀ। ਇਹ ਇਤਿਹਾਸ ਦਾ ਪ੍ਰੋਫੈਸਰ ਸੀ। ਦੂਸਰਾ ਪ੍ਰੋਫੈਸਰ ਗੁਲਜ਼ਾਰ ਸਿੰਘ ਜੋ ਫਿਲਾਸਫੀ ਪੜ੍ਹਾਉਂਦਾ ਸੀ, ਮੇਰੇ ਕਹਿਣ ਤੇ ਹੋਸਟਲ ਵਿਚ ਹੀ ਰਹਿਣ ਲੱਗ ਪਿਆ ਸੀ। ਹੋਸਟਲ ਵਿਚ ਇਕ ਵੱਡਾ ਕਮਰਾ ਸੀ, ਜੋ ਅਸੀਂ ਬੈੱਡਰੂਮ ਬਣਾ ਲਿਆ ਅਤੇ ਇਕ ਦੂਜਾ ਕਮਰਾ ਡਰਾਇੰਗ ਰੂਮ। ਹੋਸਟਲ ਦਾ ਡਾਇਨਿੰਗ ਹਾਲ ਹੀ ਸਾਡਾ ਡਾਇਨਿੰਗ ਹਾਲ ਬਣ ਗਿਆ। ਹੋਸਟਲ ਵਿਚ ਕਾਫ਼ੀ ਸਮਾਨ ਸੀ ਜੋ ਅਸੀਂ ਆਪਣੀ ਵਰਤੋਂ ਵਿਚ ਲਿਆਂਦਾ। ਇਸ ਕਰਕੇ ਸਾਨੂੰ ਕੋਈ ਵੀ ਸਮਾਨ ਖ਼ਰੀਦਣਾ ਨਹੀਂ ਪਿਆ। ਕਾਲਜ ਦੀਆਂ ਆਰਟਸ ਦੀਆਂ ਕਲਾਸਾਂ ਸਰਕਾਰੀ ਸਕੂਲ ਟਾਂਡਾ ਦੀ ਇਮਾਰਤ ਵਿਚ ਲੱਗਦੀਆਂ ਸਨ। ਇਹ ਸਕੂਲ, ਕਾਲਜ ਹੋਸਟਲ ਤੋਂ ਤਕਰੀਬਨ ਦੋ ਕਿਲੋਮੀਟਰ ਸੀ ਅਤੇ ਟਾਂਡਾ ਸ਼ਹਿਰ ਦੇ ਵਿਚਾਲੇ ਸੀ। ਇਹ ਅੰਗਰੇਜ਼ਾਂ ਦੇ ਜ਼ਮਾਨੇ ਦਾ ਬਹੁਤ ਪੁਰਾਣਾ ਅਤੇ ਵੱਡਾ ਸਕੂਲ ਸੀ ਜੋ ਕਈ ਏਕੜਾਂ ਵਿਚ ਫੈਲਿਆ ਹੋਇਆ ਸੀ। ਸਾਇੰਸ ਦੀਆਂ ਕਲਾਸਾਂ ਅਤੇ ਹੋਸਟਲ ਕਾਲਜ ਦੇ ਨਵੇਂ ਇਲਾਕੇ ਵਿਚ ਸੀ, ਜੋ 40 ਏਕੜ ਵਿਚ ਫੈਲਿਆ ਹੋਇਆ ਸੀ। ਮੈਂ ਤੇ ਪ੍ਰੋਫੈਸਰ ਗੁਲਜ਼ਾਰ ਸਿੰਘ ਦੋਵੇਂ ਹੋਸਟਲ ਤੋਂ ਹੀ ਰੋਜ਼ਾਨਾ ਆਉਂਦੇ ਸੀ। ਪ੍ਰਿੰਸੀਪਲ ਜੀਵਨ ਤਿਵਾੜੀ, ਐੱਨ.ਸੀ.ਸੀ. ਦੇ ਮੇਜਰ ਸਨ ਤੇ ਆਪਣੇ ਆਪ ਨੂੰ ਮੇਜਰ ਜੀਵਨ ਤਿਵਾੜੀ ਕਹਾ ਕੇ ਖੁਸ਼ ਹੁੰਦੇ ਸਨ। ਮੈਂ ਵੀ ਫੌਜ ਤੋਂ ਆਇਆ ਸੀ, ਇਸ ਲਈ ਉਹ ਮੇਰਾ ਬਹੁਤ ਸਤਿਕਾਰ ਕਰਦੇ ਸਨ। 1971 ਵਿਚ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਲੜਾਈ ਲੱਗ ਗਈ। ਚਾਹੇ ਮੈਂ ਫੌਜ ਛੱਡ ਚੁੱਕਿਆ ਸੀ ਪਰ ਜੋਸ਼ ਅਜੇ ਵੀ ਬਰਕਰਾਰ ਸੀ।

ਸਾਡੇ ਕਾਲਜ ਵਿਚ ਅਸੀਂ ਖ਼ੂਨ ਦਾਨ ਕੈਂਪ ਲਗਾਇਆ। ਇਸ ਇਲਾਕੇ ਵਿਚ ਖ਼ੂਨ ਦਾਨ ਦਾ ਰਿਵਾਜ਼ ਨਹੀਂ ਸੀ। ਮੈਂ ਆਪਣੀਆਂ ਚਾਰੇ ਕਲਾਸਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੀ ਲੜਾਈ ਵਿਚ ਤਾਂ ਮੈਂ ਸਿਰਫ਼ ਆਪਣਾ ਖ਼ੂਨ ਦੇਣ ਲਈ ਹੀ ਤਿਆਰ ਸੀ ਪਰ ਹੁਣ ਤਾਂ ਮੇਰੇ ਕੋਲ ਤੁਹਾਡੇ ਵਰਗੇ ਸੈਂਕੜੇ ਵਿਦਿਆਰਥੀ ਹਨ। ਮੈਨੂੰ ਉਹ ਦ੍ਰਿਸ਼ ਅਜੇ ਵੀ ਯਾਦ ਹੈ ਜਦੋਂ ਮੈਂ ਅਤੇ ਤਿੰਨ ਹੋਰ ਪ੍ਰੋਫੈਸਰ ਖ਼ੂਨ ਦੇ ਰਹੇ ਸੀ ਤਾਂ ਵਿਦਿਆਰਥੀ ਬੜੀ ਉਤਸੁਕਤਾ ਨਾਲ ਸਾਨੂੰ ਵਿਰਲਾਂ ਵਿਚੋਂ ਇੰਝ ਝਾਕ ਰਹੇ ਸਨ ਕਿ ਜਿਵੇਂ ਅਸੀਂ ਸ਼ਹੀਦ ਹੋਣ ਜਾ ਰਹੇ ਹਾਂ।

ਮੈਂ ਬਹੁਤ ਮਿਲਣਸਾਰ ਸੀ। ਭਾਵੇਂ ਵਿਦਿਆਰਥੀ ਆਰਟਸ ਦਾ ਹੁੰਦਾ ਜਾਂ ਸਾਇੰਸ ਦਾ, ਮੇਰੇ ਨਾਲ ਸਹਿਜੇ ਹੀ ਗੱਲ ਕਰ ਲੈਂਦੇ ਅਤੇ ਖੁਸ਼ ਹੁੰਦੇ ਸਨ। ਮੇਰਾ ਸਟੈਂਡਰਡ ਵੀ ਆਮ ਪ੍ਰੋਫੈਸਰਾਂ ਨਾਲੋਂ ਅੱਛਾ ਸੀ। ਇਕ ਤਾਂ ਇਹ ਸੀ ਕਿ ਸਾਰੇ ਪ੍ਰੋਫੈਸਰਾਂ ਵਿਚੋਂ ਮੇਰੇ ਕੋਲ ਹੀ ਸਕੂਟਰ ਸੀ। ਦੂਜਾ ਫੌਜ ਤੋਂ ਆਉਣ ਕਰਕੇ ਮੈਨੂੰ ਚੰਗੇ ਕੱਪੜੇ ਪਾਉਣ ਦਾ ਬਹੁਤ ਸ਼ੌਕ ਸੀ। ਸਾਡਾ ਖ਼ੂਨ ਦਾਨ ਕੈਂਪ ਕਾਮਯਾਬ ਰਿਹਾ। ਇਹ

ਕੈਂਪ ਕਿਉਂਕਿ ਪਹਿਲੀ ਵਾਰ ਲੱਗਿਆ ਸੀ, ਇਕ ਵਿਦਿਆਰਥੀ ਕਹਿਣ ਲੱਗਾ," ਸਰ ਮੇਰੀ ਮਾਂ ਕਹਿੰਦੀ ਹੈ, ਜਵਾਨੀ ਦਾ ਖ਼ੂਨ ਤਾਂ ਤੂੰ ਫੌਜੀਆਂ ਨੂੰ ਦੇ ਆਇਆਂ ਹੈਂ, ਹੁਣ ਤੇਰਾ ਕੀ ਬਣੂੰ।"

ਦਸੰਬਰ 1971 ਵਿਚ ਪਾਕਿਸਤਾਨ ਨਾਲ ਯੁੱਧ ਲੱਗਿਆ ਹੋਇਆ ਸੀ। ਮੇਰੇ ਕੋਲ ਲਾਇਸੰਸ ਦੀ 12 ਬੋਰ ਦੀ ਬੰਦੂਕ ਸੀ। ਮੈਂ ਹੋਸਟਲ ਦੇ 20 ਕੁ ਵਿਦਿਆਰਥੀ ਲੈ ਕੇ ਆਲੇ-ਦੁਆਲੇ ਰੈਕੀ ਕਰਨ ਨਿਕਲ ਜਾਂਦਾ। ਸਾਡੇ ਹੋਸਟਲ ਦੇ ਕੋਲ ਹੀ ਏਅਰਫੋਰਸ ਨੇ ਇਕ ਵੱਡਾ ਰਡਾਰ ਲਗਾ ਲਿਆ। ਤਕਰੀਬਨ 20 ਦਿਨ ਰੋਜ਼ ਹੀ ਜਦੋਂ ਤੱਕ ਲੜਾਈ ਰਹੀ, ਮੈਂ ਬੱਚਿਆਂ ਨੂੰ ਲੈ ਜਾਂਦਾ। ਵਿਦਿਆਰਥੀਆਂ ਦੇ ਹੱਥਾਂ ਵਿਚ ਸੋਟੀਆਂ ਹੁੰਦੀਆਂ। ਮੈਂ ਆਪਣੀ ਫੌਜ ਦਾ ਫਰਜ਼ ਭੁੱਲਿਆ ਨਹੀਂ ਸੀ। ਤੁਰਦਿਆਂ ਤੁਰਦਿਆਂ ਸਾਨੂੰ ਸੜਕ ਤੋਂ ਲਗਭਗ ਤਿੰਨ ਏਕੜ ਹਟ ਕੇ ਇਕ ਲਾਈਟ ਨਜ਼ਰ ਆਉਂਦੀ ਸੀ। ਮੈਨੂੰ ਇੰਝ ਲੱਗਾ ਜਿਵੇਂ ਕਿ ਬੰਦਾ ਕਿਸੇ ਨੂੰ ਇਸ਼ਾਰਾ ਦੇ ਰਿਹਾ ਹੈ। ਸਪਾਇੰਗ ਕਰਨ ਵਾਲੇ ਲੋਕ ਲਾਈਟਾਂ ਦੇ ਇਸ਼ਾਰਿਆਂ ਨਾਲ ਕੁਝ ਬੋਲਦੇ ਰਹਿੰਦੇ ਹਨ। ਦੋ ਤਿੰਨ ਦਿਨਾਂ ਬਾਅਦ ਅਸੀਂ 20 ਬੰਦਿਆਂ ਨੇ ਉਸ ਖੇਤ ਨੂੰ ਘੇਰਾ ਪਾ ਲਿਆ ਅਤੇ ਇਕ ਬੰਦਾ ਸਾਡੇ ਹੱਥ ਲੱਗਿਆ। ਉਸ ਬੰਦੇ ਨੇ ਕੱਛਾ ਵੀ ਇੰਪੋਰਟਿਡ ਪਾਇਆ ਹੋਇਆ ਸੀ। ਇਸ ਨਾਲ ਸਾਡਾ ਸ਼ੱਕ ਹੋਰ ਵੀ ਪੱਕਾ ਹੋ ਗਿਆ। ਸਾਨੂੰ ਇੰਝ ਲੱਗਾ ਕਿ ਸ਼ਾਇਦ ਇਹ ਪਾਕਿਸਤਾਨੀ 'ਜਾਸੂਸ' ਹੈ। ਸਾਡੇ ਹੋਸਟਲ ਦੇ ਵਿਹੜੇ ਵਿਚ ਇਕ ਏਅਰਫੋਰਸ ਦਾ ਕੈਂਪ ਜਿਹਾ ਲੱਗਿਆ ਹੋਇਆ ਸੀ। ਅਸੀਂ ਉਸ ਨੂੰ ਫੜ ਕੇ ਏਅਰਫੋਰਸ ਦੇ ਹਵਾਲੇ ਕਰ ਦਿੱਤਾ। ਸਾਰੇ ਬੱਚੇ ਬਹੁਤ ਖੁਸ਼ ਸਨ ਕਿ ਉਹਨਾਂ ਨੇ ਪਾਕਿਸਤਾਨੀ ਜਸੂਸ ਨੂੰ ਪਕੜ ਲਿਆ ਹੈ। ਅਗਲੇ ਦਿਨ ਕਾਲਜ ਪੜ੍ਹਾ ਕੇ ਜਦੋਂ ਮੈਂ ਹੋਸਟਲ ਵਾਪਸ ਆਇਆ ਤਾਂ ਮੈਂ ਸੋਚਿਆ ਕਿ ਏਅਰਫੋਰਸ ਵਾਲਿਆਂ ਨੂੰ ਜਾ ਕੇ ਉਸ ਬੰਦੇ ਬਾਰੇ ਪੁੱਛਾਂ। ਏਅਰਫੋਰਸ ਦੇ ਅਫ਼ਸਰ ਕਹਿਣ ਲੱਗੇ," ਉਹ ਬੰਦਾ ਜਾਸੂਸ ਨਹੀਂ ਸੀ। ਉਹ ਘਰ ਦਿਆਂ ਤੋਂ ਚੋਰੀ ਸਿਗਰੇਟ ਪੀਂਦਾ ਸੀ।"

18 ਜੂਨ 1972 ਨੂੰ ਵਿਆਹ ਹੋਣ ਕਰਕੇ ਮੈਂ ਪਟਿਆਲੇ ਦੇ ਨਜ਼ਦੀਕ ਕਿਸੇ ਕਾਲਜ ਵਿਚ ਆਪਣੀ ਬਦਲੀ ਕਰਵਾਉਣਾ ਚਾਹੁੰਦਾ ਸੀ। ਉਸ ਵੇਲੇ ਦੇ ਵਿੱਦਿਆ ਮੰਤਰੀ ਸ. ਆਤਮਾ ਸਿੰਘ ਨੂੰ ਮੇਰੇ ਨਜ਼ਦੀਕੀ ਰਿਸ਼ਤੇਦਾਰ ਜਾਣਦੇ ਸਨ। ਉਹਨਾਂ ਦੇ ਕਹਿਣ ਤੇ ਮੇਰੀ ਬਦਲੀ ਸਰਕਾਰੀ ਕਾਲਜ, ਨਾਭਾ ਵਿਖੇ ਹੋ ਗਈ। ਅਗਲੇ ਪੰਜ ਸਾਲ ਅਸੀਂ ਪਿਤਾ ਜੀ ਦੀ ਬਣਾਏ ਤੋਪਖਾਨੇ ਵਾਲੇ ਮਕਾਨ ਪਟਿਆਲਾ ਵਿਚ ਰਹੇ।

*****

# ਵਿਆਹ

ਜਦੋਂ ਮੈਂ 27 ਸਾਲ ਦੀ ਉਮਰ ਵਿਚ ਫੌਜ ਤੋਂ ਰਿਲੀਜ਼ ਹੋ ਕੇ ਘਰੇ ਆਇਆ ਤਾਂ ਮੇਰੇ ਪਿਤਾ ਨੂੰ ਸਭ ਤੋਂ ਵੱਡਾ ਫਿਕਰ ਮੇਰੇ ਵਿਆਹ ਦਾ ਸੀ। ਇਕ ਵਾਰ ਪਿਤਾ ਜੀ ਹੱਸ ਕੇ ਕਹਿਣ ਲੱਗੇ ਕਿ ਛੱਬੀ ਸਾਲ ਦੀ ਉਮਰ ਵਿਚ ਮੇਰਾ ਤੀਜਾ ਵਿਆਹ ਹੋ ਗਿਆ ਸੀ। ਪਿਤਾ ਜੀ ਦਾ ਪਹਿਲਾ ਵਿਆਹ 1924 ਅਪ੍ਰੈਲ ਦੇ ਦੂਜੇ ਹਫ਼ਤੇ ਵਿਚ ਉਦੋਂ ਹੋਇਆ ਜਦੋਂ ਉਹਨਾਂ ਦਾ ਦੱਸਵੀਂ ਦਾ ਰਿਜ਼ਲਟ ਆਇਆ ਸੀ। ਉਹਨਾਂ ਦੀ ਪਹਿਲੀ ਪਤਨੀ ਸਾਲ ਵਿਚ ਹੀ ਮਰ ਗਈ ਸੀ। ਦੂਜਾ ਵਿਆਹ 1927 ਵਿਚ ਹੋਇਆ ਅਤੇ ਦੂਜੀ ਦਾ ਦੇਹਾਂਤ ਵੀ ਇਕ ਸਾਲ ਦੇ ਵਿਚ ਹੀ ਹੋ ਗਿਆ ਸੀ। ਪਿਤਾ ਜੀ ਦਾ ਤੀਜਾ ਵਿਆਹ 1931 ਵਿਚ ਹੋਇਆ। ਉਸ ਵੇਲੇ ਪਿਤਾ ਜੀ ਦੀ ਉਮਰ 26 ਸਾਲ ਸੀ। ਮੈਂ ਕਿਹਾ ਪਿਤਾ ਜੀ ਜ਼ਮਾਨਾ ਬਦਲ ਗਿਆ ਹੈ। ਕੈਰੀਅਰ ਦੀ ਤਵੱਜੋਂ ਵਿਆਹ ਨਾਲੋਂ ਜ਼ਿਆਦਾ ਹੈ। ਮੈਂ ਕਿਹਾ ਕਿ ਮੈਂ ਵਿਆਹ ਆਪਣੇ ਪੈਰਾਂ ਤੇ ਖੜ੍ਹੋ ਕੇ ਹੀ ਕਰਵਾਉਣਾ ਹੈ। ਜੇ ਮੈਂ ਹੁਣ 30 ਸਾਲ ਦਾ ਹਾਂ ਤਾਂ 25-26 ਸਾਲ ਦੀ ਲੜਕੀ ਮਿਲ ਜਾਵੇਗੀ। ਜੇ 35 ਦਾ ਵੀ ਹੋ ਜਾਵਾਂਗਾ ਤਾਂ ਵੀ 30 ਕੁ ਸਾਲ ਦੀ ਲੜਕੀ ਮਿਲ ਜਾਵੇਗੀ। ਮੈਂ ਪਿਤਾ ਜੀ ਨੂੰ ਵਾਅਦਾ ਕੀਤਾ ਕਿ ਪੱਕੀ ਨੌਕਰੀ ਲੱਗਣ ਦੇ ਪੰਦਰਾਂ ਦਿਨਾਂ ਵਿਚ ਹੀ ਮੈਂ ਅੰਗਰੇਜ਼ੀ ਅਖ਼ਬਾਰ ਟ੍ਰਿਬਊਨ ਵਿਚ ਇਸ਼ਤਿਹਾਰ ਦੇ ਦੇਵਾਂਗਾ ਅਤੇ 6 ਕੁ ਮਹੀਨਿਆਂ ਵਿਚ ਕਿਤੇ ਨਾ ਕਿਤੇ ਗੱਲ ਬਣ ਹੀ ਜਾਵੇਗੀ। ਮੈਂ ਆਪਣੇ ਵਾਇਦੇ ਅਨੁਸਾਰ ਅਗਸਤ 1971 ਦੇ ਪਹਿਲੇ ਹਫ਼ਤੇ ਇਸ਼ਤਿਹਾਰ ਦੇ ਦਿੱਤਾ। ਇਸ਼ਤਿਹਾਰ ਕਰਕੇ ਮੈਨੂੰ 30 ਚਿੱਠੀਆਂ ਆਈਆਂ। ਜਿਹਨਾਂ ਵਿਚੋਂ ਮੈਨੂੰ ਚਾਰ ਚਿੱਠੀਆਂ ਵਾਜਬ ਲੱਗੀਆਂ। ਇਹਨਾਂ ਚਾਰੇ ਚਿੱਠੀਆਂ ਵਿਚੋਂ ਇਕ ਚਿੱਠੀ ਮੇਰੀ ਪਤਨੀ ਜਸਮਿੰਦਰ ਦੇ ਮਾਪਿਆਂ ਵੱਲੋਂ ਵੀ ਸੀ। ਮੇਰੇ ਪਿਤਾ ਜੀ, ਮੇਰੇ ਸਹੁਰੇ ਪਰਿਵਾਰ ਨੂੰ ਅਤੇ ਉਹਨਾਂ ਦੀ ਨੇਕਨਾਮੀ ਨੂੰ ਜਾਣਦੇ ਸਨ। ਸਾਡੇ ਪਿੰਡ ਦੁਗਾਲ ਵਿਚ ਮੇਰੇ ਇਕ ਚਾਚਾ ਸ. ਸੁਖਦੇਵ ਸਿੰਘ ਸਨ, ਜਿਹਨਾਂ ਨੂੰ ਲੋਕ ਕੋਠੀ ਵਾਲੇ ਕਹਿੰਦੇ ਸਨ। ਅਸਲ ਵਿਚ ਇਹ ਘਰ ਸਾਡੇ ਹੀ ਪਿੰਡ ਜਾਂ ਇਲਾਕੇ ਵਿਚ ਹੀ ਵੱਡਾ ਨਹੀਂ ਸੀ, ਸਗੋਂ ਸਾਰੇ ਪਟਿਆਲਾ ਸਟੇਟ ਦੇ ਸਭ ਤੋਂ ਵੱਡੇ ਸਰਦਾਰ ਸਨ। ਉਹਨਾਂ ਦੇ ਪਿਤਾ ਸ. ਕ੍ਰਿਪਾਲ ਸਿੰਘ ਮੈਜਿਸਟ੍ਰੇਟ ਸਨ ਅਤੇ ਉਹਨਾਂ ਦੀ ਕਈ ਪਿੰਡਾਂ ਵਿਚ ਕਾਫੀ ਜ਼ਮੀਨ ਸੀ। ਮੇਰੇ ਸਹੁਰਿਆਂ ਦੇ ਪਰਿਵਾਰ ਦੀ ਸ. ਸੁਖਦੇਵ ਸਿੰਘ ਨਾਲ ਰਿਸ਼ਤੇਦਾਰੀ ਸੀ। ਸ. ਸੁਖਦੇਵ ਸਿੰਘ ਚਾਹੇ ਰਿਸ਼ਤੇ ਵਿਚ ਮੇਰੇ ਪਿਤਾ ਦੇ ਭਰਾ ਹੀ ਸਨ ਪਰ ਜਦੋਂ ਵੀ ਚਾਚਾ ਸੁਖਦੇਵ ਸਿੰਘ ਜੀ ਮੇਰੇ ਪਿਤਾ ਜੀ ਨੂੰ ਮਿਲਦੇ ਸਨ ਤਾਂ ਮੱਥਾ ਟੇਕਦੇ ਸਨ। ਉਹਨਾਂ ਨੇ ਵੀ ਮੇਰੇ ਪਿਤਾ ਜੀ ਨੂੰ ਇਸ ਪਰਿਵਾਰ

ਦੀ ਨੇਕੀ ਬਾਰੇ ਦੱਸਿਆ ਹੋਇਆ ਸੀ।

ਮੈਂ ਕਾਲਜ ਦਾ ਪ੍ਰੋਫੈਸਰ ਸੀ ਅਤੇ ਮੈਂ ਚਾਹੁੰਦਾ ਸੀ ਕਿ ਕਿਸੇ ਕਾਲਜ ਦੀ ਪ੍ਰੋਫੈਸਰ ਨਾਲ ਹੀ ਮੇਰਾ ਵਿਆਹ ਹੋ ਜਾਵੇ। ਅਖ਼ਬਾਰ ਵਿਚ ਵੀ ਇਸ ਤਰ੍ਹਾਂ ਹੀ ਇਸ਼ਤਿਹਾਰ ਦਿੱਤਾ ਸੀ। ਇਕ ਯੂਨੀਵਰਸਿਟੀ ਦੀ ਪ੍ਰੋਫੈਸਰ ਵੱਲੋਂ ਮੈਨੂੰ ਚਿੱਠੀ ਆਈ। ਮੈਨੂੰ ਲੱਗਿਆ ਕਿ ਉਹ ਲੜਕੀ ਪੀਐੱਚ.ਡੀ ਹੈ ਅਤੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਹੈ। ਯੂਨੀਵਰਸਿਟੀ ਪ੍ਰੋਫੈਸਰ ਦਾ ਦਰਜਾ ਕਾਲਜ ਪ੍ਰੋਫੈਸਰ ਨਾਲੋਂ ਵੱਡਾ ਸੀ ਅਤੇ ਲੜਕੀ ਮੇਰੇ ਨਾਲੋਂ ਵੱਧ ਪੜ੍ਹੀ-ਲਿਖੀ ਸੀ। ਮੈਂ ਜ਼ਿਆਦਾ ਪੜ੍ਹਾਈ ਵਾਲੀ ਲੜਕੀ ਨਾਲ ਵਿਆਹ ਕਰਵਾ ਕੇ ਹੀਣ ਭਾਵਨਾ ਵਿਚ ਨਹੀਂ ਪੈਣਾ ਚਾਹੁੰਦਾ ਸੀ। ਉਸ ਦੀ ਇਕ ਭੈਣ ਰਾਜਪੁਰੇ ਕਾਲਜ ਵਿਚ ਪ੍ਰੋਫੈਸਰ ਲੱਗੀ ਹੋਈ ਸੀ। ਮੈਂ ਬਜ਼ੁਰਗਾਂ ਨੂੰ ਬੇਨਤੀ ਕੀਤੀ ਕਿ ਤੁਹਾਡੀ ਵੱਡੀ ਲੜਕੀ ਮੇਰੇ ਨਾਲੋਂ ਵੱਧ ਪੜ੍ਹੀ ਹੈ ਅਤੇ ਜੇ ਤੁਸੀਂ ਆਪਣੀ ਛੋਟੀ ਲੜਕੀ ਲਈ ਵਿਚਾਰੋ ਤਾਂ ਆਪਣੇ ਦੋਹਾਂ ਲਈ ਬਿਹਤਰ ਹੈ। ਜਦੋਂ ਮੈਂ 1964 ਵਿਚ ਲਫਟੈਣ ਸੀ, ਲੜਕੀ ਦੇ ਪਿਤਾ ਐਜੂਕੇਸ਼ਨ ਕੋਰ ਵਿਚ ਸੂਬੇਦਾਰ ਸਨ। ਖੈਰ ਉਹਨਾਂ ਦਾ ਮੈਨੂੰ ਜਵਾਬ ਨਹੀਂ ਆਇਆ।

ਮੈਂ ਆਪਣੇ ਪਿਤਾ ਜੀ ਦੇ ਕਹਿਣ ਤੇ ਆਪਣੇ ਸਹੁਰਿਆਂ ਨੂੰ ਚਿੱਠੀ ਲਿਖ ਦਿੱਤੀ। ਪਿਤਾ ਜੀ ਮੇਰੇ ਰਿਸ਼ਤੇ ਨੂੰ ਲੈ ਕੇ ਬਹੁਤ ਉਤਸੁਕ ਸਨ। ਮੇਰੇ ਸਹੁਰੇ ਸ. ਸੁਖਦੇਵ ਸਿੰਘ ਮੰਡ ਪੰਜਾਬ ਦੇ ਪੁਰਾਣੇ ਜਗੀਰਦਾਰ ਪਰਿਵਾਰਾਂ ਵਿਚੋਂ ਸਨ, ਜਿਹਨਾਂ ਦੀ ਭੂਆ ਪਟਿਆਲੇ ਦੇ ਮੰਨੇ ਪ੍ਰਮੰਨੇ ਘਰ ਵਿਚ, ਕਰਨਲ ਸਦਨ ਸਿੰਘ ਨੂੰ ਵਿਆਹੀ ਹੋਈ ਸੀ। ਮੈਂ ਪਿਤਾ ਜੀ ਨੂੰ ਕਿਹਾ ਕਿ ਇਸ ਲੜਕੀ ਵਿਚ ਦੋ ਕਮੀਆਂ ਹਨ। ਪਹਿਲੀ ਇਹ ਕਿ ਲੜਕੀ ਕਾਲਜ ਪ੍ਰੋਫੈਸਰ ਨਹੀਂ, ਸਕੂਲ ਦੀ ਲੈਕਚਰਾਰ ਹੈ। ਪਰ ਲੈਕਚਰਾਰ ਅਤੇ ਪ੍ਰੋਫੈਸਰ ਦਾ ਤਨਖਾਹ ਸਕੇਲ ਬਰਾਬਰ ਸੀ। ਦੂਜਾ ਇਹ ਕਿ ਮੈਂ ਚਾਹੁੰਦਾ ਸੀ ਮੇਰੀ ਪਤਨੀ 5 ਫੁੱਟ ਤਿੰਨ ਜਾਂ ਚਾਰ ਇੰਚ ਦੀ ਹੋਵੇ। ਇਸ ਦਾ ਕੱਦ ਮੇਰੀ ਉਮੀਦ ਨਾਲੋਂ ਦੋ ਕੁ ਇੰਚ ਛੋਟਾ ਸੀ। ਪਿਤਾ ਜੀ ਨੇ ਕਿਹਾ," ਕਾਕਾ ਸ਼ਰਾਫਤ ਅਤੇ ਨਾਮ ਬਣਾਉਣ ਲਈ ਸੌ ਤੋਂ ਵੱਧ ਸਾਲ ਲੱਗ ਜਾਂਦੇ ਹਨ। ਇਹ ਪਰਿਵਾਰ ਸ਼ਰੀਫ ਹੈ। ਤੁਸੀਂ ਲੜਕੀ ਦੇਖੋ। ਜੇ ਲੜਕੀ ਦਰਮਿਆਨੀ ਲੱਗੇ ਤਾਂ ਲੜਕੀ ਦੇ ਛਾਪ ਪਾ ਦੇਣਾ।" ਪਿਤਾ ਜੀ ਦੇ ਕਹਿਣ ਤੇ ਮੈਂ ਬਜ਼ਾਰੋਂ ਸੌ ਕੁ ਰੁਪਏ ਦੀ ਛਾਪ ਖ਼ਰੀਦ ਲਈ। 15 ਮਈ ਨੂੰ ਮੈਂ, ਮੇਰੀ ਮਾਤਾ ਜੀ ਅਤੇ ਵੱਡੀ ਭੈਣ ਰੁਪਿੰਦਰ ਕੌਰ ਲੜਕੀ ਨੂੰ ਦੇਖਣ ਉਹਨਾਂ ਦੇ ਘਰ ਚਲੇ ਗਏ। ਮੇਰੇ ਸਹੁਰਿਆਂ ਦਾ ਘਰ ਪਟਿਆਲੇ ਸ਼ਹਿਰ ਵਿਚ ਸੀ, ਜੋ ਦੋ ਮੰਜ਼ਿਲਾ ਬਣਿਆ ਹੋਇਆ ਸੀ। ਹੇਠਲੀ ਮੰਜ਼ਿਲ ਵਿਚ ਇਕ ਦੁਕਾਨ ਕਿਰਾਏ ਤੇ ਦਿੱਤੀ ਹੋਈ ਸੀ ਅਤੇ ਇਕ ਉਹਨਾਂ ਦੀ ਬੈਠਕ ਸੀ। ਉਪਰ ਦੀ ਮੰਜ਼ਿਲ ਵਿਚ ਦੋ ਤਿੰਨ ਕਮਰੇ ਅਤੇ ਰਸੋਈ ਸੀ। ਸਭ ਤੋਂ ਪਹਿਲਾਂ ਲੜਕੀ ਦੀ ਮਾਤਾ ਸਰਦਾਰਨੀ ਸਤਵੰਤ ਕੌਰ ਸਾਨੂੰ ਮਿਲਣ ਆਈ ਤੇ ਬੜੀ ਸਪੱਸ਼ਟਤਾ ਨਾਲ ਪੁੱਛਿਆ ਕਿ ਤੁਹਾਡੀ ਕੋਈ ਦਾਜ ਆਦਿਕ ਦੀ ਮੰਗ ਹੈ। ਮੇਰੇ ਮਾਤਾ ਜੀ ਨੇ ਕਿਹਾ ਕਿ ਜੋ ਆਪਣੀ ਧੀ ਦੇ ਦਿੰਦਾ ਹੈ, ਉਹ ਸਭ ਕੁਝ ਹੀ ਦੇ ਦਿੰਦਾ ਹੈ। ਮੈਨੂੰ ਆਪਣੀ ਮਾਤਾ ਜੀ ਦਾ ਜਵਾਬ ਅਸਿੱਧਾ ਜਿਹਾ

ਲੱਗਿਆ। ਪਤਾ ਨਹੀਂ ਮੈਨੂੰ ਇੰਝ ਕਰਨਾ ਚਾਹੀਦਾ ਸੀ ਜਾਂ ਨਹੀਂ ਪਰ ਮੈਂ ਕਹਿ ਦਿੱਤਾ ਕਿ ਸਾਡੀ ਕੋਈ ਮੰਗ ਨਹੀਂ ਹੈ। ਸਾਨੂੰ ਰੱਬ ਨੇ ਸਭ ਕੁਝ ਦਿੱਤਾ ਹੈ। ਕੁਝ ਦੇਰ ਬਾਅਦ ਉਹਨਾਂ ਦੀ ਮਾਤਾ ਜੀ ਮੇਰੀ ਹੋਣ ਵਾਲੀ ਪਤਨੀ ਨੂੰ ਲੈ ਕੇ ਆਏ ਅਤੇ ਚਾਹ ਆਦਿ ਪਿਆਈ। ਦੇਖ ਦਿਖਾਈ ਤੋਂ ਬਾਅਦ ਲੜਕੀ ਅਤੇ ਉਸ ਦੀ ਮਾਤਾ ਉਪਰਲੀ ਮੰਜ਼ਿਲ ਤੇ ਚੱਲੇ ਗਏ। ਅਸੀਂ ਆਪਸ ਵਿਚ ਸਲਾਹ ਕਰਨ ਲੱਗੇ। ਮੇਰੀ ਵੱਡੀ ਭੈਣ ਕਹਿਣ ਲੱਗੀ,“ ਕਾਕਾ ਲੜਕੀ ਤਾਂ ਦਰਮਿਆਨੀ ਜਿਹੀ ਹੈ।” ਮੈਂ ਕਿਹਾ,“ਭੈਣ ਮੈਨੂੰ ਵੀਹ ਸਾਲ ਦੀ ਉਮਰ ਵਿਚ ਨੌਕਰੀ ਮਿਲ ਗਈ ਸੀ ਅਤੇ ਇਸ ਗੱਲ ਨੂੰ ਸੱਤ ਅੱਠ ਸਾਲ ਹੋ ਗਏ ਹਨ। ਤੁਸੀਂ ਮੇਰੇ ਲਈ ਕਦੇ ਕੋਈ ਚੰਗੀ ਲੜਕੀ ਦੱਸੀ?” ਉਹ ਕਹਿਣ ਲੱਗੀ, ਨਹੀਂ। ਦੂਜੀ ਗੱਲ ਮੈਂ ਕਹੀ ਕਿ ਜੇ ਲੜਕੀ ਦਰਮਿਆਨੀ ਹੈ ਤਾਂ ਮੈਂ ਕਿਹੜਾ ਰਾਂਝਾ ਹਾਂ। ਤੁਸੀਂ ਮੇਰਾ ਘਰ ਵੱਸ ਲੈਣ ਦਿਓ। ਪਿਤਾ ਜੀ ਬਹੁਤ ਫਿਕਰ ਕਰਦੇ ਹਨ ਕਿ ਮੇਰਾ ਵਿਆਹ ਇੰਨਾਂ ਲੇਟ ਹੋ ਰਿਹਾ ਹੈ। ਫਿਰ ਮੈਂ ਆਪਣੀ ਮਾਤਾ ਨੂੰ ਪੁੱਛਿਆ। ਮਾਤਾ ਜੀ ਕਹਿਣ ਲੱਗੇ,“ਕਾਕਾ ਮੈਂ ਤਾਂ ਐਨਕਾਂ ਹੀ ਘਰੇ ਭੁੱਲ ਆਈ ਹਾਂ।” ਮੈਂ ਦੋਵਾਂ ਨੂੰ ਕਿਹਾ ਕਿ ਪਿਤਾ ਜੀ ਨੇ ਕਿਹਾ ਸੀ ਕਿ ਲੜਕੀ ਦਰਮਿਆਨੀ ਵੀ ਹੋਈ ਤਾਂ ਵੀ ਛਾਪ ਪਾ ਆਉਣਾ, ਜੋ ਮੈਂ ਆਪਣੇ ਨਾਲ ਲੈ ਗਿਆ ਸੀ। ਮੇਰੀ ਮਾਤਾ ਜੀ ਨੇ ਲੜਕੀ ਦੀ ਮਾਤਾ ਜੀ ਨੂੰ ਕਿਹਾ,“ ਜੀ ਸਾਨੂੰ ਲੜਕੀ ਪਸੰਦ ਹੈ। ਅਸੀਂ ਉਸ ਦੇ ਛਾਪ ਪਾਉਣੀ ਚਾਹੁੰਦੇ ਹਾਂ।” ਮੇਰੀ ਸੱਸ ਫਿਰ ਘਰ ਦੀ ਉਪਰਲੀ ਮੰਜ਼ਿਲ ਵਿਚ ਗਏ ਅਤੇ 10 ਕੁ ਮਿੰਟਾਂ ਬਾਅਦ ਵਾਪਸ ਆਏ। ਉਹ ਕਹਿਣ ਲੱਗੇ,“ ਲੜਕੀ ਤਾਂ ਰੋਣ ਲੱਗ ਪਈ ਹੈ। ਇਹ ਛਾਪ ਮੇਰੀ ਝੋਲੀ ਵਿਚ ਪਾ ਦਿਓ, ਮੈਂ ਲੜਕੀ ਦੀ ਉਂਗਲ ਵਿਚ ਪਾ ਦਿਆਂਗੀ।” ਅਜਿਹਾ ਕਰਕੇ ਅਸੀਂ ਘਰ ਵਾਪਸ ਆ ਗਏ।

ਅਸੀਂ ਰੋਕਾ ਕਰਕੇ ਆਏ ਹੀ ਸੀ ਕਿ ਮੇਰੇ ਗਵਾਂਢ ਵਿਚ ਮੇਰੇ ਦੋਸਤ ਅਨੂਪ ਦੀ ਮਾਂ (ਜਿਸ ਨੂੰ ਮੈਂ ਮਾਸੀ ਜੀ ਕਹਿੰਦਾ ਸੀ) ਨੇ ਆਪਣੇ ਪਿੰਡ ਤੋਂ ਇਕ ਭਤੀਜੀ ਦਾ ਰਿਸ਼ਤਾ ਦੱਸਿਆ। ਨਾਲ ਉਹਨਾਂ ਨੇ ਇਹ ਵੀ ਦੱਸਿਆ ਕਿ ਉਹ ਲੜਕੀ ਇਕੱਲੀ ਹੈ। ਉਸ ਦਾ ਕੋਈ ਭਰਾ ਆਦਿ ਨਹੀਂ ਹੈ। ਉਸ ਦੇ ਨਾਂ ਚਾਲੀ ਏਕੜ ਜ਼ਮੀਨ ਹੈ। ਅੱਗੇ ਕਹਿਣ ਲੱਗੇ ਕਿ ਸਾਰੀ ਉਮਰ ਪ੍ਰੋਫੈਸਰੀ ਦੀ ਤਨਖਾਹ ਵਿਚ ਤਾਂ ਤੂੰ ਦੋ ਏਕੜ ਜ਼ਮੀਨ ਵੀ ਨਹੀਂ ਖਰੀਦ ਸਕਦਾ। ਖੈਰ ਮੈਂ ਕਿਹਾ,“ ਮਾਸੀ ਜੀ, ਮੈਂ ਤੇ ਮਾਤਾ ਜੀ ਰਿਸ਼ਤੇ ਨੂੰ ਹਾਂ ਕਹਿ ਆਏ ਹਾਂ ਅਤੇ ਅਸੀਂ ਬਚਨ ਦੇ ਪੱਕੇ ਹਾਂ।” ਮਾਸੀ ਜੀ ਕਹਿਣ ਲੱਗੇ,“ ਕਾਕਾ ਅੱਜ ਹਾਂ ਤੇ ਨਾ ਵਿਚ ਚਾਲੀ ਕਿੱਲਿਆਂ ਦਾ ਫਰਕ ਹੈ।” ਮੈਂ ਕਿਹਾ,“ ਮਾਸੀ ਜੀ, ਮੈਂ ਅਜਿਹਾ ਪਾਪ ਨਹੀਂ ਕਰ ਸਕਦਾ। ਉਹ ਲੜਕੀ ਜਿਸ ਨੂੰ ਅਸੀਂ ਹਾਂ ਕਹਿ ਕੇ ਆਏ ਹਾਂ, ਕਿਹੋ ਜਿਹੇ ਸੁਪਨੇ ਲੈਂਦੀ ਹੋਵੇਗੀ। ਮੈਂ ਉਸ ਦਾ ਦਿਲ ਤੋੜ ਕੇ ਪਾਪ ਦਾ ਭਾਗੀ ਨਹੀਂ ਬਣਨਾ ਚਾਹੁੰਦਾ।” ਮਾਸੀ ਜੀ ਨੇ ਇਹ ਗੱਲਾਂ ਸੁਣ ਕੇ ਚੁੱਪ ਵੱਟ ਲਈ। ਕੁਝ ਦਿਨਾਂ ਬਾਅਦ ਪਤਾ ਲੱਗਾ ਕਿ ਉਸ ਚਾਲੀ ਕਿਲਿਆਂ ਵਾਲੀ ਲੜਕੀ ਦਾ ਰਿਸ਼ਤਾ ਸਾਡੇ ਹੀ ਇਕ ਸਹਿਕਰਮੀ ਜੋ ਨਾਭਾ ਕਾਲਜ ਵਿਚ ਪੜ੍ਹਾਉਂਦੇ ਸਨ, ਨਾਲ ਹੋ ਗਿਆ। ਉਹਨਾਂ ਦਾ ਨਾਮ ਪ੍ਰੋਫੈਸਰ ਪਰਮਜੀਤ ਸਿੰਘ ਖਹਿਰਾ ਸੀ। ਖਹਿਰਾ ਮੈਨੂੰ ਕਹਿਣ

ਲੱਗਾ,"ਮੇਰੇ ਸਹੁਰੇ ਸ਼ਗਨ ਤਾਂ ਮੈਨੂੰ ਪਾ ਰਹੇ ਸਨ ਪਰ ਯਾਦ ਤੈਨੂੰ ਕਰ ਰਹੇ ਸਨ।" ਖੈਰ ਇਹ ਵੀ ਇਮਤਿਹਾਨ ਸੀ, ਜੋ ਰੱਬ ਦੀ ਕਿਰਪਾ ਨਾਲ ਅਤੇ ਗੁਰੂ ਜੀ ਦੀ ਸਿੱਖਿਆ ਨਾਲ ਮੈਂ ਪਾਸ ਕੀਤਾ।

18 ਜੂਨ 1972 ਦਾ ਸਮਾਂ ਮੇਰੇ ਵਿਆਹ ਲਈ ਨਿਸ਼ਚਿਤ ਕੀਤਾ ਗਿਆ। ਮੇਰੇ ਸਹੁਰਾ ਸਾਹਿਬ ਤਕਰੀਬਨ ਰੋਜ਼ ਹੀ ਮੇਰੇ ਕੋਲ ਆ ਜਾਂਦੇ ਸਨ। ਮੈ ਪਿੰਡ ਵਿਚ ਕਣਕ ਦੀ ਫਸਲ ਸਾਂਭ ਕੇ ਪਟਿਆਲੇ ਆ ਗਿਆ ਸੀ। ਉਹਨਾਂ ਦਿਨਾਂ ਵਿਚ ਕਾਲਜਾਂ ਵਿਚ ਢਾਈ ਕੁ ਮਹੀਨੇ ਦੀਆਂ ਛੁੱਟੀਆਂ ਹੁੰਦੀਆਂ ਸਨ। ਮੈਂ ਪਟਿਆਲੇ ਤੋਪਖਾਨੇ ਵਾਲੇ ਘਰ ਵਿਚ ਇਕੱਲਾ ਹੀ ਰਹਿੰਦਾ ਸੀ। ਉਹ ਕਈ ਕਈ ਘੰਟੇ ਮੇਰੇ ਕੋਲ ਬੈਠੇ ਰਹਿੰਦੇ ਸਨ। ਵਿਆਹ ਦੀਆਂ ਤਿਆਰੀਆਂ ਹੋਣੀਆਂ ਸ਼ੁਰੂ ਹੋ ਗਈਆਂ। ਮੇਰਾ ਛੋਟਾ ਭਰਾ ਜਗਜੀਤ ਕੁਝ ਮਹੀਨੇ ਪਹਿਲਾਂ ਹੀ ਅਮਰੀਕਾ ਗਿਆ ਸੀ, ਜਿਸ ਕਰਕੇ ਉਹ ਵਿਆਹ ਵਿਚ ਸ਼ਾਮਿਲ ਨਾ ਹੋ ਸਕਿਆ ਅਤੇ ਨਾ ਹੀ ਅਸੀਂ ਉਸ ਤੇ ਜ਼ਿਆਦਾ ਜ਼ੋਰ ਪਾਇਆ। ਪਿੰਡ ਦੋ ਭਰਾ ਸਤਵੰਤ ਅਤੇ ਗੁਰਵੰਤ ਖੇਤੀ ਕਰਦੇ ਸਨ। ਸਤਵੰਤ ਪਿੰਡ ਵਿਚ ਜ਼ਮੀਨ ਦੀ ਦੇਖ-ਭਾਲ ਲਈ ਉਥੇ ਹੀ ਰਿਹਾ ਅਤੇ ਗੁਰਵੰਤ ਮੇਰੇ ਵਿਆਹ ਲਈ ਪਟਿਆਲੇ ਆ ਗਿਆ। ਮੇਰੇ ਬਚਪਨ ਦਾ ਦੋਸਤ ਅਨੂਪ ਕੁਝ ਮਹੀਨੇ ਪਹਿਲਾਂ ਹੀ ਅਮਰੀਕਾ ਗਿਆ ਸੀ। ਸਰਕਾਰੀ ਕਾਲਜ ਟਾਂਡੇ ਰਹਿੰਦਿਆਂ ਮੇਰੇ ਦੋ ਦੋਸਤ ਬਣ ਗਏ ਸਨ। ਇਕ ਦਾ ਨਾਮ ਸੀ ਪ੍ਰੋਫੈਸਰ ਗੁਲਜ਼ਾਰ ਸਿੰਘ ਅਤੇ ਦੂਜੇ ਦਾ ਨਾਮ ਸੀ ਪ੍ਰੋਫੈਸਰ ਲਾਲ ਚੰਦ ਸ਼ਰਮਾ। ਇਹ ਦੋਵੇਂ ਦੋਸਤ ਵਿਆਹ ਤੇ ਬੁਲਾਏ। ਵਿਆਹ ਦੇ ਖ਼ਰਚੇ ਲਈ ਮੇਰੇ ਪਾਸ ਛੇ ਹਜ਼ਾਰ ਰੁਪਏ ਸਨ, ਜਿਸ ਵਿਚ ਮੈਂ ਸਾਰੇ ਵਿਆਹ ਦਾ ਬੰਦੋਬਸਤ ਕਰਨਾ ਸੀ। ਉਸ ਸਮੇਂ ਸੋਨਾ ਵੀ ਕਾਫੀ ਸਸਤਾ ਸੀ। ਮੇਰੇ ਬਚਪਨ ਦੇ ਦੋਸਤ ਸੋਮਨਾਥ ਮਿੱਤਲ ਦੀਆਂ ਦੋ ਦੁਕਾਨਾਂ ਸਨ। ਇਕ ਕੱਪੜੇ ਦੀ ਅਤੇ ਇਕ ਸੋਨੇ ਦੀ। ਅਸੀਂ ਹਜ਼ਾਰ ਕੁ ਰੁਪਏ ਦਾ ਕੱਪੜਾ ਵਰੀ ਵਜੋਂ ਅਤੇ ਹਜ਼ਾਰ ਕੁ ਰੁਪਏ ਦਾ ਸੋਨਾ ਖਰੀਦ ਲਿਆ। ਮੇਰੇ ਸਹੁਰਿਆਂ ਨੇ ਮੇਰੇ ਤੋਂ ਪੁੱਛਿਆ ਕਿ ਜੰਞ ਵਿਚ ਕਿੰਨੇ ਕੁ ਬੰਦੇ ਆਉਣਗੇ। ਮੈਂ ਕਿਹਾ ਜੀ ਤੀਹ ਬੰਦੇ ਆਉਣਗੇ। ਫੌਜ ਵਿਚ ਰਹਿਣ ਕਰਕੇ ਮੈਨੂੰ ਬੈਂਡ ਵਾਜੇ ਦਾ ਸ਼ੌਕ ਸੀ। ਇਸ ਲਈ ਮੈਂ ਧਰਮਪੁਰੇ ਬਜ਼ਾਰ ਤੋਂ ਬੈਂਡ ਵਾਜੇ ਵਾਲੇ ਬੁੱਕ ਕਰ ਲਏ। ਬੈਂਡ ਵਾਲਿਆਂ ਦੀ ਟੀਮ ਦੇ ਗਿਆਰਾਂ ਮੈਂਬਰ ਸਨ।

ਦੂਜਾ ਪ੍ਰਬੰਧ ਮਿਠਾਈ ਦਾ ਸੀ। ਉਹਨਾਂ ਦਿਨਾਂ ਵਿਚ ਵਿਆਹ-ਸ਼ਾਦੀਆਂ ਮੌਕੇ ਲੋਕ ਮਿਠਾਈ ਬਣਾਉਣ ਲਈ ਹਲਵਾਈ ਘਰ ਹੀ ਲਗਾ ਲੈਂਦੇ ਸਨ। ਦੁੱਧ ਅਤੇ ਹੋਰ ਮਿਠਾਈਆਂ ਦੀ ਰਸਦ ਲਿਆ ਕੇ ਘਰ ਹੀ ਜਲੇਬੀਆਂ, ਲੱਡੂ, ਬਰਫੀ ਆਦਿ ਬਣਾਈ ਜਾਂਦੀ ਸੀ। ਮੈਂ ਆਪਣੇ ਤਰੀਕੇ ਨਾਲ ਹੀ ਸੋਚਦਾ ਸੀ। ਸਾਡਾ ਘਰ ਅਦਾਲਤ ਬਾਜ਼ਾਰ ਅਤੇ ਅਨਾਰਦਾਣਾ ਚੌਕ ਦੇ ਬਹੁਤ ਨਜ਼ਦੀਕ ਸੀ। ਮੈਂ ਇਕ ਲੱਕੜ ਦਾ ਬਕਸਾ ਮਿਠਾਈ ਲਈ ਲਾ ਲਿਆ ਅਤੇ ਉਸ ਦੇ ਹੇਠਾਂ ਅਖ਼ਬਾਰ ਵਿਛਾ ਦਿੱਤਾ। ਸਾਡਾ ਘਰ ਪੁਰਾਣਾ ਸੀ ਜਿਸ ਕਰਕੇ ਘਰ ਵਿਚ ਬਹੁਤ ਸਮਾਨ ਸੀ। ਮੈਂ ਦੋ ਚਾਰ ਵੱਡੇ ਵੱਡੇ ਥਾਲ ਰੱਖ ਦਿੱਤੇ। ਮਹਿਮਾਨ ਇਕੱਠੇ ਹੋਣੇ ਸ਼ੁਰੂ ਹੋ ਗਏ। ਮੇਰੇ ਨਾਨਕੇ ਪਰਿਵਾਰ ਤੋਂ

ਮੇਰੇ ਨਾਨੀ ਜੀ ਸਰਦਾਰਨੀ ਨਿਹਾਲ ਕੌਰ, ਮਾਮਾ ਜੀ ਸ. ਗੁਰਦੇਵ ਸਿੰਘ ਅਤੇ ਮਾਮੀ ਜੀ ਹਮੀਰ ਕੌਰ ਵਿਆਹ ਤੇ ਆਏ। ਮੇਰੇ ਦਾਦੀ ਜੀ ਨਾਲ ਕੁਝ ਤਕਰਾਰ ਜਿਹਾ ਹੋ ਗਿਆ ਤੇ ਮੈਂ ਦਾਦੀ ਜੀ ਨੂੰ, ਦੋਵੇਂ ਚਾਚਾ ਜੀ ਅਤੇ ਭੂਆ ਜੀ ਦੇ ਪਰਿਵਾਰ ਨੂੰ ਨਾ ਬੁਲਾਇਆ, ਜਿਸ ਦਾ ਮੈਨੂੰ ਆਪਣੇ ਆਪ ਨਾਲ ਹੁਣ ਤੱਕ ਗਿਲਾ ਹੈ।ਮਹਿਮਾਨ ਹੱਸਣ ਲੱਗੇ ਕਿ ਹਲਵਾਈ ਤਾਂ ਲਾਇਆ ਹੀ ਨਹੀਂ, ਰਿਸ਼ਤੇਦਾਰਾਂ ਲਈ ਮਿਠਾਈ ਆਦਿਕ ਦਾ ਬੰਦੋਬਸਤ ਕਿਵੇਂ ਕਰੋਗੇ। ਮੈਂ ਪਿਤਾ ਜੀ ਨੂੰ ਕਿਹਾ ਕਿ ਜੋ ਹੁਕਮ ਕਰੋਗੇ, ਪੰਜਾਂ ਮਿੰਟਾਂ ਵਿਚ ਹੀ ਆ ਜਾਵੇਗਾ। ਤੁਸੀਂ ਹਲਵਾਈ ਦੇ ਹੱਥ ਦਾ ਖਾਣਾ ਹੈ ਜਾਂ ਮੇਰੇ ਹੱਥ ਦਾ। ਮੈਂ ਕੁਝ ਕਿੱਲੋ ਮਿਠਾਈ ਬਜ਼ਾਰੋਂ ਲੈ ਆਇਆ ਸੀ। ਮੈਂ ਨਕਲ ਮਾਰਨ ਵਿਚ ਬਿਲਕੁਲ ਵਿਸ਼ਵਾਸ ਨਹੀਂ ਰੱਖਦਾ ਸੀ। ਮੈਂ ਬਕਸੇ ਵਿਚ ਰੱਖੇ ਥਾਲ ਮਿਠਾਈਆਂ ਨਾਲ ਭਰ ਦਿੱਤੇ। ਜਦੋਂ ਕੁਝ ਖਤਮ ਹੁੰਦਾ ਨਾਲ ਹੀ ਬਜ਼ਾਰੋਂ ਲੈ ਆਉਂਦਾ। ਲੋਕਾਂ ਨੇ ਸੋਚਿਆ ਕਿ ਸ਼ਾਇਦ ਪਿੰਡਾਂ ਵਿਚ ਦੁਕਾਨਾਂ ਆਦਿ ਨਹੀਂ ਹੁੰਦੀਆਂ ਇਸ ਲਈ ਲੋਕ ਘਰ ਹੀ ਹਲਵਾਈ ਲਾ ਲੈਂਦੇ ਹਨ। ਮੇਰੇ ਲਈ ਅਜਿਹਾ ਕਰਨਾ ਇਕ ਨਵੀਂ ਪਹਿਲਕਦਮੀ ਸੀ।

**ਕੱਪੜੇ ਦੀ ਖਰੀਦਦਾਰੀ:** ਸਾਡੇ ਰਿਸ਼ਤੇਦਾਰ ਕਹਿਣ ਲੱਗੇ ਕਿ ਅਚਕਨ ਤਾਂ ਸੁਆਈ ਹੀ ਨਹੀਂ। ਅਚਕਨ ਬਿਨਾਂ ਵਿਆਹ ਨਹੀਂ ਫੱਬਦਾ। ਮੈਂ ਅਰਕੰਡੀ ਅਸਮਾਨੀ ਰੰਗ ਦੀ ਪੱਗ ਬੰਨ੍ਹੀ ਅਤੇ ਨਾਲ ਮੈਚਿੰਗ ਕੱਪੜੇ ਪਾਏ। ਮੇਰਾ ਬਚਪਨ ਦਾ ਦੋਸਤ ਬਾਲ ਕ੍ਰਿਸ਼ਨ ਸਿੰਗਲਾ ਸਾਡੇ ਘਰ ਆਇਆ। ਮੈਂ ਉਸ ਨੂੰ ਬੇਨਤੀ ਸਹਿਤ ਕਿਹਾ ਕਿ ਬਾਰਾਤ ਵਿਚ ਤੀਹ ਬੰਦੇ ਜਾਣੇ ਹਨ, ਗਿਆਰਾਂ ਬੈਂਡ ਦੇ ਅਤੇ ਉਨੀ ਘਰ ਦੇ। ਮੈਂ ਉਸ ਨੂੰ ਸਿੱਧਾ ਲੜਕੀ ਦੇ ਘਰ ਹੀ ਆਉਣ ਲਈ ਕਿਹਾ। ਉਸ ਜ਼ਮਾਨੇ ਵਿਚ ਉਹ ਕਿੰਨਾ ਵਧੀਆ ਦੋਸਤ ਹੋਵੇਗਾ, ਜਿਸ ਨੇ ਮੇਰੀ ਇਹ ਗੱਲ ਖੁਸ਼ੀ ਖੁਸ਼ੀ ਮੰਨ ਲਈ। ਜਦੋਂ ਅਸੀਂ ਉਥੇ ਖਾਣਾ ਖਾ ਰਹੇ ਸੀ, ਬਾਲ ਕ੍ਰਿਸ਼ਨ ਉਥੇ ਪਹੁੰਚਿਆ। ਉਸ ਜ਼ਮਾਨੇ ਵਿਚ ਆਨੰਦ ਕਾਰਜ ਸ਼ਮਿਆਨੇ ਆਦਿ ਵਿਚ ਹੀ ਹੋ ਜਾਂਦੇ ਸਨ ਅਤੇ ਆਨੰਦ ਕਾਰਜ ਤੋਂ ਬਾਅਦ ਉਹ ਜਗ੍ਹਾ ਜੰਞ ਲਈ ਖੋਲ੍ਹ ਦਿੱਤੀ ਜਾਂਦੀ ਸੀ। ਵਿਆਹ ਸੰਪੰਨ ਹੋ ਗਿਆ ਅਤੇ ਮੇਰੇ ਵਿਆਹ ਤੇ ਮੇਰਾ 6700 ਰੁਪਏ ਖ਼ਰਚਾ ਆਇਆ। ਸੱਤ ਸੌ ਰੁਪਏ ਮੇਰੇ 'ਤੇ ਸੋਮਨਾਥ ਮਿੱਤਲ ਦਾ ਕੱਪੜੇ ਦਾ ਉਧਾਰ ਸੀ, ਜੋ ਮੈਂ ਵਿਆਹ ਤੋਂ ਦੋ ਤਿੰਨ ਮਹੀਨਿਆਂ ਵਿਚ ਹੀ ਮੋੜ ਦਿੱਤਾ।

ਵਿਆਹ ਤੋਂ ਕੁਝ ਦਿਨਾਂ ਬਾਅਦ ਮੇਰੇ ਸਹੁਰਾ ਸਾਹਿਬ ਸਾਡੇ ਤੋਪਖਾਨੇ ਵਾਲੇ ਘਰ ਆਏ ਅਤੇ ਤੇਰਾਂ ਹਜ਼ਾਰ ਰੁਪਏ ਦੇਣ ਲੱਗੇ। ਮੈਂ ਪੁਛਿਆ,"ਪਿਤਾ ਜੀ ਇਹ ਕੀ ਹੈ?" ਕਹਿਣ ਲੱਗੇ," ਕਾਕਾ ਅਸੀਂ ਵਿਆਹ ਲਈ ਚਾਲੀ ਹਜ਼ਾਰ ਰੱਖੇ ਸਨ। ਜੋ ਅਸੀਂ ਸ਼ਗਨ ਆਦਿ ਦਿੰਦੇ ਸੀ ਤੁਸੀਂ ਉਹ ਵਾਪਸ ਕਰ ਦਿੰਦੇ ਸੀ। ਤੇਰਾਂ ਹਜ਼ਾਰ ਰੁਪਏ ਬਚ ਗਏ ਹਨ, ਇਹਨਾਂ ਦਾ ਤੁਸੀਂ ਕੋਈ ਸਕੂਟਰ, ਮੋਟਰ ਸਾਈਕਲ ਜਾਂ ਕੋਈ ਪਲਾਟ ਆਦਿ ਖ਼ਰੀਦ ਲਓ।" ਮੈਂ ਕਿਹਾ ਪਿਤਾ ਜੀ ਸਾਡੇ ਕੋਲ ਮਕਾਨ ਅਤੇ ਸਕੂਟਰ ਪਹਿਲਾਂ ਹੀ ਹੈ। ਅਸੀਂ ਇਮਾਨਦਾਰ ਅਤੇ ਸੰਜਮੀ ਲੋਕ ਹਾਂ ਅਤੇ ਸਾਡੀ

ਇਮਾਨਦਾਰੀ ਨਾਲ ਤੁਹਾਡਾ ਤੇਰਾਂ ਹਜ਼ਾਰ ਬਚ ਗਿਆ ਹੈ ਤਾਂ ਸਾਨੂੰ ਬਹੁਤ ਖੁਸ਼ੀ ਹੈ। ਤੁਸੀਂ ਕੋਈ ਪਲਾਟ ਆਦਿ ਖਰੀਦ ਲਓ, ਜਿਸ ਨਾਲ ਤੁਹਾਨੂੰ ਦੋਵੇਂ ਛੋਟੀਆਂ ਲੜਕੀਆਂ ਦੇ ਵਿਆਹ ਵਿਚ ਮੱਦਦ ਹੋ ਜਾਵੇਗੀ। ਪਿਤਾ ਜੀ ਨੇ ਸਰਹਿੰਦ ਰੋਡ ਤੇ ਨੌ ਹਜ਼ਾਰ ਰੁਪਏ ਵਿਚ ਪੰਜ ਸੌ ਗਜ ਦਾ ਇਕ ਪਲਾਟ ਲੈ ਲਿਆ, ਜਿਸ ਵਿਚੋਂ ਇਹਨਾਂ ਨੇ ਆਪਣੀਆਂ ਦੋਵੇਂ ਛੋਟੀਆਂ ਲੜਕੀਆਂ ਦੇ ਵਿਆਹ ਕੀਤੇ।

*****

# ਮੇਰਾ ਸਹੁਰਾ ਪਰਿਵਾਰ

1716 ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਹੋਣ ਤੋਂ ਬਾਅਦ ਬਹਾਦਰ ਸਰਦਾਰਾਂ ਨੇ ਇਲਾਕੇ ਫਤਹਿ ਕਰਨੇ ਸ਼ੁਰੂ ਕਰ ਦਿੱਤੇ। 13 ਮਿਸਲਾਂ ਬਣਨ ਤੋਂ ਪਹਿਲਾਂ 159 ਸਰਦਾਰਾਂ ਦੇ ਪਾਸ ਛੋਟੇ ਵੱਡੇ ਇਲਾਕਿਆਂ ਦੀ ਮਲਕੀਅਤ ਸੀ। ਉਸੇ ਸਮੇਂ ਦੌਰਾਨ ਮੇਰੇ ਸਹੁਰਿਆਂ ਦੇ ਪਰਿਵਾਰ ਨੇ ਅਠਾਰਾਂ ਪਿੰਡ ਦੋਰਾਹੇ ਦੇ ਇਲਾਕੇ ਵਿਚ ਆਪਣੇ ਕਬਜ਼ੇ ਵਿਚ ਲੈ ਲਏ। ਸਮਾਂ ਬੀਤਦਾ ਗਿਆ। ਬਾਅਦ ਵਿਚ ਤੇਰਾਂ ਮਿਸਲਾਂ ਬਣੀਆਂ। ਮਹਾਰਾਜਾ ਰਣਜੀਤ ਸਿੰਘ ਦੇ ਆਉਣ ਨਾਲ, ਸਿਵਾਏ ਫੂਲਕੀਆਂ ਮਿਸਲ ਤੋਂ ਜਿਸ ਨੇ ਅੰਗਰੇਜ਼ਾਂ ਦੀ ਸ਼ਰਨ ਲੈ ਲਈ, ਸਾਰੀਆਂ ਹੀ ਮਿਸਲਾਂ ਮਹਾਰਾਜਾ ਰਣਜੀਤ ਸਿੰਘ ਵਿਚ ਜਜ਼ਬ ਹੋ ਗਈਆਂ। ਮਹਾਰਾਜਾ ਰਣਜੀਤ ਸਿੰਘ ਬਹੁਤ ਵੱਡਾ ਸ਼ਹਿਨਸ਼ਾਹ ਬਣ ਕੇ ਉਭਰਿਆ। 1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਜੰਗਾਂ ਹੋਈਆਂ। 1849 ਤੱਕ ਅੰਗਰੇਜ਼ਾਂ ਦਾ ਪੰਜਾਬ ਵਿਚ ਪੂਰੀ ਤਰ੍ਹਾਂ ਕਬਜ਼ਾ ਹੋ ਗਿਆ।

ਰਾਜ ਸੰਭਾਲਣ ਤੋਂ ਬਾਅਦ ਸਭ ਤੋਂ ਵੱਡੀ ਸਮੱਸਿਆ ਅੰਗਰੇਜ਼ਾਂ ਕੋਲ ਬੇਰੁਜ਼ਗਾਰ ਫੌਜੀਆਂ ਦੀ ਸੀ, ਜਿਹਨਾਂ ਕੋਲ ਹਥਿਆਰ ਵੀ ਸੀ ਅਤੇ ਲੜਨ ਦੀ ਇੱਛਾ ਸ਼ਕਤੀ ਵੀ ਸੀ।1858 ਵਿਚ ਬੰਦੋਬਸਤ ਤਹਿਤ, ਅੰਗਰੇਜ਼ਾਂ ਨੇ ਸਾਰੇ ਵੱਡੇ ਜਗੀਰਦਾਰਾਂ ਨਾਲ ਪਹੁੰਚ ਕੀਤੀ ਕਿ ਜਾਂ ਤਾਂ ਉਹ ਜ਼ਮੀਨਾਂ ਵਾਹ ਕੇ ਮਾਮਲਾ ਦੇਣ ਜਾਂ ਜਗੀਰਦਾਰਾਂ ਨੂੰ ਪੈਨਸ਼ਨ ਲਗਾ ਦਿਆਂਗੇ ਅਤੇ ਉਹ ਜ਼ਮੀਨ ਫੌਜੀਆਂ ਨੂੰ ਅਲਾਟ ਕਰ ਦਿੱਤੀ ਜਾਵੇਗੀ। ਇਸੇ ਤਰ੍ਹਾਂ ਹੀ ਹੋਇਆ। ਲੱਖਾਂ ਏਕੜ ਜ਼ਮੀਨ, ਜਗੀਰਦਾਰਾਂ ਨੇ ਅੰਗਰੇਜ਼ਾਂ ਨੂੰ ਦੇ ਦਿੱਤੀ। ਜਗੀਰਦਾਰਾਂ ਨੂੰ ਨਗਦੀ ਪੈਨਸ਼ਨ ਸ਼ੁਰੂ ਹੋ ਗਈ। ਉਹੀ ਜ਼ਮੀਨ ਮਹਾਰਾਜਾ ਦੇ ਫੌਜ ਦੇ ਸਾਬਕਾ ਫੌਜੀਆਂ ਨੂੰ ਅਲਾਟ ਕਰ ਦਿੱਤੀ ਗਈ। ਫੌਜੀਆਂ ਨੇ ਹਥਿਆਰ ਅੰਗਰੇਜ਼ਾਂ ਨੂੰ ਦੇ ਦਿੱਤੇ ਅਤੇ ਹਲ ਚਲਾਉਣੇ ਸ਼ੁਰੂ ਕਰ ਦਿੱਤੇ। ਪੰਜਾਬ ਵਿਚ ਨਹਿਰਾਂ ਚੱਲ ਪਈਆਂ। ਸਾਬਕਾ ਫੌਜੀ ਕਾਮਯਾਬ ਅਤੇ ਅਮੀਰ ਜ਼ਿੰਮੀਦਾਰ ਬਣਨ ਲੱਗੇ। ਇਸੇ ਲਹਿਰ ਕਰਕੇ ਮੇਰੇ ਸਹੁਰਿਆਂ ਦੀ ਅਠਾਰਾਂ ਪਿੰਡਾਂ ਵਿਚੋਂ ਪੰਦਰਾਂ ਪਿੰਡ ਜ਼ਬਤ ਕਰ ਲਏ ਗਏ ਕਿਉਂਕਿ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਵਿਚ ਮੇਰੇ ਸਹੁਰਿਆਂ ਨੇ ਅੰਗਰੇਜ਼ਾਂ ਦੀ ਮੱਦਦ ਨਹੀਂ ਕੀਤੀ ਸੀ। 1858 ਵਿਚ ਮੇਰੇ ਸਹੁਰਿਆਂ ਨੇ ਤਿੰਨੋ ਪਿੰਡ ਅੰਗਰੇਜ਼ਾਂ ਨੂੰ ਸੰਭਾਲ ਦਿੱਤੇ ਅਤੇ ਉਸ ਦੀ ਜਗੀਰ ਤਿੰਨ ਹਜ਼ਾਰ ਰੁਪਏ ਸਾਲਾਨਾ ਤੈਅ ਹੋਈ। ਇਹ ਪਰਿਵਾਰ ਪਿੰਡ ਲੋਪੋ (ਨਜ਼ਦੀਕ ਦੁਰਾਹਾ) ਰਹਿਣ ਲੱਗੇ। ਮੇਰੇ ਸਹੁਰਾ ਸਾਹਿਬ ਦੀ ਇਕਲੌਤੀ ਭੂਆ ਪ੍ਰੇਮ ਕੌਰ ਪਟਿਆਲਾ ਵਿਖੇ

ਕਰਨਲ ਸਦਨ ਸਿੰਘ ਨੂੰ ਵਿਆਹੀ ਹੋਈ ਸੀ। ਉਸ ਵੇਲੇ ਮੇਰੇ ਸਹੁਰਾ ਸਾਹਿਬ ਦੇ ਪਿਤਾ ਸ. ਪ੍ਰੇਮ ਸਿੰਘ ਜਗੀਰਦਾਰ ਸਿਰਫ਼ ਛੇ ਸਾਲ ਦੇ ਸਨ। ਕਰਨਲ ਸਦਨ ਸਿੰਘ ਆਪਣੇ ਛੇ ਸਾਲ ਦੇ ਸਾਲੇ ਨੂੰ ਆਪਣੇ ਕੋਲ ਪਟਿਆਲਾ ਲੈ ਆਏ। ਇਸ ਤਰ੍ਹਾਂ ਇਹ ਪਰਿਵਾਰ ਲੋਪੋ ਤੋਂ ਪਟਿਆਲਾ ਆ ਗਿਆ। ਸ. ਪ੍ਰੇਮ ਸਿੰਘ ਦੇ ਦੋ ਪੁੱਤਰ ਸਨ, ਸ. ਸੁਖਦੇਵ ਸਿੰਘ ਤੇ ਸ. ਮਹਿੰਦਰ ਸਿੰਘ। ਸ. ਸੁਖਦੇਵ ਸਿੰਘ ਨੇ 1942 ਵਿਚ ਖਾਲਸਾ ਸਕੂਲ, ਪਟਿਆਲਾ ਤੋਂ ਦੱਸਵੀਂ ਪਾਸ ਕੀਤੀ ਹੀ ਸੀ ਕਿ ਉਹਨਾਂ ਦੇ ਪਿਤਾ ਸ. ਪ੍ਰੇਮ ਸਿੰਘ ਸੁਰਗਵਾਸ ਹੋ ਗਏ। ਉਹਨਾਂ ਨੂੰ ਮਜਬੂਰੀ ਨਾਲ ਨੌਕਰੀ ਕਰਨੀ ਪਈ। ਹੁਣ ਤੱਕ ਜਗੀਰ ਜੋ 1858 ਵਿਚ ਤਿੰਨ ਹਜ਼ਾਰ ਰੁਪਏ ਸਾਲਾਨਾ ਸੀ, ਸ. ਪ੍ਰੇਮ ਸਿੰਘ ਦਾ ਹਿੱਸਾ ਸਿਰਫ਼ ਤਿੰਨ ਸੌ ਰੁਪਏ ਰਹਿ ਗਿਆ ਸੀ। ਹੁਣ ਦੇ ਤਿੰਨ ਸੌ ਰੁਪਏ ਜ਼ਿਆਦਾ ਰਕਮ ਨਹੀਂ ਰਹੀ ਸੀ। ਮੇਰੇ ਸਹੁਰਾ ਸਾਹਿਬ ਸ. ਸੁਖਦੇਵ ਸਿੰਘ ਨੇ ਕੁਝ ਦੇਰ ਪਟਵਾਰੀ ਦੀ ਨੌਕਰੀ ਕੀਤੀ। ਉਸ ਤੋਂ ਬਾਅਦ ਪਸ਼ੂ ਪਾਲਣ ਵਿਭਾਗ, ਪਟਿਆਲਾ ਵਿਚ ਕੈਸ਼ੀਅਰ ਅਤੇ ਅਕਾਊਟੈਂਟ ਲੱਗ ਗਏ। ਇਹਨਾਂ ਦੀ ਮਾਤਾ ਸਰਦਾਰਨੀ ਅਜਮੇਰ ਕੌਰ ਸਮਾਣਾ ਦੇ ਨਜ਼ਦੀਕ ਪਿੰਡ ਬਾਸੀਅਰਕ ਦੇ ਸਨ। ਇਹ ਇਕੱਲੌਤੀ ਲੜਕੀ ਸਨ। ਇਹਨਾਂ ਕੋਲ ਪੰਜ ਸੌ ਬਿੱਘਾ ਜ਼ਮੀਨ ਸੀ। ਜ਼ਮੀਨ ਦੀ ਕੁਝ ਆਮਦਨ ਅਤੇ ਤਨਖਾਹ ਦੀ ਆਮਦਨ ਮਿਲਾ ਕੇ ਪਰਿਵਾਰ ਦਾ ਗੁਜ਼ਾਰਾ ਚਲਦਾ ਸੀ। ਸ. ਸੁਖਦੇਵ ਸਿੰਘ ਤੇ ਉਹਨਾਂ ਦੀ ਪਤਨੀ ਸਤਵੰਤ ਕੌਰ ਗਰੇਵਾਲ ਬਹੁਤ ਸਮਝਦਾਰ ਇਨਸਾਨ ਸਨ। ਇਹਨਾਂ ਦੇ 6 ਬੱਚੇ ਹੋਏ ਅਤੇ ਸਾਰੇ ਸੀਨੀਅਰ ਅਫ਼ਸਰ ਰਿਟਾਇਰ ਹੋਏ। ਮੇਰੀ ਪਤਨੀ, ਜਸਮਿੰਦਰ ਕੌਰ ਇਹਨਾਂ ਵਿਚੋਂ ਸਭ ਤੋਂ ਵੱਡੀ ਸੀ, ਜਿਸ ਨੂੰ ਐੱਮ.ਐੱਸਸੀ ਬੋਟਨੀ ਕਰਨ ਲਈ 1968 ਈ. ਵਿਚ ਬਿਰਲਾ ਇੰਸਟੀਚਿਊਟ ਆਫ ਸਾਇੰਸ ਐਂਡ ਟੈਕਨੋਲੋਜੀ ਪਿਲਾਨੀ, ਰਾਜਸਥਾਨ ਭੇਜਿਆ ਗਿਆ। ਮੇਰੀ ਪਤਨੀ ਦਾ ਪੜ੍ਹਾਈ ਅਤੇ ਹੋਸਟਲ ਦਾ ਖ਼ਰਚ ਮੇਰੇ ਸਹੁਰਾ ਸਾਹਿਬ ਦੀ ਤਨਖਾਹ ਦੇ ਬਰਾਬਰ ਸੀ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪਰਿਵਾਰ ਨੂੰ ਵਿੱਦਿਆ ਦਾ ਕਿੰਨਾ ਸ਼ੌਕ ਸੀ।

ਉਸ ਤੋਂ ਛੋਟਾ ਬੱਚਾ ਸਤਿੰਦਰ ਸਿੰਘ ਸੀ ਜੋ ਕਿ ਫੌਜ ਵਿਚ ਅਫ਼ਸਰ ਬਣ ਕੇ ਕਰਨਲ ਰਿਟਾਇਰ ਹੋਇਆ। ਇਹ ਪਟਿਆਲੇ ਦੇ ਮੰਨੇ-ਪ੍ਰਮੰਨੇ ਵਕੀਲ ਸ. ਕਰਤਾਰ ਸਿੰਘ ਮਝੈਲ ਦੀ ਲੜਕੀ ਨਾਲ ਵਿਆਹਿਆ ਹੋਇਆ ਹੈ। ਉਸ ਤੋਂ ਛੋਟਾ ਲੜਕਾ ਸ਼ਵਿੰਦਰ ਸਿੰਘ ਜੋ ਕਿ ਸਰਕਾਰੀ ਬੈਂਕ ਤੋਂ ਸੀਨੀਅਰ ਬੈਂਕ ਅਫਸਰ ਰਿਟਾਇਰ ਹੋਇਆ। ਉਸ ਤੋਂ ਛੋਟਾ ਲੜਕਾ ਪਰਮਜੀਤ ਸਿੰਘ ਮੰਡ, ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਲਾਇਬ੍ਰੇਰੀਅਨ ਲੱਗਾ ਅਤੇ ਬਾਅਦ ਵਿਚ ਆਸਟ੍ਰੇਲੀਆ ਚਲਾ ਗਿਆ। ਉਸ ਤੋਂ ਛੋਟੀ ਲੜਕੀ ਧਨਵਿੰਦਰ ਕੌਰ ਵੂਮੈਨ ਕਾਲਜ, ਪਟਿਆਲਾ ਵਿਚ ਲਿੰਗੂਇਸਟਿਕ ਦੀ ਪ੍ਰੋਫੈਸਰ ਸੀ ਅਤੇ ਹੁਣ ਕੈਨੇਡਾ ਰਹਿੰਦੀ ਹੈ। ਇਸ ਦੇ ਪਤੀ ਨਾਈਜੀਰੀਆ ਵਿਚ ਚੇਲਾ ਰਾਮ ਦੀ ਕੰਪਨੀ ਵਿਚ ਬਹੁਤ ਵੱਡੇ ਐਗਜ਼ੈਕਟਿਵ ਹਨ।

ਮੇਰੇ ਸਹੁਰਿਆਂ ਦਾ ਸਭ ਤੋਂ ਛੋਟਾ ਬੱਚਾ ਬਲਵਿੰਦਰ ਕੌਰ ਹੈ ਜੋ ਕਿ ਚਮੜੀ

ਦੀ ਡਾਕਟਰ ਹੈ। ਇਸ ਦੇ ਪਤੀ ਡਾ. ਪ੍ਰਭਦੇਵ ਸਿੰਘ ਬਰਾੜ ਵੀ ਕੋਟਕਪੂਰੇ ਅਤੇ ਬਠਿੰਡੇ ਵਿਖੇ ਦੋ ਅੱਖਾਂ ਦੇ ਹਸਪਤਾਲ ਚਲਾਉਂਦੇ ਹਨ। ਇਹ ਇਲਾਕੇ ਦੇ ਹਰਮਨ ਪਿਆਰੇ ਡਾਕਟਰ ਹਨ। ਬਲਵਿੰਦਰ ਕੌਰ ਮੰਡ, ਮੈਡੀਕਲ ਯੂਨੀਵਰਸਿਟੀ ਫਰੀਦਕੋਟ ਵਿਚ ਡਾਕਟਰ ਹੈ।

ਸਾਰੇ ਛੇ ਦੇ ਛੇ ਬੱਚੇ ਅੱਛੇ ਘਰਾਂ ਵਿਚ ਵਿਆਹੇ ਹੋਏ ਹਨ ਅਤੇ ਅੱਗੋਂ ਇਹਨਾਂ ਦੇ ਬੱਚੇ ਵੀ ਵਿੱਦਿਆ ਅਤੇ ਹੋਰ ਅਦਾਰਿਆਂ ਵਿਚ ਮਾਰਕੇ ਮਾਰ ਰਹੇ ਹਨ।

*****

# ਸਰਕਾਰੀ ਕਾਲਜ, ਨਾਭਾ

ਜੁਲਾਈ 1972 ਵਿਚ ਮੇਰੀ ਬਦਲੀ ਸਰਕਾਰੀ ਕਾਲਜ, ਨਾਭਾ ਵਿਖੇ ਹੋ ਗਈ। ਨਾਭਾ ਵੀ ਟਾਂਡੇ ਕਾਲਜ ਵਾਂਗ ਪੇਂਡੂ ਕਾਲਜ ਸੀ। ਥੋੜ੍ਹਾ ਜਿਹਾ ਫਰਕ ਇਹ ਸੀ ਕਿ ਨਾਭਾ ਸ਼ਹਿਰ, ਪੁਰਾਣੀ ਨਾਭਾ ਰਿਆਸਤ ਦਾ ਹੈਡਕੁਆਰਟਰ ਰਿਹਾ ਸੀ। ਨਾਭੇ ਕਾਲਜ ਵਿਚ ਜ਼ਿਆਦਾਤਰ ਪ੍ਰੋਫੈਸਰ ਪਟਿਆਲੇ ਤੋਂ ਹੀ ਆਉਂਦੇ ਸਨ। ਮੇਰੇ ਮਹਿੰਦਰਾ ਕਾਲਜ ਦੇ ਅਧਿਆਪਕ ਸ. ਅਮਰਾਓ ਸਿੰਘ ਜੋ ਮੈਨੂੰ ਮਹਿੰਦਰਾ ਕਾਲਜ ਵਿਚ ਪੰਜਾਬੀ ਪੜ੍ਹਾਉਂਦੇ ਸਨ, ਨਾਭੇ ਦੇ ਪ੍ਰਿੰਸੀਪਲ ਸਨ। ਉਹਨਾਂ ਦੇ ਕਈ ਭੈਣਾਂ ਸਨ। ਇਕ ਭੈਣ ਦਾ ਪਤੀ ਪ੍ਰੋਫੈਸਰ ਗਰੇਵਾਲ, ਨਾਭੇ ਕਾਲਜ ਵਿਚ ਹੀ ਪੜ੍ਹਾਉਂਦਾ ਸੀ ਅਤੇ ਉਥੇ ਹੀ ਮਕਾਨ ਬਣਾਇਆ ਹੋਇਆ ਸੀ। ਇਕ ਦਿਨ ਪ੍ਰਿੰਸੀਪਲ ਸਾਹਿਬ ਨੇ ਸਾਰੇ ਪ੍ਰੋਫੈਸਰਾਂ ਦੀ ਮੀਟਿੰਗ ਬੁਲਾਈ। ਪ੍ਰਿੰਸੀਪਲ ਅਮਰਾਉ ਸਿੰਘ ਨੇ ਸਾਰੇ ਪ੍ਰੋਫੈਸਰਾਂ ਨੂੰ ਸੰਬੋਧਨ ਕਰਦਿਆਂ ਕਿਹਾ," ਮੇਰਾ ਸੁਪਨਾ ਹੈ ਕਿ ਸਾਰੇ ਪ੍ਰੋਫੈਸਰ ਸ਼ਾਮ ਨੂੰ ਚਿੱਟੇ ਕੁੜਤੇ ਅਤੇ ਨਿੱਕਰਾਂ ਪਾ ਕੇ ਵਿਦਿਆਰਥੀਆਂ ਨੂੰ ਪੀ.ਟੀ. ਕਰਾਉਣ ਅਤੇ ਉਹਨਾਂ ਨਾਲ ਖੇਡਣ।" ਜਦੋਂ ਉਹਨਾਂ ਨੇ ਇਹ ਗੱਲ ਕੀਤੀ ਤਾਂ ਮੈਂ ਉਠ ਕੇ ਕਿਹਾ,"ਸਰ ਪੀ.ਟੀ ਕਰਾਉਣ ਲਈ ਸਪੈਸ਼ਲਿਸਟ ਪ੍ਰੋਫੈਸਰ (ਡੀ.ਪੀ) ਹਨ। ਸਾਨੂੰ ਸਰਕਾਰ ਨੇ ਪੋਲੀਟੀਕਲ ਸਾਇੰਸ ਪੜ੍ਹਾਉਣ ਲਈ ਭਰਤੀ ਕੀਤਾ ਹੈ।" ਮੇਰੀ ਇਹ ਗੱਲ ਤਾਂ ਜਾਇਜ਼ ਸੀ ਪਰ ਉਹਨਾਂ ਨੂੰ ਅੱਛੀ ਨਹੀਂ ਲੱਗੀ। ਉਹ ਮੈਨੂੰ ਕਹਿਣ ਲੱਗੇ," ਸਰਦਾਰ ਸਾਹਿਬ, ਆਪਣੀ ਸਰਦਾਰਨੀ ਸਾਹਿਬਾ ਨੂੰ ਕਹੋ ਕਿ ਤੁਹਾਡਾ ਬਿਸਤਰਾ ਬੰਨ੍ਹ ਦੇਣ।" ਦੂਜੇ ਸ਼ਬਦਾਂ ਵਿਚ ਉਹ ਮੈਨੂੰ ਟਰਾਂਸਫਰ ਦੀ ਧਮਕੀ ਦੇ ਰਹੇ ਸਨ। ਮੇਰੇ ਮਨ ਨੂੰ ਬਹੁਤ ਠੇਸ ਲੱਗੀ ਕਿਉਂਕਿ ਮੈਂ ਬਹੁਤ ਇਮਾਨਦਾਰੀ ਅਤੇ ਚੰਗੀ ਤਰ੍ਹਾਂ ਨਾਲ ਪ੍ਰੋਫੈਸਰ ਦੀ ਨੌਕਰੀ ਕਰ ਰਿਹਾ ਸੀ।

ਮੇਰਾ ਪੜ੍ਹਾਉਣ ਦਾ ਤਰੀਕਾ ਆਮ ਪ੍ਰੋਫੈਸਰਾਂ ਨਾਲੋਂ ਅਲੱਗ ਸੀ। ਜੁਲਾਈ-ਅਗਸਤ ਵਿਚ ਕਲਾਸਾਂ ਸ਼ੁਰੂ ਹੁੰਦੀਆਂ ਸਨ। ਮੈਂ 15 ਅਗਸਤ ਤੋਂ ਲੈ ਕੇ ਦਸੰਬਰ ਦੇ ਅਖੀਰ ਤੱਕ ਸਾਰਾ ਸਿਲੇਬਸ ਖਤਮ ਕਰ ਦਿੰਦਾ ਸੀ। ਅਗਲਾ ਇਕ ਮਹੀਨਾ ਵਿਦਿਆਰਥੀਆਂ ਨੂੰ ਰਿਵੀਜ਼ਨ ਕਰਾਉਂਦਾ ਸੀ। ਫਰਵਰੀ ਤੇ ਮਾਰਚ ਮਹੀਨੇ ਮੈਂ ਵਿਦਿਆਰਥੀਆਂ ਦੇ ਲਿਖਤੀ ਟੈਸਟ ਲੈਂਦਾ ਸੀ। ਰੱਬ ਦੀ ਕ੍ਰਿਪਾ ਨਾਲ ਮੇਰਾ ਪੜ੍ਹਾਇਆ ਹੋਇਆ ਕੋਈ ਵੀ ਵਿਦਿਆਰਥੀ ਕਦੇ ਫੇਲ੍ਹ ਨਹੀਂ ਹੋਇਆ। ਮੈਂ ਆਪਣੇ ਮਨ ਨਾਲ ਸੋਚਿਆ ਕਿ ਜੇ ਇਹੀ ਹੱਲਾ ਗੁੱਲਾ ਹੋਣਾ ਹੈ ਜੋ ਬਾਕੀ ਨੌਕਰੀਆਂ ਵਿਚ ਹੁੰਦਾ

ਹੈ ਅਤੇ ਮੇਰੇ ਮਨ ਦੀ ਸ਼ਾਂਤੀ ਭੰਗ ਹੋਣੀ ਹੈ ਤਾਂ ਮੈਂ ਕਿਉਂ ਨਾ ਕਿਸੇ ਵੱਡੀ ਨੌਕਰੀ ਵਿਚ ਜਾ ਵੜਾਂ। ਮੈਨੂੰ ਇਹ ਵੀ ਪਛਤਾਵਾ ਲੱਗਣ ਲੱਗਾ ਕਿ ਸਤੰਬਰ 1971 ਵਿਚ ਪੀ.ਸੀ.ਐੱਸ ਕਾਰਜਕਾਰੀ ਦਾ ਇਸ਼ਤਿਹਾਰ ਆਇਆ ਸੀ, ਮੈਂ ਉਹ ਮੌਕਾ ਕਿਉਂ ਹੱਥੋਂ ਗੁਆ ਲਿਆ।

ਮੇਰੇ ਭਾਗ ਚੰਗੇ ਸਨ ਕਿ ਅਗਲੇ ਹੀ ਦਿਨ ਪੰਜਾਬ ਸਰਕਾਰ ਦਾ ਪੀ.ਸੀ.ਐੱਸ ਐਗਜ਼ੈਕਟਿਵ ਦੀ ਭਰਤੀ ਦਾ ਇਕ ਕੋਰੀਜੰਡਮ ਆ ਗਿਆ, ਜਿਸ ਵਿਚ ਅਪਲਾਈ ਕਰਨ ਲਈ ਮਿਤੀ ਵਧਾਈ ਗਈ ਸੀ। ਮੈਂ ਪੂਰੀ ਤਰ੍ਹਾਂ ਸਮਝ ਗਿਆ ਸੀ ਕਿ ਇਹ ਕੋਰੀਜੰਡਮ ਮੇਰੇ ਲਈ ਆਇਆ ਹੈ। ਮੈਂ ਪ੍ਰਿੰਸੀਪਲ ਸਾਹਿਬ ਨੂੰ ਦੋ ਮਹੀਨੇ ਦੀ ਛੁੱਟੀ ਲਈ ਬੇਨਤੀ ਕੀਤੀ। ਉਹ ਕਹਿਣ ਲੱਗੇ ਕਿ ਤੁਹਾਡੀ ਜਗ੍ਹਾ ਵਿਦਿਆਰਥੀਆਂ ਨੂੰ ਕੌਣ ਪੜ੍ਹਾਏਗਾ। ਉਹਨਾਂ ਦਿਨਾਂ ਵਿਚ ਪ੍ਰਿੰਸੀਪਲ ਨੂੰ ਟੈਂਪਰੇਰੀ ਪ੍ਰੋਫੈਸਰ ਰੱਖਣ ਦੀ ਸ਼ਕਤੀ ਹਾਸਲ ਸੀ। ਸਰਕਾਰੀ ਕਾਲਜ ਨਾਭਾ ਰਹਿ ਰਹੇ ਪ੍ਰੋਫੈਸਰ ਨਾਰੰਗ ਉਥੇ ਘੁੰਮਦੇ ਰਹਿੰਦੇ ਸਨ। ਮੈਂ ਕਿਹਾ," ਨਾਰੰਗ ਸਾਹਿਬ ਤੁਸੀਂ ਪੜ੍ਹਾਉਣਾ ਚਾਹੁੰਦੇ ਹੋ?" ਉਹ ਕਹਿਣ ਲੱਗਾ ਕਿ ਅਸਾਮੀ ਤਾਂ ਕੋਈ ਖਾਲੀ ਹੀ ਨਹੀਂ। ਮੈਂ ਕਿਹਾ ਕਿ ਮੈਂ ਦੋ ਮਹੀਨੇ ਦੀ ਛੁੱਟੀ ਜਾ ਰਿਹਾ ਹਾਂ। ਮੈਂ 1 ਨਵੰਬਰ ਤੋਂ 31 ਦਸੰਬਰ ਤੱਕ ਕਾਲਜ ਤੋਂ ਛੁੱਟੀ ਲੈ ਲਈ ਅਤੇ ਦੁਬਾਰਾ ਇਮਤਿਹਾਨ ਦੇਣ ਲਈ ਪੜ੍ਹਨਾ ਸ਼ੁਰੂ ਕਰ ਦਿੱਤਾ। 1968 ਅਤੇ 1969 ਵਿਚ ਦੋ ਵਾਰ ਆਈ.ਏ.ਐੱਸ ਦਾ ਇਮਤਿਹਾਨ ਦੇਣ ਕਰਕੇ ਮੇਰੀ ਅੱਛੀ ਤਿਆਰੀ ਸੀ। 29,30,31 ਦਸੰਬਰ 1972 ਨੂੰ ਸਾਡਾ ਇਮਤਿਹਾਨ ਹੋਇਆ। ਮੇਰੇ ਚਾਰ ਪੇਪਰ ਹੋਣੇ ਸਨ, ਅੰਗਰੇਜ਼ੀ ਲੇਖ, ਜਨਰਲ ਅੰਗਰੇਜ਼ੀ, ਜਨਰਲ ਨੋਲੇਜ਼ ਅਤੇ ਪੰਜਾਬੀ। ਦੋ ਜਨਵਰੀ 1973 ਨੂੰ ਮੈਂ ਕਾਲਜ ਦੁਬਾਰਾ ਜਾਇਨ ਕਰ ਲਿਆ। ਮੈਂ ਜਾ ਕੇ ਪ੍ਰਿੰਸੀਪਲ ਸਾਹਿਬ ਨੂੰ ਮਿਲਿਆ, ਉਹ ਪੁੱਛਣ ਲੱਗੇ," ਪਾਸ ਹੋ ਜਾਉਗੇ?" ਮੈਂ ਬੜੇ ਹੌਸਲੇ ਅਤੇ ਵਿਸ਼ਵਾਸ ਨਾਲ ਕਿਹਾ," ਸਿਰਫ ਪਾਸ ਹੀ ਨਹੀਂ; ਸਿਲੈਕਟ ਵੀ ਹੋ ਜਾਵਾਂਗਾ।" ਸੌ ਨੰਬਰ ਦੇ ਜਨਰਲ ਨੌਲੇਜ ਪੇਪਰ ਵਿਚੋਂ ਘੱਟੋ ਘੱਟ ਚਾਲੀ ਨੰਬਰ ਦੇ ਪੋਲੀਟੀਕਲ ਸਾਇੰਸ ਦੇ ਹੀ ਪ੍ਰਸ਼ਨ ਸਨ। ਮਾਰਚ ਤੱਕ ਨਤੀਜਾ ਆ ਗਿਆ। ਉਹਨਾਂ ਦਿਨਾਂ ਵਿਚ ਨੰਬਰਾਂ ਦਾ ਪਤਾ ਲੱਗ ਜਾਂਦਾ ਸੀ। ਇਹ ਸਾਰੇ ਪੇਪਰ ਕੁੱਲ 325 ਨੰਬਰ ਦੇ ਸਨ। ਮੇਰੇ 325 ਵਿਚੋਂ 204 ਨੰਬਰ ਆਏ। ਮੈਂ ਫੌਜੀ ਕੋਟੇ ਵਿਚੋਂ 63% ਨਾਲ ਪਹਿਲੇ ਸਥਾਨ ਤੇ ਸੀ। ਦੋ ਫੌਜੀ ਜੋ ਲਿਖਤੀ ਪ੍ਰੀਖਿਆ ਵਿਚੋਂ ਮੈਥੋਂ ਕਾਫੀ ਪਿੱਛੇ ਸਨ, ਉਹਨਾਂ ਨੂੰ ਇੰਟਰਵਿਊ ਵਿਚ ਬਹੁਤ ਜ਼ਿਆਦਾ ਨੰਬਰ ਦੇ ਕੇ ਪਹਿਲਾ ਅਤੇ ਦੂਜਾ ਸਥਾਨ ਦਿੱਤਾ ਗਿਆ। ਮੈਂ ਕੁਲ ਲਿਸਟ ਵਿਚ ਤੀਜੇ ਨੰਬਰ ਤੇ ਆ ਗਿਆ। ਪਹਿਲੇ ਦੋ ਅਫਸਰ ਪੀ.ਸੀ.ਐੱਸ ਜਾਇਨ ਕਰ ਗਏ। ਕੁਝ ਸਾਲ ਤਾਂ ਮੈਂ ਇਹ ਤਕਲੀਫ਼ ਮੰਨਦਾ ਰਿਹਾ ਕਿ ਮੇਰਾ ਬਣਦਾ ਹੱਕ ਜੋ ਪੀ.ਸੀ.ਐੱਸ ਐਕਜੈਟਿਵ ਬਣਦਾ ਸੀ, ਮੇਰੇ ਤੋਂ ਖੋਹ ਲਿਆ ਗਿਆ ਹੈ। ਮੈਨੂੰ ਇੰਟਰਵਿਊ ਵਿਚ ਸਿਰਫ 124/200 ਨੰਬਰ ਮਿਲੇ ਜਦ ਕਿ ਪਹਿਲੀ ਪੁਜੀਸ਼ਨ ਵਾਲੇ ਅਫਸਰ ਨੂੰ 176/200 ਨੰਬਰ ਮਿਲੇ।

ਖੈਰ ਮੈਂ 11 ਜੁਲਾਈ 1974 ਨੂੰ ਬਤੌਰ ਈ.ਟੀ.ਉ ਪਟਿਆਲਾ, ਵਿਚ ਟ੍ਰੇਨਿੰਗ ਸ਼ੁਰੂ ਕਰ ਦਿੱਤੀ। ਮੇਰਾ ਵਿੱਦਿਅਕ ਵਿਭਾਗ ਨਾਲ ਸਬੰਧ ਖਤਮ ਹੋ ਗਿਆ। ਕਾਲਜ ਵਿਚ ਲਾਏ ਉਹ ਤਿੰਨ ਸਾਲਾਂ ਲਈ ਵਿਦਿਆਰਥੀ ਮੈਨੂੰ ਅਜੇ ਵੀ ਯਾਦ ਕਰਦੇ ਹਨ। ਮੈਂ ਅਸਲੀਅਤ ਵਿਚ ਵਿਦਿਆਰਥੀਆਂ ਨੂੰ ਆਪਣੇ ਛੋਟੇ ਭੈਣ ਭਰਾ ਸਮਝ ਕੇ ਪੜ੍ਹਾਉਂਦਾ ਸੀ। ਇਕ ਵਿਦਿਆਰਥੀ ਸ. ਸੁਰਜੀਤ ਸਿੰਘ ਰੱਖੜਾ ਸੀ, ਜਿਸ ਨਾਲ ਮੇਰੀ ਛੋਟੀ ਭੈਣ ਦਾ ਵਿਆਹ ਹੋਇਆ। ਇਕ ਰਮੇਸ਼ ਕੁਮਾਰ ਸਿੰਗਲਾ ਜੋ ਨਾਭੇ ਦੇ ਰਾਜਸੀ ਨੇਤਾ ਹਨ ਉਹ ਵੀ ਮੇਰੇ ਵਿਦਿਆਰਥੀ ਹਨ। ਇਕ ਵਿਦਿਆਰਥੀ ਸ. ਕਲੇਰ ਜੋ ਸੈਸ਼ਨ ਜੱਜ ਹਨ। ਹੋਰ ਵੀ ਕਾਫੀ ਵਿਦਿਆਰਥੀ ਮੇਰੇ ਨਾਲ ਦੇਰ ਤੱਕ ਸੰਪਰਕ ਵਿਚ ਰਹੇ।

*****

# ਮੇਰੇ ਬੱਚੇ, ਉਹਨਾਂ ਦਾ ਬਚਪਨ ਅਤੇ ਵਿੱਦਿਆ

ਵਿਆਹ ਤੋਂ ਬਾਅਦ ਤਕਰੀਬਨ ਪੌਣੇ ਤਿੰਨ ਸਾਲ ਵਿਚ ਰੱਬ ਜੀ ਨੇ ਸਾਨੂੰ ਦੋ ਲੜਕੇ ਦਿੱਤੇ। ਪਹਿਲੇ ਦਾ ਜਨਮ 17 ਮਾਰਚ 1973 ਨੂੰ ਹੋਇਆ ਅਤੇ ਦੂਜੇ ਦਾ ਜਨਮ 17 ਫਰਵਰੀ 1975 ਨੂੰ ਹੋਇਆ। ਇਹਨਾਂ ਦਾ ਨਾਮ ਗੁਰੂ ਗ੍ਰੰਥ ਸਾਹਿਬ ਵਿਚੋਂ ਲਿਆ ਤੇ ਦੋਹਾਂ ਦਾ 'ਗ' ਅੱਖਰ ਹੀ ਆਇਆ। ਇਹਨਾਂ ਦਾ ਕ੍ਰਮਵਾਰ ਨਾਮ ਗੁਰਮੀਤ ਸਿੰਘ ਅਤੇ ਗੁਰਜੀਤ ਸਿੰਘ ਰੱਖਿਆ। ਦੋਹੇਂ ਬੱਚਿਆਂ ਨੂੰ ਅਸੀਂ ਲਾਡ-ਪਿਆਰ, ਤਨਦੇਹੀ, ਮਿਹਨਤ ਅਤੇ ਲਗਨ ਨਾਲ ਪਾਲਿਆ। ਦੋਵਾਂ ਬੱਚਿਆਂ ਦੇ ਪਾਲਣ-ਪੋਸ਼ਣ ਵਿਚ ਮੇਰੇ ਸਹੁਰੇ ਪਰਿਵਾਰ ਦਾ ਕਾਫ਼ੀ ਵੱਡਾ ਯੋਗਦਾਨ ਰਿਹਾ ਹੈ। ਮੇਰੇ ਸਹੁਰਾ ਸਾਹਿਬ ਸ. ਸੁਖਦੇਵ ਸਿੰਘ ਮੰਡ, ਪਟਿਆਲੇ ਹੀ ਰਹਿੰਦੇ ਸਨ। ਮੇਰੇ ਵਿਆਹ ਤੋਂ ਕਈ ਸਾਲ ਬਾਅਦ ਤੱਕ ਮੇਰੀ ਪਤਨੀ ਜਸਮਿੰਦਰ, ਵਿਕਟੋਰੀਆ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਵਿਚ ਬਤੌਰ ਲੈਕਚਰਾਰ ਰਹੇ। ਇਸ ਸਕੂਲ ਵਿਚ ਦੋ ਸ਼ਿਫਟਾਂ ਸਨ। ਮੇਰੀ ਪਤਨੀ ਪਹਿਲੀ ਸ਼ਿਫਟ ਵਿਚ ਪੜ੍ਹਾਉਂਦੀ ਸੀ। ਇਹ ਸਕੂਲ ਮੇਰੇ ਸਹੁਰੇ ਘਰ ਦੇ ਕੋਲ ਹੀ ਸੀ। ਮੇਰੀ ਪਤਨੀ ਸਾਡੇ ਤੋਪਖਾਨੇ ਵਾਲੇ ਘਰ ਤੋਂ ਸਵੇਰੇ 6 ਕੁ ਵਜੇ ਚੱਲਦੀ ਸੀ। ਬੱਚਿਆਂ ਨੂੰ ਆਪਣੇ ਪੇਕੇ ਘਰ ਛੱਡ ਕੇ ਵਿਕਟੋਰੀਆ ਸਕੂਲ ਜਾਂਦੀ ਸੀ। ਉਸ ਤੋਂ ਬਾਅਦ ਉਸੇ ਰਿਕਸ਼ਾ ਵਿਚ ਬੱਚਿਆਂ ਨੂੰ ਪੇਕੇ ਘਰੋਂ ਲੈ ਕੇ ਫਿਰ ਆਪਣੇ ਘਰ ਆਉਂਦੀ ਅਤੇ ਦੁਪਹਿਰ ਦਾ ਖਾਣਾ ਬਣਾਉਂਦੀ ਸੀ। ਮੈਂ 1972 ਤੋਂ 1974 ਤੱਕ ਸਰਕਾਰੀ ਰਿਪੁਦਮਨ ਕਾਲਜ, ਨਾਭਾ ਵਿਚ ਹੀ ਪ੍ਰੋਫੈਸਰ ਰਿਹਾ। ਜੁਲਾਈ 1974 ਤੋਂ ਲੈ ਕੇ ਦਸੰਬਰ 1975 ਤੱਕ ਮੈਂ ਪਟਿਆਲੇ ਹੀ ਈ.ਟੀ.ਓ. ਦੀ ਟ੍ਰੇਨਿੰਗ ਕੀਤੀ। ਕੁਝ ਕੁ ਮਹੀਨੇ ਲੁਧਿਆਣੇ ਲਗਾਉਣ ਤੋਂ ਬਾਅਦ ਮੈਂ ਪਟਿਆਲੇ ਬਦਲੀ ਕਰਵਾ ਲਈ। ਇਹ ਪੋਸਟ ਈ.ਟੀ.ਓ ਇਨਫੋਰਸਮੈਂਟ ਸੈਂਟਰਲ ਵਿੰਗ ਦੀ ਸੀ ਜਿਸ ਦੀ ਜ਼ੁਰੀਸਡਿਕਸ਼ਨ ਸਾਰੇ ਪੰਜਾਬ ਦੀ ਸੀ। ਲੁਧਿਆਣਾ ਮੇਰੀ ਬਦਲੀ (ਜੁਲਾਈ 1977) ਤੋਂ ਪਹਿਲਾਂ ਅਤੇ ਮੇਰੇ ਵਿਆਹ ਤੋਂ ਬਾਅਦ ਅਸੀਂ ਪਿਤਾ ਜੀ ਦੇ ਬਣਾਏ ਮਕਾਨ 281/3 ਤੋਪਖਾਨਾ ਗੇਟ ਪਟਿਆਲਾ ਵਿਚ ਹੀ ਰਹੇ।

1977 ਵਿਚ ਮੇਰਾ ਵੱਡਾ ਲੜਕਾ ਲੇਡੀ ਫਾਤਮਾ ਸਕੂਲ ਵਿਚ ਪੜ੍ਹਨ ਲਗਾ ਦਿੱਤਾ। ਐਕਸਾਈਜ਼ ਟੈਕਸ਼ੇਸਨ ਕਮਿਸ਼ਨਰ ਹੈਡਕੁਆਰਟਰ ਵਿਚ ਇਕ ਬਹੁਤ ਸਿਆਣਾ ਅਫ਼ਸਰ ਸੀ। ਉਹ ਰੈਂਕ ਵਿਚ ਤਾਂ ਈ.ਟੀ.ਓ ਸੀ ਪਰ ਉਸ ਨੂੰ ਸੋਝੀ ਬਹੁਤ ਸੀ। ਉਸ ਦਾ ਨਾਮ ਸ. ਜੈ ਸਿੰਘ ਸਿੱਧੂ ਹੈ। ਉਸ ਨੇ ਮੈਨੂੰ ਸਲਾਹ ਦਿੱਤੀ ਕਿ ਮੈਨੂੰ

ਅਸੈਸਿੰਗ ਅਥਾਰਿਟੀ ਦਾ ਤਜ਼ਰਬਾ ਜ਼ਰੂਰ ਲੈਣਾ ਚਾਹੀਦਾ ਹੈ। ਇਸ ਕਰਕੇ ਮੈਂ ਲੁਧਿਆਣੇ ਦੀ ਬਦਲੀ ਕਰਵਾ ਲਈ। ਪਟਿਆਲੇ ਮੇਰੀ ਬਦਲੀ ਇਸ ਕਰਕੇ ਨਹੀਂ ਸੀ ਹੋ ਸਕਦੀ ਕਿਉਂਕਿ ਪਟਿਆਲਾ ਮੇਰਾ ਹੋਮ ਡਿਸਟ੍ਰਿਕਟ ਸੀ। ਮੇਰੀ ਪਤਨੀ ਦੀ ਬਦਲੀ ਬਾਰੇ ਅਸੀਂ ਸੋਚਣ ਲੱਗੇ। ਮੈਨੂੰ ਸਰਕਲ ਐਜੂਕੇਸ਼ਨ ਅਫ਼ਸਰ ਪਟਿਆਲਾ ਡਵੀਜ਼ਨ ਜਾਣਦਾ ਸੀ। ਉਹ ਕਹਿਣ ਲੱਗਿਆ ਕਿ ਖੰਨਾ ਸ਼ਹਿਰ ਇਕ ਪੋਸਟ ਖਾਲੀ ਪਈ ਹੈ। ਤੁਹਾਡੀ ਪਤਨੀ ਦੀ ਬਦਲੀ ਮੈਂ ਉਥੇ ਕਰ ਦਿੰਦਾ ਹਾਂ। ਖੰਨੇ ਤੋਂ ਲੁਧਿਆਣੇ ਬਦਲੀ ਕਰਨਾ ਤਾਂ ਡਿਸਟਿਕਟ ਐਜੂਕੇਸ਼ਨ ਅਫ਼ਸਰ ਦਾ ਹੀ ਕੰਮ ਹੈ। ਮੈਂ ਉਸ ਨੂੰ ਕਹਿ ਦਿਆਂਗਾ। ਮੈਂ ਆਪਣੀ ਪਤਨੀ ਨੂੰ ਪੁੱਛੇ ਬਿਨਾਂ ਹੀ ਉਸ ਦੀ ਬਦਲੀ ਖੰਨੇ ਕਰਵਾ ਦਿੱਤੀ। ਮੈਂ ਆਪ ਹੀ ਇਹ ਸੋਚਿਆ ਕਿ ਲੁਧਿਆਣੇ ਤੋਂ ਖੰਨੇ ਮੈਂ ਬਦਲੀ ਕਰਵਾ ਲਵਾਂਗਾ। ਜਦ ਇਹ ਗੱਲ ਮੈਂ ਆਪਣੀ ਪਤਨੀ ਨਾਲ ਕੀਤੀ ਤਾਂ ਉਹ ਹੈਰਾਨ ਜਿਹੀ ਹੋ ਗਈ ਕਿ ਪਟਿਆਲਾ ਸ਼ਹਿਰ ਛੱਡ ਕੇ ਹੁਣ ਅਸੀਂ ਖੰਨਾ ਮੰਡੀ ਵਿਚ ਰਹਾਂਗੇ। ਖ਼ੈਰ, ਅਸੀਂ ਲੁਧਿਆਣੇ ਗੁਰਦੇਵ ਨਗਰ ਵਿਚ 300 ਰੁਪਏ ਪ੍ਰਤੀ ਮਹੀਨਾ ਕਿਰਾਏ 'ਤੇ ਮਕਾਨ ਲੈ ਲਿਆ ਅਤੇ ਮੇਰੀ ਪਤਨੀ ਲੁਧਿਆਣੇ ਤੋਂ ਖੰਨੇ ਜਾਣ ਲੱਗੀ। ਦੋ ਕੁ ਮਹੀਨਿਆਂ ਬਾਅਦ ਅਸੀਂ ਮਹਿਸੂਸ ਕੀਤਾ ਕਿ ਜਿਸ ਲੜਕੀ ਕੋਲ ਅਸੀਂ ਬੱਚੇ ਛੱਡ ਕੇ ਜਾਂਦੇ ਹਾਂ, ਉਹ ਬੱਚਿਆਂ ਦੀ ਦੇਖ ਭਾਲ ਠੀਕ ਤਰ੍ਹਾਂ ਨਹੀਂ ਕਰ ਰਹੀ। ਮੈਂ, ਮੇਰੀ ਪਤਨੀ ਨੂੰ ਛੁੱਟੀ ਦਿਵਾ ਲਈ। ਅਸੀਂ ਆਰਥਿਕ ਸੰਕਟ ਵਿਚ ਫੱਸ ਗਏ। ਸਾਡਾ ਜਿਊਣ ਦਾ ਤਰੀਕਾ ਮੁਸ਼ਕਿਲ ਜਿਹਾ ਹੋ ਗਿਆ। ਪਟਿਆਲਾ ਤਾਂ ਦੋ ਹਜ਼ਾਰ ਰੁਪਏ ਵਿਚ ਅੱਛਾ ਗੁਜ਼ਾਰਾ ਕਰ ਲੈਂਦੇ ਸੀ। ਇਥੇ ਮੇਰੀ ਤਨਖਾਹ ਹੀ ਰਹਿ ਗਈ, ਜੋ ਗਿਆਰਾਂ ਸੌ ਰੁਪਏ ਸੀ। ਉਸ ਵਿਚੋਂ ਤਿੰਨ ਸੌ ਰੁਪਏ ਕਿਰਾਇਆ ਨਿਕਲ ਜਾਂਦਾ ਸੀ। ਹੁਣ ਤੱਕ ਅਸੀਂ ਸਮਝ ਗਏ ਸੀ ਕਿ ਸਾਨੂੰ ਘਰ ਬਾਰ ਤੇ ਬੱਚੇ ਅਤੇ ਪਤਨੀ ਦੀ ਨੌਕਰੀ ਇਕ ਥਾਂ ਹੀ ਰੱਖਣੀ ਪੈਣੀ ਹੈ। ਜੋ ਵੀ ਤੋਰਾ ਫੇਰਾ ਕਰਨਾ ਹੈ ਉਹ ਮੈਂ ਹੀ ਕਰਨਾ ਹੈ। ਮੇਰੇ ਮਿੱਤਰ ਅਮਰਜੀਤ ਸਿੰਘ ਸਿੱਧੂ, ਜੋ ਉਸ ਵੇਲੇ ਈ.ਟੀ.ਓ ਸਨ, ਦੀ ਮਦਦ ਨਾਲ ਮੇਰੀ ਪਤਨੀ ਦੀ ਬਦਲੀ ਮਲਟੀਪਰਪਜ਼ ਸਕੂਲ, ਪਟਿਆਲਾ ਵਿਚ ਹੋ ਗਈ।

1979 ਵਿਚ ਮੇਰੀ ਪਤਨੀ ਨੇ ਪਟਿਆਲਾ ਸ਼ਹਿਰ ਵਿਖੇ ਮਲਟੀਪਰਪਜ਼ ਸਕੂਲ ਜਾਇਨ ਕਰ ਲਿਆ। ਸਾਡੇ ਕਰੀਬੀ ਰਿਸ਼ਤੇਦਾਰ ਸਰਦਾਰਨੀ ਰੁਪਿੰਦਰ ਕੌਰ (ਮਾਸੀ ਜੀ) ਨੇ ਬੱਚਿਆਂ ਦੀ ਜ਼ਿੰਮੇਵਾਰੀ ਲੈ ਲਈ ਅਤੇ ਅਸੀਂ ਉਹਨਾਂ ਦੇ ਗਵਾਂਢ ਵਿਚ ਹੀ ਡੇਢ ਸੌ ਰੁਪਏ ਮਹੀਨਾ ਘਰ ਕਿਰਾਏ 'ਤੇ ਲੈ ਲਿਆ। 1979 ਵਿਚ ਹੀ ਮੇਰੇ ਦੋਹਾਂ ਬੱਚਿਆਂ ਨੂੰ ਵਾਈ.ਪੀ.ਐਸ ਸਕੂਲ ਵਿਚ ਦਾਖ਼ਲਾ ਮਿਲ ਗਿਆ। ਮੈਂ ਲੁਧਿਆਣੇ ਵਾਲੇ ਕਿਰਾਏ ਦਾ ਮਕਾਨ ਛੱਡ ਕੇ ਪ੍ਰਿੰਸ ਹੋਸਟਲ ਵਿਚ ਇਕ ਕਮਰਾ ਕਿਰਾਏ 'ਤੇ ਲੈ ਲਿਆ ਜੋ ਕਿ ਕਿਸੇ ਹੋਰ ਈ.ਟੀ.ਓ ਨਾਲ ਸਾਂਝਾ ਕੀਤਾ। ਇਹ ਨਾਮ ਦਾ ਹੀ ਪ੍ਰਿੰਸ ਹੋਸਟਲ ਸੀ।

ਸਤੰਬਰ 1980 ਵਿਚ ਮੇਰੀ ਤਰੱਕੀ ਹੋ ਕੇ ਅੰਮ੍ਰਿਤਸਰ ਦੀ ਬਦਲੀ ਹੋ

ਗਈ। ਹੁਣ ਮੈਂ ਸਤੰਬਰ 1980 ਵਿਚ ਪਟਿਆਲੇ ਰਹਿਣਾ ਸ਼ੁਰੂ ਕਰ ਦਿੱਤਾ। ਅਸੀਂ ਪਰਿਵਾਰ ਦੇ ਚਾਰੇ ਜਣੇ ਇਕੱਠੇ ਤਾਂ ਹੋ ਗਏ ਪਰ ਮੇਰੇ ਲਈ ਸਫ਼ਰ ਕਾਫ਼ੀ ਵੱਧ ਗਿਆ। ਮੈਂ ਸ਼ਨਿਚਰਵਾਰ ਅਤੇ ਐਤਵਾਰ ਪਟਿਆਲਾ ਹੀ ਰਹਿੰਦਾ ਸੀ। ਬੱਸ ਤੇ ਆਉਣਾ ਜਾਣਾ ਕਾਫ਼ੀ ਔਖਾ ਤਾਂ ਸੀ ਪਰ ਮੈਂ ਤੱਕੜਾ ਬਹੁਤ ਸੀ। ਬੱਚਿਆਂ ਨੂੰ ਕਾਫ਼ੀ ਸਥਿਰਤਾ ਹੋ ਗਈ। ਪਟਿਆਲੇ ਸ਼ਹਿਰ ਵਿਚ ਸਾਡੀਆਂ ਬਹੁਤ ਰਿਸ਼ਤੇਦਾਰੀਆਂ ਹਨ। ਮੇਰੇ ਸੱਸ ਸਹੁਰੇ ਦੀ ਵੀ ਸਹਾਇਤਾ ਲਗਾਤਾਰ ਚਲ ਰਹੀ ਸੀ। ਹੁਣ ਸਮੱਸਿਆ ਇਕ ਹੀ ਸੀ ਕਿ ਮੈਂ ਪਟਿਆਲੇ ਕਿਵੇਂ ਆਵਾਂ। ਮਾਰਚ 1981 ਵਿਚ ਅੰਮ੍ਰਿਤਸਰ ਜ਼ਿਲ੍ਹੇ ਦੀ ਨਿਲਾਮੀ ਬਹੁਤ ਅੱਛੀ ਹੋਈ। ਜਿਸ ਦੀ ਮਹਿਕਮੇ ਨੇ ਮੇਰੀ ਸ਼ਲਾਘਾ ਕੀਤੀ। 1981 ਵਿਚ ਹੀ ਮੈਂ ਮਹਿਕਮੇ ਨੂੰ ਅੰਮ੍ਰਿਤਸਰ ਜ਼ਿਲ੍ਹਾ ਛੱਡ ਕੇ ਪਟਿਆਲਾ ਐਕਸਾਈਜ਼ ਸਕੂਲ ਵਿਚ ਆਉਣ ਦੀ ਬੇਨਤੀ ਕੀਤੀ। ਸ੍ਰੀ ਆਰ.ਸੀ. ਕਪਿਲਾ ਜਿਹਨਾਂ ਨੇ ਮੈਨੂੰ ਅੰਮ੍ਰਿਤਸਰ ਲਾਇਆ ਸੀ, ਉਹ ਮੇਰੀ ਬਦਲੀ ਦੇ ਹੱਕ ਵਿਚ ਨਹੀਂ ਸਨ। ਪਰ ਮੇਰੇ ਘਰੇਲੂ ਹਾਲਾਤ ਸੁਣ ਕੇ ਉਹਨਾਂ ਨੇ ਵੀ ਹਾਂ ਕਰ ਦਿੱਤੀ ਅਤੇ ਮੈਂ ਅਕਤੂਬਰ 1981 ਵਿਚ ਟ੍ਰੇਨਿੰਗ ਸਕੂਲ ਪਟਿਆਲੇ ਆ ਗਿਆ। ਇਹ ਪੋਸਟ ਅਕਸਰ ਖਾਲੀ ਹੀ ਰਹਿੰਦੀ ਸੀ ਤੇ ਉਸ ਵੇਲੇ ਵੀ ਖਾਲੀ ਹੀ ਸੀ।

ਦਿਨਾਂ ਵਿਚ ਹੀ ਪੰਜਾਬ ਦੇ ਕਮਿਸ਼ਨਰ ਆਰ.ਸੀ.ਕਪਿਲਾ ਦੀ ਬਦਲੀ ਹੋ ਗਈ ਅਤੇ ਉਹਨਾਂ ਦੀ ਜਗ੍ਹਾ ਚੌਧਰੀ ਹਰੀ ਰਾਮ ਆ ਗਏ ਸਨ। ਮੈਂ ਉਹਨਾਂ ਨੂੰ ਹੋਮ ਡਿਸਟ੍ਰਿਕਟ ਬਦਲਣ ਦੀ ਬੇਨਤੀ ਕੀਤੀ। ਮੈਂ ਪਟਿਆਲਾ ਜ਼ਿਲ੍ਹਾ ਦੀ ਜ਼ਮੀਨ (ਪਿੰਡ ਦੁਗਾਲ) ਵੇਚ ਕੇ 1979 ਵਿਚ ਕਾਂਗੜੇ (ਹਿਮਾਚਲ ਪ੍ਰਦੇਸ਼) ਲੈ ਲਈ ਸੀ। ਮੇਰੀ ਬੇਨਤੀ ਮੰਨਦਿਆਂ ਮੇਰਾ ਹੋਮ ਡਿਸਟ੍ਰਿਕਟ ਕਾਂਗੜਾ ਬਣਾ ਦਿੱਤਾ ਗਿਆ। ਹੁਣ ਮੇਰੇ ਲਈ ਪਟਿਆਲਾ ਜ਼ਿਲਾ ਵੀ ਖੁੱਲ੍ਹ ਗਿਆ। ਦਸੰਬਰ 1982 ਵਿਚ ਮੇਰੀ ਬਦਲੀ ਪਟਿਆਲੇ ਜ਼ਿਲੇ ਦੀ ਹੋ ਗਈ, ਜਿਥੇ ਕਿ ਮੈਂ ਮੱਧ 1987 ਤੱਕ ਰਿਹਾ।

ਚੌਧਰੀ ਹਰੀ ਰਾਮ ਵੀ ਮੇਰੇ 'ਤੇ ਬਹੁਤ ਖੁਸ਼ ਸਨ। ਉਹਨਾਂ ਨੇ ਮੈਨੂੰ ਸਰਕਾਰੀ ਮਕਾਨ ਅਲਾਟ ਕਰਵਾ ਦਿੱਤਾ। ਮੈਂ ਕਿਰਾਏ ਦੇ ਜੰਜਾਲਾਂ ਵਿਚੋਂ ਨਿਕਲ ਕੇ 29 ਈ, ਪੀ.ਆਰ.ਟੀ.ਸੀ ਕਾਲੋਨੀ ਵਿਚ ਚਲਾ ਗਿਆ। ਹੁਣ ਮੈਂ ਮਕਾਨ ਬਣਾਉਣ ਬਾਰੇ ਸੋਚਣ ਲੱਗਾ। ਸਤੰਬਰ 1984 ਵਿਚ ਮੇਰਾ ਇਕ ਨਜ਼ਦੀਕੀ ਰਿਸ਼ਤੇਦਾਰ ਅਮਰੀਕਾ ਛੱਡ ਕੇ ਪਟਿਆਲੇ ਆ ਗਿਆ। ਉਸ ਨੇ ਪਟਿਆਲੇ ਵਿਚ ਬਿਲਡਿੰਗਾਂ ਬਣਾਉਣ ਦਾ ਕੰਮ ਸ਼ੁਰੂ ਕੀਤਾ। ਉਹ ਮੈਨੂੰ ਮੇਰੇ ਦਫਤਰ ਮਿਲਣ ਆਇਆ। ਉਹ ਸਿਆਣਾ ਇੰਜੀਨੀਅਰ ਸੀ ਅਤੇ ਅਮਰੀਕਾ ਦਾ ਤਜ਼ਰਬਾ ਵੀ ਸੀ। ਉਸ ਦਾ ਨਾਂ ਮਲਵਿੰਦਰ ਸਿੰਘ ਭਿੰਡਰ ਸੀ, ਜਿਸ ਨੇ ਬਾਅਦ ਵਿਚ ਪਟਿਆਲਾ ਅਤੇ ਲੁਧਿਆਣਾ ਵਿਖੇ ਪਹਿਲੀ ਏ.ਸੀ. ਮਾਰਕਿਟ ਬਣਾਈ ਸੀ। ਮੈਨੂੰ ਰੱਬ ਨੇ ਕੀ ਸੁਝਾਇਆ ਕਿ ਮੈਂ ਮਲਵਿੰਦਰ ਨੂੰ ਕਿਹਾ, "ਤੈਨੂੰ ਤਾਂ ਰੱਬ ਨੇ ਮੇਰਾ ਮਕਾਨ ਬਣਾਉਣ ਵਾਸਤੇ ਅਮਰੀਕਾ ਤੋਂ ਭੇਜਿਆ ਹੈ।" ਮੈਂ 80 ਹਜ਼ਾਰ ਰੁਪਏ ਹਾਊਸ ਫੈਂਡ ਤੋਂ ਲੋਨ ਲੈ ਲਿਆ। ਦਸ ਤੋਲੇ ਘਰ ਦਾ ਸੋਨਾ ਤੀਹ ਹਜ਼ਾਰ ਰੁਪਏ ਵਿਚ ਵੇਚਿਆ। ਤੀਹ ਹਜ਼ਾਰ ਮੈਂ ਪੀ.ਐਫ. ਵਿਚੋਂ ਲੈ ਲਿਆ। ਇਹ

ਸਾਰੀ ਰਕਮ ਮੈਂ ਮਲਵਿੰਦਰ ਸਿੰਘ ਭਿੰਡਰ ਨੂੰ ਦੇ ਦਿੱਤੀ, ਨਾਲ ਹੀ ਕਹਿ ਦਿੱਤਾ ਕਿ ਪੈਸੇ ਸੰਜਮ ਨਾਲ ਖ਼ਰਚ ਕਰਨਾ। ਜੇ ਵੱਧ ਖ਼ਰਚਾ ਹੋਵੇਗਾ ਤਾਂ ਉਹ ਤੁਹਾਨੂੰ ਮਿਲ ਹੀ ਜਾਏਗਾ ਪਰ ਸਮਾਂ ਲੱਗ ਸਕਦਾ ਹੈ। ਹਿਮਾਚਲ ਦੀ ਜ਼ਮੀਨ ਵਿਚੋਂ ਕੋਈ ਆਮਦਨ ਨਹੀਂ ਸੀ ਆ ਰਹੀ। ਬਲਕਿ ਖ਼ਰਚਾ ਹੀ ਹੋ ਰਿਹਾ ਸੀ। ਮਕਾਨ ਬਣਾਉਣ ਵੇਲੇ ਸਾਡੇ ਕੋਲ ਤਨਖਾਹ ਦੀ ਬੱਚਤ ਵਿਚੋਂ ਦੇਣ ਵਾਸਤੇ ਇਕ ਪੈਸਾ ਵੀ ਨਹੀਂ ਸੀ। ਖੈਰ ਦਸੰਬਰ 1985 ਤੱਕ ਮਲਵਿੰਦਰ ਨੇ ਸਾਡੇ ਪਲਾਟ ਵਿਚ 46 ਸੀ ਲਾਲ ਬਾਗ਼ ਵਿਖੇ ਇਕ ਬੈੱਡਰੂਮ ਦਾ ਘਰ ਬਣਾ ਦਿੱਤਾ। ਉਸ ਦਾ ਖ਼ਰਚ ਇੱਕ ਲੱਖ ਨੱਬੇ ਹਜ਼ਾਰ ਰੁਪਏ ਆਇਆ। ਪੈਸੇ ਦੇਣ ਤੋਂ ਬਾਅਦ ਮੈਂ ਉਸ ਦਾ ਪੰਜਾਹ ਹਜ਼ਾਰ ਰੁਪਏ ਦਾ ਦੇਣਦਾਰ ਹੋ ਗਿਆ। ਉਹ ਕਰੀਬੀ ਰਿਸ਼ਤੇਦਾਰ ਸੀ (ਮੇਰੇ ਸਾਲਾ ਕਰਨਲ ਸਤਿੰਦਰ ਸਿੰਘ ਦਾ ਸਾਲਾ ਸੀ), ਉਹ ਕੁਝ ਮਹੀਨੇ ਇੰਤਜ਼ਾਰ ਵੀ ਕਰ ਸਕਦਾ ਸੀ। ਜਨਵਰੀ 1986 ਨੂੰ ਅਸੀਂ ਆਪਣੇ ਮਕਾਨ ਵਿਚ ਚਲੇ ਗਏ। ਚਾਹੇ ਇਹ ਛੋਟਾ ਜਿਹਾ ਹੀ ਮਕਾਨ ਸੀ ਪਰ ਇਸ ਵਿਚ ਘਾਹ ਅਤੇ ਪੌਦੇ ਲਾ ਕੇ ਸਾਨੂੰ ਸੰਤੁਸ਼ਟਤਾ ਮਿਲਦੀ ਸੀ। ਵੱਡੀ ਸੰਤੁਸ਼ਟੀ ਇਹ ਸੀ ਕਿ ਆਪਣਾ ਹੀ ਇਕ ਇਕ ਪੈਸਾ ਤੇ ਮਿਹਨਤ ਇਸ ਤੇ ਲੱਗੀ ਸੀ। ਆਪਣਾ ਮਕਾਨ ਤਾਂ ਆਪਣਾ ਮਕਾਨ ਹੀ ਹੁੰਦਾ ਹੈ। ਵੱਡਾ ਲਾਭ ਇਹ ਹੋਇਆ ਕਿ ਕੁਝ ਦਿਨਾਂ ਵਿਚ ਵਾਈ.ਪੀ.ਐੱਸ ਦੇ ਵਾਈਸ ਪ੍ਰਿੰਸੀਪਲ ਸ. ਗਰੇਵਾਲ ਨੇ ਆਪਣਾ ਮਿਸਤਰੀ ਭੇਜ ਕੇ ਸਾਡੇ ਘਰ ਦਾ ਦਰਵਾਜ਼ਾ ਵਾਈ.ਪੀ.ਐੱਸ ਸਕੂਲ ਵੱਲ ਨੂੰ ਖੋਲ੍ਹ ਦਿੱਤਾ। ਉਸ ਨਾਲ ਸਾਨੂੰ ਬੱਚਿਆਂ ਦੀ ਹੋਰ ਵੀ ਤਸੱਲੀ ਹੋ ਗਈ।

ਇਸੇ ਘਰ ਵਿਚ ਬੱਚਿਆਂ ਲਈ ਮੰਗ ਕੇ ਕਿਸੇ ਦੋਸਤ ਤੋਂ ਘੋੜਾ ਲਿਆਂਦਾ ਅਤੇ ਰੱਖਿਆ। ਉਸ ਦੇ ਨਾਲ ਬੱਚਿਆਂ ਦਾ ਸ਼ੌਕ ਵੀ ਪੂਰਾ ਹੋ ਗਿਆ ਅਤੇ ਬੱਚਿਆਂ ਨੂੰ ਇਹ ਵੀ ਪਤਾ ਲੱਗ ਗਿਆ ਕਿ ਘੋੜਾ ਰੱਖਣ ਵਿਚ ਕੀ ਖ਼ਰਚ ਅਤੇ ਤਰਦੱਦ ਹੁੰਦੀ ਹੈ। ਮੈਨੂੰ ਹਿਸਾਬ ਲਿਖਣ ਲਿਖਾਉਣ ਦਾ ਬਹੁਤ ਸ਼ੌਕ ਸੀ। ਮੈਂ ਬੱਚਿਆਂ ਨੂੰ ਕਿਹਾ ਕਿ ਜੇ ਤੁਸੀਂ ਘੋੜਾ ਵਪਾਰ ਦੇ ਹਿਸਾਬ ਨਾਲ ਰੱਖਣਾ ਹੈ ਤਾਂ ਤੁਹਾਨੂੰ ਇਸ ਦੇ ਇਕ ਇਕ ਪੈਸੇ ਦਾ ਹਿਸਾਬ ਲਿਖਣਾ ਪਵੇਗਾ। ਉਸ ਸਮੇਂ ਘੋੜੇ ਦਾ ਖ਼ਰਚਾ 700 ਰੁਪਏ ਮਹੀਨਾ ਨਿਕਲਿਆ।

ਮੈਨੂੰ ਘਾਹ ਅਤੇ ਪੌਦਿਆਂ ਦਾ ਬਹੁਤ ਸ਼ੌਕ ਸੀ। ਛੋਟੇ ਲੜਕੇ ਗੁਰਜੀਤ ਨੂੰ ਜਾਨਵਰਾਂ ਦਾ ਬਹੁਤ ਸ਼ੌਕ ਸੀ। ਸਾਡੇ ਡਰਾਈਵਰ ਗੁਰਦੇਵ ਸਿੰਘ ਨੇ ਇਕ ਵਾਰ ਛੋਟੇ ਲੜਕੇ ਨੂੰ ਕੁਝ ਖਰਗੋਸ਼ ਲਿਆ ਕੇ ਦੇ ਦਿੱਤੇ। ਮੈਂ ਸਮਝਿਆ ਕਿ ਗੁਰਜੀਤ ਦੀ ਤਵੱਜੋ ਜਾਨਵਰਾਂ ਵੱਲ ਜ਼ਿਆਦਾ ਹੈ, ਇਸ ਦੀ ਪੜ੍ਹਾਈ ਖਰਾਬ ਹੋ ਜਾਵੇਗੀ। ਕੁਝ ਦਿਨਾਂ ਬਾਅਦ ਮੈਂ ਗੁਰਦੇਵ ਸਿੰਘ ਨੂੰ ਖਰਗੋਸ਼ ਚੁਕਾ ਦਿੱਤੇ। ਗੁਰਜੀਤ (ਮਾਣਾ) ਨੇ ਇਕ ਕਵਿਤਾ ਲਿਖੀ, ਜਿਸ ਦਾ ਸਿਰਲੇਖ ਸੀ,“ ਮੈਨੂੰ ਮੇਰੇ ਖਰਗੋਸ਼ ਲਿਆ ਦਿਉ, ਮੇਰੀਆਂ ਖੁਸ਼ੀਆਂ ਮੇਰੀ ਝੋਲੀ ਵਿਚ ਪਾ ਦਿਉ।” ਉਸ ਵੇਲੇ ਗੁਰਜੀਤ ਬਾਰ੍ਹਾਂ ਸਾਲ ਦਾ ਸੀ। ਮੇਰੇ ਮਨ ਤੇ ਉਸ ਕਵਿਤਾ ਦਾ ਬਹੁਤ ਅਸਰ ਹੋਇਆ। ਮੈਂ ਕਿਹਾ ਕਿ ਕੁਝ ਸਾਲਾਂ ਵਿਚ ਜਦੋਂ ਅਸੀਂ ਅਮਰੀਕਾ ਜਾਵਾਂਗੇ ਤਾਂ ਪਤਾ ਨਹੀਂ ਉਥੇ ਕਿਹੋ ਜਿਹੇ ਹਾਲਾਤ

ਹੋਣਗੇ। ਗੁਰਜੀਤ ਨੂੰ ਪੂਰੀ ਆਗਿਆ ਦਿੱਤੀ ਕਿ ਜੋ ਜਾਨਵਰ ਲਿਆਉਣਾ ਚਾਹੁੰਦਾ ਹੈ, ਲੈ ਆਵੇ ਤਾਂ ਕਿ ਉਸ ਦੇ ਮਨ ਵਿਚ ਕੋਈ ਹਿਰਸ ਨਾ ਰਹੇ। ਮੇਰੇ ਪੌਦੇ ਅਤੇ ਘਾਹ ਤਾਂ ਤਕਰੀਬਨ ਉਜੜ ਹੀ ਗਏ ਸਨ ਪਰ ਇਸ ਨੇ ਹੌਲੀ ਹੌਲੀ ਬਹੁਤ ਜਾਨਵਰ ਲੈ ਆਂਦੇ।

ਜੂਨ 1986 ਵਿਚ ਮੈਂ ਤਿੰਨ ਮਹੀਨੇ ਦੀ ਛੁੱਟੀ ਲੈ ਕੇ ਅਮਰੀਕਾ ਗਿਆ ਸੀ। ਉਥੇ ਜਾਣ ਦਾ ਉਦੇਸ਼ ਇਹ ਦੇਖਣਾ ਸੀ ਕਿ ਕੀ ਅਸੀਂ ਅਮਰੀਕਾ ਵਿਚ ਜਾ ਕੇ ਕਾਮਯਾਬ ਹੋ ਸਕਦੇ ਹਾਂ ਅਤੇ ਕੀ ਅਸੀਂ ਪੱਗਾਂ ਅਤੇ ਕੇਸਾਂ ਨਾਲ ਉਸ ਸਮਾਜ ਵਿਚ ਇਜ਼ਤ ਨਾਲ ਰਹਿ ਸਕਦੇ ਹਾਂ। ਮੇਰੇ ਪਿਤਾ ਜੀ 1982 ਤੋਂ 1990 ਤੱਕ ਪਟਿਆਲਾ, ਤੋਪਖਾਨੇ ਵਾਲੇ ਮਕਾਨ ਵਿਚ ਰਹੇ ਹਨ। ਉਹ ਮੇਰੇ ਅਮਰੀਕਾ ਜਾਣ ਦੇ ਫ਼ੈਸਲੇ ਤੋਂ ਖੁਸ਼ ਨਹੀਂ ਸਨ। ਮੇਰੇ ਸਾਰੇ ਹੀ ਛੋਟੇ ਭਰਾ ਅਮਰੀਕਾ ਰਹਿ ਰਹੇ ਸਨ। ਵੱਡਾ ਭਰਾ ਪਰਮਿੰਦਰ ਸਿੰਘ ਹਿਮਾਚਲ ਵਿਚ ਤਹਿਸੀਲਦਾਰ ਰਿਟਾਇਰ ਹੋ ਕੇ ਇੰਦੌਰੇ ਸ਼ਹਿਰ ਰਹਿ ਰਿਹਾ ਸੀ। ਪਰਮਿੰਦਰ ਦੀ ਵੈਸੇ ਵੀ ਮੇਰੇ ਪਿਤਾ ਦੇ ਪਰਿਵਾਰ ਵਿਚ ਕੋਈ ਦਿਲਚਸਪੀ ਨਹੀਂ ਸੀ।

ਨਿਊ ਲਾਲ ਬਾਗ਼, ਪਟਿਆਲਾ ਸਾਡੇ ਘਰ ਦੇ ਬਿਲਕੁਲ ਸਾਹਮਣੇ ਸ. ਨਰਿੰਦਰ ਸਿੰਘ ਵਾਲੀਆ ਦਾ ਮਕਾਨ ਸੀ। ਇਹ ਸਾਡੇ ਮਹਿਕਮੇ ਵਿਚ ਉਸ ਵੇਲੇ ਇੰਸਪੈਕਟਰ ਸੀ, ਜੋ ਬਾਅਦ ਵਿਚ ਈ.ਟੀ.ਓ ਬਣੇ ਅਤੇ ਮੇਰੇ ਤੋਂ ਕੁਝ ਦੇਰ ਬਾਅਦ ਹੀ ਰਿਟਾਇਰ ਹੋਏ। ਇਸ ਦੇ ਨਾਲ ਹੀ ਇਸ ਦੇ ਸਾਲੇ ਪ੍ਰੋਫੈਸਰ ਰਵੀ ਦਾ ਮਕਾਨ ਸੀ। ਮੈਨੂੰ ਯਾਦ ਹੈ ਕਿ 1989 ਵਿਚ ਪ੍ਰੋਫੈਸਰ ਰਵੀ ਦੇ ਘਰ ਵਿਚੋਂ ਤਿੰਨ ਚਾਰ ਗੋਲੀਆਂ ਦੀ ਆਵਾਜ਼ ਆਈ। ਡਾਕਟਰ ਰਵੀ ਕੁਝ ਦੇਰ ਬਾਅਦ ਹੀ ਸਵਾਸ ਤਿਆਗ ਗਏ। ਉਸ ਦੀ ਪਤਨੀ ਦੇ ਰੋਣ ਦੀ ਆਵਾਜ਼ ਆਈ। ਇਸ ਦੇ ਬੱਚੇ ਵੀ ਸਾਡੇ ਬੱਚਿਆਂ ਦੇ ਨਾਲ ਹੀ ਵਾਈ.ਪੀ.ਐੱਸ ਸਕੂਲ ਵਿਚ ਹੀ ਪੜ੍ਹਦੇ ਸਨ।

ਕੁਝ ਘਰ ਛੱਡ ਕੇ, ਐੱਸ.ਪੀ. ਸਰਦਾਰ ਬਲਦੇਵ ਸਿੰਘ ਬਰਾੜ ਦਾ ਮਕਾਨ ਸੀ। ਇਸ ਦੇ ਵੀ ਦੋ ਲੜਕੇ ਅਤੇ ਇਕ ਲੜਕੀ ਵਾਈ.ਪੀ.ਐੱਸ ਵਿਚ ਹੀ ਪੜ੍ਹਦੇ ਸਨ। ਇਹਨਾਂ ਬੱਚਿਆਂ ਦੀ ਸਾਡੇ ਬੱਚਿਆਂ ਨਾਲ ਬਹੁਤ ਬਣਦੀ ਸੀ। ਅਗਲੇ ਗਵਾਂਢੀ ਸ. ਗੁਰਭਜਨੀਕ ਸਿੰਘ ਪੀ.ਸੀ.ਐੱਸ ਅਫ਼ਸਰ ਸਨ, ਜੋ ਐੱਸ.ਡੀ.ਐੱਮ ਸਮਾਣਾ ਵੀ ਰਹੇ ਹਨ। ਇਹਨਾਂ ਦੇ ਤਿੰਨ ਬੱਚੇ ਵੀ ਵਾਈ.ਪੀ.ਐੱਸ ਵਿਚ ਹੀ ਪੜ੍ਹਦੇ ਸਨ। ਸਾਡੇ ਬੱਚੇ ਅਕਸਰ ਫਿਲਮ ਆਦਿ ਦੇਖਣ ਲਈ ਵਾਈ.ਪੀ.ਐੱਸ ਚਲੇ ਜਾਂਦੇ ਸਨ। ਫਿਲਮਾਂ ਜ਼ਿਆਦਾਤਰ ਬਾਹਰ ਹੀ ਦਿਖਾਉਂਦੇ ਸਨ ਅਤੇ ਮੱਛਰਾਂ ਦੇ ਬਚਾਉ ਲਈ ਇਹ ਔਡੋਮੋਸ ਵੀ ਲੈ ਕੇ ਚਲੇ ਜਾਂਦੇ ਸਨ। ਵਾਈ.ਪੀ.ਐੱਸ ਦਰਵਾਜ਼ਾ ਖੁਲ੍ਹਦਿਆਂ ਹੀ ਸਾਡੇ ਘਰ ਦੇ ਸਾਹਮਣੇ ਸ੍ਰੀਮਤੀ ਖੰਨਾ ਰਹਿੰਦੇ ਸਨ, ਜੋ ਵਾਈ.ਪੀ.ਐੱਸ ਵਿਚ ਅਧਿਆਪਕ ਸਨ, ਉਹਨਾਂ ਦਾ ਲੜਕਾ ਵੀ ਸਾਡੇ ਬੱਚਿਆਂ ਦਾ ਅੱਛਾ ਦੋਸਤ ਸੀ। ਬੱਚੇ ਅਕਸਰ ਟੀਟੂ ਦੀਆਂ ਗੱਲਾਂ ਕਰਦੇ ਸਨ। ਟੀਟੂ ਇਹਨਾਂ ਦੇ ਸਕੂਲ ਵਿਚ ਕੰਟੀਨ ਚਲਾਉਂਦਾ ਸੀ ਅਤੇ ਉਸ ਦੇ ਬਰਗਰ ਬਹੁਤ ਮਸ਼ਹੂਰ ਸਨ। ਇਹਨਾਂ ਦੇ

ਵਾਈਸ ਪ੍ਰਿੰਸੀਪਲ ਆਈ.ਡੀ.ਐੱਸ ਗਰੇਵਾਲ, ਮੇਰੇ ਬਹੁਤ ਅੱਛੇ ਦੋਸਤ ਬਣ ਗਏ। ਅਕਸਰ ਮੇਰੇ ਘਰ ਆ ਜਾਂਦੇ ਸਨ। ਇਹਨਾਂ ਦੇ ਬਰਸਰ ਸ੍ਰੀ ਸ਼ਰਮਾ ਸਨ। ਉਹ ਵੀ ਕਾਫ਼ੀ ਮਿਲਣਸਾਰ ਸਨ। ਇਕ ਹੋਰ ਅਧਿਆਪਕ ਸ. ਸਾਧੂ ਸਿੰਘ ਦਿਓਲ ਜਿਹਨਾਂ ਦਾ ਮੈਂ ਅਤਿਅੰਤ ਸਤਿਕਾਰ ਕਰਦਾ ਹਾਂ, ਵੀ ਸਾਨੂੰ ਮਿਲਣ ਆ ਜਾਂਦੇ ਸੀ।

ਮੇਰੇ ਵੱਡੇ ਲੜਕੇ ਗੁਰਮੀਤ ਨੇ ਸਕੂਲ ਵਿਚ ਘੋੜਸਵਾਰੀ ਅਤੇ ਐੱਨ.ਸੀ.ਸੀ ਲਈ। ਛੋਟੇ ਲੜਕੇ ਗੁਰਜੀਤ ਨੇ ਐੱਨ.ਸੀ.ਸੀ ਲਈ। ਮੇਰੀ ਪੋਸਟਿੰਗ ਪਟਿਆਲਾ ਦੇ ਏ.ਈ.ਟੀ.ਸੀ. ਦੀ ਹੀ ਸੀ। ਮੈਂ ਤੇ ਮੇਰੇ ਬੱਚੇ ਸ਼ਾਮ ਨੂੰ ਵਾਈ.ਪੀ.ਐੱਸ ਵਿਚ ਸੈਰ ਕਰਨ ਚਲੇ ਜਾਂਦੇ ਸੀ। ਮੇਰੀ ਪਤਨੀ ਸਾਰੇ ਘਰ ਦੀ ਦੇਖਭਾਲ ਸਫਾਈ ਆਦਿਕ ਅਤੇ ਖਾਣਾ ਬਣਾਉਂਦੀ ਸੀ। ਉਹਨਾਂ ਦਿਨਾਂ ਵਿਚ ਪਰਿਵਾਰ ਮਾਸ ਆਦਿਕ ਖਾਂਦਾ ਸੀ। ਮੈਂ ਬੀਅਰ ਆਦਿਕ ਦਾ ਬਹੁਤ ਸ਼ੌਕੀਨ ਸੀ। ਮਾਸਾਹਾਰੀ ਖਾਣੇ ਵਿਚੋਂ ਸਭ ਤੋਂ ਅੱਛਾ ਮੈਂ ਮੱਛੀ ਨੂੰ ਸਮਝਦਾ ਸੀ। ਤਕਰੀਬਨ ਸਾਰਾ ਰਾਸ਼ਨ ਮੈਂ ਆਪ ਹੀ ਲੈ ਕੇ ਆਉਂਦਾ ਸੀ। ਅਸੀਂ ਬਚਪਨ ਤੋਂ ਹੀ ਪਟਿਆਲੇ ਪਲੇ ਹਾਂ ਜਿਸ ਕਰਕੇ ਕਈ ਦੁਕਾਨਦਾਰ ਸਾਨੂੰ ਨਿਜੀ ਤੌਰ ਤੇ ਜਾਣਦੇ ਹਨ।

1989 ਵਿਚ ਗੁਰਮੀਤ ਨੇ ਵਾਈ.ਪੀ.ਐੱਸ ਵਿਚੋਂ ਦੱਸਵੀਂ ਕਲਾਸ ਪਾਸ ਕਰ ਲਈ ਤੇ ਮੈਂ ਇਸ ਨੂੰ ਮਹਿੰਦਰਾ ਕਾਲਜ ਵਿਚ ਪ੍ਰੀ-ਇੰਜਨੀਰਿੰਗ ਵਿਚ ਦਾਖ਼ਲਾ ਦਵਾ ਦਿੱਤਾ। ਗੁਰਮੀਤ ਅਕਸਰ ਮੈਨੂੰ ਸ਼ਿਕਾਇਤ ਕਰਦਾ ਸੀ ਕਿ ਮਹਿੰਦਰਾ ਕਾਲਜ ਦੇ ਬੱਚਿਆਂ ਵਿਚੋਂ ਮੁਸ਼ਕ ਬਹੁਤ ਆਉਂਦੀ ਹੈ ਕਿਉਂਕਿ ਉਹ ਪਿੰਡੋਂ ਆਉਂਦੇ ਹਨ। ਮੈਂ ਕਿਹਾ," ਬੇਟਾ ਪਸੀਨੇ ਦੀ ਬਦਬੂ ਨਹੀਂ ਹੁੰਦੀ, ਇਹ ਤਾਂ ਖੁਸ਼ਬੂ ਹੁੰਦੀ ਹੈ।" ਦੂਸਰੀ ਗੱਲ ਇਹ ਕਿ ਸਾਨੂੰ ਆਮ ਬੰਦਿਆਂ ਵਿਚ ਵਿਚਰਨਾ ਆਉਣਾ ਚਾਹੀਦਾ ਹੈ। ਇਹ ਗੱਲ ਮੈਂ ਦੋਵਾਂ ਬੱਚਿਆਂ ਨੂੰ ਸਮਝਾਉਂਦਾ ਰਹਿੰਦਾ ਸੀ। ਫੌਜ ਵਿਚ ਆਮ ਬੰਦੇ ਮੇਰੇ ਸਿਪਾਹੀ ਸਨ। ਜੇ ਤੁਸੀਂ ਪਿੰਡ ਖੇਤੀ ਕਰੋਗੇ ਤਾਂ ਆਮ ਬੰਦੇ ਤੁਹਾਡੇ ਕਰਿੰਦੇ ਹੋਣਗੇ। 1991 ਵਿਚ ਗੁਰਮੀਤ ਨੇ ਪ੍ਰੀ-ਇੰਜਨੀਅਰਿੰਗ ਪਾਸ ਕਰ ਲਈ ਅਤੇ ਟੈਸਟਾਂ ਆਦਿਕ ਵਿਚ ਬੈਠਾ। ਇਸ ਦਾ ਪੰਜਾਬ ਵਿਚ ਕਿੱਧਰੇ ਨੰਬਰ ਨਹੀਂ ਆਇਆ। 1992 ਵਿਚ ਅਸੀਂ ਅਮਰੀਕਾ ਜਾਣਾ ਹੀ ਸੀ। ਇਸ ਲਈ ਅਸੀਂ ਇਸ ਨੂੰ ਕਿਸੇ ਵਰਕਸ਼ਾਪ ਆਦਿ ਵਿਚ ਭੇਜ ਦਿੱਤਾ ਤਾਂ ਜੋ ਅਮਰੀਕਾ ਜਾ ਕੇ ਇਹ ਕਾਰਾਂ ਦੀ ਸਾਂਭ ਸੰਭਾਲ ਕਰਨ ਵਿਚ ਨਿਪੁੰਨ ਹੋ ਜਾਵੇ।

ਗੁਰਜੀਤ ਨੇ 1991 ਵਿਚ ਦੱਸਵੀਂ 78% ਨੰਬਰ ਲੈ ਪਾਸ ਕੀਤੀ। ਇਸ ਦੀ ਦਿਲਚਸਪੀ ਮੈਡੀਕਲ ਲਾਈਨ ਦੀ ਸੀ। ਇਸ ਨੂੰ ਵੀ ਮਹਿੰਦਰਾ ਕਾਲਜ ਵਿਚ ਦਾਖ਼ਲ ਕਰਵਾ ਦਿੱਤਾ। 1992 ਵਿਚ ਇਹ ਪੜ੍ਹ ਹੀ ਰਿਹਾ ਸੀ ਕਿ ਅਕਤੂਬਰ 1992 ਵਿਚ ਅਸੀਂ ਅਮਰੀਕਾ ਚਲੇ ਗਏ।

ਸਾਡੇ ਘਰ ਜਦ ਵੀ ਕੋਈ ਮਹਿਮਾਨ ਆਉਂਦਾ ਸੀ, ਅਸੀਂ ਦੋਹਾਂ ਬੱਚਿਆਂ ਨੂੰ ਨਾਲ ਬਿਠਾਉਂਦੇ ਸੀ। ਕਿਸੇ ਦੋਸਤ ਨੇ ਪੁੱਛਿਆ ਕਿ ਬੱਚਿਆਂ ਦਾ ਵੱਡਿਆਂ ਵਿਚ ਕੀ ਕੰਮ ਹੈ? ਮੈਂ ਜਵਾਬ ਦਿੱਤਾ," ਇਹ ਇਹਨਾਂ ਦੀ ਸਿਖਲਾਈ ਹੈ।" ਜਦ ਕੋਈ ਵਪਾਰੀ

ਮੈਨੂੰ ਘਰ ਮਿਲਣ ਆਉਂਦਾ ਤਾਂ ਬੱਚੇ ਆਪਣੇ ਹੱਥੀਂ ਚਾਹ ਆਦਿਕ ਪਿਲਾਉਂਦੇ ਸਨ। ਅਸੀਂ ਦੁਪਹਿਰ ਨੂੰ ਰੋਟੀ ਖਾਣ ਵੇਲੇ ਦੇਖਦੇ ਸੀ ਕਿ ਜੇ ਸਾਡੇ ਘਰ ਮਾਲੀ ਘਾਹ ਕੱਟ ਰਿਹਾ ਹੈ ਤਾਂ ਉਸ ਨੂੰ ਖਾਣੇ ਬਾਰੇ ਜ਼ਰੂਰ ਪੁੱਛੀਏ। ਅਸੀਂ ਦੋਹਾਂ ਬੱਚਿਆਂ ਨੂੰ ਉਤਸ਼ਾਹਤ ਕਰਦੇ ਸੀ ਕਿ ਉਹ ਆਪਣੇ ਦੋਸਤਾਂ ਨੂੰ ਲਿਆ ਕੇ ਆਪਣੇ ਘਰੇ ਰੋਟੀ ਖਵਾਉਣ। ਵੈਸੇ ਵੀ ਸਾਡੇ ਘਰ ਦੇ ਪਿਛਲੇ ਗੇਟ ਨੇ ਸਾਨੂੰ ਬੜਾ ਹਰਮਨ ਪਿਆਰਾ ਬਣਾ ਦਿੱਤਾ ਸੀ। ਕਈ ਬੱਚੇ ਸਕੂਟਰ ਆਦਿਕ ਸਾਡੇ ਘਰੇ ਖੜ੍ਹਾ ਕੇ ਵਾਈ.ਪੀ.ਐੱਸ ਜਾਂਦੇ ਸਨ ਕਿਉਂਕਿ ਉਹਨਾਂ ਦਿਨਾਂ ਵਿਚ ਵਾਈ.ਪੀ.ਐੱਸ ਵਿਚ ਬੱਚਿਆਂ ਨੂੰ ਸਕੂਟਰ ਆਦਿਕ ਲਿਆਉਣ ਦੀ ਆਗਿਆ ਨਹੀਂ ਸੀ। ਇਹਨਾਂ ਵਿਚੋਂ ਡਾ. ਪੁਸ਼ਪਵੰਤ ਸਿੰਘ ਗਰੇਵਾਲ (ਰਿੰਪੂ) ਪ੍ਰਮੁੱਖ ਹੈ। ਅਸੀਂ ਬੱਚਿਆਂ ਦੇ ਦੋਸਤਾਂ ਵੱਲ ਇਸ ਕਰਕੇ ਤਵੱਜੋ ਦਿੰਦੇ ਸੀ ਕਿ ਸਾਡੇ ਬੱਚੇ ਕਿਤੇ ਵੇਹਲੜ ਬੱਚਿਆਂ ਦੇ ਦੋਸਤ ਨਾ ਬਣ ਜਾਣ।

ਅਮਰੀਕਾ ਜਾਣ ਤੋਂ ਪਹਿਲਾਂ ਅਸੀਂ ਬੱਚਿਆਂ ਨੂੰ ਗੱਤਕੇ ਦਾ ਉਸਤਾਦ ਰੱਖ ਕੇ ਉਹਨਾਂ ਨੂੰ ਗਤਕੇ ਦੀ ਸਿਖਲਾਈ ਦਿਵਾਈ। ਇਸ ਤੋਂ ਇਲਾਵਾ ਦੋਹਾਂ ਬੱਚਿਆਂ ਨੂੰ ਕੀਰਤਨ ਸਿਖਾਇਆ। ਮੇਰੇ ਸੱਸ ਸਹੁਰਾ ਅਤੇ ਮਾਤਾ ਪਿਤਾ ਬਹੁਤ ਲੰਬੀ ਉਮਰ ਦੇ ਲੋਕ ਸਨ। ਉਹਨਾਂ ਨੂੰ ਘਰ ਬੁਲਾ ਕੇ ਖਾਣਾ ਆਦਿਕ ਖਵਾਉਣਾ ਆਮ ਜਿਹੀ ਗੱਲ ਸੀ। ਸਾਡੇ ਬੱਚਿਆਂ ਦੇ ਤਿੰਨ ਮਾਮੇ ਅਤੇ ਦੋ ਮਾਸੀਆਂ ਹਨ। ਬੱਚਿਆਂ ਦੇ ਇਕ ਤਾਇਆ, ਤਿੰਨ ਚਾਚੇ ਅਤੇ ਚਾਰ ਭੂਆ ਹਨ। ਇਹ ਸਾਰੇ ਹੀ ਰਿਸ਼ਤੇਦਾਰ ਪਰਿਵਾਰਾਂ ਸਮੇਤ ਆਉਂਦੇ ਰਹਿੰਦੇ। ਅਸੀਂ ਬੱਚਿਆਂ ਨੂੰ ਵੀ ਰਿਸ਼ਤੇਦਾਰਾਂ ਕੋਲ ਮਿਲਣ ਲਈ ਭੇਜਦੇ ਰਹਿੰਦੇ ਸੀ। ਮੇਰੇ ਮਾਤਾ-ਪਿਤਾ ਤੋਪਖਾਨੇ ਵਾਲੇ ਮਕਾਨ ਵਿਚ ਰਹਿੰਦੇ ਸਨ। ਮੇਰੇ ਪਿਤਾ ਜੀ ਬਿਨਾਂ ਬੁਲਾਏ ਨਹੀਂ ਆਉਂਦੇ ਸਨ। ਮੇਰੇ ਪਿਤਾ ਜੀ ਪੁਰਾਣੇ ਜ਼ਮਾਨੇ ਦੇ ਫੌਜੀ ਅਫ਼ਸਰ ਸਨ ਅਤੇ ਵਿਸਕੀ ਪੀ ਕੇ ਬਹੁਤ ਖੁਸ਼ ਹੁੰਦੇ ਸਨ। ਬੱਚੇ ਭੱਜ-ਭੱਜ ਕੇ ਦਾਦਾ ਦਾਦੀ ਦੀ ਸੇਵਾ ਕਰਦੇ ਸਨ।

ਜਦ ਵੀ ਹਿਮਾਚਲ ਪ੍ਰਦੇਸ਼ ਫਾਰਮ ਤੇ ਜਾਣਾ ਹੁੰਦਾ ਸੀ ਤਾਂ ਮੇਰੀ ਕੋਸ਼ਿਸ਼ ਹੁੰਦੀ ਸੀ ਕਿ ਮੈਂ, ਮੇਰੀ ਪਤਨੀ ਅਤੇ ਬੱਚੇ ਸਾਰੇ ਇਕੱਠੇ ਫਾਰਮ ਤੇ ਜਾਈਏ ਅਤੇ ਉਥੇ ਰਹਿਣ। ਬੱਚੇ ਫਾਰਮ ਤੇ ਜਾ ਕੇ ਬਹੁਤ ਖੁਸ਼ ਹੁੰਦੇ ਸਨ। ਇਹ 56 ਏਕੜ ਦੀ ਖੁੱਲ੍ਹੀ ਜਗ੍ਹਾ ਸੀ ਤੇ ਦੋ ਤਿੰਨ ਦਿਨਾਂ ਵਿਚ ਹੀ ਬੱਚਿਆਂ ਦਾ ਰੰਗ ਲਾਲ ਹੋ ਜਾਂਦਾ ਸੀ। ਸਾਡੇ ਫਾਰਮ ਪਾਸ ਇਕ ਦਰਿਆ ਚਲਦਾ ਸੀ। ਉਸ ਵਿਚ ਬਹੁਤ ਸਾਰੀਆਂ ਮੱਛੀਆਂ ਹੁੰਦੀਆਂ ਸਨ। ਸਾਨੂੰ ਇਹ ਲੋਕ ਦੋ ਰੁਪਏ ਮੱਛੀ ਦੇ ਹਿਸਾਬ ਨਾਲ ਮੱਛੀ ਦੇ ਜਾਂਦੇ ਸਨ। ਸਾਡੇ ਇਕ ਰਿਸ਼ਤੇਦਾਰ ਸ. ਉਮਰਾਓ ਸਿੰਘ, ਜੋ ਰਿਸ਼ਤੇ ਵਿਚ ਮੇਰੇ ਨਾਨਾ ਜੀ ਲੱਗਦੇ ਸਨ, ਇਕ ਵਾਰ ਕਹਿਣ ਲੱਗੇ,“ ਕਾਕਾ ਤੁਸੀਂ ਤਾਂ ਇੰਨੇ ਵੱਡੇ ਅਫ਼ਸਰ ਹੋ, ਕੀ ਤੁਸੀਂ ਬੱਚਿਆਂ ਤੋਂ ਖੇਤੀ ਕਰਵਾਉਂਗੇ?” ਮੈਂ ਕਿਹਾ,“ ਨਾਨਾ ਜੀ ਇਨਸਾਨ ਨੂੰ ਰੋਟੀ ਲਈ ਘਰ ਦਾ ਕੰਮ ਤਾਂ ਆਉਣਾ ਹੀ ਚਾਹੀਦਾ ਹੈ।” ਉਸ ਵੇਲੇ ਤਾਂ ਅਸੀਂ ਇਹੀ ਸੋਚ ਰਹੇ ਸੀ ਕਿ ਇਕ ਬੱਚੇ ਨੂੰ ਜ਼ਮੀਨ ਦੇ ਦਿਆਂਗੇ ਅਤੇ ਦੂਜਾ ਵਪਾਰ ਆਦਿਕ ਕਰ ਲਵੇਗਾ।

ਅਕਤੂਬਰ 1992 ਵਿਚ ਸਾਡਾ ਸਾਰਾ ਪਰਿਵਾਰ ਪੱਕੇ ਤੌਰ ਤੇ ਰਹਿਣ ਲਈ ਅਮਰੀਕਾ ਚਲਾ ਗਿਆ। ਮੈਨੂੰ ਸਿਰਫ਼ ਦੋ ਹਫ਼ਤੇ ਦੀ ਛੁੱਟੀ ਮਿਲੀ। ਉਸ ਵੇਲੇ ਮੈਂ ਡਿਪਟੀ ਆਬਕਾਰੀ ਤੇ ਕਰ ਕਮਿਸ਼ਨਰ, ਪਟਿਆਲਾ ਡਵੀਜ਼ਨ ਸੀ। ਮੈਂ ਮਾਰਚ 1993 ਦੀਆਂ ਸਾਲਾਨਾ ਸ਼ਰਾਬ ਆਦਿਕ ਦੀਆਂ ਨਿਲਾਮੀਆਂ ਕਰਵਾਉਣੀਆਂ ਸਨ। ਖੈਰ ਮੇਰੀ ਪਤਨੀ ਨੂੰ ਛੇ ਮਹੀਨੇ ਦੀ ਛੁੱਟੀ ਮਿਲ ਗਈ। ਵੱਡਾ ਲੜਕਾ ਗੁਰਮੀਤ ਕੰਮ ਕਰਕੇ ਗੁਜ਼ਾਰਾ ਕਰਨ ਲੱਗਾ। ਛੋਟਾ ਲੜਕਾ ਗੁਰਜੀਤ ਬਾਰ੍ਹਵੀਂ ਵਿਚ ਪੜ੍ਹਨ ਲਈ ਹੋਰਲਿਕਸ ਸਕੂਲ, ਰਸੀਨ, (ਵਿਸਕਾਨਸਿਨ) ਦਾਖ਼ਲ ਹੋ ਗਿਆ। ਮੇਰੀ ਪਤਨੀ ਵੀ ਉਥੇ ਛੇ ਕੁ ਮਹੀਨੇ ਛੋਟਾ-ਮੋਟਾ ਕੰਮ ਕਰਦੀ ਰਹੀ।

1993 ਵਿਚ ਮੈਂ ਤੇ ਮੇਰੀ ਪਤਨੀ ਪੰਜ ਸਾਲ ਦੀ ਛੁੱਟੀ ਲੈ ਕੇ ਅਮਰੀਕਾ ਚਲੇ ਗਏ। ਅਸੀਂ ਬੱਚਿਆਂ ਦੀ ਮੱਦਦ ਕੀਤੀ ਤੇ ਉਹਨਾਂ ਨੇ ਸਾਡੀ। ਬੱਚੇ ਮਿਹਨਤ ਨਾਲ ਪੜ੍ਹਨ ਲੱਗੇ, ਅਸੀਂ ਛੋਟਾ ਮੋਟਾ ਵਪਾਰ ਕਰਨ ਲੱਗੇ। ਸਮਾਂ ਲੰਘਦਾ ਗਿਆ, ਬੱਚੇ ਪੜ੍ਹਾਈਆਂ ਸੰਪੂਰਨ ਕਰ ਕੇ ਅੱਛਾ ਜੀਵਨ ਬਤੀਤ ਕਰ ਰਹੇ ਹਨ। ਗੁਰਮੀਤ ਇੰਜ਼ਨੀਅਰਿੰਗ ਕਰਕੇ ਕਾਮਯਾਬੀ ਨਾਲ ਵਪਾਰ ਕਰ ਰਿਹਾ ਹੈ। ਇਸ ਦੀ ਪਤਨੀ ਡਾਕਟਰ ਹੈ ਅਤੇ ਇਸ ਜੋੜੀ ਦੇ ਦੋ ਬੱਚੇ ਹਨ। ਛੋਟਾ ਲੜਕਾ ਗੁਰਜੀਤ ਅਠਾਰਾਂ ਸਾਲ ਪੜ੍ਹਾਈ ਕਰ ਕੇ ਅਮਰੀਕਾ ਦਾ ਵੈਸਕੂਲਰ ਸਰਜਨ ਹੈ। ਇਸ ਦੀ ਪਤਨੀ ਵੀ ਡਾਕਟਰ ਹੈ ਅਤੇ ਇਹਨਾਂ ਦੇ ਵੀ ਦੋ ਬੱਚੇ ਹਨ। ਮੇਰੇ ਦੋਹੇਂ ਲੜਕੇ ਆਪਣਾ ਜੀਵਨ ਅਤੇ ਕਾਰੋਬਾਰ ਬਾਖ਼ੂਬੀ ਨਿਭਾ ਰਹੇ ਹਨ। ਇਸ ਦੀਆਂ ਜੜ੍ਹਾਂ ਬਚਪਨ ਹੀ ਹਨ, ਜਿਥੇ ਮਾਤਾ ਪਿਤਾ ਨੇ ਇਹਨਾਂ ਨੂੰ ਨਿੱਘਾ ਪਿਆਰ ਦਿੱਤਾ। ਨਾਲ ਹੀ ਅਨੁਸ਼ਾਸਨ ਸਿਖਾਇਆ। ਹਰ ਇਕ ਚੀਜ਼ ਕਰਨ ਦਾ ਵੱਲ ਦੱਸਿਆ। ਇਮਾਨਦਾਰੀ, ਮਿਹਨਤ, ਸੰਜਮ ਅਤੇ ਪਾਠ ਪੂਜਾ ਕਰਨਾ ਸਿਖਾਇਆ। ਇਹਨਾਂ ਦੀ ਕਾਮਯਾਬੀ ਉਸੇ ਦਾ ਫਲ ਹੈ।

ਅਮਰੀਕਾ ਰਹਿੰਦਿਆਂ ਅਸੀਂ ਚਾਰਾਂ ਜੀਆਂ ਨੇ ਚੌਦਾਂ ਸਾਲਾਂ ਵਿਚ (1994-2008) ਦਸ ਵਪਾਰ ਅਤੇ ਦੋ ਮਕਾਨ ਖਰੀਦੇ। ਇਹਨਾਂ ਵਿਚੋਂ ਇਕ ਮਕਾਨ ਅਤੇ ਪੰਜ ਵਪਾਰ ਵੇਚ ਦਿੱਤੇ। 2010 ਵਿਚ ਅਸੀਂ ਪੰਜੇ ਵਪਾਰ ਅਤੇ ਇਕ ਮਕਾਨ ਬੱਚਿਆਂ ਵਿਚ ਵੰਡ ਕੇ ਦਸੰਬਰ ਦੇ ਮਹੀਨੇ ਭਾਰਤ ਆ ਗਏ ਅਤੇ ਪੂਰੀ ਤਰ੍ਹਾਂ ਸੇਵਾ ਮੁਕਤ ਜੀਵਨ ਬਿਤਾਉਣ ਲੱਗੇ।

*****

# ਅਮਰੀਕਾ ਰਹਿੰਦਿਆਂ

ਭਾਰਤ ਵਿਚ ਸਾਡੀਆਂ ਦੋ ਹੀ ਜਾਇਦਾਦਾਂ ਸਨ। ਇਕ ਹਿਮਾਚਲ ਵਿਚ ਇਕੱਤੀ ਏਕੜ ਦਾ ਬਾਗ਼ ਅਤੇ ਨਿਊ ਲਾਲ ਬਾਗ਼, ਪਟਿਆਲਾ ਵਿਖੇ ਇਕ ਮਕਾਨ। 1990 ਵਿਚ ਮੈਂ ਏ.ਈ.ਟੀ.ਸੀ. ਤੋਂ ਡੀ.ਈ.ਟੀ.ਸੀ. ਬਣ ਗਿਆ। ਕੁਝ ਦੇਰ ਅਪੀਲਾਂ ਵਿਚ ਰਹਿਣ ਤੋਂ ਬਾਅਦ ਮੈਨੂੰ ਡੀ.ਈ.ਟੀ.ਸੀ. ਪਟਿਆਲਾ ਡਵੀਜ਼ਨ ਲਗਾ ਦਿੱਤਾ ਗਿਆ। ਐਸਾ ਸੰਜੋਗ ਹੋਇਆ ਕਿ ਸਤੰਬਰ 1992 ਨੂੰ ਇਕ ਪਾਸੇ ਤਾਂ 96,000 ਵਿਚ ਲਈਆਂ ਚਾਰ ਟਿਕਟਾਂ ਅਤੇ ਦੂਜੇ ਪਾਸੇ ਡੀ.ਈ.ਟੀ.ਸੀ ਪਟਿਆਲਾ ਡਵੀਜ਼ਨ ਦੇ ਆਰਡਰ ਇਕੋ ਦਿਨ ਹੀ ਆ ਗਏ। ਸਾਡੀ ਟਿਕਟ 7 ਅਕਤੂਬਰ ਦੀ ਸੀ। ਸਾਡੇ ਮੰਤਰੀ ਸ. ਸ਼ਮਸ਼ੇਰ ਸਿੰਘ ਦੂਲੋ ਮੇਰੇ ਤੋਂ ਬਹੁਤ ਖੁਸ਼ ਸਨ। ਮੈਂ ਉਹਨਾਂ ਤੋਂ ਛੇ ਮਹੀਨਿਆਂ ਦੀ ਛੁੱਟੀ ਮੰਗੀ। ਮੇਰੀ ਪਤਨੀ ਨੇ ਵੀ ਆਪਣੇ ਵਿਭਾਗ ਤੋਂ ਛੇ ਮਹੀਨਿਆਂ ਦੀ ਛੁੱਟੀ ਲਈ ਅਰਜ਼ੀ ਦੇ ਦਿੱਤੀ। ਦੂਲੋ ਸਾਹਿਬ ਮੈਨੂੰ ਕਹਿਣ ਲੱਗੇ,"ਤੁਸੀਂ ਬੱਚਿਆਂ ਨੂੰ ਛੱਡ ਕੇ ਜਲਦੀ ਵਾਪਸ ਆ ਜਾਉ ਕਿਉਂਕਿ ਮਾਰਚ 1993 ਨੂੰ ਨਿਲਾਮੀਆਂ ਹੋਣੀਆਂ ਹਨ ਅਤੇ ਤੁਸੀਂ ਇਹ ਨਿਲਾਮੀ ਕਰਾਉਣੀ ਹੈ।" ਮੈਨੂੰ ਪੰਦਰਾਂ ਦਿਨਾਂ ਦੀ ਛੁੱਟੀ ਮਿਲ ਗਈ। ਮੇਰੀ ਪਤਨੀ ਦੀ ਛੇ ਮਹੀਨੇ ਦੀ ਛੁੱਟੀ ਮਨਜ਼ੂਰ ਹੋ ਗਈ। 7 ਅਕਤੂਬਰ 1992 ਨੂੰ ਅਸੀਂ ਚਾਰੇ ਜੀਅ ਅਮਰੀਕਾ ਲਈ ਰਵਾਨਾ ਹੋ ਗਏ।

**ਦੋ ਸਲਾਹਾਂ–**ਦਿੱਲੀ ਤੋਂ ਅਮਰੀਕਾ ਲਈ ਸਾਡਾ ਜਹਾਜ਼ 5 ਕੁ ਵਜੇ ਸਵੇਰੇ ਚੱਲਣਾ ਸੀ। ਅਸੀਂ ਚਾਰੇ ਜਾਣੇ ਤਕਰੀਬਨ 3 ਕੁ ਵਜੇ ਸਮਾਨ ਆਦਿ ਦੇ ਕੇ ਅੱਗੇ ਵਧੇ। ਸਾਡੇ ਇਮੀਗਰੇਸ਼ਨ ਦੇ ਕਾਗਜ਼ਾਤ ਦੇਖ ਕੇ ਸਾਨੂੰ ਅੱਗੇ ਜਾਣ ਲਈ ਕਿਹਾ। ਮੈਂ 15 ਦਿਨਾਂ ਬਾਅਦ ਹੀ ਵਾਪਸ ਆਉਣਾ ਸੀ। ਮੇਰਾ ਵੱਡਾ ਲੜਕਾ ਗੁਰਮੀਤ (ਉਮਰ 19 ਸਾਲ) ਜ਼ਿਆਦਾ ਜ਼ੁੰਮੇਵਾਰ ਸੀ, ਮੈਨੂੰ ਕਿਸੇ ਸਲਾਹ ਲਈ ਪੁੱਛਣ ਲੱਗਾ। ਮੈਂ ਕਿਹਾ, "ਕਾਕਾ ਸਾਡੇ ਜਿੰਨੇ ਦੋਸਤ/ਰਿਸ਼ਤੇਦਾਰ ਅਮਰੀਕਾ ਗਏ ਹਨ ਸਾਰੇ ਹੀ ਪੈਸੇ ਧੇਲੇ ਵਲੋਂ ਸੌਖੇ ਹਨ। ਅਸੀਂ ਵੀ ਉਮੀਦ ਕਰਦੇ ਹਾਂ ਸੌਖੇ ਹੋ ਜਾਵਾਂਗੇ। ਪਰ ਮੇਰਾ ਵਿਚਾਰ ਹੈ ਕਿ ਪੜ੍ਹਾਈ, ਤਕਨਾਲੌਜੀ ਅਤੇ ਡਾਲਰ ਅਮਰੀਕਾ ਦੇ ਹੋਵੇ ਤੇ ਸਿੱਖੀ ਗੁਰੂ ਦੀ ਹੋਵੇ ਤੇ ਦੋਹਾਂ ਨੂੰ ਰਲਾ ਕੇ ਰਿੜਕੀਏ ਤੇ ਇਹ ਸਾਡੇ ਲਈ ਸੰਪੂਰਨ ਜੀਵਨ ਹੋਵੇਗਾ।" ਬੱਚਿਆਂ ਨੇ ਅਜਿਹਾ ਹੀ ਕੀਤਾ ਦੋਵੇਂ ਬੱਚਿਆਂ ਤੇ ਉਨ੍ਹਾਂ ਦਾ ਪਿਆਰ ਸਾਬਤ ਸੂਰਤ ਹਨ। 2016 ਤੇ 2017 ਵਿੱਚ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਗਏ ਹਨ।

ਇੰਨੇ ਵਿਚ ਅਸੀਂ ਡਿਪਾਰਚਰ ਲਾਊਂਜ ਵਿਚ ਪਹੁੰਚ ਗਏ। ਵੱਡਾ ਬੱਚਾ ਫਿਰ ਕਹਿਣ ਲੱਗਾ ਕਿ ਕੋਈ ਹੋਰ ਸਲਾਹ ਵੀ ਦੇਣੀ ਹੈ। ਮੈਂ ਕਿਹਾ ਕਿ ਸਲਾਹ ਤਾਂ ਦੇਣੀ ਹੈ ਪਰ ਮੈਨੂੰ ਕੁਝ ਸ਼ਰਮ ਆਉਂਦੀ ਹੈ ਪਰ ਇਹ ਸਲਾਹ ਜ਼ਰੂਰੀ ਹੈ। ਮੈਂ ਕਿਹਾ

ਤੁਹਾਡੀ ਉਮਰ ਛੋਟੀ ਹੈ। ਇਸ ਉਮਰ ਵਿੱਚ ਕਾਮ ਦਾ ਅਸਰ ਜ਼ਿਆਦਾ ਹੁੰਦਾ ਹੈ। ਜੇ ਤੁਸੀਂ ਕੁਝ ਸਾਲ ਸੰਜਮ ਨਾਲ ਬਤੀਤ ਕਰ ਲਵੋ ਤਾਂ ਤੁਹਾਡਾ ਜਲਦੀ ਹੀ ਭਾਰਤ ਵਿਚ ਅੱਛੀ ਲੜਕੀ ਤੇ ਪਰਿਵਾਰ ਵਿਚ ਵਿਆਹ ਕਰ ਦਿਆਂਗੇ। ਬੱਚਿਆਂ ਨੇ ਇਹ ਸਲਾਹ ਵੀ ਇੰਨ-ਬਿੰਨ ਮੰਨ ਲਈ। ਸਮੇਂ ਸਿਰ ਦੋਵੇਂ ਬੱਚਿਆਂ ਦੇ ਵਿਆਹ 2000 ਤੇ 2003 ਵਿੱਚ ਅੱਛੇ ਘਰਾਂ ਦੀਆਂ ਡਾਕਟਰ ਲੜਕੀਆਂ ਨਾਲ ਕਰ ਦਿੱਤੇ।

ਅਮਰੀਕਾ ਵਿਚ ਮੇਰੇ ਤਿੰਨ ਭਰਾ ਅਤੇ ਇਕ ਭੈਣ ਪੱਕੇ ਤੌਰ ਤੇ ਰਹਿ ਰਹੇ ਸਨ। ਇਕ ਵੱਡੀ ਭੈਣ ਨਿਊਯਾਰਕ ਰਹਿੰਦੀ ਸੀ ਅਤੇ ਮੇਰੇ ਤੋਂ ਛੋਟਾ ਭਰਾ ਡਾ. ਜਗਜੀਤ ਸਿੰਘ ਸ਼ਿਕਾਗੋ ਰਹਿੰਦਾ ਸੀ। ਉਹ ਉਥੇ ਜਾਨਵਰਾਂ ਦੀ ਡਾਕਟਰੀ ਕਰਦਾ ਸੀ। ਇਕ ਛੋਟਾ ਭਰਾ ਸਤਵੰਤ ਸਿੰਘ ਸ਼ਿਕਾਗੋ ਤੋਂ ਸੌ ਮੀਲ ਦੂਰ ਮਿਲਵਾਕੀ ਸ਼ਹਿਰ ਰਹਿੰਦਾ ਸੀ। ਇਸ ਦੇ ਅਮਰੀਕਾ ਵਿਚ ਕਈ ਕਾਰੋਬਾਰ ਸਨ। ਤੀਜਾ ਸਭ ਤੋਂ ਛੋਟਾ ਭਰਾ ਗੁਰਵੰਤ ਸਿੰਘ, ਰਸੀਨ ਰਹਿੰਦਾ ਸੀ, ਜੋ ਮਿਲਵਾਕੀ ਦੇ ਨਜ਼ਦੀਕ ਹੀ ਹੈ। ਉਸ ਕੋਲ ਵੀ ਕਾਫ਼ੀ ਕਾਰੋਬਾਰ ਸਨ। ਮੈਂ ਪੰਦਰਾਂ ਕੁ ਦਿਨ ਬੱਚਿਆਂ ਕੋਲ ਰਿਹਾ। ਕੁਝ ਦਿਨ ਅਸੀਂ ਛੋਟੇ ਭਰਾ ਜਗਜੀਤ ਕੋਲ ਰਹੇ ਅਤੇ ਦੋ ਚਾਰ ਦਿਨ ਸਤਵੰਤ ਅਤੇ ਗੁਰਵੰਤ ਕੋਲ ਰਹੇ। ਸਾਡੇ ਕੋਲ ਵੀਹ ਹਜ਼ਾਰ ਡਾਲਰ ਸਨ। ਸਾਡੇ ਮਨ ਵਿਚ ਸਪੱਸ਼ਟਤਾ ਬਹੁਤ ਸੀ। ਸਕੂਲਾਂ ਦੇ ਦਾਖ਼ਲੇ ਹੋ ਚੁੱਕੇ ਸਨ, ਅਸੀਂ ਸਕੂਲ ਬੋਰਡ ਵਿਚ ਗਏ। ਅਸੀਂ ਸਕੂਲ ਦੇ ਅਧਿਕਾਰੀਆਂ ਨੂੰ ਦੋਹੇਂ ਬੱਚਿਆਂ ਦੇ ਕਾਗਜ਼ ਪੱਤਰ ਦਿਖਾਏ। ਮੇਰਾ ਵਿਚਾਰ ਸੀ ਕਿ ਵੱਡਾ ਲੜਕਾ ਬਾਰ੍ਹਵੀਂ ਵਿਚ ਅਤੇ ਛੋਟਾ ਲੜਕਾ ਗਿਆਰਵੀਂ ਵਿਚ ਦਾਖ਼ਲ ਹੋ ਜਾਵੇ ਤਾਂ ਕਿ ਦੋਨਾਂ ਦੀ ਅੰਗਰੇਜ਼ੀ ਬਾਕੀ ਅਮਰੀਕਨ ਵਿਦਿਆਰਥੀਆਂ ਵਾਂਗ ਠੀਕ ਹੋ ਜਾਵੇ। ਸਕੂਲ ਐਡਮੀਨੀਸਟ੍ਰੇਟਰ ਮੇਰੇ ਨਾਲ ਸਹਿਮਤ ਨਹੀਂ ਹੋਇਆ। ਉਸ ਨੇ ਵੱਡੇ ਲੜਕੇ ਨੂੰ ਯੂਨੀਵਰਸਿਟੀ ਦੀ ਤਿਆਰੀ ਕਰਨ ਲਈ ਕਿਹਾ ਅਤੇ ਛੋਟੇ ਲੜਕੇ ਨੂੰ ਬਾਰਵੀਂ ਕਲਾਸ ਵਿਚ ਦਾਖਲ ਹੋਣ ਲਈ ਕਿਹਾ। ਮੇਰੇ ਸਭ ਤੋਂ ਛੋਟੇ ਭਰਾ ਗੁਰਵੰਤ ਨੂੰ ਮੈਂ ਬੇਨਤੀ ਕੀਤੀ ਕਿ ਮੇਰੇ ਛੋਟੇ ਲੜਕੇ ਨੂੰ ਕੁਝ ਮਹੀਨੇ ਆਪਣੇ ਕੋਲ ਰੱਖ ਲਵੇ ਤਾਂ ਜੋ ਉਹ ਬਾਰ੍ਹਾਂ ਕਲਾਸਾਂ ਪਾਸ ਹੋ ਜਾਵੇ। ਗੁਰਵੰਤ ਮੇਰੇ ਛੋਟੇ ਪੁੱਤਰ ਗੁਰਜੀਤ ਨੂੰ ਆਪਣੇ ਕੋਲ ਰੱਖਣ ਲਈ ਮੰਨ ਗਿਆ। ਇਹ ਮੇਰੇ ਲਈ ਵੱਡੀ ਰਾਹਤ ਸੀ। ਗੁਰਜੀਤ ਨੂੰ ਹਾਰਲਿਕਸ ਸਕੂਲ, ਰਸੀਨ ਵਿਚ ਦਾਖ਼ਲ ਕਰਵਾ ਦਿੱਤਾ। ਮੈਂ ਆਪਣੀ ਪਤਨੀ ਅਤੇ ਵੱਡੇ ਲੜਕੇ ਨੂੰ ਕਿਰਾਏ ਦਾ ਮਕਾਨ ਦੇਖਣ ਲਈ ਕਿਹਾ ਅਤੇ ਇਥੇ ਹੀ ਕੋਈ ਛੋਟਾ ਮੋਟਾ ਕੰਮ ਕਰਨ ਬਾਰੇ ਸਲਾਹ ਦਿੱਤੀ।

ਖੈਰ ਮੈਂ ਪੰਦਰਾਂ ਦਿਨਾਂ ਬਾਅਦ ਭਾਰਤ ਵਾਪਸ ਆ ਗਿਆ। ਮੇਰੇ ਤਿੰਨੇ ਭਰਾਵਾਂ ਨੇ ਇਕ ਮਕਾਨ ਮੇਰੀ ਪਤਨੀ ਅਤੇ ਵੱਡੇ ਲੜਕੇ ਲਈ ਲੈ ਦਿੱਤਾ ਅਤੇ ਤਿੰਨ ਮਹੀਨਿਆਂ ਦਾ ਕਿਰਾਇਆ ਸਾਡੀ ਮੱਦਦ ਵਜੋਂ ਦੇ ਦਿੱਤਾ। ਪੂਰੇ ਛੇ ਮਹੀਨੇ ਕੱਟ ਕੇ ਮੇਰੀ ਪਤਨੀ ਜਦੋਂ ਅਪ੍ਰੈਲ 1993 ਵਿਚ ਪਟਿਆਲੇ ਆਈ ਤਾਂ ਮੈਨੂੰ ਕਹਿਣ ਲੱਗੀ ਕਿ ਮੈਂ ਤਾਂ ਚਾਰ ਸੌ ਡਾਲਰ ਮਹੀਨਾ ਕਮਾਉਂਦੀ ਸੀ, ਜਿਸ ਨਾਲ ਸਾਡਾ ਗੁਜ਼ਾਰਾ ਨਹੀਂ ਹੋ ਸਕਦਾ। ਤੁਹਾਨੂੰ ਸਾਡੇ ਨਾਲ ਚਲਣਾ ਪਏਗਾ। ਮੈਂ ਉਸ ਨੂੰ ਕਿਹਾ," ਮੈਂ

ਡੀ.ਈ.ਟੀ.ਸੀ ਪਟਿਆਲਾ ਡਵੀਜ਼ਨ ਹਾਂ ਅਤੇ ਇਹ ਬਹੁਤ ਮਹੱਤਵਪੂਰਨ ਪੋਸਟ ਹੈ।" ਇਸ ਤੇ ਉਹ ਕਹਿਣ ਲੱਗੀ," ਜੇ ਤਾਂ ਬੱਚੇ ਅਮਰੀਕਾ ਵਿਚ ਰੋਲਣੇ ਹਨ ਫਿਰ ਤਾਂ ਸਾਨੂੰ ਦੋਹਾਂ ਨੂੰ ਜਾਣ ਦੀ ਲੋੜ ਨਹੀਂ। ਜੇ ਬੱਚਿਆਂ ਨੂੰ ਅਮਰੀਕਾ ਵਿਚ ਜ਼ਿੰਮੇਵਾਰੀ ਨਾਲ ਪਾਲਣਾ ਅਤੇ ਪੜ੍ਹਾਉਣਾ ਹੈ ਅਤੇ ਕਦਰਾਂ-ਕੀਮਤਾਂ ਦੇਣੀਆਂ ਹਨ ਤਾਂ ਤੁਹਾਨੂੰ ਮੇਰੇ ਨਾਲ ਜਾਣਾ ਹੀ ਪਏਗਾ।"

ਇਕ ਹੋਰ ਬੜੀ ਤਕਲੀਫ਼ ਜੋ ਸਰਕਾਰੀ ਤੌਰ ਤੇ ਮੈਨੂੰ ਆਈ, ਉਹ ਇਹ ਸੀ ਕਿ ਮੈਂ 1992 ਵਿਚ ਆਈ.ਏ.ਐੱਸ ਸਿਲੈਕਟ ਹੋ ਚੁੱਕਿਆ ਸੀ ਪਰ ਆਈ.ਏ.ਐੱਸ. ਦੀ ਨੋਟੀਫਿਕੇਸ਼ਨ ਨਹੀਂ ਹੋਈ ਸੀ। ਨੋਟੀਫਿਕੇਸ਼ਨ ਦੀ ਚਿੱਠੀ ਪੰਜਾਬ ਸਰਕਾਰ ਨੇ ਭਾਰਤ ਸਰਕਾਰ ਨੂੰ ਭੇਜਣੀ ਹੁੰਦੀ ਹੈ। ਉਹ ਐਸਾ ਸਮਾਂ ਸੀ ਕਿ ਮੈਂ ਮਹਿਸੂਸ ਕੀਤਾ ਕਿ ਜਿਵੇਂ ਮੇਰਾ ਮਨ ਅਤੇ ਸਰੀਰ ਫੱਟ ਰਿਹਾ ਹੋਵੇ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਕੀ ਕਰਾਂ। ਸਰਕਾਰ ਨੇ ਚਾਰ ਹੋਰ ਅਫ਼ਸਰਾਂ ਦੀ ਚੋਣ ਕਰਵਾ ਕੇ 1993 ਵਿਚ ਉਹਨਾਂ ਦੀ ਨੋਟੀਫਿਕੇਸ਼ਨ ਕਰਵਾ ਦਿੱਤੀ ਅਤੇ ਮੇਰੇ ਨਾਂ ਉਤੇ ਸਦਾ ਲਈ ਪੋਚਾ ਮਾਰ ਦਿੱਤਾ। ਮੈਂ ਕੁਝ ਦਿਨ ਤਾਂ ਤਕਲੀਫ਼ ਮਹਿਸੂਸ ਕੀਤੀ ਪਰ ਫਿਰ ਮੈਨੂੰ ਅਹਿਸਾਸ ਹੋਣ ਲੱਗਾ ਕਿ ਰੱਬ ਜੀ ਨੇ ਮੇਰਾ ਭਲਾ ਹੀ ਕੀਤਾ ਹੈ। ਕੁਝ ਅਫ਼ਸਰਾਂ ਨੇ ਮੈਨੂੰ ਸਰਕਾਰ ਖਿਲਾਫ ਹਾਈਕੋਰਟ ਵਿਚ ਮੁਕੱਦਮਾ ਕਰਨ ਦੀ ਸਲਾਹ ਵੀ ਦਿੱਤੀ। ਮੇਰੇ ਨਾਲ ਧੱਕਾ ਤਾਂ ਹੋ ਹੀ ਰਿਹਾ ਸੀ ਪਰ ਨਾਲ ਹੀ ਮੈਨੂੰ ਲੱਗ ਰਿਹਾ ਸੀ ਕਿ ਰੱਬ ਨੇ ਮੇਰੀ ਦੁਚਿਤੀ ਦਾ ਇਲਾਜ ਵੀ ਕੀਤਾ ਹੈ। ਮੈਨੂੰ ਆਈ.ਏ.ਐੱਸ. ਨਾ ਹੋਣ ਦਾ ਇਹ ਲਾਭ ਹੋਇਆ ਕਿ ਬੱਚਿਆਂ ਦੀ ਪੜ੍ਹਾਈ ਅਤੇ ਤਰੱਕੀ ਜੋ ਹੋਈ, ਇਸੇ ਕਰਕੇ ਹੋਈ।

ਖੈਰ ਮੈਂ 15 ਅਗਸਤ 1993 ਤੋਂ ਪੰਜ ਸਾਲ ਦੀ ਛੁੱਟੀ ਲੈ ਕੇ ਅਮਰੀਕਾ ਜਾਣ ਦੀ ਤਿਆਰੀ ਕੀਤੀ। ਸਾਡੀ ਜ਼ਮੀਨ ਵਿਕ ਚੁੱਕੀ ਸੀ। ਸਾਡੇ ਘਰ ਦੇ ਸਾਹਮਣੇ ਮੇਰੇ ਹੀ ਮਹਿਕਮੇ ਦੇ ਇੰਸਪੈਕਟਰ ਐਨ.ਐੱਸ. ਵਾਲੀਆ ਰਹਿੰਦੇ ਸਨ, ਜਿਹਨਾਂ ਦੀ ਮੈਂ ਈ.ਟੀ.ਓ ਬਣਨ ਵਿਚ ਮੱਦਦ ਕੀਤੀ ਸੀ। ਮੈਂ ਉਹਨਾਂ ਨੂੰ ਘਰ ਦੀਆਂ ਚਾਬੀਆਂ ਦੇ ਕੇ ਅਮਰੀਕਾ ਚਲਾ ਗਿਆ। ਮੇਰੇ ਭਰਾਵਾਂ ਨੇ ਜੋ ਅਪਾਰਟਮੈਂਟ ਮੇਰੀ ਪਤਨੀ ਨੂੰ ਲੈ ਕੇ ਦਿੱਤਾ ਸੀ, ਅਸੀਂ ਉਸੇ ਵਿਚ ਹੀ ਰਹਿ ਰਹੇ ਸੀ। ਮੇਰਾ ਵੱਡਾ ਲੜਕਾ ਇਕ ਹਜ਼ਾਰ ਡਾਲਰ ਮਹੀਨਾ ਕਮਾ ਲੈਂਦਾ ਸੀ। ਮੇਰਾ ਛੋਟਾ ਲੜਕਾ ਜੋ ਰਸੀਨ ਸ਼ਹਿਰ ਵਿਚ ਪੜ੍ਹ ਰਿਹਾ ਸੀ, ਉਸ ਦੀ ਕੋਈ ਸਰਕਾਰੀ ਫ਼ੀਸ ਨਹੀਂ ਸੀ ਕਿਉਂਕਿ ਅਮਰੀਕਾ ਵਿਚ ਸਰਕਾਰੀ ਸਕੂਲ ਦੀ ਵਿੱਦਿਆ ਲਗਭਗ ਮੁਫ਼ਤ ਹੀ ਹੁੰਦੀ ਹੈ। ਸਾਡੇ ਕੋਲ ਉਸ ਵੇਲੇ ਵੀਹ ਹਜ਼ਾਰ ਡਾਲਰ ਸਨ, ਜਿਹਨਾਂ ਵਿਚੋਂ ਸੱਤ ਹਜ਼ਾਰ ਡਾਲਰ ਮੈਂ ਆਪਣੇ ਇਕ ਦੋਸਤ ਜੋ ਆਸਟ੍ਰੇਲੀਆ ਰਹਿੰਦਾ ਸੀ, ਤੋਂ ਉਧਾਰ ਲਏ ਸਨ। ਸਾਡਾ ਅਪਾਰਟਮੈਂਟ ਮਿਲਵਾਕੀ ਸ਼ਹਿਰ ਵਿਚ ਗੁਡ ਹੋਪ ਰੋਡ 'ਤੇ ਸੀ। ਇਥੇ ਇਕ ਸਮੱਸਿਆ ਇਹ ਸੀ ਕਿ ਇਥੇ ਅਪਰਾਧ ਬਹੁਤ ਸੀ। ਮੈਂ ਆਪਣੇ ਛੋਟੇ ਭਰਾ ਸਤਵੰਤ ਨੂੰ ਕਿਸੇ ਚੰਗੇ ਇਲਾਕੇ ਵਿਚ ਮਕਾਨ ਦਿਵਾਉਣ ਲਈ ਕਿਹਾ। ਉਸ ਨੇ ਸਾਨੂੰ ਮਿਲਵਾਕੀ ਸ਼ਹਿਰ ਦੇ ਏਅਰਪੋਰਟ ਕੋਲ ਇਕ ਅਪਾਰਟਮੈਂਟ ਕਿਰਾਏ ਤੇ ਲੈ ਦਿੱਤਾ। ਇਹ ਗੋਰਿਆਂ ਦਾ

ਇਲਾਕਾ ਸੀ ਅਤੇ ਇਥੇ ਸਾਫ ਸਫਾਈ ਬਹੁਤ ਸੀ। ਇਸ ਮਕਾਨ ਵਿਚ ਸਾਡਾ ਇਕ ਹਜ਼ਾਰ ਡਾਲਰ ਮਹੀਨਾ ਵਿਚ ਗੁਜ਼ਾਰਾ ਹੋ ਜਾਂਦਾ ਸੀ। 3 ਸਤੰਬਰ 1993 ਨੂੰ ਮੇਰੇ ਦੋਵੇਂ ਲੜਕੇ ਯੂਨੀਵਰਸਿਟੀ ਆਫ ਵਿਸਕਾਨਸਿਨ, ਮਿਲਵਾਕੀ ਜਾਣ ਲੱਗੇ। ਵੱਡੇ ਲੜਕੇ ਨੇ ਇੰਜੀਨੀਅਰਿੰਗ ਅਤੇ ਛੋਟੇ ਲੜਕੇ ਨੇ ਪ੍ਰੀ-ਮੈਡੀਕਲ ਵਿਚ ਦਾਖ਼ਲਾ ਲੈ ਲਿਆ। ਅਮਰੀਕਾ ਵਿਚ ਇੰਜੀਨੀਅਰਿੰਗ ਭਾਰਤ ਵਾਂਗ ਚਾਰ ਸਾਲ ਦੀ ਹੀ ਹੁੰਦੀ ਹੈ। ਪਰ ਜੇ ਕੋਈ ਵਿਦਿਆਰਥੀ ਥੋੜ੍ਹੇ ਘੱਟ ਸਮੇਂ ਵਿਚ ਕਰਨਾ ਚਾਹੇ ਤਾਂ ਉਹ ਵੀ ਕਰ ਸਕਦਾ ਹੈ। ਪ੍ਰੀ-ਮੈਡੀਕਲ ਸਕੂਲ ਦੀਆਂ ਬਾਰ੍ਹਾਂ ਕਲਾਸਾਂ ਤੋਂ ਬਾਅਦ ਅਤੇ ਐਮ.ਡੀ ਤੋਂ ਪਹਿਲਾਂ ਹੁੰਦੀ ਹੈ। ਪ੍ਰੀ-ਮੈਡੀਕਲ ਦੇ ਲਗਭਗ ਚਾਰ ਸਾਲ ਲੱਗਦੇ ਹਨ ਅਤੇ ਉਸ ਤੋਂ ਬਾਅਦ ਅਮਰੀਕਾ ਲੈਵਲ ਦਾ ਮੁਕਾਬਲਾ ਹੁੰਦਾ ਹੈ। ਜਿਥੇ ਵਿਦਿਆਰਥੀ ਦੀ ਮੈਚਿੰਗ ਹੁੰਦੀ ਹੈ, ਉਹ ਉਸ ਕਾਲਜ ਜਾਂ ਯੂਨੀਵਰਸਿਟੀ ਵਿਚ ਐਮ.ਡੀ. ਕਰ ਸਕਦਾ ਹੈ। ਅਸੀਂ ਨਵੇਂ ਦੇਸ਼ ਵਿਚ ਗਏ ਸੀ, ਮੈਂ ਦੋਹੇਂ ਬੱਚਿਆਂ ਨੂੰ ਗੰਭੀਰ ਹੋ ਕੇ ਪੜ੍ਹਨ ਲਈ ਕਿਹਾ। ਦੋਵੇਂ ਬੱਚੇ ਹੀ ਪੜ੍ਹਾਈ ਵਿਚ ਮਿਹਨਤੀ ਸਨ।

ਜੋ ਪੈਸਾ ਸਾਡੇ ਕੋਲ ਜਮ੍ਹਾਂ ਸੀ, ਉਸੇ ਨਾਲ ਸਾਡਾ ਗੁਜ਼ਾਰਾ ਹੋ ਰਿਹਾ ਸੀ। ਅਸੀਂ ਮਾਰਚ 1994 ਤੱਕ ਇਸੇ ਅਪਾਰਟਮੈਂਟ ਵਿਚ ਰਹੇ। ਸਾਡੇ ਸਮਾਜਿਕ ਸਬੰਧ ਕਾਫ਼ੀ ਚੰਗੇ ਸਨ। ਅਸੀਂ ਹਰ ਐਤਵਾਰ ਮਿਲਵਾਕੀ ਗੁਰਦੁਆਰਾ ਸਾਹਿਬ ਜਾਂਦੇ ਸੀ। ਉਥੇ ਸਾਡੀ ਕਈ ਲੋਕਾਂ ਨਾਲ ਜਾਣ-ਪਛਾਣ ਹੋਈ। ਮੇਰੇ ਭਰਾਵਾਂ ਜਾਂ ਦੋਸਤਾਂ ਦੇ ਘਰ ਕੋਈ ਵੀ ਸਮਾਗਮ ਜਾਂ ਫੰਕਸ਼ਨ ਹੁੰਦਾ ਤਾਂ ਅਸੀਂ ਉਹਨਾਂ ਦੇ ਸੱਦੇ ਤੇ ਜ਼ਰੂਰ ਸ਼ਾਮਿਲ ਹੁੰਦੇ ਸੀ। ਸਾਡਾ ਅਮਰੀਕਾ ਵਿਚ ਦਿਲ ਤਾਂ ਲੱਗ ਗਿਆ ਸੀ ਪਰ ਸਾਡੇ ਕੋਲ ਰੁਜ਼ਗਾਰ ਲਈ ਕੋਈ ਕਾਰੋਬਾਰ ਨਹੀਂ ਸੀ। ਕੁਝ ਮਹੀਨੇ ਤਾਂ ਮੈਂ ਆਪਣੇ ਭਰਾਵਾਂ ਦੇ ਮੂੰਹ ਵੱਲ ਤੱਕਦਾ ਰਿਹਾ, ਕਿ ਸ਼ਾਇਦ ਉਹ ਸਾਨੂੰ ਕੋਈ ਕਾਰੋਬਾਰ ਦੁਆ ਦੇਣਗੇ ਪਰ ਦਸੰਬਰ 1993 ਤੱਕ ਸਾਨੂੰ ਯਕੀਨ ਹੋ ਗਿਆ ਕਿ ਸਾਨੂੰ ਆਪ ਹੀ ਹਿੰਮਤ ਕਰਨੀ ਪੈਣੀ ਹੈ।

ਮਿਲਵਾਕੀ ਵਿਚ ਮੇਰੇ ਬਚਪਨ ਦਾ ਦੋਸਤ ਅਨੂਪਿੰਦਰ ਸਿੰਘ ਢਿੱਲੋਂ ਵੀ ਰਹਿੰਦਾ ਸੀ। ਇਹ 1972 ਵਿਚ ਹੀ ਅਮਰੀਕਾ ਆ ਗਿਆ ਸੀ ਅਤੇ ਹੁਣ ਤੱਕ ਛੋਟੀ ਮੋਟੀ ਨੌਕਰੀ ਹੀ ਕਰਦਾ ਸੀ। ਇਸ ਦੀ ਪਤਨੀ ਜਿਨੀ, ਜੋ ਕਿ ਇਕ ਗੋਰੀ ਸੀ, ਇਹ ਵੀ ਆਮ ਜਿਹੀ ਨੌਕਰੀ ਹੀ ਕਰਦੀ ਸੀ। ਖੈਰ ਅਸੀਂ ਇਕ ਹੋਰ ਭਾਰਤੀ ਮੂਲ ਦੇ ਵਿਅਕਤੀ ਸ. ਤਰਨਾਮ ਸਿੰਘ ਢਿੱਲੋਂ ਨਾਲ ਮਿਲ ਕੇ ਸਟਾਊਟਨ ਸ਼ਹਿਰ ਜੋ ਮੈਡੀਸਨ ਦੇ ਕੋਲ ਸੀ, ਇਕ ਦਰਮਿਆਨਾ ਜਿਹਾ ਕਾਰੋਬਾਰ (ਗੈਸ ਸਟੇਸ਼ਨ) ਲੈ ਲਿਆ। ਇਸ ਸ਼ਹਿਰ ਦੀ ਕੁੱਲ ਆਬਾਦੀ ਅੱਠ ਹਜ਼ਾਰ ਦੇ ਕਰੀਬ ਸੀ। ਇਸ ਕਾਰੋਬਾਰ ਦੀ ਵਿਕਰੀ ਕੋਈ ਜ਼ਿਆਦਾ ਨਹੀਂ ਸੀ ਪਰ ਅਸੀਂ ਕਿਸੇ ਵੀ ਤਰ੍ਹਾਂ ਕਿਸੇ ਨਾ ਕਿਸੇ ਵਪਾਰ ਵਿਚ ਪ੍ਰਵੇਸ਼ ਕਰਨਾ ਹੀ ਸੀ। ਵਪਾਰ ਲੈਣ ਵੇਲੇ ਸਾਡੇ ਕੋਲ ਵੀਹ ਹਜ਼ਾਰ ਤੋਂ ਘੱਟ ਕੇ ਬਾਰ੍ਹਾਂ ਹਜ਼ਾਰ ਪੰਜ ਸੌ ਡਾਲਰ ਹੀ ਰਹਿ ਗਏ। ਮੈਂ ਆਪਣੇ ਛੋਟੇ ਭਰਾ ਡਾ:ਜਗਜੀਤ ਸਿੰਘ ਜੋ ਸ਼ਿਕਾਗੋ ਵਿਚ ਰਹਿੰਦਾ ਸੀ, ਤੋਂ ਬਾਰ੍ਹਾਂ ਹਜ਼ਾਰ ਪੰਜ ਸੌ ਡਾਲਰ ਉਧਾਰ ਮੰਗੇ। ਅਸੀਂ

ਇਹ ਵਪਾਰ ਤਰਨਾਮ ਸਿੰਘ ਨਾਲ ਰਲ ਕੇ ਹਿੱਸੇਦਾਰੀ ਵਿਚ ਲਿਆ। ਦੋਹਾਂ ਹਿੱਸੇਦਾਰਾਂ ਨੇ ਵਪਾਰ ਵਿਚ ਅੱਧੇ ਅੱਧੇ ਪੈਸੇ ਪਾਉਣੇ ਸਨ। ਅਸੀਂ ਇਹ ਵਪਾਰ ਇਕ ਲੱਖ ਨੱਬੇ ਹਜ਼ਾਰ ਵਿਚ ਖ਼ਰੀਦ ਲਿਆ ਅਤੇ ਇਸ ਦੀ ਪਹਿਲੀ ਰਕਮ ਪੈਂਤੀ ਹਜ਼ਾਰ ਡਾਲਰ ਸੀ। ਸਤਾਰਾਂ ਸੌ ਡਾਲਰ ਪ੍ਰਤੀ ਮਹੀਨਾ ਇਸ ਦੀ ਕਿਸ਼ਤ ਤੈਅ ਹੋਈ। ਵਪਾਰ ਵਿਚ ਇਹ ਫੈਸਲਾ ਹੋਇਆ ਸੀ ਕਿ ਵਪਾਰ ਵਿਚ ਮੈਂ, ਮੇਰੀ ਪਤਨੀ ਅਤੇ ਦੋਹੇਂ ਬੱਚੇ ਕੰਮ ਕਰਨਗੇ ਅਤੇ ਇਸ ਕੰਮ ਦੇ ਅਸੀਂ ਬਾਰ੍ਹਾਂ ਸੌ ਡਾਲਰ ਪ੍ਰਤੀ ਮਹੀਨਾ ਲਵਾਂਗੇ। ਤਿੰਨ ਚਾਰ ਮਹੀਨੇ ਕਾਰੋਬਾਰ ਕਰ ਕੇ ਅਸੀਂ ਇਹ ਮਹਿਸੂਸ ਕੀਤਾ ਕਿ ਅਸੀਂ ਇਕੱਲੇ ਵੀ ਕਾਰੋਬਾਰ ਕਰ ਸਕਦੇ ਹਾਂ।

ਹੁਣ ਸਾਡੇ ਕੋਲ ਪਟਿਆਲੇ ਵਿਚ ਇਕ ਮਕਾਨ ਹੀ ਸੀ, ਜਿਸ ਨੂੰ ਵੇਚ ਕੇ ਪੈਸਾ ਆ ਸਕਦਾ ਸੀ। ਇਹ ਮਕਾਨ ਮੇਰੀ ਪਤਨੀ ਦੇ ਨਾਂ 'ਤੇ ਸੀ। ਮੈਂ ਆਪਣੀ ਪਤਨੀ ਤੋਂ ਪਾਵਰ ਆਫ ਅਟਾਰਨੀ ਲੈ ਕੇ ਜੂਨ 1994 ਪਟਿਆਲਾ ਆ ਗਿਆ ਅਤੇ ਦੋ ਮਹੀਨਿਆਂ ਵਿਚ ਮਕਾਨ ਵੇਚ ਕੇ ਅਗਸਤ ਵਿਚ ਵਾਪਸ ਅਮਰੀਕਾ ਚਲਾ ਗਿਆ। ਇਹਨਾਂ ਮਹੀਨਿਆਂ ਵਿਚ ਬੱਚਿਆਂ ਨੂੰ ਛੁੱਟੀਆਂ ਹੁੰਦੀਆਂ ਸਨ, ਉਹਨਾਂ ਨੇ ਪੂਰੀ ਤਨਦੇਹੀ ਅਤੇ ਮਿਹਨਤ ਨਾਲ ਕਾਰੋਬਾਰ ਕੀਤਾ। ਜੋ ਪੈਸਾ ਮਕਾਨ ਵੇਚ ਕੇ ਆਇਆ ਸੀ, ਮੈਂ ਉਸ ਵਿਚੋਂ ਸੱਤ ਹਜ਼ਾਰ ਆਪਣੇ ਆਸਟ੍ਰੇਲੀਆ ਵਾਲੇ ਦੋਸਤ ਨੂੰ ਵਿਆਜ ਸਮੇਤ ਮੋੜ ਦਿੱਤਾ। ਮੇਰਾ ਛੋਟਾ ਭਰਾ ਸ. ਸਤਵੰਤ ਸਿੰਘ ( ਜੋ 5 ਅਗਸਤ 2012 ਨੂੰ ਮਿਲਵਾਕੀ ਵਿਚ ਸ਼ਹੀਦ ਹੋਇਆ ਸੀ) ਨੇ ਮੈਨੂੰ 42 ਹਜ਼ਾਰ ਦਾ ਚੈੱਕ ਦੇ ਦਿੱਤਾ। ਸਤੰਬਰ 1994 ਵਿਚ ਸਾਨੂੰ ਸਟਾਊਟਨ ਵਾਲੇ ਕਾਰੋਬਾਰ ਦਾ ਇਕ ਠੇਕੇਦਾਰ ਮਿਲ ਗਿਆ, ਜਿਸ ਨੂੰ ਅਸੀਂ ਦੱਸ ਹਜ਼ਾਰ ਗੁਡਵਿਲ ਲੈ ਕੇ ਅਤੇ 3300 ਡਾਲਰ ਪ੍ਰਤੀ ਮਹੀਨਾ ਕਿਰਾਏ ਤੇ ਦੇ ਦਿੱਤਾ।

ਸਤੰਬਰ 1994 ਦੇ ਮੱਧ ਤੱਕ ਅਸੀਂ ਸਟਾਊਟਨ ਵਾਲੇ ਕਾਰੋਬਾਰ ਤੋਂ ਵਿਹਲੇ ਹੋ ਗਏ। ਇਸ ਵਪਾਰ ਦੀ ਇਨਵੈਂਟਰੀ ਸਾਡੀ ਸੀ, ਇਸ ਲਈ ਸਾਨੂੰ ਵੀਹ ਹਜ਼ਾਰ ਇਨਵੈਂਟਰੀ ਦਾ ਮਿਲ ਗਿਆ। ਇਸ ਵਪਾਰ ਵਿਚੋਂ ਸਾਨੂੰ ਜੋ ਪੈਸਾ ਮਿਲਿਆ, ਉਹ ਮੈਂ ਆਪਣੇ ਛੋਟੇ ਭਰਾ ਜਗਜੀਤ ਸਿੰਘ ਨੂੰ ਬਾਰ੍ਹਾਂ ਹਜ਼ਾਰ ਪੰਜ ਸੌ ਡਾਲਰ ਮੋੜ ਦਿੱਤਾ। ਹੁਣ ਸਾਡੇ ਕੋਲ 55 ਹਜ਼ਾਰ ਡਾਲਰ ਅਤੇ ਛੇ ਮਹੀਨਿਆਂ ਦਾ ਤਜ਼ਰਬਾ ਸੀ। ਅਸੀਂ ਮੈਡੀਸਨ ਸ਼ਹਿਰ ਵਿਚ ਵਪਾਰ ਦੇਖਣਾ ਸ਼ੁਰੂ ਕਰ ਦਿੱਤਾ।

ਮੈਡੀਸਨ ਦੀ ਇਕ ਬਹੁਤ ਵੱਡੀ ਕੰਪਨੀ ਸਟੋਪ ਐਂਡ ਗੋ ਨੇ ਦੋ ਕਾਰੋਬਾਰ ਵਿਕਰੀ ਤੇ ਲਾਏ ਹੋਏ ਸਨ। ਮੈਡੀਸਨ ਯੂਨੀਵਰਸਿਟੀ, ਵਿਸਕਾਨਸਿਨ ਸਟੇਟ ਦੀ ਅਵੱਲ ਯੂਨੀਵਰਸਿਟੀ ਹੈ। ਸਾਡੀ ਇੱਛਾ ਸੀ ਕਿ ਸਾਡੇ ਬੱਚੇ ਮੈਡੀਸਨ ਯੂਨੀਵਰਸਿਟੀ ਵਿਚ ਪੜ੍ਹਨ ਅਤੇ ਇਥੇ ਮਾਹੌਲ ਵੀ ਅਨੁਸ਼ਾਸਨ ਵਾਲਾ ਸੀ। ਮੈਡੀਸਨ ਸ਼ਹਿਰ ਦੀ ਆਬਾਦੀ ਤਕਰੀਬਨ ਦੋ ਲੱਖ ਸੀ। ਮੈਡੀਸਨ ਯੂਨੀਵਰਸਿਟੀ ਵਿਚ 42000 ਵਿਦਿਆਰਥੀ ਅਤੇ ਅੱਠ ਹਜ਼ਾਰ ਪ੍ਰੋਫੈਸਰ ਪੜ੍ਹਾਉਂਦੇ ਸਨ। 22 ਦਸੰਬਰ 1994 ਨੂੰ ਅਸੀਂ ਮੈਡੀਸਨ ਵਿਚ ਦੂਜਾ ਵਪਾਰ ਲੈ ਲਿਆ। ਇਹ ਵਪਾਰ ਅਤੇ ਇਮਾਰਤ ਸਾਨੂੰ

ਇਕ ਲੱਖ ਤੀਹ ਹਜ਼ਾਰ ਡਾਲਰ ਵਿਚ ਮਿਲ ਗਈ। ਇਸ ਵਪਾਰ ਨੂੰ ਖ਼ਰੀਦਣ ਲਈ ਅਸੀਂ 45 ਹਜ਼ਾਰ ਆਪਣਾ ਪਾਇਆ ਅਤੇ 90 ਹਜ਼ਾਰ ਦਾ ਲੋਨ ਕਰਵਾ ਲਿਆ।

1998 ਤੱਕ ਅਸੀਂ ਇਹ ਵਪਾਰ ਕਾਮਯਾਬੀ ਨਾਲ ਕੀਤਾ। ਇਹਨਾਂ ਚਾਰ ਸਾਲਾਂ ਵਿਚ ਮੇਰੇ ਛੋਟੇ ਲੜਕੇ ਗੁਰਜੀਤ ਨੇ ਦਸੰਬਰ 1997 ਨੂੰ ਪ੍ਰੀ-ਮੈਡੀਕਲ ਪਾਸ ਕਰ ਲਈ ਅਤੇ ਮਈ 1998 ਤੱਕ ਮੇਰੇ ਵੱਡੇ ਲੜਕੇ ਗੁਰਮੀਤ ਨੇ ਇਲੈਕਟ੍ਰਿਕਲ ਅਤੇ ਕੰਪਿਊਟਰ ਇੰਜੀਨੀਅਰਿੰਗ ਪਾਸ ਕਰ ਲਈ। ਦੋਵੇਂ ਬੱਚੇ ਪੜ੍ਹਾਈ ਦੇ ਨਾਲ ਵਪਾਰ ਵਿਚ ਵੀ ਸਾਡੀ ਮੱਦਦ ਕਰਦੇ ਸਨ। 1995 ਵਿਚ ਅਸੀਂ ਮੈਡੀਸਨ ਸ਼ਹਿਰ ਮਕਾਨ ਵੀ ਲੈ ਲਿਆ, ਜੋ 2001 ਵਿਚ ਵੇਚ ਦਿੱਤਾ ਸੀ। ਅਸੀਂ ਮੈਡੀਸਨ ਵਾਲੇ ਵਪਾਰ ਨੂੰ ਵੀ ਕਿਸੇ ਠੇਕੇਦਾਰ ਨੂੰ ਦੇਣ ਬਾਰੇ ਗੱਲ ਕਰ ਲਈ। ਦੋਹਾਂ ਬੱਚਿਆਂ ਨੂੰ ਲੱਗਿਆ ਕਿ ਸਿਰਫ਼ ਕਿਰਾਏ ਦੀ ਆਮਦਨ ਨਾਲ ਕੁਝ ਨਹੀਂ ਬਣਨਾ ਕਿਉਂਕਿ ਮੈਡੀਸਨ ਵਾਲੇ ਘਰ ਦੀ ਮਹੀਨਾਵਾਰ ਕਿਸ਼ਤ ਵੀ ਤੇਰਾਂ ਸੌ ਡਾਲਰ ਸੀ। ਗੁਰਜੀਤ ਕਹਿਣ ਲੱਗਾ,“ ਪਿਤਾ ਜੀ ਤੁਹਾਨੂੰ ਬਹੁਤ ਤਜ਼ਰਬਾ ਹੈ, ਕੋਈ ਹੋਰ ਕਾਰੋਬਾਰ ਲੈ ਦਿਉ।” ਫਰਵਰੀ ਮੱਧ ਵਿਚ ਸਾਡੇ ਲਈ ਇਕ ਹੋਰ ਮੌਕਾ ਆਇਆ। ਐਪਲਟਨ ਸ਼ਹਿਰ ਵਿਚ ਇਕ ਗੈਸ ਸਟੇਸ਼ਨ ਵਿਕਰੀ ‘ਤੇ ਲੱਗਾ। ਐਪਲਟਨ ਸ਼ਹਿਰ, ਮੈਡੀਸਨ ਤੋਂ ਸੌ ਮੀਲ ਦੂਰ ਸੀ। ਇਸ ਵਪਾਰ ਦਾ ਵਿਕੇਰਤਾ ਡੇਲ, ਦੋ ਲੱਖ ਸਤਵੰਜਾ ਹਜ਼ਾਰ ਡਾਲਰ ਮੰਗਦਾ ਸੀ। ਸਾਨੂੰ ਇਸ ਵਪਾਰ ਦੀ ਵਿਕਰੀ ਠੀਕ ਲੱਗੀ। ਢਾਈ ਲੱਖ ਡਾਲਰ ਵਿਚ ਇਹ ਸੌਦਾ ਤੈਅ ਹੋ ਗਿਆ। ਸਾਡਾ ਮੈਡੀਸਨ ਵਾਲਾ ਕਾਰੋਬਾਰ ਇਕ ਦੇਸੀ ਓਪਰੇਟਰ ਸ. ਟਹਿਲ ਸਿੰਘ ਨੂੰ ਕਿਰਾਏ ਤੇ ਦੇ ਦਿੱਤਾ ਅਤੇ ਅਸੀਂ ਮੈਡੀਸਨ ਸ਼ਹਿਰ ਤੋਂ ਵਿਹਲੇ ਹੋ ਗਏ।

ਇਕ ਅਪ੍ਰੈਲ 1998 ਨੂੰ ਮੈਂ ਤੇ ਮੇਰੀ ਪਤਨੀ ਐਪਲਟਨ ਵਿਖੇ ਵਪਾਰ ਕਰਨ ਲਈ ਪਹੁੰਚ ਗਏ ਅਤੇ ਦੋਵੇਂ ਬੱਚੇ ਅਜੇ ਮੈਡੀਸਨ ਸ਼ਹਿਰ ਵਿਚ ਹੀ ਸਨ। ਇਹ ਗੈਸ ਸਟੇਸ਼ਨ ਦਰਮਿਆਨੇ ਦਰਜੇ ਦਾ ਸੀ ਪਰ ਸਾਡੇ ਲਈ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਵਪਾਰ ਸੀ। ਇਸ ਵਪਾਰ ਨਾਲ ਸਾਡੀ ਆਰਥਿਕ ਸਥਿਤੀ ਕਾਫ਼ੀ ਮਜ਼ਬੂਤ ਹੋਈ। ਪਟਿਆਲੇ ਦੁਬਾਰਾ ਮਕਾਨ ਬਣਾਉਣ ਵਿਚ ਇਸ ਵਪਾਰ ਤੋਂ ਸਾਨੂੰ ਕਾਫ਼ੀ ਸਹਾਇਤਾ ਮਿਲੀ। 17 ਮਈ 1998 ਨੂੰ ਮੇਰਾ ਵੱਡਾ ਲੜਕਾ ਆਪਣੀ ਪੜ੍ਹਾਈ ਪੂਰੀ ਕਰਕੇ ਸਾਡੇ ਕੋਲ ਐਪਲਟਨ ਸ਼ਹਿਰ ਆ ਗਿਆ। ਅਸੀਂ ਦੋਹੇਂ ਪਤੀ ਪਤਨੀ ਇਹ ਸੋਚਦੇ ਸੀ ਕਿ ਸਾਡਾ ਵੱਡਾ ਲੜਕਾ ਆਪਣੀ ਵਿੱਦਿਆ ਦੇ ਅਨੁਕੂਲ ਹੀ ਕੋਈ ਵਪਾਰ ਕਰੇਗਾ। ਇਕ ਦਿਨ ਗੁਰਮੀਤ ਨੇ ਸਾਡੇ ਤੋਂ ਪੁੱਛਿਆ ਕਿ ਜੇ ਉਹ ਇਹੀ ਵਪਾਰ ਕਰ ਲਵੇ ਜੋ ਕਿ ਅਸੀਂ ਕਰ ਰਹੇ ਸੀ। ਮੈਂ ਕਿਹਾ,“ ਕਾਕਾ ਸਾਨੂੰ ਕੋਈ ਸਮੱਸਿਆ ਨਹੀਂ ਹੈ।” ਬਲਕਿ ਸਾਨੂੰ ਖੁਸ਼ੀ ਹੈ ਕਿ ਤੁਸੀਂ ਇਹ ਕਾਰੋਬਾਰ ਸੰਭਾਲ ਲਵੋਂਗੇ। ਇਹ ਵਪਾਰ ਖ਼ਰੀਦਣ ਲਈ ਅਸੀਂ ਰਿਸ਼ਤੇਦਾਰਾਂ ਤੋਂ ਪੰਜਾਹ ਹਜ਼ਾਰ ਡਾਲਰ ਉਧਾਰ ਲਿਆ ਸੀ। ਮੇਰੀ ਅਤੇ ਮੇਰੀ ਪਤਨੀ ਦੀ ਛੁੱਟੀ ਜੁਲਾਈ 1998 ਨੂੰ ਖਤਮ ਹੋਣੀ ਸੀ। ਅਸੀਂ 10 ਜੂਨ 1998 ਨੂੰ ਭਾਰਤ ਵਾਪਸ ਆ ਗਏ ਤੇ ਗੁਰਮੀਤ ਨੂੰ ਸਮਝਾਇਆ ਕਿ ਆਪਣੇ ਸਿਰ ਤੇ ਬਹੁਤ ਕਰਜ਼ਾ ਹੈ, ਜ਼ਿੰਮੇਵਾਰੀ ਨਾਲ ਕੰਮ ਕਰਨਾ ਹੈ। ਜਦੋਂ ਅਸੀਂ ਪੂਰੇ ਇਕ ਸਾਲ ਬਾਅਦ

ਦੁਬਾਰਾ ਅਮਰੀਕਾ ਗਏ, ਸਾਨੂੰ ਉਸ ਸਮੇਂ ਇਤਨੀ ਖੁਸ਼ੀ ਹੋਈ ਜਦੋਂ ਗੁਆਂਢ ਦੇ ਲੋਕਾਂ ਨੇ ਗੁਰਮੀਤ ਦੀ ਤਾਰੀਫ਼ ਕੀਤੀ। ਗੁਰਮੀਤ ਨੇ ਛੇ-ਸੱਤ ਮਹੀਨਿਆਂ ਵਿਚ ਰਿਸ਼ਤੇਦਾਰਾਂ ਦਾ ਪੰਜਾਹ ਹਜ਼ਾਰ ਡਾਲਰ ਦਾ ਕਰਜ਼ਾ ਉਤਾਰ ਦਿੱਤਾ ਸੀ।

ਜਦੋਂ 1993 ਵਿਚ ਮੈਂ ਛੁੱਟੀ ਲੈ ਕੇ ਅਮਰੀਕਾ ਗਿਆ ਸੀ ਤਾਂ ਉਸ ਵੇਲੇ ਮੈਂ ਡਿਪਟੀ ਆਬਕਾਰੀ ਤੇ ਕਰ ਕਮਿਸ਼ਨਰ, ਪਟਿਆਲਾ ਡਵੀਜ਼ਨ ਸੀ। ਜਦੋਂ ਮੈਂ ਦੁਬਾਰਾ ਜਾਇਨ ਕੀਤਾ ਤਾਂ ਮਹਿਕਮੇ ਨੇ ਮੈਨੂੰ ਡਿਪਟੀ ਆਬਕਾਰੀ ਅਤੇ ਕਰ ਕਮਿਸ਼ਨਰ ਅਪੀਲਜ਼, ਪਟਿਆਲਾ ਲਗਾ ਦਿੱਤਾ। ਇਕ ਮਹੀਨੇ ਬਾਅਦ ਸਾਡਾ ਮਿਲਟਰੀ ਸਿਨਿਓਰਟੀ ਦਾ ਕੇਸ ਜੋ ਕਿ ਸੁਪਰੀਮ ਕੋਰਟ ਵਿਚ ਚਲਦਾ ਸੀ, ਮੈਂ ਉਹ ਜਿੱਤ ਗਿਆ। ਮੈਂ ਪ੍ਰਮੋਟ ਹੋ ਕੇ ਐਡੀਸ਼ਨਲ ਕਮਿਸ਼ਨਰ ਬਣ ਗਿਆ ਅਤੇ 2001 ਵਿਚ ਰਿਟਾਇਰ ਹੋ ਗਿਆ। ਪਟਿਆਲੇ ਸਾਡੇ ਕੋਲ ਕੋਈ ਮਕਾਨ ਨਹੀਂ ਸੀ, ਅਸੀਂ ਦੋਵੇਂ 2000 ਤੱਕ ਮੇਰੇ ਸਹੁਰੇ ਪਰਿਵਾਰ ਕੋਲ ਹੀ ਰਹੇ। ਡੇਢ ਸਾਲ ਉਥੇ ਰਹਿਣ ਤੋਂ ਬਾਅਦ ਅਸੀਂ ਆਪਣਾ ਮਕਾਨ ਬਣਾ ਲਿਆ।

ਮੇਰੇ ਛੋਟੇ ਲੜਕੇ ਗੁਰਜੀਤ ਨੇ ਇਕ ਸਾਲ ਹਸਪਤਾਲਾਂ ਵਿਚ ਸੇਵਾ ਕੀਤੀ ਅਤੇ ਨਾਲ ਹੀ ਵਪਾਰ ਵਿਚ ਵੀ ਮੱਦਦ ਕੀਤੀ। 1999 ਵਿਚ ਉਸ ਨੂੰ ਕੈਨੇਡਾ ਵਿਚ ਨਿਊ ਫਾਊਂਡਲੈਂਡ ਵਿਖੇ ਐੱਮ.ਡੀ. ਵਿਚ ਦਾਖ਼ਲਾ ਮਿਲ ਗਿਆ। 2003 ਉਸ ਨੇ ਐੱਮ.ਡੀ. ਸੰਪੂਰਨ ਕਰ ਲਈ ਅਤੇ ਉਹ ਅਮਰੀਕਾ ਵਾਪਸ ਆ ਗਿਆ। 2008 ਵਿਚ ਉਸ ਨੇ ਯੂਨੀਵਰਸਿਟੀ ਆਫ ਨੋਰਥ ਕੈਰੋਲੀਨਾ, ਗਰੀਨਵਿਲ ਤੋਂ ਜਨਰਲ ਸਰਜਰੀ ਦੀ ਰੈਜ਼ੀਡੈਂਸੀ ਕੀਤੀ ਅਤੇ 2009 ਵਿਚ ਉਸ ਨੇ ਬਿਰਆਟ੍ਰਿਕ ਸਰਜਰੀ ਦੀ ਫੈਲੋਸ਼ਿਪ ਕੀਤੀ। 2011 ਵਿਚ ਉਸ ਨੇ ਆਪਣੀ ਵੈਸਕੂਲਰ ਸਰਜਰੀ ਦੀ ਫੈਲੋਸ਼ਿਪ ਕੇਸ ਵੈਸਟਰਨ ਯੂਨੀਵਰਸਿਟੀ, ਕਲੀਵਲੈਂਡ, ਓਹਾਇਓ ਤੋਂ ਸੰਪੂਰਨ ਕੀਤੀ। ਉਸ ਤੋਂ ਬਾਅਦ ਉਹ ਲਗਾਤਾਰ ਹਸਪਤਾਲਾਂ ਵਿਚ ਨੌਕਰੀ ਕਰ ਰਿਹਾ ਹੈ। ਹੁਣ ਉਹ ਓਸ਼ਕੋਸ਼ ਸ਼ਹਿਰ ਵਿਚ ਅਰੋਰਾ ਹਸਪਤਾਲ ਵਿਚ ਵੈਸਕੂਲਰ ਸਰਜਰੀ ਦੀ ਪ੍ਰੈਕਟਿਸ ਕਰ ਰਿਹਾ ਹੈ।

**ਬੱਚਿਆਂ ਦੇ ਵਿਆਹ**

7 ਅਕਤੂਬਰ 1992 ਨੂੰ ਅਮਰੀਕਾ ਜਾਣ ਲੱਗਿਆਂ ਮੈਂ ਦੋਹਾਂ ਲੜਕਿਆਂ ਨੂੰ ਸਮਝਾਇਆ ਸੀ ਕਿ ਤੁਸੀਂ ਕੁਝ ਸਾਲ ਸੰਜਮ ਨਾਲ ਬਤੀਤ ਕਰ ਲਓ। ਸਮੇਂ ਸਿਰ ਤੁਹਾਡੇ ਲਈ ਲੜਕੀਆਂ ਲੱਭ ਕੇ ਤੁਹਾਡੇ ਵਿਆਹ ਕਰਾ ਦਿਆਂਗੇ। ਵੱਡੇ ਲੜਕੇ ਨੇ 1998 ਵਿਚ ਪੜ੍ਹਾਈ ਖਤਮ ਕਰ ਲਈ, ਉਸ ਵੇਲੇ ਉਸ ਦੀ ਉਮਰ ਪੱਚੀ ਸਾਲ ਦੀ ਸੀ। ਅਸੀਂ ਭਾਰਤ ਆਉਂਦਿਆਂ ਹੀ ਅਖਬਾਰ ਵਿਚ ਉਸ ਦੇ ਵਿਆਹ ਸਬੰਧੀ ਇਸ਼ਤਿਹਾਰ ਦੇ ਦਿੱਤਾ ਅਤੇ 1999 ਵਿਚ ਉਸ ਦੀ ਮੰਗਣੀ ਉਸ ਦੀ ਪਸੰਦ ਅਨੁਸਾਰ ਡਾਕਟਰ ਲੜਕੀ ਨਾਲ ਕਰ ਦਿੱਤੀ। ਅਪ੍ਰੈਲ 2000 ਵਿਚ ਗੁਰਮੀਤ ਦਾ ਵਿਆਹ ਆਪਣੇ ਨਵੇਂ ਬਣਾਏ ਪਟਿਆਲੇ ਦੇ ਮਕਾਨ ਵਿਚ ਕੀਤਾ। ਉਸੇ ਸਾਲ ਹੀ ਅਸੀਂ ਛੋਟੇ ਲੜਕੇ ਲਈ ਅਖਬਾਰ ਵਿਚ ਇਸ਼ਤਿਹਾਰ ਦੇ ਦਿੱਤਾ। ਉਸ ਦੀ ਪ੍ਰਮੁੱਖਤਾ ਲੜਕੀ ਦੀ

ਸੁੰਦਰਤਾ ਸੀ। ਜੂਨ 2003 ਵਿਚ ਉਸ ਦਾ ਵਿਆਹ ਕਰ ਦਿੱਤਾ। ਦੋਵੇਂ ਬੱਚੇ ਆਪਣੀਆਂ ਪਤਨੀਆਂ ਨਾਲ ਖੁਸ਼ੀ ਖੁਸ਼ੀ ਜੀਵਨ ਬਤੀਤ ਕਰ ਰਹੇ ਹਨ ਅਤੇ ਦੋਹਾਂ ਲੜਕਿਆਂ ਦੇ ਦੋ ਦੋ ਬੱਚੇ ਹਨ।

2002 ਵਿਚ ਗੁਰਮੀਤ ਨੇ ਐਪਲਟਨ ਵਾਲਾ ਵਪਾਰ ਕਿਰਾਏ ਤੇ ਦੇ ਕੇ ਫੰਡੂਲਾਕ ਨਵਾਂ ਵਪਾਰ ਖ਼ਰੀਦ ਲਿਆ। ਇੰਨੇ ਵਿਚ 9/11 ਦੀ ਘਟਨਾ ਵਾਪਰ ਗਈ, ਜਿਸ ਵਿਚ ਮੁਸਲਮਾਨ ਅੱਤਵਾਦੀਆਂ ਵੱਲੋਂ ਨਿਊ ਯਾਰਕ, ਅਮਰੀਕਾ ਦੀਆਂ ਦੋ ਵੱਡੀਆਂ ਇਮਾਰਤਾਂ ਹਵਾਈ ਜਹਾਜ਼ ਨਾਲ ਉਡਾ ਦਿੱਤੀਆਂ ਸਨ। ਪੂਰੇ ਅਮਰੀਕਾ ਵਿਚ ਮੁਸਲਮਾਨਾਂ ਪ੍ਰਤੀ ਨਫ਼ਰਤ ਦੀ ਭਾਵਨਾ ਪੈਦਾ ਹੋ ਗਈ। ਵੱਡੀ ਗਿਣਤੀ ਵਿਚ ਸਿੱਖ ਵੀ ਇਸ ਨਫਰਤ ਦਾ ਸ਼ਿਕਾਰ ਹੋਏ। ਸਿੱਖ ਵੀ ਪੱਗਾਂ ਬੰਨ੍ਹਦੇ ਹਨ, ਇਸ ਲਈ ਅਗਿਆਨਤਾ ਕਰਕੇ ਲੋਕ ਸਿੱਖਾਂ ਨੂੰ ਮੁਸਲਮਾਨ ਸਮਝਦੇ ਸਨ।

ਅਗਸਤ-ਸਤੰਬਰ 2001 ਵਿਚ ਪਟਿਆਲੇ ਮਹਾਰਾਣੀ ਕਲੱਬ ਦੀਆਂ ਚੋਣਾ ਹੋਣੀਆਂ ਸਨ। ਮੈਂ ਕਲੱਬ ਵਿਚ ਬਹੁਤ ਦਿਲਚਸਪੀ ਲੈਂਦਾ ਸੀ। ਕੁਝ ਦੋਸਤਾਂ ਨੇ ਮੇਰਾ ਨਾਂ ਪ੍ਰਧਾਨਗੀ ਲਈ ਪ੍ਰਸਤਾਵ ਕਰ ਦਿੱਤਾ ਅਤੇ ਮੈਨੂੰ ਚੋਣ ਲੜਨ ਲਈ ਮਨਾ ਲਿਆ। ਸਤੰਬਰ 2001 ਵਿਚ ਕਲੱਬ ਦੀਆਂ ਚੋਣਾਂ ਹੋਈਆਂ। ਮੈਨੂੰ ਸਤਾਰਾਂ ਸੌ ਵਿਚੋਂ ਇਕ ਹਜ਼ਾਰ ਚਾਰ ਵੋਟਾਂ ਮਿਲੀਆਂ।

9/11 ਕਰਕੇ ਸਿੱਖਾਂ ਪ੍ਰਤੀ ਨਫਰਤ ਵੱਧ ਰਹੀ ਸੀ ਕਿਉਂਕਿ ਅਗਿਆਨਤਾ ਕਰਕੇ ਲੋਕ ਸਿੱਖਾਂ ਨੂੰ ਪੱਗ ਕਰਕੇ ਮੁਸਲਮਾਨ ਸਮਝਦੇ ਸੀ। ਹਰ ਮੋੜ ਤੇ ਚੈਕਿੰਗ ਹੋ ਰਹੀ ਸੀ। ਗੁਰਮੀਤ ਨੇ ਸਾਨੂੰ ਇਸ ਤਕਲੀਫ ਬਾਰੇ ਦੱਸਿਆ। ਮੈਂ ਜਨਵਰੀ 2001 ਵਿਚ ਰਿਟਾਇਰ ਹੋ ਗਿਆ ਸੀ। ਮੇਰੀ ਪਤਨੀ ਨੇ 2002 ਵਿਚ ਸਮੇਂ ਤੋਂ ਪਹਿਲਾਂ ਹੀ ਰਿਟਾਇਰਮੈਂਟ ਲੈ ਲਈ ਸੀ ਅਤੇ ਅਸੀਂ ਦੁਬਾਰਾ 15 ਅਪ੍ਰੈਲ 2002 ਨੂੰ ਅਮਰੀਕਾ ਪਹੁੰਚ ਗਏ। ਫੰਡੂਲਾਕ ਦਾ ਵਪਾਰ ਬਹੁਤ ਵਧੀਆ ਗੈਸ ਸਟੇਸ਼ਨ ਸੀ। ਇਸ ਵਿਚ ਕਾਰ ਵਾਸ਼ ਆਦਿ ਦੀ ਸਹੂਲਤ ਸੀ। ਇਸ ਦੀ ਦਿੱਖ ਵੀ ਬਹੁਤ ਸੁੰਦਰ ਸੀ। ਅਸੀਂ ਇਹ ਵਪਾਰ 3,62,000 ਹਜ਼ਾਰ ਦਾ ਖਰੀਦਿਆ ਸੀ ਅਤੇ 4,90,000 ਡਾਲਰ ਵਿਚ ਇਸ਼ਤਿਹਾਰ ਰਾਹੀਂ ਵੇਚ ਦਿੱਤਾ ਸੀ। ਅਸੀਂ ਇਸ ਵਪਾਰ ਦੇ ਖ਼ਰੀਦਦਾਰ ਨੂੰ ਲੋਨ ਦਿਵਾਉਣ ਵਿਚ ਵੀ ਮੱਦਦ ਕੀਤੀ।

1 ਅਪ੍ਰੈਲ 2003 ਨੂੰ ਅਸੀਂ ਬਹੁਤ ਵੱਡਾ ਵਪਾਰ ਲਿਆ, ਜੋ ਉਸ਼ਕੋਸ਼ ਸ਼ਹਿਰ ਵਿਚ ਸੀ। ਇਹ ਵਪਾਰ ਦਸ ਏਕੜ ਵਿਚ ਫੈਲਿਆ ਹੋਇਆ ਸੀ। ਇਸ ਵਿਚ ਲਗਭਗ 100 ਤੋਂ ਵੱਧ ਟਰੱਕ ਅਤੇ ਕਾਰਾਂ ਖੜ੍ਹੀਆਂ ਕਰਨ ਦੀ ਪਾਰਕਿੰਗ ਬਣੀ ਹੋਈ ਸੀ। ਇਸ ਵਿਚ 5000 ਸਕੇਅਰ ਫੁੱਟ ਦਾ ਸਟੋਰ ਸੀ ਜਿਸ ਵਿਚ ਤਕਰੀਬਨ 2000 ਫੁੱਟ ਦਾ ਰੈਸਟੋਰੈਂਟ ਵੀ ਸੀ। ਇਸ ਵਪਾਰ ਲਈ ਸਾਨੂੰ ਕਾਫ਼ੀ ਕਰਜ਼ਾ ਲੈਣਾ ਪਿਆ, ਜੋ ਸਾਡੇ ਇਕ ਬੈਂਕ ਅਫ਼ਸਰ ਮਿੱਤਰ ਮਾਰਕ ਸਟਰ ਨੇ ਦਿਵਾਉਣ ਵਿਚ ਮੱਦਦ ਕੀਤੀ ਸੀ। 2002 ਵਿਚ ਇਸ ਵਪਾਰ ਦਾ ਕੁੱਲ ਲਾਭ 5,32,000 ਸੀ। ਅਸੀਂ ਸਿਰਫ਼ ਇਸ ਦਾ ਮੁਨਾਫਾ ਹੀ ਨਹੀਂ ਵਧਾਇਆ ਸਗੋਂ ਤਨਖਾਹ ਦਾ ਖ਼ਰਚਾ ਵੀ ਘੱਟ ਕੀਤਾ।

ਇਸ ਵਪਾਰ ਨਾਲ ਸਾਡੀ ਸਮਾਜਿਕ ਸਥਿਤੀ ਕਾਫ਼ੀ ਮਜ਼ਬੂਤ ਹੋ ਗਈ ਅਤੇ ਲੋਕ ਸਾਨੂੰ ਵੱਡੇ ਵਪਾਰੀ ਸਮਝਣ ਲੱਗੇ ਸਨ।

2004 ਵਿਚ ਸਾਡਾ ਮੈਡੀਸਨ ਦਾ ਵਪਾਰ ਜੋ ਅਸੀਂ 1,30,000 ਵਿਚ ਲਿਆ ਸੀ, 1,86,000 ਵਿਚ ਵੇਚ ਦਿੱਤਾ। ਸਾਨੂੰ ਇਸ ਵਪਾਰ ਵਿਚੋਂ ਲਗਭਗ ਇਕ ਲੱਖ ਡਾਲਰ ਬਚਿਆ ਸੀ। ਹੁਣ ਸਾਨੂੰ ਇਕ ਅੱਛੇ ਮਕਾਨ ਦੀ ਜ਼ਰੂਰਤ ਸੀ। 2005 ਵਿਚ ਅਸੀਂ ਟਰੱਕ ਸਟਾਪ ਦੇ ਨੇੜੇ ਹੀ 11 ਏਕੜ ਵਿਚ ਫੈਲਿਆ ਹੋਇਆ ਬਹੁਤ ਵਧੀਆ ਮਕਾਨ ਖ਼ਰੀਦ ਲਿਆ ਜੋ ਸਾਨੂੰ ਤਕਰੀਬਨ ਪੰਜ ਲੱਖ ਡਾਲਰ ਵਿਚ ਮਿਲ ਗਿਆ ਸੀ। 2005 ਵਿਚ ਇਸ ਮਕਾਨ ਤੋਂ ਇਲਾਵਾ ਅਸੀਂ ਤਿੰਨ ਵਪਾਰ ਹੋਰ ਖ਼ਰੀਦੇ।

ਇਸ ਤਰ੍ਹਾਂ ਇਹ ਸਾਰੀ ਤਰੱਕੀ ਵਿਚ ਅਸੀਂ ਤਿੰਨ ਚੀਜ਼ਾਂ ਦਾ ਲੜ ਕਦੇ ਨਹੀਂ ਛੱਡਿਆ। ਪਹਿਲਾ ਮਿਹਨਤ ਦੂਜਾ ਇਮਾਨਦਾਰੀ। ਅਸੀਂ ਸਾਰੇ ਟੈਕਸ ਸਮੇਂ ਸਿਰ ਅਦਾ ਕਰਦੇ ਸੀ ਅਤੇ ਕਦੇ ਵੀ ਇਕ ਪੈਸੇ ਦੀ ਚੋਰੀ ਨਹੀਂ ਕੀਤੀ। ਜੋ ਵੀ ਵਪਾਰ ਖਰੀਦਿਆ ਜਾਂ ਵੇਚਿਆ ਉਸ ਦੀ ਪੂਰੀ ਕੀਮਤ ਦਿਖਾਈ। ਤੀਜਾ ਅਸੀਂ ਰੱਬ ਦਾ ਪੱਲਾ ਕਦੇ ਨਹੀਂ ਛੱਡਿਆ। ਗੁਰੂ ਗ੍ਰੰਥ ਸਾਹਿਬ ਜਿਸ ਨੂੰ ਅਸੀਂ ਸਰਵ-ਸ਼ਕਤੀਮਾਨ ਮੰਨਦੇ ਹਾਂ, ਨੂੰ 1992 ਵਿਚ ਅਮਰੀਕਾ ਜਾਂਦੇ ਹੋਏ ਆਪਣੇ ਨਾਲ ਹੀ ਲੈ ਗਏ ਸੀ। ਅਸੀਂ ਸਵੇਰੇ ਸ਼ਾਮ ਪਾਠ ਅਤੇ ਅਰਦਾਸ ਕਰਦੇ। ਰੱਬ ਅਤੇ ਗੁਰੂ ਦੀ ਕ੍ਰਿਪਾ ਨਾਲ ਸਾਡਾ ਪੂਰਾ ਵਿਸ਼ਵਾਸ ਬਣਿਆ ਰਿਹਾ। ਸਾਡੇ ਦੋਹੇਂ ਬੱਚਿਆਂ ਨੇ ਸਿੱਖੀ ਦੀ ਰਹਿਤ ਮਰਯਾਦਾ ਨਿਭਾਈ। ਅਸੀਂ ਦੁੱਖ ਵਿਚ ਕਦੇ ਨਹੀਂ ਡੋਲੇ ਅਤੇ ਸੁੱਖ ਵਿਚ ਵੀ ਰੱਬ ਦਾ ਸ਼ੁਕਰਾਨਾ ਹੀ ਕੀਤਾ। 2007 ਵਿਚ ਮੈਂ ਅਮਰੀਕਾ ਵਪਾਰ ਤੋਂ ਰਿਟਾਇਰ ਹੋ ਗਿਆ ਅਤੇ ਮੇਰੀ ਜ਼ਿਆਦਾ ਤਵੱਜੋਂ ਗੁਰੂ ਵੱਲ ਵੱਧ ਗਈ। 2006 ਵਿਚ ਮੈਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ। 2008 ਵਿਚ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ। 2008 ਵਿਚ ਮੈਂ ਭਾਰਤ ਆ ਕੇ ਐੱਮ.ਏ. ਦਾ ਇਮਤਿਹਾਨ ਦਿੱਤਾ। 2010 ਵਿਚ ਮੈਂ ਐੱਮ.ਏ. ਡਿਵਨਿਟੀ ਖਤਮ ਕਰ ਲਈ ਅਤੇ 2013 ਵਿਚ ਐੱਮ.ਏ. ਸਿੱਖ ਸਟੱਡੀਜ਼ ਕੀਤੀ।

ਅਮਰੀਕਾ ਰਹਿੰਦਿਆਂ ਸਾਡੇ ਬੱਚੇ ਗੁਰਸਿੱਖੀ ਜੀਵਨ ਬਤੀਤ ਕਰਨ ਤੋਂ ਇਲਾਵਾ ਅੱਛੇ ਵਿਦਿਆਰਥੀ ਵੀ ਸਨ। ਇਹਨਾਂ ਦਾ ਇਖਲਾਕੀ ਜੀਵਨ ਬਹੁਤ ਉੱਚਾ-ਸੁੱਚਾ ਸੀ। ਇਕ ਵਾਰ 1996 ਵਿਚ ਗੁਰਦੁਆਰਾ ਸਾਹਿਬ ਵਿਖੇ ਦੋ ਤਿੰਨ ਵਿਅਕਤੀ ਆਪਸ ਵਿਚ ਗੱਲਾਂ ਕਰਦੇ ਕਰਦੇ ਉਲਝ ਪਏ। ਇਕ ਵਿਅਕਤੀ ਡਾਕਟਰ ਗੁਰਵਤਨ ਸਿੰਘ ਮੀਰਾਂਪੁਰੀ, ਮੇਰੇ ਲੜਕੇ ਗੁਰਮੀਤ ਨੂੰ ਕਹਿਣ ਲੱਗੇ,“ ਕਾਕਾ ਕੁਝ ਤੂੰ ਵੀ ਤਾਂ ਬੋਲ।” ਗੁਰਮੀਤ ਕਹਿਣ ਲੱਗਾ,“ ਅੰਕਲ ਜੇ ਤੁਸੀਂ ਸਿਆਣੇ ਆਪਸ ਵਿਚ ਗੱਲ ਕਰ ਰਹੇ ਹੋ ਤਾਂ ਮੈਂ ਵਿਚ ਕੀ ਬੋਲਣਾ ਹੈ।” ਇਸ ਗੱਲ ਤੋਂ ਡਾਕਟਰ ਗੁਰਵਤਨ ਬਹੁਤ ਪ੍ਰਭਾਵਿਤ ਹੋਏ।

ਜਦੋਂ ਮੈਂ ਪਹਿਲੀ ਵਾਰ 1998 ਵਿਚ ਗੁਰਮੀਤ ਨੂੰ ਵਿਆਹ ਬਾਰੇ ਗੱਲ ਕਰਨ

ਲੱਗਾ, ਉਹ ਕਹਿਣ ਲੱਗਾ ਕਿ ਆਪਾਂ ਪੰਜ ਦੱਸ ਸਾਲ ਉਡੀਕ ਨਹੀਂ ਸਕਦੇ। ਮੈਂ ਸਲਾਹ ਦਿੱਤੀ ਤੇ ਕਿਹਾ," ਕਾਕਾ ਵਿਆਹ ਲਈ ਉਮਰ ਹੁੰਦੀ ਹੈ। ਇਹ ਨਹੀਂ ਹੁੰਦਾ ਕਿ ਆਪਾਂ ਕਿੰਨੇ ਅਮੀਰ ਹਾਂ ਜਾਂ ਗਰੀਬ ਹਾਂ।" ਆਪਣਾ ਕੰਮ ਠੀਕ ਚੱਲ ਰਿਹਾ ਹੈ। ਕੰਮ ਦੇ ਵਾਧੇ ਦਾ ਤਾਂ ਕੋਈ ਅੰਤ ਹੀ ਨਹੀਂ। ਬੱਸ ਇਹ ਕਹਿਣਾ ਹੀ ਸੀ ਕਿ ਉਸ ਨੇ ਸਤਬਚਨ ਕਹਿ ਦਿੱਤਾ। ਮੈਂ ਫਿਰ ਪੁੱਛਿਆ ਕਿਹੋ ਜਿਹੀ ਲੜਕੀ ਤੁਹਾਨੂੰ ਚਾਹੀਦੀ ਹੈ। ਇਸ ਦਾ ਜਵਾਬ ਹੋਰ ਵੀ ਅੱਛਾ ਦਿੱਤਾ। ਉਸ ਨੇ ਕਿਹਾ," ਡੈਡੀ ਤੁਹਾਡੇ ਤੋਂ ਜ਼ਿਆਦਾ ਅੱਛਾ ਦੋਸਤ ਅਤੇ ਸ਼ੁਭਚਿੰਤਕ ਕੋਈ ਹੋ ਹੀ ਨਹੀਂ ਸਕਦਾ। ਜਿਥੇ ਕਹੋਂਗੇ ਮੈਂ ਤਾਂ ਚੌਕੀ 'ਤੇ ਹੀ ਬੈਠਣਾ ਹੈ।" ਫਿਰ ਕਹਿਣ ਲੱਗਾ ਜੇ ਲੜਕੀ ਡਾਕਟਰ ਹੋਵੇ ਤਾਂ ਦੇਖ ਲੈਣਾ। ਅਸੀਂ ਇਕ ਹੀ ਲੜਕੀ ਦੇਖੀ ਤੇ ਉਸ ਦੇ ਮਾਪਿਆਂ ਨਾਲ ਗੱਲ ਕੀਤੀ ਤੇ ਉਸ ਨਾਲ ਹੀ ਵਿਆਹ ਕਰ ਦਿੱਤਾ। ਇਸ ਤਰ੍ਹਾਂ ਹੀ ਛੋਟੇ ਲੜਕੇ ਦਾ ਵਿਆਹ 2003 ਵਿਚ ਪਟਿਆਲੇ ਕਰ ਦਿੱਤਾ। ਦੋਹੇਂ ਲੜਕੇ ਅਤੇ ਉਹਨਾਂ ਦੇ ਪਰਿਵਾਰ ਰੱਬ ਦੀ ਕ੍ਰਿਪਾ ਨਾਲ ਖੁਸ਼ੀ ਖੁਸ਼ੀ ਵੱਸ ਰਹੇ ਹਨ।

ਮੈਂ ਤੇ ਮੇਰੀ ਪਤਨੀ ਆਪਣੀ ਕਾਰਗੁਜ਼ਾਰੀ ਲਈ ਬਹੁਤ ਖੁਸ਼ ਹਾਂ। ਅਸੀਂ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਭਾਰਤ ਦਾ ਸਥਿਰ ਜੀਵਨ ਛੱਡ ਕੇ ਅਮਰੀਕਾ ਵਿਚ ਕਾਰੋਬਾਰ ਕੀਤੇ। ਰੱਬ ਜੀ ਦੀ ਕ੍ਰਿਪਾ ਨਾਲ ਸਾਡੀ ਇਮਾਨਦਾਰੀ ਅਤੇ ਮਿਹਨਤ ਨੂੰ ਫਲ ਲੱਗ ਗਿਆ। ਅਸੀਂ 1994 ਤੋਂ ਲੈ ਕੇ 2008 ਤੱਕ ਦਸ ਵਪਾਰ ਅਤੇ ਦੋ ਮਕਾਨ ਖ਼ਰੀਦੇ। ਇਸੇ ਸਮੇਂ ਵਿਚ ਪੰਜ ਵਪਾਰ ਅਤੇ ਇਕ ਮਕਾਨ ਵੇਚਿਆ। ਦਸੰਬਰ 2010 ਵਿਚ ਅਸੀਂ ਅਮਰੀਕਾ ਵਿਚ ਬੱਚਿਆਂ ਨੂੰ ਛੱਡ ਕੇ ਆਪਣੇ ਗੁਰੂ ਦੀ ਧਰਤੀ ਵਿਚ ਵਾਪਸ ਆ ਗਏ ਹਾਂ ਅਤੇ ਮਨ ਪਸੰਦ ਸ਼ਹਿਰ ਪਟਿਆਲਾ ਵਿਚ ਸੰਤੋਖ ਸਬਰ ਵਾਲੇ ਦਿਨ ਬਿਤਾ ਰਹੇ ਹਾਂ। ਅਸੀਂ ਦਿਨ ਰਾਤ ਰੱਬ ਅਤੇ ਗੁਰੂ ਨਾਲ ਜੁੜੇ ਰਹਿੰਦੇ ਹਾਂ। ਦੂਜੇ ਸ਼ਬਦਾਂ ਵਿਚ ਅਸੀਂ ਸੰਪੂਰਨ ਜੀਵਨ ਬਤੀਤ ਕਰ ਰਹੇ ਹਾਂ।

(**ਨੋਟ:** ਇਸ ਬਾਰੇ ਲੇਖਕ ਨੇ ਦੋ ਪੂਰੀਆਂ ਕਿਤਾਬਾਂ ਵੀ ਲਿਖੀਆਂ ਹਨ, ਜੋ ਕਿ ਅੰਗਰੇਜੀ ਅਤੇ ਪੰਜਾਬੀ ਭਾਸ਼ਾ ਵਿਚ ਉਪਲਬਧ ਹਨ। ਅੰਗਰੇਜੀ ਵਿਚ ਪੁਸਤਕ ਦਾ ਨਾਮ ਬੈਟਲ ਫਰੰਟ ਅਮਰੀਕਾ ਹੈ ਅਤੇ ਪੰਜਾਬੀ ਵਿਚ ਨਾਮ ਰਣ ਭੂਮੀ ਅਮਰੀਕਾ ਹੈ)। ਇਹਨਾਂ ਕਿਤਾਬਾਂ ਵਿਚ ਸਾਡੀ ਅਮਰੀਕਨ ਤਜ਼ਰਬੇ ਦਾ ਪੂਰਾ ਵਿਸਥਾਰ ਹੈ। ਜੋ ਲੇਖਕ ਦੀ ਵੈੱਬਸਾਈਟ www.captainaskaleka.com 'ਤੇ ਮੁਫ਼ਤ ਪੜ੍ਹੀਆਂ ਜਾ ਸਕਦੀਆਂ ਹਨ। ਇਹ ਕਿਤਾਬਾਂ ਫੋਟੋਆਂ ਸਮੇਤ ਤਕਰੀਬਨ 150 ਪੰਨੇ ਦੀਆਂ ਹਨ।

# ਅਧਿਆਤਮਕ ਸਫ਼ਰ

ਮੈਂ ਆਪਣੇ ਅਧਿਆਤਮਕ ਸਫ਼ਰ ਨੂੰ ਪੰਜ ਹਿੱਸਿਆਂ ਵਿਚ ਵੰਡਣਾ ਚਾਹੁੰਦਾ ਹਾਂ। ਪਹਿਲਾ ਹਿੱਸਾ ਜਨਮ ਤੋਂ ਲੈ ਕੇ (1943 ਤੋਂ 1963) ਫੌਜ ਵਿਚ ਜਾਣ ਤੱਕ ਦਾ। ਦੂਜਾ ਹਿੱਸਾ ਫੌਜ ਦਾ (1963 ਤੋਂ 1970)। ਤੀਜਾ ਹਿੱਸਾ 1970 ਤੋਂ 1987 ਤੱਕ। ਚੌਥਾ ਹਿੱਸਾ 1987 ਤੋਂ 2001 ਅਤੇ ਪੰਜਵਾਂ ਹਿੱਸਾ 2002 ਤੋਂ ਹੁਣ ਤੱਕ ਦਾ।

**1. ਪਹਿਲਾ ਹਿੱਸਾ–** ਅਸੀਂ ਮਾਤਾ-ਪਿਤਾ ਦੇ ਨੌ ਪੁੱਤਰ-ਧੀਆਂ ਸੀ। ਜਿਸ ਵਿਚ ਮੇਰਾ ਪੰਜਵਾਂ ਨੰਬਰ ਸੀ। ਵੱਡਿਆਂ ਵਿਚੋਂ ਸਭ ਤੋਂ ਵੱਡਾ ਭਰਾ ਪਰਮਿੰਦਰ (1933), ਭੈਣ ਰੁਪਿੰਦਰ (1935), ਭੈਣ ਰਾਜਿੰਦਰ (1937) ਅਤੇ ਭੈਣ ਜਸਵਿੰਦਰ (1939)। ਵੱਡੇ ਭਰਾ ਪਰਮਿੰਦਰ ਦਾ 1949 ਵਿਚ ਹੀ ਵਿਆਹ ਹੋ ਗਿਆ ਤੇ ਇੰਸਪੈਕਟਰ ਕੰਸੋਲੀਡੇਸ਼ਨ ਲਗ ਕੇ ਘਰੋਂ ਅਲੱਗ ਹੋ ਗਿਆ। ਇੰਝ ਸਮਝੋ ਪਰਿਵਾਰ ਨਾਲੋਂ ਟੁੱਟ ਹੀ ਗਿਆ। ਬਾਅਦ ਵਿਚ ਉਸ ਦੀ ਬਦਲੀ ਹਿਮਾਚਲ ਪ੍ਰਦੇਸ਼ ਵਿਚ ਹੋ ਗਈ। ਇਸ ਨੇ ਜੱਦੀ ਪਿੰਡ ਦੀ ਜ਼ਮੀਨ ਵੇਚ ਕੇ ਹਿਮਾਚਲ ਵਿਚ ਜ਼ਮੀਨ ਲੈ ਲਈ। ਇਸ ਦੀ 53 ਸਾਲ ਵਿਚ ਰਿਟਾਇਰਮੈਂਟ ਹੋਈ ਅਤੇ 55 ਸਾਲ ਦੀ ਉਮਰ ਵਿਚ ਮੌਤ ਹੋ ਗਈ। ਸਭ ਤੋਂ ਵੱਡੀ ਭੈਣ ਰੁਪਿੰਦਰ ਵੀ ਬਚਪਨ ਵਿਚ ਹੀ 1950 ਵਿਚ ਵਿਆਹੀ ਗਈ ਤੇ ਜਨਵਰੀ 2018 ਵਿਚ 83 ਸਾਲ ਦੀ ਉਮਰ ਵਿਚ ਰੱਬ ਨੂੰ ਪਿਆਰੀ ਹੋ ਗਈ। ਭੈਣ ਰਾਜਿੰਦਰ ਦਾ ਵਿਆਹ 1959 ਵਿਚ ਹੋਇਆ। ਇਸ ਸਮੇਂ ਇਹ ਸ਼ਿਕਾਗੋ (ਅਮਰੀਕਾ) ਰਹਿੰਦੀ ਹੈ। ਭੈਣ ਜਸਵਿੰਦਰ ਦਾ ਵਿਆਹ 1958 ਵਿਚ ਹੋਇਆ ਅਤੇ ਹੁਣ ਇਹ ਪਟਿਆਲਾ ਸ਼ਹਿਰ ਵਿਚ ਰਹਿੰਦੀ ਹੈ।

ਮੇਰੇ ਤੋਂ ਛੋਟੇ ਤਿੰਨ ਭਰਾ ਅਤੇ ਇਕ ਭੈਣ ਹੋਏ ਹਨ। ਮੇਰੇ ਤੋਂ ਛੋਟੇ ਭਰਾ ਜਗਜੀਤ 1944, ਸਤਵੰਤ 1947 ਅਤੇ ਗੁਰਵੰਤ 1950 ਈ. ਵਿਚ ਪੈਦਾ ਹੋਏ। ਸਭ ਤੋਂ ਛੋਟੀ ਭੈਣ ਅਤੇ ਪਰਿਵਾਰ ਦਾ ਸਭ ਤੋਂ ਛੋਟਾ ਬੱਚਾ ਹਰਿੰਦਰ ਕੌਰ 1952 ਈ. ਵਿਚ ਪੈਦਾ ਹੋਈ। ਛੋਟਾ ਭਰਾ ਜਗਜੀਤ 1959 ਵਿਚ ਬੀ.ਐਨ. ਖਾਲਸਾ ਸਕੂਲ, ਪਟਿਆਲਾ ਤੋਂ ਦੱਸਵੀਂ ਕਰਕੇ ਅਤੇ ਮਹਿੰਦਰਾ ਕਾਲਜ ਤੋਂ ਐੱਫ.ਐੱਸਸੀ. ਮੈਡੀਕਲ ਕਰਕੇ ਵੈਟਰਨਰੀ ਸਰਜਰੀ ਕਰ ਰਿਹਾ ਸੀ ਕਿ 1963-64 ਵਿਚ ਏਅਰਫੋਰਸ ਜਾਣ ਦਾ ਮੌਕਾ ਮਿਲ ਗਿਆ। ਉਹ ਪਾਇਲਟ ਬਣ ਕੇ ਲੜਾਕੂ ਜਹਾਜ਼ ਉਡਾਉਣਾ ਚਾਹੁੰਦਾ ਸੀ। ਨਾਗਪੁਰ ਟ੍ਰੇਨਿੰਗ ਦੇ ਦੌਰਾਨ ਉਹ ਜਹਾਜ਼ ਲੈਂਡ ਕਰਨ ਵੇਲੇ ਜਹਾਜ਼ ਦੇ ਟਾਇਰ ਬਾਹਰ ਕੱਢਣੇ ਭੁਲ ਗਿਆ। ਉਸ ਦੇ ਟ੍ਰੇਨਿੰਗ ਅਫਸਰਾਂ ਨੇ ਉਸ ਨੂੰ ਨੈਵੀਗੇਸ਼ਨ ਲਈ ਰੈਕਮੈਂਡ ਕੀਤਾ। ਇੰਨੇ ਸਾਲ 1965 ਆ ਗਿਆ। ਮੈਂ ਮਹਾਰ ਰੈਜੀਮੈਂਟ ਵਿਚ

ਲੜਾਈ ਦੇ ਮੈਦਾਨ ਵਿਚ ਸੀ। ਜਗਜੀਤ ਸੋਚਣ ਲੱਗ ਪਿਆ ਕਿ ਚਾਹੇ ਨੈਵੀਗੇਸ਼ਨ ਵਿਚ ਤਨਖਾਹ ਤਾਂ ਉਨੀ ਹੀ ਹੁੰਦੀ ਹੈ ਪਰ ਉਸ ਦਾ ਜਹਾਜ਼ ਉਡਾਉਣ ਦਾ ਸੁਪਨਾ ਤਾਂ ਵਿਚ ਹੀ ਰਹਿ ਗਿਆ। ਉਸ ਨੂੰ ਪਾਇਲਟ ਦੇ ਨਾਲ ਬੈਠ ਕੇ ਪਾਇਲਟ ਨੂੰ ਰਾਹ ਦਿਖਾਉਣਾ ਅੱਛਾ ਨਹੀਂ ਲੱਗਿਆ। ਉਹ ਛੁੱਟੀ ਤੇ ਆਇਆ ਹੋਇਆ ਸੀ ਅਤੇ ਮਾਤਾ ਪਿਤਾ ਨਾਲ ਸਲਾਹ ਕਰ ਰਿਹਾ ਸੀ। ਇੰਨੇ ਵਿਚ ਉਸ ਨੇ ਮੇਰੇ ਨਾਲ ਵੀ ਸਲਾਹ ਕੀਤੀ। ਮੈਂ ਉਸ ਨੂੰ ਸਲਾਹ ਦਿੱਤੀ ਕਿ ਅੱਧੇ-ਪਚੱਦੇ ਮਨ ਨਾਲ ਕੋਈ ਵੀ ਕੰਮ ਨਹੀਂ ਕਰਨਾ ਚਾਹੀਦਾ। ਮੈਂ ਉਸ ਨੂੰ ਏਅਰਫੋਰਸ ਛੱਡਣ ਦੀ ਸਲਾਹ ਦਿੱਤੀ। ਉਹ ਏਅਰਫੋਰਸ ਛੱਡ ਕੇ ਵੈਟਰਨਰੀ ਦਾ ਕੋਰਸ ਪੂਰਾ ਕਰਨ ਲੱਗ ਪਿਆ। 1972 ਵਿਚ ਉਹ ਅਮਰੀਕਾ ਚਲਾ ਗਿਆ ਤੇ ਸਾਰੇ ਪਰਿਵਾਰ ਨੂੰ ਅਮਰੀਕਾ ਲੈ ਕੇ ਜਾਣ ਦਾ ਬੀੜਾ ਚੁੱਕ ਲਿਆ। ਉਸ ਨੇ ਅੱਠ ਭੈਣ ਭਾਈਆਂ ਨੂੰ ਅਮਰੀਕਾ ਜਾਣ ਲਈ ਸਪਾਂਸਰ ਕੀਤਾ। ਛੇ ਭੈਣ ਭਾਈ ਵਾਰੀ ਵਾਰੀ ਅਮਰੀਕਾ ਪਹੁੰਚ ਗਏ। ਸਾਰਿਆਂ ਨੇ ਅਮਰੀਕਾ ਵਿਚ ਆਰਥਿਕ ਤੌਰ ਤੇ ਬਹੁਤ ਤਰੱਕੀ ਕੀਤੀ।

ਮੇਰੇ ਪੈਦਾ ਹੋਣ ਦੇ ਨਾਲ ਸਾਰੇ ਪਰਿਵਾਰ ਵਿਚ ਖੁਸ਼ੀ ਸੀ। ਮੇਰੇ ਪਿਤਾ ਜੀ ਬਹੁਤ ਇਮਾਨਦਾਰ ਇਨਸਾਨ ਸਨ, ਪਰ ਉਸ ਵੇਲੇ ਉਹਨਾਂ 'ਤੇ ਗੁਰਬਾਣੀ ਦਾ ਇੰਨਾ ਪ੍ਰਭਾਵ ਨਹੀਂ ਸੀ। ਮੇਰੀ ਮਾਤਾ ਗੁਰਸਿੱਖ ਪਰਿਵਾਰ ਵਿਚੋਂ ਆਏ ਸਨ ਅਤੇ ਪਾਠ ਪੂਜਾ ਆਦਿ ਕਰਦੇ ਸਨ। ਵੱਡਾ ਪਰਿਵਾਰ ਹੋਣ ਕਰਕੇ ਸਾਨੂੰ ਉਨੀ ਤਵੱਜੋਂ ਨਹੀਂ ਦੇ ਸਕੇ, ਜਿੰਨੀ ਛੋਟੇ ਪਰਿਵਾਰਾਂ ਵਿਚ ਬੱਚਿਆਂ ਨੂੰ ਮਿਲਦੀ ਹੈ। ਮੈਂ ਛੋਟੀ ਉਮਰ ਵਿਚ ਦੱਸਵੀਂ ਕਰ ਲਈ। ਵੀਹ ਸਾਲ ਦੀ ਉਮਰ ਵਿਚ ਮੈਂ ਐੱਮ.ਏ. ਪਾਸ ਕਰ ਲਈ। ਮੇਰੇ ਚੰਗੇ ਭਾਗ ਸਨ ਕਿ ਮੈਨੂੰ ਕੋਈ ਅਜਿਹੇ ਦੋਸਤ ਨਹੀਂ ਮਿਲੇ ਜੋ ਸ਼ਰਾਬ ਜਾਂ ਸਿਗਰੇਟ ਆਦਿ ਦਾ ਪ੍ਰਯੋਗ ਕਰਦੇ ਹੋਣ ਪਰ ਕੋਈ ਧਾਰਮਿਕ ਬਿਰਤੀ ਵਾਲੇ ਇਨਸਾਨ ਵੀ ਨਹੀਂ ਮਿਲੇ। ਜੇ ਕੋਈ ਛੋਟੀ ਉਮਰ ਵਿਚ ਧਾਰਮਿਕ ਹੋਵੇ ਵੀ, ਤਾਂ ਉਸ ਦੀ ਗੱਲ ਸੁਣਦਾ ਵੀ ਕੌਣ ਹੈ। ਆਮ ਬੱਚਿਆਂ ਵਾਂਗ ਸਾਡੀ ਵੀ ਨਿਗਾਹ ਪੜ੍ਹਾਈ ਤੋਂ ਬਾਅਦ ਕੈਰੀਅਰ ਤੇ ਲੱਗੀ ਹੋਈ ਸੀ। ਪਿਤਾ ਜੀ ਮੈਨੂੰ ਆਰਮੀ ਅਫ਼ਸਰ ਬਣਾਉਣਾ ਚਾਹੁੰਦੇ ਸਨ ਅਤੇ ਮੈਂ ਐੱਨ.ਡੀ.ਏ. ਅਪੀਅਰ ਹੋਣ ਦੇ ਯੋਗ ਵੀ ਸੀ। ਐੱਨ.ਡੀ.ਏ. ਵਿਚ ਫਿਜ਼ੀਕਸ ਅਤੇ ਮੈਥ ਹੁੰਦੇ ਹਨ। ਹਿਸਾਬ ਮੇਰਾ ਕਮਜ਼ੋਰ ਸੀ ਅਤੇ ਫਿਜ਼ੀਕਸ ਮੈਂ ਪੜ੍ਹੀ ਹੀ ਨਹੀਂ ਸੀ। 1961-1962 ਵਿਚ ਐੱਮ.ਏ ਕਰਦਿਆਂ ਮੇਰੀ ਪੜ੍ਹਾਈ ਵਿਚ ਦਿਲਚਸਪੀ ਹੋਰ ਵੱਧ ਗਈ। ਆਮ ਬੱਚਿਆਂ ਵਾਂਗ ਮੈਂ ਵੀ ਬੀ.ਏ ਵਿਚ ਦਾਹੜੀ ਕਤਰ ਕੇ ਕਾਲਜ ਜਾਂਦਾ ਸੀ। ਉਦੋਂ ਅਜਿਹਾ ਹੀ ਵਾਤਾਵਰਨ ਸੀ। ਜੋ ਪਾਕਿਸਤਾਨ ਤੋਂ ਸਿੱਖ ਆਏ ਸਨ, ਉਹਨਾਂ ਵਿਚ ਜ਼ਿਆਦਾਤਰ ਅਰੋੜਾ ਖੱਤਰੀ ਸਨ। ਇਹ ਲੋਕ ਕੇਸ ਅਤੇ ਦਾਹੜੀ ਨਹੀਂ ਕੱਟਦੇ ਸਨ। ਮੇਰੇ ਦੋਸਤ ਜ਼ਿਆਦਾਤਰ ਸਥਾਨਕ ਬਾਣੀਏ ਸਨ। ਮੈਂ ਉਹਨਾਂ ਤੋਂ ਬੜੀਆਂ ਸੂਝ ਦੀਆਂ ਗੱਲਾਂ ਸਿੱਖੀਆਂ। ਸਾਡੇ ਪਿਤਾ ਜੀ ਸਾਨੂੰ ਜਪੁ ਜੀ ਸਾਹਿਬ ਦਾ ਪਾਠ ਕਰਨ ਲਈ ਹੌਂਸਲੇ ਵਜੋਂ ਪੈਸੇ ਦਿੰਦੇ ਸਨ। ਇਸੇ ਹੌਂਸਲਾ ਅਫਜ਼ਾਈ ਕਰਕੇ ਮੈਂ ਜਪੁਜੀ ਸਾਹਿਬ ਦੀਆਂ 15 ਪਉੜੀਆਂ ਯਾਦ ਕਰ ਲਈਆਂ।

ਐੱਮ.ਏ. ਤੱਕ ਅਸੀਂ ਪਟਿਆਲੇ ਤੋਪਖਾਨੇ ਵਾਲੇ ਮਕਾਨ ਵਿਚ ਰਹਿ ਕੇ ਕਾਲਜ ਜਾਂਦੇ ਅਤੇ ਆਪਣੀ ਪੜ੍ਹਾਈ ਕੀਤੀ।

**2. ਫੌਜ–** ਜਦੋਂ ਮੈਂ ਫੌਜ ਵਿਚ ਭਰਤੀ ਹੋਇਆ ਤਾਂ ਉਸ ਵੇਲੇ ਮੇਰੇ ਸਿਰ ਦੇ ਵਾਲ ਰੱਖੇ ਹੋਏ ਸਨ ਅਤੇ ਦਾਹੜੀ ਕਤਰੀ ਹੋਈ ਸੀ। 1963 ਵਿਚ ਅਸੀਂ ਟ੍ਰੇਨਿੰਗ ਕਰਨ ਲਈ ਅਫ਼ਸਰ ਟ੍ਰੇਨਿੰਗ ਸਕੂਲ, ਪੂਨਾ ਗਏ। ਉਥੇ 600 ਅਫ਼ਸਰ ਕੈਡਿਟ ਟ੍ਰੇਨਿੰਗ ਕਰ ਰਹੇ ਸਨ ਜਿਸ ਵਿਚੋਂ 25% ਸਿੱਖ ਸਨ। ਪਰੇਡ ਦੀ ਕਮਾਂਡ, ਸੂਬੇਦਾਰ ਮੇਜਰ ਹਰਨਾਮ ਸਿੰਘ ਕਰਦੇ ਸਨ। ਉਹ ਗਾਰਡਸ ਰੈਜੀਮੈਂਟ ਦੇ ਸਨ ਅਤੇ ਪਟਿਆਲਾ ਸਟੇਟ ਵਾਂਗ ਪੁੱਠੀ ਦਾਹੜੀ ਚੜਾਉਂਦੇ ਸਨ। ਜਿਸ ਅਫ਼ਸਰ ਕੈਡਿਟ ਦੀ ਦਾਹੜੀ ਕਤਰੀ ਹੁੰਦੀ ਸੀ, ਉਹ ਆਪਣਾ ਡੰਡਾ ਦਾਹੜੀ ਉਤੇ ਲਾ ਦਿੰਦੇ ਸਨ। ਉਹਨਾਂ ਦਾ ਮਤਲਬ ਹੁੰਦਾ ਸੀ ਕਿ ਦਾਹੜੀ ਰੱਖ ਲਉ। ਇਸ ਅਸਰ ਅਧੀਨ ਕਾਫ਼ੀ ਕੈਡਿਟਾਂ ਨੇ ਦਾਹੜੀ ਰੱਖ ਲਈ, ਜਿਹਨਾਂ ਵਿਚੋਂ ਮੈਂ ਵੀ ਇਕ ਸੀ। 3 ਮਈ 1964 ਨੂੰ ਮੈਨੂੰ ਮਹਾਰ ਰੈਜੀਮੈਂਟ ਅਲਾਟ ਹੋਈ ਅਤੇ ਮੇਰੀ ਮਹਾਰ ਰੈਜੀਮੈਂਟ, ਸੈਂਟਰ ਸਾਗਰ, ਮੱਧ ਪ੍ਰਦੇਸ਼ ਬਦਲੀ ਹੋ ਗਈ। ਮੈਂ ਉਥੇ ਤਕਰੀਬਨ ਇਕ ਸਾਲ ਰਿਹਾ। ਉਥੇ ਵੀ ਦਾਹੜੀ ਉਸੇ ਤਰ੍ਹਾਂ ਬੰਨ੍ਹਦਾ ਰਿਹਾ। ਅਪ੍ਰੈਲ 1965 ਵਿਚ ਮੇਰੀ ਬਦਲੀ ਦੋ ਮਹਾਰ ਹੋ ਗਈ ਜੋ ਰਣਕਛ ਯੁੱਧ ਦੇ ਮੈਦਾਨ ਵਿਚ ਸੀ। ਰਣਕੱਛ ਦੀ ਲੜਾਈ ਤਾਂ ਥੋੜ੍ਹੀ ਦੇਰ ਬਾਅਦ ਹੀ ਖਤਮ ਹੋ ਗਈ। ਬਾਅਦ ਵਿਚ ਸਤੰਬਰ 1965 ਵਿਚ ਭਾਰਤ ਪਾਕਿਸਤਾਨ ਦੀ ਲੜਾਈ ਹੋਈ। ਮੈਂ ਲੜਾਈ ਵਿਚ ਅੱਛਾ ਕੰਮ ਕੀਤਾ ਅਤੇ ਕੁਝ ਬਹਾਦਰੀ ਦਿਖਾ ਸਕਿਆ। ਇਹ ਮੇਰੇ ਜੀਵਨ ਦਾ ਪਹਿਲਾ ਮੌਕਾ ਸੀ ਜਿਸ ਵਿਚ ਮੈਨੂੰ ਮੌਤ ਸਾਹਮਣੇ ਦਿਸ ਰਹੀ ਸੀ। ਮੌਤ ਦਿਸਣ ਲੱਗਿਆਂ ਮੈਨੂੰ ਤਿੰਨ ਸਖਸ਼ੀਅਤਾਂ ਯਾਦ ਆਈਆਂ। ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜਿਹਨਾਂ ਨੇ ਕਿਹਾ ਸੀ,

॥ ਸਵਾ ਲਾਖ ਸੇ ਏਕ ਲੜਾਊਂ ॥ ਤਬੀ ਗੋਬਿੰਦ ਸਿੰਘ ਨਾਮ ਕਹਾਊਂ ॥

(ਭਾਈ ਨੰਦ ਲਾਲ ਜੀ ਵਾਰ)

ਫਿਰ ਮੈਨੂੰ ਮੇਰੇ ਮਾਤਾ ਜੀ ਦੀ ਯਾਦ ਆਈ, ਜਿਹਨਾਂ ਨੇ ਪਿੰਡ ਦੁਗਾਲ ਦੇ ਬੱਸ ਅੱਡੇ ਤੇ ਮੈਨੂੰ ਬੱਸ ਚੜ੍ਹਣ ਤੋਂ ਪਹਿਲਾਂ ਲੜਾਈ ਲਈ ਜਾਂਦਿਆਂ ਇਹ ਸਿੱਖਿਆ ਦਿੱਤੀ ਸੀ,“ ਕਾਕਾ ਦੁੱਖ ਸੁੱਖ ਬੰਦਿਆਂ ਤੇ ਹੀ ਆਉਂਦੇ ਹਨ, ਅੱਛੀ ਤਰ੍ਹਾਂ ਜ਼ਿੰਮੇਵਾਰੀ ਨਾਲ ਕੰਮ ਕਰਨਾ ਹੈ।” ਫਿਰ ਮੈਨੂੰ ਮੇਰੇ ਪਿਤਾ ਜੀ ਯਾਦ ਆਏ। ਮੇਰੇ ਪਿਤਾ ਜੀ ਚਾਹੇ ਕਾਫ਼ੀ ਸਾਲ ਪਟਿਆਲੇ ਹੀ ਰਹੇ ਅਤੇ ਇਥੇ ਹੀ ਨੌਕਰੀ ਕੀਤੀ, ਪਰ ਉਹਨਾਂ ਦਾ ਪਿੰਡ ਨਾਲ ਲਗਾਉ ਬਹੁਤ ਸੀ। ਲੋਕ ਉਹਨਾਂ ਦੀ ਨੇਕਦਿਲੀ ਅਤੇ ਨਿਮਰਤਾ ਕਰਕੇ ਉਹਨਾਂ ਦਾ ਬਹੁਤ ਸਤਿਕਾਰ ਕਰਦੇ ਸਨ। ਮੈਂ ਸੋਚਿਆ ਕਿ ਬਹਾਦਰੀ ਨਾਲ ਲੜ ਕੇ ਮਰਨ ਤੋਂ ਇਲਾਵਾ ਜਾਨ ਬਚਾ ਕੇ ਭੱਜ ਜਾਣਾ ਅੱਛੀ ਗੱਲ ਨਹੀਂ। ਇਸ ਨਾਲ ਮੇਰੇ ਪਿਤਾ ਜੀ ਦੀ ਪਿੰਡ ਵਿਚ ਬਹੁਤ ਬੇਇਜ਼ਤੀ ਹੋਣੀ ਸੀ। ਫਿਰ ਮੈਨੂੰ ਅੰਦਰੋਂ ਸੋਝੀ ਆਈ ਕਿ ਮਾਤਾ ਪਿਤਾ ਜੀ ਨੇ ਨੌ ਬੱਚੇ ਜਨਮੇ ਹਨ। ਅਸੀਂ ਉਹਨਾਂ ਦੀ ਇਜ਼ਤ ਵਧਾਉਣੀ ਹੈ, ਘਟਾਉਣੀ ਨਹੀਂ।

1968 ਜਨਵਰੀ ਵਿਚ ਮੈਂ ਵਾਲ ਕਟਾ ਲਏ ਪਰ ਥੋੜ੍ਹੀ ਜਿਹੀ ਦਾਹੜੀ ਰੱਖੀ ਹੋਈ ਸੀ ਅਤੇ ਤਿੰਨ ਕੁ ਮਹੀਨੇ ਪੱਗ ਵੀ ਬੰਨ੍ਹਦਾ ਰਿਹਾ। 1968 ਅਪ੍ਰੈਲ ਤੱਕ ਮੈਂ ਇਹ ਸੋਚਣ ਲੱਗ ਪਿਆ ਕਿ ਜੇ ਰੱਬ ਹੈ ਹੀ ਨਹੀਂ ਤਾਂ ਧਰਮ ਦਾ ਕੀ ਲਾਭ। ਧਰਮ ਦੀ ਬੁਨਿਆਦ ਤਾਂ ਰੱਬ ਦੀ ਹੋਂਦ ਤੇ ਹੀ ਟਿਕੀ ਹੋਈ ਹੈ। 13 ਅਪ੍ਰੈਲ 1968 ਵਿਸਾਖੀ ਦਾ ਦਿਨ ਸੀ। ਮੇਰੇ ਸੰਸਕਾਰਾਂ ਵਿਚ ਵਿਸਾਖੀ ਦੀ ਮਹੱਤਤਾ ਅਜੇ ਵੀ ਸੀ। 14 ਅਪ੍ਰੈਲ 1968 ਨੂੰ ਮੈਂ ਕੰਪਨੀ ਦਾ ਨਾਈ ਬੁਲਾਇਆ ਅਤੇ ਰਹਿੰਦੀ ਖੂੰਹਦੀ ਦਾਹੜੀ ਵੀ ਸਾਫ ਕਰਵਾ ਲਈ ਅਤੇ ਸਿਰ ਤੇ ਟੋਪੀ ਪਹਿਨਣ ਲੱਗਾ। 1969 ਵਿਚ ਮੈਂ ਆਪਣੇ ਪਿੰਡ ਛੁੱਟੀਆ ਕੱਟਣ ਆਇਆ। ਮੇਰੀ ਮਾਤਾ ਨੇ ਇਹ ਸਭ ਕੁਝ ਦੇਖ ਕੇ ਮੈਨੂੰ ਬਹੁਤ ਕੋਸਿਆ। ਕਹਿਣ ਲੱਗੀ ਕਾਕਾ,“ ਤੂੰ ਆਪਣੀਆਂ ਜੜ੍ਹਾਂ ਦੇਖ, ਆਪਣਾ ਖਾਨਦਾਨ ਦੇਖ। ਆਪਣੇ ਮਾਤਾ ਪਿਤਾ ਅਤੇ ਨਾਨਕੇ ਪਰਿਵਾਰ ਨੂੰ ਦੇਖ। ਮੁਸਲਮਾਨ ਬਣਾਉਣ ਵਾਲੇ ਲੋਕਾਂ ਨੇ ਵੀ ਤੇਰੇ ਮਾਮੇ ਅਤੇ ਨਾਨਾ ਜੀ ਦੇ ਕੇਸ ਹੀ ਕੱਟਣੇ ਸਨ, ਕੋਈ ਗੋਡਾ ਤਾਂ ਨਹੀਂ ਵੱਢਣਾ ਸੀ।” ਮੈਨੂੰ ਬਹੁਤ ਸ਼ਰਮ ਆਈ ਅਤੇ ਮਾਤਾ ਜੀ ਨੂੰ ਕਿਹਾ,“ ਮਾਤਾ ਜੀ ਹੁਣ ਮੈਨੂੰ ਮਾਫ਼ ਕਰ ਦਿਓ, ਮੈਂ ਜਦੋਂ ਵੀ ਫੌਜ ਤੋਂ ਵਾਪਸ ਆਵਾਂਗਾ, ਉਸ ਤੋਂ ਬਾਅਦ ਕੇਸ ਨਹੀਂ ਕੱਟਾਂਗਾ।” 1968 ਅਤੇ 1969 ਵਿਚ ਮੈਂ ਦੋ ਵਾਰ ਆਈ.ਏ.ਐੱਸ. ਦੇ ਪੇਪਰ ਦਿੱਤੇ। 20 ਫਰਵਰੀ 1970 ਨੂੰ ਮੇਰੀ ਆਈ.ਏ.ਐੱਸ. ਦੀ ਇੰਟਰਵਿਊ ਦਿੱਲੀ ਵਿਚ ਸੀ। 21 ਫਰਵਰੀ ਨੂੰ ਮੇਰਾ ਮੈਡੀਕਲ ਸੀ। 21 ਫਰਵਰੀ 1970 ਤੋਂ ਬਾਅਦ ਮੈਂ ਕੇਸ ਨਹੀਂ ਕਟਾਏ।

**3. 1970 ਤੋਂ 1987–** ਇਹ ਸਮਾਂ ਮੇਰੇ 16 ਮਹੀਨਿਆਂ ਦੀ ਬੇਰੁਜ਼ਗਾਰੀ ਨਾਲ ਸ਼ੁਰੂ ਹੁੰਦਾ ਹੈ। ਇਸ ਸਮੇਂ ਵਿਚ ਮੈਂ ਪਿੰਡ ਵਿਚ ਖੇਤੀ ਸਿੱਖੀ। ਦਾਹੜੀ ਦੇ ਵਾਲ ਤਾਂ ਜਲਦੀ ਵੱਧ ਜਾਂਦੇ ਹਨ ਪਰ ਸਿਰ ਦੇ ਵਾਲ ਵੱਧਣ ਵਿਚ ਸਮਾਂ ਲੱਗ ਜਾਂਦਾ ਹੈ। ਮੈਂ ਫੌਜ ਵਾਂਗ ਹੀ ਦਾਹੜੀ ਚੜ੍ਹਾਉਣ ਲੱਗ ਪਿਆ। ਤਕਰੀਬਨ ਸਵਾ ਕੁ ਸਾਲ ਮੈਂ ਪਿੰਡ ਖੇਤੀ ਕੀਤੀ ਅਤੇ ਪਿਤਾ ਜੀ ਦੀ ਮੱਦਦ ਕੀਤੀ।

1971 ਵਿਚ ਮੈਂ ਪ੍ਰੋਫੈਸਰ ਬਣ ਗਿਆ ਅਤੇ ਤਿੰਨ ਸਾਲ ਪ੍ਰੋਫੈਸਰ ਦੀ ਨੌਕਰੀ ਕੀਤੀ। 1972 ਵਿਚ ਮੈਂ ਪੀ.ਸੀ.ਐੱਸ. ਦਾ ਪੇਪਰ ਦਿੱਤਾ। 1974 ਵਿਚ ਮੈਂ ਇਸ ਪੇਪਰ ਦੇ ਆਧਾਰ ਤੇ ਈ.ਟੀ.ਓ ਲੱਗਿਆ। ਮੈਂ ਪਟਿਆਲਾ ਅਤੇ ਲੁਧਿਆਣਾ 1 ਸਤੰਬਰ 1980 ਤੱਕ ਈ.ਟੀ.ਓ ਰਿਹਾ। 1980 ਵਿਚ ਮੇਰੀ ਤਰੱਕੀ ਹੋ ਕੇ ਮੈਂ ਅਸਿਸਟੈਂਟ ਕਮਿਸ਼ਨਰ, ਅੰਮ੍ਰਿਤਸਰ ਬਣ ਗਿਆ। 1981 ਵਿਚ ਮੈਂ ਪਟਿਆਲੇ ਬਦਲੀ ਕਰਵਾ ਲਈ। ਦਸੰਬਰ 1982 ਤੋਂ ਲੈ ਕੇ 1987 ਤੱਕ ਮੈਂ ਪਟਿਆਲੇ ਜ਼ਿਲ੍ਹੇ ਦਾ ਅਸਿਸਟੈਂਟ ਕਮਿਸ਼ਨਰ ਇੰਚਰਾਜ ਰਿਹਾ।

ਮੇਰੇ ਪਿਤਾ ਜੀ 1982 ਵਿਚ ਪੱਕੇ ਤੌਰ ਤੇ ਪਟਿਆਲਾ ਆ ਗਏ ਅਤੇ ਆਪਣੇ ਬਣਾਏ ਮਕਾਨ ਤੋਪ ਖਾਨਾ ਗੇਟ ਵਿਖੇ ਰਹਿਣਾ ਸ਼ੁਰੂ ਕਰ ਦਿੱਤਾ। ਉਸ ਵੇਲੇ ਮੇਰੇ ਪਿਤਾ 77 ਸਾਲ ਦੇ ਸਨ। ਮੇਰੇ ਤਿੰਨੇ ਛੋਟੇ ਭਰਾ ਅਮਰੀਕਾ ਚਲੇ ਗਏ ਸਨ। ਮੈਂ ਆਪਣੇ ਹਿੱਸੇ ਦੀ ਜ਼ਮੀਨ 1978 ਵਿਚ ਵੇਚ ਕੇ ਹਿਮਾਚਲ ਵਿਚ ਲੈ ਲਈ ਸੀ। ਮੇਰੇ

ਵੱਡੇ ਭਰਾ ਪਰਮਿੰਦਰ (ਤਹਿਸੀਲਦਾਰ) ਨੇ ਵੀ ਆਪਣੇ ਹਿਸੇ ਦੀ ਜ਼ਮੀਨ ਪਹਿਲਾਂ ਹੀ 1975 ਵਿਚ ਵੇਚ ਦਿੱਤੀ ਸੀ। ਪਿੰਡ ਵਿਚ ਤਿੰਨੇ ਭਰਾਵਾਂ ਨੇ ਜ਼ਮੀਨ ਗਹਿਣੇ ਪਾ ਦਿੱਤੀ ਸੀ ਅਤੇ ਖੇਤੀ ਕਰਨ ਵਾਲਾ ਭਰਾ ਸਤਵੰਤ ਵੀ ਅਮਰੀਕਾ ਚਲਾ ਗਿਆ। 1982 ਤੋਂ 1990 ਦਾ ਸਮਾਂ ਮੇਰੇ ਅਤੇ ਪਿਤਾ ਜੀ ਲਈ ਬਹੁਤ ਅਹਿਮ ਸੀ। ਮੇਰੇ ਪਿਤਾ ਜੀ ਬਹੁਤ ਪਾਠ ਪੂਜਾ ਕਰਦੇ ਸਨ। ਉਹ ਸਾਰੀਆਂ ਜ਼ਿੰਮੇਵਾਰੀਆਂ ਤੋਂ ਵਿਹਲੇ ਹੋ ਗਏ ਸਨ ਅਤੇ ਆਪਣਾ ਵੱਧ ਤੋਂ ਵੱਧ ਸਮਾਂ ਗੁਰਬਾਣੀ ਪੜ੍ਹਨ ਅਤੇ ਵਿਚਾਰ ਵਿਚ ਹੀ ਬਿਤਾਉਂਦੇ ਸਨ। ਪਿਤਾ ਜੀ ਬਚਪਨ ਤੋਂ ਤਿੰਨ ਵਜੇ ਉਠਦੇ ਸਨ। ਮੈਂ ਜਨਵਰੀ 1986 ਵਿਚ ਲਾਲ ਬਾਗ਼, ਪਟਿਆਲਾ ਵਿਚ ਆਪਣਾ ਮਕਾਨ ਬਣਾ ਲਿਆ ਜਿਸ ਦੀ ਪਿਤਾ ਜੀ ਨੂੰ ਬਹੁਤ ਖੁਸ਼ੀ ਸੀ। ਮੈਂ ਸਾਰੀ ਹੀ ਨੌਕਰੀ ਬਹੁਤ ਇਮਾਨਦਾਰੀ ਨਾਲ ਕੀਤੀ। 1982-83 ਤੋਂ 1990 ਤੱਕ ਮੇਰੀ ਅਤੇ ਮੇਰੇ ਪਿਤਾ ਜੀ ਦੀ ਗੱਲ ਅਧਿਆਤਮਕ ਵਿਸ਼ੇ ਤੇ ਹੀ ਹੁੰਦੀ ਸੀ।(ਪਿਤਾ ਜੀ 29 ਮਈ 1990 ਨੂੰ ਅਕਾਲ ਚਲਾਣਾ ਕਰ ਗਏ)।

ਇਕ ਦਿਨ ਮੈਂ ਪਿਤਾ ਜੀ ਨੂੰ ਪੁੱਛਿਆ ਸੀ," ਪਿਤਾ ਜੀ, ਕੀ ਮੈਨੂੰ ਮੋਕਸ਼ ਮਿਲੇਗਾ?" ਪਿਤਾ ਜੀ ਹੈਰਾਨ ਹੋ ਕੇ ਕਹਿਣ ਲੱਗੇ, ਕਿਸ ਗੱਲ ਨਾਲ? ਮੈਂ ਬੜੇ ਮਾਣ ਨਾਲ ਕਿਹਾ ਕਿ ਮੈਂ ਨੌਕਰੀ ਇਮਾਨਦਾਰੀ ਨਾਲ ਕਰਦਾ ਹਾਂ। ਪਿਤਾ ਜੀ ਕਹਿਣ ਲੱਗੇ," ਕਾਕਾ ਇਹ ਤਾਂ ਹਰ ਇਨਸਾਨ ਨੂੰ ਹੀ ਕਰਨੀ ਚਾਹੀਦੀ ਹੈ। ਤੂੰ ਉਹੀ ਕੁਝ ਕਰ ਰਿਹਾ ਹੈ, ਜੋ ਹਰ ਅਫ਼ਸਰ ਨੂੰ ਕਰਨਾ ਚਾਹੀਦਾ ਹੈ । ਤੂੰ ਕੁਝ ਵੱਧ ਨਹੀਂ ਕਰ ਰਿਹਾ। ਤੇਰੀ ਮਸ਼ਹੂਰੀ ਇਸ ਲਈ ਹੈ ਕਿਉਂਕਿ ਤੇਰੇ ਬਾਕੀ ਦੇ ਅਫ਼ਸਰ ਇਮਾਨਦਾਰ ਨਹੀਂ ਹਨ। ਇਹ ਇਸ ਤਰ੍ਹਾਂ ਦੀ ਗੱਲ ਹੈ ਕਿ ਜਿਵੇਂ ਕੋਈ ਅਨਪੜ੍ਹ ਜੱਟ ਪੱਕੀਆਂ ਇੱਟਾਂ ਦਾ ਚੌਤਰਾ ਬਣਾ ਕੇ ਬੈਠ ਜਾਵੇ ਅਤੇ ਲੋਕਾਂ ਨੂੰ ਕਹੇ ਦੇਖੋ ਮੇਰਾ ਮਹਿਲ ਕੈਸਾ ਲੱਗ ਰਿਹਾ ਹੈ। ਤੇਰਾ ਸਿਰਫ ਚੌਂਤਰਾ ਹੀ ਪੱਕਾ ਹੈ ਪਰ ਜਦੋਂ ਤੱਕ ਇਸ ਤੇ ਗੁਰਬਾਣੀ ਦੀਆਂ ਇੱਟਾਂ ਅਤੇ ਸਿਮਰਨ ਦਾ ਪਲਸਤਰ ਨਹੀਂ ਹੁੰਦਾ, ਇਹ ਚੌਂਤਰਾ ਕੇਵਲ ਚੌਂਤਰਾ ਹੀ ਰਹੇਗਾ, ਮਹਿਲ ਨਹੀਂ ਬਣੇਗਾ। ਪਰ ਇਕ ਗੱਲ ਜ਼ਰੂਰ ਹੈ ਕਿ ਤੇਰਾ ਚੌਂਤਰਾ ਪੱਕਾ ਹੈ, ਜੇ ਤੂੰ ਇੱਟ ਰੱਖੇਂਗਾ ਤਾਂ ਖਿਸਕੇਗੀ ਨਹੀਂ। ਜੋ ਲੋਕ ਬੇਈਮਾਨ ਹੁੰਦੇ ਹਨ, ਉਹਨਾਂ ਦਾ ਚੌਂਤਰਾ ਵੀ ਕੱਚਾ ਹੁੰਦਾ ਹੈ। ਉਹਨਾਂ ਦੀ ਇੱਟ ਟਿੱਕ ਨਹੀਂ ਸਕਦੀ। ਬਸ ਅੱਜ ਤੋਂ ਸੋਚ ਲੈ ਕਿ ਗੁਰਬਾਣੀ ਦੀ ਪੱਕੀ ਇੱਟ ਅਤੇ ਸਿਮਰਨ ਦਾ ਪਲਸਤਰ ਕਰਕੇ ਤੁਰਨਾ ਹੈ, ਤੇਰਾ ਵੀ ਜੀਵਨ ਸੰਵਰ ਜਾਏਗਾ।"

1926 ਵਿਚ ਪਿਤਾ ਜੀ ਜਦੋਂ ਆਰਮੀ ਟ੍ਰੇਨਿੰਗ ਦੌਰਾਨ ਇਕ ਵਾਰ ਘੋੜ ਸਵਾਰੀ ਕਰ ਰਹੇ ਸਨ ਤਾਂ ਉਹਨਾਂ ਦੀ ਇੱਕ ਟੰਗ ਟੁੱਟ ਗਈ ਸੀ। ਉਹ ਘੋੜਾ ਖੂਹ ਵਿਚ ਡਿੱਗ ਗਿਆ। ਪਿਤਾ ਜੀ ਤੋਪਖਾਨੇ ਵਾਲੇ ਮਕਾਨ ਵਿਚ ਬਣੇ ਹੋਏ ਡਰਾਇੰਗ ਰੂਮ ਵਿਚ ਬੈਠਦੇ ਸਨ ਤੇ ਸੈਂਚੀਆਂ ਪ੍ਰਕਾਸ਼ ਕਰਕੇ ਕੁਰਸੀ ਤੇ ਬੈਠ ਕੇ ਦੋ ਘੰਟੇ ਪਾਠ ਕਰਦੇ ਸਨ। ਮੈਂ ਪਿਤਾ ਜੀ ਨੂੰ ਬਹੁਤ ਪਿਆਰ ਕਰਦਾ ਸੀ ਅਤੇ ਮਜ਼ਾਕ ਕਰਨ ਦਾ ਮੈਨੂੰ ਹੱਕ ਸੀ। ਮੈਂ ਕਿਹਾ," ਪਿਤਾ ਜੀ ਗੁਰਮੁਖ ਤਾਂ ਚੌਂਕੜਾ ਮਾਰ ਕੇ ਪਾਠ ਕਰਦੇ ਹਨ।" ਉਹ ਮੇਰੀ ਗੱਲ ਦਾ ਬੁਰਾ ਨਹੀਂ ਮੰਨਦੇ ਸਨ। ਉਹ ਕਹਿਣ ਲੱਗੇ," ਕਾਕਾ, ਪ੍ਰਭੂ ਨੂੰ ਪਤਾ ਹੈ

ਕਿ ਮੇਰੀ ਇਕ ਟੰਗ ਟੁੱਟੀ ਹੋਈ ਹੈ।" ਉਹ ਨਿਸ਼ਚੇ ਨਾਲ ਪਾਠ ਕਰਦੇ ਸਨ। ਇਕ ਹੋਰ ਮੌਕੇ ਤੇ ਮੈਂ ਪਿਤਾ ਜੀ ਤੋਂ ਪੁਛਿਆ," ਪਿਤਾ ਜੀ ਜਦੋਂ ਤੁਸੀਂ ਪਾਠ ਕਰਕੇ ਬਾਹਰ ਨਿਕਲਦੇ ਹੋ ਤਾਂ ਤੁਹਾਡੇ ਕੰਨ, ਮੱਥਾ ਅਤੇ ਗੱਲ੍ਹਾਂ ਆਦਿ ਬਲਦੇ ਕੋਲੇ ਵਾਂਗ ਲਾਲ ਹੁੰਦੇ ਹਨ। ਇਹ ਕੀ ਗੱਲ ਹੈ ?" ਉਹਨਾਂ ਨੇ ਇਸ ਦਾ ਬੜਾ ਅਧਿਆਤਮਕ ਅਤੇ ਸੰਜੀਦਾ ਢੰਗ ਨਾਲ ਜਵਾਬ ਦਿੱਤਾ। ਕਹਿਣ ਲੱਗੇ," ਕਾਕਾ, ਜਦੋਂ ਇਨਸਾਨ ਦੀ ਜਵਾਨੀ ਖਤਮ ਹੋ ਜਾਂਦੀ ਹੈ, ਜੋ ਚੰਗੇ ਮਾੜੇ ਕੰਮ ਉਸ ਨੇ ਕੀਤੇ ਹੁੰਦੇ ਹਨ, ਉਹ ਕੰਮ ਹੀ ਉਸ ਦੇ ਸਰੀਰ ਦਾ ਇਤਹਿਾਸ ਬਣ ਜਾਂਦੇ ਹਨ। ਮਨੁੱਖ ਦੇ ਕੰਮ ਹੀ ਉਸ ਨੂੰ ਜੁੱਤੀਆਂ ਮਾਰਦੇ ਹਨ ਅਤੇ ਕੰਮ ਹੀ ਉਸ ਨੂੰ ਸ਼ਾਬਾਸ਼ ਦਿੰਦੇ ਹਨ। ਮੈਂ ਜ਼ਿੰਦਗੀ ਵਿਚ ਕਦੇ ਪਾਪ ਨਹੀਂ ਕੀਤਾ।" ਇਕ ਵਾਰ ਮੈਂ ਪੁੱਛਿਆ ਪਿਤਾ ਜੀ ਤੁਸੀਂ ਇੰਨੀ ਪਾਠ ਪੂਜਾ ਕਰਦੇ ਹੋ। ਤੁਸੀਂ ਮੀਟ ਸ਼ਰਾਬ ਤੋਂ ਜਾਨ ਕਿਉਂ ਨਹੀਂ ਛੁਡਾ ਸਕੇ? ਕਹਿਣ ਲੱਗੇ," ਜੇ ਮੇਰੇ ਸੌ ਵਿਚੋਂ ਸੌ ਨੰਬਰ ਨਹੀਂ ਆਉਂਦੇ ਤਾਂ ਸੌ ਵਿਚੋਂ ਸੱਤਰ ਪ੍ਰਤੀਸ਼ਤ ਜ਼ਰੂਰ ਆ ਜਾਣਗੇ। ਜੀਵਨ ਕਾਲ ਵਿਚ ਕਿੰਨੇ ਕੁ ਲੋਕ ਹੁੰਦੇ ਹਨ ਜੋ ਪੰਜ ਸਾਲ ਦੀ ਉਮਰ ਵਿਚ ਪਾਠ ਕਰਨਾ ਸ਼ੁਰੂ ਕਰ ਦਿੰਦੇ ਹਨ। ਮੈਂ ਪੰਜ ਛੇ ਸਾਲ ਦੀ ਉਮਰ ਵਿਚ ਹੀ ਪਾਠ ਯਾਦ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਸੁਖਮਨੀ ਸਾਹਿਬ ਦੀਆਂ 16 ਅਸਟਪਦੀਆਂ ਯਾਦ ਕਰ ਲਈਆਂ ਸਨ। ਇਹ ਵੀ ਠੀਕ ਹੈ ਕਿ ਮੈਂ ਪ੍ਰਪੱਕ ਨਹੀਂ ਹਾਂ ਪਰ ਮੇਰੀ ਪਹਿਲੀ ਡਵੀਜ਼ਨ ਜ਼ਰੂਰ ਆਏਗੀ।"

ਇਹਨਾਂ ਦਿਨਾਂ ਵਿਚ ਮੈਂ ਪਾਠ ਕਾਫ਼ੀ ਵਧਾ ਦਿੱਤਾ ਕਿਉਂਕਿ ਮੇਰਾ ਜੀਵਨ ਵੀ ਕਾਫ਼ੀ ਸਥਿਰ ਹੋ ਗਿਆ ਸੀ। ਮੇਰੀ ਇੱਛਾ ਅਨੁਸਾਰ ਅਸੀਂ ਹਿਮਾਚਲ ਵਿਚ ਇਕੱਤੀ ਏਕੜ ਦਾ ਬਾਗ਼ ਲੈ ਲਿਆ ਸੀ ਜੋ ਮੇਰੀ ਸੰਤੁਸ਼ਟੀ ਦਾ ਕਾਰਨ ਸੀ। ਲਾਲ ਬਾਗ਼ ਵਿਚ ਮੈਂ ਪੰਜ ਸੌ ਗਜ਼ ਵਿਚ ਮਕਾਨ ਬਣਾ ਲਿਆ ਸੀ ਜਿਸ ਦੀ ਮੈਨੂੰ ਬਹੁਤ ਤਸੱਲੀ ਸੀ। ਮੇਰੇ ਬੱਚੇ ਵਾਈ.ਪੀ.ਐੱਸ ਸਕੂਲ ਵਿਚ ਪੜ੍ਹ ਰਹੇ ਸਨ। ਮੇਰੇ ਅਨੁਸਾਰ ਮੇਰਾ ਜੀਵਨ ਬਹੁਤ ਅੱਛਾ ਚੱਲ ਰਿਹਾ ਸੀ।

**4. 1987 ਤੋਂ 2001–** ਸਾਲ 1987 ਮੇਰੇ ਲਈ ਭਾਗਾਂ ਵਾਲਾ ਸਾਲ ਸੀ ਕਿਉਂਕਿ ਮੇਰੇ ਜੀਵਨ ਵਿਚ ਬਹੁਤ ਤਬਦੀਲੀਆਂ ਆਈਆਂ। 1987 ਤੱਕ ਮੈਂ ਰੋਜ਼ਾਨਾ ਮੀਟ ਆਦਿ ਖਾਣਾ ਅਤੇ ਠੰਡੀ ਬੀਅਰ ਪੀਣੀ ਅਤੇ ਇਮਾਨਦਾਰੀ ਨਾਲ ਨੌਕਰੀ ਕਰਨ ਨੂੰ ਹੀ ਸੰਪੂਰਨ ਜੀਵਨ ਸਮਝਣ ਲਗ ਪਿਆ ਸੀ ਪਰ ਅਸਲ ਚੀਜ਼ ਤੋਂ ਸੌ ਕੋਹਾਂ ਦੂਰ ਸੀ।

**16 ਨਵੰਬਰ 1987 (ਸੋਮਵਾਰ) ਦੀ ਘਟਨਾ–** ਨਿਊ ਲਾਲ ਬਾਗ਼ ਵਿਖੇ ਸਾਡੇ ਗੁਆਂਢ ਵਿਚ ਇਕ ਡਾਕਟਰ ਟੰਡਨ ਰਹਿੰਦਾ ਸੀ, ਜੋ ਮੇਰਾ ਦੋਸਤ ਬਣ ਗਿਆ ਸੀ। ਸਾਡੇ ਮਹਿਕਮੇ ਦਾ ਇਕ ਕਰਮਚਾਰੀ ਸ. ਜਰਨੈਲ ਸਿੰਘ ਚੰਡੀਗੜ੍ਹ ਈ.ਟੀ.ਓ. ਲਗਾ ਹੋਇਆ ਸੀ। ਡਾਕਟਰ ਟੰਡਨ ਨੂੰ ਮਾਰੂਤੀ ਕਾਰ ਦੀ ਅਲਾਟਮੈਂਟ ਆ ਗਈ, ਜੋ ਉਸ ਨੇ ਚੰਡੀਗੜ੍ਹ ਤੋਂ ਲੈਣੀ ਸੀ। ਮੈਨੂੰ ਡਾਕਟਰ ਟੰਡਨ, ਮਹਿਕਮੇ ਦਾ ਅਸਰ ਰਸੂਖ ਵਰਤਣ ਲਈ ਲਿਜਾ ਰਿਹਾ ਸੀ। ਮੇਰੇ ਕੋਲ ਪੁਰਾਣੀ ਫੀਏਟ ਕਾਰ ਸੀ ਜੋ ਮੈਂ 1985 ਵਿਚ ਲਈ ਸੀ। ਉਹ ਇਕ ਦੋ ਘੰਟੇ ਤਾਂ ਸਟਾਰਟ ਹੀ ਨਾ ਹੋਈ। ਉਸ ਵੇਲੇ ਸਾਨੂੰ ਰੱਬ ਦੇ ਇਸ਼ਾਰੇ ਸਮਝ ਨਹੀਂ ਆਉਂਦੇ ਸਨ। ਖੈਰ 11 ਕੁ ਵਜੇ ਗੱਡੀ ਸਟਾਰਟ ਹੋ ਗਈ

ਅਤੇ ਅਸੀਂ ਚੰਡੀਗੜ੍ਹ ਲਈ ਚੱਲ ਪਏ। ਪੌਣੇ ਇਕ ਵਜੇ ਅਸੀਂ ਬਨੂੜ ਦੇ ਨੇੜੇ ਸੀ ਕਿ ਕਿਸੇ ਟਰੱਕ ਦਾ ਸੱਜਾ ਟਾਇਰ ਫੱਟ ਗਿਆ ਅਤੇ ਟਰੱਕ ਸੱਜੇ ਪਾਸੇ ਹੀ ਮੁੜ ਗਿਆ। ਮੇਰੀ ਫੀਏਟ ਕਾਰ ਡਾਕਟਰ ਟੰਡਨ ਚਲਾ ਰਹੇ ਸਨ ਅਤੇ ਮੈਂ ਉਹਨਾਂ ਦੇ ਬਰਾਬਰ ਵਾਲੀ ਸੀਟ 'ਤੇ ਬੈਠਾ ਸੀ। ਮੈਨੂੰ ਇੰਝ ਲੱਗਾ ਕਿ ਮੌਤ ਆ ਗਈ ਹੈ। ਇਕ ਖਿਆਲ ਮੇਰੇ ਦਿਮਾਗ ਵਿਚ ਆਇਆ ਕਿ ਮੈਂ ਤਾਂ ਟੈਕਸ ਹੀ ਇਕੱਠਾ ਕਰਦਾ ਰਿਹਾ, ਪਾਠ ਤਾਂ ਕੀਤਾ ਹੀ ਨਹੀਂ। ਇੰਨੇ ਵਿਚ ਸਾਡੀ ਗੱਡੀ ਖੱਬੇ ਮੁੜ ਕੇ ਰੁਕ ਗਈ। ਮੇਰੀ ਜੀਭ ਕੱਟ ਗਈ ਅਤੇ ਖੂਨ ਦੇ ਫੁਹਾਰੇ ਡਾਕਟਰ ਟੰਡਨ ਉੱਤੇ ਪੈ ਗਏ। ਮੇਰੀ ਪਤਨੀ ਪਿਛਲੀ ਸੀਟ ਤੇ ਬੈਠੀ ਸੀ। ਉਹਨਾਂ ਨੇ ਪਟਿਆਲਾ ਤੋਂ ਚੰਡੀਗੜ੍ਹ ਵੱਲ ਜਾਂਦੀ ਇਕ ਗੱਡੀ ਰੋਕੀ। ਮੈਂ ਪਿਛਲੇ ਪੰਜ ਕੁ ਸਾਲਾਂ ਤੋਂ ਪਟਿਆਲੇ ਜ਼ਿਲ੍ਹੇ ਦਾ ਅਸਿਸਟੈਂਟ ਕਮਿਸ਼ਨਰ ਰਿਹਾ ਸੀ ਜਿਸ ਕਰਕੇ ਮੈਨੂੰ ਸਾਰੇ ਵਪਾਰੀ ਜਾਣਦੇ ਸਨ। ਉਹ ਵਪਾਰੀ ਪੰਚਕੂਲੇ ਜਾ ਰਿਹਾ ਸੀ। ਮੇਰੀ ਪਤਨੀ ਦੇ ਕਹਿਣ ਤੇ ਉਹ ਰੁਕ ਗਿਆ ਅਤੇ ਕਹਿਣ ਲੱਗਾ ਕਿ ਉਹ ਕਿਸੇ ਮੀਟਿੰਗ ਵਿਚ ਜਾ ਰਿਹਾ ਹੈ। ਉਹ ਸਾਨੂੰ ਬਨੂੜ ਤੱਕ ਛੱਡ ਗਿਆ ਅਤੇ ਉਥੇ ਸਾਨੂੰ ਮੁੱਢਲੀ ਡਾਕਟਰੀ ਸਹਾਇਤਾ ਦਿਵਾ ਕੇ ਪਟਿਆਲਾ ਲਈ ਟੈਕਸੀ ਕਰਵਾ ਦਿੱਤੀ। ਦਸ ਦਿਨ ਤੱਕ ਮੈਂ ਬੋਲ ਨਹੀਂ ਸਕਿਆ। ਮੈਨੂੰ ਸੈਂਕੜੇ ਲੋਕ ਘਰ ਮਿਲਣ ਆਉਂਦੇ। ਜੋ ਕੋਈ ਵੀ ਗੱਲ ਕਰਦਾ ਸੀ, ਮੈਂ ਉਸ ਦਾ ਲਿਖ ਕੇ ਜਵਾਬ ਦਿੰਦਾ ਸੀ। ਪੂਰੇ ਦਸ ਦਿਨਾਂ ਬਾਅਦ ਮੇਰੀ ਜਬਾਨ ਮੁੜ ਆ ਗਈ ਤੇ ਮੈਂ ਤੋਤਲਾ ਜਿਹਾ ਬੋਲਣ ਲੱਗ ਪਿਆ।

27 ਨਵੰਬਰ 1987 ਨੂੰ ਮੈਂ ਸਵੇਰੇ ਦਸ ਵਜੇ ਕੇਸੀ ਨਹਾ ਕੇ ਬੈਠਾ ਸੀ ਅਤੇ ਲਾਅਨ ਵਿਚ ਕੇਸ ਸੁਕਾ ਰਿਹਾ ਸੀ। ਮੇਰੇ ਸਹੁਰਾ ਸਾਹਿਬ, ਇਕ ਬਾਬਾ ਜੀ ਕੋਲ ਜਾਂਦੇ ਸਨ। ਮੈਂ ਉਹਨਾਂ ਨੂੰ ਯਾਦ ਕੀਤਾ ਤੇ ਉਹਨਾਂ ਨੂੰ ਪੰਜ ਵਜੇ ਮੈਨੂੰ ਮਿਲਣ ਲਈ ਕਿਹਾ। ਮੈਂ ਉਹਨਾਂ ਨੂੰ ਨਾ ਕੋਈ ਟੈਲੀਫੋਨ ਕੀਤਾ ਅਤੇ ਨਾ ਹੀ ਕੋਈ ਸੁਨੇਹਾ ਭੇਜਿਆ। ਉਧਰ, ਬਾਬਾ ਜੀ ਜੋ ਛੋਟੀ ਜਿਹੀ ਦੁਕਾਨ ਕਰਦੇ ਸਨ, ਨੂੰ ਪਤਾ ਲੱਗ ਗਿਆ ਕਿ ਮੈਂ ਉਹਨਾਂ ਨੂੰ ਯਾਦ ਕਰ ਰਿਹਾ ਹਾਂ। ਉਹਨਾਂ ਕੋਲ ਇਕ ਸੇਵਕ ਆਇਆ, ਉਸ ਨੂੰ ਬਾਬਾ ਜੀ ਕਹਿਣ ਲੱਗੇ ਕਿ ਕਾਲੇਕਾ ਸਾਹਿਬ ਨੇ ਆਪਾਂ ਨੂੰ ਪੰਜ ਵਜੇ ਬੁਲਾਇਆ ਹੈ। ਸ਼ਾਮ ਨੂੰ ਪੂਰੇ ਪੰਜ ਵਜੇ ਬਾਬਾ ਜੀ ਮੇਰੇ ਘਰ ਦੇ ਸਾਹਮਣੇ ਖੜ੍ਹੇ ਸਨ। ਮੇਰੀ ਪਤਨੀ ਨੇ ਉਹਨਾਂ ਦਾ ਸਵਾਗਤ ਕੀਤਾ। ਮੈਂ ਕਿਹਾ ਬਾਬਾ ਜੀ ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ। ਬਾਬਾ ਜੀ ਕਹਿਣ ਲੱਗੇ,"ਅੱਜ ਕੰਮ ਤੁਹਾਨੂੰ ਹੈ ਸਾਨੂੰ ਨਹੀਂ।" ਮੈਂ ਕਿਹਾ," ਮੈਂ ਹੀ ਤੁਹਾਨੂੰ ਯਾਦ ਕੀਤਾ ਸੀ।" ਉਹ ਕਹਿਣ ਲੱਗੇ," ਮੈਨੂੰ ਸੁਨੇਹਾ ਮਿਲ ਗਿਆ ਸੀ।" ਬਾਬਾ ਜੀ ਮੇਰੇ ਘਰ ਪਹਿਲੀ ਵਾਰ ਆਏ ਸਨ। ਮੈਂ ਕਿਹਾ ਰੱਬ ਦਾ ਕੰਨ ਮੂੰਹ ਕੁਝ ਤਾਂ ਦਿਖਾਓ। ਉਹ ਕਹਿਣ ਲੱਗੇ ਸਭ ਕੁਝ ਦਿਖ ਜਾਏਗਾ। ਉਹ ਕਹਿਣ ਲੱਗੇ," ਅੰਦਰ ਤਾਂ ਮਹਾਰਾਜ ਦਾ ਪ੍ਰਕਾਸ਼ ਹੈ ਤੇ ਬਾਹਰ ਤੁਸੀਂ ਮੀਟ ਸ਼ਰਾਬ ਖਾਂਦੇ ਪੀਂਦੇ ਹੋ। ਰੱਬ ਕਿਵੇਂ ਮਿਲੇਗਾ? ਤੁਸੀਂ ਆਪਣੀ ਕਾਰਜਸ਼ੈਲੀ ਸੁਧਾਰੋ।" ਮੈਂ ਛੇ ਮਹੀਨੇ ਮੀਟ ਸ਼ਰਾਬ ਬਿਲਕੁਲ ਬੰਦ ਕਰ ਦਿੱਤਾ। ਹੁਣ ਮੈਂ ਬਾਬਾ ਜੀ ਕੋਲ ਵੀ ਹਾਜ਼ਰੀ

ਭਰਨ ਜਾਣ ਲੱਗ ਪਿਆ। ਮੈਂ ਜਦੋਂ ਵੀ ਬਾਬਾ ਜੀ ਕੋਲ ਜਾਂਦਾ ਤਾਂ ਉਹ ਮੀਟ ਸ਼ਰਾਬ ਬਾਰੇ ਜ਼ਰੂਰ ਪੁੱਛਦੇ ਸਨ। ਉਹਨਾਂ ਦੇ ਕਹਿਣ ਦਾ ਅਸਰ ਦਿਨੋਂ ਦਿਨ ਵੱਧ ਰਿਹਾ ਸੀ। ਪਹਿਲਾਂ ਪਹਿਲ ਤਾਂ ਮੈਂ ਕਦੇ ਖਾ ਪੀ ਲੈਂਦਾ ਅਤੇ ਕਦੇ ਛੱਡ ਦਿੰਦਾ ਸੀ। 1998 ਤੱਕ ਮੈਂ ਪੰਜ ਸਾਲ ਮੀਟ ਸ਼ਰਾਬ ਛੱਡ ਕੇ ਅਪ੍ਰੈਲ 1998 ਦੇ ਮਹੀਨੇ ਫਿਰ ਖਾਣ ਲੱਗ ਪਿਆ। ਅਸੀਂ ਪੰਜ ਸਾਲ ਦੀ ਛੁੱਟੀ ਖਤਮ ਕਰਕੇ ਭਾਰਤ ਆ ਗਏ।

ਬਾਬਾ ਜੀ ਨੂੰ ਅਸੀਂ ਅਮਰੀਕਾ ਹੀ ਬੁਲਾ ਲਿਆ ਸੀ ਅਤੇ ਉਹ ਕੁਝ ਹਫਤੇ ਸਾਡੇ ਕੋਲ ਰਹਿ ਕੇ ਕੈਲੀਫੋਰਨੀਆ ਚਲੇ ਗਏ। ਜਿਥੇ ਤਕਰੀਬਨ ਦਸ ਕੁ ਸਾਲ ਰਹੇ। ਬਾਬਾ ਜੀ ਨਾਲ ਇਸ ਸਾਰੇ ਸਮੇਂ ਅਸੀਂ ਟੈਲੀਫੋਨ ਰਾਹੀਂ ਸੰਪਰਕ ਵਿਚ ਰਹੇ। ਇਕ ਦਿਨ ਬਾਬਾ ਜੀ ਨੇ ਪੁੱਛਿਆ ਕਿ ਮੀਟ ਸ਼ਰਾਬ ਦਾ ਕੀ ਹਾਲ ਹੈ। ਮੈਂ ਕਿਹਾ, ਬਾਬਾ ਜੀ ਸਾਡੇ ਵਿਚ ਤਾਂ ਕੋਈ ਸ਼ਕਤੀ ਨਹੀਂ, ਇਹ ਤਾਂ ਤੁਸੀਂ ਹੀ ਛੁਡਾ ਸਕਦੇ ਹੋ। ਕਹਿਣ ਲੱਗੇ ਚਲੋ ਸਾਲ ਦੋ ਸਾਲ ਹੋਰ ਖਾ ਲਉ, ਛੁਡਾ ਦਿਆਂਗੇ। 2001 ਵਿਚ ਮੇਰਾ ਅੰਮ੍ਰਿਤ ਛੱਕਣ ਦਾ ਮਨ ਬਣ ਗਿਆ। ਵਿਸਾਖੀ ਵਾਲੇ ਦਿਨ ਮੈਂ ਆਨੰਦਪੁਰ ਸਾਹਿਬ ਤੋਂ ਅੰਮ੍ਰਿਤ ਛੱਕ ਲਿਆ। ਉਸ ਤੋਂ ਬਾਅਦ ਕਿੰਨੇ ਹੀ ਸਾਲ ਹੋ ਗਏ ਹਨ ਮੈਂ ਕਦੇ ਵੀ ਮੀਟ ਸ਼ਰਾਬ ਬਾਰੇ ਸੋਚਿਆ ਵੀ ਨਹੀਂ।

**5. 2002 ਤੋਂ ਹੁਣ ਤੱਕ–** 2001 ਵਿਚ ਰਾਜਿੰਦਰਾ ਜਿਮਖਾਨਾ ਕਲੱਬ, ਪਟਿਆਲਾ ਦੀਆਂ ਚੋਣਾਂ ਹੋਣੀਆਂ ਸਨ। ਮੈਂ ਕਲੱਬ ਦੇ ਕੰਮਾਂ ਵਿਚ ਬਹੁਤ ਦਿਲਚਸਪੀ ਲੈਂਦਾ ਸੀ। ਲੋਕਾਂ ਨੇ ਮੈਨੂੰ ਪ੍ਰਧਾਨ ਦੀਆਂ ਚੋਣਾਂ ਲੜਨ ਲਈ ਉਤਸ਼ਾਹਿਤ ਕੀਤਾ। ਮੈਂ ਆਪਣੀ ਪਤਨੀ ਨੂੰ ਕਿਹਾ ਕਿ ਮੈਂ ਕੁਝ ਖਾਂਦਾ ਪੀਂਦਾ ਤਾਂ ਹੈ ਨਹੀਂ। ਉਸ ਨੇ ਹੱਸ ਕੇ ਕਿਹਾ," ਇਕ ਸਾਲ ਹੋਰ ਸ਼ਰਾਬੀਆਂ ਦੀ ਸੇਵਾ ਹੀ ਕਰ ਲਉ।" 2001 ਵਿਚ ਕਲੱਬ ਦੀਆਂ ਚੋਣਾਂ ਹੋਈਆਂ ਅਤੇ ਮੈਂ ਸਤਾਰਾਂ ਸੌ ਵੋਟਾਂ ਵਿਚੋਂ ਇਕ ਹਜ਼ਾਰ ਚਾਰ ਵੋਟਾਂ ਨਾਲ ਜਿੱਤ ਗਿਆ।

ਉਹਨਾਂ ਦਿਨਾਂ ਵਿਚ ਹੀ ਅਮਰੀਕਾ ਦੇ ਦੋ ਵੱਡੇ ਟਾਵਰਾਂ ਤੇ ਮੁਸਲਮਾਨ ਅੱਤਵਾਦੀਆਂ ਵੱਲੋਂ ਹਮਲਾ ਕੀਤਾ ਗਿਆ। ਪੂਰੇ ਅਮਰੀਕਾ ਵਿਚ ਮੁਸਲਮਾਨਾਂ ਵਿਰੁੱਧ ਗੁੱਸਾ ਅਤੇ ਨਫ਼ਰਤ ਸੀ। ਇਸ ਨਫ਼ਰਤ ਨਾਲ ਸਿੱਖਾਂ ਨੂੰ ਕਾਫ਼ੀ ਨੁਕਸਾਨ ਹੋਇਆ। ਮੇਰਾ ਵੱਡਾ ਲੜਕਾ ਗੁਰਮੀਤ ਜੋ ਇੰਜੀਨੀਅਰਿੰਗ ਕਰਕੇ ਆਪਣਾ ਵਪਾਰ ਕਰ ਰਿਹਾ ਸੀ ਅਤੇ ਉਹ ਪੱਗ ਵੀ ਬੰਨਦਾ ਹੈ। ਉਸ ਕੋਲ ਮਰਸਡੀਜ਼ ਕਾਰ ਸੀ। ਅਮਰੀਕਨ ਪੁਲਿਸ ਅਫ਼ਸਰ ਉਸ ਨੂੰ ਮੁਸਲਮਾਨ ਸਮਝ ਕੇ ਉਸ ਦੀ ਗੱਡੀ ਰੋਕ ਲੈਂਦੇ ਅਤੇ ਉਸ ਨੂੰ ਪਰੇਸ਼ਾਨ ਕਰਦੇ। ਸਵੇਰ ਸ਼ਾਮ ਉਹ ਸਾਡੇ ਨਾਲ ਗੱਲ ਕਰਦਾ ਅਤੇ ਇਸ ਪ੍ਰੇਸ਼ਾਨੀ ਬਾਰੇ ਦੱਸਦਾ। ਮੈਂ ਅਤੇ ਮੇਰੀ ਪਤਨੀ ਬਹੁਤ ਚਿੰਤਤ ਹੋ ਗਏ। ਮੇਰੀ ਪਤਨੀ ਦੀ 2003 ਵਿਚ ਰਿਟਾਇਰਮੈਂਟ ਹੋਣੀ ਸੀ ਪਰੰਤੂ ਇਸ ਘਟਨਾ ਦੇ ਵਾਪਰਨ ਕਰਕੇ ਉਸ ਨੇ 2002 ਵਿਚ ਹੀ ਰਿਟਾਇਰਮੈਂਟ ਲੈ ਲਈ। ਅਸੀਂ ਦੋਹੇਂ ਜਣੇ ਪਟਿਆਲੇ ਘਰ ਨੂੰ ਜ਼ਿੰਦਰਾ ਲਾ ਕੇ ਫਿਰ ਅਪ੍ਰੈਲ 2002 ਵਿਚ ਅਮਰੀਕਾ ਚਲੇ ਗਏ। ਅਸੀਂ ਫੰਡੂਲਾਕ ਤਿੰਨ ਬੈਡਰੂਮ ਵਾਲੇ ਮਕਾਨ ਵਿਚ ਰਹਿੰਦੇ ਸੀ। ਇਥੇ ਆ ਕੇ ਮਨ ਹੋਰ ਭਗਤੀ ਵੱਲ

ਤੁਰਨ ਲੱਗ ਪਿਆ ਅਤੇ ਮੇਰੇ ਨਿਤਨੇਮ ਵਿਚ ਵਾਧਾ ਹੋਇਆ।

ਮੈਨੂੰ ਮਹਿਸੂਸ ਹੁੰਦਾ ਸੀ ਕਿ ਮੇਰੀ ਸੱਠ ਸਾਲ ਦੀ ਹੋ ਉਮਰ ਹੋ ਗਈ ਹੈ ਪਰ ਮੈਨੂੰ ਬਾਣੀ ਤਾਂ ਕੰਠ ਹੀ ਨਹੀਂ ਹੋਈ। ਮੈਂ ਗੁਰਬਾਣੀ ਕੰਠ ਕਰਨੀ ਸ਼ੁਰੂ ਕਰ ਦਿੱਤੀ। ਮੈਂ ਡਾਇਨਿੰਗ ਰੂਮ ਵਿਚ ਭੁੰਜੇ ਹੀ ਸੌਂਦਾ ਸੀ ਤੇ ਸਾਰੀ ਰਾਤ ਪਾਠ ਸੁਣਦਾ ਸੀ। ਤਕਰੀਬਨ ਅਗਲੇ ਛੇ ਸਾਲਾਂ ਵਿਚ ਮੈਂ ਜਾਪੁ ਸਾਹਿਬ ਦਾ ਪਾਠ ਵੀ ਕੰਠ ਕਰ ਲਿਆ। ਬਾਣੀ ਕੰਠ ਕਰਕੇ ਅਤੇ ਅਰਥਾਂ ਸਮੇਤ ਪੜ੍ਹਨ ਦਾ ਆਨੰਦ ਹੀ ਵੱਖਰਾ ਹੁੰਦਾ ਹੈ। ਪਹਿਲੀ ਵਾਰ ਸਾਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਿਆਂ 2002 ਵਿਚ ਖੁਸ਼ਬੂ ਆਈ। ਇਹ ਬਹੁਤ ਅਲੱਗ ਕਿਸਮ ਦੀ ਖੁਸ਼ਬੂ ਸੀ। ਮੈਨੂੰ ਲੱਗਾ, ਸ਼ਾਇਦ ਅਗਰਬੱਤੀ ਜਾਂ ਧੂਫ ਆਦਿ ਦੀ ਖੁਸ਼ਬੂ ਹੈ। ਮੇਰੇ ਦੋਹੇਂ ਲੜਕੇ ਗੁਰਮੀਤ ਤੇ ਗੁਰਜੀਤ ਪਾਠ ਸੁਣ ਰਹੇ ਸਨ। ਮੈਨੂੰ ਬਹੁਤ ਆਤਮਕ ਆਨੰਦ ਮਹਿਸੂਸ ਹੋਇਆ। ਮੈਂ ਆਪਣੇ ਦੋਹੇਂ ਬੱਚਿਆਂ ਨੂੰ ਪੁੱਛਿਆ ਕਿ ਤੁਸੀਂ ਕੁਝ ਅਨੁਭਵ ਕੀਤਾ। ਛੋਟਾ ਲੜਕਾ ਕਹਿਣ ਲੱਗਾ ਕਿ ਮੈਨੂੰ ਖੁਸ਼ਬੂ ਆਈ, ਵੱਡਾ ਲੜਕਾ ਕਹਿੰਦਾ ਕਿ ਮੈਨੂੰ ਕੋਈ ਖੁਸ਼ਬੂ ਨਹੀਂ ਆਈ।

ਸਾਡਾ ਫੰਡੂਲਾਕ ਵਾਲਾ ਵਪਾਰ ਜੋ ਸਤੰਬਰ 2001 ਵਿਚ 3,62,000 ਡਾਲਰ ਵਿੱਚ ਖ਼ਰੀਦਿਆ ਸੀ, ਜਨਵਰੀ 2003 ਵਿਚ 4,90,000 ਦਾ ਵਿਕ ਗਿਆ। ਇਸ ਮੁਨਾਫੇ ਨਾਲ ਅਸੀਂ ਓਸ਼ਕੋਸ਼ ਸ਼ਹਿਰ ਵਿਚ 14,50,000 ਡਾਲਰ ਵਿਚ ਟਰੱਕ ਸਟਾਪ ਲੈ ਲਿਆ। ਅਪ੍ਰੈਲ 2003 ਵਿਚ ਅਸੀਂ ਟਰੱਕ ਸਟਾਪ ਲੈਣ ਦੇ ਨਾਲ ਉਥੇ ਹੀ ਤਿੰਨ ਬੈੱਡਰੂਮ ਵਾਲਾ ਮਕਾਨ ਕਿਰਾਏ 'ਤੇ ਲੈ ਲਿਆ।

1998 ਵਿਚ ਅਸੀਂ ਮੈਡੀਸਨ ਸ਼ਹਿਰ ਤੋਂ ਐਪਲਟਨ ਆ ਗਏ ਸੀ। ਅਸੀਂ ਮੈਡੀਸਨ ਜੋ ਐਪਲਟਨ ਤੋਂ 110 ਮੀਲ ਦੂਰ ਸੀ, ਦੀ ਪ੍ਰਾਪਰਟੀ Stop-n-shop ਨੂੰ ਵੇਚਣਾ ਚਾਹੁੰਦੇ ਸੀ। ਸਾਡਾ ਵਪਾਰ ਵਿਕ ਨਹੀਂ ਰਿਹਾ ਸੀ। ਪਹਿਲਾਂ ਮੈਡੀਸਨ ਦੇ ਕਿਰਾਏਦਾਰ ਤੰਗ ਕਰਦੇ ਰਹੇ। ਜੋ ਵੀ ਖਰੀਦਦਾਰ ਵਪਾਰ ਦੇਖਣ ਆਉਂਦਾ, ਕਿਰਾਏਦਾਰ ਉਸ ਨੂੰ ਭਜਾ ਦਿੰਦਾ। ਅਸੀਂ ਕਿਰਾਏਦਾਰ ਨੂੰ ਕੱਢ ਦਿੱਤਾ। ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿੱਚ ਜਾ ਕੇ ਪ੍ਰਭੂ ਜੀ ਨੂੰ ਮੈਡੀਸਨ ਵਾਲੇ ਵਪਾਰ ਨੂੰ ਵੇਚਣ ਦੀ ਬੇਨਤੀ ਕੀਤੀ। ਅਗਲੇ ਦਿਨ ਹੀ ਮੈਨੂੰ ਕਿਸੇ ਯਹੂਦੀ ਗੋਰੇ ਦਾ ਫੋਨ ਆ ਗਿਆ। ਸਾਡੀ ਟੈਲੀਫੋਨ ਤੇ ਹੀ ਵਪਾਰ ਸਬੰਧੀ ਗੱਲਬਾਤ ਹੋ ਗਈ। ਮੈਂ ਦੋ ਲੱਖ ਡਾਲਰ ਕੀਮਤ ਮੰਗੀ ਅਤੇ ਉਹ ਇਕ ਲੱਖ ਪਚੱਤਰ ਹਜ਼ਾਰ ਡਾਲਰ ਦੀ ਪੇਸ਼ਕਸ਼ ਦੇ ਰਿਹਾ ਸੀ। ਅਖੀਰ ਸੌਦਾ 1.86 ਲੱਖ ਡਾਲਰ ਤੇ ਤੈਅ ਹੋ ਗਿਆ। ਸਤੰਬਰ 2004 ਵਿਚ ਰਜਿਸਟਰੀ ਹੋ ਗਈ ਅਤੇ ਸਾਨੂੰ ਇਸ ਵਪਾਰ ਵਿਚੋਂ ਬੈਂਕ ਦੇ ਕਰਜ਼ੇ ਆਦਿਕ ਵਾਪਸ ਕਰਕੇ ਇਕ ਲੱਖ ਡਾਲਰ ਬਚ ਗਿਆ।

ਹੁਣ ਸਾਨੂੰ ਪ੍ਰਭੂ ਅਤੇ ਗੁਰੂ ਉੱਤੇ ਹੋਰ ਵਿਸ਼ਵਾਸ ਵਧ ਗਿਆ। ਮੈਂ ਦੁਬਾਰਾ ਗੁਰੂ ਸਾਹਿਬ ਦੇ ਕਮਰੇ ਵਿਚ ਗਿਆ ਅਤੇ ਬੇਨਤੀ ਕੀਤੀ," ਮਹਾਰਾਜ ਸਾਨੂੰ ਤਾਂ ਕਾਰੋਬਾਰ ਕਰਨਾ ਨਹੀਂ ਆਉਂਦਾ। ਦਸ ਰੁਪਏ ਦੀ ਚੀਜ਼ ਅਸੀਂ ਪੰਦਰਾ ਰੁਪਏ ਦੀ

ਖਰੀਦ ਲੈਂਦੇ ਹਾਂ ਅਤੇ ਦਸ ਵਾਲੀ ਚੀਜ਼ ਅੱਠ ਰੁਪਏ ਵਿਚ ਵੇਚਦੇ ਹਾਂ। ਜੋ ਵੀ ਪੈਸਾ ਬਚਿਆ ਹੈ, ਕ੍ਰਿਪਾ ਕਰਕੇ ਤੁਸੀਂ ਆਪ ਹੀ ਨਿਵੇਸ਼ ਕਰਵਾਉ।" ਮੈਂ ਜਦੋਂ ਅਰਦਾਸ ਕੀਤੀ ਤਾਂ ਗੁਰੂ ਮਹਾਰਾਜ ਦੇ ਕਮਰੇ ਦੀ ਪਿਛਲੀ ਕੰਧ ਉਤੇ ਤਿੰਨ ਟਿਊਬਾਂ ਦਿਖੀਆਂ। ਦੋ ਵੱਡੀਆਂ ਅਤੇ ਇਕ ਛੋਟੀ। ਮੈਨੂੰ ਮਹਿਸੂਸ ਹੋਇਆ ਕਿ ਸਾਨੂੰ ਆਉਣ ਵਾਲੇ ਸਮੇਂ ਵਿਚ ਤਿੰਨ ਵਪਾਰ ਮਿਲਣੇ ਹਨ। ਮੈਂ ਇਹ ਗੱਲ ਆਪਣੇ ਦੋਹਾਂ ਪੁੱਤਰਾਂ ਨੂੰ ਦੱਸੀ। ਛੋਟਾ ਪੁੱਤਰ ਗੁਰਜੀਤ ਕਹਿਣ ਲੱਗਾ ਡਾਲਰ ਤਾਂ ਇਕ ਲੱਖ ਹਨ, ਤਿੰਨ ਵਪਾਰ ਕਿਵੇਂ ਮਿਲਣਗੇ? ਮੈਂ ਕਿਹਾ," ਪੁੱਤਰ, ਇਹ ਰੱਬ ਜੀ ਦਾ ਹੁਕਮ ਹੈ, ਅਤੇ ਰੱਬ ਦਾ ਹੁਕਮ ਅਟੱਲ ਹੁੰਦਾ ਹੈ।" 2005 ਵਿਚ ਅਸੀਂ ਇਕ ਲੱਖ ਡਾਲਰ ਨਾਲ ਤਿੰਨ ਵਪਾਰ ਅਤੇ ਗਿਆਰਾਂ ਏਕੜ ਦਾ ਮਕਾਨ ਖਰੀਦ ਲਿਆ। ਜ਼ਿਆਦਾ ਵਿਸਥਾਰ ਪੜ੍ਹਨ ਲਈ ਦੂਜੀ ਕਿਤਾਬ ਰਣ ਭੂਮੀ ਅਮਰੀਕਾ ਪੜ੍ਹੋ ਜਿਸ ਵਿਚ ਦੱਸਿਆ ਗਿਆ ਹੈ ਕਿ ਗੁਰੂ ਕਿੰਨਾ ਬੇਅੰਤ ਹੈ। ਉਹ ਸਾਡੇ ਵਰਗੇ ਜ਼ਿਮੀਦਾਰ ਅਤੇ ਸਿੱਧੇ ਸਾਦੇ ਲੋਕਾਂ ਨੂੰ ਵਪਾਰੀ ਬਣਾਉਣ ਦੀ ਸਮਰੱਥਾ ਰੱਖਦਾ ਹੈ।

9 ਮਈ 2005 ਨੂੰ ਓਕਰੀਜ ਵਾਲੇ ਮਕਾਨ ਦੀ ਰਜਿਸਟਰੀ ਸੰਪੂਰਨ ਹੋ ਗਈ। ਪਹਿਲੀ ਵਾਰੀ ਅਸੀਂ ਮਾਲਕ ਦੇ ਤੌਰ ਤੇ ਮੈਂ, ਮੇਰੀ ਪਤਨੀ, ਮੇਰਾ ਵੱਡਾ ਲੜਕਾ, ਉਸ ਦੀ ਪਤਨੀ ਅਤੇ ਬੇਟੀ ਨੇ ਮਕਾਨ ਦਾ ਤਾਲਾ ਖੋਲ੍ਹਿਆ ਅਤੇ ਪ੍ਰਭੂ ਅਤੇ ਗੁਰੂ ਦਾ ਲੱਖ ਲੱਖ ਸ਼ੁਕਰ ਕੀਤਾ। ਜਦੋਂ ਅਸੀਂ ਮਕਾਨ ਦਾ ਤਾਲਾ ਖੋਲ੍ਹਿਆ ਤਾਂ ਸਮਝੋ ਪ੍ਰਭੂ ਨੇ ਕ੍ਰਿਪਾ ਕਰ ਦਿੱਤੀ। ਸਾਨੂੰ ਇਕ ਬੱਦਲ ਦਿਸਿਆ ਜੋ ਸਿਰਫ ਸਾਡੇ ਘਰ ਉਤੇ ਵਾਛੜ ਕਰਕੇ ਲੰਘ ਗਿਆ। ਅਸੀਂ ਆਪਣਾ ਸਾਰਾ ਸਮਾਨ ਨਵੇਂ ਘਰ ਵਿਚ ਸ਼ਿਫਟ ਕਰ ਲਿਆ। ਮੱਧ ਜੂਨ 2005 ਵਿਚ ਅਸੀਂ ਗ੍ਰਹਿ ਪ੍ਰਵੇਸ਼ ਲਈ ਸਹਿਜ ਪਾਠ ਤੇ ਕੀਰਤਨ ਸਮਾਗਮ ਕਰਵਾਇਆ। 200 ਦੇ ਕਰੀਬ ਸੰਗਤਾਂ ਨੇ ਸਮਾਗਮ ਵਿਚ ਹਾਜ਼ਰੀ ਭਰੀ ਅਤੇ ਆਪਣੀਆਂ ਸ਼ੁਭ ਕਾਮਨਾਵਾਂ ਦਿੱਤੀਆਂ। ਦਰਬਾਰ ਸਾਹਿਬ ਦੇ ਸਾਬਕਾ ਰਾਗੀ ਭਾਈ ਨਾਜਰ ਸਿੰਘ ਜੀ ਨੇ ਕੀਰਤਨ ਕੀਤਾ। ਮੈਂ ਉਹਨਾਂ ਨੂੰ

॥ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥

(ਰਾਗੁ ਗਉੜੀ ਦੀਪਕੀ ਮਹਲਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ 12) ਸ਼ਬਦ ਪੜ੍ਹਨ ਲਈ ਕਿਹਾ। ਉਹ ਕਹਿਣ ਲੱਗੇ,"ਇਹ ਤਾਂ ਖੁਸ਼ੀ ਦਾ ਮੌਕਾ ਹੈ ਤੁਸੀਂ ਇਹ ਸ਼ਬਦ ਕਿਉਂ ਪੜ੍ਹਵਾ ਰਹੇ ਹੋ।" ਮੈਂ ਕਿਹਾ,"ਸਾਰਾ ਕੁਝ ਤਾਂ ਮਿਲ ਗਿਆ ਹੈ ਹੁਣ ਤਾਂ ਸਾਹਿਬ ਨੂੰ ਮਿਲਣਾ ਹੀ ਬਾਕੀ ਹੈ।" ਅੱਛਾ ਘਰ ਹੋਣ ਕਰਕੇ ਸਾਕ ਸਬੰਧੀ ਈਰਖਾ ਵੀ ਕਰਦੇ ਹਨ। ਪਰ ਮੈਂ ਸਭ ਨੂੰ ਕਿਹਾ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਬਾਗ਼ ਹੈ ਅਤੇ ਅਸੀਂ ਇਸ ਦੇ ਮਾਲੀ ਤੇ ਚੌਕੀਦਾਰ ਹਾਂ।

ਇਸ ਘਰ ਵਿਚ ਅਸੀਂ ਵੱਡੇ ਕਮਰੇ ਵਿਚ ਮਹਾਰਾਜ ਦਾ ਪ੍ਰਕਾਸ਼ ਕੀਤਾ ਅਤੇ ਉਸ ਕਮਰੇ ਵਿਚ ਸਵੇਰੇ ਸ਼ਾਮ ਪਾਠ ਕਰਦੇ। ਪਾਠ ਕਰਦਿਆਂ ਮੈਨੂੰ ਫਿਰ ਰੂਹਾਨੀ ਜਿਹੀ ਖੁਸ਼ਬੂ ਆਈ। ਹੁਣ ਮੈਨੂੰ ਇਸ ਬਾਰੇ ਸਮਝ ਆ ਚੁੱਕੀ ਸੀ ਕਿ ਇਹ ਰੱਬ ਜੀ ਦੀ ਕ੍ਰਿਪਾ ਹੈ ਜਾਂ ਕੋਈ ਬਖਸ਼ੀ ਹੋਈ ਰੂਹ ਤੁਹਾਨੂੰ ਸ਼ਾਬਾਸ਼ ਦੇਣ ਲਈ ਆਈ ਹੈ।

ਮੈਨੂੰ ਬਚਪਨ ਤੋਂ ਹੀ ਇੰਝ ਪ੍ਰਤੀਤ ਹੁੰਦਾ ਸੀ ਕਿ 64 ਸਾਲ ਦੀ ਉਮਰ ਵਿਚ ਦੱਸਵੇਂ ਪਾਤਸ਼ਾਹ ਦੁਗਾਲ ਪਿੰਡ ਵਿਖੇ ਮੈਨੂੰ ਦਰਸ਼ਨ ਦੇਣਗੇ। ਉਸ ਵੇਲੇ ਸਾਡੇ ਕੋਲ ਦੁਗਾਲ ਪਿੰਡ ਜ਼ਮੀਨ ਸੀ, ਜਿਸਨੂੰ ਵੇਚ ਕੇ ਮੈਂ ਹਿਮਾਚਲ ਵਿਚ ਜ਼ਮੀਨ ਲੈ ਲਈ ਸੀ। ਮੈਂ ਪਾਤਸ਼ਾਹ ਨੂੰ ਬੇਨਤੀ ਕੀਤੀ, " ਹੁਣ ਤਾਂ ਅਸੀਂ ਜ਼ਮੀਨ ਵੇਚ ਦਿੱਤੀ ਹੈ ਤੇ ਅਮਰੀਕਾ ਵਿਚ ਰਹਿੰਦੇ ਹਾਂ। ਤੁਹਾਨੂੰ ਕਿਹੜਾ ਪਾਸਪੋਰਟ ਦੀ ਜ਼ਰੂਰਤ ਹੈ। " ਨਾਲ ਹੀ ਬੇਨਤੀ ਕੀਤੀ ਕਿ ਚਾਰੇ ਸਾਹਿਬਜ਼ਾਦਿਆਂ ਦੇ ਦਰਸ਼ਨ ਵੀ ਕਰਵਾ ਦੇਣਾ। 7 ਮਾਰਚ 2006 ਨੂੰ ਅੰਮ੍ਰਿਤ ਵੇਲੇ ਮੈਨੂੰ ਦੱਸਵੇਂ ਪਾਤਸ਼ਾਹ ਅਤੇ ਚਾਰੇ ਸਾਹਿਬਜ਼ਾਦੇ ਬੈਡ ਰੂਮ ਵਿਚ ਦਿੱਸੇ। ਇਸ ਤਰ੍ਹਾਂ ਮੇਰੇ ਨਾਲ ਪਹਿਲੀ ਵਾਰ ਹੋਇਆ ਸੀ। ਮੈਂ ਡਰ ਕੇ ਅੱਖਾਂ ਮੀਚ ਲਈਆਂ। ਮੈਨੂੰ ਲੱਗਾ ਕਿ ਸ਼ਾਇਦ ਗੁਰੂ ਜੀ ਮੈਨੂੰ ਲੈਣ ਆਏ ਹਨ। ਮੈਨੂੰ ਇੰਝ ਮਹਿਸੂਸ ਹੋਇਆ ਕਿ ਮੈਂ ਮਰਨ ਵਾਲਾ ਹਾਂ। ਪੰਜ ਸੱਤ ਮਿੰਟਾਂ ਬਾਅਦ ਜਦੋਂ ਮੈਨੂੰ ਹੋਸ਼ ਆਈ ਤਾਂ ਮੈਂ ਆਪਣੇ ਆਪ ਨੂੰ ਬਹੁਤ ਕੋਸਿਆ ਕਿ ਮੂਰਖਾ ਕੱਲ੍ਹ ਤਾਂ ਤੂੰ ਮਹਾਰਾਜ ਨੂੰ ਦਰਸ਼ਨਾਂ ਲਈ ਬੇਨਤੀ ਕਰ ਰਿਹਾ ਸੀ। ਅੱਜ ਜਦੋਂ ਪਾਤਸ਼ਾਹ ਆਏ ਤਾਂ ਤੂੰ ਫਤਿਹ ਵੀ ਨਹੀਂ ਬੁਲਾਈ।

ਖੈਰ ਸਮਾਂ ਬੀਤਦਾ ਗਿਆ ਅਤੇ ਜੀਵਨ ਦਾ ਇਕ ਹੋਰ ਸੁਭਾਗਾ ਦਿਨ ਆਇਆ। 13 ਜਨਵਰੀ 2008 ਮੇਰਾ ਜਨਮ ਦਿਨ ਸੀ। ਗਿਆਰਾਂ ਕੁ ਵਜੇ ਮੇਰੀ ਪਤਨੀ ਰਸੋਈ ਵਿਚ ਕੰਮ ਕਰ ਰਹੀ ਸੀ। ਵੱਡਾ ਬੱਚਾ ਕੰਮ ਤੇ ਪੋਤਰੀ ਸਕੂਲ ਗਈ ਸੀ। ਨੂੰਹ ਮਾਰਕੇਟ (ਮਿਸ਼ੀਗਨ) ਵਿਖੇ ਰੈਸੀਡੈਂਸੀ ਕਰ ਰਹੀ ਸੀ। ਤਕਰੀਬਨ ਪੰਜ ਸੌ ਸਕੇਅਰ ਫੁੱਟ ਵਿਚ ਬਣਿਆ ਹੋਇਆ ਲਿਵਿੰਗ ਰੂਮ ਜਿਥੇ ਅਸੀਂ ਬੈਠਦੇ ਸੀ ਅਤੇ ਕਦੇ ਕਦੇ ਅੱਗ ਵੀ ਸੇਕਦੇ ਸੀ। ਉਸ ਲਿਵਿੰਗ ਰੂਮ ਵਿਚ ਮੈਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ। ਪਹਿਲਾਂ ਪਹਿਲ ਮੈਨੂੰ ਦੋ ਲੱਤਾਂ ਦਿਖਾਈ ਦਿੱਤੀਆਂ ਅਤੇ ਫਿਰ ਇਹ ਪੂਰਾ ਸਰੀਰ ਬਣ ਗਿਆ। ਇਹ ਗੁਰੂ ਨਾਨਕ ਦੇਵ ਜੀ ਦਾ ਸਰੂਪ ਸੀ। ਗੁਰੂ ਨਾਨਕ ਪਾਤਸ਼ਾਹ ਨੇ ਦੋਵੇਂ ਹੱਥਾਂ ਨਾਲ ਮੈਨੂੰ ਆਸ਼ੀਰਵਾਦ ਦਿੱਤਾ ਅਤੇ ਕੁਝ ਪਲਾਂ ਵਿਚ ਹੀ ਉਹ ਅਲੋਪ ਹੋ ਗਏ। ਇਸ ਦ੍ਰਿਸ਼ ਨੇ ਮੇਰੇ ਜੀਵਨ ਨੂੰ ਬਦਲ ਦਿੱਤਾ। ਮੈਨੂੰ ਰੱਬ ਜੀ ਦੀ ਹੋਂਦ ਅਤੇ ਸ਼ਕਤੀ ਵਿਚ ਪੂਰਾ ਵਿਸ਼ਵਾਸ ਹੋ ਗਿਆ। ਗੁਰੂ ਸਾਹਿਬ ਦੇ ਦਰਸ਼ਨ ਕਰਕੇ ਮੈਂ ਨਿਹਾਲ-ਨਿਹਾਲ ਹੋ ਗਿਆ। ਮੇਰਾ ਸੋਚਣ ਸਮਝਣ ਦਾ ਤਰੀਕਾ ਬਦਲ ਗਿਆ, ਇੰਝ ਸਮਝੋ ਕਿ ਮੇਰਾ ਜੀਵਨ ਆਨੰਦਿਤ ਹੋ ਗਿਆ। ਮੇਰੇ ਅਧਿਆਤਮਕ ਜੀਵਨ ਵਿਚ ਆਨੰਦ ਅਤੇ ਖੇੜਾ ਆ ਗਿਆ। ਹਰ ਵੇਲੇ ਮੈਂ ਸਰੂਰ ਵਿਚ ਰਹਿਣ ਲੱਗਾ। ਸਾਡੀਆਂ ਦੁਨਿਆਵੀਂ ਲੋੜਾਂ ਪੂਰੀਆਂ ਹੋ ਗਈਆਂ ਸਨ। ਬਲਕਿ ਪ੍ਰਭੂ ਜੀ ਨੇ ਸਾਨੂੰ ਉਹ ਵੀ ਦੇ ਦਿੱਤਾ ਜੋ ਅਸੀਂ ਮੰਗਿਆ ਨਹੀਂ ਸੀ। ਜਿਵੇਂ ਕਬੀਰ ਜੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਦੇ ਹਨ,

॥ ਕਹੁ ਕਬੀਰ ਜਨ ਜਾਨਿਆ ॥ ਜਉ ਜਾਨਿਆ ਤਉ ਮਨੁ ਮਾਨਿਆ ॥

(ਰਾਗ ਸੋਰਠਿ ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ 656)

ਮੇਰੇ ਮਨ ਨੂੰ ਪੂਰੀ ਤਰ੍ਹਾਂ ਵਿਸ਼ਵਾਸ ਹੋ ਗਿਆ ਕਿ ਗੁਰਬਾਣੀ ਵਿਚ ਜੋ ਕੁਝ ਲਿਖਿਆ

ਨਿਰੋਲ ਸੱਚ ਹੈ, ਸੱਚ ਤੋਂ ਬਿਨਾਂ ਕੁਝ ਵੀ ਨਹੀਂ ਹੈ। ਮੈਂ ਅਧਿਆਤਮਕ ਦੀ ਐੱਮ.ਏ. ਕਰਨ ਬਾਰੇ ਸੋਚਣ ਲੱਗਾ। ਮੈਂ ਆਪਣੇ ਨਜ਼ਦੀਕੀ ਦੋਸਤ ਡਾ. ਰਣਬੀਰ ਸਿੰਘ ਸਰਾਓ ਨਾਲ ਗੱਲਬਾਤ ਕੀਤੀ। ਅੱਧੀ ਤਿਆਰੀ ਮੈਂ ਅਮਰੀਕਾ ਵਿਚ ਸ਼ੁਰੂ ਕਰ ਦਿੱਤੀ ਸੀ। ਮੈਂ ਫਰਵਰੀ 2008 ਨੂੰ ਕੁਝ ਮਹੀਨਿਆਂ ਲਈ ਭਾਰਤ ਆਇਆ ਅਤੇ ਐੱਮ.ਏ. ਰਿਲੀਜੀਅਸ ਸਟੱਡੀ ਦਾ ਪਹਿਲਾ ਸਾਲ ਲਾ ਕੇ ਤਕਰੀਬਨ ਮਈ ਜੂਨ ਦੇ ਮਹੀਨੇ ਵਾਪਸ ਅਮਰੀਕਾ ਚਲਾ ਗਿਆ। ਹੁਣ ਮੈਨੂੰ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਨਿਜਾਤ ਮਿਲ ਚੁੱਕੀ ਸੀ। ਦੋਹੇਂ ਬੱਚੇ ਵਿਆਹੇ ਗਏ ਸਨ ਅਤੇ ਆਪਣੇ ਕੰਮ ਕਾਰ ਵਿਚ ਚੰਗੇ ਸਥਾਪਿਤ ਸਨ।

ਸਾਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਰੱਬ ਜੀ ਸਾਡੀ ਗੱਲ ਸੁਣਦੇ ਹਨ। ਉਦਾਹਰਨ ਦੇ ਤੌਰ ਤੇ ਸਾਡੇ ਛੋਟੇ ਲੜਕੇ ਦੇ ਘਰ ਔਲਾਦ ਨਹੀਂ ਸੀ। ਮੇਰੀ ਪਤਨੀ ਨੇ ਮੈਨੂੰ ਪਟਿਆਲੇ ਵਿਖੇ ਸਹਿਜ ਪਾਠ ਜਾਂ ਅਖੰਡ ਪਾਠ ਕਰਾਉਣ ਲਈ ਕਿਹਾ। ਮੈਂ ਐੱਮ.ਏ. ਭਾਗ ਦੋ ਦੇ ਪੇਪਰ ਤੋਂ ਵਿਹਲਾ ਹੋ ਕੇ ਜੂਨ 2010 ਵਿਚ ਪਟਿਆਲੇ ਸਹਿਜ ਪਾਠ ਕਰਾਇਆ ਅਤੇ ਬੱਚੇ ਲਈ ਅਰਦਾਸ ਕੀਤੀ। ਮੇਰਾ ਛੋਟਾ ਲੜਕਾ ਅਤੇ ਨੂੰਹ ਸਾਡੇ ਅਮਰੀਕਾ ਦੇ ਘਰ ਤੋਂ ਤਕਰੀਬਨ 1500 ਮੀਲ ਦੂਰ ਰਹਿੰਦੇ ਹਨ। ਤਕਰੀਬਨ ਚਾਰ ਮਹੀਨੇ ਗੁਜ਼ਰ ਗਏ। ਅਮਰੀਕਾ ਜਾ ਕੇ ਮੈਂ ਅਤੇ ਮੇਰੀ ਪਤਨੀ ਨੇ ਅਕਤੂਬਰ 2010 ਵਿਚ ਇਕ ਹੋਰ ਸਹਿਜ ਪਾਠ ਸ਼ੁਰੂ ਕਰਨ ਬਾਰੇ ਸੋਚਿਆ। ਮੈਂ ਗੁਰੂ ਸਾਹਿਬ ਅੱਗੇ ਬੜੀ ਨਿਮਰਤਾ ਅਤੇ ਪਿਆਰ ਨਾਲ ਬੱਚੇ ਦੀ ਅਰਦਾਸ ਕੀਤੀ। ਮੈਂ ਅਰਦਾਸ ਵਿਚ ਖੜ੍ਹਾ ਹੀ ਸੀ ਕਿ ਮੈਨੂੰ ਜਵਾਬ ਆਇਆ,“ ਤੁਹਾਡਾ ਕੰਮ ਹੋ ਚੁੱਕਾ ਹੈ।” ਮੇਰੀ ਪਤਨੀ ਮੇਰੇ ਨਜ਼ਦੀਕ ਹੀ ਖੜ੍ਹੀ ਸੀ, ਮੈਂ ਉਸ ਨੂੰ ਇਸ ਬਾਰੇ ਦੱਸਿਆ। ਉਸ ਨੇ ਮੈਨੂੰ ਫਿਰ ਵੀ ਪਾਠ ਕਰਨ ਦੀ ਅਰਦਾਸ ਕਰਨ ਲਈ ਕਿਹਾ। ਅਸੀਂ ਪੂਰੀ ਸ਼ਰਧਾ ਅਤੇ ਭਾਵਨਾ ਨਾਲ ਪਾਠ ਸ਼ੁਰੂ ਕਰ ਦਿੱਤਾ। ਕੁਝ ਹੀ ਦਿਨਾਂ ਬਾਅਦ ਮੇਰੀ ਨੂੰਹ ਨੇ ਮੇਰੀ ਪਤਨੀ ਨੂੰ ਦੱਸਿਆ ਕਿ “ ਮੰਮੀ ਜੀ, ਹੁਣ ਮੈਂ ਪੰਜ ਮਹੀਨੇ ਦੀ ਪ੍ਰੈਗਨੈਂਟ ਹਾਂ। ਤੁਹਾਨੂੰ ਪਹਿਲਾਂ ਇਸ ਲਈ ਨਹੀਂ ਦੱਸਿਆ ਕਿਉਂਕਿ ਕਈ ਵਾਰ ਬੱਚਾ ਅਬੋਰਟ ਹੋ ਜਾਂਦਾ ਹੈ।” ਅਸੀਂ ਸਹਿਜ ਪਾਠ ਕੀਤਾ ਅਤੇ ਸਾਨੂੰ ਇੰਝ ਮਹਿਸੂਸ ਹੋਇਆ ਕਿ ਸਾਡੀ ਗੁਰੂ ਘਰ ਵਿਚ ਸੁਣਵਾਈ ਸ਼ੁਰੂ ਹੋ ਗਈ ਹੈ। ਇਸ ਨਾਲ ਸਾਡੀ ਗੁਰੂ ਵੱਲ ਖਿੱਚ ਹੋਰ ਵੀ ਵੱਧ ਗਈ। ਮੈਂ ਤੇ ਮੇਰੀ ਪਤਨੀ ਨੇ ਹੁਣ ਤੱਕ ਮਹਿਸੂਸ ਕੀਤਾ ਕਿ ਸਾਡੇ ਦੋਹੇਂ ਬੱਚੇ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ ਅਤੇ ਆਪੋ ਆਪਣੇ ਕੰਮਾਂ ਵਿਚ ਚੰਗੀ ਤਰ੍ਹਾਂ ਸਥਾਪਿਤ ਹੋ ਚੁੱਕੇ ਹਨ। 2010 ਦੇ ਅਖੀਰ ਵਿਚ ਅਸੀਂ ਬੱਚਿਆਂ ਵਿਚ ਪ੍ਰਾਪਰਟੀ ਆਦਿ ਦੀ ਵੰਡ ਕਰਕੇ ਵਾਪਸ ਭਾਰਤ ਆ ਗਏ।

**2010 ਤੋਂ ਅੱਗੇ–** ਅਸੀਂ 10 ਦਸੰਬਰ ਨੂੰ ਭਾਰਤ ਪਹੁੰਚੇ। ਮੈਨੂੰ ਮੇਰੇ ਇਕ ਦੋਸਤ ਜੋ ਕਿ ਰਿਟਾਇਰਡ ਜਨਰਲ ਹਨ ਨੇ ਗੌਲਖ਼ ਖੇਡਣ ਦੀ ਸਲਾਹ ਦਿੱਤੀ। ਮੈਂ ਗੌਲਫ਼ ਸਿੱਖੀ ਅਤੇ ਖੇਡਣੀ ਸ਼ੁਰੂ ਕਰ ਦਿੱਤੀ। ਪਟਿਆਲਾ ਸਮਾਂ ਬਤੀਤ ਕਰਨਾ ਸਾਡੇ ਲਈ ਮੁਸ਼ਕਿਲ ਨਹੀਂ ਸੀ। ਪਟਿਆਲੇ ਵਿਆਹ ਅਤੇ ਹੋਰ ਸਮਾਰੋਹ ਸਾਨੂੰ ਮਸਰੂਫ ਰੱਖਦੇ

ਹਨ। ਮੈਂ 2001 ਵਿਚ ਅਤੇ ਮੇਰੀ ਪਤਨੀ ਨੇ 2002 ਵਿਚ ਅੰਮ੍ਰਿਤ ਪਾਨ ਕੀਤਾ ਸੀ। ਮੇਰੀ ਪਤਨੀ ਵਿਚ ਪਹਿਲਾਂ ਹੀ ਬਹੁਤ ਨਿਮਰਤਾ ਸੀ। ਅਧਿਆਤਮਕ ਤੌਰ ਤੇ ਉਹ ਮੇਰੇ ਤੋਂ ਅੱਗੇ ਸੀ। ਮੇਰੇ ਵਿਚ ਬਚਪਨ ਤੋਂ ਹੀ ਕਾਫ਼ੀ ਹਉਮੈ ਸੀ। ਹਉਮੈ ਬਹੁਤ ਔਖੀ ਮਰਦੀ ਹੈ। ਛੋਟੀ ਉਮਰ ਵਿਚ ਹੀ ਨੌਕਰੀ ਮਿਲ ਗਈ ਅਤੇ ਇਮਾਨਦਾਰੀ ਦੀ ਹਉਮੈ ਬਣ ਗਈ। ਹਰ ਇਕ ਉਹ ਗੁਣ ਜਿਸ ਦੀ ਹਉਮੈ ਹੋ ਜਾਂਦੀ ਹੈ, ਉਹ ਔਗੁਣ ਬਣ ਜਾਂਦਾ ਹੈ।

**ਸ਼ਹੀਦ ਸਤਵੰਤ ਸਿੰਘ ਕਾਲੇਕਾ**

2012 ਵਿਚ ਮੇਰਾ ਛੋਟਾ ਭਰਾ ਸ਼ਹੀਦ ਸਤਵੰਤ ਸਿੰਘ ਕਾਲੇਕਾ, ਓਕ-ਕਰੀਕ ਗੁਰਦੁਆਰਾ ਸਾਹਿਬ (ਮਿਲਵਾਕੀ) ਦੀ ਸੰਗਤ ਨੂੰ ਬਚਾਉਂਦਾ ਹੋਇਆ ਸ਼ਹੀਦ ਹੋ ਗਿਆ। ਸਾਡੇ ਘਰ ਵਿਚ ਸੈਂਕੜੇ ਸ਼ੁਭਚਿੰਤਕ ਅਫ਼ਸੋਸ ਕਰਨ ਆਏ। ਮੈਂ ਕਿਸੇ ਰਿਸ਼ਤੇਦਾਰ ਜਾਂ ਸਾਕ ਸਬੰਧੀਆਂ ਨੂੰ ਸ਼ਹੀਦ ਭਰਾ ਦੀ ਸ਼ਹਾਦਤ ਉਤੇ ਰੋਣ ਨਹੀਂ ਦਿੱਤਾ। ਮੈਂ ਉਹਨਾਂ ਨੂੰ ਕਿਹਾ ਕਿ ਸ਼ਹੀਦਾਂ ਤੇ ਰੋਣਾ ਨਹੀਂ ਚਾਹੀਦਾ। ਸ਼ਹੀਦੀਆਂ ਤਾਂ ਮਨਾਈਆਂ ਜਾਂਦੀਆਂ ਹਨ। ਸ਼ਹੀਦਾਂ ਉਤੇ ਰੋਣਾ ਉਹਨਾਂ ਦੀ ਸ਼ਹਾਦਤ ਨੂੰ ਛੋਟਾ ਕਰਨਾ ਹੈ। ਪਟਿਆਲਾ ਭੋਗ ਸਮਾਰੋਹ ਵਿਚ ਲਗਭਗ 12 ਹਜ਼ਾਰ ਸੰਗਤਾਂ ਨੇ ਹਾਜ਼ਰੀ ਭਰੀ। ਸਾਡੇ ਜੱਦੀ ਪਿੰਡ ਦੁਗਾਲ ਵਿਖੇ ਭੋਗ ਦਾ ਸਮਾਗਮ ਹੋਇਆ, ਜਿਸ ਵਿਚ ਚਾਰ ਹਜ਼ਾਰ ਸੰਗਤਾਂ ਆਈਆਂ ਅਤੇ ਪੰਜਾਬ ਦੇ ਉਸ ਵਕਤ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਪਿੰਡ ਦਾ ਸਕੂਲ ਜਿਸ ਵਿਚ ਸਤਵੰਤ ਬਚਪਨ ਵਿਚ ਪੜ੍ਹਦਾ ਹੁੰਦਾ ਸੀ, ਉਸ ਦੇ ਨਾਮ ਉਤੇ ਰੱਖਿਆ ਗਿਆ। ਉਸਦੀ ਫੋਟੋ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਚ ਸਿੱਖ ਸ਼ਹੀਦਾਂ ਦੇ ਨਾਲ ਸੁਸ਼ੋਭਿਤ ਹੈ।

2010 ਵਿਚ ਮੈਂ ਦੂਜੀ ਐੱਮ.ਏ. ਸੰਪੂਰਨ ਕੀਤੀ। 2012-13 ਵਿਚ ਮੈਂ ਸਿੱਖ ਸਟੱਡੀਜ਼ ਦੀ ਤੀਜੀ ਐੱਮ.ਏ. ਕੀਤੀ। ਤੀਸਰੀ ਐੱਮ.ਏ. ਵਿਚ ਮੇਰੀ ਪਹਿਲੀ ਡਵੀਜ਼ਨ ਆਈ। ਪਹਿਲੀ ਐੱਮ.ਏ. ਜੋ ਮੈਂ 20 ਸਾਲ ਦੀ ਉਮਰ ਵਿਚ ਕੀਤੀ ਸੀ, ਉਸ ਵਿਚ ਮੇਰੀ ਸੈਕਿੰਡ ਡਵੀਜ਼ਨ ਆਈ ਸੀ।

2014 ਵਿਚ ਮੈਂ ਪੀਐੱਚ.ਡੀ ਐਨਰੋਲ ਹੋਣ ਦੀ ਤਿਆਰੀ ਕਰ ਹੀ ਰਿਹਾ ਸੀ ਕਿ ਮੇਰੇ ਸਰੀਰ ਨੂੰ ਇਕ ਹੋਰ ਝਟਕਾ ਲੱਗਿਆ। ਫਰਵਰੀ 2014 ਨੂੰ ਮੈਂ ਆਪਣੇ ਇਕ ਹੋਰ ਮਿੱਤਰ ਨਾਲ ਗੌਲਫ਼ ਖੇਡ ਰਿਹਾ ਸੀ, ਮੈਨੂੰ ਆਵਾਜ਼ ਆਈ," ਤੁਹਾਡੀ ਉਮਰ ਵਧਾਉਣੀ ਹੈ।" ਮੈਂ ਸੋਚਣ ਲੱਗ ਪਿਆ ਕਿ ਮੈਂ ਤਾਂ ਚੰਗਾ ਭਲਾ ਹਾਂ। ਮੇਰੀ ਸਿਹਤ ਨੂੰ ਕੀ ਹੋਇਆ ਹੈ। ਮੈਂ ਅੱਖਾਂ ਬੰਦ ਕਰਕੇ ਪੁੱਛਿਆ ਕਿ ਕਿਸ ਨੂੰ ਮੇਰੀ ਉਮਰ ਵਧਾਉਣ ਦੀ ਫਿਕਰ ਹੈ ਤਾਂ ਮੈਨੂੰ ਆਪਣੀ ਸ਼ਕਲ ਦਿੱਸੀ ਜਿਸ ਵਿਚ ਮੈਂ ਕੇਸੀ ਨਹਾ ਕੇ ਨੰਗੇ ਸਿਰ ਪਾਠ ਕਰ ਰਿਹਾ ਹਾਂ। ਕੁਝ ਦਿਨਾਂ ਬਾਅਦ ਮੈਂ ਗੌਲਫ਼ ਖੇਡ ਕੇ ਆਪਣੇ ਘਰ ਵਾਪਸ ਆ ਰਿਹਾ ਸੀ। ਮੇਰੇ ਕੋਲ ਹੌਂਡਾ ਸਿਟੀ ਕਾਰ ਸੀ, ਜੋ ਮੈਂ ਚਲਾ ਰਿਹਾ ਸੀ। ਪਿਛਲੀ ਸੀਟ ਉਤੇ ਮੈਂ ਇਕ ਅਜੀਬ ਜਿਹਾ ਬੰਦਾ ਬੈਠਿਆ ਦੇਖਿਆ ਜੋ ਕਿ ਬਦ-ਸ਼ਕਲਾ ਜਿਹਾ ਲੱਗ ਰਿਹਾ ਸੀ। ਉਸ ਨੇ ਸਿਰ ਤੇ ਹਰੀ ਟੋਪੀ ਅਤੇ ਨੱਕ ਤੇ

ਮਾਸਕ ਪਹਿਨਿਆ ਹੋਇਆ ਸੀ। ਮੈਂ ਉਸ ਬੰਦੇ ਵੱਲ ਧਿਆਨ ਨਾਲ ਦੇਖਿਆ ਅਤੇ ਮੈਨੂੰ ਮਹਿਸੂਸ ਹੋਇਆ ਕਿ ਇਸ ਦਾ ਨੱਕ ਤਾਂ ਮੇਰੇ ਵਰਗਾ ਹੈ। ਜਦੋਂ ਮੈਂ ਸ਼ਕਲ ਪਛਾਣ ਲਈ ਤਾਂ ਉਹ ਸ਼ਕਲ ਅਲੋਪ ਹੋ ਗਈ। ਮੈਂ ਸਮਝ ਗਿਆ ਕਿ ਮੇਰੀ ਹੀ ਉਮਰ ਵਧਾਉਣੀ ਹੈ ਅਤੇ ਹੀਲਾ ਮੇਰਾ ਓਪਰੇਸ਼ਨ ਹੈ ਅਤੇ ਓਪਰੇਸ਼ਨ ਵੇਲੇ ਮੇਰੀ ਸ਼ਕਲ ਇਸ ਤਰ੍ਹਾਂ ਦੀ ਹੋਵੇਗੀ। ਮੈਨੂੰ ਦਸੰਬਰ 2013 ਤੋਂ ਹੀ ਸਾਹ ਚੜ੍ਹਦਾ ਸੀ। ਮੈਂ ਅਕਸਰ ਡਾ ਸੁਧੀਰ ਵਰਮਾ ਕੋਲ ਜਾਂਦਾ ਸੀ। ਉਸ ਦੇ ਪਿਤਾ ਮੇਰੇ ਸਹਿਕਰਮੀ ਹੋਣ ਕਰਕੇ ਉਹ ਮੇਰੇ ਤੋਂ ਫ਼ੀਸ ਨਹੀਂ ਲੈਂਦਾ ਸੀ। ਇਸ ਲਈ ਮੈਂ ਅਤੇ ਮੇਰੀ ਪਤਨੀ ਨੇ ਕਿਸੇ ਹੋਰ ਡਾਕਟਰ ਕੋਲ ਜਾਣ ਦੀ ਵਿਚਾਰ ਕੀਤੀ। ਦਸ ਮਾਰਚ 2014 ਨੂੰ ਅਸੀਂ ਡਾਕਟਰ ਤਨੇਜਾ ਕੋਲ ਗਏ। ਉਸ ਨੇ ਮੇਰੀ ਈ.ਸੀ.ਜੀ. ਅਤੇ ਈਕੋ ਕੀਤੀ। ਮੇਰੀਆਂ ਦੋਵੇਂ ਰਿਪੋਰਟਾਂ ਠੀਕ ਸਨ। ਮੈਂ ਡਾਕਟਰ ਨੂੰ ਸਾਹ ਚੜ੍ਹਨ ਦੀ ਸ਼ਿਕਾਇਤ ਕੀਤੀ ਤਾਂ ਉਹ ਕਹਿਣ ਲੱਗੇ ਕਿ ਇਹ ਤਾਂ ਮੈਨੂੰ ਵੀ ਸਮਝ ਨਹੀਂ ਆਈ। ਮੈਂ ਉਹਨਾਂ ਤੋਂ ਗੌਲਫ਼ ਖੇਡਣ ਦੀ ਇਜਾਜ਼ਤ ਮੰਗੀ ਤਾਂ ਉਹਨਾਂ ਨੇ ਮੈਨੂੰ ਗੌਲਫ਼ ਖੇਡਣ ਦੀ ਇਜਾਜ਼ਤ ਦੇ ਦਿੱਤੀ। ਮੈਂ 11 ਮਾਰਚ ਨੂੰ ਗੌਲਫ਼ ਖੇਡਣ ਗਿਆ, ਪੰਜ ਕੁ ਹੋਲ ਖੇਡਣ ਤੋਂ ਬਾਅਦ ਮੈਨੂੰ ਆਪਣਾ ਬਚਪਨ ਦਾ ਦੋਸਤ ਡਾਕਟਰ ਡਾਂਗ ਯਾਦ ਆਇਆ। ਉਸ ਤੋਂ ਟਾਈਮ ਲਿਆ ਅਤੇ ਤਕਰੀਬਨ ਸਾਢੇ ਕੁ ਗਿਆਰਾਂ ਵਜੇ ਉਸ ਨੂੰ ਮਿਲੇ। ਡਾਕਟਰ ਡਾਂਗ, ਮੈਡੀਸਨ ਦਾ ਡਾਕਟਰ ਸੀ, ਪਰ ਉਂਝ ਸਿਆਣਾ ਅਤੇ ਤਜ਼ਰਬੇਕਾਰ ਡਾਕਟਰ ਸੀ। ਉਸ ਨੇ ਮੈਨੂੰ ਕਿਹਾ ਸਰ,“ ਤੁਹਾਨੂੰ ਅਨਜਾਈਨਾ ਹੈ ਜੋ ਵਰਜਿਸ਼ ਕਰਨ ਤੇ ਹੀ ਮਹਿਸੂਸ ਹੁੰਦਾ ਹੈ।” ਉਹਨਾਂ ਨੇ ਸਾਨੂੰ ਚੰਡੀਗੜ੍ਹ ਫੋਰਟਿਸ ਜਾਂ ਕਿਸੇ ਹੋਰ ਚੰਗੇ ਹਸਪਤਾਲ ਵਿਚ ਜਾਣ ਦੀ ਸਲਾਹ ਦਿੱਤੀ।

ਅਸੀਂ 12 ਤਰੀਕ ਨੂੰ ਮੈਕਸ ਹਸਪਤਾਲ, ਮੁਹਾਲੀ ਚਲੇ ਗਏ। ਉਹਨਾਂ ਨੇ ਈ.ਸੀ.ਜੀ. ਅਤੇ ਐਨਜੀਓਗ੍ਰਾਫੀ ਕੀਤੀ। ਐਨਜੀਓਗ੍ਰਾਫੀ ਦੀਆਂ ਰਿਪੋਰਟਾਂ ਤੋਂ ਇਹ ਪਤਾ ਲੱਗਾ ਕਿ ਤਿੰਨ ਆਰਟ੍ਰੀਆਂ 99, 97, ਅਤੇ 95% ਬਲਾਕ ਹਨ। ਮੇਰੀ ਪਤਨੀ ਨੇ ਡਾਕਟਰਾਂ ਤੋਂ ਪੁੱਛਿਆ ਕਿ ਜੇ ਅਸੀਂ ਓਪਰੇਸ਼ਨ ਨਹੀਂ ਕਰਾਉਂਦੇ ਤਾਂ ਸਾਡਾ ਕੀ ਭਵਿੱਖ ਹੈ? ਉਹਨਾਂ ਨੇ ਕਿਹਾ ਕਿ ਹੋ ਸਕਦਾ ਹੈ ਕਿ ਪੰਜ ਦਸ ਸਾਲ ਵੀ ਜੀ ਸਕਦੇ ਹਨ ਅਤੇ ਹੋ ਸਕਦਾ ਹੈ ਕਿ ਅੱਜ ਹੀ ਮੁੜ ਕੇ ਸਾਡੇ ਹਸਪਤਾਲ ਆ ਜਾਓ। ਅਸੀਂ ਬਾਈਪਾਸ ਓਪਰੇਸ਼ਨ ਕਰਾਉਣਾ ਠੀਕ ਸਮਝਿਆ। ਸਾਨੂੰ ਡਰ ਇਸ ਲਈ ਨਹੀਂ ਲੱਗਾ ਕਿਉਂਕਿ ਰੱਬ ਜੀ ਨੇ ਪਹਿਲਾਂ ਹੀ ਖਬਰ ਕਰ ਦਿੱਤੀ ਸੀ। 13 ਤਰੀਕ ਨੂੰ ਮੇਰਾ ਓਪਰੇਸ਼ਨ ਹੋਇਆ ਅਤੇ 19 ਤਰੀਕ ਨੂੰ ਮੈਂ ਹਸਪਤਾਲ ਤੋਂ ਡਿਸਚਾਰਜ ਹੋ ਗਿਆ।

ਕੁਝ ਦਿਨਾਂ ਬਾਅਦ ਮੈਨੂੰ ਆਵਾਜ਼ ਆਈ, ਚਾਰ। ਮੈਂ ਪਤਨੀ ਨੂੰ ਕਿਹਾ ਕਿ ਚਾਰ ਓਪਰੇਸ਼ਨ ਹੋਣਗੇ। ਅਗਲੇ ਸਾਲ 2015 ਮਾਰਚ ਵਿਚ ਮੇਰਾ ਕੈਂਸਰ ਦਾ ਓਪਰੇਸ਼ਨ ਹੋਇਆ। ਮੈਂ ਰੱਬ ਜੀ ਨੂੰ ਬੇਨਤੀ ਕੀਤੀ,“ ਪਿਤਾ ਜੀ, ਇਸ ਜਨਮ ਵਿਚ ਤਾਂ ਅੱਛਾ ਘਰ ਅਤੇ ਮਾਤਾ ਪਿਤਾ ਦਿੱਤੇ ਹਨ। ਮੈਨੂੰ ਹੁਣੇ ਸੋਝੀ ਆਈ ਹੈ, ਮੈਂ ਫਿਰ ਬੇਨਤੀ ਕੀਤੀ ਕਿ ਮੈਨੂੰ ਕੁਝ ਸਮਾਂ ਦਿਓ।” ਆਵਾਜ਼ ਆਈ ਗਿਆਰਾਂ ਸਾਲ, ਪੂਰੇ

ਢਾਈ ਸਾਲ ਬਾਅਦ ਫਿਰ ਮੈਨੂੰ ਰਿਮਾਇੰਡਰ ਆਇਆ ਕਿ ਸਾਢੇ ਅੱਠ ਸਾਲ। ਹੁਣ ਮੈਂ ਬਹੁਤ ਤੇਜ਼ੀ ਨਾਲ ਕੰਮ ਕਰ ਰਿਹਾ ਹਾਂ। ਮੈਨੂੰ ਡਰ ਨਹੀਂ ਲੱਗਦਾ ਸਗੋਂ ਮੈਨੂੰ ਹੌਸਲਾ ਹੈ ਕਿ ਮੇਰਾ ਪਿਤਾ ਵਾਹਿਗੁਰੂ ਅਤੇ ਧੰਨ ਗੁਰੂ ਨਾਨਕ ਮੇਰੇ ਤੇ ਖੁਸ਼ ਹਨ ਤੇ ਮੈਨੂੰ ਯਾਦ ਰੱਖਦੇ ਹਨ। ਮੈਨੂੰ ਆਸਾ ਤ੍ਰਿਸ਼ਨਾ ਤੋਂ ਵੀ ਮੁਕਤ ਕਰ ਦਿੱਤਾ ਹੈ। ਹੁਣ ਬਾਕੀ ਦੇ ਸਮੇਂ ਵਿਚ ਮੈਂ ਪ੍ਰਭੂ ਨੂੰ ਯਾਦ ਅਤੇ ਉਸ ਦੀ ਵਿਚਾਰ ਕਰਨੀ ਹੈ। ਇਹੀ ਮੇਰੇ ਜੀਵਨ ਦਾ ਉਦੇਸ਼ ਹੈ। ਮੈਂ ਆਪਣੇ ਜੀਵਨ ਤੋਂ ਸੰਤੁਸ਼ਟ ਹਾਂ।

ਮੈਂ, ਪਾਠਕਾਂ ਨੂੰ ਬੇਨਤੀ ਕਰਦਾ ਹਾਂ ਕਿ ਜੇ ਮੇਰੇ ਵਰਗਾ ਇਨਸਾਨ ਚਿੱਕੜ ਵਿਚੋਂ ਨਿਕਲ ਕੇ ਆਤਮਿਕ ਤਰੱਕੀ ਕਰ ਸਕਦਾ ਹੈ ਤਾਂ ਤੁਸੀਂ ਸਾਰੇ ਵੀ ਇਹ ਤਰੱਕੀ ਹਾਸਲ ਕਰ ਸਕਦੇ ਹੋ। ਸਮਾਂ ਵਿਅਰਥ ਨਾ ਗੁਆਓ, ਹਰੇਕ ਸੁਆਸ ਦਾ ਫਾਇਦਾ ਉਠਾਉ ਅਤੇ ਇਹ ਲਾਹਾ ਖੱਟਣਾ ਸਾਡਾ ਇਖਲਾਕੀ ਫਰਜ਼ ਹੈ। ਮੈਨੂੰ ਮੇਰੇ ਪਿਤਾ ਵਾਹਿਗੁਰੂ ਜੀ ਨੇ ਅਤੇ ਗੁਰੂ ਨਾਨਕ ਦੇਵ ਜੀ ਨੇ ਜੀਵਨ ਦਾ ਉਦੇਸ਼ ਸਮਝਾ ਦਿੱਤਾ ਹੈ। ਹੁਣ ਮੇਰਾ ਇਕੋ ਕੰਮ ਰਹਿ ਗਿਆ ਹੈ ਕਿ ਉਹ ਜੀਵਨ ਦਾ ਉਦੇਸ਼ ਤੁਹਾਨੂੰ ਸਮਝਾਵਾਂ। ਮੈਂ ਨਾ ਕੋਈ ਸੰਤ ਹਾਂ ਅਤੇ ਨਾ ਹੀ ਵਿਦਵਾਨ ਪਰ ਮੈਂ ਇਕ ਗੰਭੀਰ ਵਿਅਕਤੀ ਹਾਂ। ਜਿਸ ਨੇ ਹੱਕ ਹਲਾਲ ਦੀ ਕਮਾਈ ਨਾਲ ਤਰੱਕੀ ਕੀਤੀ ਹੈ। ਜ਼ਿਆਦਾ ਪੈਸੇ ਬੱਚਿਆਂ ਨੂੰ ਵੰਡ ਦਿੱਤੇ ਹਨ। ਸਮਾਜ ਦੀ ਸੇਵਾ ਲਈ ਮੈਂ ਬਾਕੀ ਸਾਰੀ ਕਮਾਈ ਅਤੇ ਸੁਆਸ ਵੰਡ ਕੇ ਜਾਣੇ ਹਨ। ਹੁਣ ਮੈਨੂੰ ਸੋਝੀ ਆ ਗਈ ਹੈ ਕਿ ਇਕ ਇਕ ਪਲ ਬਹੁਤ ਕੀਮਤੀ ਹੈ। ਮੈਂ ਨੈਗੇਟਿਵ ਲੋਕਾਂ ਨੂੰ ਮਿਲਣ ਅਤੇ ਗੱਲ ਕਰਨ ਤੋਂ ਸੰਕੋਚ ਕਰਦਾ ਹਾਂ। ਜੋ ਬੰਦੇ ਅਧਿਆਤਮਕ ਤਰੱਕੀ ਕਰਨਾ ਚਾਹੁੰਦੇ ਹਨ ਜਾਂ ਉਸ ਰਸਤੇ ਤੇ ਹਨ, ਉਹਨਾਂ ਨਾਲ ਹੀ ਸਮਾਂ ਬਿਤਾਉਣਾ ਮੈਨੂੰ ਵਾਜਬ ਲੱਗਦਾ ਹੈ। ਇਹ ਸਾਰਾ ਕੁਝ ਮੈਂ ਸੋਚਣ ਰਾਹੀਂ, ਬੋਲਣ ਰਾਹੀਂ ਅਤੇ ਲਿਖਣ ਰਾਹੀਂ ਕਰਨਾ ਚਾਹੁੰਦਾ ਹਾਂ। ਮੇਰੇ ਜੀਵਨ ਦਾ ਉਦੇਸ਼ ਤੁਹਾਡੇ ਜੀਵਨ ਦਾ ਉਦੇਸ਼ ਸਮਝਾਉਣਾ ਹੀ ਹੈ। ਰੱਬ ਜੀ ਭਲੀ ਕਰਨ।

*****

# ਆਰਥਿਕ ਵਿਉਂਤਬੰਦੀ

ਮੈਂ ਆਪਣੀ ਤਰੱਕੀ ਦੇ ਹਾਲਾਤ ਹੇਠ ਲਿਖੇ ਹਿੱਸਿਆਂ ਵਿਚ ਵੰਡਣਾ ਚਾਹੁੰਦਾ ਹਾਂ। ਬਚਪਨ ਤੋਂ ਫੌਜ ਜਾਣ ਤੱਕ (1943-1963) ਦੂਜਾ ਫੌਜ ਦੀ ਨੌਕਰੀ (1963-1970), ਤੀਜਾ ਜੁਲਾਈ 1971 ਤੋਂ ਸਤੰਬਰ 1992 ਚੌਥਾ 1992 ਤੋਂ 2010 ਅਤੇ ਪੰਜਵਾਂ 10 ਦਸੰਬਰ 2010 ਤੋਂ ਬਾਅਦ। ਮੇਰੇ ਪਿਤਾ (ਮੇਜਰ) ਪ੍ਰੀਤਮ ਸਿੰਘ (1906-1990) ਮੇਰੇ ਦਾਦਾ ਸ. ਕਪੂਰ ਸਿੰਘ ਜੀ ਦੇ ਸਭ ਤੋਂ ਵੱਡੇ ਪੁੱਤਰ ਸਨ। ਦਾਦਾ ਜੀ ਦੇ ਦੋ ਵਿਆਹ ਸਨ। ਪਹਿਲੀ ਮਾਤਾ ਸਦਾ ਕੌਰ ਜੋ ਪਿੰਡ ਅਲੀਸੇਰ ਦੇ ਜੰਮਪਲ ਸਨ। ਦਾਦਾ ਜੀ ਦਾ ਅਤੇ ਉਹਨਾਂ ਦਾ 1903 ਵਿਚ ਵਿਆਹ ਹੋਇਆ। 1911 ਵਿਚ ਦਾਦਾ ਜੀ ਦਾ ਦੂਜਾ ਵਿਆਹ ਹੋਇਆ, ਉਸ ਸਮੇਂ ਉਹ ਰਿਕਰੂਟਮੈਂਟ ਅਫ਼ਸਰ ਲੱਗੇ ਹੋਏ ਸਨ। ਪਹਿਲੇ ਵਿਆਹ ਵੇਲੇ ਦਾਦਾ ਜੀ ਦਾ ਰੈਂਕ ਸਰਦਾਰ ਸਾਹਿਬ ਨਫਰ ਸੀ। ਜਦ ਕਿ ਦਾਦੀ ਜੀ ਜੱਦੀ ਪਿੰਡ ਦੁਗਾਲ ਹੀ ਰਹੇ ਅਤੇ 1929 ਵਿਚ ਉਥੇ ਹੀ ਸਵਾਸ ਤਿਆਗੇ। ਦਾਦਾ ਜੀ ਨੂੰ ਪੜ੍ਹਾਈ ਦਾ ਬਹੁਤ ਸ਼ੌਕ ਸੀ ਅਤੇ ਉਹ ਮੇਰੇ ਪਿਤਾ ਜੀ ਨੂੰ ਛੇ-ਸੱਤ ਸਾਲ ਦੀ ਉਮਰ ਵਿਚ ਪਟਿਆਲਾ ਲੈ ਆਏ ਅਤੇ ਪੜ੍ਹਾਇਆ।

ਪਿਤਾ ਜੀ ਪੜ੍ਹਨ ਵਿਚ ਬਹੁਤ ਹੁਸ਼ਿਆਰ ਸਨ। ਉਹਨਾਂ ਨੇ 1924 ਈ. ਵਿਚ ਸਿਟੀ ਹਾਈ ਸਕੂਲ ਪਟਿਆਲਾ ਤੋਂ ਦੱਸਵੀਂ ਪਾਸ ਕੀਤੀ। 1926 ਈ. ਵਿੱਚ ਜਦੋਂ ਉਹ ਐਫ.ਐਸਸੀ. ਕਰ ਰਹੇ ਸਨ ਤਾਂ ਉਸ ਸਮੇਂ ਆਰਮੀ ਕਮਿਸ਼ਨ ਦੀਆਂ ਚਾਰ ਪੋਸਟਾਂ ਆਈਆਂ ਸਨ। ਉਹਨਾਂ ਨੇ ਮੁਕਾਬਲੇ ਦੇ ਆਧਾਰ ਤੇ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ ਅਤੇ ਲਫਟੈਣ ਬਣ ਗਏ। ਪਿਤਾ ਜੀ ਦੇ ਤਿੰਨ ਵਿਆਹ ਹੋਏ ਸਨ। ਪਹਿਲਾ ਵਿਆਹ ਦੱਸਵੀਂ ਕਰਨ ਦੇ ਦੌਰਾਨ ਹੀ ਹੋਇਆ ਅਤੇ 1927 ਵਿਚ ਦੂਜਾ ਵਿਆਹ ਹੋਇਆ। ਇਹ ਦੋਵੇਂ ਮਾਤਾਵਾਂ ਬੱਚਿਆਂ ਦੇ ਜਣੇਪੇ ਸਮੇਂ ਹੀ ਚੱਲ ਵਸੀਆਂ। ਪਿਤਾ ਜੀ ਦਾ ਤੀਜਾ ਵਿਆਹ 1931 ਵਿਚ ਮੇਰੀ ਮਾਤਾ ਜਗੀਰ ਕੌਰ ਨਾਲ ਹੋਇਆ। ਜਿਹਨਾਂ ਤੋਂ ਅਸੀਂ ਨੌਂ ਭੈਣ ਭਾਈ ਪੈਦਾ ਹੋਏ। ਪਿਤਾ ਜੀ 1928 ਵਿਚ ਲਫਟੈਣ ਭਰਤੀ ਹੋ ਕੇ 1949 ਵਿਚ ਮੇਜਰ ਰਿਟਾਇਰ ਹੋਏ। ਲਫਟੈਣ ਭਰਤੀ ਹੋਣ ਵੇਲੇ ਉਹਨਾਂ ਦੀ ਤਨਖਾਹ ਡੇਢ ਸੌ ਰੁਪਏ ਪ੍ਰਤੀ ਮਹੀਨਾ ਸੀ ਅਤੇ ਰਿਟਾਇਰਮੈਂਟ ਵੇਲੇ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਸੀ। ਪਿਤਾ ਜੀ ਨੇ ਬੱਚਿਆਂ ਦੇ ਪਾਲਣ ਪੋਸ਼ਣ ਅਤੇ ਪੜ੍ਹਾਈ ਤੋਂ ਇਲਾਵਾ ਪਟਿਆਲਾ ਸ਼ਹਿਰ ਵਿਚ ਤੋਪਖਾਨੇ ਗੇਟ ਕੋਲ ਵਧੀਆ ਮਕਾਨ ਬਣਾਇਆ ਅਤੇ ਪਿੰਡ ਦੁਗਾਲ ਵੀ ਕੁਝ ਜ਼ਮੀਨ ਖਰੀਦ ਲਈ। ਪਿਤਾ ਜੀ ਬਹੁਤ

ਈਮਾਨਦਾਰ ਅਤੇ ਮਿਹਨਤੀ ਸੁਭਾਅ ਦੇ ਮਾਲਕ ਸਨ। ਪਿਤਾ ਜੀ ਦੀ ਸੌਤੇਲੀ ਮਾਤਾ ਪਟਿਆਲੇ ਰਹਿੰਦੀ ਸੀ। ਇਹਨਾਂ ਦੇ ਦੋ ਲੜਕੇ ਅਤੇ ਦੋ ਲੜਕੀਆਂ ਸਨ, ਜਿਹਨਾਂ ਨੂੰ ਪਿਤਾ ਜੀ ਨੇ ਸਕੇ ਭੈਣ ਭਾਈ ਸਮਝ ਕੇ ਪਾਲਿਆ ਪੋਸਿਆ ਅਤੇ ਉਹਨਾਂ ਦੀ ਹਰ ਪੱਖ ਤੋਂ ਮੱਦਦ ਕੀਤੀ। ਰਿਟਾਇਰਮੈਂਟ ਵੇਲੇ ਪਿਤਾ ਜੀ ਕੋਲ ਦਸ ਹਜ਼ਾਰ ਰੁਪਏ ਨਕਦ ਸੀ।

1949-50 ਵਿਚ ਦਸ ਹਜ਼ਾਰ ਰੁਪਏ ਬਹੁਤ ਵੱਡੀ ਰਕਮ ਸੀ। ਉਸ ਸਮੇਂ ਪਿਤਾ ਜੀ ਨੂੰ ਦੋ ਬੱਚਿਆਂ ਦੇ ਵਿਆਹ ਕਰਨੇ ਪਏ, ਜਿਨ੍ਹਾਂ ਵਿਚੋਂ ਇਕ ਅਣਲੋੜੀਂਦਾ ਵਿਆਹ ਸੀ। ਇਨ੍ਹਾਂ ਵਿਆਹਾਂ ਵਿਚ ਸਾਰੇ ਹੀ ਪੈਸੇ ਲੱਗ ਗਏ। ਪੈਨਸ਼ਨ ਵਿਚ ਸਾਡੇ ਪਰਿਵਾਰ ਦਾ ਗੁਜ਼ਾਰਾ ਨਹੀਂ ਸੀ ਹੋ ਰਿਹਾ ਅਤੇ ਪਿੰਡੋਂ ਵੀ ਆਮਦਨ ਜ਼ਿਆਦਾ ਅੱਛੀ ਨਹੀਂ ਸੀ।

ਵੱਡਾ ਭਰਾ ਪਰਮਿੰਦਰ (1933) 17 ਕੁ ਸਾਲ ਦਾ ਹੀ ਸੀ ਅਤੇ ਦੱਸਵੀਂ ਜਮਾਤ ਵਿਚ ਪੜ੍ਹਦਾ ਸੀ। ਪਿਤਾ ਜੀ ਨੂੰ ਨੈਤਿਕ ਆਧਾਰ ਤੇ ਉਸ ਦਾ ਵਿਆਹ ਕਰਨਾ ਪਿਆ। ਸਾਡੇ ਚਾਚਾ ਜੀ ਸ. ਦਵਿੰਦਰ ਸਿੰਘ ਨੂੰ ਰੁਲਦੂ ਸਿੰਘ ਵਾਲੇ ਦੇ ਚੰਗੇ ਪਰਿਵਾਰ ਦੀ ਲੜਕੀ ਬਲਵੰਤ ਕੌਰ ਮੰਗੀ ਹੋਈ ਸੀ। ਚਾਚਾ ਜੀ ਨੇ ਰਾਣੀ ਚੰਦ ਕੌਰ ਦੀ ਭੈਣ ਦਰਸ਼ਨ ਕੌਰ ਲਈ ਵਿਆਹ ਦੀ ਹਾਂ ਕਰ ਦਿੱਤੀ। ਚਾਚਾ ਜੀ ਨੇ ਆਪਣੀ ਮਾਤਾ ਜੀ ਨੂੰ ਰੁਲਦੂ ਸਿੰਘ ਵਾਲਿਆਂ ਨੂੰ ਬੁਲਾ ਕੇ ਸ਼ਗਨ ਵਾਪਸ ਕਰਨ ਲਈ ਕਿਹਾ। ਲੜਕੀ ਦਾ ਪਿਤਾ ਮਾਨਸਿਕ ਤੌਰ ਤੇ ਬਹੁਤ ਪੀੜ੍ਹਤ ਹੋਇਆ ਅਤੇ ਪਿਤਾ ਜੀ ਕੋਲ ਆਇਆ। ਉਸ ਨੇ ਪਿਤਾ ਜੀ ਨੂੰ ਬੇਨਤੀ ਕੀਤੀ ਕਿ ਉਹ ਕਿਹੜਾ ਮੂੰਹ ਲੈ ਕੇ ਆਪਣੇ ਪਿੰਡ ਜਾਵੇਗਾ। ਉਹ ਤਾਂ ਰਾਹ ਵਿਚ ਹੀ ਆਤਮ ਹੱਤਿਆ ਕਰ ਲਵੇਗਾ। ਉਸ ਨੇ ਆਪਣੀ ਪੱਗੜੀ ਪਿਤਾ ਜੀ ਦੇ ਪੈਰਾਂ ਵਿਚ ਰੱਖ ਦਿੱਤੀ। ਪਿਤਾ ਜੀ ਨੇ ਕਈ ਵਾਰ ਉਸ ਨੂੰ ਸਮਝਾਇਆ ਕਿ ਅਜੇ ਉਨ੍ਹਾਂ ਦੇ ਲੜਕੇ ਪਰਮਿੰਦਰ ਦੀ ਉਮਰ ਛੋਟੀ ਹੈ ਅਤੇ ਨਾ ਹੀ ਉਸ ਦੀ ਅਜੇ ਪੜ੍ਹਾਈ ਪੂਰੀ ਹੋਈ ਹੈ। ਨੈਤਿਕ ਜ਼ਿੰਮੇਵਾਰੀ ਸਮਝਦਿਆਂ ਹੋਇਆਂ ਪਿਤਾ ਜੀ ਨੇ ਰਿਸ਼ਤੇ ਲਈ ਹਾਂ ਕਰ ਦਿੱਤੀ।

ਮੇਰੀ ਵੱਡੀ ਭੈਣ ਰੂਪਿੰਦਰ ਕੌਰ (1935) ਅਜੇ ਸੱਤਵੀਂ ਜਮਾਤ ਵਿਚ ਹੀ ਪੜ੍ਹਦੀ ਸੀ ਕਿ ਪਟਿਆਲੇ ਦੇ ਇਕ ਵੱਡੇ ਘਰਾਣੇ ਨੇ ਪਿਤਾ ਜੀ ਕੋਲ ਭੈਣ ਦੇ ਵਿਆਹ ਲਈ ਪਹੁੰਚ ਕੀਤੀ ਤੇ ਰਿਸ਼ਤਾ ਮੰਗਿਆ। ਇਨ੍ਹਾਂ ਦੋਹੇਂ ਵਿਆਹਾਂ ਵਿਚ ਪਿਤਾ ਜੀ ਦੀ ਸਾਰੀ ਬੱਚਤ ਖਤਮ ਹੋ ਗਈ। 1953 ਵਿਚ ਪਿਤਾ ਜੀ ਮੇਰੇ ਸਮੇਤ ਸੱਤ ਬੱਚਿਆਂ ਨੂੰ ਲੈ ਕੇ ਪਿੰਡ ਦੁਗਾਲ ਚਲੇ ਗਏ ਅਤੇ ਸਾਡੇ ਪਰਿਵਾਰ ਦੀਆਂ ਆਰਥਿਕ ਤਕਲੀਫਾਂ ਦਾ ਸਮਾਂ ਸ਼ੁਰੂ ਹੋ ਗਿਆ। ਮੇਰੇ ਪਿਤਾ ਅਤੇ ਮਾਤਾ ਜੀ ਪਿੰਡ ਰਹਿਣ ਲੱਗੇ ਅਤੇ 29 (1953-1982) ਸਾਲ ਉਥੇ ਰਹੇ। ਵੱਡਾ ਭਰਾ ਆਪਣੀ ਪਤਨੀ ਲੈ ਕੇ ਤਿੰਨ ਮਹੀਨਿਆਂ ਦੀ ਤਨਖਾਹ ਤੋਂ ਬਾਅਦ ਅੱਡ ਹੋ ਗਿਆ। ਬਚਪਨ ਤੋਂ ਹੀ ਮੈਂ ਆਪਣੇ ਪਿਤਾ ਜੀ ਦੀ ਮੱਦਦ ਕਰਨ ਬਾਰੇ ਸੋਚਣ ਲੱਗਾ। ਪਿਤਾ ਜੀ ਨੂੰ ਪੜ੍ਹਾਈ ਦਾ ਬਹੁਤ ਸ਼ੌਕ ਸੀ, ਜਿਸ ਕਰਕੇ ਸਾਰੇ ਹੀ ਬੱਚੇ ਅਲੱਗ-ਅਲੱਗ ਜਗ੍ਹਾ ਤੇ ਪੜ੍ਹ ਰਹੇ ਸਨ। ਮੇਰੀ

ਪੜ੍ਹਾਈ (1963) ਖਤਮ ਹੋਣ ਤੱਕ ਪਿਤਾ ਜੀ 'ਤੇ ਸੱਤ ਹਜ਼ਾਰ ਰੁਪਏ ਦਾ ਕਰਜ਼ਾ ਚੜ੍ਹ ਗਿਆ ਸੀ।

ਮੈਂ ਤਿੰਨ ਮਈ 1964 ਨੂੰ ਕਮਿਸ਼ਨ ਹੋ ਗਿਆ ਤੇ ਅਗਲੇ ਤਿੰਨ ਸਾਲਾਂ ਵਿਚ ਪਿਤਾ ਜੀ ਦੇ ਕਰਜ਼ੇ ਦਾ ਇੱਕ-ਇੱਕ ਪੈਸਾ ਵਾਪਸ ਮੋੜ ਦਿੱਤਾ। ਕਮਿਸ਼ੰਡ ਅਫ਼ਸਰ ਹੁੰਦਿਆਂ ਮੇਰੀ ਤਨਖਾਹ 460 ਰੁਪਏ ਸ਼ੁਰੂ ਹੋਈ ਫਿਰ ਵੀ ਮੈਂ 200 ਰੁਪਏ ਬਚਾ ਲੈਂਦਾ ਸੀ।1967 ਵਿਚ ਮੈਂ ਆਪਣੇ ਲਈ ਪੈਸਾ ਜੋੜਨਾ ਸ਼ੁਰੂ ਕੀਤਾ ਅਤੇ ਫੌਜ ਤੋਂ ਘਰ ਆਉਣ ਤੱਕ ਮੈਂ 14 ਹਜ਼ਾਰ ਰੁਪਏ ਜੋੜ ਲਿਆ ਸੀ, ਜਿਸ ਵਿਚੋਂ 10 ਹਜ਼ਾਰ ਰੁਪਏ ਨਕਦ ਸੀ ਅਤੇ ਇਕ ਲੈਂਬਰੇਟਾ ਸਕੂਟਰ ਸੀ।

ਪ੍ਰੋਫੈਸਰ ਦੀ ਇੰਟਰਵਿਊ ਦੇ ਆਧਾਰ ਤੇ ਮੈਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ ਮੈਂ 17 ਜੁਲਾਈ 1971 ਨੂੰ ਸਰਕਾਰੀ ਕਾਲਜ ਟਾਂਡਾ ਜਾਇਨ ਕਰ ਲਿਆ। ਉਥੇ ਮੇਰੀ ਪੰਜ ਸੌ ਰੁਪਏ ਪ੍ਰਤੀ ਮਹੀਨਾ ਤਨਖਾਹ ਸੀ ਅਤੇ ਫੌਜ ਦਾ ਲਾਭ ਮਿਲਾ ਕੇ ਸੱਤ ਸੌ ਰੁਪਏ ਹੋ ਜਾਂਦੀ ਸੀ।

ਕੁਝ ਦਿਨ ਬਾਅਦ ਮੇਰੀ ਬਦਲੀ ਨਾਭੇ ਹੋ ਗਈ ਅਤੇ ਅਸੀਂ ਪਟਿਆਲੇ ਸ਼ਹਿਰ ਵਿਚ ਰਹਿਣ ਲੱਗੇ। ਕੁਝ ਸਮੇਂ ਬਾਅਦ ਅਸੀਂ ਸੋਚਿਆ ਕਿ ਸਾਨੂੰ ਦੋ ਤਨਖਾਹਾਂ ਵਿਚੋਂ ਕੁਝ ਪੈਸੇ ਜ਼ਰੂਰ ਜੋੜਨੇ ਚਾਹੀਦੇ ਹਨ। ਸਾਡੇ ਰਿਸ਼ਤੇਦਾਰ ਵੀ ਸਲਾਹ ਦੇਣ ਲੱਗੇ ਕਿ ਅਜੇ ਤਾਂ ਤੁਹਾਡੇ ਕੋਈ ਬੱਚਾ ਨਹੀਂ ਹੈ, ਜੇ ਤੁਸੀਂ ਹੁਣ ਬੱਚਤ ਨਹੀਂ ਕਰੋਗੇ ਤਾਂ ਕਦੋਂ ਕਰੋਗੇ। 1976 ਤੱਕ ਅਸੀਂ ਤਕਰੀਬਨ ਬਾਰ੍ਹਾਂ ਹਜ਼ਾਰ ਰੁਪਏ ਜੋੜ ਲਏ।

1977 ਵਿਚ ਐਮਰਜੈਂਸੀ ਲੱਗ ਗਈ ਤੇ ਪਲਾਟਾਂ ਦੀਆਂ ਕੀਮਤਾਂ ਵੀ ਕਾਫੀ ਘੱਟ ਗਈਆਂ। ਸੱਤਰ ਰੁਪਏ ਪ੍ਰਤੀ ਗਜ ਵਾਲੇ ਪਲਾਟ ਦਾ ਰੇਟ ਪੰਜਾਹ ਰੁਪਏ ਪ੍ਰਤੀ ਗਜ਼ ਹੋ ਗਿਆ। ਮੈਂ ਤੇ ਮੇਰੀ ਪਤਨੀ ਨੇ ਸੋਚਿਆ ਕਿ ਜੇ ਹੁਣ ਵੀ ਅਸੀਂ ਪਲਾਟ ਨਹੀਂ ਲਵਾਂਗੇ ਤਾਂ ਅਸੀਂ ਬੇਵਕੂਫ ਹੋਵਾਂਗੇ। ਮੈਂ ਰਿਸ਼ਤੇਦਾਰਾਂ ਤੋਂ ਕੁਝ ਪੈਸੇ ਮੰਗ ਕੇ 14770 ਰੁਪਏ ਵਿਚ ਰਘਬੀਰ ਨਗਰ, ਪਟਿਆਲਾ ਵਿਖੇ 270 (35×70) ਸਕੇਅਰ ਗਜ਼ ਦਾ ਪਲਾਟ ਖਰੀਦ ਲਿਆ। 1974 ਵਿਚ ਮੈਂ ਬਤੌਰ ਈ.ਟੀ.ਓ ਜੁਆਇਨ ਕਰ ਲਿਆ।

**ਮੈਨੂੰ ਕੀ ਚਾਹੀਦਾ ਹੈ ?–** ਮੇਰੀ ਈ.ਟੀ.ਓ ਦੀ ਟ੍ਰੇਨਿੰਗ 1975 ਵਿਚ ਖ਼ਤਮ ਹੋ ਗਈ। ਮੈਂ ਪਟਿਆਲੇ ਹੀ ਈ.ਟੀ.ਓ ਇਨਫੋਰਸਮੈਂਟ ਲੱਗਾ ਹੋਇਆ ਸੀ। 1977 ਵਿਚ ਮੈਂ ਸੋਚਿਆ ਕਿ ਮੈਨੂੰ ਜੀਵਨ ਵਿਚ ਕੀ ਚਾਹੀਦਾ ਹੈ, ਲਿਖਣਾ ਚਾਹੀਦਾ ਹੈ। ਮੈਂ ਕਾਪੀ ਪੈੱਨ ਲਿਆ ਤੇ ਇਸ ਪ੍ਰਕਾਰ ਲਿਖਣ ਲਗਾ, ਕਿ ਹੁਣ ਮੈਂ ਈ.ਟੀ.ਓ ਹਾਂ ਅਤੇ ਬਤੌਰ ਡੀ.ਈ.ਟੀ.ਸੀ. ਰਿਟਾਇਰ ਹੋਣਾ ਚਾਹੁੰਦਾ ਸੀ। ਸਾਡੇ ਕੋਲ ਉਸ ਵੇਲੇ ਦੋ ਸੌ ਸੱਤਰ ਗਜ਼ ਦਾ ਪਲਾਟ ਸੀ ਅਤੇ ਮੈਂ ਚਾਹੁੰਦਾ ਸੀ ਕਿ ਸਾਡੇ ਕੋਲ ਘੱਟੋ ਘੱਟ ਪੰਜ ਸੌ ਗਜ਼ ਦਾ ਮਕਾਨ ਹੋਵੇ। ਪੰਜ ਸੌ ਗਜ਼ ਦੇ ਪਲਾਟ ਵਿਚ ਲਗਭਗ ਦੋ ਸੌ ਗਜ਼ ਦਾ ਮਕਾਨ ਬਣਿਆ ਹੋਵੇ ਅਤੇ ਬਾਕੀ ਜਗ੍ਹਾ ਵਿਚ ਲਾਅਨ ਆਦਿ ਹੋਵੇ। ਮੈਨੂੰ ਲਾਅਨ ਅਤੇ ਗਾਰਡਨਿੰਗ

ਦਾ ਬਹੁਤ ਸ਼ੌਕ ਹੈ।

ਮੇਰੀ ਇੱਛਾ ਸੀ ਕਿ ਮੇਰੀ ਪੰਜਾਹ ਸਾਲ ਦੀ ਉਮਰ ਤੱਕ ਸਾਡੇ ਕੋਲ ਇਕ ਪੁਰਾਣੀ ਫੀਏਟ ਕਾਰ ਹੋਵੇ। ਉਸ ਵੇਲੇ ਦੋ ਹੀ ਕਾਰਾਂ ਜ਼ਿਆਦਾ ਪ੍ਰਚਲਿਤ ਸਨ, ਇਕ ਫੀਏਟ ਅਤੇ ਦੂਜੀ ਅੰਬੈਸਡਰ। ਮੈਂ ਸੋਚਦਾ ਸੀ ਕਿ 58 ਸਾਲ ਤੇ ਪੈਨਸ਼ਨ ਹੋਣ ਉਪਰੰਤ ਤੇ ਅਸੀਂ ਨਵੀਂ ਫੀਏਟ ਕਾਰ ਲਵਾਂਗੇ ਜੋ ਬਾਕੀ ਜੀਵਨ ਕਾਲ ਲਈ ਕਾਫ਼ੀ ਹੋਵੇਗੀ। ਸਾਡੀ ਰਿਟਾਇਰਮੈਂਟ ਤੇ ਸਾਡੇ ਕੋਲ ਇਕ ਲੱਖ ਰੁਪਏ ਨਕਦ ਹੋਣਾ ਚਾਹੀਦਾ ਹੈ ਜੋ ਸਾਡੇ ਜੀਵਨ ਕਾਲ ਲਈ ਕਾਫ਼ੀ ਹੋਵੇਗਾ।

ਮੇਰੇ ਕੋਲ ਆਪਣੇ ਹਿੱਸੇ ਦੀ ਪੰਜਾਹ ਬਿੱਘੇ ਜ਼ਮੀਨ ਸੀ। ਸਾਡੇ ਬਾਕੀ ਦੇ ਰਿਸ਼ਤੇਦਾਰਾਂ ਕੋਲ ਕਾਫ਼ੀ ਜ਼ਮੀਨ ਸੀ ਮੈਂ ਵੀ ਆਪਣੀ ਘੱਟੋ ਘੱਟ ਡੇਢ ਸੌ ਬਿੱਘੇ ਜ਼ਮੀਨ ਚਾਹੁੰਦਾ ਸੀ। ਮੈਂ ਆਪਣੀਆਂ ਸਾਰੀਆਂ ਲੋੜਾਂ ਇਕ ਕਾਪੀ ਤੇ ਲਿਖ ਲਈਆਂ ਅਤੇ ਇਹਨਾਂ ਬਾਰੇ ਗੰਭੀਰਤਾ ਨਾਲ ਸੋਚਣ ਲੱਗਾ। ਇਹ ਲੋੜਾਂ ਦੀ ਪੂਰਤੀ ਲਈ ਮੈਨੂੰ ਬਹੁਤ ਸਮਾਂ ਨਹੀਂ ਲੱਗਿਆ। ਮੇਰਾ ਵੱਡਾ ਭਰਾ ਹਿਮਾਚਲ ਵਿਚ ਤਹਿਸੀਲਦਾਰ ਸੀ। ਉਸ ਦੇ ਹਿੱਸੇ ਪਿੰਡ ਦੁਗਾਲ ਪੰਜ ਏਕੜ ਜ਼ਮੀਨ ਸੀ। 1975 ਵਿਚ ਉਸ ਨੇ ਇਹ ਜ਼ਮੀਨ ਵੇਚ ਦਿੱਤੀ। ਇਹ ਜ਼ਮੀਨ ਵੇਚ ਕੇ ਉਸ ਨੇ ਇੰਦੌਰਾ (ਹਿਮਾਚਲ ਪ੍ਰਦੇਸ਼) ਸ਼ਹਿਰ ਦੇ ਨੇੜੇ ਅਠਾਰਾਂ ਏਕੜ ਜ਼ਮੀਨ ਲੈ ਲਈ।

1972 ਵਿਚ ਮੇਰਾ ਭਰਾ ਜਗਜੀਤ ਅਮਰੀਕਾ ਚਲਾ ਗਿਆ ਤੇ ਉਸ ਨੇ ਬਾਕੀ ਭੈਣ ਭਰਾਵਾਂ ਨੂੰ ਅਮਰੀਕਾ ਦੀ ਸਪਾਂਸਰਸ਼ਿਪ ਭੇਜ ਦਿੱਤੀ। 1978 ਵਿਚ ਗੁਰਵੰਤ ਜੋ ਪਿੰਡ ਵਿਚ ਖੇਤੀ ਕਰਦਾ ਸੀ, ਵੀ ਅਮਰੀਕਾ ਚਲਾ ਗਿਆ। ਮੇਰੇ ਵੱਡੇ ਭਰਾ ਤਹਿਸੀਲਦਾਰ ਨੇ ਮੈਨੂੰ ਕਿਹਾ ਕਿ ਸਾਰਾ ਪਰਿਵਾਰ ਅਮਰੀਕਾ ਜਾ ਰਿਹਾ ਹੈ ਤੂੰ ਇਕੱਲਾ ਪਿੰਡ ਕੀ ਕਰੇਂਗਾ। ਉਸ ਨੇ ਮੈਨੂੰ ਜ਼ਮੀਨ ਵੇਚ ਕੇ ਹਿਮਾਚਲ ਵਿਚ ਜ਼ਮੀਨ ਲੈਣ ਦੀ ਸਲਾਹ ਦਿੱਤੀ। ਦੁਗਾਲ ਮੇਰੇ ਨਾਮ ਦੱਸ ਏਕੜ ਜ਼ਮੀਨ ਸੀ, ਜੋ ਜ਼ਿਆਦਾ ਅੱਛੀ ਨਹੀਂ ਸੀ ਇਸੇ ਲਈ ਹੀ ਮੈਨੂੰ ਦੁੱਗਣੀ ਜ਼ਮੀਨ ਮਿਲੀ ਸੀ। ਮੈਨੂੰ ਬਾਗ਼ ਦਾ ਬਹੁਤ ਸ਼ੌਕ ਸੀ ਅਤੇ ਮੈਂ ਆਪਣੀ ਜ਼ਮੀਨ ਵਿਚ ਬਾਗ਼ ਲਾਉਣਾ ਚਾਹੁੰਦਾ ਸੀ। ਅਪ੍ਰੈਲ 1978 ਵਿਚ ਮੈਂ ਪਟਿਆਲੇ ਤੋਂ ਹਾਕਮ ਸਿੰਘ ਢਿਲੋਂ ਜੋ ਕਿ ਬਾਗ਼ਬਾਨੀ ਵਿਭਾਗ ਵਿਚ ਅਫ਼ਸਰ ਸੀ, ਨੂੰ ਲੈ ਕੇ ਗਿਆ। ਮੈਂ ਉਸ ਨੂੰ ਆਪਣੀ ਜ਼ਮੀਨ ਦਿਖਾਈ। ਉਸ ਦਿਨ ਗਰਮੀ ਬਹੁਤ ਸੀ, ਹਵਾ ਕਰਕੇ ਮਿੱਟੀ ਉਡ ਰਹੀ ਸੀ। ਉਸ ਨੇ ਕਿਹਾ ਕਿ ਇਹ ਜ਼ਮੀਨ ਬਾਗ਼ ਦੇ ਕਾਬਿਲ ਨਹੀਂ ਹੈ। ਜੇ ਬਾਗ਼ ਲਾਉਣਾ ਹੀ ਹੈ ਤਾਂ ਜੰਮੂ ਕਸ਼ਮੀਰ ਜਾਂ ਹਿਮਾਚਲ ਪ੍ਰਦੇਸ਼ ਵਿਚ ਲਾਓ। ਜੰਮੂ-ਕਸ਼ਮੀਰ ਵਿਚ ਜ਼ਮੀਨ ਲੈਣ ਦੀ ਆਗਿਆ ਨਹੀਂ। ਹਿਮਾਚਲ ਵਿਚ ਜ਼ਮੀਨ ਲੈਣੀ ਮੁਸ਼ਕਿਲ ਸੀ। ਫਿਰ ਮੈਨੂੰ ਯਾਦ ਆਇਆ ਕਿ ਮੇਰਾ ਭਰਾ ਕਹਿੰਦਾ ਸੀ ਕਿ ਜ਼ਮੀਨ ਵੇਚ ਕੇ ਮੇਰੇ ਕੋਲ ਹਿਮਾਚਲ ਆ ਜਾ। ਮੈਂ ਪਿਤਾ ਜੀ ਦੀ ਆਗਿਆ ਨਾਲ 1978 ਵਿਚ ਆਪਣੀ ਪੰਜਾਹ ਬਿੱਘੇ ਜ਼ਮੀਨ ਸੱਠ ਹਜ਼ਾਰ ਰੁਪਏ ਵਿਚ ਵੇਚ ਦਿੱਤੀ ਤੇ ਨਾਲ ਹੀ ਹਿਮਾਚਲ ਵਿਚ ਜ਼ਮੀਨ ਦੇਖਣੀ ਸ਼ੁਰੂ ਕਰ

ਦਿੱਤੀ। ਮੇਰਾ ਵੱਡਾ ਭਰਾ ਪਰਮਿੰਦਰ ਸਿੰਘ ਹਿਮਾਚਲ ਪ੍ਰਦੇਸ਼ ਵਿਚ ਤਹਿਸੀਲਦਾਰ ਸੀ, ਇਸ ਲਈ ਉਸ ਦੇ ਕਾਫ਼ੀ ਲੋਕਾਂ ਨਾਲ ਸੰਪਰਕ ਸਨ ਅਤੇ ਉਸ ਨੂੰ ਜ਼ਮੀਨਾਂ ਆਦਿ ਬਾਰੇ ਕਾਫ਼ੀ ਕੁਝ ਪਤਾ ਸੀ। ਮੇਰੇ ਬਚਪਨ ਦਾ ਦੋਸਤ ਬਾਲ ਕ੍ਰਿਸ਼ਨ ਸਿੰਗਲਾ ਮੈਨੂੰ ਕਹਿਣ ਲੱਗਾ ਕਿ ਜੇ ਹਿਮਾਚਲ ਵਿਚ ਜ਼ਮੀਨ ਦੇਖ ਰਿਹਾ ਹੈਂ, ਤਾਂ ਮੇਰਾ ਵੀ ਹਿੱਸਾ ਪਵਾ ਲਈਂ। ਮੇਰੇ ਕੋਲ ਸੱਠ ਹਜ਼ਾਰ ਰੁਪਏ ਸਨ। ਨਵੰਬਰ 1978 ਵਿਚ 56 ਏਕੜ ਜ਼ਮੀਨ ਦਾ ਟੋਟਾ ਪਸੰਦ ਕਰ ਲਿਆ। ਇਸ ਜ਼ਮੀਨ ਦੀ ਕੀਮਤ ਪੰਦਰਾਂ ਸੌ ਰੁਪਏ ਪ੍ਰਤੀ ਏਕੜ ਸੀ। 31 ਏਕੜ ਜ਼ਮੀਨ ਜਿਸ ਦੀ ਕੀਮਤ 53000 ਸੀ, ਮੇਰੇ ਹਿੱਸੇ ਆਈ ਅਤੇ ਬਾਕੀ ਪੱਚੀ ਏਕੜ ਜ਼ਮੀਨ ਬਾਲ ਕ੍ਰਿਸ਼ਨ ਸਿੰਗਲਾ ਦੇ ਹਿੱਸੇ ਦੀ ਸੀ। 1980 ਵਿਚ ਇਹ ਬਾਗ਼ ਸਾਂਝੇ ਤੌਰ ਤੇ ਵਿਕਸਿਤ ਕਰਨਾ ਸ਼ੁਰੂ ਕਰ ਦਿੱਤਾ। ਬਾਲ ਕ੍ਰਿਸ਼ਨ ਸਿੰਗਲਾ ਆਰਥਿਕ ਤੌਰ ਤੇ ਮੇਰੇ ਨਾਲੋਂ ਸੌਖਾ ਸੀ। ਮੈਂ ਤੇ ਮੇਰੀ ਪਤਨੀ ਆਪਣੀਆਂ ਦੋ ਤਨਖਾਹਾਂ ਵਿਚੋਂ ਇਕ ਤਨਖਾਹ ਬਾਗ਼ ਦੀ ਸਾਂਭ ਸੰਭਾਲ ਲਈ ਭੇਜ ਦਿੰਦੇ ਸੀ ਅਤੇ ਦੂਜੀ ਤਨਖਾਹ ਨਾਲ ਘਰ ਦਾ ਗੁਜ਼ਾਰਾ ਕਰਦੇ ਸੀ। ਸਾਨੂੰ ਹੌਸਲਾ ਸੀ ਕਿ ਸਾਡਾ ਬਾਗ਼ ਬਣ ਰਿਹਾ ਹੈ ਜੋ ਰਿਟਾਇਰਮੈਂਟ ਤੋਂ ਬਾਅਦ ਸਾਡੇ ਲਈ ਚੰਗਾ ਰਹੇਗਾ ਅਤੇ ਕਿਸੇ ਬੱਚੇ ਲਈ ਰੁਜ਼ਗਾਰ ਵੀ ਹੋ ਸਕੇਗਾ।

1979 ਵਿਚ ਅਸੀਂ ਆਪਣਾ ਪਲਾਟ ਜੋ ਪੰਜਾਹ ਰੁਪਏ ਪ੍ਰਤੀ ਗਜ਼ ਲਿਆ ਸੀ ਉਹ ਦੋ ਸੌ ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਵੇਚ ਦਿੱਤਾ। ਬਾਲ ਕ੍ਰਿਸ਼ਨ ਸਿੰਗਲਾ ਦਾ ਇਕ ਰਿਸ਼ਤੇਦਾਰ ਸੀ ਜੋ ਮੇਰਾ ਰਘੁਬੀਰ ਨਗਰ ਵਾਲਾ ਪਲਾਟ ਲੈਣਾ ਚਾਹੁੰਦਾ ਸੀ। ਮੈਂ ਉਸ ਨੂੰ ਕਿਹਾ ਮੇਰਾ ਇਹ ਪਲਾਟ ਵੇਚ ਕੇ ਮੈਨੂੰ 99 ਸਾਲਾਂ ਲਈ ਪੰਜ ਸੌ ਗਜ਼ ਦਾ ਪਲਾਟ ਨਿਊ ਲਾਲ ਬਾਗ਼, ਪਟਿਆਲਾ ਵਿਚ ਲੈ ਦਿਓ। ਨਿਊ ਲਾਲ ਬਾਗ਼ 99 ਸਾਲਾ ਪਲਾਟ ਅੱਧੀ ਕੀਮਤ ਤੇ ਵਿੱਕ ਰਿਹਾ ਸੀ। ਪਟਿਆਲਾ ਵਾਸੀਆਂ ਲਈ ਇਹ ਨਵੀਂ ਚੀਜ਼ ਸੀ। ਹਰ ਇਕ ਖਰੀਦਦਾਰ ਕਹਿੰਦਾ, 99 ਸਾਲਾਂ ਬਾਅਦ ਕੀ ਹੋਵੇਗਾ। ਮੇਰਾ ਬਾਲ ਕ੍ਰਿਸ਼ਨ ਸਿੰਗਲਾ ਨੂੰ ਫਾਈਨਲ ਸੈਟਲਮੈਂਟ ਕਰਨ ਤੋਂ ਬਾਅਦ 1000 ਰੁਪਏ ਹੋਰ ਦੇਣਾ ਬਣਦਾ ਸੀ। 1985 ਵਿਚ ਅਸੀਂ ਪਟਿਆਲੇ ਮਕਾਨ ਬਣਾਉਣ ਦੀ ਸੋਚਣ ਲੱਗੇ।

ਇੰਨੇ ਵਿਚ ਅਸੀਂ 1985 ਵਿਚ ਸਰਕਾਰ ਤੋਂ 40 ਹਜ਼ਾਰ ਰੁਪਏ ਕਰਜ਼ਾ ਲੈ ਕੇ ਇਕ ਪੁਰਾਣੀ ਫੀਏਟ ਕਾਰ ਵੀ ਖਰੀਦ ਲਈ। ਜਿਸ ਦਾ ਨੰਬਰ ਪੀ.ਬੀ.ਐਮ. 5252 ਸੀ, ਜੋ ਕਿ ਲਗਭਗ 50 ਹਜ਼ਾਰ ਕਿਲੋਮੀਟਰ ਚੱਲੀ ਸੀ। 16 ਨਵੰਬਰ 1987 ਨੂੰ ਇਸ ਕਾਰ ਦਾ ਐਕਸੀਡੈਂਟ ਹੋ ਗਿਆ। ਸਾਨੂੰ ਬੀਮਾ ਕੰਪਨੀ ਨੇ ਪੰਜਾਹ ਹਜ਼ਾਰ ਰੁਪਏ ਦੇ ਦਿੱਤਾ ਅਤੇ ਕਾਰ ਵੇਚਣ ਦੀ ਆਗਿਆ ਵੀ ਦੇ ਦਿੱਤੀ। ਇਸ ਰਕਮ ਵਿਚੋਂ ਅਸੀਂ 50 ਹਜ਼ਾਰ ਰੁਪਏ ਮਕਾਨ ਦੇ ਬਿਲਡਰ ਨੂੰ ਦੇ ਦਿੱਤਾ ਅਤੇ 10-12 ਹਜ਼ਾਰ ਰੁਪਏ ਦੀ ਕਾਰ ਵੇਚ ਦਿੱਤੀ।

1980 ਵਿਚ ਮੈਂ ਏ.ਈ.ਟੀ.ਸੀ ਪਰਮੋਟ ਹੋ ਗਿਆ ਅਤੇ ਅੰਮ੍ਰਿਤਸਰ ਲਗ

ਗਿਆ। ਮੇਰਾ ਟਾਰਗੇਟ ਡੀ.ਈ.ਟੀ.ਸੀ. ਬਣਨਾ ਹੀ ਸੀ, ਜੋ ਕਿ ਸਿਰਫ਼ ਇਕ ਸਟੈਪ ਰਹਿੰਦਾ ਸੀ।

ਜੋ ਕੁਝ ਮੈਂ ਲਿਖਿਆ ਸੀ, ਉਹ ਤਕਰੀਬਨ ਦਸ ਸਾਲ ਵਿਚ ਹੀ ਪ੍ਰਤੱਖ ਹੋ ਗਿਆ। 1986 ਵਿਚ ਮੇਰਾ ਮਕਾਨ ਨਿਊ ਲਾਲ ਬਾਗ਼ ਵਿਚ ਬਣ ਗਿਆ, ਜੋ ਕਿ ਪਟਿਆਲਾ ਦੀ ਬਹੁਤ ਅੱਛੀ ਕਲੋਨੀ ਸੀ। ਮੇਰੀ ਜ਼ਮੀਨ ਦਸ ਏਕੜ ਤੋਂ ਵੱਧ ਕੇ ਇਕੱਤੀ ਏਕੜ ਹੋ ਗਈ। ਮੇਰੀ ਨੌਕਰੀ ਬਹੁਤ ਅੱਛੀ ਚਲ ਰਹੀ ਸੀ। ਤਰੱਕੀ ਤੋਂ ਇਲਾਵਾ ਮੇਰੀ ਮਸ਼ਹੂਰੀ ਵੀ ਹੋ ਰਹੀ ਸੀ। 1980 ਵਿਚ ਮੈਂ ਏ.ਈ.ਟੀ.ਸੀ ਅਤੇ 1990 ਵਿਚ ਡੀ.ਈ.ਟੀ.ਸੀ ਬਣਿਆ। ਜਨਵਰੀ 2001 ਵਿਚ ਮੈਂ ਐਡੀਸ਼ਨਲ ਐਕਸਾਈਜ਼ ਐਂਡ ਟੈਕਸ਼ੇਸਨ ਕਮਿਸ਼ਨਰ ਰਿਟਾਇਰ ਹੋਇਆ। ਜੋ ਮੇਰੇ ਟਾਰਗੇਟ ਤੋਂ ਵੀ ਕਾਫ਼ੀ ਉਤੇ ਸੀ।

1990 ਵਿਚ ਸਾਡੀ ਜ਼ਮੀਨ ਦਾ ਸੌਦਾ 8 ਲੱਖ ਰੁਪਏ ਵਿਚ ਹੋ ਗਿਆ। ਅੱਠ ਲੱਖ ਵਿਚੋਂ ਮੇਰਾ ਹਿੱਸਾ ਪੰਜ ਲੱਖ ਬਣਦਾ ਸੀ ਪਰ ਬਾਲ ਕ੍ਰਿਸ਼ਨ ਨੇ ਜ਼ਮੀਨ ਦੀ ਡਿਵੈਲਪਮੈਂਟ ਲਈ ਵਧੀਆ ਪੈਸਾ ਖਰਚਿਆ ਹੋਇਆ ਸੀ ਜਿਸ ਕਰਕੇ ਮੈਨੂੰ ਬਾਲ ਕ੍ਰਿਸ਼ਨ ਨੂੰ ਇਕ ਲੱਖ ਰੁਪਏ ਦੇਣਾ ਪਿਆ।

ਮੈਂ ਜੀਵਨ ਵਿਚ ਸਿਰਫ਼ ਦੋ ਵਾਰ ਪੈਸਾ ਦੇਖਿਆ ਹੈ। ਪਹਿਲੀ ਵਾਰ 1978 ਵਿਚ ਜਦੋਂ ਦੁਗਾਲ ਪਿੰਡ ਵਿਚ ਦਸ ਏਕੜ ਜ਼ਮੀਨ ਸੱਠ ਹਜ਼ਾਰ ਰੁਪਏ ਵਿਚ ਵੇਚੀ ਸੀ। ਦੂਜੀ ਵਾਰ ਕੁਝ ਲੱਖ ਰੁਪਏ ਜਦੋਂ ਹਿਮਾਚਲ ਜ਼ਮੀਨ ਦਾ ਸੌਦਾ ਕੀਤਾ ਸੀ। ਇਸ ਤੋਂ ਇਲਾਵਾ ਤਾਂ ਆਈ ਚਲਾਈ ਦਾ ਹੀ ਖੇਡ ਸੀ। ਇਸ ਸਾਰੇ ਸਮੇਂ ਵਿਚ ਅਸੀਂ ਕਦੇ ਘਰ ਵਿਚ ਨੌਕਰ ਨਹੀਂ ਸੀ ਰੱਖਿਆ। ਮੇਰੇ ਕੋਲ ਜਦੋਂ ਕੋਈ ਵਪਾਰੀ ਘਰ ਆਉਂਦੇ ਸਨ ਤਾਂ ਮੇਰੀ ਪਤਨੀ ਆਪਣੇ ਹੱਥੀਂ ਚਾਹ ਬਣਾਉਂਦੀ ਸੀ ਅਤੇ ਮੇਰੇ ਦੋਵੇਂ ਬੱਚੇ ਗੁਰਮੀਤ ਅਤੇ ਗੁਰਜੀਤ ਸਰਵ ਕਰਦੇ ਸਨ। ਮੈਨੂੰ ਇਕ ਦੋ ਵਾਰ ਅਫ਼ਸਰ ਮਿੱਤਰਾਂ ਨੇ ਕਿਹਾ ਕਿ ਤੁਹਾਨੂੰ ਬਿਨਾਂ ਨੌਕਰ ਤੋਂ ਔਖਾ ਨਹੀਂ ਲੱਗਦਾ। ਤੁਹਾਡੇ ਬੱਚੇ ਜੋ ਵਾਈ.ਪੀ.ਐਸ. ਵਿਚ ਪੜ੍ਹਦੇ ਹਨ, ਵਪਾਰੀਆਂ ਨੂੰ ਚਾਹ ਪਿਲਾਉਂਦੇ ਹਨ। ਮੈਂ ਅੱਗੋਂ ਜਵਾਬ ਦਿੰਦਾ ਕਿ ਇਹ ਤਾਂ ਰੱਬ ਦੀ ਕਿਰਪਾ ਹੈ ਕਿ ਮੈਨੂੰ ਅਫ਼ਸਰ ਬਣਾਇਆ ਹੈ। ਇਹ ਰੱਬ ਜੀ ਦੀ ਕਿਰਪਾ ਹੈ ਕਿ ਵੱਡੇ ਵੱਡੇ ਕਰੋੜਪਤੀ ਕਾਰੋਬਾਰੀ ਮੇਰੇ ਦਰਮਿਆਨੇ ਜਿਹੇ ਇਨਸਾਨ ਦੇ ਘਰ ਆਉਂਦੇ ਹਨ। ਮੈਂ ਉੱਤਰ ਦਿੰਦਾ ਕਿ ਇਮਾਨਦਾਰੀ ਦੇ ਨਾਲ ਤਾਂ ਇਹੋ ਜਿਹਾ ਸਟੈਂਡਰਡ ਹੀ ਸੰਭਵ ਹੈ ਅਤੇ ਮੈਨੂੰ ਇਸ ਤੇ ਕੋਈ ਸ਼ਰਮ ਜਾਂ ਝਿੱਜਕ ਨਹੀਂ ਬਲਕਿ ਮਾਣ ਹੈ।

ਹਿਮਾਚਲ ਦੀ ਜ਼ਮੀਨ ਵੇਚ ਕੇ ਜੋ ਵੀ ਪੈਸਾ ਮਿਲਿਆ ਉਹ ਅਮਰੀਕਾ ਬੈਂਕ ਖਾਤੇ ਵਿਚ ਪੁਆ ਦਿੱਤਾ, ਜੋ 1992 ਵਿਚ ਹੀ ਖੁੱਲ੍ਹਵਾ ਲਿਆ ਸੀ। ਤੇਰਾਂ ਹਜ਼ਾਰ ਡਾਲਰ ਸਾਨੂੰ ਘੱਟ ਲੱਗ ਰਿਹਾ ਸੀ। ਮੈਂ ਆਸਟ੍ਰੇਲੀਆ ਤੋਂ ਆਪਣੇ ਇਕ ਦੋਸਤ ਤੋਂ ਸੱਤ ਹਜ਼ਾਰ ਡਾਲਰ ਹੋਰ ਆਪਣੇ ਅਕਾਊਂਟ ਵਿਚ ਪੁਆ ਲਿਆ। ਜਦੋਂ ਅਸੀਂ 1993

ਵਿਚ ਪੰਜ ਸਾਲ ਦੀ ਛੁੱਟੀ ਲੈ ਕੇ ਅਮਰੀਕਾ ਗਏ ਤਾਂ ਉਸ ਸਮੇਂ ਸਾਡੇ ਕੋਲ ਬੈਂਕ ਵਿਚ ਵੀਹ ਹਜ਼ਾਰ ਡਾਲਰ ਸਨ। ਅਸੀਂ ਸਤੰਬਰ 1993 ਵਿਚ ਅਮਰੀਕਾ ਪਹੁੰਚ ਗਏ ਅਤੇ ਸਾਡੇ ਬੱਚਿਆਂ ਦੀ ਪੜ੍ਹਾਈ ਸ਼ੁਰੂ ਹੋ ਗਈ। ਅਸੀਂ ਬਹੁਤ ਸੰਜਮ ਨਾਲ ਪੈਸੇ ਖਰਚਦੇ ਸੀ ਪ੍ਰੰਤੂ ਫਿਰ ਵੀ ਸਾਡਾ ਇਕ ਹਜ਼ਾਰ ਡਾਲਰ ਮਹੀਨਾ ਖ਼ਰਚਾ ਹੋ ਜਾਂਦਾ ਸੀ।

ਅਪ੍ਰੈਲ 1994 ਵਿਚ ਅਸੀਂ ਇਕ ਭਾਰਤੀ ਮੂਲ ਦੇ ਵਿਅਕਤੀ ਨਾਲ ਮਿਲ ਕੇ ਇਕ ਛੋਟਾ ਜਿਹਾ ਗੈਸ ਸਟੇਸ਼ਨ ਲੈ ਲਿਆ। ਉਸ ਵੇਲੇ ਸਾਡੇ ਕੋਲ ਸਾਢੇ ਬਾਰਾਂ ਹਜ਼ਾਰ ਡਾਲਰ ਹੀ ਰਹਿ ਗਿਆ ਸੀ। ਸਾਢੇ ਬਾਰਾਂ ਹਜ਼ਾਰ ਮੈਂ ਆਪਣੇ ਭਰਾ ਜਗਜੀਤ ਤੋਂ ਉਧਾਰਾ ਲਿਆ। ਅਪ੍ਰੈਲ 1994 ਵਿਚ ਅਸੀਂ ਪਹਿਲਾ ਵਪਾਰ ਸ਼ੁਰੂ ਕੀਤਾ।

ਸਾਨੂੰ ਕੁਝ ਕੁ ਮਹੀਨਿਆਂ ਵਿਚ ਹੀ ਇਹ ਮਹਿਸੂਸ ਹੋ ਗਿਆ ਸੀ ਕਿ ਅਸੀਂ ਇਕੱਲੇ ਵੀ ਵਪਾਰ ਕਰ ਸਕਦੇ ਹਾਂ। ਸਾਡੇ ਕੋਲ ਪਟਿਆਲਾ ਸ਼ਹਿਰ ਵਿਚ ਇਕ ਮਕਾਨ ਹੀ ਸੀ, ਜੋ ਵਿਕ ਸਕਦਾ ਸੀ। ਇਹ ਮਕਾਨ ਮੇਰੀ ਪਤਨੀ ਦੇ ਨਾਂਅ ਤੇ ਸੀ। ਮੈਂ ਆਪਣੀ ਪਤਨੀ ਤੋਂ ਮਕਾਨ ਦੀ ਪਾਵਰ ਆਫ ਅਟਾਰਨੀ ਲੈ ਕੇ ਜੂਨ-ਜੁਲਾਈ 1994 ਨੂੰ ਪਟਿਆਲਾ ਆ ਗਿਆ ਅਤੇ ਇਹ ਮਕਾਨ ਸੌਲਾਂ ਲੱਖ ਰੁਪਏ ਵਿਚ ਵੇਚ ਦਿੱਤਾ। ਮੈਂ ਆਪਣੇ ਆਸਟ੍ਰੇਲੀਆ ਵਾਲੇ ਦੋਸਤ ਦਾ ਸੱਤ ਹਜ਼ਾਰ ਡਾਲਰ ਵੀ ਇਸੇ ਰਕਮ ਵਿਚੋਂ ਵਾਪਸ ਕਰ ਦਿੱਤਾ। ਪ੍ਰੰਤੂ ਇਸ ਪੈਸੇ ਨੂੰ ਅਮਰੀਕਾ ਲਿਜਾਣਾ ਵੱਡੀ ਸਮੱਸਿਆ ਸੀ। ਮੇਰੇ ਛੋਟੇ ਭਰਾ ਸਤਵੰਤ (ਸ਼ਹੀਦ 2012) ਨੇ ਮੇਰੀ ਮੱਦਦ ਕੀਤੀ। ਉਸ ਨੇ ਮੈਨੂੰ ਕਿਹਾ ਕਿ ਤੁਹਾਡਾ ਪੈਸਾ ਤੁਹਾਡੇ ਅਕਾਊਂਟ ਵਿਚ ਪਿਆ ਰਹਿਣ ਦਿਓ। ਮੇਰੀ ਵੱਡੀ ਭੈਣ ਜਸਵਿੰਦਰ ਪਟਿਆਲੇ ਹੀ ਰਹਿੰਦੀ ਸੀ। ਅਸੀਂ ਆਪਣੇ ਬੱਚਤ ਖਾਤੇ ਵਿਚ ਉਸ ਦਾ ਨਾਮ ਵੀ ਪੁਆ ਦਿੱਤਾ। ਸਤਵੰਤ ਦੇ ਸਹੁਰਿਆਂ ਦਾ ਬਹੁਤ ਵੱਡਾ ਪਰਿਵਾਰ ਸੀ। ਉਹ ਹਰ ਸਾਲ ਇਕ ਦੋ ਵਿਆਹ ਅਟੈਂਡ ਕਰਨ ਭਾਰਤ ਆਉਂਦਾ ਸੀ। ਉਹ ਬਹੁਤ ਪਿਆਰ ਤੇ ਭਾਵਨਾ ਨਾਲ ਗੁਰਦੁਆਰੇ ਸੇਵਾ ਕਰਦਾ ਸੀ। ਉਹ ਲੋਕਾਂ ਅਤੇ ਰਿਸ਼ਤੇਦਾਰਾਂ ਦੀ ਮੱਦਦ ਕਰਨ ਲਈ ਹਮੇਸ਼ਾਂ ਤਤਪਰ ਰਹਿੰਦਾ ਸੀ।

1994 ਤੋਂ ਲੈ ਕੇ 2010 ਤੱਕ ਅਸੀਂ ਦਸ ਵਪਾਰ ਖਰੀਦੇ। ਇਹਨਾਂ ਸਾਰੇ ਵਪਾਰਾਂ ਵਿਚ ਬੈਂਕਾਂ ਤੋਂ ਇਲਾਵਾ ਮੇਰੇ ਭੈਣ ਭਰਾਵਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਮੱਦਦ ਕੀਤੀ। ਮੈਂ ਆਪਣੇ ਛੋਟੇ ਭਰਾ ਸਤਵੰਤ ਤੋਂ ਦੋ ਵਾਰ ਤੀਹ ਹਜ਼ਾਰ ਡਾਲਰ ਲਏ। ਮੈਂ ਆਪਣੇ ਸਹੁਰੇ ਦੇ ਛੋਟੇ ਭਰਾ ਸ. ਮਹਿੰਦਰ ਸਿੰਘ ਮੰਡ (ਇੰਗਲੈਂਡ) ਤੋਂ 1998 ਵਿਚ ਦਸ ਹਜ਼ਾਰ ਡਾਲਰ ਲਏ। ਸਾਡੇ ਇਕ ਹੋਰ ਰਿਸ਼ਤੇਦਾਰ ਸ. ਬਚਨ ਸਿੰਘ ਗਿੱਲ ਤੋਂ ਦੋ ਵਾਰ ਸੱਠ ਹਜ਼ਾਰ ਡਾਲਰ ਲਏ। ਦੋ ਬੈਂਕ ਅਫ਼ਸਰ ਜਿਹਨਾਂ ਨੇ ਸਾਡੀ ਸਾਰੇ ਕਰਜ਼ਿਆਂ ਵਿਚ ਬਹੁਤ ਮੱਦਦ ਕੀਤੀ ਉਹਨਾਂ ਦਾ ਨਾਂ ਲੈਣਾ ਵੀ ਵਰਣਨਯੋਗ ਹੈ। ਗੋਡਵਿਨ ਆਮਾਗਾਸ਼ੀ ਨੇ ਸਾਨੂੰ ਦਸੰਬਰ 1994 ਵਿਚ ਲੋਨ ਵਿਚ ਮੱਦਦ ਕੀਤੀ, ਜਦੋਂ ਸਾਨੂੰ ਕੋਈ ਵੀ ਬੈਂਕ ਨਹੀਂ ਜਾਣਦਾ ਸੀ। ਮਾਰਚ 1998 ਤੋਂ ਬਾਅਦ 2010 ਤੱਕ ਮਾਰਕ ਸਟਰ ਨੇ ਸਾਡੀ ਕਦੇ ਵੀ ਪਿੱਠ ਨਹੀਂ ਲੱਗਣ ਦਿੱਤੀ।

2010 ਤੱਕ ਅਸੀਂ ਦਸ ਵਪਾਰਾਂ ਤੋਂ ਇਲਾਵਾ ਦੋ ਮਕਾਨ ਵੀ ਖਰੀਦੇ ਜਿਹਨਾਂ ਵਿਚੋਂ ਪੰਜ ਵਪਾਰ ਵੇਚ ਦਿੱਤੇ ਅਤੇ ਇਕ ਮਕਾਨ ਵੇਚ ਦਿੱਤਾ। 2010 ਵਿਚ ਅਸੀਂ ਦੋਵਾਂ ਪਤੀ ਪਤਨੀ ਨੇ ਵਾਪਸ ਭਾਰਤ ਆਉਣ ਦਾ ਫ਼ੈਸਲਾ ਕਰ ਲਿਆ। ਪਟਿਆਲਾ ਸ਼ਹਿਰ ਵਿਚ ਅਸੀਂ ਪਹਿਲਾਂ ਹੀ ਇਕ ਮਕਾਨ 1999-2000 ਵਿਚ ਬਣਾ ਲਿਆ ਸੀ, ਜਿਸ ਵਿਚ ਅਮਰੀਕਾ ਦੇ ਪੈਸੇ ਦੀ ਕਾਫ਼ੀ ਮੱਦਦ ਸੀ। 2010 ਵਿਚ ਜਦੋਂ ਅਸੀਂ ਵਾਪਸ ਭਾਰਤ ਆਏ ਤਾਂ ਸਾਡੇ ਕੋਲ ਇਕ ਐਫ.ਡੀ ਸੀ ਜਿਸ ਦੀ ਰਕਮ ਛੇ ਲੱਖ ਰੁਪਏ ਸੀ। 2008 ਵਿਚ ਅਮਰੀਕਾ ਦੇ ਇਨਕਮ ਟੈਕਸ ਦੇ ਆਧਾਰ ਮੇਰੀ ਤੇ ਮੇਰੀ ਪਤਨੀ ਦੀ 1220 ਡਾਲਰ ਪੈਨਸ਼ਨ ਲੱਗ ਗਈ ਜੋ ਹੁਣ ਵੀ ਮਿਲਦੀ ਹੈ। ਇਸ ਤੋਂ ਇਲਾਵਾ ਸਾਨੂੰ ਦੋਵਾਂ ਨੂੰ ਸਰਕਾਰੀ ਨੌਕਰੀਆਂ ਦੀ ਪੈਨਸ਼ਨ ਵੀ ਮਿਲਦੀ ਹੈ। ਅਸੀਂ ਆਰਥਿਕ ਤੌਰ ਤੇ ਬਹੁਤ ਆਰਾਮਦਾਇਕ ਮਹਿਸੂਸ ਕਰਦੇ ਹਾਂ। ਹਿੰਦੁਸਤਾਨ ਆਉਣ ਲੱਗਿਆਂ ਮੈਂ ਤੇ ਮੇਰੀ ਪਤਨੀ ਨੇ ਦੋਵਾਂ ਬੱਚਿਆਂ ਨੂੰ ਸਾਰੀ ਜਾਇਦਾਦ ਵੰਡ ਦਿੱਤੀ। ਸਾਡੇ ਦੋਵੇਂ ਬੱਚੇ ਬਹੁਤ ਜ਼ਿੰਮੇਵਾਰ ਹਨ, ਦੋਹੇਂ ਬੱਚੇ ਆਪਣੇ ਪਰਿਵਾਰਾਂ ਸਮੇਤ ਸਾਨੂੰ ਭਾਰਤ ਮਿਲਣ ਆਉਂਦੇ ਹਨ। ਅਸੀਂ ਆਪਣੇ ਜੱਦੀ ਪਟਿਆਲਾ ਸ਼ਹਿਰ ਵਿਚ ਬਹੁਤ ਹੀ ਸੁੱਖ ਆਰਾਮ ਨਾਲ ਰਹਿ ਰਹੇ ਹਾਂ ਅਤੇ ਸਦਾ ਰੱਬ ਜੀ ਦਾ ਸ਼ੁਕਰ ਕਰਦੇ ਹਾਂ।

ਜ਼ਮੀਨ ਤੋਂ ਬਿਨਾਂ ਸਾਨੂੰ ਕੁਝ ਸਾਲ ਬੇਅਰਾਮ ਜਿਹਾ ਮਹਿਸੂਸ ਹੁੰਦਾ ਸੀ। ਪਰ ਹੁਣ ਜਦੋਂ ਸਾਡੀ ਉਮਰ ਕਾਫ਼ੀ ਵੱਡੀ ਹੋ ਗਈ ਹੈ, ਇਹ ਮਹਿਸੂਸ ਕਰ ਰਹੇ ਹਾਂ ਕਿ ਜੇ ਜ਼ਮੀਨ ਹੁੰਦੀ ਤਾਂ ਸਾਡੇ ਤੋਂ ਬਾਅਦ ਉਸ ਦੀ ਨਿਗਰਾਨੀ ਕੌਣ ਕਰਦਾ। ਦੋਵੇਂ ਲੜਕੇ ਅਤੇ ਉਹਨਾਂ ਦੇ ਪਰਿਵਾਰ ਤਾਂ ਅਮਰੀਕਾ ਵਿਚ ਹੀ ਬਹੁਤ ਮਸ਼ਰੂਫ ਹਨ। ਉਹ ਕੁਝ ਸਮਾਂ ਕੱਢ ਕੇ ਹੀ ਸਾਨੂੰ ਮਿਲਣ ਆਉਂਦੇ ਹਨ। ਆਪਣੇ ਸ਼ਹਿਰ ਵਿਚ ਪੰਜ ਸੌ ਕੁ ਗਜ਼ ਦਾ ਮਕਾਨ ਸਾਡੇ ਲਈ ਕਾਫ਼ੀ ਹੈ। ਰੱਬ ਜੀ ਦੀ ਕ੍ਰਿਪਾ ਨਾਲ ਸਾਡੀਆਂ ਆਸ਼ਾਵਾਂ, ਭਰਮ ਅਤੇ ਚਿੰਤਾਵਾਂ ਮੁਕ ਗਈਆਂ ਹਨ। ਅਸੀਂ ਸ਼ੁਕਰ ਅਤੇ ਸਬਰ ਦੀ ਜ਼ਿੰਦਗੀ ਬਿਤਾ ਰਹੇ ਹਾਂ।

*****

# ਅਨੋਖੇ ਅਨੁਭਵ

2010 ਵਿਚ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਦੂਜੀ ਐਮ.ਏ. (ਰਿਲੀਜੀਅਸ ਸਟੱਡੀਜ਼) ਵਿਚ ਕੀਤੀ। 2012-13 ਵਿਚ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਸਿੱਖ ਸਟੱਡੀਜ਼ ਦੀ ਤੀਜੀ ਐਮ.ਏ. ਕੀਤੀ। ਤੀਸਰੀ ਐਮ.ਏ. ਵਿਚ ਮੇਰੀ ਪਹਿਲੀ ਡਵੀਜ਼ਨ ਆਈ। ਪਹਿਲੀ ਐਮ.ਏ. ਜੋ ਮੈਂ ਵੀਹ ਸਾਲ ਦੀ ਉਮਰ ਵਿਚ ਕੀਤੀ ਸੀ, ਉਸ ਵਿਚ ਮੇਰੀ ਸੈਕਿੰਡ ਡਵੀਜ਼ਨ ਆਈ ਸੀ। 2014 ਵਿਚ ਮੈਂ ਪੀਐਚ.ਡੀ ਅਨਰੋਲ ਹੋਣ ਦੀ ਤਿਆਰੀ ਕਰ ਰਿਹਾ ਸੀ ਕਿ ਉਸ ਸਮੇਂ ਮੇਰੇ ਸਰੀਰ ਨੂੰ ਇਕ ਵੱਡਾ ਝਟਕਾ ਲੱਗਿਆ। ਫਰਵਰੀ 2014 ਨੂੰ ਮੈਂ ਆਪਣੇ ਇਕ ਹੋਰ ਮਿੱਤਰ ਨਾਲ ਗੌਲਫ ਖੇਡ ਰਿਹਾ ਸੀ, ਮੈਨੂੰ ਆਵਾਜ਼ ਆਈ ਕਿ ਤੁਹਾਡੀ ਉਮਰ ਵਧਾਉਣੀ ਹੈ। ਮੈਂ ਸੋਚਣ ਲੱਗ ਪਿਆ ਕਿ ਮੈਂ ਤਾਂ ਚੰਗਾ ਭਲਾ ਹਾਂ। ਮੇਰੀ ਸਿਹਤ ਨੂੰ ਕੀ ਹੋਇਆ ਹੈ। ਮੈਂ ਅੱਖਾਂ ਬੰਦ ਕਰਕੇ ਪੁੱਛਿਆ ਕਿ ਕਿਸ ਨੂੰ ਮੇਰੀ ਉਮਰ ਵਧਾਉਣ ਦੀ ਫਿਕਰ ਹੈ, ਤਾਂ ਮੈਨੂੰ ਆਪਣੀ ਸ਼ਕਲ ਦਿੱਸੀ ਜਿਸ ਵਿਚ ਮੈਂ ਕੇਸੀ ਨਹਾ ਕੇ ਪਾਠ ਕਰ ਰਿਹਾ ਹਾਂ।

ਕੁਝ ਦਿਨਾਂ ਬਾਅਦ ਮੈਂ ਗੌਲਫ ਖੇਡ ਕੇ ਆਪਣੇ ਘਰ ਵਾਪਸ ਆ ਰਿਹਾ ਸੀ। ਮੇਰੇ ਕੋਲ ਹੌਂਡਾ ਸਿਟੀ ਕਾਰ ਸੀ, ਜੋ ਮੈਂ ਚਲਾ ਰਿਹਾ ਸੀ। ਪਿਛਲੀ ਸੀਟ ਉਤੇ ਮੈਂ ਇਕ ਬੰਦਾ ਬੈਠਾ ਦੇਖਿਆ ਜੋ ਕਿ ਬਦ-ਸ਼ਕਲਾ ਜਿਹਾ ਲੱਗ ਰਿਹਾ ਸੀ। ਉਸ ਦੇ ਸਿਰ ਤੇ ਹਰੀ ਟੋਪੀ ਅਤੇ ਨੱਕ ਤੇ ਮਾਸਕ ਪਹਿਨਿਆ ਹੋਇਆ ਸੀ। ਮੈਂ ਉਸ ਬੰਦੇ ਵੱਲ ਧਿਆਨ ਨਾਲ ਦੇਖਿਆ ਅਤੇ ਮੈਨੂੰ ਮਹਿਸੂਸ ਹੋਇਆ ਕਿ ਇਸ ਦਾ ਨੱਕ ਤਾਂ ਮੇਰੇ ਵਰਗਾ ਹੈ। ਜਦੋਂ ਮੈਂ ਪੂਰੀ ਤਰ੍ਹਾਂ ਪਹਿਚਾਣ ਲਿਆ ਤਾਂ ਉਹ ਸ਼ਕਲ ਅਲੋਪ ਹੋ ਗਈ। ਮੈਂ ਸਮਝ ਗਿਆ ਕਿ ਮੇਰੀ ਹੀ ਉਮਰ ਵਧਾਉਣੀ ਹੈ ਅਤੇ ਹੀਲਾ ਮੇਰਾ ਓਪਰੇਸ਼ਨ ਹੈ ਅਤੇ ਓਪਰੇਸ਼ਨ ਵੇਲੇ ਮੇਰੀ ਸ਼ਕਲ ਇਸ ਤਰ੍ਹਾਂ ਦੀ ਹੋਵੇਗੀ।

ਮੈਨੂੰ ਦਸੰਬਰ 2013 ਤੋਂ ਹੀ ਸਾਹ ਚੜ੍ਹਦਾ ਸੀ। ਮੈਂ ਅਕਸਰ ਡਾ. ਸੁਧੀਰ ਵਰਮਾ ਕੋਲ ਜਾਂਦਾ ਸੀ, ਜੋ ਕਿ ਪਟਿਆਲੇ ਸ਼ਹਿਰ ਦੇ ਮਸ਼ਹੂਰ ਦਿਲ ਦੇ ਡਾਕਟਰ ਹਨ। ਉਸ ਦੇ ਪਿਤਾ ਮੇਰੇ ਸਹਿਕਰਮੀ ਹੋਣ ਕਰਕੇ ਉਹ ਮੇਰੇ ਤੋਂ ਫ਼ੀਸ ਨਹੀਂ ਲੈਂਦਾ ਸੀ। ਇਸ ਲਈ ਮੈਂ ਅਤੇ ਮੇਰੀ ਪਤਨੀ ਨੇ ਕਿਸੇ ਹੋਰ ਡਾਕਟਰ ਕੋਲ ਜਾਣ ਦੀ ਵਿਚਾਰ ਕੀਤੀ। 10 ਮਾਰਚ ਨੂੰ ਅਸੀਂ ਪਟਿਆਲਾ ਦੇ ਇਕ ਹੋਰ ਦਿਲ ਦੇ ਡਾਕਟਰ ਤਨੇਜਾ ਕੋਲ ਗਏ। ਉਸ ਨੇ ਮੇਰੀ ਈ.ਸੀ.ਜੀ. ਅਤੇ ਈਕੋ ਕੀਤੀ। ਮੇਰੀਆਂ ਦੋਹੇਂ ਰਿਪੋਰਟਾਂ ਠੀਕ ਸਨ। ਮੈਂ ਡਾਕਟਰ ਨੂੰ ਸਾਹ ਚੜ੍ਹਨ ਦੀ ਸ਼ਿਕਾਇਤ ਕੀਤੀ ਤਾਂ ਉਹ

ਕਹਿਣ ਲੱਗੇ ਕਿ ਇਹ ਤਾਂ ਮੈਨੂੰ ਵੀ ਸਮਝ ਨਹੀਂ ਆਈ। ਮੈਂ ਉਹਨਾਂ ਤੋਂ ਗੌਲਫ ਖੇਡਣ ਦੀ ਇਜਾਜ਼ਤ ਮੰਗੀ। ਉਹਨਾਂ ਨੇ ਕਿਹਾ,"ਤੁਹਾਡਾ ਹਾਰਟ ਰੇਟ ਸੱਠ ਹੈ, ਜੇ ਤੁਸੀਂ ਨਹੀਂ ਖੇਡੋਗੇ ਤਾਂ ਹੋਰ ਕੌਣ ਖੇਡੇਗਾ।" ਉਹਨਾਂ ਨੇ ਮੈਨੂੰ ਗੌਲਫ ਖੇਡਣ ਦੀ ਇਜਾਜ਼ਤ ਦੇ ਦਿੱਤੀ।

ਮੈਂ 11 ਮਾਰਚ ਨੂੰ ਗੌਲਫ ਖੇਡਣ ਗਿਆ, ਪੰਜ ਕੁ ਹੋਲ ਖੇਡਣ ਤੋਂ ਬਾਅਦ ਮੈਨੂੰ ਆਪਣਾ ਬਚਪਨ ਦਾ ਦੋਸਤ ਡਾਕਟਰ ਡਾਂਗ ਯਾਦ ਆਇਆ। ਉਸ ਤੋਂ ਟਾਈਮ ਲਿਆ ਅਤੇ ਤਕਰੀਬਨ 11.30 ਕੁ ਵਜੇ ਉਸ ਨੂੰ ਮਿਲੇ। ਡਾਕਟਰ ਡਾਂਗ ਮੈਡੀਸਨ ਦਾ ਡਾਕਟਰ ਸੀ ਪਰ ਉਂਝ ਸਿਆਣਾ ਅਤੇ ਤਜ਼ਰਬੇਕਾਰ ਡਾਕਟਰ ਸੀ। ਉਸ ਨੇ ਮੈਨੂੰ ਕਿਹਾ," ਸਰ ਤੁਹਾਨੂੰ ਅਨਜਾਈਨਾ ਹੈ ਜੋ ਐਕਸਰਸਾਈਜ਼ ਕਰਨ ਤੇ ਹੀ ਮਹਿਸੂਸ ਹੁੰਦਾ ਹੈ।" ਉਹਨਾਂ ਨੇ ਸਾਨੂੰ ਚੰਡੀਗੜ੍ਹ ਫੋਰਟਿਸ ਜਾਂ ਕਿਸੇ ਹੋਰ ਚੰਗੇ ਹਸਪਤਾਲ ਵਿਚ ਜਾਣ ਦੀ ਸਲਾਹ ਦਿੱਤੀ। ਅਸੀਂ 12 ਮਾਰਚ ਨੂੰ ਮੈਕਸ ਹਸਪਤਾਲ, ਮੁਹਾਲੀ ਪਹੁੰਚ ਗਏ। ਉਹਨਾਂ ਨੇ ਈ.ਸੀ.ਜੀ. ਅਤੇ ਐਨਜੀਓਗ੍ਰਾਫੀ ਕੀਤੀ। ਐਨਜੀਓਗ੍ਰਾਫੀ ਦੀਆਂ ਰਿਪੋਰਟਾਂ ਤੋਂ ਇਹ ਪਤਾ ਲੱਗਾ ਕਿ ਤਿੰਨ ਆਰਟਰੀਆਂ 99, 97, ਅਤੇ 95% ਬਲਾਕ ਹਨ। ਮੇਰੀ ਪਤਨੀ ਨੇ ਡਾਕਟਰਾਂ ਤੋਂ ਪੁੱਛਿਆ ਕਿ ਜੇ ਅਸੀਂ ਓਪਰੇਸ਼ਨ ਨਹੀਂ ਕਰਾਉਂਦੇ ਤਾਂ ਸਾਡਾ ਕੀ ਭਵਿੱਖ ਹੈ। ਉਹਨਾਂ ਨੇ ਕਿਹਾ ਹੋ ਸਕਦਾ ਹੈ ਕਿ 5-10 ਸਾਲ ਵੀ ਜੀ ਸਕਦੇ ਹਨ ਅਤੇ ਹੋ ਸਕਦਾ ਹੈ ਕਿ ਅੱਜ ਹੀ ਮੁੜ ਕੇ ਸਾਡੇ ਹਸਪਤਾਲ ਆ ਜਾਓ। ਅਸੀਂ ਬਾਈਪਾਸ ਓਪਰੇਸ਼ਨ ਕਰਾਉਣਾ ਠੀਕ ਸਮਝਿਆ। ਸਾਨੂੰ ਡਰ ਇਸ ਲਈ ਨਹੀਂ ਲੱਗਾ ਕਿਉਂਕਿ ਰੱਬੀ ਸ਼ਕਤੀਆਂ ਨੇ ਪਹਿਲਾਂ ਹੀ ਸਾਨੂੰ ਇਸ ਬਾਰੇ ਦੱਸ ਦਿੱਤਾ ਸੀ।

13 ਮਾਰਚ 2014 ਨੂੰ ਮੇਰਾ ਓਪਰੇਸ਼ਨ ਹੋਇਆ। ਓਪਰੇਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਮੇਰੀ ਦਿਲੀ ਇੱਛਾ ਸੀ ਕਿ ਮੈਨੂੰ ਕਿਸੇ ਗੁਰੂ ਸਾਹਿਬ ਦੇ ਦਰਸ਼ਨ ਹੋਣ। ਦਰਸ਼ਨ ਤਾਂ ਨਹੀਂ ਹੋਏ ਪਰ ਮੈਨੂੰ ਇੰਨਾਂ ਆਤਮਿਕ ਸੁੱਖ ਮਿਲਿਆ ਕਿ ਮੇਰਾ ਮਨ ਚੜ੍ਹਦੀ-ਕਲਾ ਵਿਚ ਹੋ ਗਿਆ। 11 ਕੁ ਵਜੇ ਮੇਰਾ ਓਪਰੇਸ਼ਨ ਸ਼ੁਰੂ ਹੋ ਗਿਆ ਅਤੇ ਅਗਲੇ ਦਿਨ ਮੈਨੂੰ ਹੋਸ਼ ਆਈ। ਕਿਸੇ ਮੈਡੀਕਲ ਅਟੈਂਡੈਂਟ ਨੇ ਮੈਨੂੰ ਉਠਾਇਆ ਅਤੇ ਕੁਝ ਪਾਈਪਾਂ ਮੇਰੇ ਸਰੀਰ ਚੋਂ ਕੱਢੀਆਂ। ਅਟੈਂਡੈਂਟ ਆਪਸ ਵਿਚ ਗੱਲਾਂ ਕਰ ਰਹੇ ਸਨ ਕਿ ਜ਼ਖ਼ਮ ਸੁੱਕ ਗਏ ਹਨ। 14 ਤਰੀਕ ਨੂੰ 11 ਕੁ ਵਜੇ ਮੈਨੂੰ ਮੇਰਾ ਛੋਟਾ ਭਰਾ ਗੁਰਵੰਤ ਮਿਲਣ ਲਈ ਆਇਆ। ਇਕ ਨਰਸ ਪੁੱਛਣ ਲੱਗੀ ਕਿ ਕੀ ਤੁਹਾਨੂੰ ਆਪਣੀ ਪਤਨੀ ਦਾ ਨਾਂ ਯਾਦ ਹੈ। ਮੈਂ ਕਿਹਾ ਪਤਨੀ ਦਾ ਨਾਂ ਕੌਣ ਭੁਲਦਾ ਹੈ। ਸ਼ਾਇਦ ਉਹ ਮੇਰੀ ਯਾਦਾਸ਼ਤ ਦੇਖ ਰਹੇ ਸਨ। ਕੁਝ ਘੰਟਿਆਂ ਬਾਅਦ ਮੈਨੂੰ ਆਈ.ਸੀ.ਯੂ. ਤੋਂ ਵਾਰਡ ਵਿਚ ਲਿਆਂਦਾ ਗਿਆ। ਜਦੋਂ ਮੈਂ ਵਾਰਡ ਵਿਚ ਆਇਆ ਹੀ ਸੀ ਤਾਂ ਮੇਰੀ ਪਤਨੀ ਨੇ ਦੱਸਿਆ ਵੱਡਾ ਲੜਕਾ ਗੁਰਮੀਤ ਪੂਰੇ ਪਰਿਵਾਰ ਸਮੇਤ ਅਮਰੀਕਾ ਤੋਂ ਆਇਆ ਹੈ। 19 ਤਾਰੀਕ ਨੂੰ ਮੈਂ ਹਸਪਤਾਲ ਤੋਂ ਡਿਸਚਾਰਜ ਹੋ ਗਿਆ।

ਓਪਰੇਸ਼ਨ ਹੋਣ ਕਰਕੇ ਪਹਿਲੇ ਦੋ ਮਹੀਨੇ ਸਿੱਧਾ ਹੀ ਸੌਣਾ ਹੁੰਦਾ ਹੈ। ਦੋ ਮਹੀਨਿਆਂ ਤੱਕ ਮੈਨੂੰ ਡਾਕਟਰਾਂ ਵੱਲੋਂ ਕਾਰ ਚਲਾਉਣ ਦੀ ਆਗਿਆ ਨਹੀਂ ਸੀ ਪਰ ਮੈਂ ਤਿੰਨ ਮਹੀਨਿਆਂ ਤੱਕ ਕਾਰ ਡਰਾਈਵ ਨਹੀਂ ਕੀਤੀ। ਜੂਨ 2013 ਤੱਕ ਮੈਂ ਕਾਫੀ ਰਿਸ਼ਟ ਪੁਸ਼ਟ ਹੋ ਗਿਆ ਅਤੇ ਸੈਰ ਆਦਿਕ ਕਰਨ ਲੱਗਾ। ਸਤੰਬਰ 2013 ਤੱਕ ਮੈਂ ਦੁਬਾਰਾ ਗੌਲਫ ਖੇਡਣੀ ਸ਼ੁਰੂ ਕਰ ਦਿੱਤੀ। ਨਵੰਬਰ-ਦਸੰਬਰ 2013 ਵਿਚ ਮੈਨੂੰ ਮਹਿਸੂਸ ਹੋਇਆ ਕਿ ਮੇਰੀ ਸਿਹਤ ਇੰਨੀ ਅੱਛੀ ਨਹੀਂ ਹੈ ਜਿੰਨੀ ਲੋਕਾਂ ਦੀ ਹੁੰਦੀ ਹੈ।

**ਕੈਂਸਰ ਨਾਲ ਯੁੱਧ:-** ਫਰਵਰੀ 2015 ਨੂੰ ਇਕ ਦਿਨ ਮੈਂ ਪਿਸ਼ਾਬ ਕਰਨ ਗਿਆ। ਪਾਣੀ ਨਾ ਹੋਣ ਕਰਕੇ ਮੈਂ ਫਲੱਸ਼ ਨਹੀਂ ਕੀਤਾ। ਮੇਰੀ ਪਤਨੀ ਨੇ ਜਦੋਂ ਬਾਥਰੂਮ ਵਿਚ ਦੇਖਿਆ ਤਾਂ ਮੇਰੇ ਪਿਸ਼ਾਬ ਵਿਚ ਖੂਨ ਦੇ ਡੋਟਸ ਸਨ। ਉਸ ਸਮੇਂ ਘਬਰਾ ਗਈ ਅਤੇ ਮੈਨੂੰ ਇਸ ਬਾਰੇ ਇਤਲਾਹ ਕੀਤੀ। ਮੈਂ ਯੂਰੀਨ ਟੈਸਟ ਕਰਾਇਆ। ਉਸ ਵਿਚ ਛੇ ਤੋਂ ਅੱਠ ਆਰ.ਬੀ.ਸੀ. ਮਿਲੇ। ਮੇਰੇ ਸਹਿਕਰਮੀ ਦਾ ਲੜਕਾ ਡਾ. ਬੀ.ਪੀ. ਸਿੰਘ ਜੋ ਕਿ ਪਟਿਆਲੇ ਦੇ ਕਾਫੀ ਮਸ਼ਹੂਰ ਯੂਰੋਲੋਜਿਸਟ ਹੈ, ਨੂੰ ਮਿਲਿਆ। ਉਹਨਾਂ ਨੇ ਮੈਨੂੰ ਅਲਟਰਾ ਸਾਊਂਡ ਕਰਾਉਣ ਲਈ ਕਿਹਾ। ਮੈਂ ਅਲਟਰਾਸਾਊਂਡ ਕਰਵਾਇਆ ਤੇ ਡਾਕਟਰ ਬੀ.ਪੀ ਸਿੰਘ ਨੂੰ ਆਪਣੀ ਰਿਪੋਰਟ ਦਿਖਾਈ। ਰਿਪੋਰਟ ਵਿਚ ਲਿਖਿਆ ਸੀ ਕਿ ਪਿਸ਼ਾਬ ਵਾਲੇ ਬਲੈਡਰ ਦੀ ਕੰਧ ਦੇ ਨਾਲ ਕੁਝ ਹਨੇਰਾ ਦਿਸ ਰਿਹਾ ਹੈ। ਡਾ.ਬੀ.ਪੀ ਸਿੰਘ ਨੇ ਮੈਨੂੰ ਓਪਰੇਸ਼ਨ ਕਰਵਾਉਣ ਦੀ ਸਲਾਹ ਦਿੱਤੀ।

ਮੈਂ ਹਾਰਟ ਦਾ ਓਪਰੇਸ਼ਨ ਮੈਕਸ ਹਸਪਤਾਲ, ਮੁਹਾਲੀ ਤੋਂ ਕਰਵਾਇਆ ਸੀ। ਮੈਂ ਕੋਈ ਵੀ ਓਪਰੇਸ਼ਨ ਕਿਸੇ ਹੋਰ ਥਾਂ ਤੋਂ ਕਰਵਾਉਣਾ ਸੁਰੱਖਿਅਤ ਨਹੀਂ ਸਮਝਦਾ ਸੀ। ਮੈਂ ਮੈਕਸ ਵਿਚ ਡਾ. ਬੀ.ਐਸ ਰਾਏ ਨੂੰ ਫੋਨ ਕੀਤਾ। ਮੈਂ ਉਹਨਾਂ ਨੂੰ ਸਾਰਾ ਕੁਝ ਦੱਸਿਆ। ਉਹਨਾਂ ਨੂੰ ਲਗਭਗ ਤੀਹ ਕੁ ਸਾਲ ਦਾ ਤਜ਼ਰਬਾ ਸੀ। 14 ਮਾਰਚ 2015 ਨੂੰ ਮੇਰਾ ਯੁਰੀਨ ਬਲੈਡਰ ਦਾ ਓਪਰੇਸ਼ਨ ਹੋਇਆ। ਉਹਨਾਂ ਨੇ ਮੇਰੀ ਪਤਨੀ ਨੂੰ ਕਹਿ ਦਿੱਤਾ ਕਿ ਇਹ ਕੈਂਸਰ ਹੈ। ਮੇਰੀ ਪਤਨੀ ਨੇ ਕਿਹਾ ਕਿ ਤੁਸੀਂ ਰਿਪੋਰਟ ਤਾਂ ਲੈਬੋਰਟਰੀ ਵਿਚ ਭੇਜੀ ਹੀ ਨਹੀਂ। ਡਾਕਟਰ ਨੇ ਕਿਹਾ ਕਿ ਇਹ ਮੇਰਾ ਤਜ਼ਰਬਾ ਹੈ। ਰਿਪੋਰਟ ਆਉਣ ਤੇ ਪਤਾ ਲੱਗਾ ਕਿ ਇਹ ਲੋ ਗਰੇਡ ਦਾ ਕੈਂਸਰ ਸੀ। ਇਹ ਹਾਰਟ ਦੇ ਮੁਕਾਬਲੇ ਤਾਂ ਛੋਟਾ ਓਪਰੇਸ਼ਨ ਸੀ ਪਰ ਕੈਂਸਰ ਦਾ ਨਾਂ ਵੱਡਾ ਹੈ। ਕੁਝ ਦਿਨਾਂ ਬਾਅਦ ਮੈਂ ਰੱਬ ਜੀ ਨੂੰ ਬੇਨਤੀ ਕੀਤੀ ਕਿ ਇਸ ਵਾਰ ਤਾਂ ਚੰਗੇ ਮਾਂ ਬਾਪ ਦੇ ਘਰ ਜਨਮ ਦਿੱਤਾ ਹੈ। ਮੈਂ ਰੱਬ ਜੀ ਨੂੰ ਬੇਨਤੀ ਕੀਤੀ ਮਹਾਰਾਜ ਕ੍ਰਿਪਾ ਕਰੋ, ਮੈਂ ਆਪਣਾ ਇਹ ਜਨਮ ਅਤੇ ਅੱਗਾ ਸੰਵਾਰ ਲਵਾਂ। ਅੱਧੇ ਕੁ ਮਿੰਟ ਬਾਅਦ ਆਵਾਜ਼ ਆਈ ਕਿ ਗਿਆਰਾਂ ਸਾਲ। ਮੈਂ ਰੱਬ ਜੀ ਦਾ ਧੰਨਵਾਦ ਕੀਤਾ ਅਤੇ ਮੇਰਾ ਮਨ ਚੜ੍ਹਦੀ-ਕਲਾ ਵਿਚ ਹੋ ਗਿਆ।

ਕੈਂਸਰ ਦੇ ਓਪਰੇਸ਼ਨ ਤੋਂ ਬਾਅਦ ਤਿੰਨ ਮਹੀਨਿਆਂ ਬਾਅਦ ਇਕ ਟੈਸਟ ਹੁੰਦਾ ਹੈ, ਜਿਸ ਨੂੰ ਸਿਸਟੋ ਸਕੋਪੀ ਕਹਿੰਦੇ ਹਨ। ਇਸ ਟੈਸਟ ਵਿਚ ਮਸ਼ੀਨਾਂ ਤੁਹਾਡੇ ਯੂਰਿਨ ਬਲੈਡਰ ਵਿਚ ਪਾਈਆਂ ਜਾਂਦੀਆਂ ਹਨ, ਜੋ ਕਾਫੀ ਦਰਦਨਾਕ ਹੁੰਦੀਆਂ

ਹਨ। ਇਹ ਮਸ਼ੀਨ ਅੰਦਰਲੀਆਂ ਫੋਟੋਆਂ ਖਿੱਚ ਕੇ ਬਾਹਰ ਦਿਖਾਉਂਦੀ ਹੈ ਕਿ ਯੂਰਿਨ ਬਲੈਡਰ ਵਿਚ ਕੈਂਸਰ ਹੈ ਜਾਂ ਨਹੀਂ। ਤਿੰਨ ਮਹੀਨਿਆਂ ਬਾਅਦ ਜੂਨ 2015 ਵਿਚ ਫਿਰ ਚੈੱਕ ਕੀਤਾ ਗਿਆ, ਸਭ ਕੁਝ ਠੀਕ ਨਿਕਲਿਆ। ਸਤੰਬਰ ਵਿਚ ਫਿਰ ਸਿਸਟੋਸਕੋਪੀ ਦਾ ਟੈੱਸਟ ਹੋਇਆ ਅਤੇ ਸਭ ਕੁਝ ਠੀਕ ਨਿਕਲਿਆ। ਹੁਣ ਅਗਲਾ ਟੈਸਟ ਛੇ ਮਹੀਨਿਆਂ ਬਾਅਦ ਹੋਣਾ ਸੀ।

ਮਾਰਚ 2016 ਤੱਕ ਮੈਨੂੰ ਦੁਬਾਰਾ ਕੈਂਸਰ ਹੋ ਗਿਆ। ਇਸ ਵਾਰ ਮੈਂ ਕੁਝ ਸੋਚਣ ਜਿਹਾ ਲੱਗ ਗਿਆ ਕਿ ਪਤਾ ਨਹੀਂ ਇਹ ਬਿਮਾਰੀ ਕਿਥੋਂ ਚੰਬੜ ਗਈ ਹੈ। ਮੇਰੀ ਪਾਠ ਪੂਜਾ ਉਸੇ ਤਰ੍ਹਾਂ ਹੀ ਚੱਲ ਰਹੀ ਸੀ। ਮੈਂ ਦੁਬਾਰਾ ਗੌਲਫ ਖੇਡਣੀ ਸ਼ੁਰੂ ਕਰ ਦਿੱਤੀ। ਤਿੰਨ ਮਹੀਨਿਆਂ ਤੋਂ ਬਾਅਦ ਫਿਰ ਛੇ ਮਹੀਨਿਆਂ ਬਾਅਦ ਇਹ ਟੈਸਟ ਹੁੰਦਾ ਹੈ। ਫਿਰ ਇਹ ਟੈਸਟ ਅਪ੍ਰੈਲ 2018 ਵਿਚ ਹੋਇਆ। ਪ੍ਰੰਤੂ ਹੁਣ ਮੈਨੂੰ ਸਮਝ ਆ ਗਈ ਹੈ ਕਿ ਦੁੱਖ ਪਿਤਾ ਜੀ ਕਿਉਂ ਦਿੰਦੇ ਹਨ। ਮੇਰੇ ਲਈ ਦੁੱਖ ਰਿਮਾਇੰਡਰ ਅਤੇ ਇਮਤਿਹਾਨ ਹੈ। ਜਿਉਂ ਜਿਉਂ ਇਨਸਾਨ ਅਧਿਆਤਮਕ ਤਰੱਕੀ ਕਰਦਾ ਹੈ, ਉਸ ਦਾ ਇਮਤਿਹਾਨ ਵੀ ਸਖ਼ਤ ਹੁੰਦਾ ਜਾਂਦਾ ਹੈ। ਜਿਵੇਂ ਦੱਸਵੀਂ, ਬਾਰਵੀਂ ਅਤੇ ਬੀ.ਏ ਦੇ ਆਪੋ ਆਪਣੇ ਲੈਵਲ ਦੇ ਇਮਤਿਹਾਨ ਹੁੰਦੇ ਹਨ। ਰੱਬ ਜੀ ਨੂੰ ਲੱਗਦਾ ਹੈ ਕਿ ਮੈਂ ਸਾਰੇ ਟੈਸਟ ਪਾਸ ਕਰ ਲਏ ਹਨ, ਇਸ ਲਈ ਮੇਰੀ ਮੱਦਦ ਲਈ ਚੰਗੀਆਂ ਰੂਹਾਂ ਨੂੰ ਮੇਰੇ ਕੋਲ ਭੇਜਦੇ ਹਨ। ਹੁਣ ਮੈਨੂੰ ਕਾਫ਼ੀ ਹੱਦ ਤੱਕ ਸੋਝੀ ਅੰਦਰੋਂ ਹੀ ਹੁੰਦੀ ਹੈ। ਇਕ ਦਿਨ ਮੈਂ ਪਾਠ ਕਰ ਰਿਹਾ ਸੀ ਤਾਂ ਮੈਨੂੰ ਹੁਕਮ ਹੋਇਆ ਕਿ ਗੱਲ ਵਿਚ ਪੱਲਾ ਪਾ ਕੇ ਪਾਠ ਕਰਿਆ ਕਰੋ। ਇਸ ਤਰ੍ਹਾਂ ਕਰਨ ਨਾਲ ਮਨ ਵਿਚ ਨਿਮਰਤਾ ਅਤੇ ਗਰੀਬੀ ਭਾਵ ਉਤਪੰਨ ਹੁੰਦਾ ਹੈ। ਕਿਉਂਕਿ ਰੱਬ ਦੇ ਸਾਹਮਣੇ ਪਾਠ ਕਰਨਾ ਮੰਗਣਾ ਹੀ ਹੁੰਦਾ ਹੈ ਅਤੇ ਮੰਗਤੇ ਦੇ ਹੱਥ ਵਿਚ ਪੱਲਾ ਹੀ ਹੁੰਦਾ ਹੈ। ਇਸ ਤਰ੍ਹਾਂ ਹੀ ਮੈਂ ਰੋਜ਼ਾਨਾ ਦੀ ਤਰ੍ਹਾਂ ਪਾਠ ਕਰ ਰਿਹਾ ਸੀ ਤਾਂ ਇਕ ਦਿਨ ਮੇਰੀ ਧੁੰਨੀ ਵਿਚੋਂ ਆਵਾਜ਼ ਆਈ, ਸਾਢੇ ਅੱਠ ਸਾਲ। ਮੈਂ ਵਾਹਿਗੁਰੂ ਜੀ ਦਾ ਸ਼ੁਕਰ ਕੀਤਾ ਕਿ ਪਿਤਾ ਜੀ ਤੁਸੀਂ ਆਪਣੇ ਬੱਚੇ ਨੂੰ ਯਾਦ ਰੱਖਦੇ ਹੋ। ਮੈਂ ਸਮਾਂ ਆਪਣੀ ਡਾਇਰੀ ਵਿਚ ਲਿਖ ਲਿਆ। ਮਾਰਚ 2016 ਦੇ ਕੈਂਸਰ ਤੋਂ ਬਾਅਦ ਹੁਣ ਤੱਕ ਸਭ ਠੀਕ ਚਲ ਰਿਹਾ ਹੈ। ਹੁਣ ਮੇਰਾ ਮਨ ਹੋਰ ਵੀ ਦ੍ਰਿੜ ਹੋ ਗਿਆ ਹੈ।

**ਹਰਨੀਆਂ ਦਾ ਓਪਰੇਸ਼ਨ:-** 18 ਜੁਲਾਈ 2015 ਨੂੰ ਹਰਨੀਆਂ ਦਾ ਓਪਰੇਸ਼ਨ ਮੈਕਸ ਹਸਪਤਾਲ ਦੇ ਡਾਕਟਰ ਜੇ.ਐਸ. ਢਿੱਲੋਂ ਨੇ ਕੀਤਾ।

**ਚਿੰਤਾ ਦਾ ਹੱਲ:-** ਮੈਨੂੰ ਇਹ ਡਰ ਰਹਿੰਦਾ ਸੀ ਕਿ ਮੇਰੇ ਜਾਣ ਤੋਂ ਬਾਅਦ ਮੇਰੀ ਪਤਨੀ ਦਾ ਕੀ ਹੋਵੇਗਾ। ਇਹ ਇਕੱਲੀ ਕਿਵੇਂ ਰਹੇਗੀ। ਇਕ ਦਿਨ ਮੈਂ ਸੋਫੇ ਤੇ ਬੈਠਾ ਸੀ ਅਤੇ ਰੱਬ ਜੀ ਨੇ ਇਕ ਰੂਹ ਭੇਜੀ। ਉਹ ਰੂਹ ਮੇਰੇ ਨਾਲ ਸੋਫੇ ਤੇ ਬੈਠ ਗਈ ਤੇ ਕਹਿਣ ਲੱਗੀ ਕਿ ਤੁਸੀਂ ਇਹਨਾਂ ਦੀ ਚਿੰਤਾ ਨਾ ਕਰੋ। ਇਹਨਾਂ ਨੇ ਤੁਹਾਡੇ ਤੋਂ ਦੋ ਸਾਲ ਪਹਿਲਾਂ ਜਾਣਾ ਹੈ। ਇਹ ਸੁਣ ਕੇ ਮੈਂ ਪੂਰੀ ਤਰ੍ਹਾਂ ਚਿੰਤਾਮੁਕਤ ਹੋ ਗਿਆ।

ਮੇਰੇ ਮਨ ਵਿਚ ਇਕ ਹੋਰ ਤ੍ਰਿਸ਼ਨਾ ਸੀ। ਅਮਰੀਕਾ ਵਿਚ ਸਾਡੇ ਕੋਲ ਤਿੰਨ ਮਰਸਡੀਜ਼ ਕਾਰਾਂ ਸਨ। ਮੇਰਾ ਮਨ ਸੀ ਕਿ ਮੈਂ ਭਾਰਤ ਵਿਚ ਵੀ ਇਕ ਮਰਸਡੀਜ਼ ਕਾਰ ਖ਼ਰੀਦ ਲਵਾਂ। ਚਾਰ ਕੁ ਸਾਲ ਪਹਿਲਾਂ ਮੈਂ ਗੌਲਫ਼ ਖੇਡਦਿਆਂ ਪਿਤਾ ਜੀ ਨੂੰ ਪੁੱਛਿਆ ਕਿ ਮੈਂ ਮਰਸਡੀਜ਼ ਕਾਰ ਲੈ ਲਵਾਂ। ਆਵਾਜ਼ ਆਈ ਕਿ ਸਾਨੂੰ ਤਾਂ ਕੋਈ ਫਰਕ ਨਹੀਂ ਪਰ ਕਿਤੇ ਤੁਹਾਡੀ ਹਉਮੈ ਨਾ ਵਧ ਜਾਵੇ। ਮੈਂ ਕਿਹਾ ਪਿਤਾ ਜੀ ਤੁਹਾਨੂੰ ਤਾਂ ਪਹਿਲਾਂ ਹੀ ਪਤਾ ਹੈ ਕਿ ਮੇਰੀ ਹਉਮੈ ਵਧ ਹੀ ਜਾਵੇਗੀ।

ਕਈ ਸਾਲ ਗੁਜ਼ਰ ਗਏ। ਮੈਂ 2016 ਵਿੱਚ ਹੌਂਡਾ ਦੀ ਬੀ.ਆਰ.ਵੀ. (ਐਸ.ਯੂ.ਵੀ) ਕਾਰ ਲੈ ਲਈ ਪਰ ਹਾਲੇ ਵੀ ਮਨ ਵਿੱਚੋਂ ਮਰਸਡੀਜ਼ ਕਾਰ ਦੀ ਇੱਛਾ ਨਾ ਨਿਕਲੀ। ਇਕ ਦਿਨ ਗਿਆਰਾਂ ਕੁ ਵਜੇ ਮੈਂ ਕਾਰ ਕੋਲ ਖੜ੍ਹਾ ਸੀ ਅਤੇ ਉਹੀ ਰੂਹ ਮੇਰੇ ਨਾਲ ਕਾਰ ਦੇ ਪਿੱਛੇ ਆ ਕੇ ਖੜ੍ਹੀ ਹੋ ਗਈ। ਜਿਵੇਂ ਪਿਤਾ ਆਪਣੇ ਬੱਚੇ ਨੂੰ ਸਮਝਾਉਂਦਾ ਹੈ। ਮੈਨੂੰ ਸਮਝ ਆ ਗਈ ਕਿ ਇਹੀ ਕਾਰ ਮੇਰੇ ਲਈ ਅੱਛੀ ਹੈ। ਇਉਂ ਸਮਝੋ ਕਿ ਪਲਾਂ ਵਿਚ ਹੀ ਮੇਰੀ ਤ੍ਰਿਸ਼ਨਾ ਮਰ ਗਈ। ਹੁਣ ਮੈਨੂੰ ਸਮਝ ਆ ਗਈ ਹੈ ਕਿ ਬਿਮਾਰੀ ਤਾਂ ਰੱਬ ਜੀ ਦਾ ਰਿਮਾਇੰਡਰ ਹੈ। ਜੇ ਰੱਬ ਨੇ ਮੈਨੂੰ ਮਾਰਨਾ ਹੁੰਦਾ ਤਾਂ ਮੈਨੂੰ ਇਨਜਾਈਨਾ ਨਾਮਕ ਬਿਮਾਰੀ ਦਾ ਪਤਾ ਹੀ ਨਾ ਲੱਗਦਾ। ਰੋਜ਼ਾਨਾ ਕਿੰਨੀਆਂ ਹੀ ਮੌਤਾਂ ਅਜਿਹੀਆਂ ਬਿਮਾਰੀਆਂ ਨਾਲ ਹੁੰਦੀਆਂ ਹਨ। ਰੱਬ ਜੀ ਹਰ ਇਨਸਾਨ ਬਾਰੇ ਚੰਗਾ ਹੀ ਸੋਚਦੇ ਹਨ ਪਰ ਕਈ ਇਨਸਾਨ ਅੱਖਾਂ ਬੰਦ ਕਰ ਲੈਂਦੇ ਹਨ ਅਤੇ ਇਹ ਸਵਾਲ ਕਰਦੇ ਹਨ ਕਿ ਮੈਨੂੰ ਰੱਬ ਦਿਖਾਉ। ਜੀਵਨ ਦੀ ਕਿਸੇ ਸਟੇਜ਼ ਤੇ ਮੇਰੇ ਤੇ ਵੀ ਅਜਿਹਾ ਮੰਦਭਾਗਾ ਸਮਾਂ ਆਇਆ ਸੀ। ਪਰ ਹੁਣ ਮੈਂ ਦਿਨ ਰਾਤ ਉਸ ਪ੍ਰਮਾਤਮਾ ਦਾ ਸ਼ੁਕਰ ਕਰਦਾ ਹਾਂ।

ਇਸ ਸਾਰੇ ਯੁੱਧ ਵਿਚ ਜੋ ਗੁਣ ਤੇ ਗਿਆਨ ਕੰਮ ਆਇਆ ਉਹ ਇਸ ਪ੍ਰਕਾਰ ਹੈ। ਬਚਪਨ ਵਿਚ ਕੁਝ ਲੋਕ ਬੱਸਾਂ ਵਿਚ ਫਿਰਦੇ ਹੁੰਦੇ ਹਨ। ਉਹ ਕਹਿੰਦੇ ਸਨ ਕਰਜ਼, ਫਰਜ਼ ਅਤੇ ਮਰਜ਼ ਸਮੂਹ ਸੰਜੀਦਗੀ ਨਾਲ ਲਓ। ਭਾਵ ਇਹ ਕਿ ਆਪਣੇ ਸਾਰੇ ਫਰਜ਼ ਚੰਗੀ ਤਰ੍ਹਾਂ ਨਿਭਾਉ। ਜੋ ਵੀ ਕਰਜ਼ਾ ਤੁਹਾਡੇ ਸਿਰ ਤੇ ਹੈ, ਉਸ ਨੂੰ ਸਮੇਂ ਸਿਰ ਵਾਪਸ ਕਰ ਦੇਣਾ ਚਾਹੀਦਾ ਹੈ। ਮਰਜ਼ ਦੇ ਇਲਾਜ ਲਈ ਇਕ ਘੰਟਾ ਵੀ ਢਿੱਲ ਨਹੀਂ ਵਰਤਣੀ ਚਾਹੀਦੀ। ਮੈਂ ਜਦੋਂ 11 ਮਾਰਚ 2014 ਨੂੰ ਡਾ. ਡਾਂਗ ਕੋਲ ਗਿਆ ਤਾਂ ਉਸ ਨੇ ਮੈਨੂੰ ਦੱਸਿਆ ਕਿ ਤੁਹਾਨੂੰ ਅਨਜਾਈਨਾ ਹੈ, ਜੋ ਕਿ ਸ਼ਾਂਤ ਹੈ ਅਤੇ ਵਰਜ਼ਿਸ਼ ਆਦਿ ਕਰਨ ਨਾਲ ਉਠਦਾ ਹੈ। ਜੇ ਉਸ ਦਿਨ ਸਮਾਂ ਹੁੰਦਾ ਤਾਂ ਮੈਂ ਉਸੇ ਦਿਨ ਚੰਡੀਗੜ੍ਹ ਜਾ ਸਕਦਾ ਸੀ। ਅਗਲੇ ਦਿਨ ਮੈਂ ਸਵੇਰੇ ਪਟਿਆਲੇ ਤੋਂ ਚੱਲ ਕੇ ਤਕਰੀਬਨ ਸਾਢੇ ਨੌਂ ਵਜੇ ਚੰਡੀਗੜ੍ਹ ਪਹੁੰਚ ਗਿਆ। ਉਥੇ ਜਾ ਕੇ ਅਸੀਂ ਫ਼ੈਸਲਾ ਕੀਤਾ ਕਿ ਅਸੀਂ ਓਪਰੇਸ਼ਨ ਕਰਵਾਉਣਾ ਹੈ। 12 ਤਰੀਕ ਨੂੰ ਓਪਰੇਸ਼ਨ ਦੀ ਸਾਰੀ ਤਿਆਰੀ ਹੋ ਗਈ ਅਤੇ 13 ਤਰੀਕ ਨੂੰ ਓਪਰੇਸ਼ਨ ਹੋ ਗਿਆ।

ਹਰ ਬਿਮਾਰੀ ਦੇ ਦੋ ਪੱਖ ਹਨ, ਇਕ ਸਰੀਰਕ ਅਤੇ ਦੂਜਾ ਅਧਿਆਤਮਕ

**ਸਰੀਰਕ ਪੱਖ–** ਮੈਂ ਦੋਹੇਂ ਪੱਖਾਂ ਨੂੰ ਪੂਰੀ ਤਰ੍ਹਾਂ ਤਵੱਜੋ ਦਿੱਤੀ ਅਤੇ ਬਿਮਾਰੀ ਨੂੰ ਕਦੇ ਹਲਕੇ ਵਿਚ ਨਹੀਂ ਲਿਆ। ਮੈਂ ਕਦੇ ਆਯੂਰਵੈਦਿਕ ਜਾਂ ਹੋਮਿਉਪੈਥਿਕ ਦੇ ਚੱਕਰ ਵਿਚ ਇਲਾਜ ਵਿਚ ਦੇਰੀ ਨਹੀਂ ਕੀਤੀ। ਇਸੇ ਤਰ੍ਹਾਂ ਹੀ ਕੈਂਸਰ ਦੇ ਸਮੇਂ ਹੋਇਆ। ਜਦੋਂ 2015 ਵਿਚ ਮੈਨੂੰ ਪਤਾ ਲੱਗਾ ਕਿ ਪਿਸ਼ਾਬ ਵਿਚ ਖ਼ੂਨ ਆਉਂਦਾ ਹੈ ਤਾਂ ਮੈਂ ਉਸੇ ਦਿਨ ਹੀ ਅਲਟਰਾਸਾਊਂਡ ਕਰਾਇਆ। ਪਿਸ਼ਾਬ ਦੀ ਰਿਪੋਰਟ ਤੋਂ ਬਾਅਦ ਮੈਂ ਬਹੁਤ ਜਲਦੀ ਹੀ ਓਪਰੇਸ਼ਨ ਕਰਵਾਉਣ ਦਾ ਫ਼ੈਸਲਾ ਕਰ ਲਿਆ। ਮੈਂ ਡਾ. ਸਚਿਨ, ਮੈਕਸ ਹਸਪਤਾਲ ਨਾਲ ਗੱਲ ਕੀਤੀ। ਉਸ ਨੇ ਸਾਨੂੰ ਮੈਕਸ ਹਸਪਤਾਲ ਵਿਚ ਮਾਹਿਰ ਡਾਕਟਰ ਰਾਏ ਤੋਂ ਇਲਾਜ ਕਰਵਾਉਣ ਦੀ ਸਲਾਹ ਦਿੱਤੀ। ਅਸੀਂ ਡਾ. ਰਾਏ ਤੋਂ ਸਮਾਂ ਲਿਆ ਅਤੇ ਮੇਰੀ ਪਤਨੀ ਪੈਸੇ ਲੈ ਕੇ ਮੈਕਸ ਹਸਪਤਾਲ ਪਹੁੰਚ ਗਈ। ਇਸ ਤਰ੍ਹਾਂ ਜੋ ਟੈੱਸਟ ਉਹਨਾਂ ਨੇ ਦੱਸੇ ਸਨ, ਅਸੀਂ ਉਹਨਾਂ ਵਿਚ ਦਿਨਾਂ ਦਾ ਵੀ ਫ਼ਰਕ ਨਹੀਂ ਰੱਖਿਆ।

**ਅਧਿਆਤਮਕ ਪੱਖ–** ਮੈਂ ਬਚਪਨ ਤੋਂ ਹੀ ਜੋ ਵੀ ਗੱਲ ਜਾਂ ਕੰਮ ਕਰਦਾ ਹਾਂ, ਉਹ ਦਿਲੋਂ ਕਰਦਾ ਹਾਂ। ਜੀਵਨ ਦੇ ਦੋ ਬੇ-ਭਾਗੇ ਸਾਲ ਛੱਡ ਕੇ ਜਦੋਂ ਮੈਂ ਨਾਸਤਿਕ ਬਿਰਤੀ ਧਾਰ ਲਈ ਸੀ, ਸਾਰੀ ਉਮਰ ਮੈਂ ਅੱਛੀ ਤਰ੍ਹਾਂ ਰੱਬ ਤੇ ਇਤਬਾਰ ਕਰਕੇ ਰੱਬ ਦੀ ਹੋਂਦ ਨੂੰ ਜਾਣ ਕੇ ਅਰਦਾਸ ਕਰਦਾ ਹਾਂ ਅਤੇ ਗੁਰੂ ਨੂੰ ਅੰਗ ਸੰਗ ਸਮਝਦਾ ਹਾਂ। ਰੱਬ ਜੀ ਦੀ ਵੀ ਮੇਰੇ ਤੇ ਬਹੁਤ ਕਿਰਪਾ ਰਹੀ ਹੈ। ਪ੍ਰਭੂ ਜੀ ਵੀ ਮੇਰਾ ਬਹੁਤ ਧਿਆਨ ਕਰਦੇ ਹਨ। ਇਕ ਜੂਨ 2017 ਤੱਕ ਮੈਨੂੰ ਇਸ਼ਾਰਿਆਂ ਵਿਚ ਪਤਾ ਲੱਗਾ ਕਿ ਮੇਰੀ ਸਿਹਤ ਹੁਣ ਬਿਲਕੁਲ ਠੀਕ ਹੈ।

ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਡਾ. ਗੁਰਮੀਤ ਸਿੰਘ ਸਿੱਧੂ ਨੂੰ ਮਿਲਿਆ। ਮੈਂ ਉਹਨਾਂ ਨੂੰ ਪੀਐੱਚ.ਡੀ. ਲਈ ਐਨਰੋਲ ਕਰਨ ਲਈ ਬੇਨਤੀ ਕੀਤੀ। ਉਹਨਾਂ ਨੇ ਕਿਹਾ ਕਿ ਤੁਹਾਡਾ ਵਿਸ਼ਾਲ ਤਜ਼ਰਬਾ ਹੈ। ਤੁਹਾਨੂੰ ਤਾਂ ਤੁਰਦੇ ਫਿਰਦੇ ਪੀਐੱਚ.ਡੀ ਮਿਲ ਜਾਣੀ ਹੈ। ਜੋ ਵੀ ਤੁਹਾਡੀਆਂ ਗੱਲਾਂ ਜਾਂ ਵਿਚਾਰ ਹਨ, ਸਾਰੇ ਸਮਾਜ ਨੂੰ ਪ੍ਰਸ਼ਾਦ ਸਮਝ ਕੇ ਵੰਡ ਦਿਉ। ਮੈਂ ਪ੍ਰਿੰਟਰ ਖ਼ਰੀਦ ਲਿਆ ਅਤੇ ਨਾਲ ਦੀ ਨਾਲ ਸਟੈਨੋਗ੍ਰਾਫਰ ਲੱਭਣ ਲੱਗਾ। ਮੱਧ ਜੂਨ ਵਿਚ ਮੈਂ ਭਾਸ਼ਾ ਵਿਭਾਗ ਦੇ ਸਹਾਇਕ ਡਾਇਰੈਕਟਰ ਡਾ. ਹਰਨੇਕ ਸਿੰਘ ਢੋਟ ਨੂੰ ਮਿਲਿਆ ਅਤੇ ਉਹਨਾਂ ਤੋਂ ਅੰਗਰੇਜ਼ੀ ਅਤੇ ਪੰਜਾਬੀ ਸਟੈਨੋਗ੍ਰਾਫਰ ਦੀ ਮੰਗ ਕੀਤੀ। ਉਹਨਾਂ ਨੇ ਸਟੈਨੋਗ੍ਰਾਫੀ ਦੇ ਅਧਿਆਪਕ ਸ. ਗੁਰਮੇਲ ਸਿੰਘ ਨੂੰ ਬੁਲਾਇਆ। ਉਹਨਾਂ ਨੇ ਦੱਸਿਆ ਕਿ ਉਹਨਾਂ ਕੋਲ ਇਕ ਗੁਰਸਿੱਖ ਵਿਦਿਆਰਥੀ ਹੈ ਜੋ ਕਿ ਅੰਗਰੇਜ਼ੀ ਅਤੇ ਪੰਜਾਬੀ ਦੀ ਸਟੈਨੋ ਜਾਣਦਾ ਹੈ। ਇਸ ਤਰ੍ਹਾਂ ਰੱਬ ਜੀ ਦੀ ਕਿਰਪਾ ਨਾਲ 1 ਜੁਲਾਈ, 2017 ਨੂੰ ਲਿਖਣ ਦਾ ਕਾਰਜ ਆਰੰਭ ਹੋ ਗਿਆ।

*****

# ਸੰਤਾਪ

ਫੌਜ ਵਿਚ ਕਮਿਸ਼ੰਡ ਹੋਣ ਤੋਂ ਪਹਿਲਾਂ ਅਫ਼ਸਰ ਕੈਡਿਟ ਤੋਂ ਪੁੱਛਿਆ ਜਾਂਦਾ ਹੈ ਕਿ ਉਸ ਨੇ ਕਿਹੜੀ ਰੈਜੀਮੈਂਟ ਵਿਚ ਜਾਣਾ ਹੈ। ਮੇਰੇ ਪਿਤਾ ਦੇ ਨਾਲ ਰਹੇ ਦੋ ਸਹਿਕਰਮੀ ਸਾਨੂੰ ਅਫ਼ਸਰ ਟ੍ਰੇਨਿੰਗ ਪੂਨਾ (ਓ.ਟੀ.ਐੱਸ) ਵਿਖੇ ਟ੍ਰੇਨਿੰਗ ਕਰਵਾਉਂਦੇ ਸਨ। ਇਕ ਦਾ ਨਾਮ ਕਰਨਲ ਵਿਸ਼ਨੂੰ ਸ਼ਰਮਾ ਸੀ। ਉਹ ਮੇਰੇ ਪਿਤਾ ਜੀ ਦਾ ਉਪਾਸ਼ਕ ਸੀ। ਉਹ ਗੋਰਖਾ ਰੈਜੀਮੈਂਟ ਦਾ ਅਫ਼ਸਰ ਸੀ, ਇਸ ਲਈ ਉਹ ਮੈਨੂੰ ਵੀ ਗੋਰਖਾ ਰੈਜੀਮੈਂਟ ਵਿਚ ਲਿਜਾਣਾ ਚਾਹੁੰਦਾ ਸੀ। ਦੂਜਾ ਅਫ਼ਸਰ ਮੇਜਰ ਰਾਜਿੰਦਰ ਸਿੰਘ ਗਰੇਵਾਲ ਸੀ ਜੋ ਪੰਜਾਬ ਰੈਜੀਮੈਂਟ ਦਾ ਅਫ਼ਸਰ ਸੀ, ਉਹਨਾਂ ਨੇ ਮੈਨੂੰ ਪੰਜਾਬ ਰੈਜੀਮੈਂਟ ਵਿਚ ਜਾਣ ਦੀ ਸਲਾਹ ਦਿੱਤੀ। ਜੇਕਰ ਕਿਸੇ ਦਾ ਪਿਤਾ ਫੌਜ ਵਿਚ ਜਿਸ ਰੈਜੀਮੈਂਟ ਵਿਚ ਹੋਵੇ ਤਾਂ ਸੁਭਾਵਿਕ ਹੀ ਉਸ ਦਾ ਬੱਚਾ ਵੀ ਉਸੇ ਰੈਜੀਮੈਂਟ ਵਿਚ ਜਾਣ ਦਾ ਇਛੁੱਕ ਹੁੰਦਾ ਹੈ। ਮੈਨੂੰ ਉਸ ਵੇਲੇ ਇਹਨਾਂ ਗੱਲਾਂ ਦੀ ਮਹੱਤਤਾ ਬਾਰੇ ਇੰਨੀ ਜਾਣਕਾਰੀ ਨਹੀਂ ਸੀ। ਉਸ ਸਮੇਂ ਇਹ ਅਫਵਾਹ ਫੈਲੀ ਹੋਈ ਸੀ ਕਿ 'ਜੇ ਐਂਡ ਕੇ' ਰੈਜੀਮੈਂਟ ਜੋ ਕਿ ਇਨਫੈਂਟਰੀ ਹੈ, ਦੀਆਂ ਚਾਰ ਬਟਾਲੀਅਨਾਂ ਬਾਹਰਲੇ ਦੇਸ਼ਾਂ ਵਿਚ ਜਾਣਗੀਆਂ। ਐਸੀ ਹਵਾ ਚੱਲੀ ਕਿ ਸਾਰੇ ਕੈਡਿਟਾਂ ਨੇ ਜੇ ਐਂਡ ਕੇ ਰਾਈਫਲ ਹੀ ਭਰ ਦਿੱਤੀ। ਸਾਡੀ ਸਾਰੀ ਕੰਪਨੀ ਵਿਚੋਂ ਕੇਵਲ ਇਕੋ ਰਾਜਪੂਤ ਲੜਕੇ ਕਰਨ ਸਿੰਘ ਨੂੰ ਇਹ ਰੈਜੀਮੈਂਟ ਅਲਾਟ ਹੋਈ। ਸਾਨੂੰ ਸਾਰਿਆਂ ਨੂੰ ਉਹ ਰੈਜੀਮੈਂਟਾਂ ਮਿਲੀਆਂ ਜਿਸ ਬਾਰੇ ਸਾਨੂੰ ਕੋਈ ਜਾਣਕਾਰੀ ਵੀ ਨਹੀਂ ਸੀ। ਮੈਨੂੰ ਮਹਾਰ ਰੈਜੀਮੈਂਟ ਅਲਾਟ ਹੋਈ। ਇਹ ਮਹਾਰਾਸ਼ਟਰ ਦੇ ਹਰੀਜਨਾਂ ਦੀ ਰੈਜੀਮੈਂਟ ਸੀ। 1965 ਦੀ ਲੜਾਈ ਵਿਚ ਮੈਂ ਮਹਿਸੂਸ ਕੀਤਾ ਕਿ ਇਹਨਾਂ ਲੋਕਾਂ ਵਿਚ ਹਿੰਮਤ ਹੌਂਸਲਾ ਅਤੇ ਦਲੇਰੀ ਘੱਟ ਹੁੰਦੀ ਹੈ। ਮੇਰੇ ਮਨ ਵਿਚ ਇਹਨਾਂ ਲੋਕਾਂ ਪ੍ਰਤੀ ਕੁਝ ਘ੍ਰਿਣਾ ਜਿਹੀ ਪੈਦਾ ਹੋ ਗਈ। ਕਈ ਵਾਰ ਗੁੱਸੇ ਵਿਚ ਆ ਕੇ ਮੈਂ ਕੁਝ ਅਪਸ਼ਬਦ ਵੀ ਬੋਲ ਜਾਂਦਾ ਸੀ, ਜੋ ਕਿ ਮੇਰਾ ਪਾਪ ਸੀ। ਪਾਪ ਨੂੰ ਪੁੰਨ ਵਿਚ ਬਦਲਣਾ ਰੱਬ ਦਾ ਮਹਿਕਮਾ ਹੈ, ਪਤਾ ਨਹੀਂ ਇਸ ਪਾਪ ਦਾ ਨਿਬੇੜਾ ਕਿਵੇਂ ਹੋਵੇਗਾ।

1967 ਮੱਧ ਤੋਂ ਲੈ ਕੇ 1970 ਤੱਕ ਮੈਂ ਮਿਲਟਰੀ ਪੁਲਿਸ ਕਾਲਕਾ ਰਿਹਾ। 1968 ਨੂੰ ਗਰਮੀਆਂ ਦੀ ਗੱਲ ਹੈ ਕਿ ਕਰਨਲ ਜੀ.ਐੱਸ ਕਲੇਰ ਛੁੱਟੀ ਗਏ ਹੋਏ ਸਨ। ਉਸ ਯੂਨਿਟ ਵਿਚ ਦੋ ਅਫ਼ਸਰ ਸਨ। ਉਹ ਕਮਾਂਡਿੰਗ ਅਫ਼ਸਰ ਸਨ ਤੇ ਮੈਂ ਸੈਕਿੰਡ

ਇਨ ਕਮਾਂਡ ਸੀ। ਉਹਨਾਂ ਦੇ ਛੁੱਟੀ ਜਾਣ ਨਾਲ ਸਾਰੀ ਕਮਾਂਡ ਮੇਰੇ ਕੋਲ ਆ ਗਈ। ਸਾਡਾ ਸੁਬਾਰਡੀਨੇਟ ਸੂਬੇਦਾਰ ਗੋਪਾਲ ਸਿੰਘ ਸੀ ਜੋ ਕਰਨਾਲ ਇਲਾਕੇ ਦਾ ਬਹਾਦਰ ਜੱਟ ਜ਼ਿਮੀਂਦਾਰ ਸੀ। ਗੋਪਾਲ ਸਿੰਘ ਕਰਨਲ ਸਾਹਿਬ ਦੀ ਗ਼ੈਰ-ਹਾਜ਼ਰੀ ਵਿਚ ਮੈਨੂੰ ਕਹਿਣ ਲੱਗਾ,“ ਸਰ ਆਓ ਤੁਹਾਨੂੰ ਸ਼ਿਕਾਰ ਕਰਨਾ ਸਿਖਾ ਦਈਏ।” ਅਸੀਂ ਸਰਕਾਰੀ ਜੀਪ ਲੈ ਕੇ ਨਾਲਾਗੜ੍ਹ ਦੇ ਜੰਗਲਾਂ ਵਿਚ ਸ਼ਿਕਾਰ ਖੇਡਣ ਚਲੇ ਜਾਂਦੇ ਸੀ। ਇੰਨੇ ਵਿਚ ਕਰਨਲ ਕਲੇਰ ਨੇ ਡਿਊਟੀ ਜਾਇਨ ਕਰ ਲਈ। ਮੈਂ ਉਹਨਾਂ ਤੋਂ ਪੁੱਛੇ ਬਿਨਾਂ ਹੀ ਗੋਪਾਲ ਸਿੰਘ ਨੂੰ ਜੀਪ ਵਿਚ ਬਿਠਾ ਕੇ ਸ਼ਿਕਾਰ ਕਰਨ ਚਲਾ ਗਿਆ। ਜੀਪ ਖਰਾਬ ਹੋ ਗਈ ਤੇ ਸੂਬੇਦਾਰ ਸਾਹਿਬ ਜੀਪ ਠੀਕ ਕਰਨ ਲੱਗੇ। ਮੇਰੀ ਬਾਰ੍ਹਾਂ ਬੋਰ ਦੀ ਬੰਦੂਕ ਦੇ ਦੋਹੇਂ ਘੋੜੇ ਬਾਹਰ ਸਨ ਤੇ ਮੈਂ ਉਹਨਾਂ ਨੂੰ ਕੱਸਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਦੌਰਾਨ ਇਕ ਘੋੜਾ ਚਲ ਗਿਆ ਅਤੇ ਗੋਲੀ ਚਲ ਗਈ। ਗੋਲੀ ਏਅਰ ਕਲੀਨਰ ਨੂੰ ਪਾੜ ਕੇ ਸੂਬੇਦਾਰ ਸਾਹਿਬ ਦੇ ਲੱਤਾਂ ਵਿਚ ਵੱਜੀ। ਕੁਝ ਛਰ੍ਹੇ ਉਹਨਾਂ ਦੇ ਟੈਸਟੀਕਲ ਵਿਚ ਅਤੇ ਕੁਝ ਛਰ੍ਹੇ ਪੱਟ ਵਿਚ ਵੱਜੇ। ਉਹਨਾਂ ਦਿਨਾਂ ਵਿਚ ਮੈਂ ਆਈ.ਏ.ਐਸ ਦਾ ਇਮਤਿਹਾਨ ਦੇ ਰਿਹਾ ਸੀ। ਜੇ ਫੌਜੀ ਹਸਪਤਾਲ ਵਿਚ ਜਾਂਦੇ ਹਾਂ ਇਹ ਕੇਸ ਗੁੰਝਲਦਾਰ ਹੋਣ ਦੀ ਆਸ ਸੀ। ਇੱਕ ਪਾਸੇ ਮੈਨੂੰ ਆਈ.ਏ.ਐਸ. ਦਿਖ ਰਹੀ ਸੀ। ਦੂਜੇ ਪਾਸੇ ਸਿਵਲ ਜੇਲ੍ਹ। ਮੈਂ ਮਨ ਬਣਾ ਲਿਆ ਸੀ ਕਿ ਇਸ ਦੀ ਜਾਨ ਜ਼ਿਆਦਾ ਜ਼ਰੂਰੀ ਹੈ। ਜਦੋਂ ਅਸੀਂ ਵਾਪਸ ਆ ਰਹੇ ਸੀ ਤਾਂ ਮੈਂ ਉਸ ਦਾ ਇਲਾਜ ਮਿਲਟਰੀ ਹਸਪਤਾਲ ਚੰਡੀਗੜ੍ਹ ਤੋਂ ਕਰਵਾਉਣਾ ਚਾਹੁੰਦਾ ਸੀ। ਉਸ ਨੇ ਗੱਡੀ ਕਾਲਕਾ ਨੂੰ ਮੋੜ ਲਈ। ਇਥੇ ਇਕ ਨੌਜਵਾਨ ਡਾਕਟਰ ਕੈਪਟਨ ਸੂਰੀ ਜੋ ਮੈਨੂੰ ਜਾਣਦਾ ਸੀ, ਨੂੰ ਸਾਰੀ ਗੱਲ ਸਮਝਾਈ। ਉਸ ਨੇ ਮੈਨੂੰ ਬੇਹੋਸ਼ ਕਰਨ ਵਾਲੀ ਦਵਾਈ ਕਲੋਰੋਫਾਰਮ ਲਿਆਉਣ ਲਈ ਕਿਹਾ। ਪਰ ਇਹ ਦਵਾਈ ਕਾਲਕਾ ਵਿਚ ਉਪਲਬਧ ਨਹੀਂ ਸੀ। ਸੂਬੇਦਾਰ ਸਾਹਿਬ ਕਹਿਣ ਲੱਗੇ ਕਿ ਜੇਕਰ ਦਵਾਈ ਨਹੀਂ ਮਿਲਦੀ ਤਾਂ ਮੈਨੂੰ ਅੱਧੀ ਬੋਤਲ ਸ਼ਰਾਬ ਦੀ ਪਿਆ ਦਿਉ ਅਤੇ ਮੇਰਾ ਓਪਰੇਸ਼ਨ ਸ਼ੁਰੂ ਕਰ ਦਿਉ। ਮੈਨੂੰ ਮਹਿਸੂਸ ਹੋਇਆ ਕਿ ਸਰਕਾਰੀ ਗੱਡੀ ਸ਼ਿਕਾਰ ਖੇਡਣ ਲਈ ਨਹੀਂ ਹੁੰਦੀ। ਆਪਣੀ ਨੌਕਰੀ ਛੱਡ ਕੇ ਸ਼ਿਕਾਰ ਖੇਡਣ ਜਾਣਾ ਮੈਨੂੰ ਇਹ ਵੀ ਪਾਪ ਮਹਿਸੂਸ ਹੁੰਦਾ ਹੈ। ਇਹ ਤਾਂ ਸੂਬੇਦਾਰ ਗੋਪਾਲ ਸਿੰਘ ਦੀ ਵਡਿਆਈ ਹੈ ਕਿ ਮੇਰੀ ਕੋਤਾਹੀ ਹੋਣ ਦੇ ਬਾਵਜੂਦ ਅਗਲੇ ਦਿਨ ਪਰੇਡ ਵਿਚ ਆ ਕੇ ਸ਼ਾਮਲ ਹੋ ਗਏ। ਕਰਨਲ ਕਲੇਰ ਨੇ ਮੈਨੂੰ ਜਵਾਨਾਂ ਦੇ ਸਾਹਮਣੇ ਝਿੜਕਣਾ ਸ਼ੁਰੂ ਕਰ ਦਿੱਤਾ। ਸੂਬੇਦਾਰ ਗੋਪਾਲ ਸਿੰਘ ਨੇ ਕਿਹਾ,“ ਸਰ ਜਿਸ ਤਰ੍ਹਾਂ ਤੁਸੀਂ ਸਾਡੇ ਸੀਨੀਅਰ ਅਫ਼ਸਰ ਹੋ, ਇਸ ਤਰ੍ਹਾਂ ਇਹ ਵੀ ਸਾਡੇ ਉਨੇ ਹੀ ਸੀਨੀਅਰ ਅਫ਼ਸਰ ਹਨ। ਤੁਸੀਂ ਸਾਡੇ ਸਾਹਮਣੇ ਇਹਨਾਂ ਨੂੰ ਕੁਝ ਨਹੀਂ ਕਹਿ ਸਕਦੇ।” ਖੈਰ ਉਸ ਸਮੇਂ ਹਾਲਾਤ ਠੀਕ ਹੋ ਗਏ ਅਤੇ ਗੋਪਾਲ ਸਿੰਘ ਦੀ ਸਿਹਤ ਵੀ ਠੀਕ ਹੋ ਗਈ। ਮੈਂ ਉਹਨਾਂ ਦਾ ਅਹਿਸਾਨਮੰਦ ਵੀ ਹਾਂ ਕਿ ਉਹਨਾਂ ਨੇ ਆਪਣੀ ਜਾਨ

ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਮੈਨੂੰ ਕੁਝ ਨਹੀਂ ਹੋਣ ਦਿੱਤਾ।

ਆਬਕਾਰੀ ਤੇ ਕਰ ਵਿਭਾਗ ਦੀ ਨੌਕਰੀ ਦੌਰਾਨ ਵੀ ਕਈ ਵਾਰ ਮੈਨੂੰ ਮਜਬੂਰੀ ਵਿਚ ਵਪਾਰੀਆਂ ਦੀ ਗੱਡੀ ਦੀ ਵਰਤੋਂ ਕਰਨੀ ਪੈਂਦੀ ਸੀ। ਮੈਂ ਇਸ ਲਈ ਵੀ ਰੱਬ ਅੱਗੇ ਗੁਨਾਹਗਾਰ ਹਾਂ।

ਫੌਜ ਦੀ ਨੌਕਰੀ ਦੌਰਾਨ ਮੇਰੇ ਸੁਭਾਅ ਵਿਚ ਕੁਝ ਰੁੱਖਾਪਨ ਵੀ ਸੀ। ਇਸ ਦੇ ਦੋ ਕਾਰਨ ਸਨ। ਪੜ੍ਹਾਈ ਦੌਰਾਨ ਮੈਂ ਸੱਤ ਅੱਠ ਸਾਲ ਮਾਪਿਆਂ ਤੋਂ ਅਲੱਗ ਇਕੱਲਾ ਹੀ ਪਟਿਆਲਾ ਸ਼ਹਿਰ ਵਿਚ ਰਿਹਾ। ਜਿਸ ਕਾਰਨ ਮੈਂ ਉਹਨਾਂ ਦੇ ਪਿਆਰ ਅਤੇ ਸਿੱਖਿਆ ਤੋਂ ਵਾਂਝਾ ਰਿਹਾ ਅਤੇ ਮੇਰੇ ਸੁਭਾਅ ਵਿਚ ਚਿੜਚਿੜਾਪਨ ਆ ਗਿਆ। ਦੂਜਾ ਇਹ ਕਿ ਉਹਨਾਂ ਦਿਨਾਂ ਵਿਚ ਬਹੁਤ ਘੱਟ ਲੋਕ ਐੱਮ.ਏ. ਕਰਦੇ ਸਨ ਅਤੇ ਮੈਨੂੰ ਆਪਣੇ ਐੱਮ.ਏ. ਹੋਣ ਦਾ ਬਹੁਤ ਮਾਣ ਸੀ।

ਫੌਜ ਵਿਚੋਂ ਆਉਣ ਅਤੇ ਆਈ.ਏ.ਐੱਸ ਵਿਚ ਸਿਲੈਕਸ਼ਨ ਨਾ ਹੋਣ ਨਾਲ ਮੇਰੀ ਹਉਮੈ ਕਾਫੀ ਘੱਟ ਹੋ ਗਈ। 16 ਮਹੀਨੇ ਪਿੰਡ ਰਹਿ ਕੇ ਪਿਤਾ ਜੀ ਕੋਲ ਮੈਂ ਖੇਤੀ ਕੀਤੀ। ਕੁਝ ਕੰਮ ਸਿੱਖਿਆ ਅਤੇ ਸਰੀਰ ਨੂੰ ਹੋਰ ਵੀ ਤੱਕੜਾ ਕੀਤਾ।

ਮੇਰਾ ਪ੍ਰੋਫੈਸਰੀ ਦਾ ਤਿੰਨ ਸਾਲ ਦਾ ਸਫ਼ਰ ਵੀ ਬਹੁਤ ਅੱਛਾ ਰਿਹਾ। ਮੈਂ ਇਕ ਸਾਲ ਸਰਕਾਰੀ ਕਾਲਜ, ਟਾਂਡਾ ਅਤੇ ਦੋ ਸਾਲ ਸਰਕਾਰੀ ਕਾਲਜ, ਨਾਭਾ ਵਿਖੇ ਲਾਏ। ਕਾਫੀ ਧੱਕੇ ਖਾ ਕੇ ਮੈਂ ਸਿਖ ਲਿਆ ਸੀ ਕਿ ਆਕੜ ਅਤੇ ਹਉਮੈ ਬੰਦੇ ਨੂੰ ਡੋਬ ਦਿੰਦੇ ਹਨ। ਜਿਥੇ ਮੈਨੂੰ 1965 ਲੜਾਈ ਵਿਚ ਬਹਾਦਰੀ ਲੈਣ ਦਾ ਮਾਣ ਸੀ, ਉਥੇ ਹੀ ਆਪਣੇ ਜੂਨੀਅਰਾਂ ਨੂੰ ਝਿੜਕਣ ਦਾ ਪਾਪ ਅਜੇ ਤੱਕ ਹਲਕਾ ਨਹੀਂ ਹੋਇਆ। 1965 ਦੀ ਲੜਾਈ ਵਿਚ ਜਾਨ ਬਚਣ ਤੋਂ ਬਾਅਦ ਮੈਨੂੰ ਇਹ ਮਹਿਸੂਸ ਹੋਇਆ ਕਿ ਮਰਨ ਵਰਗੀ ਹਾਲਤ ਵਿਚੋਂ ਰੱਬ ਨੇ ਮੈਨੂੰ ਬਚਾਇਆ ਹੈ ਅਤੇ ਹੁਣ ਇਸ ਜੀਵਨ ਤੋਂ ਅੱਛੇ ਕੰਮ ਲੈਣੇ ਹਨ। ਪ੍ਰੋਫੈਸਰ ਦੇ ਤੌਰ ਤੇ ਚਾਹੇ ਮੇਰਾ ਸਮਾਂ ਤਿੰਨ ਸਾਲ ਹੀ ਸੀ। ਮੈਂ ਸਾਰੇ ਬੱਚਿਆਂ ਨੂੰ ਤਨਦੇਹੀ ਨਾਲ ਪੜ੍ਹਾਉਂਦਾ ਸੀ। ਕਦੇ ਕਿਸੇ ਵਿਦਿਆਰਥਣ ਨੂੰ ਮੈਲੀ ਨਿਗਾਹ ਨਾਲ ਨਹੀਂ ਦੇਖਿਆ।

1974 ਵਿਚ ਮੈਂ ਸਿਵਿਲ ਸਰਵਿਸਿਸ ਪ੍ਰੀਖਿਆ ਦੇ ਆਧਾਰ ਤੇ ਈ.ਟੀ.ਓ ਬਣ ਗਿਆ। ਕੁਝ ਦੇਰ ਇਨਫੋਰਸਮੈਂਟ ਵਿਚ ਰਹਿਣ ਤੋਂ ਬਾਅਦ ਮੈਂ ਤਿੰਨ ਸਾਲ ਲੁਧਿਆਣਾ ਵਿਖੇ ਅਸੈਸਿੰਗ ਅਥਾਰਿਟੀ ਤੇ ਈ.ਟੀ.ਓ ਐਕਸਾਈਜ਼ ਰਿਹਾ। ਮੈਂ ਹਰ ਇਕ ਵਪਾਰੀ ਦਾ ਕੰਮ ਤਨਦੇਹੀ ਅਤੇ ਪੂਰੀ ਇਮਾਨਦਾਰੀ ਨਾਲ ਕਰਦਾ ਅਤੇ ਖੁਸ਼ੀ ਖੁਸ਼ੀ ਆਪਣੀ ਜ਼ਿੰਮੇਵਾਰੀ ਨਿਭਾਉਂਦਾ। ਮੈਂ ਕਦੇ ਵੀ ਵਪਾਰੀਆਂ ਜਾਂ ਵਕੀਲਾਂ ਨੂੰ ਚਾਹ ਆਦਿਕ ਪਿਲਾਉਣ ਤੋਂ ਗੁਰੇਜ਼ ਨਹੀਂ ਕੀਤਾ। ਮੇਰੇ ਆਰਥਿਕ ਸਾਧਨ ਘੱਟ ਸੀ ਪਰ ਮੇਰੇ ਮਨ ਵਿਚ ਕਦੇ ਕਮਜ਼ੋਰੀ ਜਾਂ ਗਰੀਬੀ ਦਾ ਅਹਿਸਾਸ ਨਹੀਂ ਸੀ। ਇਸ ਦਾ ਇਕ ਕਾਰਨ ਮੇਰੀ ਪਤਨੀ ਵੀ ਸੀ। ਉਸ ਦੀ ਤਨਖਾਹ ਨਾ ਸਿਰਫ਼ ਸਾਡੀ ਮਾਲੀ ਹਾਲਤ

ਵਿਚ ਮਦਦਗਾਰ ਸੀ, ਬਲਕਿ ਉਸ ਦੀ ਅਧਿਆਤਮਕ ਸੂਝ ਅਤੇ ਸਿਆਣਪ ਦਾ ਲੈਵਲ ਵੀ ਕਾਫ਼ੀ ਉੱਚਾ ਸੀ। ਸਾਰੀ ਉਮਰ ਵਿਚ ਅਸੀਂ ਇਕ ਅੱਧਾ ਸਾਲ ਹੀ ਨੌਕਰ ਰੱਖਿਆ ਹੈ। ਮੈਂ ਘਰ ਆਏ ਵਪਾਰੀਆਂ ਨੂੰ ਆਪ ਚਾਹ ਪਿਲਾਉਣ ਵਿਚ ਕਦੇ ਗੁਰੇਜ਼ ਨਹੀਂ ਕਰਦਾ ਸੀ। ਜੀਵਨ ਵਿਚ ਅਸਲ ਮੋੜ ਉਦੋਂ ਆਇਆ ਜਦੋਂ ਮੈਂ 1987 ਵਿਚ ਦੂਜੀ ਵਾਰ ਮੌਤ ਨਾਲ ਸਾਹਮਣਾ ਕੀਤਾ। ਉਸ ਦੁਰਘਟਨਾ ਵਿਚ ਮੈਨੂੰ ਇਹ ਮਹਿਸੂਸ ਹੋਇਆ ਕਿ ਸਾਰੀ ਉਮਰ ਟੈਕਸ ਹੀ ਇਕੱਠਾ ਕੀਤਾ ਹੈ। ਉਸ ਤੋਂ ਬਾਅਦ ਮੈਂ ਪਾਠ ਅਤੇ ਰੱਬ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। 2001 ਵਿਚ ਮੈਂ ਅੰਮ੍ਰਿਤ ਛੱਕ ਲਿਆ ਅਤੇ ਅਗਲੇ ਸਾਲ ਮੇਰੀ ਪਤਨੀ ਨੇ ਵੀ ਅੰਮ੍ਰਿਤ ਪਾਨ ਕਰ ਲਿਆ।

ਜਪੁ ਜੀ ਸਾਹਿਬ ਦੀ ਸੱਤਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਜੇਕਰ ਰੱਬ ਦਾ ਨਾਂ ਨਹੀਂ ਲੈਂਦੇ ਅਤੇ ਉਸ ਪ੍ਰਮਾਤਮਾ ਦਾ ਸ਼ੁਕਰ ਨਹੀਂ ਕਰਦੇ ਤਾਂ ਇਹ ਵੀ ਪਾਪ ਹੈ। ਹੁਣ ਸਾਡੇ ਜੀਵਨ ਦਾ ਆਖਰੀ ਪੜਾਉ ਹੈ, ਜਿਸ ਵਿਚ ਮੈਂ ਦੁਰਲਭ ਜੀਵਨ ਦਾ ਲਾਹਾ ਲੈ ਕੇ ਜੀਵਨ ਸੰਵਾਰ ਕੇ ਰੱਬ ਦੀ ਦਰਗਾਹ ਜਾਣਾ ਹੈ। ਮੈਂ ਜੀਵਨ ਦਾ 95-96% ਸਮਾਂ ਰੱਬ ਵਾਲੇ ਪਾਸੇ ਹੀ ਬਤੀਤ ਕਰਦਾ ਹਾਂ। ਸਮਾਜਿਕ ਜਾਂ ਹੋਰ ਗੱਲਾਂ ਲਈ ਬਹੁਤ ਘੱਟ ਸਮਾਂ ਲਾਉਂਦਾ ਹਾਂ।

*****

# ਮੇਰੇ ਸ਼ੌਕ

ਬਚਪਨ ਤੋਂ ਹੀ ਮੇਰੇ ਕੁਝ ਸ਼ੌਕ ਸਨ। ਜਿਹਨਾਂ ਵਿਚੋਂ ਮੇਰਾ ਮੁੱਢਲਾ ਸ਼ੌਕ ਬਾਗ਼ਬਾਨੀ ਸੀ। ਮੈਨੂੰ ਰੰਗ-ਬਰੰਗੇ ਫੁੱਲ ਅਤੇ ਫਲ ਚੰਗੇ ਲੱਗਦੇ ਸਨ। ਮੈਨੂੰ ਲੱਗਦਾ ਹੈ ਕਿ ਇਹ ਸ਼ੌਕ ਮੇਰੇ ਨਾਲ ਹੀ ਆਇਆ ਹੈ। ਸਾਡੇ ਪੂਰੇ ਪਰਿਵਾਰ ਵਿਚੋਂ ਕਿਸੇ ਨੂੰ ਵੀ ਪੌਦਿਆਂ ਜਾਂ ਫੁੱਲਾਂ ਨਾਲ ਇੰਨਾ ਪਿਆਰ ਨਹੀਂ ਹੈ। ਪਰਿਵਾਰ ਬਹੁਤ ਵੱਡਾ ਸੀ ਅਤੇ ਸਾਡੇ ਸਾਧਨ ਬਹੁਤ ਸੀਮਤ ਸਨ। ਮੇਰੇ ਗੁਆਂਢ ਦਾ ਇਕ ਬੱਚਾ ਅਨੂਪਿੰਦਰ, ਬਚਪਨ ਦਾ ਦੋਸਤ ਜੋ ਮੇਰੇ ਤੋਂ ਇਕ ਸਾਲ ਛੋਟਾ ਸੀ ਅਤੇ ਜਮਾਤ ਵਿਚ ਵੀ ਮੇਰੇ ਤੋਂ ਇਕ ਸਾਲ ਪਿੱਛੇ ਸੀ, ਨੂੰ ਵੀ ਮੇਰੇ ਵਾਂਗ ਪੌਦਿਆਂ ਆਦਿਕ ਦਾ ਬਹੁਤ ਸ਼ੌਕ ਸੀ।

ਮੈਨੂੰ ਸਮਝ ਨਹੀਂ ਆਉਂਦਾ ਕਿ ਜਿਸ ਇਨਸਾਨ ਨੂੰ ਕੋਈ ਸ਼ੌਕ ਹੀ ਨਹੀਂ ਹੈ, ਉਸ ਦਾ ਜੀਵਨ ਕਿਹੋ ਜਿਹਾ ਰੁੱਖਾ-ਸੁੱਖਾ ਅਤੇ ਭਾਵਨਾਹੀਨ ਹੋਵੇਗਾ। ਮੈਨੂੰ ਸਾਰੇ ਹੀ ਪੌਦੇ ਅੱਛੇ ਲੱਗਦੇ ਹਨ। ਮੈਨੂੰ ਚਮੇਲੀ ਅਤੇ ਮੋਤੀਏ ਦੀ ਖੁਸ਼ਬੂ ਬਹੁਤ ਸੁਹਾਵਣੀ ਅਤੇ ਮਨਮੋਹਕ ਲਗਦੀ ਹੈ। ਗੁਲਾਬ ਦੇ ਫੁੱਲ ਦੀ ਬਣਤਰ ਉਸ ਦੀ ਖੁਸ਼ਬੂ ਅਤੇ ਰੰਗ ਮੈਨੂੰ ਬਚਪਨ ਤੋਂ ਲੈ ਕੇ ਹੁਣ ਤੱਕ ਮੋਂਹਦੇ ਆ ਰਹੇ ਹਨ। ਸਦੀ ਦੇ ਤਿੰਨ ਚੌਥਾਈ ਅਰਸੇ ਪਾਰ ਕਰਨ ਤੋਂ ਬਾਅਦ ਵੀ ਇਹ ਸ਼ੌਕ ਘਟਿਆ ਨਹੀਂ ਸਗੋਂ ਪਹਿਲਾਂ ਨਾਲੋਂ ਵੀ ਵਧਿਆ ਹੀ ਹੈ। ਆਪਣੇ ਸ਼ੌਕ ਪਾਲਣ ਲਈ ਮੈਂ ਪੌਦਿਆਂ ਨੂੰ ਪਾਣੀ ਦੇਣਾ, ਗੁਡਾਈ ਕਰਨਾ, ਸਮੇਂ ਸਮੇਂ ਸਿਰ ਖਾਦ ਪਾਉਣਾ ਅਤੇ ਉਹਨਾਂ ਦੇ ਸਹਾਰੇ ਲਈ ਡੰਡਾ ਲਾਉਣਾ, ਸਮਝੋ ਸਵੇਰ ਦਾ ਪਹਿਲਾ ਅਤੇ ਸ਼ਾਮ ਦਾ ਆਖਰੀ ਕੰਮ ਹੁੰਦਾ ਹੈ।

ਦੂਜਾ ਮੈਨੂੰ ਬਚਪਨ ਤੋਂ ਹੀ ਘੋੜ ਸਵਾਰੀ ਦਾ ਬਹੁਤ ਸ਼ੌਕ ਸੀ। ਇਹ ਸ਼ੌਕ ਮੈਨੂੰ ਵਿਰਸੇ ਵਿਚੋਂ ਹੀ ਮਿਲਿਆ ਹੈ। ਮੇਰੇ ਪੜਦਾਦਾ ਜੀ ਬਹੁਤ ਅੱਛੇ ਘੋੜ ਸਵਾਰ ਸਨ। ਮੇਰੇ ਦਾਦਾ ਜੀ ਨੂੰ ਘੋੜ ਸਵਾਰੀ ਤੋਂ ਇਲਾਵਾ ਸ਼ਿਕਾਰ ਖੇਡਣ ਦਾ ਬਹੁਤ ਸ਼ੌਕ ਸੀ। ਮੇਰੇ ਪਿਤਾ ਜੀ ਦੀ 1926 ਤੋਂ 1928 ਤੱਕ ਦੀ ਫੌਜੀ ਟ੍ਰੇਨਿੰਗ ਦਾ ਹਿੱਸਾ ਘੋੜ ਸਵਾਰੀ ਵੀ ਸੀ। ਉਸ ਤੋਂ ਬਾਅਦ ਟੈਂਟ ਪੈਗਿੰਗ ਵਿਚ ਉਹਨਾਂ ਨੇ 1949 ਦੀਆਂ ਪੈਪਸੂ ਰਾਜ ਦੀਆਂ ਗੇਮਾਂ ਵਿਚ ਪ੍ਰਥਮ ਸਥਾਨ ਹਾਸਲ ਕੀਤਾ। ਮੈਂ ਬਚਪਨ ਵਿਚ ਘੋੜ ਸਵਾਰੀ ਦਾ ਸ਼ੌਕ ਪੂਰਾ ਕਰਨ ਲਈ ਮੇਰੇ ਨਾਨਕੇ ਪਿੰਡ ਭੈਣੀ ਫੱਤੇ ਜਾਂਦਾ ਸੀ। ਮੇਰੇ ਨਾਨਕਿਆਂ ਨੂੰ ਖੁਦ ਘੋੜਿਆਂ ਅਤੇ ਘੋੜ ਸਵਾਰੀ ਦਾ ਬਹੁਤ ਸ਼ੌਕ ਸੀ। ਮੈਂ ਨਾਨਕੇ ਪਿੰਡ ਮਹੀਨਿਆਂ ਬੱਧੀ ਰਹਿੰਦਾ ਸੀ। ਜਦ ਮੈਂ ਜੀਵਨ ਵਿਚ ਕੁਝ ਤਰੱਕੀ ਕਰ ਲਈ

ਅਤੇ ਬੱਚਿਆਂ ਨੂੰ ਵਾਈ.ਪੀ.ਐੱਸ ਸਕੂਲ ਵਿਚ ਦਾਖ਼ਲ ਕਰਵਾਇਆ ਤਾਂ ਉਹਨਾਂ ਨੂੰ ਵੀ ਘੋੜ ਸਵਾਰੀ ਦੁਆਈ। ਘੋੜ ਸਵਾਰੀ ਨਾਲ ਸਰੀਰ ਰਿਸ਼ਟ ਪੁਸ਼ਟ ਹੋ ਜਾਂਦਾ ਹੈ। 2005 ਵਿਚ ਅਸੀਂ ਅਮਰੀਕਾ ਵਿੱਚ ਇਕ ਵੱਡਾ ਘਰ ਖ਼ਰੀਦਿਆ, ਉਸ ਵਿਚ ਇਕ ਬਾਰਨ ਹੈ। ਘਰ ਵਿਚ ਪੰਜ ਕੁ ਏਕੜ ਵਿਚ ਘਰ ਤੇ ਲਾਨ ਹੈ ਅਤੇ ਪੰਜ ਕੁ ਏਕੜ ਵਿਚ ਬਾਰਨ ਅਤੇ ਘੋੜਿਆਂ ਦੀ ਚਰਾਂਦ ਹੈ। ਇਹ ਸ਼ੌਕ ਉਸ ਸਮੇਂ ਤੱਕ ਹੀ ਸੀਮਤ ਰਿਹਾ।

1974-75 ਵਿਚ ਮੇਰੇ ਪਿਤਾ ਨੇ ਸਾਡੇ ਸਾਰੇ ਭਰਾਵਾਂ ਵਿਚ ਆਪਣੀ 37 ਕਿੱਲੇ ਜ਼ਮੀਨ ਵੰਡ ਦਿੱਤੀ। ਮੇਰੇ ਹਿੱਸੇ ਦਸ ਕਿੱਲੇ ਜ਼ਮੀਨ ਆਈ। ਇਹ ਦਸ ਕਿੱਲੇ ਜ਼ਮੀਨ ਪੰਜ ਕਿੱਲੇ ਬਰਾਬਰ ਹੀ ਸੀ ਕਿਉਂਕਿ ਇਸ ਜ਼ਮੀਨ ਵਿਚ ਰੇਤਾ ਸੀ ਅਤੇ ਇਹ ਜ਼ਮੀਨ ਉੱਚੀ ਨੀਵੀਂ ਸੀ। ਇਸ ਵਿਚ ਗੁਣ ਇਹ ਸੀ ਕਿ ਪੰਜ ਹੋਰਸ ਪਾਵਰ ਦਾ ਟਿਊਬਵੈੱਲ ਲੱਗਾ ਹੋਇਆ ਸੀ। ਮੈਂ ਪੰਜ ਕਿੱਲੇ ਅੱਛੀ ਜ਼ਮੀਨ ਦੇ ਬਰਾਬਰ ਇਹ ਜ਼ਮੀਨ ਇਸ ਕਰਕੇ ਲਈ ਕਿ ਮੈਂ ਤੇ ਮੇਰੀ ਪਤਨੀ ਦੋਹੇਂ ਕਮਾਉਂਦੇ ਸੀ ਅਤੇ ਸਾਡੀ ਜ਼ਮੀਨ ਤੇ ਕੋਈ ਆਰਥਿਕ ਨਿਰਭਰਤਾ ਨਹੀਂ ਸੀ। ਮੈਂ ਸੋਚਿਆ ਕਿ ਅਸੀਂ ਬੱਚਤ ਨਾਲ ਇਹ ਜ਼ਮੀਨ ਠੀਕ ਕਰ ਲਵਾਂਗੇ ਅਤੇ ਬਾਗ਼ ਆਦਿ ਲਗਾ ਲਵਾਂਗੇ। 1975-76 ਤੱਕ ਸਾਡੀ ਜ਼ਮੀਨ ਸਾਂਝੀ ਹੀ ਸੀ ਅਤੇ ਕੋਈ ਆਪਸੀ ਹਿਸਾਬ ਕਿਤਾਬ ਨਹੀਂ ਸੀ। 1977 ਵਿਚ ਮੈਨੂੰ ਜ਼ਮੀਨ ਅਲੱਗ ਕਰ ਕੇ ਦਿੱਤੀ ਗਈ ਅਤੇ ਮੈਂ ਇਸ ਵਿਚ ਬਾਗ਼ ਲਾਉਣ ਬਾਰੇ ਸੋਚਣ ਲੱਗਾ।

1977 ਵਿਚ ਮੈਂ ਜ਼ਮੀਨ ਦੇ ਆਲੇ-ਦੁਆਲੇ ਸਫੈਦਾ ਆਦਿ ਵੀ ਲਗਵਾਇਆ। ਉਹਨਾਂ ਦਿਨਾਂ ਵਿਚ ਸਫੈਦੇ ਦਾ ਪੰਜਾਬ ਵਿਚ ਬਹੁਤ ਰਿਵਾਜ਼ ਸੀ। ਖੈਰ ਗਰਮੀਆਂ ਨਾਲ ਮੇਰੇ ਸਫੈਦੇ ਸੁੱਕ ਗਏ। ਅਗਲੇ ਸਾਲ ਮੈਂ ਇਕ ਖੇਤੀਬਾੜੀ ਮਾਹਿਰ ਨੂੰ ਲੈ ਕੇ ਆਪਣੇ ਖੇਤ ਗਿਆ। ਉਸ ਨੇ ਕਿਹਾ ਜੇ ਤੁਸੀਂ ਬਾਗ਼ ਦਾ ਸ਼ੌਕ ਪੂਰਾ ਕਰਨਾ ਹੈ ਤਾਂ ਜੰਮੂ-ਕਸ਼ਮੀਰ ਜਾਂ ਹਿਮਾਚਲ ਪ੍ਰਦੇਸ਼ ਵਿਚ ਜ਼ਮੀਨ ਲਉ। ਮੈਂ ਪਿਤਾ ਜੀ ਦੀ ਆਗਿਆ ਲੈ ਕੇ ਇਹ ਜ਼ਮੀਨ 1978 ਵਿਚ 60 ਹਜ਼ਾਰ ਵਿਚ ਵੇਚ ਦਿੱਤੀ ਅਤੇ ਹਿਮਾਚਲ ਵਿਚ ਮੇਰੇ ਵੱਡੇ ਭਰਾ ਜੋ ਹਿਮਾਚਲ ਵਿਚ ਤਹਿਸੀਲਦਾਰ ਸਨ, ਦੀ ਮੱਦਦ ਨਾਲ ਇਕੱਤੀ ਕਿੱਲੇ ਜ਼ਮੀਨ ਲੈ ਲਈ।

ਇਸ ਜ਼ਮੀਨ ਨੂੰ ਲੈਣ ਦਾ ਉਦੇਸ਼ ਸਿਰਫ ਵੱਡਾ ਬਾਗ਼ ਲਾਉਣਾ ਸੀ। ਮੈਂ 1988 ਤੱਕ ਤਕਰੀਬਨ ਦਸ ਹਜ਼ਾਰ ਪੌਦੇ ਇਸ ਬਾਗ ਵਿੱਚ ਲਗਾਏ। ਆਲੇ-ਦੁਆਲੇ ਹੀ ਹਜ਼ਾਰਾਂ ਸਫੈਦੇ ਲਗਾਏ। ਅੰਦਰ ਨਾਖਾ, ਲੀਚੀ ਅਤੇ ਮਾਲਟੇ ਦਾ ਬਾਗ਼ ਵੀ ਲਗਾਇਆ। ਇਹ ਬਾਗ਼ ਸਾਡੇ ਜੀਵਨ ਵਿਚ ਇਸ ਲਈ ਅਹਿਮੀਅਤ ਰੱਖਦਾ ਸੀ ਕਿਉਂਕਿ ਮੈਨੂੰ ਪੌਦਿਆਂ ਦਾ ਬਹੁਤ ਸ਼ੋਕ ਸੀ। ਇਹ ਬਾਗ਼ ਪਟਿਆਲੇ ਤੋਂ 281 ਕਿਲੋਮੀਟਰ ਦੂਰ (ਇਕ ਪਾਸੇ) ਸਥਿਤ ਸੀ। ਮੇਰੇ ਕੋਲ ਇੰਨੇ ਸਾਲ ਕੋਈ ਆਪਣੀ

ਕਾਰ ਜਾਂ ਜੀਪ ਨਹੀਂ ਸੀ। ਮੈਂ ਕਿਸੇ ਦੋਸਤ ਜਾਂ ਰਿਸ਼ਤੇਦਾਰ ਦੀ ਜੀਪ ਆਦਿ ਮੰਗ ਕੇ ਕਾਫੀ ਸਾਲ ਕੰਮ ਸਾਰਿਆ। ਮੈਂ ਸ਼ੁਕਰਵਾਰ ਨੂੰ ਸਰਕਾਰੀ ਕੰਮ ਮੁਕਾ ਕੇ ਸ਼ਾਮ ਨੂੰ ਪੰਜ-ਛੇ ਵਜੇ ਚਲਦਾ ਤੇ ਤਕਰੀਬਨ ਦਸ-ਗਿਆਰਾਂ ਵਜੇ ਆਪਣੇ ਫਾਰਮ ਤੇ ਪਹੁੰਚ ਜਾਂਦਾ ਸੀ। ਰਾਹ ਵਿਚ ਇਕ ਦਰਿਆ ਪੈਂਦਾ ਸੀ ਜਿਸ ਨੂੰ ਕਿਸ਼ਤੀ ਰਾਹੀਂ ਪਾਰ ਕਰ ਕੇ ਅਸੀਂ ਆਪਣੇ ਫਾਰਮ ਤੇ ਪਹੁੰਚਦੇ ਸੀ। ਐਤਵਾਰ ਨੂੰ ਸ਼ਾਮ ਚਾਰ ਕੁ ਵਜੇ ਬਾਗ਼ ਤੋਂ ਚੱਲ ਕੇ ਰਾਤ ਨੂੰ ਦਸ ਕੁ ਵਜੇ ਵਾਪਸ ਪਹੁੰਚ ਜਾਂਦਾ। ਦਸ ਸਾਲ ਦਾ ਇਹ ਸਮਾਂ ਤੀਆਂ ਦੇ ਤਿਉਹਾਰ ਦੀ ਤਰ੍ਹਾਂ ਬੀਤਿਆ।

ਜਦੋਂ ਇਹ ਬਾਗ਼ ਲਾਇਆ ਸੀ, ਅਸੀਂ ਇੰਝ ਸੋਚਦੇ ਸੀ ਕਿ ਰਿਟਾਇਰ ਹੋਣ ਉਪਰੰਤ ਅਸੀਂ ਆਪਣਾ ਜ਼ਿਆਦਾ ਸਮਾਂ ਇਥੇ ਰਹਿ ਕੇ ਹੀ ਬਤੀਤ ਕਰਿਆ ਕਰਾਂਗੇ ਅਤੇ ਬਾਗ਼ ਦੀ ਸੈਰ ਕਰਿਆ ਕਰਾਂਗੇ। ਇਥੇ ਰਹਿ ਕੇ ਬਾਗ਼ ਦੀ ਸਾਂਭ ਸੰਭਾਲ ਕਰਾਂਗੇ ਅਤੇ ਪਾਠ ਪੂਜਾ ਕਰਿਆ ਕਰਾਂਗੇ।

ਅਮਰੀਕਾ ਜਾਣ ਤੋਂ ਪਹਿਲਾਂ ਮਜਬੂਰੀ ਵੱਸ ਸਾਨੂੰ ਇਹ ਬਾਗ਼ ਵੇਚਣਾ ਪਿਆ। ਅਸੀਂ ਇਹ ਬਾਗ਼ ਇਸ ਦੀ ਕੀਮਤ ਤੋਂ ਕਾਫੀ ਸਸਤੇ ਮੁੱਲ ਤੇ ਵੇਚਿਆ। ਸਸਤੇ ਮੁੱਲ ਵੇਚਣ ਦਾ ਮੈਨੂੰ ਇੰਨਾ ਦੁੱਖ ਨਹੀਂ ਸੀ ਜਿੰਨਾ ਆਪਣੇ ਸ਼ੌਕ ਤੋਂ ਟੁੱਟਣ ਦਾ ਸੀ। 2005 ਵਿਚ ਰੱਬ ਜੀ ਨੇ ਸਾਨੂੰ 2655 ਓਕਰੀਜ ਰੋਡ ਨੀਨਾ, ਅਮਰੀਕਾ ਵਿਖੇ ਘਰ ਦੇ ਦਿੱਤਾ। ਇਸ ਘਰ ਵਿਚ ਜਾਣ ਸਾਰ ਇਹ ਪੁਰਾਣਾ ਸ਼ੌਕ ਆਪਣੀ ਜਵਾਨੀ ਤੇ ਆ ਗਿਆ। ਇਸ ਘਰ ਵਿਚ ਪੰਜ ਏਕੜ ਲਾਅਨ ਸੀ। ਸਾਡੇ ਕੋਲ ਜੋਹਨ ਡੇਅਰ ਕੰਪਨੀ ਦਾ ਟਰੈਕਟਰ ਸੀ, ਜਿਸ ਨਾਲ ਮੈਂ ਘਾਹ ਕੱਟਦਾ ਸੀ। ਟਰੈਕਟਰ ਦੀ ਸਵਾਰੀ ਤਾਂ ਵੈਸੇ ਵੀ ਹਰ ਜਿਮੀਂਦਾਰ ਨੂੰ ਅੱਛੀ ਲੱਗਦੀ ਹੈ ਪਰ ਇਹ ਟਰੈਕਟਰ ਜੀਪ ਵਰਗਾ ਸੀ। ਸਾਡੇ ਇਸ ਘਰ ਵਿਚ ਅਠਾਰਾਂ ਆਈਲੈਂਡ ਹਨ। ਜਿਹਨਾਂ ਵਿਚ ਵੱਖ ਵੱਖ ਕਿਸਮ ਦੇ ਪੌਦੇ ਲੱਗੇ ਹੋਏ ਸਨ। ਇਸ ਘਰ ਵਿਚ ਸਭ ਤੋਂ ਅੱਛਾ ਪੌਦਾ ਹਾਈਡਰੇਨਜ਼ੀਆ ਦਾ ਸੀ। ਸਰਦੀਆਂ ਵਿਚ ਇਹ ਪੌਦਾ ਬਰਫ ਨਾਲ ਮਰ ਜਾਂਦਾ ਹੈ ਅਤੇ ਅਪ੍ਰੈਲ ਮਈ ਵਿਚ ਆਪਣੇ ਆਪ ਨਿਕਲ ਆਉਂਦਾ ਹੈ। ਅਸੀਂ ਸਿਰਫ਼ ਅਪ੍ਰੈਲ ਮਹੀਨੇ ਵਿਚ ਉਸਨੂੰ ਕੁਝ ਪਾਣੀ ਅਤੇ ਖਾਦ ਦੇਣਾ ਹੁੰਦਾ ਸੀ। ਇਹ ਸਫੈਦ ਅਤੇ ਜਾਮਣੀ ਦੋ ਰੰਗਾਂ ਵਿਚ ਹੁੰਦਾ ਹੈ। ਮੈਂ ਗੁਲਾਬ ਆਦਿ ਦੇ ਪੌਦੇ ਘਰ ਵਿਚ ਲਗਾਏ ਪਰ ਇਹ ਜ਼ਿਆਦਾ ਵਧੇ ਨਹੀਂ। ਰਾਤ ਦੀ ਰਾਣੀ, ਮੋਤੀਆ ਅਤੇ ਚਮੇਲੀ ਦੇ ਪੌਦੇ ਇਥੇ ਨਹੀਂ ਹੁੰਦੇ। ਸਾਡੇ ਘਰ ਵਿਚ ਕੁਝ ਸੇਬ, ਨਾਖਾਂ ਅਤੇ ਅੰਗੂਰ ਆਦਿ ਵੀ ਲੱਗੇ ਹੋਏ ਸਨ। 2010 ਤੱਕ ਮੈਂ ਇਸ ਘਰ ਵਿਚ ਪੌਦਿਆਂ ਨੂੰ ਰੱਜ ਕੇ ਮਾਣਿਆ।

ਮੇਰਾ ਤੀਜਾ ਸ਼ੌਕ ਚੰਗੇ ਅਤੇ ਸਾਫ-ਸੁਥਰੇ ਕੱਪੜੇ ਪਾਉਣ ਦਾ ਹੈ। ਇਹ ਸ਼ੌਕ ਫੌਜ ਵਿੱਚ ਜਾ ਕੇ ਹੋਰ ਵੀ ਵੱਧ ਗਿਆ। ਫੌਜ ਦੇ ਲੋਕ ਹਮੇਸ਼ਾਂ ਸਾਫ ਸੁਥਰੇ ਅਤੇ ਚੰਗੇ ਕੱਪੜੇ ਪਾਉਂਦੇ ਹਨ। ਫੌਜ ਵਿਚ ਮੈਂ ਤਿੰਨ ਵਰਦੀਆਂ ਦਾ ਸੈੱਟ ਰੱਖਿਆ ਹੋਇਆ

ਸੀ। ਇਕ ਵਰਦੀ ਮੈਂ ਪਾਈ ਹੁੰਦੀ ਸੀ, ਦੂਜੀ ਹੈਂਗਰ ਉੱਤੇ ਟੰਗੀ ਹੁੰਦੀ ਸੀ ਅਤੇ ਤੀਜੀ ਵਰਦੀ ਧੋਬੀ ਕੋਲ ਹੁੰਦੀ ਸੀ। ਮੈਂ ਕਦੇ ਰੰਗ ਫਿੱਟੀ ਵਰਦੀ ਨਹੀਂ ਪਾਈ। ਜਦੋਂ ਵੀ ਵਰਦੀ ਦਾ ਰੰਗ ਮੱਧਮ ਜਿਹਾ ਪੈ ਜਾਂਦਾ ਸੀ, ਮੈਂ ਆਪਣੇ ਕੱਦ ਕਾਠ ਵਾਲੇ ਸਿਪਾਹੀ ਨੂੰ ਉਹ ਵਰਦੀ ਦੇ ਦਿੰਦਾ ਸੀ। ਵਰਦੀ ਨੂੰ ਰੰਗਾ ਕੇ ਕਾਫੀ ਸਮਾਂ ਉਹ ਸਿਪਾਹੀ ਵਰਦੀ ਪਾਉਂਦਾ ਰਹਿੰਦਾ ਸੀ।

ਫੌਜ ਤੋਂ ਆ ਕੇ ਪ੍ਰੋਫੈਸਰ ਦੇ ਤੌਰ ਤੇ ਵੀ ਮੇਰਾ ਇਹ ਸ਼ੌਕ ਬਰਕਰਾਰ ਰਿਹਾ। ਕਈ ਵਾਰ ਵਿਦਿਆਰਥੀ ਵੀ ਮੇਰੇ ਕੱਪੜਿਆਂ ਦੀ ਸ਼ਲਾਘਾ ਕਰਦੇ ਹੁੰਦੇ ਸੀ। ਆਬਕਾਰੀ ਤੇ ਕਰ ਮਹਿਕਮੇ ਵਿਚ ਅਤੇ ਇੰਨੇ ਸਾਲ ਅਮਰੀਕਾ ਰਹਿਣ ਤੋਂ ਬਾਅਦ ਵੀ ਮੇਰਾ ਇਹ ਸ਼ੌਕ ਕਾਇਮ ਹੈ। ਅਕਸਰ ਅਮਰੀਕਾ ਵਿਚ ਲੋਕ ਬਹੁਤ ਘੱਟ ਸੂਟ ਅਤੇ ਟਾਈ ਲਾ ਕੇ ਤਿਆਰ ਹੁੰਦੇ ਹਨ ਪਰ ਮੈਂ ਅਕਸਰ ਇਸੇ ਤਰ੍ਹਾਂ ਹੀ ਤਿਆਰ ਹੁੰਦਾ ਸੀ। ਮੈਨੂੰ ਸਾਫ ਅਤੇ ਮੈਚਿੰਗ ਕੱਪੜੇ ਪਾਉਣਾ ਬਹੁਤ ਅੱਛਾ ਲੱਗਦਾ ਹੈ। ਸੈਰ ਕਰਨ ਲਈ ਵੀ ਮੈਂ ਹਮੇਸ਼ਾਂ ਮੈਚਿੰਗ ਕੱਪੜੇ ਹੀ ਪਾਉਂਦਾ ਹਾਂ।

ਚੌਥਾ, ਮੈਨੂੰ ਸੈਰ ਕਰਨ ਦਾ ਬਹੁਤ ਸ਼ੌਕ ਸੀ। ਜਿਸ ਘਰ ਵਿਚ ਮੈਂ ਵੱਡਾ ਹੋਇਆ, ਉਹ ਇਲਾਕਾ ਯਾਦਵਿੰਦਰਾ ਪਬਲਿਕ ਸਕੂਲ ਦੇ ਬਿਲਕੁਲ ਨੇੜੇ ਹੈ। ਮੈਂ ਬਚਪਨ ਤੋਂ ਹੀ ਉਥੇ ਸਵੇਰੇ ਸ਼ਾਮ ਸੈਰ ਕਰਦਾ ਸੀ। ਬੀ.ਏ. ਅਤੇ ਐਮ.ਏ ਕਰਦਿਆਂ ਮੈਂ ਲਗਾਤਾਰ ਹੀ ਸਟੇਡੀਅਮ ਜਾ ਕੇ ਪੜ੍ਹਦਾ ਤੇ ਇਮਤਿਹਾਨ ਦੀ ਤਿਆਰੀ ਕਰਦਾ ਸੀ। ਸਟੇਡੀਅਮ ਦੇ ਇਕ ਹਿੱਸੇ ਵਿਚ ਬਹੁਤ ਗੁਲਾਬ ਲੱਗੇ ਹੋਏ ਸਨ। ਉਥੇ ਜਾ ਕੇ ਬੈਂਚ ਤੇ ਬੈਠ ਕੇ ਪੜ੍ਹਨ ਦਾ ਆਨੰਦ ਹੀ ਹੋਰ ਸੀ। ਇਸ ਸੈਰ ਦੇ ਸ਼ੌਕ ਨੇ ਮੈਨੂੰ ਸਾਰੀ ਉਮਰ ਅੱਛੀ ਸਿਹਤ ਦਿੱਤੀ। ਹੁਣ ਜਦੋਂ ਕਿ ਮੈਨੂੰ ਕਾਫੀ ਬਿਮਾਰੀਆਂ ਨੇ ਘੇਰਿਆ ਹੋਇਆ ਹੈ ਤਾਂ ਵੀ ਮੈਂ ਜ਼ਰੂਰ ਸੈਰ ਕਰਨ ਜਾਂਦਾ ਹਾਂ।

ਪੰਜਵਾਂ, ਮੈਨੂੰ ਬਚਪਨ ਤੋਂ ਗੱਲਾਂ ਕਰਨ ਦਾ ਬਹੁਤ ਸ਼ੌਕ ਹੈ। 2014 ਵਿਚ ਜਦੋਂ ਮੇਰਾ ਹਾਰਟ ਦਾ ਓਪਰੇਸ਼ਨ ਹੋਇਆ। ਉਸ ਵੇਲੇ ਵੀ ਮੈਨੂੰ ਸਾਰੇ ਡਾਕਟਰਾਂ, ਨਰਸਾਂ ਅਤੇ ਕਮਰੇ ਵਿਚ ਸਾਰੇ ਮਰੀਜ਼ਾਂ ਬਾਰੇ ਪਤਾ ਹੁੰਦਾ ਸੀ। ਮੈਂ ਉਹਨਾਂ ਨਾਲ ਵੀ ਮਜ਼ਾਕ ਕਰਦਾ ਰਹਿੰਦਾ ਸੀ। 13 ਮਾਰਚ 2014 ਨੂੰ ਮੇਰਾ ਓਪਰੇਸ਼ਨ ਹੋਇਆ। ਇਕ ਦਿਨ ਬਾਅਦ ਹੀ ਮੈਨੂੰ ਆਈ.ਸੀ.ਯੂ ਵਿਚੋਂ ਕੱਢ ਕੇ ਚਾਰ ਮਰੀਜ਼ਾਂ ਦੇ ਕਮਰੇ ਵਿਚ ਲੈ ਆਏ। ਉਹਨਾਂ ਵਿਚੋਂ ਇਕ ਮਰੀਜ਼ ਗੁਰਦੁਆਰਾ ਸਾਹਿਬ ਦਾ ਭਾਈ ਜੀ ਸੀ। ਉਮਰ ਵਿਚ ਉਹ ਮੇਰੇ ਤੋਂ ਅੱਧਾ ਸੀ ਪਰ ਉਸ ਦਾ ਸਰੀਰ ਬਹੁਤ ਭਾਰਾ ਸੀ। ਮੈਂ ਹੱਸ ਕੇ ਕਿਹਾ,“ ਭਾਈ ਸਾਹਿਬ ਕੜਾਹ ਪ੍ਰਸ਼ਾਦ ਸੰਗਤਾਂ ਨੂੰ ਵੀ ਵਰਤਾਉਂਦੇ ਸੀ ਜਾਂ ਆਪ ਹੀ ਛੱਕ ਜਾਂਦੇ ਸੀ।”

ਉਸ ਦੇ ਨਾਲ ਹੀ ਇਕ ਔਰਤ ਜੋ ਪੰਜਾਬ-ਹਿਮਾਚਲ ਬਾਰਡਰ ਦੀ ਸੀ ਕਹਿਣ ਲੱਗੀ ਮੇਰਾ ਘਰ ਵਾਲਾ ਬਹੁਤ ਹੁੱਕਾ ਪੀਂਦਾ ਸੀ। ਸ਼ਾਇਦ ਤਾਂ ਹੀ ਮੈਨੂੰ ਹਾਰਟ

ਦੀ ਬਿਮਾਰੀ ਹੋ ਗਈ। ਬਚਪਨ ਤੋਂ ਹੀ ਰੱਬ ਵੱਲੋਂ ਮੇਰਾ ਦਿਮਾਗ ਬਹੁਤ ਚਲਦਾ ਸੀ ਅਤੇ ਹਰੇਕ ਦੇ ਭਲੇ ਦੀ ਸੋਚਦਾ ਸੀ। ਸਾਡੇ ਪਿੰਡ ਸਾਡੇ ਚਾਚਾ ਤਾਇਆ ਜਿਹੜੇ ਪੜ੍ਹੇ ਨਹੀਂ ਸਨ, ਮੈਂ ਉਹਨਾਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਦਾ ਸੀ। ਇਕ ਚਾਚਾ ਜੀ ਕਹਿਣ ਲੱਗੇ,“ ਕਾਕਾ ਪੈਂਤੀ ਦਾ ਮੈਂ ਹੋ ਗਿਆ, ਹੁਣ ਤਾਂ ਅੱਗੇ ਜਾ ਕੇ ਹੀ ਪੜ੍ਹਾਂਗੇ।” ਇਸ ਸ਼ੌਕ ਨੇ ਮੈਨੂੰ ਸਾਰੇ ਜੀਵਨ ਵਿਚ ਹਰ ਥਾਈਂ ਬਹੁਤ ਹਰਮਨ ਪਿਆਰਾ ਬਣਾਇਆ। ਬਚਪਨ ਤੋਂ ਸਾਡੇ ਘਰ ਵਿਚ ਕਾਫ਼ੀ ਜੀਅ ਸਨ ਜਿਹਨਾਂ ਵਿਚੋਂ ਸਿਰਫ਼ ਇਕ ਦੋ ਨੂੰ ਘੱਟ ਗੱਲਾਂ ਕਰਨ ਦਾ ਸ਼ੌਕ ਸੀ। ਸਾਡਾ ਇਹ ਸ਼ੌਕ ਘਰ ਵਿਚ ਹੀ ਪੂਰਾ ਹੋ ਜਾਂਦਾ ਸੀ। ਮੈਨੂੰ ਨਕਲਾਂ ਲਾਹੁਣ ਦਾ ਬਹੁਤ ਸ਼ੌਕ ਸੀ। ਸਾਡੇ ਗਵਾਂਢ ਵਿਚ ਗੁਰਦੁਆਰਾ ਪ੍ਰੇਮੀ ਜੱਥਾ ਸੀ। ਸਾਰੇ ਲੋਕ ਕਹਿੰਦੇ ਸੀ ਕਿ ਭਾਈ ਜੀ ਦੀਆਂ ਨਕਲਾਂ ਲਾ ਕੇ ਸੁਣਾ।

ਛੇਵਾਂ ਪੜ੍ਹਨ ਪੜ੍ਹਾਉਣ ਦਾ ਸ਼ੌਕ ਮੇਰਾ ਐੱਮ.ਏ. ਵਿਚ ਵਿਕਸਿਤ ਹੋਇਆ। ਅਸਲ ਵਿਚ ਮੈਂ ਇੰਗਲਿਸ਼ ਦੀ ਐੱਮ.ਏ. ਕਰਨਾ ਚਾਹੁੰਦਾ ਸੀ। ਮੇਰੇ ਬੀ.ਏ. ਵਿਚ ਅੰਗਰੇਜ਼ੀ ਵਿਚ 74 ਨੰਬਰ ਸਨ, ਜੋ ਉਸ ਸਮੇਂ ਮੁਤਾਬਿਕ ਕਾਫ਼ੀ ਅੱਛੇ ਨੰਬਰ ਸਨ। ਮੈਂ ਇਕ ਦਿਨ ਐੱਮ.ਏ. ਇੰਗਲਿਸ਼ ਦੀਆਂ ਕਲਾਸਾਂ ਵੀ ਲਾਈਆਂ। ਪ੍ਰੋਫੈਸਰ ਕੁਲਦੀਪ ਸਿੰਘ ਬੱਤਰਾ ਜੋ ਹੈੱਡ ਆਫ ਡਿਪਾਰਟਮੈਂਟ ਸਨ, ਨੇ 25/30 ਕਿਤਾਬਾਂ ਗਰਮੀਆਂ ਦੀਆਂ ਛੁੱਟੀਆਂ ਵਿਚ ਪੜ੍ਹਨ ਲਈ ਦੱਸ ਦਿੱਤੀਆਂ। ਉਸ ਸਮੇਂ ਸਾਡੀ ਆਰਥਿਕ ਹਾਲਤ ਚੰਗੀ ਨਹੀਂ ਸੀ। ਮੈਂ ਪਿਤਾ ਜੀ ਨੂੰ ਵਾਅਦਾ ਕੀਤਾ ਸੀ,“ ਮੈਨੂੰ ਬੀ.ਐੱਡ ਦੀ ਥਾਂ ਐੱਮ.ਏ ਕਰ ਲੈਣ ਦਿਓ।” ਜਿੰਨਾ ਖ਼ਰਚਾ ਬੀ.ਐਡ ਦਾ ਇਕ ਸਾਲ ਵਿਚ ਹੋਵੇਗਾ, ਉਨੇ ਪੈਸਿਆਂ ਵਿਚ ਮੈਂ ਦੋ ਸਾਲ ਵਿਚ ਐੱਮ.ਏ ਕਰ ਲਵਾਂਗਾ। ਇਸ ਲਈ ਇਕ ਦਿਨ ਬਾਅਦ ਹੀ ਮੈਂ ਇੰਗਲਿਸ਼ ਦੀ ਐੱਮ.ਏ ਦਾ ਖਿਆਲ ਛੱਡ ਦਿੱਤਾ ਅਤੇ ਪੋਲੀਟਿਕਲ ਸਾਇੰਸ ਜਾਇਨ ਕਰ ਲਈ। 1962 ਵਿਚ ਲੜਾਈ ਲੱਗਣ ਕਰਕੇ ਮੈਂ ਪੀਐੱਚ. ਡੀ ਕਰਨ ਦੀ ਥਾਂ ਫੌਜ ਵਿਚ ਚਲਾ ਗਿਆ।

ਸੱਤਵਾਂ ਰੱਬ ਦਾ ਨਾਂ ਲੈਣ ਦਾ ਸ਼ੌਕ ਮੈਨੂੰ 1987 ਵਿਚ ਪਿਆ। ਮੇਰਾ ਮਨ ਹੁਣ ਰੱਬੀ ਪਿਆਰ ਵਰਗੀ ਫਲਾਂ ਅਤੇ ਫੁੱਲਾਂ ਨਾਲ ਭਰਿਆ ਹੋਇਆ ਦਰਖ਼ਤ ਹੈ। ਇਸ ਦੇ ਨਾਲ ਨਾਲ ਹੋਰ ਸ਼ੌਕ ਵੀ ਚਲ ਰਹੇ ਹਨ। ਸਭ ਤੋਂ ਵੱਡਾ ਸ਼ੌਕ ਇਸ ਵੇਲੇ ਜੋ ਜੀਵਨ ਦਾ ਆਧਾਰ ਹੈ ਉਹ ਹੈ ਰੱਬ ਅਤੇ ਗੁਰੂ ਨਾਲ ਪਿਆਰ। ਉਸ ਪਿਆਰ ਵਿਚ ਮੈਂ ਸਦਾ ਨਿਵਿਆ ਰਹਿੰਦਾ ਹਾਂ।

ਸਿੱਖਣ ਦਾ ਸ਼ੌਕ ਮੇਰੀ ਉਮਰ ਦੇ ਨਾਲ ਵੀ ਨਹੀਂ ਘਟਿਆ। 2008 ਵਿਚ ਮੈਂ ਐੱਮ.ਏ. ਦਾ ਇਮਤਿਹਾਨ ਦੇ ਕੇ ਅਮਰੀਕਾ ਗਿਆ ਹੀ ਸੀ ਕਿ ਸਾਡੇ ਗੁਰਦੁਆਰਾ ਸਾਹਿਬ, ਐਪਲਟਨ ਸ਼ਹਿਰ ਵਿਚ ਮਿਲਵਾਕੀ ਤੋਂ ਭਾਈ ਨਾਜਰ ਸਿੰਘ ਕੀਰਤਨ ਕਰਨ ਆਏ। ਭਾਈ ਨਾਜਰ ਸਿੰਘ ਭਾਰਤ ਛੱਡਣ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਸਨ। ਮੈਂ ਜੇਬ ਵਿਚੋਂ 101 ਡਾਲਰ ਕੱਢੇ ਅਤੇ

ਉਹਨਾਂ ਨੂੰ ਦੇ ਦਿੱਤੇ। ਉਹ ਕਹਿਣ ਲੱਗੇ," ਇਹ ਕਿਸ ਲਈ ਹਨ?" ਮੈਂ ਕਿਹਾ," ਭਾਈ ਸਾਹਿਬ ਤੁਸੀਂ ਮੈਨੂੰ ਵਾਜਾ ਵਜਾਉਣਾ ਸਿਖਾਉਣਾ ਹੈ।" ਉਹ ਮੇਰੇ ਮੂੰਹ ਵੱਲ ਦੇਖਣ ਲੱਗ ਪਏ। ਸੁਭਾਵਿਕ ਹੈ ਮੇਰੀ ਉਮਰ 65 ਸਾਲ ਦੀ ਸੀ ਅਤੇ ਦਾਹੜੀ ਵੀ ਚਿੱਟੀ ਸੀ। ਮੈਂ ਕਿਹਾ," ਮੇਰੀ ਚਿੱਟੀ ਦਾਹੜੀ ਵੱਲ ਨਾ ਦੇਖੋ, ਮੇਰੀ ਭਾਵਨਾ ਵੱਲ ਦੇਖੋ। ਮੈਂ ਵਾਜਾ ਸਿਖ ਕੇ ਭਾਈ ਹਰਬੰਸ ਸਿੰਘ ਜਗਾਧਰੀ ਵਾਲੇ ਰਾਗੀ ਨਾਲ ਮੁਕਾਬਲਾ ਨਹੀਂ ਕਰਨਾ, ਨਾ ਹੀ ਮੇਰਾ ਮੁਕਾਬਲਾ ਲਤਾ ਮੰਗੇਸ਼ਕਰ ਨਾਲ ਹੈ। ਮੈਂ ਤਾਂ ਇਹ ਬਾਣੀ ਪੜ੍ਹਨੀ ਅਤੇ ਗਾਉਣੀ ਹੈ ਅਤੇ ਆਪਣੇ ਆਪ ਨੂੰ ਹੀ ਸੁਣਾਉਣੀ ਹੈ।" ਉਹ ਮੇਰੇ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਮੈਨੂੰ ਟੈਲੀਫੋਨ ਦੇ ਉੱਤੇ ਹੀ ਵਾਜਾ ਸਿਖਾਉਣ ਲੱਗੇ।

2010 ਵਿਚ ਅਪ੍ਰੈਲ-ਮਈ ਦੇ ਮਹੀਨੇ ਮੈਂ ਐੱਮ.ਏ. ਰਿਲੀਜੀਅਸ ਸਟੱਡੀਜ਼ ਦਾ ਇਮਤਿਹਾਨ ਦੇ ਕੇ ਵਿਹਲਾ ਹੋ ਗਿਆ। ਮੇਰੇ ਬਚਪਨ ਦੇ ਦੋਸਤ ਜਰਨਲ ਗੁਰਜੀਤ ਸਿੰਘ ਸਿੱਧੂ ਨੇ ਮੈਨੂੰ ਗੌਲਫ਼ ਖੇਡਣ ਲਈ ਪ੍ਰੇਰਿਤ ਕੀਤਾ ਅਤੇ ਅਧਿਆਪਕ ਦਾ ਬੰਦੋਬਸਤ ਵੀ ਕਰ ਦਿੱਤਾ। ਅਧਿਆਪਕ ਮੈਥੋਂ ਤੀਜੇ ਹਿੱਸੇ ਦੀ ਉਮਰ ਦਾ ਸੀ। ਉਸ ਦਾ ਨਾਮ ਗੁਰਿੰਦਰ ਸਿੰਘ ਸੀ। ਮੈਂ ਪਹਿਲੇ ਦਿਨ ਹੀ ਉਸਤਾਦ ਜੀ ਨੂੰ ਕਿਹਾ," ਮੈਂ ਵਿਦਿਆਰਥੀ ਬਹੁਤ ਅੱਛਾ ਹਾਂ। ਤੁਸੀਂ ਸਾਰੀ ਗੱਲ ਮੈਨੂੰ ਇੰਨ-ਬਿੰਨ ਕਹਿ ਸਕਦੇ ਹੋ। ਕੋਈ ਵੀ ਝਿਜਕ ਆਪਣੇ ਮਨ ਵਿਚ ਨਹੀਂ ਰੱਖਣੀ।" ਉਹਨਾਂ ਨੇ ਤਕਰੀਬਨ ਛੇ ਮਹੀਨੇ ਮੈਨੂੰ ਗੌਲਫ਼ ਸਿਖਾਈ।

ਹੁਣ ਜਦ ਕਿ ਮੈਂ ਲਿਖ ਰਿਹਾਂ ਹਾਂ ਅਤੇ ਲਿਖਣਾ ਸਿੱਖ ਰਿਹਾਂ ਹਾਂ। ਮੇਰਾ ਵਾਹ ਮੈਥੋਂ ਛੋਟੀ ਉਮਰ ਦੇ ਬੰਦਿਆਂ ਨਾਲ ਪੈਂਦਾ ਹੈ। ਉਥੇ ਵੀ ਮੈਂ ਵਿਦਿਆਰਥੀ ਦੇ ਤੌਰ ਤੇ ਹੀ ਸਿੱਖ ਰਿਹਾ ਹਾਂ। ਹੁਣ ਮੇਰੇ ਅਧਿਆਪਕ ਪ੍ਰੋਫੈਸਰ ਤਾਰਿਕਾ ਸੰਧੂ, 37 ਸਾਲ ਦੇ ਹਨ, ਮੈਂ ਪ੍ਰੋਫੈਸਰ ਗੁਰਮੀਤ ਸਿੰਘ ਸਿੱਧੂ (ਪੰਜਾਬੀ ਯੂਨੀਵਰਸਿਟੀ) ਕੋਲ ਜਾਂਦਾ ਹਾਂ, ਉਹ ਮੇਰੇ ਤੋਂ 25 ਕੁ ਸਾਲ ਛੋਟੇ ਹਨ। ਮੈਂ ਸਿੱਖਣਾ ਚਾਹੁੰਦਾ ਹਾਂ ਅਤੇ ਇਸ ਗੁਣ ਲਈ ਉਹ ਮੇਰੇ ਅਧਿਆਪਕ ਹਨ ਤੇ ਮੈਂ ਉਹਨਾਂ ਦਾ ਵਿਦਿਆਰਥੀ।

1967 ਵਿਚ ਨਾਗਾਲੈਂਡ ਵਿਚ ਜਾਂਦਿਆਂ ਹੀ ਮੈਂ ਫਿਰ ਇੰਗਲਿਸ਼ ਦੀ ਐੱਮ.ਏ ਕਰਨ ਬਾਰੇ ਸੋਚਣ ਲੱਗਿਆ ਪਰ ਮੈਨੂੰ ਛੁੱਟੀ ਨਹੀਂ ਮਿਲੀ। 1967 ਅਤੇ 1969 ਮੇਰੇ ਆਈ.ਏ.ਐੱਸ ਦੀ ਤਿਆਰੀ ਵਿਚ ਲੱਗ ਗਏ। ਕੁਝ ਬੇਰੁਜ਼ਗਾਰੀ ਬਾਅਦ ਮੈਂ ਪ੍ਰੋਫੈਸਰ ਲੱਗ ਗਿਆ ਅਤੇ 1974 ਵਿਚ ਪੀ.ਸੀ.ਐੱਸ ਪ੍ਰੀਖਿਆ ਦੇ ਆਧਾਰ ਤੇ ਮੈਂ ਈ.ਟੀ.ਓ. ਭਰਤੀ ਹੋ ਗਿਆ। ਜੀਵਨ ਚਲਦਾ ਗਿਆ ਅਤੇ 1986 ਵਿਚ ਮੇਰਾ ਐਕਸੀਡੈਂਟ ਹੋ ਗਿਆ। ਉਸ ਤੋਂ ਬਾਅਦ ਰੱਬੀ ਲੋਕਾਂ ਦੀ ਸੰਗਤ ਨਾਲ, ਰੱਬ ਅਤੇ ਗੁਰੂ ਦੀ ਕਿਰਪਾ ਨਾਲ ਮੇਰਾ ਮਨ ਅਧਿਆਤਮਕਤਾ ਵੱਲ ਮੁੜ ਗਿਆ। 2010 ਅਤੇ 2013 ਵਿਚ ਮੈਂ ਅਧਿਆਤਮਿਕਤਾ ਦੀਆਂ ਦੋ ਐੱਮ.ਏ. ਕੀਤੀਆਂ। 71

ਸਾਲ ਦੀ ਉਮਰ ਵਿਚ ਮੈਂ ਪੀਐਚ.ਡੀ ਲਈ ਐਨਰੋਲ ਹੋਣਾ ਚਾਹੁੰਦਾ ਸੀ। ਉਸ ਸਮੇਂ ਬਿਮਾਰੀਆਂ ਨੇ ਮੈਨੂੰ ਕੁਝ ਸਮੇਂ ਲਈ ਆਪਣੀ ਜਕੜ ਵਿਚ ਘੇਰ ਲਿਆ।

ਮੈਨੂੰ ਖਾਣਾ ਖਾਣ ਅਤੇ ਬਣਾਉਣ ਦਾ ਬਹੁਤ ਸ਼ੌਕ ਸੀ। ਮੈਂ ਮਹਾਰਾਣੀ ਕਲੱਬ ਦਾ ਮੈਂਬਰ ਸੀ। 2001 ਵਿਚ ਚੋਣਾਂ ਜਿੱਤ ਕੇ ਮੈਂ ਕਲੱਬ ਦਾ ਪ੍ਰਧਾਨ ਬਣਿਆ। 2001 ਵਿਸਾਖੀ ਵਾਲੇ ਦਿਨ ਮੈਂ ਅੰਮ੍ਰਿਤ ਛੱਕ ਲਿਆ ਅਤੇ ਸਾਰਾ ਖਾਣਾ ਪੀਣਾ ਛੱਡ ਦਿੱਤਾ।

ਬਚਪਨ ਤੋਂ ਹੀ ਮੈਨੂੰ ਗੁਰਬਾਣੀ ਗਾ ਕੇ ਪੜ੍ਹਨ ਦਾ ਸ਼ੌਕ ਸੀ। ਅਮਰੀਕਾ ਰਹਿੰਦਿਆਂ 68 ਸਾਲ ਦੀ ਉਮਰ ਵਿਚ ਮੈਂ ਵਾਜਾ ਵਜਾਉਣਾ ਸ਼ੁਰੂ ਕੀਤਾ। ਭਾਈ ਨਾਜਰ ਸਿੰਘ ਜੀ ਨੇ ਮੈਨੂੰ ਵਾਜਾ ਸਿਖਾਇਆ। ਮੈਂ ਤਾਂ ਆਪਣੀ ਰੂਹ ਦੀ ਖੁਸ਼ੀ ਲਈ ਗਾ ਰਿਹਾ ਹਾਂ। 75 ਸਾਲ ਦੀ ਉਮਰ ਪਾਰ ਕਰਕੇ ਮੈਂ ਹੁਣ ਇਕਤਾਰਾ ਖਰੀਦ ਲਿਆ ਹੈ। ਆਪ ਹੀ ਵਾਹਿਗੁਰੂ ਬੋਲਣਾ ਹੈ ਅਤੇ ਆਪ ਹੀ ਸੁਣਨਾ ਹੈ।

ਜਿਸ ਇਨਸਾਨ ਨੂੰ ਕੋਈ ਸ਼ੌਕ ਨਹੀਂ ਉਸ ਦਾ ਦਿਨ ਗਮਗੀਨ ਅਤੇ ਰਾਤ ਕਿੰਨੀ ਕੁ ਖੁਸ਼ਕ ਹੋਵੇਗੀ, ਮੈਂ ਮਹਿਸੂਸ ਵੀ ਨਹੀਂ ਕਰ ਸਕਦਾ। ਮੈਨੂੰ ਇਹ ਸਭ ਕੁਝ ਰੱਬ ਜੀ ਦੀ ਕਿਰਪਾ ਨਾਲ ਭਰਪੂਰ ਮਿਲਿਆ ਹੈ। ਜਦ ਕਿ ਮੇਰੀ ਉਮਰ ਜਾਂ ਮੇਰੀ ਜਿਹੀ ਬਿਮਾਰੀਆਂ ਵਾਲੇ ਲੋਕ ਕੁਰਸੀ ਤੇ ਬੈਠ ਕੇ ਦਿਨ ਗਿਣ ਰਹੇ ਹੁੰਦੇ ਹਨ, ਮੈਂ ਸ਼ੌਕ ਭਰਪੂਰ ਜੀਵਨ ਬਤੀਤ ਕਰ ਰਿਹਾ ਹਾਂ।

68 ਸਾਲ ਦੀ ਉਮਰ ਵਿਚ ਮੈਂ ਗੌਲਫ਼ ਖੇਡਣੀ ਸ਼ੁਰੂ ਕੀਤੀ। ਦੋ ਕੁ ਸਾਲਾਂ ਵਿਚ ਹੀ ਮੈਂ ਅੱਛੀ ਗੌਲਫ ਖੇਡਣ ਲੱਗ ਪਿਆ। ਬਿਮਾਰੀਆਂ ਕਰਕੇ ਕੁਝ ਸਾਲ ਅੜਿਕਾ ਲੱਗ ਗਿਆ, ਹੁਣ ਜਦ ਵੀ ਸਮਾਂ ਮਿਲੇਗਾ ਗੌਲਫ ਖੇਡਿਆ ਕਰਾਂਗਾ। ਪਟਿਆਲੇ ਗੌਲਫ ਕੋਰਸ ਮਿਲਟਰੀ ਏਰੀਏ ਪਾਸ ਹੈ। ਸਾਬਕਾ ਫੌਜੀ ਹੋਣ ਕਰਕੇ ਮੈਂ ਇਸ ਕੋਰਸ ਦਾ ਮੈਂਬਰ ਹਾਂ। ਗੌਲਫ ਕੋਰਸ ਵਿਚ ਮੈਨੂੰ ਸਿਰਫ਼ ਖੁੱਲ੍ਹਾ ਸਾਂਹ ਹੀ ਨਹੀਂ ਮਿਲਦਾ, ਬਲਕਿ ਮੈਨੂੰ ਆਪਣੇ ਪੂਨੇ ਸ਼ਹਿਰ ਵਿਚ ਬਿਤਾਏ ਫੌਜ ਦੀ ਟ੍ਰੇਨਿੰਗ ਦੇ ਦਿਨ ਵੀ ਯਾਦ ਆਉਂਦੇ ਹਨ, ਜਦੋਂ ਅਸੀਂ ਨਿਕਰਾਂ ਪਾ ਕੇ ਭੱਜਦੇ ਹੁੰਦੇ ਸੀ। ਕੋਈ ਨਾ ਕੋਈ ਸਿਪਾਹੀ ਮੈਨੂੰ ਫੌਜੀ ਸਮਝ ਕੇ ਸਲਿਊਟ ਵੀ ਕਰ ਦਿੰਦਾ ਹੈ। ਉਥੇ ਬੈਂਚ ਆਦਿਕ ਵੀ ਪਏ ਹਨ, ਜਿਥੇ ਬੈਠ ਕੇ ਅਸੀਂ ਕਈ ਵਾਰ ਪਾਠ ਕਰਦੇ ਹਾਂ ਤੇ ਰੱਬ ਨੂੰ ਯਾਦ ਕਰਦੇ ਹਾਂ।

2014 ਵਿਚ ਪਹਿਲਾ ਹਾਰਟ ਦਾ ਓਪਰੇਸ਼ਨ, ਮਾਰਚ 2015 ਵਿਚ ਕੈਂਸਰ ਦਾ ਓਪਰੇਸ਼ਨ, 2015 ਵਿਚ ਫਿਰ ਹਰਨੀਆਂ ਦਾ ਓਪਰੇਸ਼ਨ ਅਤੇ 2016 ਵਿਚ ਫਿਰ ਕੈਂਸਰ ਦਾ ਓਪਰੇਸ਼ਨ। ਜੂਨ 2017 ਤੱਕ ਮੈਂ ਸਾਰੇ ਓਪਰੇਸ਼ਨਾਂ ਦੇ ਦੁੱਖ ਦਰਦ ਅਤੇ ਡਰ ਤੋਂ ਬਾਹਰ ਨਿਕਲ ਚੁੱਕਾ ਸੀ। ਮੈਂ ਦੁਬਾਰਾ ਵਿੱਦਿਆ ਪ੍ਰਾਪਤੀ ਲਈ ਲਾਮਬੰਦ ਹੋ ਗਿਆ। ਮੈਂ ਪੀਐਚ.ਡੀ ਲਈ ਐਨਰੋਲ ਹੋਣਾ ਚਾਹੁੰਦਾ ਸੀ। ਜੂਨ ਦੇ ਮਹੀਨੇ ਮੈਂ ਪੰਜਾਬੀ ਯੂਨੀਵਰਸਿਟੀ ਦੇ ਧਰਮ ਅਧਿਐਨ ਦੇ ਹੈੱਡ ਡਾ. ਗੁਰਮੀਤ ਸਿੰਘ ਸਿੱਧੂ ਨੂੰ

ਮਿਲਿਆ। ਉਹਨਾਂ ਨੇ ਮੈਨੂੰ ਬਹੁਤ ਉਤਸ਼ਾਹਿਤ ਕੀਤਾ ਤੇ ਕਿਹਾ ਕਿ ਪੀਐੱਚ.ਡੀ ਤਾਂ ਤੁਹਾਨੂੰ ਤੁਰਦੇ-ਫਿਰਦੇ ਹੀ ਮਿਲ ਜਾਣੀ ਹੈ। ਇਹਨਾਂ ਨੇ ਮੈਨੂੰ ਸਿੱਖੀ ਪਹਿਚਾਣ ਬਾਰੇ ਲਿਖਣ ਲਈ ਕਿਹਾ। ਮੈਂ ਉਹਨਾਂ ਨੂੰ ਦੱਸਿਆ ਕਿ ਮੈਨੂੰ ਇਕ ਸਾਲ ਦਾ ਸਮਾਂ ਦੇ ਦਿਓ। ਮੈਨੂੰ ਆਪਣੇ ਜੀਵਨ ਬਾਰੇ ਜੋ ਕੁਝ ਯਾਦ ਹੈ, ਉਸ ਬਾਰੇ ਲਿਖਣਾ ਚਾਹੁੰਦਾ ਹਾਂ। ਅਗਲੇ ਸਾਲ ਮੈਂ ਤੁਹਾਡੇ ਕੋਲ ਪੇਸ਼ ਹੋ ਜਾਵਾਂਗਾ। ਉਮੀਦ ਹੈ ਕਿ ਜੂਨ-ਜੁਲਾਈ ਤੱਕ ਮੈਂ ਆਪਣੇ ਅਮਰੀਕਾ ਬਾਰੇ, ਛੋਟੇ ਭਰਾ ਸਤਵੰਤ ਸਿੰਘ ਕਾਲੇਕਾ(ਸ਼ਹੀਦ) ਅਤੇ ਆਪਣੀ ਜੀਵਨ ਗਾਥਾ ਲਿਖਣ ਤੋਂ ਬਾਅਦ ਵਿਹਲਾ ਹੋ ਕੇ ਅਧਿਆਤਮਕ ਗੱਲਾਂ ਬਾਰੇ ਲਿਖਾਂਗਾ।

ਪਟਿਆਲੇ ਸ਼ਹਿਰ ਵਿਚ ਸਾਡੇ ਬਹੁਤ ਰਿਸ਼ਤੇਦਾਰ ਅਤੇ ਦੋਸਤ ਹਨ। ਕਈ ਦੋਸਤ ਮੈਨੂੰ ਦਾਦਾ ਜੀ ਅਤੇ ਪਿਤਾ ਜੀ ਦੁਆਰਾ ਮਿਲੇ ਹਨ। ਕਈ ਦੋਸਤ ਮੇਰੇ ਆਪਣੇ ਜੀਵਨ ਕਾਲ ਵਿਚ ਬਣੇ ਹਨ। ਮੈਂ ਇਹਨਾਂ ਦੇ ਦੁੱਖ ਸੁੱਖ ਵਿਚ ਵੀ ਮੱਦਦ ਕਰਦਾ ਹਾਂ।

ਹੁਣ ਰੱਬ ਅਤੇ ਗੁਰੂ ਤੋਂ ਬਾਹਰ ਸਮਾਂ ਲੰਘਾਉਣਾ ਮੈਂ ਸਮੇਂ ਨੂੰ ਵਿਅਰਥ ਗੁਆਉਣਾ ਸਮਝਦਾ ਹਾਂ। ਬਸ ਜੀਵਨ ਸੰਵਾਰ ਕੇ ਚਲੇ ਜਾਣਾ ਹੀ ਹੁਣ ਇਕੱਲਾ ਉਦੇਸ਼ ਰਹਿ ਗਿਆ ਹੈ।

*****

# ਯਾਰਾਂ ਨਾਲ ਬਹਾਰਾਂ

ਮੈਂ ਦੋਸਤੀ ਦੇ ਰਿਸ਼ਤੇ ਨੂੰ ਬਚਪਨ ਤੋਂ ਹੁਣ ਤੱਕ ਬਹੁਤ ਅਹਿਮੀਅਤ ਦਿੱਤੀ ਹੈ। ਸਮਾਜ ਦੇ ਇੰਨੇ ਲੰਮੇ ਸਫ਼ਰ ਵਿਚ ਦੇਖਿਆ ਹੈ ਕਿ ਲੋਕ ਵਾਕਫ਼ੀਅਤ ਨੂੰ ਹੀ ਦੋਸਤੀ ਸਮਝਣ ਲੱਗ ਜਾਂਦੇ ਹਨ। ਦੋਸਤੀ ਪਿਆਰ, ਸਤਿਕਾਰ ਅਤੇ ਇਤਬਾਰ ਤੇ ਆਧਾਰਿਤ ਹੁੰਦੀ ਹੈ। ਦੋਸਤੀ ਵਿਚ ਵਿਸ਼ਵਾਸ ਸਭ ਤੋਂ ਵੱਡਾ ਥੰਮ੍ਹ ਹੈ, ਜੋ ਦੋਸਤੀ ਨੂੰ ਸਦਾ ਕਾਇਮ ਰੱਖਦਾ ਹੈ ਤੇ ਪ੍ਰਫੁਲਿਤ ਰੱਖਦਾ ਹੈ।

ਦੋਸਤੀ ਵਿਚ ਉਪਚਾਰਿਕਤਾ ਨਹੀਂ ਹੁੰਦੀ। ਦੋਸਤੀ ਵਿਚ ਝਿਜਕ ਵੀ ਨਹੀਂ ਹੁੰਦੀ। ਦੋਸਤੀ ਵਿਚ ਹਰ ਦੁੱਖ ਸੁੱਖ ਸਾਂਝਾ ਹੁੰਦਾ ਹੈ। ਮੈਂ ਬਹੁਤ ਭਾਗਸ਼ਾਲੀ ਹਾਂ ਕਿ ਮੈਨੂੰ ਰੱਬ ਦੀ ਕਿਰਪਾ ਨਾਲ ਹਮੇਸ਼ਾਂ ਅੱਛੇ ਦੋਸਤ ਹੀ ਮਿਲੇ ਹਨ। ਕਦੇ ਕਿਸੇ ਦੋਸਤ ਨੇ ਦਗਾ ਨਹੀਂ ਦਿੱਤਾ ਸਗੋਂ ਸਾਰੀ ਉਮਰ ਥੰਮ੍ਹ ਬਣ ਕੇ ਮਨ, ਤਨ ਅਤੇ ਧਨ ਨਾਲ ਢਾਰਸ ਦਿੱਤਾ ਹੈ। ਮੈਂ ਦੋਸਤ ਬਣਾਉਣ ਵਿਚ ਕਈ ਸਾਲ ਬੰਦੇ ਨੂੰ ਪਰਖਦਾ ਹਾਂ। ਉਸ ਤੋਂ ਬਾਅਦ ਅੱਗੇ ਵੱਧਦਾ ਹਾਂ।

ਇੰਗਲੈਂਡ ਵਿਚ ਕਹਾਵਤ ਹੈ ਕਿ ਅੰਗਰੇਜ਼ ਲੋਕ ਬਹੁਤ ਹੌਲੀ-ਹੌਲੀ ਦੋਸਤੀ ਦਾ ਹੱਥ ਵਧਾਉਂਦੇ ਹਨ ਅਤੇ ਜਦੋਂ ਦੋਸਤੀ ਬਣਦੀ ਹੈ ਤਾਂ ਤਿੰਨ ਪੁਸ਼ਤਾਂ ਤੱਕ ਚੱਲਦੀ ਹੈ। ਇਸੇ ਤਰ੍ਹਾਂ ਮੇਰੇ ਪਾਸ ਵੀ ਤਿੰਨ ਤਿੰਨ ਪੁਸ਼ਤਾਂ ਵਾਲੇ ਦੋਸਤ ਹਨ, ਜਿਹਨਾਂ ਤੇ ਮੈਨੂੰ ਬਹੁਤ ਮਾਣ ਹੈ।

ਦੋਸਤੀ ਵਿਚ ਪੂਰੀ ਬਰਾਬਰਤਾ ਹੁੰਦੀ ਹੈ। ਇਹ ਸਾਨੂੰ ਕ੍ਰਿਸ਼ਨ ਮਹਾਰਾਜ ਤੇ ਸੁਦਾਮਾ ਦੀ ਦੋਸਤੀ ਤੋਂ ਸਿਖਣਾ ਚਾਹੀਦਾ ਹੈ। ਕ੍ਰਿਸ਼ਨ ਮਹਾਰਾਜ ਰਾਜੇ ਸਨ, ਜਦ ਕਿ ਸੁਦਾਮਾ ਇਕ ਗਰੀਬ ਬ੍ਰਾਹਮਣ ਸੀ। ਜੋ ਇਨਸਾਨ ਦੋਸਤੀ ਵਿਚ ਅਮੀਰੀ ਤੇ ਗਰੀਬੀ ਦੇਖਦਾ ਹੈ ਅਤੇ ਉਸ ਅਨੁਸਾਰ ਅੱਗੇ ਜਾਂ ਪਿੱਛੇ ਵੱਧਦਾ ਹੈ, ਉਸ ਨੂੰ ਅੱਛਾ ਦੋਸਤ ਨਹੀਂ ਕਿਹਾ ਜਾ ਸਕਦਾ। ਅੱਛਾ ਦੋਸਤ ਉਹੀ ਹੁੰਦਾ ਹੈ ਜੋ ਦੁੱਖ ਸੁੱਖ ਦੇ ਸਮੇਂ ਤੁਹਾਡੇ ਨਾਲ ਖੜ੍ਹਾ ਹੋਵੇ। ਦੋਸਤ ਜੀਵਨ ਦਾ ਸਹਾਰਾ ਹੁੰਦਾ ਹੈ। ਅੱਛੇ ਦੋਸਤ ਕਦੇ ਆਪਣੇ ਦੋਸਤ ਨੂੰ ਡੁਬਦਾ ਨਹੀਂ ਦੇਖ ਸਕਦੇ, ਦੂਜੇ ਸ਼ਬਦਾਂ ਵਿਚ ਢਹਿੰਦੀ-ਕਲਾ ਵਿਚ ਨਹੀਂ ਦੇਖ ਸਕਦੇ। ਉਹ ਆਪਣਾ ਤਨ,ਮਨ ਤੇ ਧਨ ਦੋਸਤੀ ਲਈ ਨਿਛਾਵਰ ਕਰ ਦਿੰਦੇ ਹਨ। ਅੱਛੇ ਦੋਸਤ ਵੱਡੇ ਤੋਂ ਵੱਡੇ ਦੁੱਖ ਵਿਚ ਵੀ ਨਾਲ ਖੜ੍ਹੇ ਹੁੰਦੇ ਹਨ।

ਉਹ ਤੁਹਾਡੀ ਮਜ਼ਬੂਰੀ ਦਾ ਮਜ਼ਾਕ ਨਹੀਂ ਉਡਾਉਂਦੇ, ਬਲਕਿ ਉਸ

ਸਮੱਸਿਆ ਦੇ ਹੱਲ ਲਈ ਸੋਚਣਾ ਸ਼ੁਰੂ ਕਰ ਦਿੰਦੇ ਹਨ। ਰਿਸ਼ਤੇਦਾਰੀ ਵੀ ਤਾਂ ਹੀ ਨਿਭਦੀ ਹੈ ਜੇ ਉਸ ਵਿਚ ਦੋਸਤੀ ਦਾ ਅੰਸ਼ ਹੋਵੇ। ਜ਼ਿੰਦਗੀ ਵਿਚ ਵਿਚਰਦਿਆਂ ਅਸੀਂ ਕਈ ਵਾਰ ਦੇਖਦੇ ਹਾਂ ਕਿ ਭੈਣ ਭਰਾ ਕਚਹਿਰੀਆਂ ਵਿਚ ਜ਼ਮੀਨ ਜਾਇਦਾਦ ਵੰਡਣ ਲਈ ਬੈਠੇ ਹੁੰਦੇ ਹਨ ਅਤੇ ਇਕ ਦੂਜੇ ਨੂੰ ਦੇਖ ਕੇ ਵੀ ਰਾਜ਼ੀ ਨਹੀਂ ਹੁੰਦੇ। ਅਜਿਹੀ ਸਥਿਤੀ ਤਾਂ ਹੀ ਪੈਦਾ ਹੁੰਦੀ ਹੈ ਜਦੋਂ ਰਿਸ਼ਤੇਦਾਰੀ ਵਿਚ ਦੋਸਤੀ ਨਹੀਂ ਰਹਿੰਦੀ। ਇਸ ਲਈ ਇਹ ਦੇਖਣ ਵਿਚ ਆਉਂਦਾ ਹੈ ਕਿ ਉਹੀ ਰਿਸ਼ਤੇਦਾਰੀ ਕਾਮਯਾਬ ਹੁੰਦੀ ਹੈ, ਜਿਸ ਵਿਚ ਦੋਸਤੀ ਦਾ ਅੰਸ਼ ਮੌਜੂਦ ਹੋਵੇ।

ਇਸ ਤੋਂ ਪਹਿਲਾਂ ਕਿ ਮੈਂ ਆਪਣੇ ਦੋਸਤਾਂ ਦੀ ਲਿਸਟ ਦੱਸਾਂ, ਮੈਂ ਆਪਣੇ ਛੋਟੇ ਭਰਾ ਜਗਜੀਤ ਸਿੰਘ ਕਾਲੇਕਾ ਦੀ ਪੰਜਾਬੀ ਕਵਿਤਾ ਦੀ ਪੁਸਤਕ," ਰੱਬ,ਘਰ ਤੇ ਗਵਾਂਢੀ" ਦੋਸਤੀ ਦੇ ਇਕ ਅਧਿਆਇ ਨੂੰ ਪੇਸ਼ ਕਰਦਾ ਹਾਂ

## ਦੋਸਤੀ

ਦੋਸਤੀ ਉਹ ਵਿਗਿਆਨ ਹੈ
ਜੋ ਰੂਹ ਦੀ ਉਡਾਨ ਹੈ
ਦੁੱਖਾਂ ਦਾ ਵੰਡਣਾ
ਸੁੱਖਾਂ ਦਾ ਛੰਡਣਾ
ਇਹ ਉਹ ਪਹੀਆ ਹੈ
ਜਿਸ ਦਾ ਧੁਰਾ ਸੱਚ ਹੈ
ਚੱਕਾ ਭਾਈਚਾਰਾ
ਤੇ ਆਪੇ ਦਾ ਬਲੀਦਾਨ ਹੈ
ਮੇਰਾ ਦੋਸਤ ਕੋਈ ਬੋਤਲ ਹੈ
ਤੇ ਕੋਈ ਅਧੀਆ ਹੈ
ਪਰ ਵੇਖਣ ਵਾਲੀ ਗੱਲ ਤਾਂ ਇਹ ਹੈ
ਕਿ ਉਸ ਵਿਚ ਕੀ ਵਧੀਆ ਹੈ
ਕੁਝ ਦੋਸਤ ਮਿੱਠੇ ਤੇ
ਨਮਕੀਨ ਨੇ
ਕੁਝ ਬਲਵਾਨ, ਕੁਝ ਦੌਲਤਵੰਦ ਤੇ
ਕੁਝ ਅਕਲ ਦੇ ਮਹੀਨ ਨੇ
ਸਾਰਿਆਂ ਨਾਲੋਂ ਔਖਾ ਹੈ
ਦੋਸਤੀ ਦਾ ਪਾਲਣਾ
ਪਹਿਲਾਂ ਮੋਹ ਦਾ ਵਧਾਉਣਾ
ਫਿਰ ਦੇਣੀ ਉਹਦੀ ਘਾਲਣਾ

ਕੋਇਲਾਂ ਦੇ ਬੱਚਿਆਂ ਦਾ ਜਿਵੇਂ
ਕਾਗਾਂ ਦਾ ਹੈ ਪਾਲਣਾ
ਲਹੂ ਦਾ ਹੈ ਸੁਕਣਾ ਤੇ
ਹੱਡਾਂ ਦਾ ਬਾਲਣਾ
ਬਿਰਹੋ ਦੀ ਤਪਸ਼ 'ਚ
ਜੀ ਦਾ ਹੈ ਸਾੜਨਾ
ਮੁੱਕਦੀ ਹੈ ਗੱਲ ਇਕੋ
ਇਹ ਮਨ ਦਾ ਹੈ ਮਾਰਨਾ
ਦੋਸਤਾਂ ਦੀ ਦੋਸਤੀ ਲਈ
ਇਹ ਨਜ਼ਮ ਮੈਂ ਜੋ ਪੜ੍ਹ ਰਿਹਾ
ਦੋਵੇਂ ਹੱਥ ਜੋੜ
ਇਕ ਅਰਜ਼ ਮੈਂ ਇਹ ਕਰ ਰਿਹਾਂ
ਜਿਵੇਂ ਕਿ ਫੁੱਲ ਪੰਖੜੀ ਤੇ
ਬਰਸੀ ਹੋਈ ਤਰੇਲ ਹੈ
ਕਿ ਦੋਸਤੀ ਕਰਜ਼ ਨਹੀਂ
ਮਰਜ਼ ਨਹੀਂ ਤੇ ਫਰਜ਼ ਭੀ ਨਹੀਂ
ਬਸ ਇਕ ਰੂਹਾਂ ਦਾ ਹੀ ਮੇਲ ਹੈ

ਮੇਰੇ ਬਚਪਨ ਦਾ ਪਹਿਲਾ ਦੋਸਤ ਅਨੂਪਿੰਦਰ ਸਿੰਘ ਢਿੱਲੋਂ ਸੀ। ਇਹ ਮੇਰੇ ਤੋਂ ਇਕ ਸਾਲ ਛੋਟਾ ਸੀ ਤੇ ਜਮਾਤਾਂ ਵਿਚ ਵੀ ਮੇਰੇ ਤੋਂ ਇਕ ਜਮਾਤ ਪਿੱਛੇ ਸੀ। ਇਸ ਦਾ ਘਰ ਸਾਡੇ ਘਰ ਦੇ ਬਿਲਕੁਲ ਸਾਹਮਣੇ ਸੀ। ਇਹ ਪਰਿਵਾਰ ਖੜਕ ਸਿੰਘ ਵਾਲਾ ਮਾਨਸਾ ਜ਼ਿਲ੍ਹੇ ਤੋਂ ਆਇਆ ਸੀ। ਅਸਲ ਵਿਚ ਇਹਨਾਂ ਦਾ ਪੁਰਾਣਾ ਪਿੰਡ ਢਿੱਲਵਾਂ ਹੈ। ਅਨੂਪ ਦੇ ਪੜਦਾਦਾ ਖੜਕ ਸਿੰਘ ਬੀਕਾਨੇਰ ਫੌਜ ਵਿਚ ਸਿਪਾਹੀ ਭਰਤੀ ਹੋ ਗਏ ਤੇ ਤਰੱਕੀ ਕਰਦੇ ਕਰਦੇ ਜਰਨੈਲ ਬਣ ਗਏ। ਇਹਨਾਂ ਨੇ ਲੜਾਈਆਂ ਵਿਚ ਬਹੁਤ ਅੱਛਾ ਕੰਮ ਕੀਤਾ। ਬੀਕਾਨੇਰ ਦੇ ਰਾਜਾ ਖੜਕ ਸਿੰਘ ਨੂੰ ਬੀਕਾਨੇਰ ਰਿਆਸਤ ਵਿਚ ਦੋ ਪਿੰਡ ਇਨਾਮ ਵਜੋਂ ਦੇਣਾ ਚਾਹੁੰਦੇ ਸਨ। ਸ. ਖੜਕ ਸਿੰਘ ਨੇ ਰਾਜਾ ਸਾਹਿਬ ਨੂੰ ਬੇਨਤੀ ਕੀਤੀ ਕਿ ਮੈਨੂੰ ਦੋ ਪਿੰਡ ਦੀ ਜਗ੍ਹਾ ਇੱਕੋ ਪਿੰਡ ਉਹਨਾਂ ਦੇ ਆਪਣੇ ਇਲਾਕੇ ਮਾਨਸਾ ਜ਼ਿਲ੍ਹੇ ਵਿਚ ਦੁਆ ਦੇਣ ਤਾਂ ਬਹੁਤ ਅੱਛਾ ਹੋਵੇਗਾ। ਮਹਾਰਾਜਾ ਬੀਕਾਨੇਰ ਨੇ ਮਹਾਰਾਜਾ ਪਟਿਆਲਾ ਨੂੰ ਬੇਨਤੀ ਕੀਤੀ ਕਿ ਜਰਨੈਲ ਖੜਕ ਸਿੰਘ ਨੂੰ ਮਾਨਸਾ ਇਲਾਕੇ ਵਿਚ ਇਕ ਪਿੰਡ ਦੇ ਦਿੱਤਾ ਜਾਵੇ। ਮਹਾਰਾਜਾ ਪਟਿਆਲਾ ਨੇ ਸ. ਖੜਕ ਸਿੰਘ ਨੂੰ ਇਕ ਪਿੰਡ ਮਾਨਸੇ ਦੇ ਨਜ਼ਦੀਕ ਦੇ ਦਿੱਤਾ। ਇਸ ਪਿੰਡ ਦਾ ਨਾਮ ਖੜਕ ਸਿੰਘ ਵਾਲਾ ਹੀ ਰੱਖਿਆ ਗਿਆ। ਜਰਨੈਲ ਖੜਕ ਸਿੰਘ ਦੇ ਇਕ ਲੜਕਾ ਸੀ। ਇਸ

ਲੜਕੇ ਦੇ ਚਾਰ ਵਿਆਹ ਸਨ। ਚੌਥੀ ਤੇ ਸਭ ਤੋਂ ਛੋਟੀ ਪਤਨੀ ਦੀ ਪਟਿਆਲੇ ਰਿਹਾਇਸ਼ ਕਰਨ ਦੀ ਬਹੁਤ ਇੱਛਾ ਸੀ। ਸੋ ਇਹਨਾਂ ਨੇ ਤੋਪਖਾਨਾ ਪਟਿਆਲਾ ਵਿਖੇ ਮਕਾਨ ਖਰੀਦ ਲਿਆ। ਇਸ ਮਕਾਨ ਤੋਂ ਇਲਾਵਾ ਯੂਨੀਵਰਸਿਟੀ ਦੇ ਪਿਛਲੇ ਪਾਸੇ ਮਹਿਮੂਦਪੁਰ ਵਿਖੇ ਤਿੰਨ ਸੌ ਬਿੱਘੇ ਜ਼ਮੀਨ ਸ਼ਿਕਾਰ ਖੇਡਣ ਲਈ ਖਰੀਦੀ। ਇਸ ਤਰ੍ਹਾਂ ਇਹ ਪਰਿਵਾਰ ਤਕਰੀਬਨ 1950-51 ਤੱਕ ਪਟਿਆਲਾ ਆ ਗਿਆ।

ਅਨੂਪ ਦੇ ਦੋ ਵੱਡੇ ਭਰਾ ਸਨ। ਵੱਡੇ ਭਰਾ ਦਾ ਨਾਮ ਸੁਰਜੀਤ ਸਿੰਘ ਤੇ ਉਸ ਤੋਂ ਛੋਟੇ ਦਾ ਸਰੂਪਇੰਦਰ ਸਿੰਘ। ਅਨੂਪ ਦੀ ਮਾਤਾ ਅਤੇ ਮੇਰੀ ਮਾਤਾ ਦਾ ਗੋਤ (ਸਿੱਧੂ) ਇਕੋ ਹੋਣ ਕਰਕੇ ਮੈਂ ਅਨੂਪ ਦੀ ਮਾਤਾ ਨੂੰ ਮਾਸੀ ਜੀ ਅਤੇ ਪਿਤਾ ਨੂੰ ਮਾਸੜ ਜੀ ਕਹਿ ਕੇ ਬੁਲਾਉਂਦਾ ਸੀ। ਅਨੂਪ ਦੀ ਪੜ੍ਹਾਈ ਵਿਚ ਬਹੁਤੀ ਦਿਲਚਸਪੀ ਨਹੀਂ ਸੀ। ਅਨੂਪ ਦੇ ਪਿਤਾ ਜੀ ਕੋਲ ਪਟਿਆਲੇ ਦੇ ਵੱਡੇ ਮਕਾਨ ਤੋਂ ਇਲਾਵਾ ਇਕ ਹਜ਼ਾਰ ਬਿੱਘਾ ਜ਼ਮੀਨ ਸੀ। ਅਨੂਪ ਨੂੰ ਇਸ ਜ਼ਮੀਨ ਦਾ ਕਾਫ਼ੀ ਮਾਣ ਸੀ। ਅਨੂਪ ਬਚਪਨ ਤੋਂ ਸਤਰੰਜ ਖੇਡਦਾ ਸੀ ਤੇ ਪੜ੍ਹਾਈ ਵਿਚ ਜ਼ਿਆਦਾ ਤਵੱਜੋ ਨਹੀਂ ਦਿੰਦਾ ਸੀ।

ਅਨੂਪ ਸਵੇਰੇ ਸਾਢੇ ਅੱਠ ਦੇ ਕਰੀਬ ਉਠਦਾ। ਤੋਪਖਾਨੇ ਚੌਕ ਤੇ ਬਾਬੂ ਰਾਮ ਦੀ ਦੁੱਧ ਦੀ ਦੁਕਾਨ ਸੀ। ਉਹ ਚੌਂਤਰੇ ਤੇ ਬੈਠ ਕੇ ਦੁੱਧ ਵੇਚਦਾ ਸੀ। ਅਨੂਪ ਉਠ ਕੇ ਮਫਲਰ ਬੰਨ੍ਹ ਕੇ ਬਾਬੂ ਰਾਮ ਦੀ ਦੁਕਾਨ ਤੇ ਪਹੁੰਚ ਜਾਂਦਾ ਤੇ ਸ਼ਤਰੰਜ ਖੇਡਦਾ ਰਹਿੰਦਾ। ਨੌਜਵਾਨ ਹੋਣ ਕਰਕੇ ਅਨੂਪ ਸੜਕ ਤੇ ਹੀ ਖੜ੍ਹ ਜਾਂਦਾ ਤੇ ਬਾਬੂ ਰਾਮ ਆਪਣੀ ਦੁਕਾਨ ਦੇ ਚੌਂਤਰੇ 'ਤੇ ਬੈਠਾ ਰਹਿੰਦਾ। ਸਾਰਾ ਦਿਨ ਕੋਈ ਨਾ ਕੋਈ ਬੰਦਾ ਬਾਬੂ ਰਾਮ ਨਾਲ ਸ਼ਤਰੰਜ ਖੇਡਦਾ ਰਹਿੰਦਾ ਸੀ।

1956 ਵਿਚ ਮੈਂ ਮਹਿੰਦਰਾ ਕਾਲਜ ਵਿਚ ਐਫ.ਏ. ਵਿਚ ਦਾਖਲਾ ਲੈ ਲਿਆ। ਅਗਲੇ ਸਾਲ 1957 ਵਿਚ ਅਨੂਪ ਵੀ ਇਸੇ ਕਾਲਜ ਦਾਖ਼ਲ ਹੋ ਗਿਆ। ਅਨੂਪ ਦੀ ਸ਼ਕਲ ਬਹੁਤ ਸੁੰਦਰ ਸੀ ਤੇ ਇਹ ਪੱਗ ਵੀ ਬਹੁਤ ਸੋਹਣੀ ਬੰਨ੍ਹਦਾ ਸੀ। ਕਾਲਜ ਦੀ ਹਰ ਲੜਕੀ ਇਕ ਵਾਰ ਉਸ ਨੂੰ ਜ਼ਰੂਰ ਦੇਖਦੀ। ਛੋਟੀ ਉਮਰ ਵਿਚ ਹੀ ਉਸ ਦੇ ਮਾਤਾ ਪਿਤਾ ਨੇ ਉਸ ਨੂੰ ਰਾਇਲ ਇਨਫੀਲਡ ਮੋਟਰ ਸਾਈਕਲ ਲੈ ਕੇ ਦਿੱਤਾ। ਇਸ ਨਾਲ ਉਸ ਦਾ ਤੁਰਨਾ ਫਿਰਨਾ ਹੋਰ ਵੀ ਵੱਧ ਗਿਆ। 1963 ਵਿਚ ਮੈਂ ਐੱਮ.ਏ ਕੀਤੀ ਅਤੇ 1970 ਵਿਚ ਫੌਜ ਤੋਂ ਵਾਪਸ ਆ ਗਿਆ ਸੀ। ਅਨੂਪ ਨੇ ਅਜੇ ਉਸੇ ਸਾਲ (1970) ਤੀਜੀ ਡਵੀਜ਼ਨ ਵਿਚ ਅਰਥ ਸ਼ਾਸਤਰ ਦੀ ਐੱਮ.ਏ. ਕੀਤੀ ਸੀ।

ਅਨੂਪ ਨੂੰ ਅੰਗਰੇਜ਼ੀ ਫਿਲਮਾਂ ਦੇਖਣ ਦਾ ਬਹੁਤ ਸ਼ੌਕ ਸੀ। ਮੈਂ ਛੋਟੀ ਉਮਰੇ ਹੀ ਪੈਸੇ ਕਮਾਉਣ ਲੱਗ ਗਿਆ ਸੀ, ਸੋ ਉਹ ਮੇਰੇ ਤੋਂ ਪੈਸੇ ਲੈ ਕੇ ਅੰਗਰੇਜ਼ੀ ਫਿਲਮ ਦੇਖਣ ਜਾਂਦਾ ਸੀ। ਮੇਰੇ ਕੋਲ ਕਮਾਈ ਦੇ ਨਾਲ ਨਾਲ ਸੰਜਮ ਹੋਣ ਕਰਕੇ ਜੀਵਨ ਵਿਚ ਕਾਫ਼ੀ ਸਥਿਰਤਾ ਸੀ। ਅਨੂਪ ਬਚਪਨ ਵਿਚ ਮੇਰੇ ਨਾਲ ਗੁੱਸੇ ਵੀ ਹੋ ਜਾਂਦਾ ਸੀ ਤੇ ਕਈ ਕਈ ਦਿਨ ਮੇਰੇ ਨਾਲ ਬੋਲਦਾ ਨਹੀਂ ਸੀ। ਉਹਨਾਂ ਦਿਨਾਂ ਵਿਚ ਉਹ ਮੇਰਾ

ਇਕੱਲਾ ਹੀ ਦੋਸਤ ਸੀ, ਇਸ ਕਰਕੇ ਮੈਂ ਬਹੁਤ ਤਕਲੀਫ਼ ਮੰਨਦਾ ਸੀ।

1970 ਵਿਚ ਅਨੂਪ ਦਾ ਇਕ ਡਾਕਟਰ ਲੜਕੀ ਨਾਲ ਮੰਗਣਾ ਹੋ ਗਿਆ। ਲੜਕੀ ਦਾ ਪਿਤਾ ਪੁਲਿਸ ਵਿਚ ਸੀਨੀਅਰ ਅਫਸਰ ਸੀ। ਅਨੂਪ ਨੇ ਮੇਰੇ ਤੋਂ ਸਲਾਹ ਮੰਗੀ। ਮੈਂ ਉਸ ਨੂੰ ਅਮਰੀਕਾ ਜਾ ਕੇ ਪੀਐੱਚ.ਡੀ. ਕਰਨ ਦੀ ਸਲਾਹ ਦਿੱਤੀ। 1971 ਵਿਚ ਅਨੂਪ ਅਮਰੀਕਾ ਚਲਾ ਗਿਆ। ਅਮਰੀਕਾ ਵਿਚ ਭਾਰਤ ਦੀ ਐੱਮ.ਏ. ਦੀ ਮਾਨਤਾ ਨਹੀਂ ਸੀ। ਸਾਡੀ ਐੱਮ.ਏ. ਉਸ ਵੇਲੇ 16 ਸਾਲਾਂ ਦੀ ਸੀ ਅਤੇ ਅਮਰੀਕਾ ਦੀ 17 ਸਾਲਾਂ ਦੀ। ਐੱਮ.ਏ. ਬਰਾਬਰ ਕਰਨ ਲਈ ਇਕ ਸਾਲ ਹੋਰ ਲਾਉਣਾ ਪੈਣਾ ਸੀ। ਉਸ ਨੇ ਤਿੰਨ ਕੁ ਮਹੀਨੇ ਹੀ ਲਾਏ ਤੇ ਫਿਰ ਟੈਕਸੀ ਚਲਾਉਣ ਲੱਗ ਗਿਆ। ਛੇ ਕੁ ਮਹੀਨੇ ਬਾਅਦ ਅਨੂਪ ਨੇ ਵਾਲ ਕਟਾ ਲਏ ਅਤੇ ਅਮਰੀਕੀ ਰਿਵਾਜ਼ ਅਨੁਸਾਰ ਗੋਰੀਆਂ ਨਾਲ ਘੁੰਮਣ ਲੱਗ ਪਿਆ। ਸਾਲ ਦੋ ਸਾਲਾਂ ਬਾਅਦ ਉਹ ਇਕ ਜਿਨੀ ਨਾਮ ਦੀ ਲੜਕੀ ਨਾਲ ਵਿਆਹ ਕਰਨ ਬਾਰੇ ਸੋਚਣ ਲੱਗਾ। ਇੱਧਰ ਡਾਕਟਰ ਲੜਕੀ ਦੇ ਮਾਤਾ ਪਿਤਾ ਇਸ ਗੱਲ ਨੂੰ ਲੈ ਕੇ ਚਿੰਤਤ ਸਨ। ਜਦੋਂ ਅਨੂਪ ਦੇ ਮਾਤਾ ਪਿਤਾ ਨੇ ਲੜਕੀ ਦੇ ਮਾਪਿਆਂ ਨੂੰ ਇਸ ਰਿਸ਼ਤੇ ਲਈ ਜਵਾਬ ਦਿੱਤਾ ਤਾਂ ਲੜਕੀ ਦੇ ਪਿਤਾ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ।

ਜਦੋਂ ਮੈਂ 1986-87 ਵਿਚ ਅਮਰੀਕਾ ਸਰਵੇ ਕਰਨ ਲਈ ਗਿਆ ਸੀ ਅਤੇ ਫਿਰ 1992 ਵਿਚ ਪੱਕੇ ਤੌਰ ਤੇ ਗਿਆ ਤਾਂ ਅਨੂਪ ਮੈਨੂੰ ਮਿਲਵਾਕੀ ਸ਼ਹਿਰ ਵਿਚ ਮਿਲਦਾ ਰਹਿੰਦਾ ਸੀ। ਉਸ ਦੀ ਪਤਨੀ ਬਹੁਤ ਅੱਛੀ ਸੀ ਪਰ ਉਸ ਦੀ ਸਿਹਤ ਖਰਾਬ ਰਹਿੰਦੀ ਸੀ। ਅਨੂਪ ਨੂੰ ਪਾਰਕਿਨਸਨ ਦੀ ਬਿਮਾਰੀ ਸੀ ਅਤੇ ਇਸੇ ਬਿਮਾਰੀ ਕਾਰਨ 2003 ਵਿਚ ਉਸ ਦੀ ਮੌਤ ਹੋ ਗਈ। ਉਸ ਦੇ ਕੋਈ ਬੱਚਾ ਨਹੀਂ ਸੀ। ਉਸ ਦੇ ਇਕ ਭਰਾ ਸਰੂਪਇੰਦਰ ਨੇ 2000 ਵਿਚ ਆਤਮ ਹੱਤਿਆ ਕਰ ਲਈ ਅਤੇ ਦੂਜਾ ਭਰਾ ਅਮਰੀਕਾ ਵਿਚ ਪੂਰਾ ਹੋ ਗਿਆ। ਅਨੂਪ ਦੀ ਮੌਤ ਤੋਂ ਬਾਅਦ ਉਸ ਦੀ ਪਤਨੀ ਟੈਲੀਫੋਨ ਨਹੀਂ ਚੁੱਕਦੀ ਸੀ। ਸੋ ਮੇਰਾ ਅਨੂਪ ਨਾਲ ਬਿਲਕੁਲ ਸਬੰਧ ਟੁੱਟ ਗਿਆ।

**ਬਾਲ ਕ੍ਰਿਸ਼ਨ ਸਿੰਗਲਾ:-** 1956 ਵਿਚ ਸਮਾਣੇ ਤੋਂ ਲਾਲਾ ਰੌਸ਼ਨ ਲਾਲ ਦਾ ਪਰਿਵਾਰ ਪਟਿਆਲੇ ਆਇਆ। ਲਾਲਾ ਰੌਸ਼ਨ ਲਾਲ ਦਾ ਪਰਿਵਾਰ ਗਾਜੇਵਾਸ ਤੋਂ ਆ ਕੇ ਸਮਾਣੇ ਵਿਚ ਵੱਸਿਆ ਸੀ ਤੇ ਇਹਨਾਂ ਨੂੰ ਗਾਜੇਵਾਸੀਆ ਪਰਿਵਾਰ ਕਹਿੰਦੇ ਸਨ। 1956 ਵਿਚ ਇਸ ਦੇ ਪਿਤਾ ਲਾਲਾ ਰੌਸ਼ਨ ਲਾਲ ਨੇ ਪਟਿਆਲੇ ਸ਼ਹਿਰ ਵਿਚ ਆੜ੍ਹਤ ਦੀ ਦੁਕਾਨ ਕਰ ਲਈ। ਇਹ ਪਰਿਵਾਰ ਕਈ ਪੁਸ਼ਤਾਂ ਤੋਂ ਸਮਾਣੇ ਵਿਚ ਆੜ੍ਹਤ ਦਾ ਕੰਮ ਕਰਦਾ ਆ ਰਿਹਾ ਸੀ ਤੇ ਆਪਣੀ ਨੇਕੀ ਕਰਕੇ ਕਾਫ਼ੀ ਮਸ਼ਹੂਰ ਸਨ। ਮੈਨੂੰ ਅਜੇ ਵੀ ਯਾਦ ਹੈ ਕਿ ਕਾਲਜ ਦੇ ਪਹਿਲੇ ਦਿਨ ਬਾਲ ਕ੍ਰਿਸ਼ਨ ਸਿੰਗਲਾ ਨੇ ਚਿੱਟੇ ਰੰਗ ਦਾ ਖੱਦਰ ਦਾ ਕੁੜਤਾ ਪਜ਼ਾਮਾ ਪਾਇਆ ਹੋਇਆ ਸੀ। ਇਸ ਵਿਚ ਪ੍ਰਬੰਧ ਕਰਨ ਦੇ ਬਹੁਤ ਅੱਛੇ ਗੁਣ ਸਨ। ਇਹ ਆਰਥਿਕ ਤੌਰ ਤੇ ਮੇਰੇ ਨਾਲੋਂ ਕਾਫ਼ੀ ਸੌਖਾ ਸੀ। ਸਮਾਣੇ

ਦਾ ਹੀ ਇਕ ਹੋਰ ਦੋਸਤ ਸ਼ਾਂਤੀ ਸਰੂਪ ਮਹਿਤਾ, ਜੋ ਰੋਜ਼ਾਨਾ ਸਮਾਣਾ ਤੋਂ ਪਟਿਆਲਾ ਅਪ-ਡਾਊਨ ਕਰਦਾ ਸੀ, ਵੀ ਮੇਰਾ ਦੋਸਤ ਬਣ ਗਿਆ।

ਕੁਝ ਸਮਾਂ ਪਿੱਛੋਂ ਰੋਪੜ ਤੋਂ ਪੜ੍ਹ ਕੇ ਇਕ ਲੜਕਾ ਬਲਦੇਵ ਸਿੰਘ ਕਬਰਵਾਲ ਸਾਡਾ ਦੋਸਤ ਬਣ ਗਿਆ। ਇਸ ਦੇ ਪਿਤਾ ਜੀ ਸੂਬੇਦਾਰ ਰਿਟਾਇਰ ਹੋਏ ਸਨ। ਇਸ ਦਾ ਵੱਡਾ ਭਰਾ ਭਾਸ਼ਾ ਵਿਭਾਗ ਵਿਚ ਅਫ਼ਸਰ ਸੀ, ਜਿਸ ਨੂੰ ਸਰਕਾਰੀ ਮਕਾਨ ਮਿਲਿਆ ਹੋਇਆ ਸੀ, ਜੋ ਕਿ ਰੇਲਵੇ ਸਟੇਸ਼ਨ ਦੇ ਕੋਲ ਸੀ।

ਬਾਲ ਕ੍ਰਿਸ਼ਨ ਦੇ ਬੋਲਣ ਵਿਚ ਬਹੁਤ ਪਿਆਰ ਸੀ। ਸਾਰੀ ਉਮਰ ਸਾਨੂੰ ਇਕ ਦੂਜੇ ਵਿਚ ਕੋਈ ਨੁਕਸ ਨਹੀਂ ਲੱਭਾ। ਅਸੀਂ ਦੋਨਾਂ ਨੇ 1980 ਤੋਂ ਲੈ ਕੇ 1992 ਤੱਕ ਹਿਮਾਚਲ ਵਿਚ ਸਾਂਝਾ ਬਾਗ਼ ਵਿਕਸਿਤ ਕੀਤਾ। ਜਿਸ ਦਾ ਸਾਰਾ ਬੰਦੋਬਸਤ ਮੈਂ ਦੇਖਦਾ ਸੀ ਅਤੇ ਸਾਰਾ ਹਿਸਾਬ ਕਿਤਾਬ ਵੀ ਮੇਰੇ ਕੋਲ ਹੀ ਸੀ। ਤਿੰਨ ਸਾਲ ਫਾਰਮ ਚਲਾਉਣ ਤੋਂ ਬਾਅਦ ਮੈਂ ਇਕ ਦਿਨ ਬਾਲ ਕ੍ਰਿਸ਼ਨ ਦੀ ਦੁਕਾਨ ਤੇ ਚਲਾ ਗਿਆ ਤੇ ਹਿਸਾਬ ਦੀ ਕਾਪੀ ਨਾਲ ਲੈ ਗਿਆ। ਉਸ ਨੇ ਕਾਪੀ ਖੋਲ੍ਹੀ ਤੇ ਨਾਲ ਦੀ ਨਾਲ ਬੰਦ ਕਰ ਦਿੱਤੀ। ਕਹਿਣ ਲੱਗਾ,“ ਮੈਂ ਹਿਸਾਬ ਦੇਖ ਲਿਆ, ਜੇ ਤੂੰ ਕਿਸੇ ਨਾਲ ਇਕ ਪੈਸੇ ਦੀ ਹੇਰਾ ਫੇਰੀ ਨਹੀਂ ਕਰਦਾ ਤਾਂ ਤੂੰ ਆਪਣੇ ਦੋਸਤ ਨਾਲ ਕੀ ਕਰੇਂਗਾ।”

ਇਕ ਵਾਰ ਬਾਗ਼ ਦੀ ਦੇਖਭਾਲ ਲਈ ਮੈਂ ਇਕ ਮਹੀਨਾ ਬਾਗ਼ ‘ਚ ਹੀ ਰਿਹਾ ਅਤੇ ਹਿਸਾਬ ਨਹੀਂ ਲਿਖਿਆ ਤੇ ਕਿਹਾ,“ ਜਿਥੇ ਇੰਨਾ ਪਿਆਰ ਹੋਵੇ ਉਥੇ ਹਿਸਾਬ ਦੀ ਲੋੜ ਨਹੀਂ।” ਇਸ ਤੇ ਬਾਲ ਕ੍ਰਿਸ਼ਨ ਨੇ ਕਿਹਾ,“ ਹਿਸਾਬ-ਕਿਤਾਬ ਪਿਆਰ ਨੂੰ ਕਾਇਮ ਰੱਖਦਾ ਹੈ।” ਜੋ ਲੋਕ ਬੇਹਿਸਾਬੇ ਹੋ ਜਾਂਦੇ ਹਨ, ਉਹ ਅੰਤ ਵਿਚ ਲੜਦੇ ਹਨ। ਜੇ ਵਪਾਰ ਜਾਂ ਕਾਰੋਬਾਰ ਵਿਚ ਘਾਟਾ ਹੁੰਦਾ ਹੈ ਤਾਂ ਇਕ ਦੂਜੇ ਤੇ ਦੋਸ਼ ਲਾਉਂਦੇ ਹਨ। ਇਸ ਕਰਕੇ ਹਿਸਾਬ ਰੱਖਣਾ ਜ਼ਰੂਰੀ ਹੈ। ਬਾਲ ਕ੍ਰਿਸ਼ਨ ਦੇ ਆਰਥਿਕ ਹਾਲਤ ਮੇਰੇ ਨਾਲੋਂ ਅੱਛੇ ਹੋਣ ਕਰਕੇ ਇਸ ਦਾ ਬਾਗ਼ ਵਿਚ ਜ਼ਿਆਦਾ ਪੈਸਾ ਲੱਗਿਆ ਸੀ। ਹਿਸਾਬ ਕਰਨ ਉਪਰੰਤ ਸਾਡੇ ਦੋਨਾਂ ਦਾ ਜੋ ਹਿੱਸਾ ਬਣਿਆ ਅਸੀਂ ਆਪਸ ਵਿਚ ਵੰਡ ਲਿਆ। ਪਿਆਰ ਵੀ ਅੱਗੇ ਤਾਂ ਹੀ ਵੱਧਦਾ ਹੈ, ਜੇਕਰ ਪਤਨੀਆਂ ਅਤੇ ਬੱਚਿਆਂ ਦਾ ਵੀ ਆਪਸੀ ਪਿਆਰ ਹੋਵੇ।

ਬਾਲ ਕ੍ਰਿਸ਼ਨ ਦੀ ਪਤਨੀ ਸ਼ਾਲੂ, ਮੇਰੀ ਸਰਕਾਰੀ ਕਾਲਜ ਨਾਭਾ ਦੀ ਸਹਿਕਰਮੀ ਸੀ। ਇਹ ਸਾਇੰਸ ਦੀ ਅਧਿਆਪਕ ਸੀ ਅਤੇ ਮੈਂ ਪੋਲੀਟਿਕਲ ਸਾਇੰਸ ਦਾ। ਬਾਲ ਕ੍ਰਿਸ਼ਨ ਦੇ ਕਿਸੇ ਰਿਸ਼ਤੇਦਾਰ ਨੇ ਸ਼ਾਲੂ ਨੂੰ ਵਿਆਹ ਲਈ ਦੇਖਿਆ। ਪਰ ਉਸ ਨੇ ਇਸ ਰਿਸ਼ਤੇ ਲਈ ਨਾਂਹ ਕਰ ਦਿੱਤੀ। ਉਹ ਵਿਅਕਤੀ ਅਮਰੀਕਾ ਤੋਂ ਪੜ੍ਹ ਕੇ ਆਇਆ ਸੀ। ਉਸ ਬੰਦੇ ਨੇ ਰਿਸ਼ਤੇ ਵਾਲੀ ਗੱਲ ਬਾਲ ਕ੍ਰਿਸ਼ਨ ਨੂੰ ਦੱਸੀ ਤੇ ਉਸ ਨੇ ਮੈਨੂੰ ਦੱਸੀ। ਸ਼ਾਲੂ ਦਾ ਕੱਦ ਲੰਮਾ ਸੀ। ਮੈਂ ਬਾਲ ਕ੍ਰਿਸ਼ਨ ਨਾਲ ਬੜੇ ਠਰ੍ਹੰਮੇ ਨਾਲ ਸ਼ਾਲੂ ਦੀ ਗੱਲ ਕੀਤੀ। ਮੈਂ ਉਸ ਨੂੰ ਕਿਹਾ ਕਿ ਇਹ ਲੜਕੀ ਸੋਨਾ ਹੈ। ਤੇਰਾ ਰਿਸ਼ਤੇਦਾਰ ਜੋ

ਇਸ ਨੂੰ ਲੋਹਾ ਸਮਝ ਕੇ ਛੱਡ ਗਿਆ ਹੈ, ਉਸ ਨੂੰ ਤੂੰ ਅਪਣਾ ਲੈ। 1974 ਵਿਚ ਬਾਲ ਕ੍ਰਿਸ਼ਨ ਤੇ ਸ਼ਾਲੂ ਦਾ ਵਿਆਹ ਹੋ ਗਿਆ। ਸਾਡੇ ਦੋਸਤਾਂ ਦਾ ਪਿਆਰ ਪਰਿਵਾਰਕ ਪਿਆਰ ਬਣ ਗਿਆ। ਇਸ ਜੋੜੀ ਦੇ ਦੋ ਲੜਕੇ ਹੋਏ। ਵੱਡੇ ਲੜਕੇ ਦਾ ਨਾਮ ਲਲਿਤ ਅਤੇ ਛੋਟੇ ਦਾ ਲਿਤੇਸ਼ ਹੈ, ਜੋ ਕਿ ਸਾਡੇ ਹੀ ਬੱਚਿਆਂ ਨਾਲ ਵਾਈ.ਪੀ.ਐਸ. ਸਕੂਲ, ਪਟਿਆਲਾ ਵਿਚ ਪੜ੍ਹਦੇ ਸਨ।

ਬਾਲ ਕ੍ਰਿਸ਼ਨ ਦੇ ਪਿਤਾ ਜੀ ਮੈਨੂੰ ਕਾਕਾ ਕਹਿੰਦੇ ਸਨ ਅਤੇ ਮੈਂ ਉਹਨਾਂ ਨੂੰ ਪਿਤਾ ਜੀ ਕਹਿ ਕੇ ਬੁਲਾਉਂਦਾ ਸੀ। ਬਾਲ ਕ੍ਰਿਸ਼ਨ ਦਾ ਵੱਡਾ ਭਰਾ ਸੰਤ ਰਾਮ ਜੋ ਗਿਆਨੀ ਜੈਲ ਸਿੰਘ ਦਾ ਪੋਲੀਟਿਕਲ ਸਕੱਤਰ ਸੀ, ਸਮਾਣੇ ਤੋਂ ਐੱਮ.ਐਲ.ਏ. ਸੀ ਤੇ ਪਟਿਆਲੇ ਤੋਂ ਐੱਮ.ਪੀ. ਰਿਹਾ। ਸੰਤ ਰਾਮ ਮੈਨੂੰ ਤੇ ਮੇਰੀ ਇਮਾਨਦਾਰੀ ਨੂੰ ਬੜਾ ਮਾਣ ਦਿੰਦਾ ਸੀ। ਸੰਤ ਰਾਮ ਦਾ ਲੜਕਾ ਵਿਜੇਇੰਦਰ ਸਿੰਗਲਾ ਵੀ ਸੰਗਰੂਰ ਤੋਂ ਐੱਮ.ਪੀ ਰਿਹਾ ਤੇ ਹੁਣ ਪੰਜਾਬ ਸਰਕਾਰ ਵਿਚ ਕੈਬਨਿਟ ਰੈਂਕ ਦਾ ਮੰਤਰੀ ਹੈ। ਬਾਲ ਕ੍ਰਿਸ਼ਨ ਦੇ ਪਿਤਾ ਦੀ ਮੌਤ ਉਪਰੰਤ ਮੈ ਉਹਨਾਂ ਦੀ ਆਖਰੀ ਰਸਮ ਲਈ ਹਰਿਦੁਆਰ ਗਿਆ।

ਕਈ ਸਾਲ ਪਹਿਲਾਂ ਬਾਲ ਕ੍ਰਿਸ਼ਲ ਸਿੰਗਲਾ ਤੇ ਸਾਰਾ ਪਰਿਵਾਰ ਆੜ੍ਹਤ ਦਾ ਕੰਮ ਅਤੇ ਪਟਿਆਲਾ ਸ਼ਹਿਰ ਛੱਡ ਕੇ ਚੰਡੀਗੜ੍ਹ ਵਿਚ ਸੋਨੇ ਆਦਿਕ ਦਾ ਕੰਮ ਕਰਨ ਲੱਗ ਗਏ ਹਨ ਤੇ ਇਹਨਾਂ ਦੀ ਰਿਹਾਇਸ਼ ਪੰਚਕੂਲਾ ਵਿਖੇ ਹੈ।

ਹੁਣ ਭਾਵੇਂ ਅਸੀਂ ਜ਼ਿਆਦਾ ਨਹੀਂ ਮਿਲਦੇ ਪਰ ਜਦੋਂ ਬਾਲ ਕ੍ਰਿਸ਼ਨ ਪਟਿਆਲਾ ਆਉਂਦਾ ਹੈ ਤਾਂ ਅਸੀਂ ਜ਼ਰੂਰ ਮਿਲਦੇ ਹਾਂ। ਮੈਨੂੰ ਇਹਨਾਂ ਦਾ ਪਟਿਆਲਾ ਛੱਡਣਾ ਕਾਫ਼ੀ ਮਹਿਸੂਸ ਹੁੰਦਾ ਹੈ। ਰੱਬ ਸਭ ਨੂੰ ਬਾਲ ਕ੍ਰਿਸ਼ਨ ਵਰਗਾ ਦੋਸਤ ਦੇਵੇ। 62 ਸਾਲ ਦੀ ਇਸ ਦੋਸਤੀ ਦੇ ਰਿਸ਼ਤੇ ਨੂੰ ਪਟਿਆਲੇ ਦੇ ਪ੍ਰਮੁੱਖ ਸੱਜਣ ਬਹੁਤ ਸਤਿਕਾਰ ਨਾਲ ਦੇਖਦੇ ਹਨ।

ਐੱਮ.ਏ ਪੜ੍ਹਦਿਆਂ ਜਗਪਾਲ ਸਿੰਘ ਟਿਵਾਣਾ ਅਤੇ ਸੋਮਨਾਥ ਮਿੱਤਲ ਵੀ ਮੇਰੇ ਅੱਛੇ ਦੋਸਤ ਬਣੇ। ਜਗਪਾਲ ਸਿੰਘ ਟਿਵਾਣਾ ਕੈਨੇਡਾ ਚਲੇ ਗਏ ਹਨ ਤੇ ਸਾਨੂੰ ਮਿਲਣ ਅਮਰੀਕਾ ਆਏ ਸਨ ਅਤੇ ਉਸ ਦੌਰਾਨ ਸਾਡੇ ਕੋਲ ਇਕ ਹਫਤਾ ਰਹੇ। ਸੋਮਨਾਥ ਪਟਿਆਲੇ ਸ਼ਹਿਰ ਵਿਚ ਸੋਨੇ ਦਾ ਕੰਮ ਕਰਦੇ ਹਨ। ਸੋਮਨਾਥ ਦੇ ਪਿਤਾ ਸ੍ਰੀ ਜਮਨਾਦਾਸ ਅਤੇ ਇਸ ਦੇ ਵੱਡੇ ਭਰਾ ਵੀ ਮੈਨੂੰ ਅਤੇ ਮੇਰੇ ਪਿਤਾ ਜੀ ਨੂੰ ਜਾਣਦੇ ਸਨ।

ਫੌਜ ਵਿਚ ਜਾ ਕੇ 1965-66 ਵਿਚ ਚਰਨਦਾਸ ਕੈਂਤ, ਬਲਦੇਵ ਸਿੰਘ ਤੇ ਦਲਬੀਰ ਸਿੰਘ ਅੱਛੇ ਦੋਸਤ ਬਣੇ। ਪ੍ਰੋਫੈਸਰੀ ਦੌਰਾਨ ਪ੍ਰੋਫੈਸਰ ਗੁਲਜ਼ਾਰ ਸਿੰਘ (ਇਤਿਹਾਸ) ਅਤੇ ਪ੍ਰੋਫੈਸਰ ਲਾਲ ਚੰਦ ਮੇਰੇ ਅੱਛੇ ਦੋਸਤ ਬਣੇ। ਲਾਲ ਚੰਦ ਸ਼ਰਮਾ ਵੀਹ ਸਾਲ ਪਹਿਲਾਂ ਰੱਬ ਨੂੰ ਪਿਆਰੇ ਹੋ ਗਏ। ਗੁਲਜ਼ਾਰ ਸਿੰਘ ਆਪਣੀਆਂ ਕਬੀਲਦਾਰੀਆਂ ਤੋਂ ਮੁਕਤ ਹੋ ਕੇ ਚੰਡੀਗੜ੍ਹ ਰਹਿ ਰਹੇ ਹਨ। ਸਰਕਾਰੀ ਕਾਲਜ,

ਨਾਭਾ ਵਿਖੇ ਪ੍ਰੋਫੈਸਰ ਉਪਇੰਦਰ ਸਿੰਘ ਅਤੇ ਪ੍ਰੋ. ਸਡਾਨਾ ਵੀ ਮੇਰੇ ਕਾਫ਼ੀ ਅੱਛੇ ਦੋਸਤ ਸਨ।

ਦੋਸਤੀ ਦੀਆਂ ਚਾਰ ਸਟੇਜਾਂ ਹਨ। ਵਾਕਫੀਅਤ, ਦੋਸਤੀ, ਸਾਲਾਂ ਬੱਧੀ ਦੋਸਤੀ ਦਾ ਇਮਤਿਹਾਨ ਤੇ ਯਾਰੀ। ਜੀਵਨ ਕਾਲ ਵਿਚ ਸੈਂਕੜੇ ਹੀ ਲੋਕ ਮਿਲਦੇ ਹਨ। ਉਦਾਹਰਨ ਦੇ ਤੌਰ ਤੇ ਮੈਂ ਆਬਕਾਰੀ ਤੇ ਕਰ ਵਿਭਾਗ ਵਿਚ ਈ.ਟੀ.ਓ. ਤੋਂ ਲੈ ਕੇ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਰਿਹਾ। ਜ਼ਿਲ੍ਹਾ ਕਮਿਸ਼ਨਰ ਵਿਚ ਸਭ ਤੋਂ ਵੱਧ ਲੋਕਾਂ ਨਾਲ ਵਾਹ ਪੈਂਦਾ ਹੈ। ਮੈਂ ਕਈ ਅਫ਼ਸਰ ਕਹਿੰਦੇ ਸੁਣੇ ਹਨ ਕਿ ਫਲਾਣਾ ਅਫ਼ਸਰ ਜਾਂ ਠੇਕੇਦਾਰ ਮੇਰਾ ਬਹੁਤ ਅੱਛਾ ਦੋਸਤ ਹੈ। ਮੈਂ ਕਹਿ ਦਿੰਦਾ,“ ਭਾਈ ਸਾਹਿਬ ਇਹ ਕੰਮ ਦਾ ਰਿਸ਼ਤਾ ਹੈ। ਉਸ ਨੇ ਕੰਮ ਲੈਣਾ ਹੈ ਤੇ ਤੁਸੀਂ ਕੰਮ ਕਰਨਾ ਹੈ। ਇਹ ਰਿਸ਼ਤੇ ਉਨੀ ਦੇਰ ਹੀ ਹਨ ਜਿੰਨੀ ਦੇਰ ਤੁਸੀਂ ਕੰਮ ਵਿਚ ਹੋ।” ਮੈਨੂੰ ਅਜੇ ਵੀ ਯਾਦ ਹੈ ਕਿ ਮੈਂ ਏ.ਈ.ਟੀ.ਸੀ. ਪਟਿਆਲਾ ਕਈ ਸਾਲ ਰਹਿਣ ਤੋਂ ਬਾਅਦ ਬਠਿੰਡਾ ਡੀ.ਈ.ਟੀ.ਸੀ. ਅਪੀਲਜ਼ ਲੱਗ ਗਿਆ। ਹਾਲਾਂਕਿ ਡੀ.ਈ.ਟੀ.ਸੀ. ਅਪੀਲਜ਼ ਵੱਡਾ ਅਹੁਦਾ ਸੀ ਅਤੇ ਮੈਂ ਬਹੁਤ ਸੰਘਰਸ਼ ਤੋਂ ਬਾਅਦ ਇਹ ਅਹੁਦਾ ਪ੍ਰਾਪਤ ਕੀਤਾ ਸੀ। ਏ.ਈ.ਟੀ.ਸੀ. ਦੀ ਬਦਲੀ ਤੋਂ ਬਾਅਦ ਸਰਕਾਰੀ ਮਾਲੀ ਸਾਡੇ ਲਾਲ ਬਾਗ਼ ਵਾਲੇ ਘਰ ਜਾਣੋ ਹੱਟ ਗਿਆ। ਮੇਰਾ ਮਨ ਇਹਨਾਂ ਗੱਲਾਂ ਵਿਚ ਬਹੁਤ ਸਪਸ਼ਟ ਸੀ। ਮੈਂ ਕਹਿੰਦਾ ਸੀ ਕਿ ਇਹ ਤਾਂ ਸਿਰਫ਼ ਬਦਲੀ ਹੀ ਹੋਈ ਹੈ, ਕੱਲ੍ਹ ਨੂੰ ਸਚਮੁੱਚ ਹੀ ਸੇਵਾ ਮੁਕਤ ਹੋਣਾ ਹੈ ਤੇ ਇਹ ਗਿਣਤੀ ਬਿਲਕੁਲ ਹੀ ਘੱਟ ਜਾਣੀ ਹੈ।

1976-77 ਐਮਰਜੈਂਸੀ ਲੱਗਣ ਕਰਕੇ ਪਟਿਆਲੇ ਵਿਚ ਪਲਾਟ ਕਾਫ਼ੀ ਸਸਤੇ ਹੋ ਗਏ ਸਨ। ਸੱਤਰ ਰੁਪਏ ਪ੍ਰਤੀਗਜ਼ ਵਾਲਾ ਪਲਾਟ ਪੰਜਾਹ ਰੁਪਏ ਗਜ਼ ਵਿਚ ਮਿਲ ਰਿਹਾ ਸੀ। ਸਾਡੇ ਕੋਲ ਬੱਚਤ ਦੇ 8200 ਰੁਪਏ ਸਨ। ਪਲਾਟ ਦੀ ਕੀਮਤ ਤਕਰੀਬਨ ਚੌਦਾਂ ਹਜ਼ਾਰ ਰੁਪਏ ਸੀ। ਮੈਂ ਆਪਣੇ ਸਹੁਰਾ ਸਾਹਿਬ ਤੋਂ ਸੱਤ ਹਜ਼ਾਰ ਰੁਪਏ ਮੰਗੇ, ਜੋ ਉਹਨਾਂ ਨੇ ਦੇ ਦਿੱਤੇ। ਮੇਰੀ ਪਤਨੀ ਕਹਿਣ ਲੱਗੀ,“ ਜਿਸ ਦਾ ਇਮਤਿਹਾਨ ਲੈਣਾ ਹੈ ਲੈ ਲਉ, ਆਪਣਾ ਕੰਮ ਤਾਂ ਹੋ ਗਿਆ ਹੈ।” ਮੈਂ ਆਪਣੇ ਕਾਲਜ ਦੇ ਦੋਸਤ ਬਲਦੇਵ ਸਿੰਘ ਨੂੰ ਹੈਲੋ ਟੈਸਟਿੰਗ ਲਈ ਸੱਤ ਹਜ਼ਾਰ ਰੁਪਏ ਛੇ ਮਹੀਨਿਆਂ ਲਈ ਮੰਗੇ। ਉਹ ਮੇਰੇ ਨਾਲੋਂ ਵੀ ਵੱਧ ਸੰਜਮੀ ਸੀ ਪਰ ਉਸ ਨੇ ਮੈਨੂੰ ਜਵਾਬ ਦੇ ਦਿੱਤਾ। ਇਸ ਤਰ੍ਹਾਂ ਤੁਹਾਨੂੰ ਪਤਾ ਲੱਗਦਾ ਹੈ ਕਿ ਔਖੀ ਘੜੀ ਵੇਲੇ ਕੌਣ ਤੁਹਾਡੇ ਨਾਲ ਖੜ੍ਹਦਾ ਹੈ। ਇਸੇ ਤਰੀਕੇ ਨਾਲ ਮੈਂ ਆਪਣੇ ਕਿਸੇ ਰਿਸ਼ਤੇਦਾਰ ਕੋਲ ਗਿਆ, ਜਿਸ ਕੋਲ ਕਾਫ਼ੀ ਪੈਸੇ ਸਨ। ਉਸ ਨੇ ਮੈਨੂੰ ਇੰਝ ਜਵਾਬ ਦਿੱਤਾ,“ ਕਾਕਾ ਪੈਸੇ ਤਾਂ ਹਨ ਪਰ ਫਿਕਸ ਵਿਚ ਪਏ ਹਨ।” ਦੋਸਤੀ ਵੀ ਸੋਨੇ ਦੀ ਡਲੀ ਵਰਗੀ ਹੁੰਦੀ ਹੈ। ਜਿਵੇਂ ਸੋਨਾ ਅੱਗ ਵਿਚ ਪਾਇਆ ਸਾਫ ਹੁੰਦਾ ਹੈ, ਉਸ ਤਰ੍ਹਾਂ ਦੋਸਤੀ ਦੀ ਪਛਾਣ ਵੀ ਔਖੇ ਸਮੇਂ ਵਿਚ ਹੀ ਹੁੰਦੀ ਹੈ। ਤੁਹਾਡਾ ਦੋਸਤ ਤੁਹਾਡੇ ਦੁੱਖ ਵਿਚ ਕਿੰਨਾ ਕੁ ਦੁੱਖ ਤੇ ਸੁੱਖ ਵਿਚ ਕਿੰਨਾ ਕੁ

ਸੁੱਖ ਮਨਾਉਂਦਾ ਹੈ, ਇਹੀ ਉਸ ਦਾ ਇਮਤਿਹਾਨ ਹੁੰਦਾ ਹੈ।

ਫੌਜ ਤੋਂ ਆ ਕੇ ਬੇਰੁਜ਼ਗਾਰੀ ਦੇ ਸਮੇਂ ਵਿਚ ਅਨੂਪਇੰਦਰ ਨੇ ਦੋ ਹੋਰ ਦੋਸਤਾਂ ਨਾਲ ਮੈਨੂੰ ਮਿਲਾਇਆ। ਇਕ ਦਾ ਨਾਂ ਬਲਰਾਜਇੰਦਰ ਗਰੇਵਾਲ ਸੀ ਅਤੇ ਦੂਜੇ ਦਾ ਨਾਂ ਹਰਜੀਤ ਸਿੰਘ ਗਰੇਵਾਲ ਸੀ। ਹਰਜੀਤ ਦੇ ਪਿਤਾ ਜੀ ਦਾ ਨਾਂ ਮੇਜਰ ਹਰਦਿਆਲ ਸਿੰਘ ਸੀ ਅਤੇ ਇਹ ਮੇਰੇ ਪਿਤਾ ਜੀ ਦੇ ਦੋਸਤ ਸਨ। ਹਰਜੀਤ ਦੇ ਦਾਦਾ ਜੀ ਜਨਰਲ ਜਸਵੰਤ ਸਿੰਘ (ਰੰਗੜ) ਪਟਿਆਲੇ ਦੇ ਨਾਮੀ ਅਫ਼ਸਰ ਸਨ। ਇਸ ਪਰਿਵਾਰ ਕੋਲ ਸੁਨਾਮੀ ਗੇਟ ਕੋਲ ਬਹੁਤ ਵੱਡਾ ਮਕਾਨ ਸੀ। 1970 ਤੋਂ ਬਾਅਦ ਇਹ ਪਰਿਵਾਰ ਆਪਣੇ ਪਿੰਡ ਅਜਨਾਲੀ ਚਲਾ ਗਿਆ ਜੋ ਗੋਬਿੰਦਗੜ੍ਹ ਕੋਲ ਹੈ ਤੇ ਇਸ ਮਕਾਨ ਨੂੰ ਤਾਲਾ ਲਗਾ ਗਏ। ਇਹ 1982 ਦੀ ਗੱਲ ਹੈ, ਜਦੋਂ ਮੈਂ ਏ.ਈ.ਟੀ.ਸੀ ਸੀ ਤੇ ਸਾਨੂੰ ਦਫਤਰ ਲਈ ਕੋਈ ਜਗ੍ਹਾ ਚਾਹੀਦੀ ਸੀ। ਮੈਂ ਹਰਜੀਤ ਨੂੰ ਜਗ੍ਹਾ ਲਈ ਬੇਨਤੀ ਕੀਤੀ ਕਿ ਸਾਨੂੰ ਜਗ੍ਹਾ ਚਾਹੀਦੀ ਹੈ। ਉਹ ਇਕਦਮ ਮੇਰੇ ਬਾਰੇ ਸੋਚਣ ਲਗ ਗਿਆ। ਉਸ ਨੇ ਸੋਚਿਆ ਕਿ ਮੈਨੂੰ ਇਹ ਮਕਾਨ ਆਪਣੇ ਲਈ ਚਾਹੀਦਾ ਹੈ। ਇਹੀ ਹੈ ਅੱਛੀ ਦੋਸਤੀ ਦੀ ਨਿਸ਼ਾਨੀ।

ਹਰਜੀਤ ਸਿੰਘ ਗਰੇਵਾਲ ਕੋਲ ਵੱਡੀ ਮਰਜਸਡੀਜ਼ ਕਾਰ ਸੀ। ਮੇਰੇ ਵੱਡੇ ਲੜਕੇ ਦੀ ਖਾਹਿਸ਼ ਸੀ ਕਿ ਵਿਆਹ ਲਈ ਇਸ ਗੱਡੀ ਵਿਚ ਬੈਠ ਕੇ ਜਾਈਏ। ਹਰਜੀਤ ਨੇ ਚਾਰ ਦਿਨਾਂ ਲਈ ਡਰਾਈਵਰ ਸਮੇਤ ਗੱਡੀ ਸਾਡੇ ਕੋਲ ਭੇਜ ਦਿੱਤੀ ਅਤੇ ਨਾਲ ਹੀ ਡਰਾਈਵਰ ਨੂੰ ਕਹਿ ਦਿੱਤਾ ਕਿ ਕਾਲੇਕਾ ਸਾਹਿਬ ਤੋਂ ਇਕ ਵੀ ਪੈਸਾ ਨਹੀਂ ਲੈਣਾ। ਬਹੁਤ ਮੁਸ਼ਕਿਲ ਨਾਲ ਮੈਂ ਡਰਾਈਵਰ ਨੂੰ ਇਕੱਤੀ ਸੌ ਰੁਪਏ ਦਿੱਤੇ।

ਦੋ ਸਾਲ ਬਾਅਦ ਮੇਰੇ ਛੋਟੇ ਲੜਕੇ ਗੁਰਜੀਤ ਦਾ ਵਿਆਹ ਸੀ। ਇਹ ਵਿਆਹ ਕੁਝ ਦਿਨਾਂ ਵਿਚ ਹੀ ਕਰਨਾ ਸੀ। ਮੈਂ, ਮੇਰੀ ਪਤਨੀ ਤੇ ਛੋਟਾ ਲੜਕਾ ਕੇਵਲ ਦੋ ਕੁ ਹਫਤਿਆਂ ਲਈ ਹੀ ਭਾਰਤ ਆਏ ਸੀ। ਹਰਜੀਤ ਨੂੰ ਮੈਂ ਵਿਆਹ ਦਾ ਕਾਰਡ ਨਿੱਜੀ ਤੌਰ ਤੇ ਜਾ ਕੇ ਨਹੀਂ ਦੇ ਸਕਿਆ ਅਤੇ ਕਿਸੇ ਡਰਾਈਵਰ ਰਾਹੀਂ ਕਾਰਡ ਭੇਜ ਦਿੱਤਾ। ਹਰਜੀਤ ਸਿੰਘ ਇਕਦਮ ਫਿਕਰਮੰਦ ਹੋ ਗਿਆ ਕਿ ਕਾਲੇਕਾ ਸਾਹਿਬ ਆਪ ਕਿਉਂ ਨਹੀਂ ਆਏ। ਪਰ ਦੋਸਤੀ ਵਿਚ ਗਿਲਾ ਨਹੀਂ ਹੁੰਦਾ ਕਿਉਂਕਿ ਦੋਸਤੀ ਸਿਆਣਪ ਅਤੇ ਸੂਝ-ਬੂਝ ਤੇ ਆਧਾਰਿਤ ਹੁੰਦੀ ਹੈ। ਕੋਈ ਰਿਸ਼ਤੇਦਾਰ ਹੁੰਦਾ ਤਾਂ ਉਸ ਨੂੰ ਇਸ ਗੱਲ ਦਾ ਜ਼ਰੂਰ ਗਿਲਾ ਹੁੰਦਾ। ਬਸ ਦੋਸਤੀ ਤੇ ਰਿਸ਼ਤੇਦਾਰੀ ਵਿਚ ਇਹੋ ਫਰਕ ਹੈ।

ਜੀਵਨ ਕਾਲ ਵਿਚ ਸੈਂਕੜੇ ਹੀ ਲੋਕ ਸਾਡੇ ਜੀਵਨ ਵਿਚ ਆਉਂਦੇ ਹਨ, ਜਿਹਨਾਂ ਨੂੰ ਅਸੀਂ ਦੋਸਤ ਸਮਝਣ ਲਗ ਜਾਂਦੇ ਹਾਂ। ਪਰ ਅਸਲ ਵਿਚ ਉਹ ਵਿਅਕਤੀ ਆਪਣੇ ਸੁਆਰਥ ਨਾਲ ਜੁੜੇ ਹੁੰਦੇ ਹਨ। ਉਹ ਸਵਾਰਥੀ ਦੋਸਤ ਹੁੰਦੇ ਹਨ। ਮੁਸ਼ਕਿਲ ਨਾਲ ਜੀਵਨ ਵਿਚ ਹਰ ਇਕ ਇਨਸਾਨ ਦੇ ਤਿੰਨ ਚਾਰ ਹੀ ਅੱਛੇ ਦੋਸਤ ਹੁੰਦੇ ਹਨ।

ਮੇਰੇ ਦੋਸਤ ਆਈ.ਡੀ.ਐਸ ਗਰੇਵਾਲ ਜੋ ਵਾਈ.ਪੀ.ਐੱਸ ਸਕੂਲ ਦੇ ਵਾਈਸ ਪ੍ਰਿੰਸੀਪਲ ਸਨ, ਕਾਫ਼ੀ ਸੂਝ-ਬੂਝ ਵਾਲੇ ਇਨਸਾਨ ਸਨ। ਵੀਹ ਸਾਲ ਪਹਿਲਾਂ ਉਹ ਇਸ ਦੁਨੀਆ ਤੋਂ ਚਲੇ ਗਏ। ਇਕ ਦਿਨ ਦੋਸਤਾਂ ਦੀ ਗਿਣਤੀ ਦੀ ਗੱਲ ਚਲ ਪਈ। ਕਹਿਣ ਲੱਗੇ,“ ਜੇ ਤੁਸੀਂ ਦੋਸਤ ਉਂਗਲਾਂ ਤੇ ਗਿਣ ਸਕਦੇ ਹੋ ਤਾਂ ਤੁਸੀਂ ਬਹੁਤ ਵਡਭਾਗੇ ਹੋ।” ਉਹਨਾਂ ਦੀ ਗੱਲ ਮੈਂ ਹੁਣ ਵੀ ਯਾਦ ਕਰਦਾ ਹਾਂ ਅਤੇ ਮਹਿਸੂਸ ਕਰਦਾ ਹਾਂ ਕਿ ਉਹਨਾਂ ਦੀ ਗੱਲ ਵਿਚ ਕਿੰਨੀ ਡੂੰਘਾਈ ਸੀ।

ਸਾਰੀ ਉਮਰ ਦੀ ਨੌਕਰੀ ਵਿਚ ਮੈਨੂੰ ਇਕ ਵਪਾਰੀ ਦੋਸਤ ਮਿਲਿਆ। ਇਸ ਦਾ ਨਾਮ ਸੀ ਸ. ਇਕਬਾਲ ਸਿੰਘ। ਸ. ਇਕਬਾਲ ਸਿੰਘ 1994 ਵਿਚ ਛੋਟੀ ਉਮਰੇ ਹੀ ਰੱਬ ਨੂੰ ਪਿਆਰੇ ਹੋ ਗਏ ਸਨ। ਉਹਨਾਂ ਨੂੰ ਸ਼ਰਾਬ ਦੇ ਵਪਾਰ ਵਿਚ ਸ. ਸਰਬਜੀਤ ਸਿੰਘ ਨੇ ਲਿਆਂਦਾ ਸੀ, ਜੋ ਬਾਅਦ ਵਿਚ ਆਈ.ਏ.ਐੱਸ ਹੋ ਗਏ ਤੇ ਬਾਅਦ ਵਿਚ ਡੀ.ਸੀ. ਅੰਮ੍ਰਿਤਸਰ ਰਹੇ। ਮੈਂ 1982-83 ਵਿਚ ਪਟਿਆਲੇ ਏ.ਈ.ਟੀ.ਸੀ. ਰਿਹਾ। ਉਹਨਾਂ ਨੇ ਮੈਨੂੰ ਸ. ਇਕਬਾਲ ਸਿੰਘ ਨਾਲ ਮਿਲਾਇਆ ਤੇ ਉਸ ਦੀ ਰੱਖਿਆ ਕਰਨ ਲਈ ਕਿਹਾ। ਸਾਰੀ ਉਮਰ ਸ. ਇਕਬਾਲ ਸਿੰਘ ਮੇਰੀ ਵੱਡੇ ਭਰਾਵਾਂ ਵਾਂਗ ਇੱਜ਼ਤ ਕਰਦਾ ਰਿਹਾ। ਜਦੋਂ 1993 ਵਿਚ ਮੈਂ ਛੁੱਟੀ ਲੈ ਕੇ ਅਮਰੀਕਾ ਜਾ ਰਿਹਾ ਸੀ ਤਾਂ ਉਸ ਨੇ ਆਪਣੇ ਘਰ ਸਾਡਾ ਖਾਣਾ ਕੀਤਾ। ਮੈਂ ਉਸ ਵੇਲੇ ਪਹਿਲੀ ਵਾਰ ਹੀ ਉਸ ਦੇ ਘਰ ਗਿਆ ਸੀ। ਉਹ ਉਚੀ ਉਚੀ ਰੋਣ ਲੱਗ ਪਿਆ ਤੇ ਕਹਿਣ ਲੱਗਾ,“ ਮੈਂ ਘੱਟ ਪੜ੍ਹਿਆ ਹਾਂ, ਜੇ ਮੈਂ ਵੀ ਦਸ-ਬਾਰ੍ਹਾਂ ਜਮਾਤਾਂ ਪੜ੍ਹਿਆ ਹੁੰਦਾ ਤਾਂ ਆਪਣੇ ਵੱਡੇ ਵੀਰ ਨਾਲ ਅਮਰੀਕਾ ਜਾ ਕੇ ਵਪਾਰ ਆਦਿਕ ਕਰਦਾ।” ਅਮਰੀਕਾ ਪਹੁੰਚ ਕੇ ਇਕਬਾਲ ਸਿੰਘ ਨੇ ਕਈ ਵਾਰ ਮੈਨੂੰ ਡਾਲਰਾਂ ਦੀ ਮੱਦਦ ਲੈਣ ਲਈ ਕਿਹਾ। ਮੈਂ ਉਸ ਦਾ ਧੰਨਵਾਦ ਕੀਤਾ। ਮੈਂ ਉਸ ਦੀ ਮੱਦਦ ਲੈਣ ਦੀ ਬਜਾਏ ਆਪਣੀ ਸਾਰੀ ਜਾਇਦਾਦ ਵੇਚ ਕੇ ਅਮਰੀਕਾ ਵਿਚ ਗੁਜ਼ਾਰਾ ਕੀਤਾ। ਦੋਸਤੀ ਨਿਰਸਵਾਰਥ ਹੁੰਦੀ ਹੈ। ਉਹ ਦੋਸਤ ਜੋ ਦੂਜੇ ਦੋਸਤ ਤੋਂ ਫਾਇਦਾ ਚੁੱਕਣਾ ਚਾਹੁੰਦਾ ਹੋਵੇ ਉਹ ਦੋਸਤ ਨਹੀਂ ਹੁੰਦਾ।

ਦੋਸਤ ਨੂੰ ਤੁਹਾਡੇ ਦੁੱਖ ਸੁੱਖ ਦਾ ਤੁਹਾਡੇ ਨਾਲੋਂ ਜ਼ਿਆਦਾ ਪਤਾ ਹੁੰਦਾ ਹੈ। 1983-84 ਵਿਚ ਮੈਂ ਹਾਈਕੋਰਟ ਵਿਚ ਫੌਜ ਦੀ ਸੀਨੀਅਰਤਾ ਲੈਣ ਸਬੰਧੀ ਰਿਟ ਕਰਨੀ ਸੀ। ਦੋ ਦਿਨ ਪਹਿਲਾਂ ਮੇਰੇ ਅਤੇ ਬਾਲ ਸਿੰਗਲਾ ਵਿਚ ਇਸ ਸਬੰਧੀ ਗੱਲਬਾਤ ਹੋ ਰਹੀ ਸੀ, ਉਸ ਨੇ ਪੁਛਿਆ ਕਿ ਕਿੰਨਾ ਕੁ ਖ਼ਰਚਾ ਆਏਗਾ। ਮੈਂ ਕਿਹਾ ਕਿ ਮੈਂ ਰਮੇਸ਼ਵਰ ਵਰਮਾ ਵਕੀਲ ਨਾਲ ਗੱਲ ਕਰਨੀ ਹੈ। ਉਹ ਚਾਰ ਕੁ ਹਜ਼ਾਰ ਵਿਚ ਕੇਸ ਕਰਵਾ ਦਿੰਦਾ ਹੈ। ਬਾਲ ਕ੍ਰਿਸ਼ਨ ਸਿੰਗਲਾ ਅਗਲੇ ਹੀ ਦਿਨ ਮੈਨੂੰ ਬਿਨਾਂ ਪੁੱਛੇ ਮੇਰੇ ਸਟੈਨੋ, ਵਕੀਲ ਚੰਦ ਨੂੰ ਦਫ਼ਤਰ ਵਿਚ ਚਾਰ ਹਜ਼ਾਰ ਰੁਪਏ ਦੇ ਗਿਆ। ਇਹ ਹੁੰਦਾ ਹੈ ਦੋਸਤੀ ਦਾ ਦਰਦ।

ਬੁਢਾਪੇ ਵਿਚ ਪਟਿਆਲੇ ਰਹਿੰਦਿਆਂ ਮੇਰੇ ਦੋ ਦੋਸਤ ਹਨ, ਜਿਹਨਾਂ ਨੂੰ ਮੈਂ

ਸਾਲਾਂ ਤੋਂ ਜਾਣਦਾ ਹਾਂ। ਇਕ ਦਾ ਨਾਮ ਸ. ਮਨਮੋਹਨ ਸਿੰਘ ਘੁੰਮਣ ਹੈ। ਇਹ 90ਵੇਂ ਸਾਲ ਵਿਚ ਹਨ। ਇਹ ਬਹੁਤ ਸਾਫ ਸੁਥਰੇ ਅਫ਼ਸਰ ਰਹੇ ਹਨ, ਜਿਹਨਾਂ ਨੇ 1954 ਵਿਚ ਇੰਸਪੈਕਟਰ ਦੇ ਤੌਰ ਤੇ ਨੌਕਰੀ ਸ਼ੁਰੂ ਕਰਕੇ 1988 ਵਿਚ ਜੁਆਇੰਟ ਕਮਿਸ਼ਨਰ ਰਿਟਾਇਰ ਹੋਏ। ਇਹਨਾਂ ਦੇ ਦਾਦਾ ਜੀ ਜਰਨਲ ਗੁਰਦਿੱਤ ਸਿੰਘ ਪਟਿਆਲਾ ਸਟੇਟ ਦੇ ਪ੍ਰਧਾਨ ਮੰਤਰੀ ਸਨ ਅਤੇ ਇਹਨਾਂ ਕੋਲ ਰਾਜੇ ਦਾ ਟਾਈਟਲ ਸੀ। ਦੂਸਰੇ ਦੋਸਤ ਸ. ਬਲਰਾਜਇੰਦਰ ਸਿੰਘ ਗਰੇਵਾਲ ਹਨ, ਜਿਹਨਾਂ ਨੂੰ ਮੈਂ 1968 ਤੋਂ ਜਾਣਦਾ ਹਾਂ। ਇਹ ਸਾਡੇ ਮਹਿਕਮੇ ਵਿਚ ਇੰਸਪੈਕਟਰ ਭਰਤੀ ਹੋਏ ਅਤੇ ਈ.ਟੀ.ਓ. ਰਿਟਾਇਰ ਹੋਏ। ਹੁਣ ਜ਼ਿਆਦਾ ਸਮਾਂ ਪਟਿਆਲਾ ਵਿਚ ਇਹਨਾਂ ਦੋਹਾਂ ਦੋਸਤਾਂ ਅਤੇ ਪਰਿਵਾਰਾਂ ਨਾਲ ਬਿਤਾਈ ਦਾ ਹੈ। ਇਹਨਾਂ ਦੋਹਾਂ ਦਾ ਜਨਮ ਵੀ ਮੇਰੇ ਵਾਂਗ ਜਨਵਰੀ ਦੇ ਮਹੀਨੇ ਦਾ ਹੈ। ਮੇਰਾ ਜਨਮ 13 ਜਨਵਰੀ, ਬਲਰਾਜਇੰਦਰ ਦਾ ਨੌ ਦਿਨ ਬਾਅਦ 22 ਜਨਵਰੀ ਅਤੇ ਸ. ਮਨਮੋਹਨ ਸਿੰਘ ਜੀ ਦਾ ਉਸ ਤੋਂ ਨੌ ਦਿਨ ਬਾਅਦ 31 ਜਨਵਰੀ ਦਾ ਹੁੰਦਾ ਹੈ। ਅਸੀਂ ਜਨਮ ਦਿਨ ਤਿੰਨੋਂ ਪਰਿਵਾਰ ਮਿਲ ਕੇ ਮਨਾਉਂਦੇ ਹਾਂ।

ਦੁਨਿਆਵੀਂ ਗੱਲਾਂ ਤੋਂ ਉਠ ਕੇ ਮੇਰਾ ਮਨ ਅਧਿਆਤਮਿਕਤਾ ਵਾਲੇ ਪਾਸੇ ਤੁਰਨਾ ਸ਼ੁਰੂ ਹੋ ਗਿਆ ਹੈ। ਸਾਲ 2008 ਵਿਚ ਮੈਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਤੱਖ ਦਰਸ਼ਨ ਹੋਏ। ਅਸਲੀ ਦੋਸਤਾਂ ਦੀ ਸੂਚੀ ਵਿਚ ਮੇਰੇ ਦੋ ਦੋਸਤ ਹੋਰ ਜੁੜ ਗਏ। ਨਵੇਂ ਦੋਸਤ ਹਨ, ਗੁਰੂ ਨਾਨਕ ਦੇਵ ਜੀ ਅਤੇ ਪ੍ਰਭੂ। ਇਹ ਉਹ ਦੋਸਤ ਹਨ ਜੋ ਲੋਕ ਵਿਚ ਵੀ ਸਹਾਈ ਹਨ ਅਤੇ ਪਰਲੋਕ ਵਿਚ ਵੀ। ਇਹ ਮੇਰੇ ਦੋਸਤ ਹੀ ਨਹੀਂ ਬਲਕਿ ਮੇਰੇ ਯਾਰ ਵੀ ਹਨ। ਮੇਰਾ ਗੁਰੂ ਨਾਨਕ ਦੇਵ ਜੀ ਅਤੇ ਪ੍ਰਭੂ ਨਾਲ ਇਕਤਰਫ਼ਾ ਪਿਆਰ ਨਹੀਂ ਬਲਕਿ ਉਹ ਵੀ ਹੁੰਗਾਰਾ ਭਰਦੇ ਹਨ। ਜੀਵਨ ਅਜਿਹੇ ਅੱਛੇ ਮਿੱਤਰਾਂ ਬਿਨਾਂ ਵਿਅਰਥ ਹੈ। ਤਾਂ ਹੀ ਤਾਂ ਕਿਹਾ ਜਾਂਦਾ ਹੈ "ਯਾਰਾਂ ਨਾਲ ਬਹਾਰਾਂ।"

*****

# ਮੇਰੇ ਵਿਰੋਧੀ

ਸਕੂਲ, ਕਾਲਜ ਵਿਚ ਮੈਂ ਭਲਾ ਜਿਹਾ ਵਿਦਿਆਰਥੀ ਸੀ ਅਤੇ ਹੱਸਦਾ ਹਸਾਉਂਦਾ ਰਹਿੰਦਾ ਸੀ। ਮੈਂ ਨੌਵੀਂ ਕਲਾਸ ਤੋਂ ਲੈ ਕੇ ਐਮ.ਏ. ਤੱਕ ਤਕਰੀਬਨ ਅੱਠ ਸਾਲ ਪਟਿਆਲੇ ਆਪਣੇ ਮਕਾਨ ਵਿਚ ਹੀ ਰਿਹਾ। ਮਾਤਾ ਪਿਤਾ ਅਤੇ ਬਾਕੀ ਭੈਣ ਭਰਾ ਸਾਡੇ ਜੱਦੀ ਪਿੰਡ ਦੁਗਾਲ ਵਿਖੇ ਹੀ ਰਹਿੰਦੇ ਸਨ। ਮੈਂ ਫੌਜ ਵਿਚ ਦੇਸ਼ ਭਗਤੀ ਦੀ ਭਾਵਨਾ ਨਾਲ ਗਿਆ ਸੀ। ਆਪਣਾ ਫਰਜ਼ ਸਮਝਦਿਆਂ ਮੈਂ ਪਲਟਨ ਵਿਚ ਨੌਕਰੀ ਕਰਨਾ ਚਾਹੁੰਦਾ ਸੀ। ਇਨਫੈਂਟਰੀ ਹੀ ਸਭ ਤੋਂ ਅੱਗੇ ਦੁਸ਼ਮਣ ਨਾਲ ਯੁੱਧ ਕਰਦੀ ਹੈ। ਇਨਫੈਂਟਰੀ ਨੂੰ ਲੜਾਈ ਦੀ ਰਾਣੀ ਕਿਹਾ ਜਾਂਦਾ ਹੈ। ਰਾਣੀ ਹੈ ਕਿ ਨਹੀਂ ਇਹ ਤਾਂ ਪਤਾ ਨਹੀਂ ਪਰ ਇਹ ਨੌਕਰੀ ਕਾਫ਼ੀ ਜ਼ੋਖਮ ਭਰੀ ਹੁੰਦੀ ਹੈ।

ਮੈਂ ਐਮ.ਏ. ਦੀ ਵਿੱਦਿਆ ਦੇ ਆਧਾਰ ਤੇ ਆਰਮੀ ਐਜੂਕੇਸ਼ਨ ਕੋਰ ਵਿਚ ਜਾ ਸਕਦਾ ਸੀ ਪਰ ਮੇਰੇ ਲਈ ਫੌਜ ਨੌਕਰੀ ਨਹੀਂ ਬਲਕਿ ਸੇਵਾ ਸੀ। ਮਈ 1964 ਤੋਂ ਮਹਾਰ ਸੈਂਟਰ, ਸਾਗਰ ਦਾ ਇਕ ਸਾਲ ਬਹੁਤ ਅੱਛਾ ਬੀਤਿਆ। ਮਈ 1965 ਵਿਚ ਮੈਂ ਦੋ ਮਹਾਰ ਨੂੰ ਬਾੜਮੇਰ ਰਾਜਸਥਾਨ ਦੇ ਨੇੜੇ ਪਿੰਡ ਜਲਿਪਾ ਵਿਖੇ ਜਾਇਨ ਕੀਤਾ। ਉਸ ਵੇਲੇ ਦੋ ਮਹਾਰ ਨੂੰ ਰਣਕੱਛ ਦੀ ਲੜਾਈ ਵਾਸਤੇ ਉਥੇ ਭੇਜਿਆ ਗਿਆ ਸੀ। ਅਸਲ ਵਿਚ ਦੋ ਮਹਾਰ ਜੋਧਪੁਰ ਪੀਸ ਸਟੇਸ਼ਨ 'ਤੇ ਹੀ ਬੈਠੀ ਸੀ। ਉਸ ਵੇਲੇ ਕਰਨਲ ਕੇ.ਐਸ. ਬਖਸ਼ੀ ਸੈਕਿੰਡ ਮਹਾਰ ਦੇ ਪਲਟਣ ਕਮਾਂਡਰ ਸਨ। ਉਹਨਾਂ ਦਾ ਸੁਭਾਅ ਬਹੁਤ ਅੱਛਾ ਸੀ। ਮੈਨੂੰ ਡੈਲਟਾ ਕੰਪਨੀ ਕਮਾਂਡਰ ਨਾਲ ਪਲਾਟੂਨ ਕਮਾਂਡਰ ਲਗਾ ਦਿੱਤਾ ਗਿਆ। ਡੈਲਟਾ ਕੰਪਨੀ ਕਮਾਂਡਰ ਦਿੱਲੀ ਦੇ ਰਹਿਣ ਵਾਲੇ ਮੇਜਰ ਕੁਲਵਿੰਦਰ ਸਿੰਘ ਸਨ। ਮੇਜਰ ਕੁਲਵਿੰਦਰ ਸਿੰਘ ਐਨ.ਡੀ.ਏ ਦੁਆਰਾ ਫੌਜ ਵਿਚ ਕਮਿਸ਼ੰਡ ਹੋਏ। ਲਫਟੈਣ ਅਰੁਣ ਵਰਮਾ ਇਕ ਮੱਧ ਪ੍ਰਦੇਸ ਦੇ ਆਈ.ਏ.ਐਸ. ਅਫ਼ਸਰ ਦੇ ਪੁੱਤਰ ਸਨ ਅਤੇ ਉਹ ਵੀ ਐਨ.ਡੀ.ਏ. ਕਮਿਸ਼ੰਡ ਸਨ। ਇਹ ਐਡਜੂਟੈਂਟ ਸਨ। ਐਡਜੂਟੈਂਟ ਦਾ ਕੰਮ ਕਮਾਂਡਿੰਗ ਅਫ਼ਸਰ ਦੇ ਸਟਾਫ ਅਫ਼ਸਰ ਵਾਂਗ ਹੁੰਦਾ ਹੈ। ਉਹ ਚਿੱਠੀ ਪੱਤਰ ਦੀ ਲਿਖਾ ਪੜ੍ਹੀ ਵਿਚ ਕਮਾਂਡਿੰਗ ਅਫ਼ਸਰ ਦੀ ਮੱਦਦ ਕਰਦਾ ਹੈ ਤੇ ਕਮਾਂਡਿੰਗ ਅਫ਼ਸਰ ਦੀ ਸੱਜੀ ਬਾਂਹ ਬਣਿਆ ਹੁੰਦਾ ਹੈ। ਉਹ ਕਰਨਲ ਅਤੇ ਬਾਕੀ ਅਫ਼ਸਰਾਂ ਦੇ ਵਿਚਾਲੇ ਲਿੰਕ ਦਾ ਕੰਮ ਕਰਦਾ ਹੈ।

ਉਹਨਾਂ ਦਿਨਾਂ ਵਿਚ ਐਨ.ਡੀ.ਏ. ਕਮਿਸ਼ੰਡ ਅਫ਼ਸਰ ਅਤੇ ਐਮਰਜੈਂਸੀ ਕਮਿਸ਼ੰਡ ਅਫ਼ਸਰ ਵਿਚ ਕਾਫ਼ੀ ਫਰਕ ਸਮਝਿਆ ਜਾਂਦਾ ਸੀ। ਇਉਂ ਸਮਝ ਲਉ ਕਿ

ਐੱਨ.ਡੀ.ਏ. ਤੋਂ ਕਮਿਸ਼ੰਡ ਹੋਏ ਅਫ਼ਸਰ ਨੂੰ ਨੰਬਰ ਇਕ ਸਮਝਿਆ ਜਾਂਦਾ ਸੀ। ਸਿੱਧੇ ਕਮਿਸ਼ੰਡ ਅਫ਼ਸਰਾਂ ਨੂੰ ਦੋ ਨੰਬਰ ਤੇ ਦੇਖਿਆ ਜਾਂਦਾ ਸੀ ਜਦੋਂ ਕਿ ਐਮਰਜੈਂਸੀ ਵਿਚ ਭਰਤੀ ਹੋਏ ਅਫ਼ਸਰਾਂ ਨੂੰ ਤੀਜੇ ਦਰਜੇ ਤੇ ਦੇਖਿਆ ਜਾਂਦਾ ਸੀ। ਕੁਝ ਹੀ ਦਿਨਾਂ ਵਿਚ ਦੋ ਮਹਾਰ ਪਲਟਣ ਦੇ ਕੁਝ ਹੋਰ ਐਮਰਜੈਂਸੀ ਅਫ਼ਸਰ ਮੇਰੇ ਦੋਸਤ ਬਣ ਗਏ। ਉਹਨਾਂ ਦੇ ਨਾਮ ਬਲਦੇਵ ਸਿੰਘ, ਚਰਨਦਾਸ ਕੈਂਤ ਅਤੇ ਦਲਬੀਰ ਸਿੰਘ ਹਨ। ਅਸੀਂ ਆਪਸ ਵਿਚ ਹੱਸਦੇ ਰਹਿੰਦੇ ਅਤੇ ਇਕੱਠੇ ਹੀ ਰਹਿੰਦੇ ਸੀ। ਇਕ ਦਿਨ ਅਫ਼ਸਰ ਮੈੱਸ ਵਿਚ ਖਾਣਾ ਖਾਂਦੇ ਮੇਰੇ ਹੱਥੋਂ ਕਾਂਟਾ ਡਿੱਗ ਪਿਆ। ਲਫਟੈਣ ਵਰਮਾ ਨੇ ਮੈਨੂੰ ਆਪਣੇ ਦਫਤਰ ਬੁਲਾਇਆ ਅਤੇ ਝਿੜਕਣਾ ਸ਼ੁਰੂ ਕਰ ਦਿੱਤਾ। ਮੇਰੇ ਵਿਚ ਉਸ ਵੇਲੇ ਹਲੀਮੀ ਨਹੀਂ ਸੀ। ਇਹ ਤਿੰਨ ਕਾਰਨਾਂ ਕਰਕੇ ਸੀ। ਇਕ ਤਾਂ ਮੈਂ ਅਧਿਆਤਮਿਕ ਤੌਰ ਤੇ ਵਿਕਸਿਤ ਨਹੀਂ ਸੀ ਹੋਇਆ। ਦੂਜਾ ਮੈਂ ਮਾਤਾ ਪਿਤਾ ਤੋਂ ਕਾਫ਼ੀ ਸਮਾਂ ਦੂਰ ਰਿਹਾ, ਜਿਸ ਕਰਕੇ ਉਹਨਾਂ ਦੀ ਸਿੱਖਿਆ ਅਤੇ ਪਿਆਰ ਤੋਂ ਵਾਂਝਾ ਰਿਹਾ। ਤੀਜਾ ਮੈਨੂੰ ਫੌਜ ਦੀ ਨੌਕਰੀ ਕਰਨ ਦੀ ਗਰਜ਼ ਨਹੀਂ ਸੀ। ਮੈਂ ਕੁਝ ਸਮੇਂ ਲਈ ਹੀ ਫੌਜ ਵਿਚ ਦੇਸ਼ ਦੀ ਸੇਵਾ ਲਈ ਗਿਆ ਸੀ। ਮੈਨੂੰ ਐੱਮ.ਏ. ਪਾਸ ਹੋਣ ਦਾ ਵੀ ਮਾਣ ਸੀ। ਉਸ ਸਮੇਂ ਐੱਮ.ਏ. ਵੱਡੀ ਪੜ੍ਹਾਈ ਸਮਝੀ ਜਾਂਦੀ ਸੀ। ਮੇਰੇ ਪਿਤਾ ਜੀ ਅਤੇ ਦਾਦਾ ਜੀ ਅਫ਼ਸਰ ਸਨ, ਇਹਨਾਂ ਚੀਜ਼ਾਂ ਦਾ ਵੀ ਮੇਰੇ ਉਤੇ ਅਸਰ ਸੀ। ਗੱਲ ਇਹ ਹੋਈ ਕਿ ਹਉਮੈ ਦਾ ਆਪਸ ਵਿਚ ਟਕਰਾ ਹੋ ਗਿਆ। ਉਸ ਨੂੰ ਐੱਨ.ਡੀ.ਏ. ਅਤੇ ਪਿਤਾ ਦੇ ਆਈ.ਏ.ਐੱਸ. ਹੋਣ ਦੀ ਹਉਮੈ ਸੀ। ਮੈਂ ਫੌਜ ਵਿਚ ਕੇਵਲ ਸੇਵਾ ਭਾਵਨਾ ਨਾਲ ਹੀ ਗਿਆ ਸੀ ਅਤੇ ਨੌਕਰੀ ਦੀ ਕੋਈ ਗਰਜ਼ ਨਹੀਂ ਸੀ। ਅਰੁਣ ਵਰਮਾ ਵੀ ਸਿਰਫ਼ ਮੇਰੇ ਤੋਂ ਮਾਫ਼ੀ ਦੀ ਹੀ ਉਮੀਦ ਕਰਦਾ ਸੀ। ਪਰ ਸਾਡੇ ਦੋਹਾਂ ਦੀ ਉਮਰ ਵੀ ਛੋਟੀ ਸੀ। ਗਰਜ਼ਹੀਣ ਵਿਅਕਤੀ ਹਮੇਸ਼ਾਂ ਬਹਾਦਰ ਹੁੰਦਾ ਹੈ। ਗੱਲ ਕਰਦਿਆਂ ਕਰਦਿਆਂ ਇਤਨੀ ਵੱਧ ਗਈ ਕਿ ਇਕ ਦਿਨ ਮੈਂ ਉਸ ਨੂੰ ਕਿਹਾ ਕਿ ਸਬਲਟਨ (ਸੈਕਿੰਡ ਲਫਟੈਣ, ਲਫਟੈਣ ਅਤੇ ਕੈਪਟਨ) ਆਪਸ ਵਿਚ ਸਿਲਊਟ ਨਹੀਂ ਕਰਦੇ। ਅਰੁਣ ਵਰਮਾ ਕਹਿਣ ਲੱਗੇ," ਤੁਹਾਨੂੰ ਕਿਵੇਂ ਪਤਾ ਹੈ?" ਮੈਂ ਕਿਹਾ," ਮੇਰੇ ਦਾਦਾ ਜੀ 1909 ਵਿਚ ਅਤੇ ਪਿਤਾ ਜੀ 1928 ਵਿਚ ਕਮਿਸ਼ੰਡ ਹੋਏ । ਜਿਸ ਕਰਕੇ ਮੈਨੂੰ ਇਸ ਬਾਰੇ ਜਾਣਕਾਰੀ ਹੈ।" ਤਲਖ਼ੀ ਇੰਨੀ ਜ਼ਿਆਦਾ ਹੋ ਗਈ ਕਿ ਉਸ ਨੇ ਮੇਰੀ ਬਦਲੀ ਡੈਲਟਾ ਕੰਪਨੀ ਤੋਂ ਐਡਮਿਨੀਸਟ੍ਰੇਟਿਵ ਕੰਪਨੀ ਵਿਚ ਕਰਵਾ ਦਿੱਤੀ। ਹੁਣ ਇਹ ਬਿਨਾਂ ਕਿਸੇ ਕਾਰਨ ਤੋਂ ਮੇਰਾ ਦੁਸ਼ਮਣ ਬਣ ਗਿਆ।

ਕਰਨਲ ਵਿਕਾਸ ਸੂਦ 1965 ਸਤੰਬਰ ਦੀ ਲੜਾਈ ਵਿਚ ਕਿਸੇ ਨਕਸ਼ੇ ਦੇ ਲੈਣ ਦੇਣ ਸਬੰਧੀ ਮੇਰੇ ਨਾਲ ਖੈਬੜ ਪਏ। 23 ਸਤੰਬਰ 1965 ਨੂੰ ਲੜਾਈ ਖਤਮ ਹੋ ਗਈ। ਸੀਜ਼ ਫਾਇਰ ਤੋਂ ਬਾਅਦ ਉਹਨਾਂ ਨੂੰ ਡੈਲਟਾ ਕੰਪਨੀ ਦਾ ਕਮਾਂਡਰ ਲਗਾਇਆ ਗਿਆ। ਮੈਂ ਉਹਨਾਂ ਦੇ ਅਧੀਨ ਹੀ ਕੰਮ ਕਰ ਰਿਹਾ ਸੀ। ਉਹਨਾਂ ਨੇ ਮੈਨੂੰ

ਅੰਬਾਲੇ ਆਉਂਦਿਆਂ ਆਪਣੇ ਘਰ ਬੁਲਾ ਕੇ ਵਿਸਕੀ ਪਿਲਾਈ ਤਾਂ ਕਿ ਸਾਡੇ ਆਪਸੀ ਸਬੰਧ ਠੀਕ ਹੋ ਜਾਣ। ਮੈਂ ਦੁਬਾਰਾ ਉਹਨਾਂ ਨਾਲ ਖੁਸ਼ੀ ਖੁਸ਼ੀ ਵਰਤਣ ਲੱਗ ਪਿਆ।

ਇਕ ਵਾਰ ਅੰਬਾਲਾ ਰਹਿੰਦਿਆਂ ਅਸੀਂ ਨਾਹਨ ਐਕਸਰਸਾਈਜ਼ ਕਰ ਰਹੇ ਸੀ। ਕਰਨਲ ਸੂਦ ਛੁੱਟੀ ਤੇ ਸਨ ਤੇ ਮੇਜਰ ਦਾਸ ਗੁਪਤਾ ਕੋਲ ਕਮਾਂਡਿੰਗ ਅਫ਼ਸਰ ਦਾ ਚਾਰਜ ਸੀ। ਮੇਜਰ ਦਾਸ ਗੁਪਤਾ ਵਿਆਹੇ ਤਾਂ ਸਨ ਪਰ ਆਪਣੀ ਪਤਨੀ ਨਾਲ ਅੱਛੇ ਸਬੰਧ ਨਾ ਹੋਣ ਕਰਕੇ ਇਕੱਲੇ ਹੀ ਰਹਿੰਦੇ ਸਨ। ਉਹ ਕਾਫ਼ੀ ਸ਼ਰਾਬ ਪੀਂਦੇ ਸਨ। ਮੈਂ ਅਤੇ ਕਈ ਹੋਰ ਨੌਜਵਾਨ ਅਫ਼ਸਰ ਉਹਨਾਂ ਨੂੰ ਸਾਥ ਦੇਣ ਦੇ ਚੱਕਰ ਵਿਚ ਮੈੱਸ ਵਿਚ ਬੈਠੇ ਰਹੇ ਅਤੇ ਸ਼ਰਾਬ ਪੀਂਦੇ ਰਹੇ। ਅਫ਼ਸਰਾਂ ਨੂੰ ਸਵੇਰੇ ਉਠਾਉਣ ਦਾ ਕੰਮ ਅਰਦਲੀ ਦਾ ਹੁੰਦਾ ਹੈ। ਕੁਝ ਐਸਾ ਹੋਇਆ ਕਿ ਮੇਰੇ ਅਰਦਲੀ ਦਾਰਾ ਸਿੰਘ ਨੂੰ ਜਾਗ ਨਾ ਆਈ ਤੇ ਉਹ ਮੈਨੂੰ ਨਾ ਜਗਾ ਸਕਿਆ। ਇੰਨੇ ਵਿਚ ਮੈਨੂੰ ਸੁਨੇਹਾ ਆਇਆ ਕਿ ਮੇਜਰ ਦਾਸ ਗੁਪਤਾ ਕੰਪਨੀ ਦੀ ਇੰਸਪੈਕਸ਼ਨ ਕਰ ਰਹੇ ਹਨ, ਜਲਦੀ ਆਓ। ਮੈਂ ਕੱਚਾ-ਪੱਕਾ ਜਿਹਾ ਤਿਆਰ ਹੋ ਕੇ ਕੰਪਨੀ ਹੈੱਡਕੁਆਰਟਰ ਪਹੁੰਚਿਆ ਤੇ ਮੇਜਰ ਨੂੰ ਸਿਲਊਟ ਕੀਤਾ। ਮੈਂ ਲੇਟ ਹੋਣ ਦੀ ਮਜਬੂਰੀ ਦੱਸੀ ਤੇ ਮਾਫ਼ੀ ਮੰਗੀ। ਮੇਜਰ ਦਾਸ ਗੁਪਤਾ ਨੇ ਕਿਹਾ,“ ਤੁਹਾਡੀ ਸਜ਼ਾ ਇਹ ਹੈ ਕਿ ਤੁਸੀਂ ਕੰਪਨੀ ਦੇ ਸਾਹਮਣੇ ਆਪਣਾ ਮੋਰਚਾ ਪੁਟੋਗੇ।” ਮੈਂ ਕਿਹਾ,“ ਇੰਝ ਨਹੀਂ ਹੋ ਸਕਦਾ।” ਜਿਸ ਕੰਪਨੀ ਨੂੰ ਮੈਂ ਲੜਾਈ ਵਿਚ ਭੱਜਣ ਤੋਂ ਰੋਕਿਆ ਸੀ। ਉਸ ਦੇ ਸਾਹਮਣੇ ਮੈਂ ਐਸਾ ਕੰਮ ਨਹੀਂ ਕਰ ਸਕਦਾ।” ਨਾਗਾਲੈਂਡ ਆਉਣ ਤੱਕ ਮੇਰੇ ਖਿਲਾਫ਼ ਕਰਨਲ ਵਿਕਾਸ ਸੂਦ, ਮੇਜਰ ਦਾਸ ਗੁਪਤਾ ਅਤੇ ਕੈਪਟਨ ਅਰੁਣ ਵਰਮਾ ਦੀ ਤਿਕੜੀ ਬਣ ਗਈ ਸੀ।

ਇਕ ਜਨਵਰੀ 1967 ਨੂੰ ਪਲਟਣ ਨਾਗਾਲੈਂਡ ਪਹੁੰਚ ਗਈ। ਪਲਟਨ ਨੂੰ ਇਕ ਏਅਰਬੋਰਨ ਕੰਪਨੀ ਲੋਕੇਸ਼ਨ ਮਿਲੀ। ਕੋਈ ਕੰਪਨੀ ਕਮਾਂਡਰ ਏਅਰਬੋਰਨ ਕੰਪਨੀ ਨੂੰ ਕਮਾਂਡ ਕਰਨ ਲਈ ਤਿਆਰ ਨਹੀਂ ਸੀ। ਮੈਂ ਬਹਾਦਰ ਅਤੇ ਆਜ਼ਾਦ ਸੀ, ਇਸ ਲਈ ਇਕ ਵਾਰ ਕਹਿਣ ਤੇ ਹੀ ਮੰਨ ਗਿਆ। ਇਸ ਕੰਪਨੀ ਨੂੰ ਹਵਾਈ ਜਹਾਜ਼ਾਂ ਰਾਹੀਂ ਦਾਲ, ਚੌਲ ਅਤੇ ਮੀਟ ਆਦਿ ਮਿਲਦੇ ਸਨ। ਉਥੇ ਮੌਸਮ ਖਰਾਬ ਹੋਣ ਕਰਕੇ ਜਵਾਨਾਂ ਨੂੰ ਰਮ ਦਾ ਇਕ ਈਸ਼ੂ ਮਿਲਦਾ ਸੀ। ਮੈਂ ਜਵਾਨਾਂ ਨੂੰ ਸਮਝਾਇਆ ਕਿ ਮਹੀਨੇ ਵਿਚ ਪੱਚੀ ਦਿਨ ਸ਼ਰਾਬ ਪੀਣ ਨਾਲ ਸਿਹਤ ਖਰਾਬ ਹੋ ਜਾਂਦੀ ਹੈ। ਮੈਂ ਜਵਾਨਾਂ ਨੂੰ ਛੁੱਟੀ ਤੇ ਜਾਣ ਵੇਲੇ ਇਕ ਇਕ ਬੋਤਲ ਦੀ ਥਾਂ ਤਿੰਨ ਬੋਤਲਾਂ ਨਾਲ ਲਿਜਾਣ ਦੀ ਇਜਾਜ਼ਤ ਦੇ ਦਿੱਤੀ ਕਿਉਂਕਿ ਇਹ ਉਹਨਾਂ ਦਾ ਹੀ ਰਾਸ਼ਨ ਸੀ। ਇੰਨੇ ਵਿਚ ਕਰਨਲ ਸੂਦ ਨੂੰ ਇਸ ਬਾਰੇ ਪਤਾ ਲੱਗਾ ਤੇ ਉਹਨਾਂ ਨੇ ਮੇਰੇ ਤੋਂ ਤਿੰਨ ਸੌ ਬੋਤਲਾਂ ਦੀ ਮੰਗ ਕੀਤੀ। ਮੈਂ ਉਹਨਾਂ ਨੂੰ ਸਾਫ ਜਵਾਬ ਦੇ ਦਿੱਤਾ। ਮੈਂ ਕਿਹਾ ਸਰ,“ ਇਹ ਰੰਮ ਜਵਾਨਾਂ ਦੀ ਪ੍ਰਾਪਰਟੀ ਹੈ। ਮੈਂ ਇਕ ਤੁਪਕਾ ਵੀ ਰੱਮ ਦਾ ਨਹੀਂ ਪੀਤਾ।” ਕੁਝ ਦਿਨਾਂ ਬਾਅਦ ਉਹਨਾਂ ਨੇ ਮੇਰੀ ਕੰਪਨੀ ਦੀ ਇੰਸਪੈਕਸ਼ਨ ਰੱਖ ਲਈ। ਬ੍ਰਿਗੇਡੀਅਰ ਸੁਖਪਾਲ ਸਿੰਘ

ਜੋ ਡੋਗਰਾ ਰੈਜੀਮੈਂਟ ਦੇ ਸਨ, ਆਏ ਹੋਏ ਸਨ। ਇਹਨਾਂ ਨਾਲ ਕਰਨਲ ਸੂਦ ਵੀ ਆਏ ਹੋਏ ਸਨ। ਬ੍ਰਿਗੇਡੀਅਰ ਸਾਹਿਬ ਨੇ ਮੇਰੇ ਰਾਜ ਪ੍ਰਬੰਧ ਦੀ ਸ਼ਲਾਘਾ ਕੀਤੀ। ਉਹ ਕਹਿਣ ਲੱਗੇ," ਮਰਿਆਨੀ ਰੇਅਰ ਹੈਡਕੁਆਰਟਰ ਵਿਚ ਅਨੁਸ਼ਾਸਨ ਬਹੁਤ ਖਰਾਬ ਹੈ। ਇਹਨਾਂ ਨੂੰ ਉਥੇ ਕਿਉਂ ਨਹੀਂ ਭੇਜ ਦਿੰਦੇ।" ਬ੍ਰਿਗੇਡੀਅਰ ਸਾਹਿਬ ਦੇ ਹੁਕਮ ਅਨੁਸਾਰ ਮੈਨੂੰ ਮਰਿਆਨੀ ਭੇਜ ਦਿੱਤਾ ਗਿਆ।

ਇਕ ਦਿਨ ਮੈਂ ਮਰਿਆਨੀ ਤੋਂ ਜੁਰਹਾਟ ਜਾ ਰਿਹਾ ਸੀ। ਆਉਣ ਲੱਗਿਆਂ ਜੀਪ ਦਾ ਇਕ ਟਾਇਰ ਪੰਚਰ ਹੋ ਗਿਆ। ਸਾਡੇ ਕੋਲ ਟਾਇਰ ਦੀ ਸਟਿਪਨੀ ਨਹੀਂ ਸੀ। ਇਲਾਕਾ ਕਾਫ਼ੀ ਖਤਰਨਾਕ ਸੀ। ਮੈਂ ਡਰਾਈਵਰ ਨੂੰ ਇੰਝ ਹੀ ਗੱਡੀ ਚਲਾਉਣ ਲਈ ਕਿਹਾ। ਜਦੋਂ ਅਸੀਂ ਮਰਿਆਨੀ ਪਹੁੰਚੇ ਤਾਂ ਜੀਪ ਦਾ ਟਾਇਰ ਪੂਰੀ ਤਰ੍ਹਾਂ ਫੱਟ ਗਿਆ ਸੀ। ਮੈਂ ਸੋਚਿਆ ਕਿ ਕਬਾੜੀ ਤੋਂ ਟਾਇਰ ਲੈ ਕੇ ਜੀਪ 'ਚ ਫਿੱਟ ਕਰ ਦਿਆਂਗਾ। ਉਸ ਸਮੇਂ ਮੈਨੂੰ ਨਹੀਂ ਪਤਾ ਸੀ ਕਿ ਹਰ ਇਕ ਟਾਇਰ ਦਾ ਵੱਖਰਾ ਨੰਬਰ ਹੁੰਦਾ ਹੈ। ਮੇਰੇ ਖਿਲਾਫ਼ ਇਨਕੁਆਰੀ ਬਿਠਾਈ ਗਈ। ਫੈਸਲੇ ਅਨੁਸਾਰ ਮੈਨੂੰ ਢਾਈ ਸੌ ਰੁਪਏ ਟਾਇਰ ਦੀ ਕੀਮਤ ਅਦਾ ਕਰਨ ਲਈ ਕਿਹਾ ਗਿਆ, ਜੋ ਮੇਰੀ ਤਨਖਾਹ ਵਿਚੋਂ ਕੱਟੇ ਗਏ। ਇਹ ਇਨਕੁਆਰੀ ਮੇਜਰ ਪੀ.ਕੇ. ਦਾਸ ਗੁਪਤਾ ਨੇ ਕੀਤੀ ਜੋ ਬਾਅਦ ਵਿਚ ਬ੍ਰਿਗੇਡੀਅਰ ਰਿਟਾਇਰ ਹੋਏ। ਇਸ ਇਨਕੁਆਇਰੀ ਵਿਚ ਵੀ ਮੈਂ ਮੇਜਰ ਦਾਸ ਗੁਪਤਾ ਨੂੰ ਇਸ ਘਟਨਾ ਤੇ ਮਾਫ਼ੀ ਨਹੀਂ ਮੰਗੀ। ਸਗੋਂ ਐਕਸ਼ਨ ਲੈਣ ਲਈ ਕਿਹਾ। ਸੁਭਾਵਿਕ ਹੈ ਕਿ ਉਹਨਾਂ ਨੇ ਰਿਪੋਰਟ ਮੇਰੇ ਵਿਰੁੱਧ ਲਿਖੀ।

ਖੈਰ ਮੈਂ ਕਰਨਲ ਬਖਸ਼ੀ ਦੀ ਮੱਦਦ ਲੈ ਕੇ ਉਸ ਯੂਨਿਟ ਵਿਚੋਂ ਨਿਕਲ ਆਇਆ ਅਤੇ ਮਿਲਟਰੀ ਪੁਲਿਸ ਵਿਚ ਆ ਗਿਆ। ਲਫਟੈਣ ਅਰੁਣ ਵਰਮਾ ਬਾਅਦ ਵਿਚ ਰਾਅ ਵਿਚ ਚਲੇ ਗਏ, ਜਿਥੇ ਜੀਭ ਦੇ ਕੈਂਸਰ ਨਾਲ ਉਹਨਾਂ ਦੀ ਮੌਤ ਹੋ ਗਈ। ਕਰਨਲ ਸੂਦ ਛੇ ਮਹਾਰ ਦੇ ਕਮਾਂਡਰ ਬਣੇ ਅਤੇ ਦਸੰਬਰ 1971 ਦੀ ਲੜਾਈ ਵਿਚ ਮਾਈਂਨ ਬਲਾਸਟ ਵਿਚ ਫੱਸ ਗਏ ਅਤੇ ਬਾਅਦ ਵਿਚ ਹਸਪਤਾਲ ਵਿਚ ਮਰ ਗਏ। ਮਰਨ ਤੋਂ ਪਹਿਲਾਂ ਉਹਨਾਂ ਨੂੰ ਮੇਰੀ ਯਾਦ ਆਈ। ਉਸ ਵੇਲੇ ਮੈਂ ਸਰਕਾਰੀ ਕਾਲਜ ਟਾਂਡਾ ਵਿਚ ਪ੍ਰੋਫੈਸਰ ਲੱਗਾ ਹੋਇਆ ਸੀ। ਮੇਜਰ ਪੀ.ਕੇ. ਦਾਸ ਗੁਪਤਾ ਬਾਅਦ ਵਿਚ ਬ੍ਰਿਗੇਡੀਅਰ ਬਣੇ ਅਤੇ ਨੌਕਰੀ ਪੂਰੀ ਕਰਨ ਤੋਂ ਪਹਿਲਾਂ ਹੀ ਨਾਖੁਸ਼ਗਵਾਰ ਹਾਲਤਾਂ ਵਿਚ ਰਿਟਾਇਰ ਕਰ ਦਿੱਤੇ ਗਏ।

ਪ੍ਰੋਫੈਸਰੀ ਦਾ ਸਮਾਂ ਬਹੁਤ ਹੀ ਖੁਸ਼ਗਵਾਰ ਸੀ। ਤਿੰਨ ਸਾਲਾਂ ਵਿਚ ਕਿਸੇ ਨਾਲ ਕੋਈ ਅਣਬਣ ਨਹੀਂ ਹੋਈ। ਮੈਂ ਵਿਦਿਆਰਥੀਆਂ ਨੂੰ ਆਪਣੇ ਛੋਟੇ ਭੈਣ ਭਰਾ ਸਮਝ ਕੇ ਪੜ੍ਹਾਉਂਦਾ ਸੀ। ਬੇਰੁਜ਼ਗਾਰੀ ਦੇ ਸਮੇਂ ਸਾਡੇ ਪਿੰਡ ਵਿਚ ਸਾਡਾ ਭਾਈਚਾਰੇ ਨਾਲ ਪਿਆਰ ਸਤਿਕਾਰ ਸੀ ਤੇ ਕਦੇ ਕੋਈ ਗੱਲ ਨਹੀਂ ਹੋਈ।

ਆਬਕਾਰੀ ਤੇ ਕਰ ਵਿਭਾਗ ਵਿਚ ਕੁਝ ਵਿਰੋਧੀ ਸਹਿਜੇ ਹੀ ਬਣ ਗਏ

ਕਿਉਂਕਿ ਮੈਂ ਇਮਾਨਦਾਰ ਸੀ। ਉਹ ਦੁਸ਼ਮਣ ਨਹੀਂ ਹੁੰਦੇ ਬਲਕਿ ਆਪਸੀ ਸੋਚਣੀ ਵੱਖਰੀ ਹੁੰਦੀ ਹੈ। ਇਸ ਕਰਕੇ ਸਾਡੇ ਰਾਹ ਅਲੱਗ ਅਲੱਗ ਸਨ।ਮੈਂ ਇਮਾਨਦਾਰ ਅਫ਼ਸਰਾਂ ਦੀ ਹਮਾਇਤ ਕਰਦਾ ਸੀ ਅਤੇ ਬੇਈਮਾਨ ਅਫ਼ਸਰਾਂ ਨੂੰ ਸਜ਼ਾ ਦਿੰਦਾ ਸੀ। ਮੈਂ ਆਪਣੇ ਕਰੀਅਰ ਵਿਚ ਚਾਰ ਅਡਵਰਸ ਐਂਟਰੀਆਂ ਦਿੱਤੀਆਂ ਅਤੇ ਇਕ ਮੂੰਹ ਜ਼ੋਰ ਈ.ਟੀ.ਓ. ਦੀ ਬਦਲੀ ਕਰਵਾਈ।

ਇਮਾਨਦਾਰੀ ਦੀ ਆਪਣੀ ਹੀ ਖੁਸ਼ਬੂ ਹੁੰਦੀ ਹੈ। ਇਸ ਕਰਕੇ ਮਸ਼ਹੂਰੀ ਵੀ ਹੋ ਜਾਂਦੀ ਹੈ। ਜੋ ਅਫ਼ਸਰ ਜਾਂ ਕਰਮਚਾਰੀ ਮਹਿਕਮੇ ਵਿਚ ਇਮਾਨਦਾਰ ਨਹੀਂ ਹੁੰਦੇ, ਉਹ ਤੁਹਾਡੇ ਨਾਲ ਈਰਖਾ ਵੀ ਕਰਨ ਲੱਗ ਜਾਂਦੇ ਹਨ। ਉਹ ਢਿੱਡੋਂ ਚਾਹੁੰਦੇ ਹਨ ਕਿ ਪੈਸਾ ਤਾਂ ਉਹਨਾਂ ਕੋਲ ਉਨਾਂ ਹੀ ਹੋਵੇ ਜਿੰਨਾ ਉਹ ਕਮਾ ਰਹੇ ਹਨ ਪਰ ਨਾਲ ਮਸ਼ਹੂਰੀ ਵੀ ਹੋਵੇ। ਪਰੰਤੂ ਅਜਿਹਾ ਹੁੰਦਾ ਨਹੀਂ। ਉਹ ਸਹਿਜੇ ਹੀ ਤੁਹਾਡੇ ਵਿਰੋਧੀ ਬਣ ਜਾਂਦੇ ਹਨ। ਇਮਾਨਦਾਰ ਹੋਣ ਕਰਕੇ ਮੈਨੂੰ ਬਹੁਤ ਇਨਕੁਆਰੀਆਂ ਕਰਨ ਵਾਸਤੇ ਮਿਲਦੀਆਂ ਸਨ। ਕਈ ਵਾਰ ਅਫ਼ਸਰ ਵੀ ਮੇਰੇ ਹੀ ਰੈਂਕ ਦੇ ਹੁੰਦੇ ਸਨ। ਮੈਂ ਬੇ-ਝਿੱਜਕ ਇਨਕੁਆਰੀਆਂ ਦੀ ਰਿਪੋਰਟ ਦਿੰਦਾ ਸੀ।

ਕੁਝ ਵਿਰੋਧੀ ਮਿਲਟਰੀ ਸੀਨੀਓਰਿਟੀ ਕਰਕੇ ਵੀ ਬਣ ਗਏ। ਆਰਮੀ ਸੀਨੀਓਰਟੀ ਦਾ ਬੀੜਾ ਮੈਂ ਚੁੱਕਿਆ ਤੇ ਹਾਈ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਮੁਕੱਦਮਾ ਲੜਿਆ। ਚਾਹੇ ਆਰਮੀ ਸੀਨੀਓਰਿਟੀ ਦਾ ਫਾਇਦਾ ਬਾਕੀ ਦੇ ਆਰਮੀ ਅਫ਼ਸਰਾਂ ਨੂੰ ਵੀ ਮਿਲਿਆ ਪਰ ਇਹ ਸਾਰੀ ਤਕਲੀਫ ਦਾ ਸਾਹਮਣਾ ਮੈਂ ਇਕੱਲਿਆਂ ਹੀ ਕੀਤਾ। ਦੂਜੇ ਸਾਬਕਾ ਫੌਜੀਆਂ ਲਈ ਤਾਂ ਇਹ ਪਰੈਸੀਡੈਂਟ ਬਣ ਗਿਆ ਅਤੇ ਉਹਨਾਂ ਦੀ ਤਰੱਕੀ ਹੋ ਗਈ।

ਕੁਝ ਵਿਰੋਧੀ ਮੇਰਾ ਨਾਂ ਆਈ.ਏ.ਐਸ ਨੋਟੀਫਿਕੇਸ਼ਨ ਦੇ ਜਾਣ ਕਰਕੇ ਵੀ ਬਣੇ। ਪਰ ਹੁਣ ਇੰਝ ਲੱਗਦਾ ਹੈ ਕਿ ਆਈ.ਏ.ਐਸ ਨਾ ਹੋਣਾ ਵੀ ਈਸ਼ਵਰ ਦੀ ਹੀ ਕਿਰਪਾ ਸੀ।

ਹੁਣ ਜਦ ਕਿ ਮੈਂ ਅਧਿਆਤਮਿਕ ਤੌਰ ਤੇ ਕਾਫ਼ੀ ਵਿਕਸਿਤ ਹੋ ਗਿਆ ਹਾਂ ਤਾਂ ਮੈਨੂੰ ਪਤਾ ਲੱਗਾ ਹੈ ਕਿ ਸਭ ਤੋਂ ਵੱਡੇ ਦੁਸ਼ਮਣ ਤਾਂ ਸਾਡੇ ਆਪਣੇ ਅੰਦਰ ਹੀ ਬੈਠੇ ਹਨ। ਹੁਣ ਜਦੋਂ ਮੇਰਾ ਸਰੀਰ 75 ਸਾਲ ਪਾਰ ਕਰ ਚੁੱਕਾ ਹੈ ਤਾਂ ਇਹ ਸਾਰੇ ਵੈਰੀ ਵੀ ਧੀਮੇ ਪੈ ਗਏ ਹਨ। ਪਰ ਤਿੰਨ ਛੋਟੇ ਚੋਰ ਇਸ ਉਮਰੇ ਵੀ ਚਿੰਬੜੇ ਰਹਿੰਦੇ ਹਨ। ਇਹਨਾਂ ਦਾ ਨਾਮ ਹੈ ਆਸ਼ਾ, ਤ੍ਰਿਸ਼ਨਾ ਅਤੇ ਚਿੰਤਾ। ਹੁਣ ਮੈਂ ਦੁਸ਼ਮਣ ਨੂੰ ਲੜ ਕੇ ਨਹੀਂ ਮਾਰਨਾ ਚਾਹੁੰਦਾ ਬਲਕਿ ਦਰਗੁਜਾਰ ਕਰਕੇ ਮਾਰਨਾ ਚਾਹੁੰਦਾ ਹਾਂ ਕਿਉਂਕਿ ਮੇਰੇ ਉਦੇਸ਼ ਬਹੁਤ ਉਚੇ ਹਨ। ਮੈਂ ਲੋਕਾਂ ਦੀਆਂ ਗੱਲਾਂ ਵਿਚ ਨਹੀਂ ਆਉਂਦਾ। ਹੁਣ ਵੀ ਕਈ ਲੋਕ ਟੇਢੀਆਂ ਗੱਲ ਕਰ ਦਿੰਦੇ ਹਨ ਪਰ ਮੈਂ ਉਹਨਾਂ ਨੂੰ ਮਾਫ਼ ਕਰ ਦਿੰਦਾ ਹਾਂ। ਉਹਨਾਂ ਦੀ ਅਗਿਆਨਤਾ ਲਈ ਮੈਂ ਪ੍ਰਭੂ ਨੂੰ ਅਰਦਾਸ ਕਰਦਾਂ ਹਾਂ ਕਿ ਰੱਬ ਇਹਨਾਂ ਨੂੰ

ਸੁਮੱਤ ਬਖਸ਼ੇ। ਹੁਣ ਮੈਂ ਰੱਬ ਅਤੇ ਗੁਰੂ ਜੀ ਦੇ ਅਸ਼ੀਰਵਾਦ ਨਾਲ ਆਪਣੇ ਦੁਸ਼ਮਣ ਨੂੰ ਪਸਤ ਕਰਦਾ ਹਾਂ। ਹੁਣ ਮੈਨੂੰ ਰੱਬ ਦੀ ਹੋਂਦ ਵਿਚ ਪੂਰਾ ਵਿਸ਼ਵਾਸ ਹੋ ਗਿਆ ਹੈ। ਮੈਂ ਇਕ ਸਕਿੰਟ ਵੀ ਕਿਸੇ ਹੋਰ ਗੱਲ ਬਾਰੇ ਨਹੀਂ ਸੋਚਦਾ। ਜੇ ਕੋਈ ਇਨਸਾਨ ਵੱਧ ਘੱਟ ਗੱਲ ਕਰਦਾ ਵੀ ਹੈ ਤਾਂ ਮੈਂ ਦੋ ਚਾਰ ਵਾਰ ਰੱਬ ਦਾ ਨਾਮ ਲੈ ਕੇ ਉਸ ਦੁੱਖ ਵਿਚੋਂ ਬਾਹਰ ਨਿਕਲ ਆਉਂਦਾ ਹਾਂ। ਹਰ ਵੇਲੇ ਮੈਂ ਰੱਬ ਅਤੇ ਗੁਰੂ ਦਾ ਹੀ ਧਿਆਨ ਧਰਦਾ ਹਾਂ। ਦੁਸ਼ਮਣ ਨਾਲ ਲੜਣ ਦਾ ਇਹ ਸੱਭਿਅਕ ਅਤੇ ਕਾਮਯਾਬ ਤਰੀਕਾ ਹੈ। ਅਧਿਆਤਮਿਕ ਕਿਤਾਬਾਂ ਪੜ੍ਹ ਕੇ ਮੈਨੂੰ ਚੰਗਾ ਮਹਿਸੂਸ ਹੁੰਦਾ ਹੈ ਕਿ ਮੈਂ ਰੱਬ ਦਾ ਬੰਦਾ ਬਣ ਕੇ ਬੁਰੇ ਬੰਦਿਆਂ ਦਾ ਬਹਾਦਰੀ ਨਾਲ ਟਾਕਰਾ ਕੀਤਾ ਹੈ। ਹੁਣ ਜੇ ਟਾਕਰਾ ਕਰਨਾ ਹੋਵੇ ਤਾਂ ਮੈਂ ਹਲੀਮੀ ਦਾ ਪੱਲਾ ਫੜ ਕੇ ਹੀ ਟਾਕਰਾ ਕਰਾਂਗਾ। ਦੁਸ਼ਮਣ ਹਲੀਮੀ ਵਿਚ ਵੀ ਬਣਦੇ ਹਨ, ਕਿਉਂਕਿ ਰਾਹ ਅਤੇ ਸੋਚ ਵੱਖਰੀ ਵੱਖਰੀ ਹੁੰਦੀ ਹੈ। ਛੋਟੀ ਉਮਰ ਵਿਚ ਮੈਂ ਦੁਸ਼ਮਣ ਨਾਲ ਇਕੱਲਾ ਹੀ ਲੜਦਾ ਸੀ। ਹੁਣ ਦੁਸ਼ਮਣ ਨਾਲ ਲੜਨ ਲਈ ਮੇਰੀ ਤਾਕਤ ਕਈ ਗੁਣਾ ਵੱਧ ਗਈ ਹੈ ਕਿਉਂਕਿ ਮੇਰੇ ਨਾਲ ਪ੍ਰਭੂ ਜੀ ਅਤੇ ਗੁਰੂ ਜੀ ਦਾ ਥਾਪੜਾ ਹੈ।

*****

# ਬੰਦੋਬਸਤ

ਬੰਦੋਬਸਤ ਕਰਨਾ ਜਿਸ ਨੂੰ ਆਮ ਸ਼ਬਦਾਂ ਵਿਚ ਰਾਜ ਪ੍ਰਬੰਧ ਵੀ ਕਹਿੰਦੇ ਹਨ, ਬੱਚੇ ਦੇ ਜਨਮ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ ਤੇ ਬੰਦੇ ਦੀ ਮੌਤ ਤੋਂ ਬਾਅਦ ਵੀ ਚਲਦਾ ਰਹਿੰਦਾ ਹੈ। ਉਦਾਹਰਨ ਦੇ ਤੌਰ ਤੇ ਬੱਚਾ ਪੈਦਾ ਹੁੰਦਾ ਹੈ। ਸਭ ਤੋਂ ਪਹਿਲਾਂ ਉਸ ਦਾ ਕੱਪੜਾ ਆਦਿਕ ਚਾਹੀਦਾ ਹੁੰਦਾ ਹੈ। ਬੱਚੇ ਅਤੇ ਉਸ ਦੀ ਮਾਂ ਦਾ ਕਿਵੇਂ ਖਿਆਲ ਰੱਖਣਾ ਹੈ ਤੋਂ ਲੈ ਕੇ ਬੰਦੇ ਦੇ ਅੰਤਮ ਸਵਾਸ ਤੱਕ ਬੰਦੋਬਸਤ ਚਲਦਾ ਹੀ ਰਹਿੰਦਾ ਹੈ। ਬੰਦੇ ਦੇ ਮਰਨ ਉਪਰੰਤ ਵੀ ਪਹਿਲੀ ਗੱਲ ਬੰਦੋਬਸਤ ਦੀ ਹੀ ਹੁੰਦੀ ਹੈ। ਉਦਾਹਰਨ ਦੇ ਤੌਰ ਤੇ ਉਸ ਦਾ ਸਸਕਾਰ ਕਿਵੇਂ ਤੇ ਕਿਥੇ ਕਰਨਾ ਹੈ ਅਤੇ ਰਿਸ਼ਤੇਦਾਰਾਂ ਨੂੰ ਬੁਲਾਉਣ ਦਾ ਪ੍ਰਬੰਧ ਆਦਿਕ। ਉਸ ਦੀ ਗਤੀ ਲਈ ਕੀ ਪਾਠ ਪੂਜਾ ਕਰਵਾਉਣੀ ਹੈ।

ਸੂਝਵਾਨ ਵਿਅਕਤੀ ਬੰਦੋਬਸਤ ਕਰਨ ਦੀ ਸੂਝ ਨਾਲ ਆਪਣਾ ਜੀਵਨ ਸਹਿਜੇ ਹੀ ਕਾਮਯਾਬੀ ਨਾਲ ਬਿਤਾ ਕੇ ਚਲੇ ਜਾਂਦੇ ਹਨ। ਉਹ ਆਪਣੀ ਵਿੱਦਿਆ, ਨੌਕਰੀ ਜਾਂ ਕਾਰੋਬਾਰ ਅੱਛੀ ਤਰ੍ਹਾਂ ਕਰਦੇ ਹਨ। ਉਹ ਰਿਸ਼ਤੇਦਾਰਾਂ, ਦੋਸਤਾਂ ਅਤੇ ਆਂਢ-ਗੁਆਂਢ ਨਾਲ ਅੱਛਾ ਵਰਤਾਰਾ ਕਰਕੇ ਸਮਾਜ ਦਾ ਧੁਰਾ ਬਣ ਕੇ ਵਿਚਰਦੇ ਹਨ। ਵਿਆਹ ਦੇ ਨਾਲ ਬੰਦੋਬਸਤ ਕਰਨ ਦੀਆਂ ਲੋੜਾਂ ਹੋਰ ਵੱਧ ਜਾਂਦੀਆਂ ਹਨ, ਜਿਵੇਂ ਕਿ ਨਵੇਂ ਰਿਸ਼ਤੇਦਾਰਾਂ ਨਾਲ ਕਿਵੇਂ ਵਰਤਣਾ ਹੈ। ਸਮਾਜਿਕ ਦੁੱਖ ਸੁੱਖ ਵਿਚ ਚੰਗੇ ਬੰਦੋਬਸਤ ਦੀ ਸੂਝ ਨਾਲ ਇਨਸਾਨ ਆਪਣੇ ਪਰਿਵਾਰ ਤੇ ਕੰਮਕਾਰ ਦਾ ਨਿਰਬਾਹ ਅੱਛੀ ਤਰ੍ਹਾਂ ਕਰਦੇ ਹਨ। ਅੱਛੇ ਮਾਪੇ ਆਪਣੇ ਬੱਚਿਆਂ ਨੂੰ ਅੱਛੀ ਸੂਝ ਦਿੰਦੇ ਹਨ। ਉਹੀ ਬੱਚੇ ਇਹਨਾਂ ਗੁਣਾਂ ਨੂੰ ਧਾਰ ਕੇ ਆਪਣੇ ਜੀਵਨ ਵਿਚ ਕਾਮਯਾਬ ਹੁੰਦੇ ਹਨ। ਪੈਸੇ ਦੀ ਲੋੜ ਛੁਟਿਆਈ ਨਹੀਂ ਜਾ ਸਕਦੀ ਪਰ ਬੰਦੋਬਸਤ ਕਰਨ ਵਿਚ ਪੈਸੇ ਨਾਲੋਂ ਸਿਆਣਪ ਅਤੇ ਸੂਝ-ਬੂਝ ਦੀ ਲੋੜ ਜ਼ਿਆਦਾ ਹੁੰਦੀ ਹੈ। ਅੱਛਾ ਬੰਦੋਬਸਤ ਕਰਨ ਵਾਲਾ ਇਨਸਾਨ ਆਪਣੇ ਆਪ ਲਈ, ਪਰਿਵਾਰ, ਸਮਾਜ, ਸਰਕਾਰ ਅਤੇ ਰੱਬ ਲਈ ਵੀ ਇਕ ਗਹਿਣੇ ਵਰਗੀ ਚੀਜ਼ ਹੁੰਦੀ ਹੈ -

॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥

(ਜਪੁ ਜੀ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ:8)

ਜਿਸ ਦਾ ਹਰ ਥਾਂ ਮੁੱਲ ਪੈਂਦਾ ਹੈ ਰੱਬ ਦੇ ਘਰ ਵਿਚ ਅਤੇ ਰੱਬ ਜੀ ਦੇ ਪ੍ਰਬੰਧ ਵਿਚ ਵੀ ਇਹੀ ਵਿਅਕਤੀ ਨੇੜੇ ਹੋ ਜਾਂਦੇ ਹਨ।

ਰਾਜ ਪ੍ਰਬੰਧ ਮੇਰੇ ਖੂਨ ਵਿਚ ਹੀ ਆਇਆ ਹੈ। ਕਈ ਵਾਰ ਮੈਨੂੰ ਇਉਂ

ਲਗਦਾ ਹੈ ਕਿ ਪਿਛਲੇ ਜਨਮ ਵਿਚ ਵੀ ਮੈਂ ਸ਼ਾਸਕ ਹੀ ਸੀ। ਹਰ ਚੀਜ਼ ਨੂੰ ਸੰਗਠਿਤ ਕਰਨਾ ਤੇ ਉਸ ਲਈ ਲੋੜੀਂਦੀ ਮਿਹਨਤ ਕਰਨਾ, ਮੇਰੀ ਜਮਾਂਦਰੂ ਫਿਤਰਤ ਹੈ। ਸਤੰਬਰ 1949 ਵਿਚ ਮੇਰੇ ਪਿਤਾ ਜੀ ਮੇਜਰ ਦੀ ਨੌਕਰੀ ਤੋਂ ਰਿਟਾਇਰ ਹੋ ਗਏ। ਉਹਨਾਂ ਦੀ ਤਨਖਾਹ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਤੋਂ ਘੱਟ ਕੇ ਪੈਨਸ਼ਨ ਤਕਰੀਬਨ ਦੋ ਸੌ ਇਕੱਤੀ ਰੁਪਏ ਹੋ ਗਈ। ਇਕ ਏਕੜ ਦਾ ਸਰਕਾਰੀ ਬੰਗਲਾ ਛੱਡ ਕੇ ਅਸੀਂ ਢਾਈ ਸੌ ਗਜ਼ ਦੇ ਪਿਤਾ ਜੀ ਦੇ ਬਣਾਏ ਤੋਪਖਾਨੇ ਵਾਲੇ ਮਕਾਨ ਵਿਚ ਆ ਗਏ।

ਇਹ ਇਕੱਲੇ ਪਿਤਾ ਜੀ ਲਈ ਹੀ ਨਹੀਂ, ਬਲਕਿ ਪੂਰੇ ਪਰਿਵਾਰ ਲਈ ਕਾਫ਼ੀ ਵੱਡਾ ਝਟਕਾ ਸੀ। ਪਿਤਾ ਜੀ ਕੋਲ ਰਿਟਾਇਰਮੈਂਟ ਵੇਲੇ ਦਸ ਹਜ਼ਾਰ ਰੁਪਏ ਸਨ, ਜੋ ਉਸ ਸਮੇਂ ਕਾਫ਼ੀ ਵੱਡੀ ਰਕਮ ਸੀ। ਕੁਝ ਘਰੇਲੂ ਹਾਲਤਾਂ ਕਰਕੇ ਵੱਡੇ ਭਰਾ ਪਰਮਿੰਦਰ (1933) ਅਤੇ ਉਸ ਤੋਂ ਛੋਟੀ ਭੈਣ ਰੁਪਿੰਦਰ (1935) ਦਾ ਵਿਆਹ ਛੋਟੀ ਉਮਰ ਵਿਚ ਹੀ ਕਰਨਾ ਪਿਆ। ਇਹ ਵਿਆਹ 1950 ਵਿਚ ਹੋਏ ਅਤੇ ਪਿਤਾ ਜੀ ਕੋਲ ਪਈ ਨਕਦ ਰਾਸ਼ੀ ਵੀ ਖਤਮ ਹੋ ਗਈ। ਦੋ ਮਹੀਨੇ ਤੱਕ ਸਰਕਾਰੀ ਅਰਦਲੀ ਵੀ ਸੇਵਾ ਕਰਦੇ ਰਹੇ। ਤਕਰੀਬਨ ਨਵੰਬਰ 1949 ਤੱਕ ਇਹ ਅਰਦਲੀ ਵੀ ਅਲਵਿਦਾ ਕਹਿ ਗਏ।

ਉਸ ਸਮੇਂ ਅਜੇ ਦੇਸ਼ ਦੀ ਵੰਡ ਹੋਈ ਹੀ ਸੀ। ਉਸ ਵੇਲੇ ਕੰਮ ਕਰਨ ਵਾਲੀਆਂ ਮਾਈਆਂ ਦੀ ਮੱਦਦ ਸਸਤੇ ਭਾਅ ‘ਤੇ ਉਪਲਬਧ ਸੀ। ਤਕਰੀਬਨ ਤਿੰਨ ਜਾਂ ਚਾਰ ਰੁਪਏ ਮਹੀਨੇ ਤੇ ਕੰਮ ਵਾਲੀ, ਜੋ ਬਰਤਨ ਅਤੇ ਸਫਾਈਆਂ ਦਾ ਕੰਮ ਕਰਦੀ ਸੀ, ਮਿਲ ਜਾਂਦੀ ਸੀ। ਸਾਡੇ ਘਰ ਵਿਚ ਤਿੰਨ ਮੱਝਾਂ ਸਨ ਅਤੇ ਪਰਿਵਾਰ ਵੀ ਬਹੁਤ ਵੱਡਾ ਸੀ। ਪਹਿਲੇ ਤਿੰਨ ਮਹੀਨੇ ਮਾਤਾ ਜੀ ਨੇ ਦਰਮਿਆਨੀ ਉਮਰ ਦੀਆਂ ਤਿੰਨ ਔਰਤਾਂ ਰੱਖ ਲਈਆਂ। ਅਗਲੇ ਮਹੀਨੇ ਇਕ ਔਰਤ ਹਟਾ ਦਿੱਤੀ ਅਤੇ ਉਸ ਤੋਂ ਅਗਲੇ ਮਹੀਨੇ ਦੂਜੀ ਔਰਤ ਨੂੰ ਵੀ ਹਟਾ ਦਿੱਤਾ। ਤੀਸਰੇ ਮਹੀਨੇ ਮਾਤਾ ਜੀ ਨੇ ਤੀਜੀ ਔਰਤ ਨੂੰ ਮਨਾ ਕਰ ਦਿੱਤਾ। ਇੰਨੀ ਘੱਟ ਆਮਦਨ ਵਿਚ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਹੋ ਰਿਹਾ ਸੀ। ਜਨਵਰੀ 1950 ਤੱਕ ਪਿਤਾ ਜੀ ਸੋਚਣ ਲੱਗੇ ਕਿ ਘਰ ਦਾ ਸਾਰਾ ਕੰਮਕਾਜ ਖੁਦ ਹੀ ਕਰਨਾ ਪੈਣਾ ਹੈ।

ਭੈਣ ਰਾਜਿੰਦਰ (1937) ਜੋ ਇਸ ਵੇਲੇ ਸ਼ਿਕਾਗੋ ਵਿਚ ਰਹਿੰਦੀ ਹੈ, 13 ਸਾਲ ਦੀ ਉਮਰ ਵਿਚ ਹੀ ਮਾਤਾ ਜੀ ਦੀ ਘਰ ਦੇ ਕੰਮਾਂ ਵਿਚ ਸਹਾਇਤਾ ਕਰਨ ਲੱਗੀ। ਮਾਤਾ ਪਿਤਾ ਕੁਝ ਫਿਕਰਮੰਦ ਲੱਗੇ। ਉਸ ਵੇਲੇ ਮੈਂ ਸਿਰਫ਼ ਸੱਤ ਸਾਲ ਦਾ ਹੀ ਸੀ। ਮੈਂ ਪਿਤਾ ਜੀ ਨੂੰ ਕਹਿਣ ਲੱਗਾ,“ ਮੱਝਾਂ ਲਈ ਚਾਰਾ ਤਾਂ ਮੈਂ ਵੀ ਲਿਆ ਸਕਦਾ ਹਾਂ ਪਰ ਜੇ ਤੁਸੀਂ ਮੈਨੂੰ ਸਾਈਕਲ ਉਧਾਰ ਦੇ ਦਿਉ।” ਘਰ ਵਿਚ ਇਕ ਹੀ ਪੁਰਾਣਾ ਸਾਈਕਲ ਸੀ। ਪਿਤਾ ਜੀ ਹੈਰਾਨ ਹੋ ਕੇ ਕਹਿਣ ਲੱਗੇ,“ ਤੂੰ ਤਾਂ ਇੰਨਾ ਛੋਟਾ ਹੈ, ਤੈਨੂੰ ਸਾਈਕਲ ਚਲਾਉਣਾ ਆਉਂਦਾ ਵੀ ਨਹੀਂ।” ਮੈਂ ਕਿਹਾ,“ ਪਿਤਾ ਜੀ, ਮੈਂ ਸਾਈਕਲ

ਤੋਰ ਕੇ ਲੈ ਜਾਇਆ ਕਰਾਂਗਾ। ਬੋਰੀ ਸਾਈਕਲ ਦੇ ਵਿਚਾਲੇ ਰੱਖ ਲਿਆ ਕਰਾਂਗਾ। ਮੈਂ ਬੋਰੀ ਇਸ ਤਰ੍ਹਾਂ ਭਰਵਾ ਲਿਆ ਕਰਾਂਗਾ ਕਿ ਬੋਰੀ ਦਾ ਭਾਰ ਦੋਵੇਂ ਪਾਸੇ ਬਰਾਬਰ ਰਹੇ।" ਮੈਂ ਬੋਰੀ ਵਿਚਾਲੋਂ ਖਾਲੀ ਰਖਵਾ ਲੈਂਦਾ ਸੀ। ਮੈਂ ਇਹ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੈਂ ਵੱਡੀ ਬੋਰੀ ਅੱਧੀ ਕੁ ਭਰ ਲੈਂਦਾ ਅਤੇ ਦੁਕਾਨਦਾਰ ਨੂੰ ਕਹਿ ਕੇ ਇਸ ਤਰ੍ਹਾਂ ਬੋਰੀ ਰਖਵਾ ਲੈਂਦਾ ਕਿ ਬੋਰੀ ਅਰਾਮ ਨਾਲ ਸਾਈਕਲ 'ਤੇ ਵਿਚਾਲੇ ਰੱਖੀ ਜਾ ਸਕੇ। ਸਾਈਕਲ ਨੂੰ ਤੋਰ ਕੇ ਮੈਂ ਘਰ ਆ ਜਾਂਦਾ ਸੀ। ਇਹ ਚਾਰੇ ਦੀ ਦੁਕਾਨ ਪੀਲੀ ਸੜਕ ਤੇ ਸੀ। ਕੜਾਹ ਵਾਲੇ ਚੌਂਕ ਤੋਂ ਕਿਲ੍ਹੇ ਵੱਲ ਜਾਂਦਿਆਂ ਇਹ ਵੱਡੀ ਸੜਕ ਹੈ। ਜਿਥੋਂ ਤਕਰੀਬਨ ਡੇਢ ਸੌ ਗਜ਼ ਅੱਗੇ ਤੋਂ ਕਿਲ੍ਹਾ ਸ਼ੁਰੂ ਹੋ ਜਾਂਦਾ ਹੈ। ਇਹ ਕੰਮ ਪੰਦਰਾਂ ਵੀਹ ਦਿਨ ਚਲਦਾ ਰਿਹਾ। ਇਕ ਦਿਨ ਮੈਂ ਸੋਚਿਆ ਕਿ ਕਿਉਂ ਨਾ ਮੈਂ ਸਾਈਕਲ ਚਲਾਉਣਾ ਸਿਖ ਲਵਾਂ। ਮੈਂ ਪੀਲੀ ਸੜਕ ਤੋਂ ਸ਼ੁਰੂ ਕਰਕੇ ਕੜਾਹ ਵਾਲੇ ਚੌਂਕ ਤੱਕ ਸਾਈਕਲ ਨੂੰ ਹੇਠਾਂ ਵੱਲ ਨੂੰ ਰੇੜਦਾ ਸੀ। ਪਹਿਲੇ ਇਕ ਦੋ ਦਿਨ ਪੈਡਲ ਤੇ ਖੱਬਾ ਪੈਰ ਰੱਖ ਕੇ ਸਾਈਕਲ ਰੋੜਨਾ ਸਿਖਿਆ। ਉਹਨਾਂ ਦਿਨਾਂ ਵਿਚ ਆਬਾਦੀ ਅਤੇ ਟ੍ਰੈਫਿਕ ਬਹੁਤ ਘੱਟ ਸੀ। ਲੋਕਾਂ ਦੀ ਆਮ ਸਵਾਰੀ ਸਾਈਕਲ ਹੀ ਸੀ। ਸਕੂਟਰ ਅਤੇ ਮੋਟਰ ਸਾਈਕਲ ਅਜੇ ਆਏ ਨਹੀਂ ਸਨ। ਕੁਝ ਹੀ ਦਿਨਾਂ ਵਿਚ ਮੈਂ ਕੈਂਚੀ ਮਾਰ ਕੇ ਸਾਈਕਲ ਚਲਾਉਣਾ ਸਿਖ ਲਿਆ। ਪੰਜ ਸੱਤ ਦਿਨ ਕੈਂਚੀ ਮਾਰ ਕੇ ਮੇਰੇ ਅੰਦਰ ਕਾਫ਼ੀ ਆਤਮ ਵਿਸ਼ਵਾਸ ਆ ਗਿਆ। ਜਿਸ ਦਿਨ ਮੈਂ ਸਾਈਕਲ ਦੀ ਕਾਠੀ ਤੇ ਬੈਠ ਕੇ ਘਾਹ ਮੰਡੀ ਦੀ ਢਾਲ (ਕੜਾਹ ਵਾਲੇ ਚੌਂਕ ਵੱਲ) ਤੱਕ ਹੋ ਆਇਆ, ਉਹ ਮੇਰੇ ਲਈ ਬਹੁਤ ਖੁਸ਼ੀ ਵਾਲਾ ਦਿਨ ਸੀ। ਅੱਜ ਵੀ ਮੈਂ ਜਦੋਂ ਉਹ ਦਿਨ ਯਾਦ ਕਰਦਾ ਹਾਂ, ਤਾਂ ਖੁਸ਼ ਹੋ ਜਾਂਦਾ ਹਾਂ।

**ਨੋਟ:-** ਜਦੋਂ ਕਿਲ੍ਹਾ ਮੁਬਾਰਕ ਬਣਿਆ ਤਾਂ ਹਜ਼ਾਰਾਂ ਲੋਕਾਂ ਨੂੰ ਇਸ ਕੰਮ ਲਈ ਦੂਰ ਦੂਰ-ਦੁਰਾਡੇ ਤੋਂ ਬੁਲਾਇਆ ਗਿਆ। ਕਿਲ੍ਹਾ ਹਮੇਸ਼ਾ ਉਚੀ ਜਗ੍ਹਾ ਤੇ ਹੁੰਦਾ ਹੈ। ਇਸ ਲਈ ਹਜ਼ਾਰਾਂ ਮਿੱਟੀ ਦੇ ਗੱਡੇ ਰਾਘੋਮਾਜਰਾ ਅਤੇ ਤੋਪਖਾਨਾ ਦੇ ਇਲਾਕਿਆਂ ਤੋਂ ਮਿੱਟੀ ਪੁਟਵਾ ਕੇ ਕਿਲ੍ਹੇ ਵਾਲੀ ਜਗ੍ਹਾ ਨੂੰ ਉੱਚੀ ਕਰਨ ਲਈ ਸੁਟਵਾਈ ਗਈ। ਇਹੀ ਕਾਰਨ ਹੈ ਕਿ ਰਾਘੋਮਾਜਰਾ ਅਤੇ ਤੋਪਖਾਨੇ ਦਾ ਸਾਰਾ ਇਲਾਕਾ ਨੀਵਾਂ ਹੋ ਗਿਆ ਅਤੇ ਅਕਸਰ ਇਹ ਥਾਵਾਂ ਨਦੀ ਦੇ ਪਾਣੀ ਨਾਲ ਭਰ ਜਾਂਦੀਆਂ ਹਨ।

ਮੈਂ ਪਹਿਲਾਂ ਹੀ ਦਸ ਚੁੱਕਿਆ ਹਾਂ ਕਿ ਕਿਵੇਂ ਮੈਂ ਐੱਮ.ਏ. 18 ਰੁਪਏ ਦੀਆਂ ਦੋ ਕਿਤਾਬਾਂ ਖ਼ਰੀਦ ਕੇ ਕੀਤੀ। ਬਚਪਨ ਤੋਂ ਹੁਣ ਤੱਕ ਮੈਂ ਤਨਦੇਹੀ, ਇਮਾਨਦਾਰੀ ਅਤੇ ਸੰਜਮ ਨਾਲ ਕੰਮ ਕੀਤਾ। 1987 ਵਿਚ ਰੱਬ ਦਾ ਸਹਾਰਾ ਲਿਆ। ਇਹ ਮਨ ਜੋ ਉਸ ਵੇਲੇ ਇਹ ਇਕ ਪੌਦਾ ਸੀ ਪਰ ਅੱਜ ਮੇਰਾ ਮਨ ਫਲ ਫੁੱਲਾਂ ਦਾ ਦਰਖਤ ਬਣ ਗਿਆ ਹੈ।

ਮੈਂ ਐੱਮ.ਏ. ਕਰਨ ਤੋਂ ਬਾਅਦ ਪੀਐੱਚ.ਡੀ. ਕਰਨਾ ਚਾਹੁੰਦਾ ਸੀ। ਮੈਂ ਅਜੇ ਪੀਐੱਚ.ਡੀ ਕਰਨ ਬਾਰੇ ਸੋਚ ਹੀ ਰਿਹਾ ਸੀ ਕਿ 1962 ਵਿਚ ਵਿਚ ਭਾਰਤ ਅਤੇ ਚੀਨ

ਵਿਚ ਲੜਾਈ ਲਗ ਗਈ। ਸਾਰੇ ਦੇਸ਼ ਵਿਚ ਇਸ ਦਾ ਬਹੁਤ ਰੋਹ ਸੀ। ਮੇਰੇ ਮਨ ਵਿਚ ਪੂਰਾ ਜੋਸ਼ ਸੀ, ਮੈਂ ਸੋਚਦਾ ਸੀ ਕਿ ਮੇਰੀ ਜਵਾਨੀ ਕਿਸ ਕੰਮ ਦੀ ਹੈ, ਜੇਕਰ ਮੇਰੇ ਦੇਸ਼ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਗੁੱਸੇ ਅਤੇ ਜੋਸ਼ ਵਿਚ ਆ ਕੇ ਮੈਂ ਫੌਜ ਜਾਇਨ ਕਰ ਲਈ।

**ਇਮਤਿਹਾਨ ਦਾ ਸਮਾਂ:–** ਅਕਤੂਬਰ 1963 ਵਿਚ ਫੌਜ ਜਾਇਨ ਕਰਕੇ ਮੈਂ ਮਈ 1964 ਵਿਚ ਕਮਿਸ਼ੰਡ ਹੋਇਆ। 1965 ਦੀ ਲੜਾਈ ਵਿਚ ਦੋ ਮਹਾਰ ਇਨਫੈਂਟਰੀ ਦਾ ਹਿੱਸਾ ਬਣ ਕੇ ਮੈਂ ਯੁੱਧ ਦਾ ਸਾਹਮਣਾ ਕੀਤਾ। 17 ਸਤੰਬਰ 1965 ਨੂੰ ਸਾਡੇ ਕੰਪਨੀ ਕਮਾਂਡਰ ਮੇਜਰ ਕੁਲਵਿੰਦਰ ਸਿੰਘ ਦੇ ਗੋਲੀ ਵਜਣ ਨਾਲ ਮੈਨੂੰ ਕੰਪਨੀ ਕਮਾਂਡਰ ਬਣਨ ਦਾ ਮੌਕਾ ਮਿਲਿਆ। ਕੁਝ ਦੇਰ ਤਾਂ ਮੈਨੂੰ ਥੋੜ੍ਹਾ ਡਰ ਲੱਗਿਆ। ਸਾਡਾ ਅਸਲਾ ਮੁੱਕ ਚੁੱਕਾ ਸੀ। ਇੰਝ ਹੀ ਲੱਗ ਰਿਹਾ ਸੀ ਕਿ ਦੁਸ਼ਮਣ ਸਾਡੇ ਤੇ ਹਮਲਾ ਕਰੇਗਾ ਅਤੇ ਸਾਨੂੰ ਮਾਰ ਕੇ ਸਾਡੇ ਉਤੋਂ ਦੀ ਲੰਘ ਜਾਵੇਗਾ। ਸਾਡੀ ਰੈਜੀਮੈਂਟ ਦੇ ਕਰਨਲ ਬਖਸ਼ੀ ਕੁਝ ਹੀ ਗਜ਼ ਪਿੱਛੇ ਬੈਠੇ ਸਨ। ਪਰ ਸਾਰਾ ਫ਼ੈਸਲਾ ਮੋਰਚੇ ਵਿਚ ਬੈਠ ਕੇ ਲੜਣਾ ਹੈ ਜਾਂ ਪਿੱਛੇ ਜਾਣਾ ਹੈ, ਮੇਰੇ ਤੇ ਨਿਰਭਰ ਸੀ। ਸਾਡੇ ਸੂਬੇਦਾਰ ਸਾਹਿਬ ਨੇ ਮੈਨੂੰ ਸਲਾਹ ਦਿੱਤੀ ਕਿ ਆਪਾਂ ਪੁਜ਼ੀਸ਼ਨ ਛੱਡ ਕੇ ਪਿੱਛੇ ਚਲੀਏ। ਮੈਂ ਇਸ ਗੱਲ ਨਾਲ ਸਹਿਮਤ ਨਾ ਹੋਇਆ ਕਿਉਂਕਿ ਮੇਰੇ ਪਿੱਛੇ ਗੁਰੂ ਦਾ ਥਾਪੜਾ ਅਤੇ ਪੁਸ਼ਤਾਂ ਦਾ ਇਤਿਹਾਸ ਸੀ।

ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਆਈ। ਉਹਨਾਂ ਦਾ ਬਚਨ ਹੈ–

॥ ਸਵਾ ਲਾਖ ਸੇ ਏਕ ਲੜਾਊਂ ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥

(ਭਾਈ ਨੰਦ ਲਾਲ ਜੀ ਵਾਰ)

ਨੋਟ: ਪੂਰੇ ਵਿਸਥਾਰ 1965 ਦੀ ਲੜਾਈ ਵਿਚ ਦਿੱਤੇ ਜਾ ਚੁੱਕੇ ਹਨ।

ਖੈਰ ਮੈਂ ਨਵੰਬਰ 1965 ਨੂੰ ਟ੍ਰੇਨਿੰਗ ਕੋਰਸ ਮਊ (ਮੱਧ ਪ੍ਰਦੇਸ਼) ਵਿਚ ਟ੍ਰੇਨਿੰਗ ਕਰ ਰਿਹਾ ਸੀ। ਮੈਂ ਅਖ਼ਬਾਰ ਵਿਚ ਪੜ੍ਹਿਆ ਕਿ ਮੈਨੂੰ ਵੀ ਮੈਨਸ਼ੰਡ ਇਨ ਡਿਸਪੈਚ ਅਵਾਰਡ ਮਿਲਿਆ ਹੈ। ਢਾਈ ਕੁ ਸਾਲ ਮੈਂ ਮਿਲਟਰੀ ਪੁਲਿਸ ਕਾਲਕਾ ਵਿਚ ਰਿਹਾ, ਜਿਥੇ ਮੈਂ ਦੋ ਵਾਰ ਆਈ.ਏ.ਐਸ ਦੀ ਪ੍ਰੀਖਿਆ ਦਿੱਤੀ। ਮਿਲਟਰੀ ਪੁਲਿਸ ਦਾ ਸਮਾਂ ਮੇਰੇ ਲਈ ਬਹੁਤ ਖੁਸ਼ਗਵਾਰ ਸੀ।

ਮਾਰਚ 1970 ਨੂੰ ਮੈਂ ਫੌਜ ਵਿਚੋਂ ਰਿਲੀਜ਼ ਹੋ ਕੇ ਵਾਪਸ ਆ ਗਿਆ। ਫੌਜ ਵਿਚ ਰਹਿੰਦਿਆਂ ਮੈਂ ਚਾਲੀ ਹਜ਼ਾਰ ਵਿਚੋਂ ਵੀਹ ਹਜ਼ਾਰ ਰੁਪਏ ਬਚਾਏ। ਮੈਂ ਪਿਤਾ ਜੀ ਦਾ ਸੱਤ ਹਜ਼ਾਰ ਰੁਪਏ ਕਰਜ਼ਾ ਉਤਾਰਨ ਵਿਚ ਵੀ ਮੱਦਦ ਕੀਤੀ। ਬਾਕੀ ਪੈਸਿਆਂ ਵਿਚੋਂ ਮੈਂ ਇਕ ਲੰਬਰੇਟਾ ਸਕੂਟਰ ਖ਼ਰੀਦਿਆ। ਦੱਸ ਹਜ਼ਾਰ ਰੁਪਏ ਨਕਦ ਮੈਂ ਘਰੇ ਲਿਆਂਦੇ। ਮੇਰੇ ਪਿਤਾ ਜੀ ਇਸ ਹਾਲਤ ਨੂੰ ਦੇਖ ਕੇ ਖੁਸ਼ ਨਹੀਂ ਹੋਏ। ਮੈਂ ਪਿਤਾ ਜੀ ਨੂੰ ਭਰੋਸਾ ਦਿਵਾਇਆ ਕਿ ਮੈਂ ਉਹਨਾਂ ਤੇ ਕੋਈ ਭਾਰ ਨਹੀਂ ਬਣਾਂਗਾ। ਮੈਂ ਸੰਜਮ ਨਾਲ 250 ਰੁਪਏ ਮਹੀਨੇ ਨਾਲ ਗੁਜ਼ਾਰਾ ਕਰਾਂਗਾ ਅਤੇ ਇਹ ਪੈਸਾ ਮੇਰੇ ਲਈ ਚਾਰ ਸਾਲ

ਦੀ ਬੇਰੁਜ਼ਗਾਰੀ ਦਾ ਸਮਾਂ ਲੰਘਾ ਦੇਵੇਗਾ। ਮੈਂ ਸੰਜਮ ਨਾਲ 250 ਰੁਪਏ ਮਹੀਨੇ ਨਾਲ ਗੁਜ਼ਾਰਾ ਕਰਦਾ ਰਿਹਾ। 250 ਰੁਪਏ ਵਿਚੋਂ 200 ਰੁਪਏ ਦਾ ਫੁਟਕਲ ਖਰਚਾ। ਵੀਹ ਰੁਪਏ ਮਹੀਨਾ ਪਾਰਟ ਟਾਈਮ ਨੌਕਰ ਅਤੇ ਤੀਹ ਰੁਪਏ ਮਹੀਨਾ ਸਕੂਟਰ ਦਾ ਪੈਟਰੋਲ ਦਾ ਖ਼ਰਚਾ। ਮੈਂ ਸਵੇਰ ਅਤੇ ਰਾਤ ਦਾ ਖਾਣਾ ਆਪ ਬਣਾ ਲੈਂਦਾ ਸੀ। ਨੌਕਰ ਦੁਪਹਿਰ ਦਾ ਖਾਣਾ ਅਤੇ ਦੋ ਕਮਰਿਆਂ ਦੀ ਸਫਾਈ ਕਰਦਾ ਸੀ।

ਇਹ ਮੇਰੇ ਸੰਗਠਿਤ ਹੋਣ ਦੇ ਗੁਣ ਸਨ, ਜਿਸ ਨੇ ਮੈਨੂੰ ਸਾਰੀ ਉਮਰ ਨਮੋਸ਼ੀ ਵਿਚ ਨਹੀਂ ਪੈਣ ਦਿੱਤਾ। ਇਹੀ ਗੁਣਾਂ ਨੇ ਮੇਰੀ ਇਮਾਨਦਾਰੀ ਨਿਭਾਉਣ ਵਿਚ ਬਹੁਤ ਸਹਾਇਤਾ ਕੀਤੀ। ਇਹੀ ਗੁਣਾਂ ਨਾਲ ਸਾਰੀ ਉਮਰ, ਫੌਜ ਵਿਚ, ਪ੍ਰੋਫੈਸਰ ਦੇ ਤੌਰ ਤੇ ਕਾਲਜ ਵਿਚ ਅਤੇ ਆਬਕਾਰੀ ਤੇ ਕਰ ਵਿਭਾਗ ਵਿਚ ਅਫ਼ਸਰ ਦੇ ਤੌਰ ਮੇਰੀ ਸਹਾਇਤਾ ਕੀਤੀ। ਪ੍ਰੋਫੈਸਰ ਦੇ ਤੌਰ ਤੇ ਜਦ ਵੀ ਕੋਈ ਸਮਾਗਮ ਹੋਣਾ ਹੁੰਦਾ ਸੀ, ਸਹਿਜੇ ਹੀ ਪ੍ਰਿੰਸੀਪਲ ਸਾਹਿਬ ਮੇਰਾ ਨਾਂ ਲੈ ਦਿੰਦੇ। ਸਰਕਾਰੀ ਕਾਲਜ, ਟਾਂਡਾ ਵਿਖੇ ਕੋਈ ਪ੍ਰੋਫੈਸਰ ਹੋਸਟਲ ਵਾਰਡਨ ਬਣਨ ਨੂੰ ਤਿਆਰ ਨਹੀਂ ਸੀ। ਮੈਂ ਹੋਸਟਲ ਦਾ ਪਹਿਲਾ ਵਾਰਡਨ ਬਣਿਆ ਅਤੇ ਆਪਣੇ ਗੁਣਾਂ ਕਾਰਨ ਅੱਛਾ ਬੰਦੋਬਸਤ ਕੀਤਾ। ਮੈਂ ਤਿੰਨ ਸਾਲ 1971 ਤੋਂ ਲੈ ਕੇ 1974 ਤੱਕ ਪ੍ਰੋਫੈਸਰ ਰਿਹਾ। ਪਹਿਲਾ ਸਾਲ ਸਰਕਾਰੀ ਕਾਲਜ ਟਾਂਡਾ ਵਿਖੇ ਅਤੇ ਦੋ ਸਾਲ ਸਰਕਾਰੀ ਕਾਲਜ ਨਾਭਾ ਵਿਖੇ ਲਾਏ।

1971 ਦੀ ਲੜਾਈ ਵੇਲੇ ਮੈਂ ਚਾਰ ਸੌ ਵਿਦਿਆਰਥੀਆਂ ਨੂੰ ਖ਼ੂਨ ਦੇਣ ਲਈ ਪ੍ਰੇਰਿਤ ਕੀਤਾ। ਮੈਂ ਤੇ ਤਿੰਨ ਪ੍ਰੋਫੈਸਰਾਂ ਨੇ ਖ਼ੂਨ ਦਿੱਤਾ। ਮੈਂ ਬੱਚਿਆਂ ਨੂੰ ਕਿਹਾ ਕਿ 1965 ਦੀ ਲੜਾਈ ਵੇਲੇ ਮੈਂ ਸਿੱਧਾ ਹੀ ਲੜਾਈ ਦਾ ਹਿੱਸਾ ਸੀ। ਹੁਣ ਤਾਂ ਇਕ ਸ਼ੀਸ਼ੀ ਬੋਤਲ ਹੀ ਖ਼ੂਨ ਦੀ ਦੇਣੀ ਹੈ। ਲੜਾਈ ਦੇ ਦਿਨਾਂ ਵਿਚ ਮੈਂ ਵੀਹ ਕੁ ਵਿਦਿਆਰਥੀਆ ਦਾ ਗਰੁਪ ਬਣਾ ਕੇ ਹੋਸਟਲ ਦੇ ਆਲੇ-ਦੁਆਲੇ ਰੈਕੀ ਕਰਦਾ ਰਹਿੰਦਾ ਸੀ। ਰੈਕੀ ਕਰਨ ਦੌਰਾਨ ਬੱਚਿਆਂ ਵਿਚ ਵੀ ਪੂਰਾ ਹੌਸਲਾ ਅਤੇ ਜੋਸ਼ ਹੁੰਦਾ ਸੀ। ਸਾਡੇ ਹੋਸਟਲ ਵਿਚ ਕੁਝ ਪ੍ਰੋਫੈਸਰਾਂ ਨੇ ਸ਼ਰਾਬ ਪੀ ਲਈ ਅਤੇ ਉਲਟੀਆਂ ਕਰ ਦਿੱਤੀਆਂ। ਮੈਂ ਹੋਸਟਲ ਵਾਰਡਨ ਦਾ ਫਰਜ਼ ਸਮਝਦਿਆਂ ਪ੍ਰਿੰਸੀਪਲ ਨੂੰ ਸ਼ਿਕਾਇਤ ਲਗਾ ਦਿੱਤੀ। ਇਸ ਤੇ ਉਹ ਪ੍ਰੋਫੈਸਰ ਮੇਰੇ ਤੋਂ ਨਰਾਜ਼ ਸਨ। ਕੁਝ ਸਮਾਂ ਉਹ ਮੇਰੇ ਨਾਲ ਨਹੀਂ ਬੋਲੇ। ਪਰ ਮੇਰੇ ਮਨ ਵਿਚ ਖੁਸ਼ੀ ਸੀ ਕਿ ਮੈਂ ਆਪਣਾ ਫਰਜ਼ ਬਾਖੂਬੀ ਇਮਾਨਦਾਰੀ ਨਾਲ ਨਿਭਾਇਆ ਹੈ।

ਅਸਲੀ ਬੰਦੋਬਸਤ ਦੇ ਗੁਣਾਂ ਦੀ ਵਰਤੋਂ ਆਬਕਾਰੀ ਤੇ ਕਰ ਵਿਭਾਗ ਵਿਚ ਹੋਈ। ਚਾਹੇ ਮੈਂ 1974 ਤੋਂ ਲੈ ਕੇ 2001 ਤੱਕ 27 ਸਾਲ ਨੌਕਰੀ ਕਰਨੀ ਸੀ ਪਰ ਅਸਲ ਵਿਚ ਇਹ ਨੌਕਰੀ 22 ਸਾਲ ਹੀ ਕੀਤੀ ਕਿਉਂਕਿ ਪੰਜ ਸਾਲ ਮੈਂ ਛੁੱਟੀ ਲੈ ਕੇ ਅਮਰੀਕਾ ਚਲਾ ਗਿਆ ਸੀ। ਮੇਰੀ ਸਖ਼ਸ਼ੀਅਤ ਵਿਚ ਸਾਰੇ ਗੁਣ ਇਸ ਮਹਿਕਮੇ ਦੀ ਸੇਵਾ ਵਿਚ ਪੂਰੀ ਤਰ੍ਹਾਂ ਪ੍ਰਫੁਲਿਤ ਹੋਏ ਅਤੇ ਮੇਰੇ ਕੋਲ ਜੋ ਗਿਆਨ ਅਤੇ ਗੁਣ ਸੀ, ਪੂਰੀ ਤਰ੍ਹਾਂ ਮਹਿਕਮੇ ਅਤੇ ਸਮਾਜ ਦੇ ਭਲੇ ਲਈ ਲਗਾਇਆ। ਮੇਰੀ ਟ੍ਰੇਨਿੰਗ 11

ਜੁਲਾਈ 1974 ਤੋਂ ਦਸੰਬਰ 1975 ਵਿਚ ਖਤਮ ਹੋਈ। ਡੇਢ ਕੁ ਸਾਲ ਮੈਂ ਈ.ਟੀ.ਓ ਇਨਫੋਰਸਮੈਂਟ ਸੈਂਟਰ ਵਿੰਗ ਪਟਿਆਲੇ ਵਿਚ ਰਿਹਾ। ਤਿੰਨ ਸਾਲ ਮੈਂ ਅਸੈਸਿੰਗ ਅਥਾਰਿਟੀ ਅਤੇ ਈ.ਟੀ.ਓ. ਐਕਸਾਈਜ਼ ਲੁਧਿਆਣਾ ਵਿਖੇ ਰਿਹਾ। ਮੈਂ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਦਾ ਸੀ। ਮੈਂ ਬੱਸਾਂ ਵਿਚ ਹੀ ਸਫ਼ਰ ਕਰਦਾ ਸੀ। ਲੁਧਿਆਣੇ ਨੌਕਰੀ ਕਰਦਿਆਂ ਮੇਰੀ ਮਸ਼ਹੂਰੀ ਸਾਰੇ ਪੰਜਾਬ ਵਿਚ ਹੋ ਗਈ। ਇਸ ਮਸ਼ਹੂਰੀ ਦੇ ਆਧਾਰ ‘ਤੇ 1 ਸਤੰਬਰ 1980 ਨੂੰ ਮੈਨੂੰ ਅਸਿਸਟੈਂਟ ਕਮਿਸ਼ਨਰ ਬਣਾ ਕੇ ਅੰਮ੍ਰਿਤਸਰ ਜ਼ਿਲ੍ਹੇ ਦਾ ਚਾਰਜ ਦਿੱਤਾ ਗਿਆ।

ਅੰਮ੍ਰਿਤਸਰ ਦੀ ਬਦਲੀ ਵੇਲੇ ਮੇਰੀ 38 ਸਾਲ ਦੀ ਉਮਰ ਸੀ। ਹੁਣ ਤੱਕ ਮੇਰੀ ਸਖ਼ਸ਼ੀਅਤ ਵਿਚ ਕਾਫ਼ੀ ਸਪਸ਼ਟਤਾ ਵੀ ਆ ਗਈ ਸੀ। ਮੇਰੇ ਤੇ ਵਗਾਰਾਂ ਆਦਿਕ ਪੈਣ ਲੱਗੀਆਂ, ਜੋ ਕਿ ਹਰ ਇਕ ਜ਼ਿਲ੍ਹਾ ਹੈੱਡ ਤੇ ਪੈਂਦੀਆਂ ਹਨ। ਮੈਂ ਬੜੀ ਨਿਮਰਤਾ ਨਾਲ ਸੀਨੀਅਰ ਅਫ਼ਸਰਾਂ ਨੂੰ ਕਹਿ ਦਿੰਦਾ ਕਿ ਮੈਂ ਅਜਿਹਾ ਕੰਮ ਨਹੀਂ ਕਰਦਾ। ਕੁਝ ਸੀਨੀਅਰ ਅਫ਼ਸਰ ਮੇਰੇ ਤੋਂ ਨਰਾਜ਼ ਵੀ ਸਨ। ਉਸ ਸਮੇਂ ਦੇ ਮੁੱਖ ਮੰਤਰੀ ਸ. ਦਰਬਾਰਾ ਸਿੰਘ ਹੀ ਆਬਕਾਰੀ ਅਤੇ ਕਰ ਵਿਭਾਗ ਮੰਤਰੀ ਸਨ। ਸ੍ਰੀ ਬ੍ਰਿਜ ਭੂਸ਼ਣ ਮਹਿਰਾ ਜੋ ਅੰਮ੍ਰਿਤਸਰ ਐੱਮ.ਐੱਲ.ਏ. ਅਤੇ ਵਿਧਾਨ ਸਭਾ ਦੇ ਸਪੀਕਰ ਸਨ, ਰਾਹੀਂ ਆਪਣੀ ਸਪੋਰਟ ਦਾ ਇਜ਼ਹਾਰ ਕੀਤਾ ਅਤੇ ਮੇਰੀ ਇਮਾਨਦਾਰੀ ਦੀ ਤਾਰੀਫ਼ ਕੀਤੀ।

ਕੁਝ ਕੁ ਦਿਨਾਂ ਵਿਚ ਮੇਰੇ ਬੌਸ ਜੇ.ਐੱਸ. ਕੌਮੀ ਜੋ ਕਿ ਡੀ.ਈ.ਟੀ.ਸੀ. ਜਲੰਧਰ ਡਵੀਜ਼ਨ ਸਨ, ਦੀ ਥਾਂ ਸ. ਸੁਰਿੰਦਰ ਸਿੰਘ ਗਿਆਨੀ ਆ ਗਏ। ਇਹ ਲੁਧਿਆਣੇ ਵੀ ਮੇਰੇ ਬੌਸ ਰਹਿ ਚੁੱਕੇ ਸੀ। ਇਹ ਆਪ ਵੀ ਬਹੁਤ ਇਮਾਨਦਾਰ ਅਫ਼ਸਰ ਸਨ। ਮੇਰਾ ਕੰਮ ਕਾਰ ਅਤੇ ਪ੍ਰਬੰਧ ਕਰਨ ਦਾ ਤਰੀਕਾ ਬਹੁਤ ਸਰਲ ਸੀ। ਅਫ਼ਸਰਾਂ ਨੂੰ ਸਮੇਂ ਸਿਰ ਦਫਤਰ ਆਉਣਾ ਚਾਹੀਦਾ ਹੈ। ਇਸ ਲਈ ਮੈਂ ਨੌਂ ਵਜੇ ਰਜਿਸਟਰ ਲੈ ਕੇ ਖੜ੍ਹ ਜਾਂਦਾ ਸੀ। ਮੈਂ ਇਮਾਨਦਾਰ ਅਫ਼ਸਰਾਂ ਨੂੰ ਹਮੇਸ਼ਾਂ ਆਊਟਸਟੈਂਡਿੰਗ ਐਂਟਰੀ ਦਿੰਦਾ ਸੀ। ਨਵੇਂ ਭਰਤੀ ਅਫ਼ਸਰਾਂ ਨੂੰ ਇਮਾਨਦਾਰੀ ਲਈ ਪ੍ਰੇਰਿਤ ਕਰਦਾ ਅਤੇ ਉਹਨਾਂ ਦੀ ਟ੍ਰੇਨਿੰਗ ਕਰਦਾ ਸੀ। ਉਹਨਾਂ ਨੂੰ ਉਤਸ਼ਾਹਿਤ ਕਰਨ ਲਈ ਦਫਤਰ ਵਿਚ ਬੁਲਾ ਕੇ ਚਾਹ ਆਦਿਕ ਪਿਲਾਉਂਦਾ। ਉਹਨਾਂ ਦੇ ਨਿੱਜੀ ਕੰਮ ਆਪਣੇ ਅਸਲ ਰਸੂਖ ਨਾਲ ਕਰਵਾਉਂਦਾ ਸੀ। ਬੇਈਮਾਨ ਅਫ਼ਸਰਾਂ ਨੂੰ ਐਡਵਰਸ ਰਿਪੋਰਟ ਦੇਣ ਦੀ ਸ਼ਕਤੀ ਵੀ ਮੇਰੇ ਕੋਲ ਸੀ। ਅੰਮ੍ਰਿਤਸਰ ਵਿਖੇ ਮੈਂ ਦੋ ਅਫ਼ਸਰਾਂ ਨੂੰ ਕਰੱਪਸ਼ਨ ਦੀ ਐਂਟਰੀ ਦਿੱਤੀ।

ਮਾਰਚ 1981 ਵਿਚ ਪਹਿਲੀ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਹੋਈ। ਸਾਲਾਨਾ ਨਿਲਾਮੀ ਵੀ ਏ.ਈ.ਟੀ.ਸੀ ਦਾ ਇਮਤਿਹਾਨ ਹੁੰਦਾ ਹੈ। ਮੇਰੇ ਸ਼ਰਾਬ ਦੇ ਠੇਕੇਦਾਰਾਂ ਨਾਲ ਲਿੰਕ ਜ਼ਿਆਦਾ ਨਹੀਂ ਸਨ, ਫਿਰ ਵੀ ਨਿਲਾਮੀ ਵਿਚ ਚੰਗਾ ਵਾਧਾ ਹੋਇਆ।

1981 ਵਿਚ ਮੈਂ ਬੱਚਿਆਂ ਅਤੇ ਪਰਿਵਾਰ ਨਾਲ ਰਹਿਣ ਲਈ ਟ੍ਰੇਨਿੰਗ ਸਕੂਲ ਪਟਿਆਲਾ ਵਿਚ ਬਦਲੀ ਕਰਵਾ ਲਈ। ਕੁਝ ਦਿਨਾਂ ਬਾਅਦ ਹੀ ਮੇਰੀ ਬਦਲੀ ਦਸੰਬਰ 1982 ਹੈੱਡਕੁਆਰਟਰ ਪਟਿਆਲਾ ਵਿਚ ਹੋ ਗਈ। ਦਸੰਬਰ 1982 ਤੋਂ ਲੈ ਕੇ ਮੱਧ 1987 ਤੱਕ ਮੈਂ ਪਟਿਆਲਾ ਜ਼ਿਲ੍ਹੇ ਦਾ ਇੰਚਾਰਜ ਰਿਹਾ। ਮੇਰੀ ਇਹ ਬਦਲੀ ਮੇਰੇ ਅਤੇ ਸਰਕਾਰ ਦੋਹਾਂ ਲਈ ਬਹੁਤ ਅੱਛੀ ਸਾਬਤ ਹੋਈ। ਮੇਰੇ ਬਚਪਨ ਦੇ ਦੋਸਤ ਮੇਰੇ ਕੋਲ ਕੰਮ ਲਈ ਆਉਂਦੇ ਸਨ। ਉਹਨਾਂ ਦਾ ਕੰਮ ਕਰਨ ਵਿਚ ਮੈਨੂੰ ਅਤਿਅੰਤ ਖੁਸ਼ੀ ਹੁੰਦੀ ਸੀ। ਮੇਰਾ ਜੱਦੀ ਪਿੰਡ ਦੁਗਾਲ ਵੀ ਪਟਿਆਲੇ ਵਿਚ ਹੀ ਪੈਂਦਾ ਹੈ। ਉਸੇ ਸਮੇਂ ਵਿਚ ਮੈਂ ਪਟਿਆਲੇ ਨਿਊ ਲਾਲ ਬਾਗ਼ ਵਿਖੇ ਮਕਾਨ ਬਣਾ ਲਿਆ ਅਤੇ ਹਿਮਾਚਲ ਵਿਚ ਆਪਣਾ ਬਾਗ਼ ਵਿਕਸਿਤ ਕੀਤਾ। ਮੈਂ ਸਾਰੀ ਉਮਰ ਸਟੇਸ਼ਨ ਲੀਵ ਤੋਂ ਬਿਨਾਂ ਕਦੇ ਸਟੇਸ਼ਨ ਨਹੀਂ ਛੱਡਿਆ। ਪਟਿਆਲੇ ਵੀ ਮੈਂ ਦੋ ਇੰਸਪੈਕਟਰਾਂ ਨੂੰ ਕਰੱਪਸ਼ਨ ਦੀ ਐਂਟਰੀ ਦਿੱਤੀ।

ਮੈਂ ਸੀਨੀਅਰ ਹੋਣ ਦੇ ਬਾਵਜੂਦ ਵੀ ਫੀਲਡ ਵਿਚ ਕੰਮ ਕਰਨ ਤੋਂ ਝਿੱਜਕਦਾ ਨਹੀਂ ਸੀ। 1985 ਵਿਚ ਕੁਝ ਬਦਮਾਸ਼ ਟਰਾਂਸਪੋਰਟਰ ਧੱਕੇ ਨਾਲ ਪੰਜਾਬ ਵਿਚੋਂ ਚਾਵਲ ਕੱਢ ਕੇ ਬਾਹਰਲੇ ਰਾਜਾਂ ਵਿਚ ਲੈ ਜਾਂਦੇ ਸਨ ਅਤੇ ਸਾਡੇ ਅਫ਼ਸਰਾਂ ਨੇ ਆਪਣੀ ਮਜਬੂਰੀ ਦੱਸੀ। ਟਰੱਕਾਂ ਦੇ ਅੱਗੇ ਹਥਿਆਰਬੰਦ ਗੱਡੀਆਂ ਲਕਾ ਕੇ ਸਮਾਨ ਬਿਨਾਂ ਟੈਕਸ ਦਿੱਤਿਆਂ ਲੈ ਜਾਂਦੇ ਸਨ ਅਤੇ ਰੋਕੇ ਤੇ ਰੁਕਦੇ ਨਹੀਂ ਸਨ। ਮੈਂ ਆਪ ਜਾ ਕੇ ਜੀ.ਟੀ. ਰੋਡ ਤੇ ਖੜ੍ਹ ਗਿਆ। ਸੜਕ ਦੇ ਦੋਹੇਂ ਪਾਸੇ ਇਕ ਇਕ ਗੱਡੀ ਖੜ੍ਹੀ ਕਰ ਦਿੱਤੀ ਤਾਂ ਜੋ ਭੱਜਦੀ ਗੱਡੀ ਨੂੰ ਮਿੰਟਾਂ ਸਕਿੰਟਾਂ ਵਿਚ ਫੜ ਲਿਆ ਜਾ ਸਕੇ। ਉਸ ਸਮੇਂ ਪੰਜਾਬ ਵਿਚ ਸੇਲ ਟੈਕਸ ਬੈਰੀਅਰ ਨਹੀਂ ਸਨ। ਇਸ ਤੋਂ ਇਲਾਵਾ ਮੇਰਾ ਬਾਕੀ ਦਾ ਸਮਾਂ ਸੁੱਖ ਆਰਾਮ ਨਾਲ ਨਿਕਲਿਆ। ਇਥੇ ਮੈਂ ਕਈ ਇਮਾਨਦਾਰ ਅਫ਼ਸਰ ਟ੍ਰੇਂਡ ਅਤੇ ਤੱਕੜੇ ਕੀਤੇ। ਇਹਨਾਂ ਵਿਚ ਕੁਝ ਨਾਮ ਹਨ, ਸ. ਜਰਨੈਲ ਸਿੰਘ ਡੀ.ਈ.ਟੀ.ਸੀ. ਰਿਟਾਇਰਡ, ਸ੍ਰੀਮਤੀ ਸੁਰਿੰਦਰ ਕੌਰ ਰਿਆੜ ਪੀ.ਸੀ.ਐਸ. ਰਿਟਾਇਰਡ, ਸ. ਸ਼ਿਵਦੁਲਾਰ ਸਿੰਘ ਢਿਲੋਂ ਹੁਣ (ਆਈ.ਏ.ਐਸ) ਡੀ.ਸੀ. ਫ਼ਤਹਿਗੜ੍ਹ ਸਾਹਿਬ ਅਤੇ ਮੋਹਨ ਲਾਲ ਸ਼ਰਮਾ ਪੀ.ਸੀ.ਐਸ ਰਿਟਾਇਰ। ਮੈਂ ਆਪਣੇ ਸਾਰੇ ਅਫ਼ਸਰਾਂ ਨੂੰ ਜੀਪ ਕਾਰ ਚਲਾਉਣੀ ਸਿਖਾਈ। ਮੈਂ ਉਹਨਾਂ ਨੂੰ ਸਰਕਾਰੀ ਗੱਡੀ ਡਰਾਈਵਰ ਦੀ ਮੱਦਦ ਤੋਂ ਬਿਨਾਂ ਲਿਜਾ ਕੇ ਰੇਡ ਕਰਨ ਦੀ ਜਾਚ ਸਿਖਾਈ। ਮੈਂ ਅਫ਼ਸਰਾਂ ਨੂੰ ਗੱਡੀ ਆਪੋ ਆਪਣੇ ਘਰੀਂ ਖੜ੍ਹੀ ਕਰਨ ਲਈ ਉਤਸ਼ਾਹਿਤ ਕੀਤਾ। ਕਈ ਵਾਰ ਡਰਾਈਵਰ ਨਾਲ ਲਿਜਾਣਾ ਵੀ ਅਫ਼ਸਰਾਂ ਨੂੰ ਕਾਫ਼ੀ ਨਿਹੱਥਾ ਜਿਹਾ ਬਣਾ ਦਿੰਦਾ ਹੈ।

1987 ਵਿਚ ਮੈਂ ਬਾਗ਼ ਵੇਚਣ ਦੇ ਚੱਕਰ ਵਿਚ ਆਪਣੀ ਬਦਲੀ ਗੁਰਦਾਸਪੁਰ ਜ਼ਿਲ੍ਹੇ ਦੀ ਕਰਵਾ ਲਈ ਪਰ ਕੁਝ ਮਹੀਨਿਆਂ ਬਾਅਦ ਹੀ ਮੈਨੂੰ ਆਪਣੇ ਮਾਤਾ ਪਿਤਾ ਕਰਕੇ ਵਾਪਸ ਪਟਿਆਲੇ ਆਉਣਾ ਪਿਆ।

1992 ਵਿਚ ਮੈਂ ਡੀ.ਈ.ਟੀ.ਸੀ. ਪਟਿਆਲਾ ਡਵੀਜ਼ਨ ਲੱਗਿਆ, ਜਿਥੇ ਮੈਂ 1993 ਵਿਚ ਕਾਮਯਾਬੀ ਨਾਲ ਨਿਲਾਮੀ ਕਰਵਾਈ। ਉਸ ਸਮੇਂ ਪਟਿਆਲਾ ਜ਼ਿਲ੍ਹਾ ਵਿਚ ਲੁਧਿਆਣਾ ਇਕ, ਦੋ, ਤਿੰਨ ਤੋਂ ਇਲਾਵਾ ਪਟਿਆਲਾ, ਰੋਪੜ ਅਤੇ ਸੰਗਰੂਰ ਜ਼ਿਲ੍ਹੇ ਸਨ। ਸ਼ਰਾਬ ਪੱਖੋਂ ਲੁਧਿਆਣਾ ਅਤੇ ਸੰਗਰੂਰ ਬਹੁਤ ਵੱਡੇ ਜ਼ਿਲ੍ਹੇ ਸਨ। ਸੰਗਰੂਰ ਵਿਚ ਕੈਪਟਨ ਅਮਰਜੀਤ ਸਿੰਘ ਚੋਪੜਾ ਜ਼ਿਲ੍ਹੇ ਦੇ ਏ.ਈ.ਟੀ.ਸੀ. ਲੱਗੇ ਹੋਏ ਸਨ। ਇਕ ਈ.ਟੀ.ਓ. ਐਕਸਾਈਜ਼ ਸੰਗਰੂਰ ਲੱਗਾ ਹੋਇਆ ਸੀ, ਜੋ ਏ.ਈ.ਟੀ.ਸੀ ਨੂੰ ਕੁਝ ਨਹੀਂ ਸਮਝਦਾ ਸੀ। ਹਰ ਇਕ ਗੱਲ ਵਿਚ ਉਹ ਈ.ਟੀ.ਓ. ਧੱਕਾ ਕਰਦਾ ਸੀ। ਮੈਂ ਕਮਿਸ਼ਨਰ ਸਾਹਿਬ ਨਾਲ ਗੱਲ ਕੀਤੀ। ਉਹ ਕਹਿਣ ਲੱਗੇ,“ ਤੁਸੀਂ ਵਜੀਰ ਸਾਹਿਬ ਨੂੰ ਅੱਛੀ ਤਰ੍ਹਾਂ ਜਾਣਦੇ ਹੋ, ਸਿੱਧੀ ਗੱਲ ਕਿਉਂ ਨਹੀਂ ਕਰ ਲੈਂਦੇ।” ਉਹਨਾਂ ਦੀ ਬਦਲੀ ਬਾਹਰ ਦੀ ਕਿਉਂ ਨਹੀਂ ਕਰਵਾ ਦਿੰਦੇ। ਮੈਂ ਵਜੀਰ ਸਾਹਿਬ ਨੂੰ ਉਹਨਾਂ ਦੇ ਘਰ ਮਿਲਿਆ। ਉਹ ਮੇਰੀ ਇਮਾਨਦਾਰੀ ਕਰਕੇ ਬਹੁਤ ਇਜ਼ਤ ਕਰਦੇ ਸਨ। 1992 ਦੀਆਂ ਸਰਦੀਆਂ ਵਿਚ ਮੈਂ ਤਕਰੀਬਨ ਸਾਰਾ ਦਿਨ ਉਹਨਾਂ ਦੇ ਘਰ ਬੈਠਾ ਰਿਹਾ। ਸ਼ਾਮ ਨੂੰ ਵਜੀਰ ਸਾਹਿਬ ਕਹਿਣ ਲੱਗੇ ਕਿ ਮੈਨੂੰ ਚਾਰ ਮੰਤਰੀਆਂ ਦੇ ਟੈਲੀਫੋਨ ਇਸ ਈ.ਟੀ.ਓ. ਬਾਰੇ ਆਏ ਹਨ ਅਤੇ ਉਹਨਾਂ ਨੇ ਇਸ ਈ.ਟੀ.ਓ. ਦੀ ਬਦਲੀ ਕਰਨ ਵਿਚ ਆਪਣੀ ਮਜਬੂਰੀ ਦੱਸੀ। ਮੈਂ ਇਹ ਸਾਰਾ ਕੁਝ ਕਮਿਸ਼ਨਰ ਸਾਹਿਬ ਨੂੰ ਦੱਸਿਆ। ਫਿਰ ਮੈਨੂੰ ਰੱਬ ਜੀ ਨੇ ਸੋਝੀ ਦਿੱਤੀ ਅਤੇ ਮੈਂ ਕਮਿਸ਼ਨਰ ਸਾਹਿਬ ਨੂੰ ਇਕ ਚਿੱਠੀ ਲਿਖੀ ਕਿ ਸੰਗਰੂਰ ਜ਼ਿਲ੍ਹੇ ਦਾ ਪਿਛਲੇ ਸਾਲ ਦਾ ਸ਼ਰਾਬ ਦਾ ਰੈਵਿਨਿਊ ਦਸ ਕਰੋੜ ਹੈ ਅਤੇ ਮੈਂ 30% ਦਾ ਵਾਧਾ ਦੇ ਸਕਦਾ ਹਾਂ। ਪਰ ਜੇ ਇਹ ਈ.ਟੀ.ਓ. ਸੰਗਰੂਰ ਰਹਿੰਦਾ ਹੈ ਤਾਂ ਮੈਂ ਕਿਸੇ ਵਾਧੇ ਦਾ ਆਸ਼ਵਾਸਨ ਦੇਣ ਤੋਂ ਅਸੱਮਰਥ ਹਾਂ। ਇਹ ਚਿੱਠੀ ਕਮਿਸ਼ਨਰ ਸਾਹਿਬ ਕੋਲ ਪਹੁੰਚਣ ਦੀ ਦੇਰ ਹੀ ਸੀ, ਕੁਝ ਹੀ ਘੰਟਿਆਂ ਵਿਚ ਇਸ ਈ.ਟੀ.ਓ. ਦੀ ਬਦਲੀ ਹੋ ਗਈ। ਇਹ ਈ.ਟੀ.ਓ. ਸਾਰੀ ਉਮਰ ਮੇਰੇ ਨਾਲ ਔਖਾ ਰਿਹਾ। ਪਰ ਇਹ ਔਖ ਝੱਲਣਾ ਅਤੇ ਆਪ ਤਲਖੀ ਵਿਚ ਨਾ ਆਉਣਾ ਵੀ ਮੈਨੂੰ ਹੁਣ ਤੱਕ ਆ ਗਿਆ ਸੀ। ਮੈਨੂੰ ਇਹ ਤਸੱਲੀ ਹੈ ਕਿ ਮੈਂ ਆਪਣੀ ਡਵੀਜ਼ਨ ਦਾ ਬੰਦੋਬਸਤ ਠੀਕ ਕਰਨ ਲਈ ਇਹੋ ਜਿਹਾ ਮੂੰਹ-ਜੋਰ ਈ.ਟੀ.ਓ. ਸੰਗਰੂਰ ਵਿਚੋਂ ਕੱਢਵਾ ਦਿੱਤਾ। ਮੇਰੀ ਡਵੀਜ਼ਨ ਦੇ ਸਾਰੇ ਜ਼ਿਲ੍ਹਿਆਂ ਦੇ ਨਤੀਜੇ ਮਾਰਚ 1993 ਵਿਚ ਬਹੁਤ ਅੱਛੇ ਰਹੇ।

1993 ਵਿਚ ਮੈਨੂੰ ਬੱਚਿਆਂ ਦੀ ਵਿੱਦਿਆ ਲਈ ਅਮਰੀਕਾ ਜਾਣਾ ਪਿਆ। ਮੈਂ 31 ਏਕੜ ਦਾ ਬਾਗ਼ ਅਤੇ ਪਟਿਆਲੇ ਸ਼ਹਿਰ ਦਾ ਮਕਾਨ ਵੇਚ ਕੇ ਅਮਰੀਕਾ ਰਿਹਾ। ਪੰਜ ਸਾਲ ਦੀ ਛੁੱਟੀ ਖ਼ਤਮ ਹੋਣ ਉਪਰੰਤ ਮੈਂ ਭਾਰਤ ਵਾਪਸ ਆ ਗਿਆ। ਮੇਰੀ ਨੌਕਰੀ ਅਜੇ ਢਾਈ ਸਾਲ ਦੀ ਬਾਕੀ ਸੀ। 2001 ਵਿਚ ਐਡੀਸ਼ਨਲ ਕਮਿਸ਼ਨਰ ਰਿਟਾਇਰ ਹੋਇਆ।1999-2000 ਵਿਚ ਅਸੀਂ ਪਟਿਆਲਾ ਸ਼ਹਿਰ ਵਿਚ ਦਰਮਿਆਨਾ ਜਿਹਾ ਘਰ ਬਣਾਇਆ ਅਤੇ ਇਥੇ ਹੀ ਆਪਣੇ ਬੱਚਿਆਂ ਦਾ ਵਿਆਹ

ਕੀਤਾ। ਅਮਰੀਕਾ ਰਹਿੰਦਿਆਂ ਅਸੀਂ ਪਰਿਵਾਰ ਵਾਂਗ ਰਹੇ ਅਤੇ ਆਪਣੀਆਂ ਕਦਰਾਂ ਕੀਮਤਾਂ ਨੂੰ ਇਕ ਮਿੰਟ ਲਈ ਵੀ ਓਹਲੇ ਨਹੀਂ ਕੀਤਾ।

ਅਸੀਂ ਸਵੇਰੇ ਸ਼ਾਮ ਪਾਠ ਪੂਜਾ ਕਰਦੇ ਅਤੇ ਪੂਰੀ ਤਨਦੇਹੀ ਨਾਲ ਵਪਾਰ ਕਰਦੇ ਸੀ। ਸਾਡੇ ਬੱਚੇ ਪੂਰੇ ਸਿੱਖੀ ਸੰਸਕਾਰਾਂ ਨਾਲ ਪਲੇ ਅਤੇ ਵੱਡੇ ਹੋਏ। ਕਦੇ ਕਿਸੇ ਲੜਕੀ ਨਾਲ ਘੁੰਮਣ ਫਿਰਣ (ਡੇਟ) ਨਹੀਂ ਗਏ।

ਇਹਨਾਂ ਬੰਦੋਬਸਤ ਦੇ ਗੁਣਾਂ ਨਾਲ, ਮੇਰੀ ਤੇ ਮੇਰੀ ਪਤਨੀ ਦੇ ਨਿੱਜੀ ਅਨੁਸ਼ਾਸਨ ਨਾਲ ਸਾਰੇ ਪਰਿਵਾਰ ਨੇ ਅਮਰੀਕਾ ਵਿਚ ਆਪਣੀ ਹੋਂਦ ਨੂੰ ਬਰਕਰਾਰ ਰੱਖਿਆ। ਚੌਦਾਂ ਸਾਲਾਂ ਵਿਚ ਦਸ ਵਪਾਰ ਅਤੇ ਦੋ ਘਰ ਖ਼ਰੀਦੇ। ਅਸੀਂ ਕਦੇ ਵੀ ਬੇਈਮਾਨੀ ਜਾਂ ਟੈਕਸ ਦੀ ਚੋਰੀ ਨਹੀਂ ਕੀਤੀ। ਅਸੀਂ 10 ਵਪਾਰਾਂ ਵਿਚੋਂ ਪੰਜ ਵਪਾਰ ਅਤੇ ਦੋ ਮਕਾਨਾਂ ਵਿਚੋਂ ਇਕ ਮਕਾਨ ਵੇਚ ਦਿੱਤਾ। 2010 ਵਿਚ ਜਦੋਂ ਅਸੀਂ ਮਹਿਸੂਸ ਕੀਤਾ ਕਿ ਸਾਡੇ ਬੱਚੇ ਆਪਣਾ ਅਤੇ ਪਰਿਵਾਰ ਦਾ ਕੰਮ ਕਾਰ ਠੀਕ ਚਲਾ ਰਹੇ ਹਨ। ਉਹਨਾਂ ਵਿਚ ਸਾਰੀ ਜਾਇਦਾਦ ਵੰਡ ਕੇ ਪਟਿਆਲੇ ਆ ਗਏ।

ਬੰਦੋਬਸਤ ਜੀਵਨ ਵਿਚ ਕਾਮਯਾਬੀ ਦੀ ਪ੍ਰਾਪਤੀ ਲਈ ਸਭ ਤੋਂ ਵੱਡੀ ਚਾਬੀ ਹੈ। ਬੰਦੋਬਸਤ ਚਾਹੇ ਘਰ ਦਾ ਹੋਵੇ, ਪਰਿਵਾਰ ਦਾ ਹੋਵੇ, ਜੀਵਨ ਮਰਨ ਦਾ ਹੋਵੇ, ਇਸ ਵਿਚ ਹਰ ਇਕ ਇਨਸਾਨ ਨੂੰ ਨਿਪੁੰਨ ਹੋਣਾ ਚਾਹੀਦਾ ਹੈ ਅਤੇ ਇਹ ਨਿਪੁੰਨਤਾ ਸਾਨੂੰ ਅੱਗੇ ਵੀ ਵੰਡਣੀ ਚਾਹੀਦੀ ਹੈ।

**ਆਬਕਾਰੀ ਤੇ ਕਰ ਵਿਭਾਗ ਵਿੱਚ ਇੰਸਪੈਕਟਰਾਂ ਦੀ ਭਰਤੀ:** 1989 ਵਿੱਚ ਸਾਡੇ ਵਿਭਾਗ ਨੇ 50 ਕੁ ਆਬਕਾਰੀ ਤੇ ਕਰ ਨਿਰੀਖਕਾਂ ਦੀ ਭਰਤੀ ਕਰਨੀ ਸੀ। ਮਹਿਕਮੇ ਵਿੱਚ ਸ. ਭਗਤ ਸਿੰਘ ਆਬਕਾਰੀ ਤੇ ਕਰ ਕਮਿਸ਼ਨਰ ਨੇ ਇਹ ਇਮਤਿਹਾਨ ਕਰਵਾਉਣ ਲਈ ਮੇਰੀ ਇਕੱਲੇ ਦੀ ਡਿਊਟੀ ਲਗਾ ਦਿੱਤੀ। ਮੈਂ ਪੇਪਰ ਛਪਵਾਉਣ ਤੋਂ ਲੈ ਕੇ ਇਮਤਿਹਾਨ ਕਰਵਾਉਣ ਅਤੇ ਪੇਪਰਾਂ ਦੇ ਨੰਬਰ ਲਗਾਉਣ ਤੱਕ ਸਾਰਾ ਕੰਮ ਪੂਰੀ ਯੋਗਤਾ ਅਤੇ ਇਮਾਨਦਾਰੀ ਨਾਲ ਕੀਤਾ। ਇੰਨੀ ਯੋਗਤਾ ਨਾਲ ਕੰਮ ਕੀਤਾ ਕਿ ਉਹਨਾਂ ਦਿਨਾਂ ਵਿੱਚ ਪਬਲਿਕ ਸਰਵਿਸ ਕਮਿਸ਼ਨ ਦੇ ਇਮਤਿਹਾਨਾਂ ਵਿੱਚ ਘਪਲੇਬਾਜ਼ੀ ਚੱਲ ਰਹੀ ਸੀ। ਕਿਸੇ ਦਿਆਨਤਦਾਰ ਵਿਅਕਤੀ ਨੇ ਸਾਡੇ ਇਮਤਿਹਾਨ ਦਾ ਵੇਰਵਾ ਦੇਖ ਕੇ ਕਿਹਾ ਕਿ ਕਮਿਸ਼ਨ ਨੂੰ ਸਾਡੇ ਮਹਿਕਮੇ ਤੋਂ ਸਬਕ ਲੈਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਇਮਤਿਹਾਨ ਕਰਵਾਉਣੇ ਚਾਹੀਦੇ ਹਨ। ਇਸ ਇਮਤਿਹਾਨ ਲਈ ਆਬਕਾਰੀ ਤੇ ਕਰ ਕਮਿਸ਼ਨਰ ਅਤੇ ਪੰਜਾਬ ਸਰਕਾਰ ਨੇ ਮੈਨੂੰ ਬਹੁਤ ਲੰਮਾ ਚੌੜਾ ਸ਼ਲਾਘਾ ਪੱਤਰ ਵੀ ਦਿੱਤਾ। ਇਹ ਇਮਤਿਹਾਨ ਇੰਸਪੈਕਟਰਾਂ ਦਾ ਘੱਟ ਅਤੇ ਮੇਰਾ ਜ਼ਿਆਦਾ ਸੀ।

*****

# ਸਾਡੇ ਅਸੂਲ

ਮੇਰੇ ਪੜਦਾਦਾ ਜੀ, ਦਾਦਾ ਜੀ ਅਤੇ ਪਿਤਾ ਜੀ ਤੋਂ ਮੈਨੂੰ ਇਮਾਨਦਾਰੀ ਦੀ ਸਿੱਖਿਆ ਮਿਲੀ। ਸਾਡੇ ਸਾਰੇ ਬਜ਼ੁਰਗ ਬਹੁਤ ਇਮਾਨਦਾਰ ਅਤੇ ਨੇਕ ਇਨਸਾਨ ਅਫ਼ਸਰ ਸਨ। ਜਿਸ ਕਰਕੇ ਉਹਨਾਂ ਨੂੰ ਉਚੀਆਂ ਪੋਸਟਾਂ 'ਤੇ ਰਹਿਣ ਦਾ ਮੌਕਾ ਮਿਲਿਆ। ਰਾਜ ਚਾਹੇ ਰਾਜੇ ਦਾ ਹੋਵੇ ਚਾਹੇ ਲੋਕ ਰਾਜ ਸਰਕਾਰ ਦਾ, ਇਮਾਨਦਾਰ ਬੰਦਿਆਂ ਦੀ ਤਾਂ ਹਰ ਥਾਂ ਤੇ ਹੀ ਲੋੜ ਹੁੰਦੀ ਹੈ। ਮੇਰੇ ਅਤੇ ਮੇਰੇ ਪਿਤਾ ਜੀ ਦੇ ਸੁਭਾਅ ਵਿਚ ਇਹੀ ਫ਼ਰਕ ਸੀ ਕਿ ਮੈਂ ਆਪਣੇ ਪਿਤਾ ਜੀ ਨਾਲੋਂ ਜ਼ਿਆਦਾ ਆਰਗੇਨਾਈਜ਼ਡ ਸੀ। ਨੌਂ ਭੈਣ ਭਰਾਵਾਂ ਦੇ ਵੱਡੇ ਪਰਿਵਾਰ ਵਿਚ ਜੰਮਪਲ ਹੋ ਕੇ ਮੈਂ ਬਚਪਨ ਵਿਚ ਹੀ ਇਹ ਮਹਿਸੂਸ ਕਰ ਲਿਆ ਸੀ ਕਿ ਪਰਿਵਾਰ ਛੋਟਾ ਹੀ ਹੋਣਾ ਚਾਹੀਦਾ ਹੈ।

ਮੈਂ ਵਾਈ.ਪੀ.ਐਸ. ਸਕੂਲ ਵਿਚ ਨਹੀਂ ਸੀ ਪੜ੍ਹ ਸਕਿਆ। ਇਸ ਲਈ ਮੇਰੀ ਦਿਲੀ ਇੱਛਾ ਸੀ ਕਿ ਮੈਂ ਆਪਣੇ ਬੱਚਿਆਂ ਨੂੰ ਵਾਈ.ਪੀ.ਐਸ. ਜਾਂ ਕਿਸੇ ਹੋਰ ਚੰਗੇ ਸਕੂਲ ਵਿਚ ਪੜ੍ਹਾਵਾਂ। ਮੈਂ ਫੌਜ ਵਿਚ ਜਾ ਕੇ ਇਹ ਮਹਿਸੂਸ ਕੀਤਾ ਕਿ ਔਸਤਨ ਸਕੂਲ ਵਿਚ ਪੜ੍ਹ ਕੇ, ਜੋ ਆਤਮ ਵਿਸ਼ਵਾਸ ਸਾਡੇ ਵਿਚ ਐਮ.ਏ. ਕਰਨ ਤੋਂ ਬਾਅਦ ਵੀ ਨਹੀਂ ਸੀ, ਉਹ ਚੰਗੇ ਸਕੂਲਾਂ ਵਿਚ ਪੜ੍ਹੇ ਦੱਸਵੀਂ ਜਾਂ ਐਫ.ਏ. ਦੇ ਵਿਦਿਆਰਥੀਆਂ ਵਿਚ ਦੇਖਣ ਨੂੰ ਮਿਲਦਾ ਸੀ। ਮੈਂ ਸ਼ੁਰੂ ਤੋਂ ਹੀ ਦੂਰ-ਅੰਦੇਸ਼ੀ ਸੀ ਅਤੇ ਇਸ ਤੋਂ ਇਲਾਵਾ ਜ਼ੋਖਿਮ ਲੈਣ ਤੋਂ ਵੀ ਕਦੇ ਡਰਦਾ ਨਹੀਂ ਸੀ। ਸਾਡੇ ਸਾਰੇ ਜੀਵਨ ਦਾ ਇਤਹਿਾਸ ਇਹਨਾਂ ਗੱਲਾਂ 'ਤੇ ਹੀ ਆਧਾਰਤ ਹੈ। ਮੈਂ ਤਿੰਨ ਸਾਲ ਫੌਜ ਵਿਚ ਲਾ ਕੇ ਮਾਤਾ ਪਿਤਾ ਦਾ ਕਰਜ਼ਾ ਉਤਾਰਿਆ। ਅਗਲੇ ਤਿੰਨ ਸਾਲ ਆਪਣੇ ਵਿਆਹ ਲਈ ਪੈਸੇ ਜੋੜੇ। ਦੂਜੇ ਸ਼ਬਦਾਂ ਵਿਚ 1963 ਵਿਚ ਫੌਜ ਜਾਣ ਤੋਂ ਬਾਅਦ ਮੈਂ ਪਿਤਾ ਜੀ ਤੇ ਇਕ ਪੈਸੇ ਦਾ ਵੀ ਭਾਰ ਨਹੀਂ ਪਾਇਆ।

ਲੇਟ ਵਿਆਹ ਵੀ ਮੈਂ ਇਸੇ ਕਾਰਨ ਹੀ ਕਰਵਾਇਆ। ਮੇਰੇ ਪਿਤਾ ਜੀ ਮੇਰਾ ਵਿਆਹ 21-22 ਸਾਲ ਦੀ ਉਮਰ ਵਿਚ ਕਰਨਾ ਚਾਹੁੰਦੇ ਸਨ। ਪਰੰਤੂ ਮੈਂ ਆਪਣੇ ਪੈਰਾਂ ਤੇ ਖੜ੍ਹਾ ਹੋ ਕੇ ਵਿਆਹ ਕਰਵਾਉਣਾ ਚਾਹੁੰਦਾ ਸੀ। ਮੇਰੇ ਚੰਗੇ ਭਾਗ ਸਨ ਕਿ ਮੇਰੀ ਪਤਨੀ ਵੀ ਇਹੋ ਜਿਹੇ ਨਿਯਮਾਂ ਵਾਲੀ ਮਿਲੀ, ਜੋ ਨੇਕੀ ਅਤੇ ਇਮਾਨਦਾਰੀ ਤੋਂ ਇਲਾਵਾ ਪੜ੍ਹਾਈ ਦੀ ਸ਼ੌਕੀਨ ਸੀ। ਮੇਰੇ ਸੱਸ ਸਹੁਰਾ ਨੇ ਛੇ ਦੇ ਛੇ ਬੱਚੇ ਬਹੁਤ ਚੰਗੀ ਤਰ੍ਹਾਂ ਪੜ੍ਹਾਏ। ਮੇਰੀ ਪਤਨੀ ਜਸਮਿੰਦਰ ਦੀ ਪੜ੍ਹਾਈ ਅਤੇ ਹੋਸਟਲ (ਬਿਰਲਾ

ਇੰਸਟੀਚਿਊਟ ਆਫ਼ ਟੈਕਨੌਲੋਜੀ ਐਂਡ ਸਾਇੰਸ, ਪਿਲਾਨੀ) ਦਾ ਖ਼ਰਚਾ ਉਨਾਂ ਹੀ ਸੀ, ਜਿੰਨੀ ਮੇਰੇ ਸਹੁਰਾ ਸਾਹਿਬ ਦੀ ਪੂਰੀ ਤਨਖਾਹ ਸੀ। ਮੈਂ ਆਪਣੀ ਜ਼ਿੰਦਗੀ ਵਿਚ ਜੋ ਵੀ ਫ਼ੈਸਲਾ ਲੈਣਾ ਚਾਹੁੰਦਾ ਸੀ, ਮੇਰੀ ਪਤਨੀ ਨੇ ਉਸ ਵਿਚ ਮੇਰਾ ਪੂਰਾ ਸਾਥ ਦਿੱਤਾ।

ਇਮਾਨਦਾਰੀ ਕਰਕੇ ਸਾਡੇ ਆਰਥਿਕ ਸਾਧਨ ਘੱਟ ਸਨ ਪਰ ਸੰਜਮ ਨਾਲ ਖ਼ਰਚ ਕਰਨ ਕਰਕੇ ਅਸੀਂ ਸਾਰਾ ਕੁਝ ਕਾਮਯਾਬੀ ਨਾਲ ਸੰਪੰਨ ਕੀਤਾ। ਬੱਚਿਆਂ ਦੀ ਪੜ੍ਹਾਈ ਲਈ ਅਸੀਂ ਬਚਪਨ ਵਿਚ ਵੀ ਔਖੇ ਹੋ ਕੇ ਵਾਈ.ਪੀ.ਐੱਸ. ਸਕੂਲ ਦੀ ਫੀਸ ਦਿੱਤੀ ਪਰ ਸਾਨੂੰ ਤਸੱਲੀ ਹੈ ਕਿ ਅਸੀਂ ਬੱਚਿਆਂ ਨੂੰ ਚੰਗੇ ਸਕੂਲਾਂ ਵਿਚ ਪੜ੍ਹਾਇਆ। ਜਦੋਂ ਬੱਚਿਆਂ ਦੀ ਉਚ ਪੜ੍ਹਾਈ ਦੀ ਗੱਲ ਆਈ ਤਾਂ ਅਸੀਂ ਜ਼ਮੀਨ, ਮਕਾਨ ਵੇਚ ਕੇ ਅਮਰੀਕਾ ਚਲੇ ਗਏ। ਸਾਡੇ ਆਪਣੇ ਖ਼ਰਚੇ ਸੀਮਤ ਸਨ ਪਰ ਉਹਨਾਂ ਨੂੰ ਚੰਗੇ ਸਕੂਲ ਕਾਲਜਾਂ ਵਿਚ ਪੜ੍ਹਾਇਆ।

ਸਾਡੇ ਨਿਯਮਾਂ ਨੇ ਸਾਡੇ ਜੀਵਨ ਵਿਚ ਮਿਹਨਤ ਅਤੇ ਸੁਹਜ ਲਿਆਂਦਾ। ਅਸੀਂ ਸਾਰੇ ਜੀਅ ਭਾਂਡੇ ਮਾਂਜਣ ਜਾਂ ਰੋਟੀ ਬਣਾਉਣ ਤੋਂ ਗੁਰੇਜ਼ ਨਹੀਂ ਸੀ ਕਰਦੇ। ਇਕ ਦੋ ਸਾਲ ਛੱਡ ਕੇ ਅਸੀਂ ਕਦੇ ਪੱਕਾ ਨੌਕਰ ਨਹੀਂ ਰੱਖਿਆ। ਮੇਰੀ ਪਤਨੀ 73 ਸਾਲ ਦੀ ਹੈ ਅਤੇ ਹੁਣ ਵੀ ਸਾਰਾ ਕੰਮ ਆਪ ਕਰਦੀ ਹੈ।

ਅਸੀਂ ਤਰੱਕੀ ਕਰਨੀ ਚਾਹੁੰਦੇ ਸੀ। ਅਸੀਂ ਇਮਾਨਦਾਰੀ ਨਾਲ ਮਸ਼ਹੂਰੀ ਵੀ ਖੱਟੀ ਅਤੇ ਤਰੱਕੀ ਵੀ ਕੀਤੀ। ਮੇਰੀ ਪਤਨੀ ਲੈਕਚਰਾਰ ਭਰਤੀ ਹੋ ਕੇ ਪ੍ਰਿੰਸੀਪਲ ਬਣੀ। ਮੈਂ ਈ.ਟੀ.ਓ. ਭਰਤੀ ਹੋ ਕੇ ਐਡੀਸ਼ਨਲ ਕਮਿਸ਼ਨਰ ਬਣਿਆ, ਜੋ ਮਹਿਕਮੇ ਦੀ ਸਭ ਤੋਂ ਵੱਡੀ ਪਰਮੋਸ਼ਨ ਹੈ। ਸਿਰਫ਼ ਇਕੋ ਹੀ ਧੱਕਾ ਭਾਸਦਾ ਹੈ ਕਿ ਨਾਨ ਪੀ.ਸੀ.ਐੱਸ. ਵਿਚੋਂ ਆਈ.ਏ.ਐੱਸ. ਲਈ ਮੇਰਾ ਨਾਮ ਭੇਜਿਆ ਗਿਆ। ਮੇਰੀ ਇੰਟਰਵਿਊ ਵਿਚ ਯੂ.ਪੀ.ਐੱਸ.ਸੀ ਨੇ ਮੈਨੂੰ ਪਹਿਲੇ ਨੰਬਰ ਤੇ ਰੱਖਿਆ। ਪਰੰਤੂ ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਲਈ ਮੇਰਾ ਨਾਮ ਨਹੀਂ ਭੇਜਿਆ। ਹੁਣ ਕਿਉਂਕਿ ਅਸੀਂ ਅਮਰੀਕਾ ਵਿਚ ਬਹੁਤ ਤਰੱਕੀ ਕਰ ਲਈ ਹੈ, ਇਹੋ ਜਾਪਦਾ ਹੈ ਕਿ ਇਹ ਤਰੱਕੀ ਦਾ ਨਾ ਮਿਲਣਾ ਵੀ ਰੱਬ ਦੀ ਸਕੀਮ ਦਾ ਹਿੱਸਾ ਹੀ ਸੀ। ਜੇ ਮੈਂ ਨੌਕਰੀ ਕਰਦਾ ਰਹਿੰਦਾ ਅਤੇ ਆਈ.ਏ.ਐੱਸ ਬਣ ਵੀ ਜਾਂਦਾ ਤਾਂ ਅੱਜ ਜੋ ਬੱਚਿਆਂ ਦੀ ਪੜ੍ਹਾਈ, ਤਰੱਕੀ ਅਤੇ ਸਤਿਕਾਰ ਬਣਿਆ ਹੋਇਆ ਹੈ, ਸ਼ਾਇਦ ਅਸੀਂ ਹਾਸਲ ਨਾ ਕਰ ਸਕਦੇ। ਹੁਣ ਤੱਕ ਮੈਨੂੰ ਇਹ ਗੱਲ ਵੀ ਸਮਝ ਆ ਗਈ ਹੈ ਕਿ ਪ੍ਰਭੂ ਜੀ ਨੇ ਸਾਰਾ ਇਨਸਾਫ਼ ਕਰ ਦੇਣਾ ਹੈ। ਇਸ ਲਈ ਅਸਲ ਗੱਲ ਪ੍ਰਭੂ ਜੀ ਦੇ ਇਨਸਾਫ਼ ਦੀ ਹੈ ਜੋ ਸਮਾਜ ਦੇ ਇਨਸਾਫ਼ ਤੋਂ ਵੀ ਵੱਡੀ ਹੈ। ਸਮਾਜ ਵਿਚ ਇਨਸਾਫ਼ ਲਈ ਮੈਂ ਸਾਰੇ ਸਾਧਨ ਵਰਤੇ, ਹਾਈਕੋਰਟ ਤੱਕ ਗਿਆ, ਪਰ ਕਾਮਯਾਬ ਨਾ ਹੋ ਸਕਿਆ।

ਬਚਪਨ ਵਿਚ ਜਦ ਸਾਡੇ ਬੱਚੇ ਵਾਈ.ਪੀ.ਐੱਸ. ਤੁਰ ਕੇ ਜਾਂ ਸਾਈਕਲ ਤੇ

ਜਾਂਦੇ ਤਾਂ ਮੇਰਾ ਵੱਡਾ ਲੜਕਾ ਗੁਰਮੀਤ ਕਹਿੰਦਾ,“ ਪਿਤਾ ਜੀ ਫਲਾਣੇ ਈ.ਟੀ.ਓ. ਸਾਹਿਬ ਦੇ ਬੱਚੇ ਤਾਂ ਕਾਰਾਂ ਵਿਚ ਆਉਂਦੇ ਹਨ, ਅਸੀਂ ਤੁਰ ਕੇ ਜਾਂ ਸਾਈਕਲਾਂ ਤੇ ਜਾਂਦੇ ਹਾਂ।” ਮੈਂ ਹੱਸ ਕੇ ਜਵਾਬ ਦਿੰਦਾ,“ ਮੈਂ ਤੁਹਾਨੂੰ ਸੋਨੇ ਦੀਆਂ ਕਿੱਲਾਂ ਲਾ ਰਿਹਾ ਹਾਂ।” ਗੁਰਮੀਤ ਪੁਛਦਾ,“ ਸੋਨੇ ਦੀਆਂ ਕਿੱਲਾਂ ਕੀ ਹਨ।” ਮੈਂ ਕਿਹਾ ਕਰਦਾ ਕਿ ਮੈਂ ਤੁਹਾਨੂੰ ਮਿਹਨਤੀ, ਇਮਾਨਦਾਰ ਅਤੇ ਸੰਜਮੀ ਬਣਾ ਰਿਹਾ ਹਾਂ ਤਾਂ ਕਿ ਤੁਸੀਂ ਆਪਣੇ ਪੈਰਾਂ ਤੇ ਖੜ੍ਹੇ ਹੋ ਸਕੋ। ਮੈਂ ਜਵਾਬ ਵਿਚ ਇਹ ਵੀ ਕਹਿ ਦਿੰਦਾ ਕਿ ਪੌਦਿਆਂ ਨੂੰ ਪਾਣੀ ਅਤੇ ਖਾਦ ਚਾਹੀਦੀ ਹੁੰਦੀ ਹੈ, ਤੇਜ਼ਾਬ ਨਹੀਂ। ਅਸੀਂ ਹੱਕ ਹਲਾਲ ਅਤੇ ਖ਼ੂਨ ਪਸੀਨੇ ਦੀ ਕਮਾਈ ਨਾਲ ਤੁਹਾਨੂੰ ਪਾਲ ਰਹੇ ਹਾਂ। ਜੇ ਕੋਈ ਦੂਜਾ ਅਫ਼ਸਰ ਅਜਿਹਾ ਨਹੀਂ ਕਰ ਰਿਹਾ ਤਾਂ ਮੈਂ ਕੀ ਕਰਾਂ। ਮੈਂ ਤਾਂ ਸਹੀ ਕੰਮ ਕਰ ਰਿਹਾ ਹਾਂ। ਇਕ ਵਾਰ ਤਾਂ ਰੱਬ ਨੇ ਇਹ ਵੀ ਕਹਾ ਦਿੱਤਾ ਕਿ ਜਦ ਤੁਸੀਂ ਅਮਰੀਕਾ ਵਿਚ ਮਰਸਡੀਜ਼ ਵਿਚ ਸੈਰ ਕਰੋਗੇ ਤਾਂ ਇਹਨਾਂ ਬੱਚਿਆਂ ਨੂੰ ਤੁਸੀਂ ਰੁਲਦੇ ਦੇਖੋਗੇ। ਅਮਰੀਕਾ ਆਉਣ ਤੇ ਰੱਬ ਜੀ ਨੇ ਐਸਾ ਦਿਖਾ ਵੀ ਦਿੱਤਾ।

ਮੈਂ 1974 ਵਿਚ ਮਹਿਕਮੇ ਵਿਚ ਈ.ਟੀ.ਓ. ਭਰਤੀ ਹੋ ਗਿਆ। ਉਸ ਵੇਲੇ ਸਾਡੇ ਨਾਲ 8 ਈ.ਟੀ.ਓ. ਅਤੇ 29 ਅਸਿਸਟੈਂਟ ਈ.ਟੀ.ਓ. ਭਰਤੀ ਹੋਏ ਸਨ। ਇਹਨਾਂ 37 ਅਫ਼ਸਰਾਂ ਵਿਚੋਂ 25% ਨੌਕਰੀ ਦੌਰਾਨ ਹੀ ਸ਼ਰਾਬ ਆਦਿ ਨਾਲ ਮਰ ਗਏ ਸਨ। ਹੁਣ ਜਦ ਕਿ ਮੇਰੇ ਜੀਵਨ ਦੀ ਸ਼ਾਮ ਹੈ, ਸੋਚਣ ਦਾ ਅਤੇ ਪਿਛਲੀ ਸਾਰੀ ਕਾਰਜਗੁਜਾਰੀ ਤੇ ਝਾਤ ਮਾਰਨ ਦਾ ਵੀ ਖੁਲ੍ਹਾ ਸਮਾਂ ਹੈ। ਆਰਥਿਕ ਤੌਰ ਤੇ ਵੀ ਅਸੀਂ ਬੇਈਮਾਨ ਲੋਕਾਂ ਤੋਂ ਜ਼ਿਆਦਾ ਪਿੱਛੇ ਨਹੀਂ। ਸਾਰੀ ਉਮਰ ਅਸੀਂ ਬੱਚਿਆਂ ਦੀ ਕੋਈ ਟਿਊਸ਼ਨ ਨਹੀਂ ਰੱਖੀ। ਮੇਰੀ ਪਤਨੀ ਜਾਂ ਉਸ ਦੀਆਂ ਭੈਣਾਂ ਬੱਚਿਆਂ ਦੀ ਪੜ੍ਹਾਈ ਵਿਚ ਮੱਦਦ ਕਰਦੀਆਂ ਸਨ।

**ਗਿਣਤੀ ਮਿਣਤੀ ਕਰਨਾ-** ਜਿਸ ਚੀਜ਼ ਨੇ ਸਾਡਾ ਸਾਥ ਦਿੱਤਾ ਉਹ ਇਹ ਸੀ ਕਿ ਅਸੀਂ ਹਰ ਵੇਲੇ ਆਪਣੀ ਲੋੜ ਲਿਖ ਲੈਂਦੇ ਸੀ। (ਉਦਾਹਰਣ ਦੇ ਤੌਰ) ਤੇ 1976 ਵਿਚ ਪਹਿਲੀ ਵਾਰ ਮੈਂ ਸੋਚਿਆ ਅਤੇ ਲਿਖਿਆ ਕਿ ਮੈਨੂੰ 500 ਗਜ਼ ਦਾ ਸ਼ਹਿਰੀ ਪਲਾਟ, ਤੀਹ ਏਕੜ ਜ਼ਮੀਨ, ਡਿਪਟੀ ਐਕਸਾਈਜ਼ ਕਮਿਸ਼ਨਰ ਦਾ ਰੈਂਕ, ਪੰਜਾਹ ਸਾਲ ਦੀ ਉਮਰ ਵਿਚ ਪੁਰਾਣੀ ਕਾਰ ਅਤੇ ਰਿਟਾਇਰਮੈਂਟ ਤੇ ਇਕ ਲੱਖ ਰੁਪਏ ਨਕਦ ਅਤੇ ਇਕ ਨਵੀਂ ਫੀਏਟ ਕਾਰ ਚਾਹੀਦੀ ਹੈ। ਇਹ ਸਾਰਾ ਟਾਰਗੇਟ ਸਾਡਾ ਚਾਰ ਪੰਜ ਸਾਲ ਵਿਚ ਹੀ ਪੂਰਾ ਹੋ ਗਿਆ। 1975-76 ਤੱਕ ਸਾਡੇ ਕੋਲ ਬਚਾਏ ਹੋਏ 12000 ਰੁਪਏ ਨਕਦ ਸੀ। ਐਮਰਜੈਂਸੀ ਲੱਗਣ ਕਾਰਨ ਪਲਾਟ ਕਾਫ਼ੀ ਸਸਤੇ ਹੋ ਗਏ। ਅਸੀਂ ਰਘੁਬੀਰ ਨਗਰ ਵਿਖੇ 270 ਗਜ਼ ਦਾ ਪਲਾਟ ਪੰਜਾਹ ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਲੈ ਲਿਆ। ਦੋ ਸਾਲਾਂ ਬਾਅਦ ਪਲਾਟ ਦੀ ਕੀਮਤ 200 ਰੁਪਏ ਪ੍ਰਤੀ ਗਜ਼ ਹੋ ਗਈ। ਨਿਊ ਲਾਲ ਬਾਗ ਦੇ ਪਲਾਟ 99 ਸਾਲਾ ਸਨ ਅਤੇ ਆਮ ਨਾਲੋਂ ਅੱਧੀ ਕੀਮਤ

ਤੇ ਸਨ। ਅਸੀਂ ਇਹ ਪਲਾਟ ਵੇਚ ਕੇ ਪੰਜ ਸੌ ਗਜ਼ ਦਾ ਪਲਾਟ ਨਿਊ ਲਾਲ ਵਿਖੇ ਲੈ ਲਿਆ। ਇਸ ਤਰ੍ਹਾਂ ਹੀ ਜ਼ਮੀਨ ਦਾ ਹੋਇਆ। ਮੇਰੇ ਕੋਲ ਜੱਦੀ ਪਿੰਡ ਦੁਗਾਲ ਵਿਖੇ ਦਸ ਏਕੜ ਜ਼ਮੀਨ ਸੀ, ਜੋ ਪਿਤਾ ਜੀ ਦੀ ਮਨਜ਼ੂਰੀ ਨਾਲ 1978 ਵਿਚ ਸੱਠ ਹਜ਼ਾਰ ਰੁਪਏ ਵਿਚ ਵੇਚ ਦਿੱਤੀ। 53000 ਰੁਪਏ ਖ਼ਰਚ ਕੇ ਸਾਨੂੰ ਹਿਮਾਚਲ ਵਿਚ ਇਕੱਤੀ ਏਕੜ ਜ਼ਮੀਨ ਮਿਲ ਗਈ। ਇਸ ਤਰ੍ਹਾਂ ਹੀ ਚਾਲੀ ਹਜ਼ਾਰ ਰੁਪਏ ਸਰਕਾਰ ਤੋਂ ਲੋਨ ਲੈ ਕੇ ਅਸੀਂ ਇਕ ਪੁਰਾਣੀ ਫੀਏਟ ਕਾਰ ਖਰੀਦ ਲਈ। ਅਸੀਂ ਜੋ ਕੁਝ ਸੋਚਿਆ ਸੀ ਉਹ ਦਿਨਾਂ ਵਿਚ ਹੀ ਪੂਰਾ ਹੋ ਗਿਆ। ਇਹੀ ਨਜ਼ਰੀਆ ਅਸੀਂ ਸਾਰੀ ਉਮਰ ਰੱਖਿਆ। ਇਸ ਅਸੂਲ ਨੇ ਸਾਨੂੰ ਸਾਰੀ ਉਮਰ ਸੌਖ ਵਿਚ ਰੱਖਿਆ। 1993 ਵਿਚ ਅਸੀਂ ਅਮਰੀਕਾ ਜਾ ਕੇ ਮਹਿਸੂਸ ਕੀਤਾ ਕਿ ਦੋ ਕੁ ਹਜ਼ਾਰ ਡਾਲਰ ਮਹੀਨਾ ਗਰੀਬੀ ਦਾਵਾ ਹੈ ਅਤੇ ਦਸ ਹਜ਼ਾਰ ਡਾਲਰ ਪ੍ਰਤੀ ਮਹੀਨਾ ਅਮੀਰੀ ਆਮਦਨ ਹੈ। 1998 ਤੱਕ ਅਸੀਂ ਦਸ ਹਜ਼ਾਰ ਡਾਲਰ ਮਹੀਨੇ ਦਾ ਕਮਾਉਣ ਲੱਗੇ। ਸਾਨੂੰ ਇਸ ਨਾਲ ਕਾਫ਼ੀ ਸੰਤੁਸ਼ਟੀ ਸੀ। ਇਹੀ ਸਿੱਖਿਆ ਅਸੀਂ ਆਪਣੇ ਬੱਚਿਆਂ ਨੂੰ ਵੀ ਦਿੱਤੀ। ਅਮਰੀਕਾ ਜਾ ਕੇ ਛੋਟਾ ਬੱਚਾ ਗੁਰਜੀਤ ਅਠਾਰਾਂ ਸਾਲ ਪੜ੍ਹਿਆ। ਇਸ ਪੜ੍ਹਾਈ ਦੌਰਾਨ ਸਾਡੀ ਹਿੰਮਤ ਅਤੇ ਮਦਦ ਤੋਂ ਇਲਾਵਾ ਉਸ ਨੇ ਸਵਾ ਲੱਖ ਡਾਲਰ ਕਰਜ਼ਾ ਵੀ ਲਿਆ। ਪਿਛਲੇ ਅੱਠ ਕੁ ਸਾਲਾਂ ਤੋਂ ਉਹ ਹਸਪਤਾਲ ਵਿਚ ਨੌਕਰੀ ਕਰ ਰਿਹਾ ਹੈ ਅਤੇ ਅੱਛੀ ਤਨਖਾਹ ਲੈ ਰਿਹਾ ਹੈ। ਉਸ ਨੇ ਸਾਰੇ ਕਰਜ਼ੇ ਮੁਕਾ ਦਿੱਤੇ ਹਨ ਅਤੇ ਸਥਿਰ ਜੀਵਨ ਬਤੀਤ ਕਰ ਰਿਹਾ ਹੈ। ਉਸ ਦਾ ਵਿਆਹ ਸਮੇਂ ਸਿਰ ਕਰ ਦਿੱਤਾ ਸੀ। ਉਸ ਦੀ ਪਤਨੀ ਵੀ ਡਾਕਟਰ ਹੈ ਅਤੇ ਇਹਨਾਂ ਦੇ ਦੋ ਬੱਚੇ ਹਨ।

ਵੱਡਾ ਲੜਕਾ ਗੁਰਮੀਤ ਚਾਰ ਸਾਲ ਪੜ੍ਹ ਕੇ ਵਪਾਰ ਕਰ ਰਿਹਾ ਹੈ। ਇਹ ਵੀ ਬਹੁਤ ਸੰਜਮੀ ਅਤੇ ਇਮਾਨਦਾਰ ਵਪਾਰੀ ਹੈ। ਇਸ ਦੀ ਪਤਨੀ ਡਾਕਟਰ ਹੈ ਅਤੇ ਇਹਨਾਂ ਦੇ ਦੋ ਬੱਚੇ ਹਨ।

2010 ਵਿਚ ਅਸੀਂ ਅਮਰੀਕਾ ਤੋਂ ਵਾਪਸ ਆਉਣ ਲੱਗਿਆਂ ਪੰਜ ਕਾਰੋਬਾਰ ਅਤੇ ਇਕ ਮਕਾਨ ਦੋਨੋਂ ਬੱਚਿਆਂ ਵਿਚ ਵੰਡ ਕੇ ਆ ਗਏ। ਦੋਹੇਂ ਬੱਚੇ ਅੰਮ੍ਰਿਤਧਾਰੀ ਹਨ। ਕਹਿਣ ਦਾ ਭਾਵ ਹੈ ਕਿ ਸਾਡੇ ਅਸੂਲ ਵੀ ਠੀਕ ਰਹੇ, ਆਮਦਨੀ ਵੀ ਅਤੇ ਬੱਚਿਆਂ ਦੀ ਵਿੱਦਿਆ ਵੀ ਬਹੁਤ ਸੋਹਣੀ ਹੋ ਗਈ। ਇਹ ਸਭ ਗੁਰੂ ਜੀ ਦੀ ਸਿੱਖਿਆ ਅਤੇ ਰੱਬ ਜੀ ਦੀ ਕ੍ਰਿਪਾ ਨਾਲ ਹੋਇਆ।

ਦੋਹੇਂ ਬੱਚੇ ਅਮਰੀਕਾ ਦੇ ਹਿਸਾਬ ਨਾਲ ਵੀ ਅਮੀਰ ਕਹੇ ਜਾ ਸਕਦੇ ਹਨ। ਦੋਹੇਂ ਬੱਚਿਆਂ ਦੇ ਬੱਚੇ ਵੀ ਅਜਿਹੇ ਨਿਯਮਾਂ ਨਾਲ ਹੀ ਪਲ ਰਹੇ ਹਨ ਅਤੇ ਵੱਡੇ ਹੋ ਰਹੇ ਹਨ। ਕਿਸੇ ਇਨਸਾਨ ਦੀ ਕਾਮਯਾਬੀ ਇਕੱਲੀ ਉਸ ਦੀ ਕਾਮਯਾਬੀ ਨਹੀਂ ਹੁੰਦੀ। ਉਸ ਦੇ ਪਰਿਵਾਰ ਦੀ ਕਾਮਯਾਬੀ ਹੁੰਦੀ ਹੈ। ਜਿਵੇਂ ਸਾਡੀ ਕਾਮਯਾਬੀ ਸਿਰਫ਼ ਸਾਡੀ ਨਹੀਂ ਸਾਡੇ ਬੱਚਿਆਂ ਦੀ ਵੀ ਹੈ ਅਤੇ ਉਹਨਾਂ ਦੀ ਕਾਮਯਾਬੀ ਸਾਡੀ ਕਾਮਯਾਬੀ ਹੈ।

ਅਸਲ ਗੱਲ ਇਹ ਹੈ ਕਿ ਬਹੁਤ ਸਾਰੇ ਦੁਨੀਆ ਦੇ ਲੋਕ ਸਰੀਰਕ ਤੌਰ ਤੇ ਸੋਚਦੇ ਹਨ। ਮਨ ਦਾ ਇਕ ਹਿੱਸਾ ਜੋ ਸਰੀਰ ਹੁੰਦਾ ਹੈ, ਉਹ ਭਾਰੂ ਹੁੰਦਾ ਹੈ। ਅਸੀਂ ਬੱਚਿਆਂ ਨੂੰ ਸ਼ੁਰੂ ਤੋਂ ਅਧਿਆਤਮਕ ਤੌਰ ਤੇ ਸੋਚਣਾ ਸਿਖਾਇਆ। ਕੋਈ ਵੀ ਇਨਸਾਨ ਜੋ ਆਪਣੇ ਅੰਤਹਕਰਨ ਤੋਂ ਸਿੱਖਿਆ ਲੈਂਦਾ ਹੈ ਅਤੇ ਜੀਵਨ ਨੂੰ ਜਿਊਂਦਾ ਹੈ, ਉਹ ਇਨਸਾਨ ਆਪਣੀ ਜ਼ਿੰਦਗੀ ਵਿਚ ਸਮਾਜਿਕ, ਆਰਥਿਕ ਅਤੇ ਅਧਿਆਤਮਕ ਤੌਰ ਤੇ ਜ਼ਰੂਰ ਤਰੱਕੀ ਕਰਦਾ ਹੈ।

*****

# ਇਨਸਾਫ਼ ਪਸੰਦ

ਮੇਰੇ ਪਿਤਾ ਸ਼ੁਰੂ ਤੋਂ ਹੀ ਮੇਰੇ ਤੇ ਬਹੁਤ ਇਤਬਾਰ ਕਰਦੇ ਸਨ। 1956-57 ਵਿਚ ਪਿਤਾ ਜੀ ਦੀ ਉਮਰ ਪੰਜਾਹ ਕੁ ਸਾਲ ਸੀ। ਪਰ ਉਹ ਮਹਿਸੂਸ ਕਰਨ ਲੱਗੇ ਕਿ ਉਹ ਕਿਸੇ ਵੀ ਸਮੇਂ ਜਾ ਸਕਦੇ ਹਨ। ਜਦੋਂ ਮੈਂ ਬਾਲਗ ਹੋਇਆ ਤਾਂ ਪਿਤਾ ਜੀ ਨੇ ਸਾਰੀ ਜ਼ਮੀਨ ਜਾਇਦਾਦ ਦੀ ਪਾਵਰ ਆਫ ਆਟਰਨੀ ਮੇਰੇ ਨਾਂ ਕਰ ਦਿੱਤੀ। ਇਸ ਦਾ ਭਾਵ ਸੀ ਕਿ ਪਿਤਾ ਜੀ ਦੇ ਦੇਹਾਂਤ ਤੋਂ ਬਾਅਦ ਸਾਰੇ ਪਰਿਵਾਰ ਬਾਰੇ ਮੈਨੂੰ ਫ਼ੈਸਲੇ ਲੈਣ ਦਾ ਪੂਰਾ ਹੱਕ ਸੀ। ਇਸ ਗੱਲ ਦਾ ਸਾਰੇ ਰਿਸ਼ਤੇਦਾਰਾਂ ਨੂੰ ਹੌਲੀ ਹੌਲੀ ਪਤਾ ਲੱਗ ਗਿਆ। ਮੇਰੀ ਸਭ ਤੋਂ ਵੱਡੀ ਭੈਣ ਰੁਪਿੰਦਰ ਕੌਰ (1935-2018) ਦੇ ਪਤੀ ਸ. ਹਰਨੇਕ ਸਿੰਘ (ਜੀਜਾ ਜੀ) ਪਟਿਆਲੇ ਦੇ ਵੱਡੇ ਪਰਿਵਾਰ ਰਾਜਾ ਗੁਰਦਿੱਤ ਸਿੰਘ ਰੇਤਗੜ੍ਹੀਏ ਦੇ ਪੋਤੇ ਸਨ। ਉਹ ਮੇਰੇ ਪਿਤਾ ਜੀ ਨੂੰ ਮੇਜਰ ਸਾਹਿਬ ਕਹਿ ਕੇ ਬੁਲਾਉਂਦੇ ਸਨ। ਇਕ ਦਿਨ ਜੀਜਾ ਜੀ ਕਹਿਣ ਲੱਗੇ," ਮੇਜਰ ਸਾਹਿਬ ਸਾਰਾ ਕੁਝ ਤਾਂ ਤੁਸੀਂ ਕਾਕਾ ਅਮਰਜੀਤ ਨੂੰ ਦੇ ਦਿੱਤਾ ਹੈ, ਬਾਕੀਆਂ ਨੂੰ ਡੰਡੇ ਘੜਾ ਕੇ ਦੇ ਦਿਓ।" ਪਿਤਾ ਜੀ ਕਹਿਣ ਲੱਗੇ,"ਕਾਕਾ ਮੈਨੂੰ ਤੁਹਾਡੀ ਗੱਲ ਸਮਝ ਨਹੀਂ ਆਈ।" ਉਹ ਕਹਿਣ ਲੱਗੇ," ਮੇਜਰ ਸਾਹਿਬ ਤੁਸੀਂ ਪਿੰਡਾਂ ਵਿਚ ਘੱਟ ਜਾਂਦੇ ਹੋ। ਡੰਡਾ ਘੜਾ ਕੇ ਦੇਣ ਦਾ ਮਤਲਬ ਹੈ ਕਿ ਬਾਕੀਆਂ ਕੋਲ ਤਾਂ ਕੁਝ ਵੀ ਨਹੀਂ ਰਹੇਗਾ ਉਹ ਤਾਂ ਡੰਡੇ ਹੀ ਵਜਾਉਣਗੇ।" ਮੈਂ ਉਹਨਾਂ ਦੀ ਸਾਰੀ ਗੱਲਬਾਤ ਸੁਣ ਰਿਹਾ ਸੀ। ਪਿਤਾ ਜੀ ਨੇ ਜੀਜਾ ਜੀ ਨੂੰ ਕਿਹਾ," ਅਮਰਜੀਤ ਐਸਾ ਬੱਚਾ ਨਹੀਂ ਹੈ। ਉਹ ਕਿਸੇ ਨਾਲ ਵੀ ਧੱਕਾ ਨਹੀਂ ਕਰੇਗਾ। ਉਹ ਸਭ ਦਾ ਹਿੱਸਾ ਪੂਰੇ ਇਨਸਾਫ਼ ਨਾਲ ਦੇਵੇਗਾ।"

ਸਮਾਂ ਬੀਤਦਾ ਗਿਆ। ਮੈਂ ਐਮ.ਏ. ਕਰਕੇ 6 ਸਾਲ ਬਾਅਦ ਫੌਜ ਤੋਂ ਰਿਲੀਜ਼ ਹੋ ਕੇ 1970 ਵਿਚ ਆਪਣੇ ਪਿੰਡ ਦੁਗਾਲ ਆ ਗਿਆ। 16 ਮਹੀਨੇ ਤੱਕ ਮੈਂ ਪਿੰਡ ਵਿਚ ਰਿਹਾ। ਪਿਤਾ ਜੀ ਰਿਸ਼ਟ ਪੁਸ਼ਟ ਸਨ। ਇਕ ਦਿਨ ਪਿਤਾ ਜੀ ਕਾਗਜ਼ ਪੈਨਸਿਲ ਦੇ ਕੇ ਕਹਿਣ ਲੱਗੇ," ਕਾਕਾ ਤੂੰ ਜ਼ਮੀਨ ਹੀ ਵੰਡ ਦੇ।" ਮੈਂ ਜ਼ਮੀਨ ਇਸ ਪ੍ਰਕਾਰ ਵੰਡੀ। ਸਾਡੇ ਕੋਲ ਕੁੱਲ 37 ਏਕੜ ਜ਼ਮੀਨ ਸੀ। ਵੱਡੇ ਭਰਾ ਪਰਮਿੰਦਰ ਤਹਿਸੀਲਦਾਰ ਨੂੰ ਪੰਜ ਏਕੜ ਅੱਛੀ ਜ਼ਮੀਨ। ਛੋਟੇ ਤਿੰਨ ਭਰਾਵਾਂ ਜਗਜੀਤ, ਸਤਵੰਤ ਅਤੇ ਗੁਰਵੰਤ ਨੂੰ ਪੰਜ ਪੰਜ ਏਕੜ ਅੱਛੀ ਜ਼ਮੀਨ ਅਤੇ ਆਪਣੇ ਹਿੱਸੇ ਮੈਂ ਟਿੱਬਿਆਂ ਵਾਲੀ ਦਸ ਏਕੜ ਜ਼ਮੀਨ ਰੱਖੀ। ਇਹ ਜ਼ਮੀਨ ਜ਼ਿਆਦਾ ਉਪਜਾਊ ਨਹੀਂ ਸੀ ਤੇ

ਇਹ ਪੰਜ ਏਕੜ ਦੇ ਬਰਾਬਰ ਹੀ ਸੀ। ਬਚੀ ਹੋਈ ਸੱਤ ਏਕੜ ਜ਼ਮੀਨ ਅਤੇ ਤੋਪਖਾਨਾ, ਪਟਿਆਲੇ ਵਾਲਾ ਘਰ ਮਾਤਾ ਪਿਤਾ ਜੀ ਕੋਲ ਰਹਿ ਗਿਆ। ਵੱਡੇ ਭਰਾ ਪਰਮਿੰਦਰ ਨੇ 1975 ਵਿਚ ਅਤੇ ਮੈਂ ਆਪਣੀ ਜ਼ਮੀਨ ਦਾ ਹਿੱਸਾ 1978 ਵੇਚ ਦਿੱਤਾ ਸੀ।ਕੁਝ ਦੇਰ ਬਾਅਦ ਸਾਂਝੇ ਘਰੇਲੂ ਕੰਮਾਂ ਲਈ ਪਿਤਾ ਜੀ ਨੇ ਮੇਰੇ ਨਾਲ ਸਲਾਹ ਕਰ ਕੇ ਚਾਰ ਏਕੜ ਜ਼ਮੀਨ ਹੋਰ ਵੇਚ ਦਿੱਤੀ। 1982 ਵਿਚ ਸਾਰੇ ਛੋਟੇ ਭਰਾ ਅਮਰੀਕਾ ਜਾ ਚੁੱਕੇ ਸਨ ਤੇ ਪਿੰਡ ਦੀ ਬਚਦੀ ਸਾਰੀ ਜ਼ਮੀਨ ਗਹਿਣੇ ਪਾਉਣੀ ਪਈ। ਸਾਰੀ ਜ਼ਮੀਨ ਵੰਡਣ ਤੋਂ ਬਾਅਦ ਤਿੰਨ ਕਿੱਲੇ ਹੋਰ ਬਚੇ ਸਨ। ਪਿੰਡ ਵਿਚ ਹੁਣ ਤਿੰਨ ਭਰਾਵਾਂ ਦਾ ਹੀ ਹਿੱਸਾ ਰਹਿ ਗਿਆ ਸੀ। ਪਿਤਾ ਜੀ ਅਤੇ ਮਾਤਾ ਜੀ ਤੋਪਖਾਨੇ ਵਾਲੇ ਘਰ ਵਿਚ ਆ ਗਏ। ਮੈਂ ਆਪਣੇ ਲਈ 1985-86 ਵਿਚ ਨਿਊ ਲਾਲ ਬਾਗ, ਪਟਿਆਲਾ ਵਿਖੇ ਮਕਾਨ ਬਣਾ ਲਿਆ।

ਇਕ ਦਿਨ ਪਿਤਾ ਜੀ ਮੈਨੂੰ ਕਹਿਣ ਲੱਗੇ," ਕਾਕਾ ਤਿੰਨ ਕਿੱਲੇ ਜ਼ਮੀਨ ਸਾਂਝੀ ਪਈ ਹੈ। ਦੱਸੋ ਕੀ ਕਰੀਏ?" ਮੈਂ ਸਹਿਜੇ ਹੀ ਇਹ ਜ਼ਮੀਨ ਆਪਣੇ ਨਾਮ ਕਰਵਾ ਸਕਦਾ ਸੀ ਕਿਉਂਕਿ ਪਿਤਾ ਜੀ ਮੇਰੇ ਅਸਰ ਵਿਚ ਸਨ ਅਤੇ 1978 ਵਿਚ ਪਿੰਡ ਦੀ ਜ਼ਮੀਨ ਵੇਚ ਦੇਣਾ ਮੈਂ ਵੀ ਮਹਿਸੂਸ ਕਰ ਰਿਹਾ ਸੀ। ਪਰ ਅਜਿਹਾ ਕਰਨ ਦੀ ਜਗ੍ਹਾ ਮੈਂ ਪਿਤਾ ਜੀ ਨੂੰ ਕਿਹਾ," ਅਸੀਂ ਛੋਟੇ ਭਰਾ ਸਤਵੰਤ ਤੇ ਗੁਰਵੰਤ ਨੂੰ ਯੂਨੀਵਰਸਿਟੀ ਵਿਚ ਨਹੀਂ ਭੇਜ ਸਕੇ। ਇਸ ਲਈ ਇਸ ਜ਼ਮੀਨ ਤੇ ਉਹਨਾਂ ਦਾ ਹੀ ਹੱਕ ਬਣਦਾ ਹੈ।" ਪਿਤਾ ਜੀ ਕਹਿਣ ਲੱਗੇ ਕਿ ਬਾਕੀ ਭਰਾਵਾਂ ਨੂੰ ਪੁੱਛਣ ਦੀ ਲੋੜ ਹੈ? ਮੈਂ ਕਿਹਾ ਭਲਾ ਕਰਨ ਲੱਗਿਆ ਕਿਸੇ ਨੂੰ ਪੁੱਛਣ ਦੀ ਕੀ ਲੋੜ ਹੈ। ਮੈਂ ਤੇ ਪਿਤਾ ਜੀ ਪਾਤੜਾਂ ਮੰਡੀ ਗਏ ਹੋਏ ਸੀ। ਪਾਤੜਾਂ ਮੰਡੀ ਹੀ ਸਾਡੀ ਤਹਿਸੀਲ ਸੀ।ਅਸੀਂ ਤਹਿਸੀਲਦਾਰ ਦਫ਼ਤਰ ਗਏ। ਉਥੇ ਅਸੀਂ ਜ਼ਮੀਨ ਦੋਹੇਂ ਭਰਾਵਾਂ ਦੇ ਨਾਮ ਕਰਵਾ ਦਿੱਤੀ ਅਤੇ ਜ਼ਮੀਨ ਦੀ ਤਬਦੀਲੀ ਦੇ ਕਾਗਜ਼ ਉਹਨਾਂ ਨੂੰ ਚਿੱਠੀ ਰਾਹੀਂ ਭੇਜ ਦਿੱਤੇ।

ਪਟਿਆਲਾ ਸ਼ਹਿਰ ਵਿਚ ਸਾਡਾ ਤੋਪਖਾਨੇ ਗੇਟ ਕੋਲ 281/3 ਮਕਾਨ ਹੈ, ਜੋ ਕਿ ਮੇਨ ਰੋਡ ਉਤੇ ਸਥਿਤ ਹੈ। ਇਹ ਮਕਾਨ 1944 ਵਿਚ ਪਿਤਾ ਜੀ ਨੇ ਬੜੇ ਚਾਅ ਨਾਲ ਬਣਵਾਇਆ ਸੀ। 1986 ਵਿਚ ਮੈਂ ਅਮਰੀਕਾ ਗਿਆ। ਤਿੰਨੇ ਛੋਟੇ ਭਰਾਵਾਂ ਨੇ ਮੇਰੀ ਬਹੁਤ ਸੇਵਾ ਕੀਤੀ ਅਤੇ ਮੈਨੂੰ ਕੈਨੇਡਾ ਅਮਰੀਕਾ ਦੀ ਸੈਰ ਕਰਵਾਈ। ਉਸ ਸਮੇਂ ਮੇਰੇ ਕੋਲ ਉਹਨਾਂ ਨੂੰ ਦੇਣ ਲਈ ਕੁਝ ਵੀ ਨਹੀਂ ਸੀ ਪਰ ਮੈਂ ਕਈ ਦਿਨ ਇਹੀ ਸੋਚਦਾ ਰਿਹਾ ਕਿ ਮੈਂ ਇਹ ਹਿਸਾਬ ਕਿਵੇਂ ਕਰਾਂ? ਮੈਂ ਸਦਾ ਹੀ ਗੁਰੂ ਨਾਨਕ ਦੇਵ ਜੀ ਦੇ

॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥

( ਮਾਝ ਮ:੧, ਸ੍ਰੀ ਗੁਰੂ ਨਾਨਕ ਦੇਵ ਜੀ ਅੰਗ 141)

ਵਾਲੀ ਵਿਚਾਰ 'ਤੇ ਪਹਿਰਾ ਦਿੱਤਾ ਹੈ। ਮੈਂ ਸੋਚਿਆ ਕਿਉਂ ਨਾ ਆਪਣੇ ਤੋਪਖਾਨੇ ਵਾਲੇ ਮਕਾਨ ਵਿਚ ਬਣਦਾ ਹਿੱਸਾ ਤਿੰਨੋਂ ਭਰਾਵਾਂ ਨੂੰ ਦੇ ਦੇਵਾਂ। ਮੈਂ ਆਪਣੀ ਪਤਨੀ ਅਤੇ

ਵੱਡੇ ਲੜਕੇ ਗੁਰਮੀਤ ਨਾਲ ਇਸ ਬਾਰੇ ਵਿਚਾਰ ਕੀਤੀ। ਉਹ ਮੇਰੇ ਨਾਲ ਸਹਿਮਤ ਸਨ। ਮੈਂ ਪਿਤਾ ਜੀ ਨੂੰ ਬੇਨਤੀ ਕੀਤੀ ਅਤੇ ਸਾਰੀ ਗੱਲ ਦੱਸੀ। ਪਿਤਾ ਜੀ ਨੇ ਕਿਹਾ," ਕੀ ਤੁਹਾਨੂੰ ਹਿੱਸਾ ਮਿਲ ਗਿਆ ਹੈ ?" ਮੈਂ ਸਤਿਕਾਰ ਨਾਲ ਕਿਹਾ ਪਿਤਾ ਜੀ ਮਿਲਿਆ ਤਾਂ ਨਹੀਂ ਹੈ ਪਰ ਕੀ ਮਿਲਣਯੋਗ ਵੀ ਨਹੀਂ ਹੈ। ਉਹ ਪਿਆਰ ਨਾਲ ਕਹਿਣ ਲੱਗੇ, " ਕਾਕਾ, ਮਿਲਣਯੋਗ ਤਾਂ ਹੈ ।" ਮੈਂ ਕਿਹਾ ਮੈਂ ਇਹੋ ਜਿਹਾ ਕੁਝ ਕਰਨਾ ਹੈ, ਜੋ ਕੱਲ੍ਹ ਨੂੰ ਹੋਣਾ ਹੈ। ਉਹਨਾਂ ਨੇ ਮੈਨੂੰ ਐਫੀਡੇਵਿਟ ਬਣਾਉਣ ਲਈ ਕਿਹਾ। ਮੈਂ ਐਫੀਡੇਵਿਟ ਬਣਵਾਇਆ ਜਿਸ ਵਿਚ ਲਿਖਿਆ ਕਿ ਮੇਰੇ ਤਿੰਨੇ ਛੋਟੇ ਭਰਾਵਾਂ ਨੇ ਅਮਰੀਕਾ ਵਿਚ ਮੇਰੀ ਬਹੁਤ ਸੇਵਾ ਕੀਤੀ ਹੈ ਅਤੇ ਮੈਂ ਉਹਨਾਂ ਦੀ ਸੇਵਾ ਵਜੋਂ ਤੋਪਖਾਨੇ ਵਾਲੇ ਮਕਾਨ ਵਿਚ ਬਣਦਾ ਆਪਣਾ ਹੱਕ ਉਹਨਾਂ ਨੂੰ ਦੇਣਾ ਚਾਹੁੰਦਾ ਹਾਂ। ਮੇਰੇ ਪਿਤਾ ਜੀ ਨੇ ਨਵੀਂ ਵਸੀਅਤ ਬਣਾਈ ਜਿਸ ਵਿਚ ਇੰਝ ਲਿਖਿਆ ਕਿ ਮੈਂ ਚਾਰੇ ਲੜਕੀਆਂ ਦੇ ਵਿਆਹ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਗਿਆ ਹਾਂ। ਇਸ ਮਕਾਨ ਵਿਚ ਪੰਜ ਲੜਕਿਆਂ ਦਾ ਹਿੱਸਾ ਬਣਦਾ ਹੈ। ਵੱਡੇ ਲੜਕੇ ਪਰਮਿੰਦਰ ਨੂੰ ਚਾਲੀ ਹਜ਼ਾਰ ਰੁਪਏ ਨਕਦ ਦੇ ਕੇ ਉਸ ਦਾ ਹਿੱਸਾ ਉਸ ਨੂੰ ਦੇ ਦਿੱਤਾ ਹੈ। ਉਸ ਤੋਂ ਛੋਟੇ ਲੜਕੇ ਅਮਰਜੀਤ ਨੇ ਆਪਣੇ ਤਿੰਨੋ ਛੋਟੇ ਭਰਾ ਜਗਜੀਤ, ਸਤਵੰਤ ਅਤੇ ਗੁਰਵੰਤ ਦੇ ਹੱਕ ਵਿਚ ਆਪਣਾ ਐਫੀਡੇਵਿਟ ਦੇ ਦਿੱਤਾ ਹੈ। ਇਸ ਲਈ ਇਹ ਮਕਾਨ ਉਹਨਾਂ ਦੇ ਜੀਵਨਕਾਲ ਤੋਂ ਬਾਅਦ ਤਿੰਨ ਭਰਾਵਾਂ ਨੂੰ ਮਿਲੇ।

ਮੈਂ ਕਦੇ ਵੀ ਆਪਣੇ ਛੋਟੇ ਭਰਾਵਾਂ ਨਾਲ ਇਸ ਬਾਰੇ ਕੋਈ ਗੱਲ ਨਹੀਂ ਕੀਤੀ। 29 ਮਈ 1990 ਨੂੰ ਪਿਤਾ ਜੀ ਸੁਰਗਵਾਸ ਹੋ ਗਏ ਅਤੇ ਤਿੰਨੇ ਭਰਾ ਭੋਗ ਦੀ ਰਸਮ ਵਿਚ ਸ਼ਾਮਿਲ ਹੋਣ ਲਈ ਅਮਰੀਕਾ ਤੋਂ ਭਾਰਤ ਆਏ। ਉਹਨਾਂ ਨੂੰ ਉਸ ਵੇਲੇ ਇਸ ਗੱਲ ਬਾਰੇ ਕੋਈ ਜਾਣਕਾਰੀ ਨਹੀਂ ਸੀ। ਜਦੋਂ ਉਹਨਾਂ ਨੇ ਪਿਤਾ ਜੀ ਦੀ ਵਸੀਅਤ ਪੜ੍ਹੀ ਜਿਸ ਵਿਚ ਲਿਖਿਆ ਸੀ ਕਿ ਅਮਰਜੀਤ ਸਿੰਘ ਨੇ ਆਪਣਾ ਹਿੱਸਾ ਛੋਟੇ ਭਰਾਵਾਂ ਨੂੰ ਦੇ ਦਿੱਤਾ ਹੈ। ਉਹ ਬਹੁਤ ਹੈਰਾਨ ਹੋਏ ਅਤੇ ਉਹਨਾਂ ਨੇ ਪੁਛਿਆ,"ਵੀਰ ਜੀ ਤੁਸੀਂ ਇਹ ਕੀ ਕੀਤਾ?"

ਮੈਂ ਕਿਹਾ "ਇਨਸਾਫ਼"

ਇਸੇ ਤਰ੍ਹਾਂ ਹੀ ਮੈਂ ਨੌਕਰੀਆਂ ਦੇ ਦੌਰਾਨ ਇਨਸਾਫ਼ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ। 1971 ਵਿਚ ਮੈਂ ਸਰਕਾਰੀ ਕਾਲਜ, ਟਾਂਡਾ ਪ੍ਰੋਫੈਸਰ ਵਜੋਂ ਕੰਮ ਕਰ ਰਿਹਾ ਸੀ। ਮਾਰਚ ਅਪ੍ਰੈਲ 1972 ਵਿਚ ਹੋਏ ਸਾਲਾਨਾ ਇਮਤਿਹਾਨਾਂ ਵਿਚ ਮੇਰੀ ਵੀ ਡਿਊਟੀ ਲੱਗ ਗਈ। ਮੈਂ ਕਿਸੇ ਬੱਚੇ ਨੂੰ ਨਕਲ ਨਹੀਂ ਮਾਰਨ ਦਿੱਤੀ। ਕੁਝ ਕੁ ਦਿਨਾਂ ਬਾਅਦ ਮੈਂ ਪ੍ਰੋਫੈਸਰ ਗੁਲਜ਼ਾਰ ਸਿੰਘ ਨਾਲ ਕਾਲਜ ਦੇ ਇਲਾਕੇ ਵਿਚ ਘੁੰਮ ਰਿਹਾ ਸੀ। ਇਕ ਵਿਦਿਆਰਥੀ ਜੋ ਕੁਝ ਸ਼ਰਾਬੀ ਹਾਲਤ ਵਿਚ ਜਾਪਦਾ ਸੀ, ਸਾਡੇ ਕੋਲ ਦੀ ਸਾਈਕਲ ਤੇ ਲੰਘਿਆ। ਉਹ ਸ਼ਰਾਬੀਆਂ ਵਾਲੀ ਆਵਾਜ਼ ਵਿਚ ਕਹਿਣ

ਲੱਗਾ," ਸਰ ਸਾਨੂੰ ਤੁਹਾਥੋਂ ਬੜੀ ਆਸ ਹੈ।" ਇਹ ਕਹਿੰਦਿਆਂ ਉਹ ਅੱਗੇ ਚਲਾ ਗਿਆ।

ਇੰਨੇ ਵਿਚ ਹੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਮੈਨੂੰ ਬੀ.ਏ. ਭਾਗ ਪਹਿਲੇ ਦੇ ਪੋਲੀਟਿਕਲ ਸਾਇੰਸ ਦੇ ਕੁਝ ਪੇਪਰ ਭੇਜ ਦਿੱਤੇ। ਮੇਰੀ ਹੈੱਡ ਐਗਜ਼ਾਮੀਨਰ ਚੰਡੀਗੜ੍ਹ ਦੇ ਇਕ ਕੁੜੀਆਂ ਦੇ ਕਾਲਜ ਦੀ ਪ੍ਰਿੰਸੀਪਲ ਸੀ। ਜਦ ਨੂੰ ਪੇਪਰ ਮੇਰੇ ਕੋਲ ਆਏ, ਮੇਰਾ ਵਿਆਹ ਹੋ ਚੁੱਕਾ ਸੀ। ਮੈਂ ਪੇਪਰਾਂ ਨੂੰ ਕੋਈ ਸਮਾਂ ਨਹੀਂ ਦੇ ਸਕਿਆ। ਮੇਰੀ ਹੈੱਡ ਅਗਜ਼ਾਮੀਨਰ ਨੇ ਮੈਨੂੰ ਪੇਪਰ ਦੇਖ ਕੇ ਜਲਦੀ ਭੇਜਣ ਲਈ ਕਿਹਾ। ਇਕ ਪਾਸੇ ਵਿਆਹ ਨਵਾਂ ਨਵਾਂ ਹੋਇਆ ਸੀ। ਦੂਜੇ ਪਾਸੇ ਪੇਪਰ ਦੇਖਣ ਦੀ ਆਖਰੀ ਮਿਤੀ ਨੇੜੇ ਆ ਰਹੀ ਸੀ। ਮੈਨੂੰ ਕੀ ਬੇਵਕੂਫੀ ਸੁਝੀ ਕਿ ਮੈਂ ਆਪਣੇ ਛੋਟੇ ਭਰਾ ਗੁਰਵੰਤ ਨੂੰ ਪੇਪਰ ਦੇਖਣ ਲਈ ਕਹਿ ਦਿੱਤਾ ਅਤੇ ਪੇਪਰ ਭੇਜ ਦਿੱਤੇ। ਕੁਝ ਦਿਨਾਂ ਬਾਅਦ ਮੈਨੂੰ ਹੈੱਡ ਐਗਜਾਮੀਨਰ ਨੇ ਆਪਣੇ ਪਾਸ ਚੰਡੀਗੜ੍ਹ ਬੁਲਾ ਲਿਆ। ਇਹ ਪ੍ਰਿੰਸੀਪਲ 45 ਕੁ ਸਾਲ ਦੀ ਸੀ ਅਤੇ ਅਣਵਿਆਹੀ ਸੀ। ਉਹ ਇਕੱਲੇ ਇਕੱਲੇ ਸਵਾਲ ਬਾਰੇ ਮੈਨੂੰ ਪੁੱਛ ਰਹੀ ਸੀ ਕਿ ਮੈਂ ਨੰਬਰ ਕਿਵੇਂ ਲਾਏ ਹਨ। ਕੁਝ ਦੇਰ ਬਾਅਦ ਮੈਂ ਮੈਡਮ ਨੂੰ ਸਾਰੀ ਸੱਚੀ ਗੱਲ ਸੁਣਾਈ ਅਤੇ ਅਫ਼ਸੋਸ ਜਾਹਿਰ ਕੀਤਾ। ਉਸ ਤੋਂ ਬਾਅਦ ਮੈਂ ਯੂਨੀਵਰਸਿਟੀ ਨੂੰ ਹੋਰ ਪੇਪਰ ਭੇਜਣ ਤੋਂ ਮਨ੍ਹਾਂ ਕਰ ਦਿੱਤਾ। ਮੈਨੂੰ ਲੱਗ ਰਿਹਾ ਸੀ ਕਿ ਮੈਂ ਇਨਸਾਫ਼ ਨਹੀਂ ਕਰ ਸਕਿਆ।

ਆਬਕਾਰੀ ਅਤੇ ਕਰ ਵਿਭਾਗ ਵਿਚ ਮੈਂ ਤਕਰੀਬਨ 22 ਸਾਲ ਰਿਹਾ ਅਤੇ ਅੱਛੀਆਂ ਪੁਜੀਸ਼ਨਾਂ ਤੇ ਕੰਮ ਕਰਨ ਦਾ ਮੌਕਾ ਮਿਲਿਆ। ਮੈਂ ਇਮਾਨਦਾਰਾਂ ਨੂੰ ਉਤਸ਼ਾਹਿਤ ਕਰਦਾ ਸੀ ਅਤੇ ਬੇਈਮਾਨਾਂ ਨੂੰ ਦੰਡ ਦਿੰਦਾ ਸੀ।

ਮੈਂ ਔਰਤ ਅਫ਼ਸਰਾਂ ਅਤੇ ਕਰਮਚਾਰੀਆਂ ਦੀ ਰੱਖਿਆ ਕਰਦਾ ਸੀ ਅਤੇ ਕਦੇ ਵੀ ਉਹਨਾਂ ਦਾ ਸ਼ੋਸ਼ਣ ਨਹੀਂ ਹੋਣ ਦਿੱਤਾ। ਦੋ ਕੁ ਵਾਰ ਮੈਨੂੰ ਆਪਣੀ ਨੌਕਰੀ ਦੇ ਜੋਖਿਮ 'ਤੇ ਸੀਨੀਅਰ ਅਫ਼ਸਰਾਂ ਨਾਲ ਸੀਨਾ ਤਾਣ ਕੇ ਖੜ੍ਹਨਾ ਪਿਆ। ਹੁਣ ਜਦ ਕਿ ਮੈਨੂੰ ਰਿਟਾਇਰ ਹੋਇਆਂ ਬਹੁਤ ਸਾਲ ਹੋ ਗਏ ਹਨ, ਇਹ ਗੱਲਾਂ ਮੈਨੂੰ ਸੰਤੁਸ਼ਟੀ ਦਿੰਦੀਆਂ ਹਨ ਕਿ ਮੈਂ ਆਪਣੀ ਨੌਕਰੀ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ, ਅੱਛੀਆਂ ਲੇਡੀਜ਼ ਅਫ਼ਸਰਾਂ ਨੂੰ ਸੇਕ ਨਹੀਂ ਲੱਗਣ ਦਿੱਤਾ ਸਗੋਂ ਆਪ ਵਿਚਾਲੇ ਖੜ੍ਹ ਗਿਆ। ਮੈਂ ਕਦੇ ਵੀ ਬਦਲੀ ਹੋਣ ਤੋਂ ਨਹੀਂ ਡਰਿਆ।

ਅਮਰੀਕਾ ਵਿਚ ਵੀ ਭੈਣ ਭਾਈਆਂ ਦੀਆਂ ਸਮੱਸਿਆਵਾਂ ਇਨਸਾਫ਼ ਦੇ ਆਧਾਰ ਤੇ ਨਿਪਟਾਈਆਂ। ਮੈਂ ਸਾਰੇ ਜੀਵਨ ਦੇ ਫ਼ੈਸਲਿਆਂ ਵਿਚ ਇਨਸਾਫ਼ ਨੂੰ ਪ੍ਰਮੁੱਖ ਰੱਖਿਆ। ਬੱਚਿਆਂ ਦੀ ਜਾਇਦਾਦ ਵੰਡ ਵਿਚ ਵੀ ਇਨਸਾਫ਼ ਮੇਰੀ ਤੇ ਮੇਰੀ ਪਤਨੀ ਦੀ ਪ੍ਰਮੁੱਖਤਾ ਸੀ।

*****

# ਆਖ਼ਰੀ ਦੌੜ

ਜਿਵੇਂ ਕਿ ਦੌੜਾਕ ਪਹਿਲਾਂ ਵਾਰਮਅਪ ਹੁੰਦਾ ਹੈ। ਇਸ ਤੋਂ ਬਾਅਦ ਫਿਰ ਤੇਜ਼ ਭੱਜਦਾ ਹੈ। ਫਿਰ ਅਖੀਰ ਵਿਚ ਉਹ ਸਪਰਿੰਟ ਲਾਉਂਦਾ ਹੈ। ਬਿਲਕੁਲ ਇਸੇ ਤਰ੍ਹਾਂ ਮੈਂ ਆਪਣਾ ਜੀਵਨ ਸ਼ੁਰੂ ਕੀਤਾ। ਫੌਜ ਵਿਚ ਵਾਰਮਅਪ ਹੋਏ। ਜੀਵਨ ਦੀਆਂ ਕਦਰਾਂ ਕੀਮਤਾਂ ਲੈ ਕੇ ਤਿੰਨ ਸਾਲ ਪ੍ਰੋਫੈਸਰੀ, 22 ਸਾਲ ਐਕਸਾਈਜ਼ ਅਤੇ ਬਾਕੀ ਸਾਲ ਅਮਰੀਕਾ ਵਿਚ ਕਾਰੋਬਾਰ ਕਰਕੇ ਬੱਚਿਆਂ ਨੂੰ ਪੜ੍ਹਾ ਕੇ 2010 ਵਿਚ ਪਟਿਆਲਾ ਆ ਗਏ। ਇਸ ਸਮੇਂ ਵਿਚ ਅਧਿਆਤਮ ਨੂੰ ਸਮਝਣ ਲਈ ਦੋ ਐੱਮ.ਏ. ਕੀਤੀਆਂ। 2013 ਤੋਂ ਲੈ ਕੇ 2016 ਤੱਕ ਚਾਰ ਓਪਰੇਸ਼ਨ ਅਤੇ ਓਪਰੇਸ਼ਨਾਂ ਵਰਗੇ ਟੈਸਟ ਆਦਿ ਕਰਵਾ ਕੇ ਇੰਝ ਲਗਦਾ ਹੈ ਕਿ ਰੱਬ ਜੀ ਦੇ ਇਮਤਿਹਾਨ ਪਾਸ ਕਰ ਲਏ ਹਨ। ਇਸ ਵਿਚ ਅਰਦਾਸ ਦਾ ਬਹੁਤ ਯੋਗਦਾਨ ਹੈ। ਪਿਛਲੀ ਕੀਤੀ ਨੇਕ ਕਮਾਈ ਵੀ ਮਨ ਨੂੰ ਸ਼ਾਬਾਸ਼ ਹੀ ਦਿੰਦੀ ਹੈ।

ਮੈਂ ਭਾਗਸ਼ਾਲੀ ਵਿਅਕਤੀ ਸੀ ਜਿਸ ਨੂੰ ਮਾਤਾ ਪਿਤਾ ਦੀ ਸਿੱਖਿਆ ਮਿਲੀ ਅਤੇ ਰੱਬ ਜੀ ਦਾ ਥਾਪੜਾ ਸਦਾ ਮੇਰੇ ਨਾਲ ਰਿਹਾ ਹੈ। ਇਹ ਚੀਜ਼ ਵੀ ਮੈਨੂੰ ਬਹੁਤ ਸਕੂਨ ਦਿੰਦੀ ਹੈ। ਫੌਜ ਦੀ ਬਹਾਦਰੀ ਹੁਣ ਮੈਨੂੰ ਹਉਮੈ ਨਹੀਂ ਹੋਣ ਦਿੰਦੀ। ਹੁਣ ਮੈਂ ਇਸ ਨੂੰ ਰੱਬ ਦਾ ਸ਼ੁਕਰ ਅਤੇ ਉਸ ਦੀ ਦਇਆ ਸਮਝਦਾ ਹਾਂ। ਵਡੇਰੀ ਉਮਰ ਵਿਚ ਮੈਨੂੰ ਬਾਣੀ ਕੰਠ ਕਰਨਾ ਵੀ ਉਸ ਦੀ ਹੀ ਨਦਰਿ ਲੱਗਦੀ ਹੈ। ਇਹ ਉਸ ਦਾ ਹੀ ਥਾਪੜਾ ਹੈ। ਹੁਣ ਮੈਨੂੰ ਸਾਰੇ ਜੀਵਨ ਦਾ ਉਦੇਸ਼ ਦਾ ਪਤਾ ਲੱਗ ਗਿਆ ਹੈ। ਇਸ ਸਮੇਂ ਮੈਂ ਪੰਜ ਨਿੱਜੀ ਕਿਤਾਬਾਂ ਲਿਖਣ ਤੋਂ ਬਾਅਦ ਪ੍ਰਭੂ ਅਤੇ ਉਸ ਦੇ ਪਿਆਰਿਆਂ ਬਾਰੇ ਹੀ ਲਿਖਣਾ ਹੈ। ਇਹੀ ਹੁਣ ਮੇਰੇ ਜੀਵਨ ਦਾ ਮੁੱਖ ਉਦੇਸ਼ ਹੈ। ਹੁਣ ਮੈਨੂੰ ਪ੍ਰਭੂ ਅਤੇ ਗੁਰੂ ਹੀ ਆਪਣੇ ਰਿਸ਼ਤੇਦਾਰ ਭਾਸਦੇ ਹਨ। ਮੇਰਾ ਇਸ਼ਟ ਗੁਰੂ ਨਾਨਕ ਦੇਵ ਜੀ ਹਨ। ਅਮਰੀਕਾ ਵਿਚ ਗੁਰੂ ਨਾਨਕ ਜੀ ਦਾ ਅਸ਼ੀਰਵਾਦ ਮਿਲਣ ਤੋਂ ਬਾਅਦ ਮੇਰਾ ਮਨ ਪੂਰੀ ਤਰ੍ਹਾਂ ਦ੍ਰਿੜ੍ਹ ਹੋ ਗਿਆ ਹੈ ਅਤੇ ਅੰਤਰ ਆਤਮੇ ਗਰੀਬੀ ਅਤੇ ਹਲੀਮੀ ਵਾਲੀ ਅਵਸਥਾ ਦੀ ਬਖਸ਼ਿਸ਼ ਪ੍ਰਾਪਤ ਹੋ ਗਈ ਹੈ। ਦੁਨੀਆ ਤੋਂ ਜਾਣਾ ਮੈਨੂੰ ਮਰਨਾ ਨਹੀਂ ਲਗਦਾ ਸਗੋਂ ਆਪਣੇ ਘਰ ਜਾਣ ਦਾ ਚਾਉ ਹੈ। ਮੇਰਾ ਬਿਮਾਰੀਆਂ ਜਾਂ ਕਿਸੇ ਦੁੱਖ ਪ੍ਰਤੀ ਡਰ ਤਕਰੀਬਨ ਖਤਮ ਹੋ ਗਿਆ ਹੈ। ਮੈਂ ਛੋਟੀ ਜਿਹੀ ਸੜਕ ਆਪਣੇ ਲਈ ਤਿਆਰ

ਕਰ ਰਿਹਾ ਹਾਂ। ਮੇਰਾ ਭਵਿੱਖ ਬਹੁਤ ਅੱਛਾ ਹੈ ਅਤੇ ਕੁਝ ਵਰ੍ਹੇ ਹੋਰ ਮਿਹਨਤ ਕਰਨ ਨਾਲ ਹੋਰ ਵੀ ਅੱਛਾ ਹੋ ਜਾਵੇਗਾ। ਇਸ ਸਾਰੇ ਸਫ਼ਰ ਵਿਚ ਮੈਨੂੰ ਮੇਰੇ ਪ੍ਰਭੂ ਜੀ ਦੀ ਕਿਰਪਾ, ਗੁਰੂ ਦੀ ਸਿੱਖਿਆ, ਆਪਣੀ ਮਿਹਨਤ ਤੇ ਹਲੀਮੀ ਸੰਦ ਬਣਾ ਕੇ ਚਲਾਉਣਾ ਪਵੇਗਾ। ਮੈਨੂੰ ਆਪ ਸਭ ਦੇ ਅਸ਼ੀਰਵਾਦ ਦੀ ਲੋੜ ਹੈ ਮੈਂ ਆਮ ਜਿਹਾ ਇਨਸਾਨ ਹਾਂ। ਮੈਨੂੰ ਕੋਈ ਗਿਆਨ ਨਹੀਂ। ਮੈਂ ਮਹਾਂਪੁਰਖ ਨਹੀਂ ਅਤੇ ਨਾ ਹੀ ਕੋਈ ਵਿਦਵਾਨ ਹਾਂ। ਮੈਂ ਤਾਂ ਸੰਜੀਦਾ ਵਿਅਕਤੀ ਹਾਂ ਜਿਸ ਨੇ ਸਾਰਾ ਦੁੱਖ ਸੁੱਖ ਆਪਣੇ ਪਿੰਡੇ ਤੇ ਹੰਢਾਇਆ ਹੈ। ਕੁਝ ਕਦਰਾਂ ਕੀਮਤਾਂ ਲੈ ਕੇ ਜੀਵਨ ਦੇ 75 ਸਾਲ ਪਾਰ ਕਰ ਲਏ ਹਨ। ਮੈਂ ਕਿਉਂਕਿ ਮਨੁੱਖ ਹਾਂ ਅਤੇ ਗਲਤੀਆਂ ਦਾ ਪੁਤਲਾ ਹਾਂ। ਅੰਗਰੇਜ਼ੀ ਦੀ ਕਹਾਵਤ ਯਾਦ ਰੱਖਣਾ, "To err is human and to forgive is divine".

ਆਪ ਜੀ ਦੀ ਅਸ਼ੀਰਵਾਦ ਮੇਰੇ ਲਈ ਸ਼ਕਤੀ ਪ੍ਰਦਾਨ ਕਰੇਗੀ, ਇਹ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ।

*****

## ਲੇਖਕ ਬਾਰੇ

ਜਨਮ ਮਿਤੀ : 13 ਜਨਵਰੀ, 1943

ਵਿੱਦਿਆ : ਐੱਮ. ਏ (ਪੋਲੀਟੀਕਲ ਸਾਇੰਸ, ਧਰਮ ਅਧਿਐਨ, ਸਿੱਖ ਸਟੀਡਜ਼)

ਕੈਰੀਅਰ : 1963 ਵਿਚ ਆਰਮੀ ਅਫ਼ਸਰ ਦੇ ਤੌਰ ਤੇ ਜਾਇਨ ਕੀਤਾ
1965 ਦੀ ਭਾਰਤ ਪਾਕਿਸਤਾਨ ਦੀ ਲੜਾਈ ਵਿਚ ਬਹਾਦਰੀ ਲਈ।
ਅਸਿਸਟੈਂਟ ਪ੍ਰੋਫੈਸਰ (ਪੋਲੀਟੀਕਲ ਸਾਇੰਸ) ਪੰਜਾਬ ਸਰਕਾਰੀ ਕਾਲਜ ਟਾਂਡਾ ਅਤੇ ਨਾਭਾ (1971-74)
1974 ਵਿਚ ਪੀ.ਸੀ.ਐੱਸ. ਦੇ ਇਮਤਿਹਾਨ ਦੇ ਆਧਾਰ ਤੇ ਬਤੌਰ ਈ.ਟੀ.ਓ. ਜਾਇਨ ਕੀਤਾ
ਜਨਵਰੀ 2001 ਵਿਚ ਐਡੀਸ਼ਨਲ ਆਬਕਾਰੀ ਅਤੇ ਕਰ ਕਮਿਸ਼ਨਰ ਪੰਜਾਬ, ਰਿਟਾਇਰ ਹੋਏ
1993-1998 ਅਤੇ 2002-2010 ਤੱਕ ਅਮਰੀਕਾ ਵਿਚ ਵਪਾਰ ਕੀਤਾ


ਸ਼ੌਂਕ : ਗੋਲਫ ਖੇਡਣਾ, ਬਾਗ਼ਬਾਨੀ ਅਤੇ ਅਧਿਆਤਮਿਕ ਪੁਸਤਕਾਂ ਪੜ੍ਹਨਾ


'ਓੜਕਿ ਨਿਬਹੀ ਪ੍ਰੀਤਿ' ਇਕ ਸੱਚੇ ਸੁੱਚੇ ਇਨਸਾਨ ਕੈਪਟਨ ਅਮਰਜੀਤ ਸਿੰਘ ਕਾਲੇਕਾ ਦੀ ਸਵੈ-ਜੀਵਨੀ ਹੈ, ਜਿਸ ਵਿਚ ਉਹਨਾਂ ਵੱਲੋਂ ਪ੍ਰਮਾਤਮਾ ਦੁਆਰਾ ਜ਼ਿੰਮੇ ਲਾਏ ਕਾਰਜਾਂ ਨੂੰ ਸੰਤੁਸ਼ਟੀ ਅਤੇ ਤਸੱਲੀ ਪੂਰਨ ਢੰਗ ਨਾਲ ਨਿਭਾਏ ਜਾਣ ਦੇ ਸ਼ੁਕਰਾਨੇ ਵੱਜੋਂ ਚਿਤਰੇ ਗਏ ਹਰਫਾਂ ਦਾ ਸੰਕਲਨ ਹੈ। ਇਹ ਜ਼ਿੰਮੇਵਾਰੀਆਂ ਚਾਹੇ ਇਕ ਪੁੱਤਰ ਦੇ ਰੂਪ ਵਿਚ ਹੋਣ, ਪਤੀ ਦੇ ਰੂਪ ਵਿਚ ਜਾਂ ਫਿਰ ਇਕ ਆਦਰਸ਼ ਪਿਤਾ ਦੇ ਰੂਪ ਵਿਚ ਹੋਣ। ਬੁਨਿਆਦੀ ਰੂਪ ਵਿਚ ਸ. ਅਮਰਜੀਤ ਸਿੰਘ ਕਾਲੇਕਾ ਇਕ ਅੱਛੇ ਇਨਸਾਨ ਹਨ। ਇਹਨਾਂ ਨੇ ਆਪਣੇ ਸਮਾਜਿਕ ਸਰੋਕਾਰਾਂ ਨੂੰ ਬੜੀ ਬਾਖੂਬੀ ਨਾਲ ਨਿਭਾਇਆ ਹੈ, ਭਾਵੇਂ ਉਹ ਇਕ ਆਰਮੀ ਅਫ਼ਸਰ ਦੇ ਰੂਪ ਵਿਚ ਹੋਣ ਜਾਂ ਫਿਰ ਕਾਲਜ ਅਧਿਆਪਕ ਜਾਂ ਆਬਕਾਰੀ ਤੇ ਕਰ ਵਿਭਾਗ ਦੇ ਇਕ ਉੱਚ ਅਫ਼ਸਰ ਦੇ ਰੂਪ ਵਿਚ ਹੋਣ। ਉਹਨਾਂ ਨੇ ਜ਼ਿੰਦਗੀ ਦੇ ਹਰ ਮੁਹਾਜ ਤੇ ਪਰਮ ਪਿਤਾ ਪ੍ਰਮਾਤਮਾ ਦੀ ਹੋਂਦ ਨੂੰ ਆਪਣੇ ਨਾਲ ਮਹਿਸੂਸ ਕੀਤਾ ਹੈ ਅਤੇ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਵਿਚੋਂ ਸਾਬਤ ਕਦਮੀਂ ਬਾਹਰ ਨਿਕਲ ਆਉਂਦੇ ਰਹੇ ਹਨ। ਇਹਨਾਂ ਦੇ ਜੀਵਨ ਪੰਧ ਵਿਚ ਕੁਝ ਅਜਿਹੇ ਪਲ ਵੀ ਆਏ ਜਦੋਂ ਕੁਝ ਸੰਜੀਦਾ ਮਸਲਿਆਂ ਬਾਰੇ ਗੰਭੀਰ ਫ਼ੈਸਲੇ ਲੈਣੇ ਪਏ। ਇਹ ਉਹ ਘੜੀ ਸੀ ਜਦੋਂ ਇਕ ਪਾਸੇ ਉੱਚ ਰੁਤਬੇ ਵਾਲੀ ਨੌਕਰੀ ਦਾ ਜਾਹੋ-ਜਲਾਲ ਸਾਹਮਣੇ ਸੀ ਅਤੇ ਦੂਸਰੇ ਪਾਸੇ ਅਮਰੀਕਾ ਜਾ ਕੇ ਬੱਚਿਆਂ ਦਾ ਭਵਿੱਖ ਬਣਾਉਣ ਅਤੇ ਜ਼ਿੰਦਗੀ ਨੂੰ ਮੁੜ ਨਵੇਂ ਸਿਰਿਓਂ ਸ਼ੁਰੂ ਕਰਨ ਦਾ ਮਸਲਾ ਸੀ। ਇਥੇ ਵੀ ਤਰਜੀਹ ਇਹਨਾਂ ਨੇ ਆਪਣੇ ਬੱਚਿਆਂ ਦੇ ਭਵਿੱਖ ਬਣਾਉਣ ਨੂੰ ਦਿੱਤੀ। ਲੰਮੀ ਛੁੱਟੀ ਲੈ ਕੇ ਅਮਰੀਕਾ ਜਾ ਡੇਰੇ ਲਾਏ। ਇਹ ਕੈਪਟਨ ਅਮਰਜੀਤ ਸਿੰਘ ਕਾਲੇਕਾ ਦੀ ਮਿਹਨਤ, ਦਿਆਨਤਦਾਰੀ ਅਤੇ ਲਗਨ ਦਾ ਸਦਕਾ ਹੀ ਸੀ ਕਿ ਬਿਗਾਨੇ ਮੁਲਕ ਵਿਚ ਮੁੜ ਜ਼ੀਰੋ ਤੋਂ ਕਾਰਜ ਸ਼ੁਰੂ ਕਰਦਿਆਂ ਬੱਚਿਆਂ ਨੂੰ ਡਾਕਟਰੀ ਅਤੇ ਇੰਜੀਨੀਅਰਿੰਗ ਦੇ ਖੇਤਰ ਵਿਚ ਉੱਚ ਤਾਲੀਮ ਦਿਵਾਈ। ਪ੍ਰਮਾਤਮਾ ਦੇ ਭੈਅ ਤੇ ਭਉ ਵਿਚ ਰਹਿੰਦਿਆਂ ਹਰ ਕੰਮ ਇਮਾਨਦਾਰੀ ਨਾਲ ਕੀਤਾ। ਲਗਭਗ 18 ਵਰ੍ਹਿਆਂ ਦੇ ਅੰਤਰਾਲ ਵਿਚ ਬੱਚਿਆਂ ਦੀ ਪੜ੍ਹਾਈ, ਵਿਆਹ-ਸ਼ਾਦੀ ਅਤੇ ਜੀਵਨ ਨਿਰਬਾਹ ਸਬੰਧੀ ਕਾਰਜਾਂ ਦੀ ਸਥਾਪਤੀ ਤੋਂ ਬਾਅਦ 2010 ਵਿਚ ਮੁੜ ਭਾਰਤ ਪਰਤ ਆਏ।

ਅੱਜ ਕੈਪਟਨ ਕਾਲੇਕਾ ਆਪਣੀ ਸੁਪਤਨੀ ਸ਼੍ਰੀਮਤੀ ਜਸਮਿੰਦਰ ਕੌਰ ਨਾਲ ਪਟਿਆਲੇ ਦੇ ਸੈਂਚਰੀ ਐਨਕਲੇਵ ਵਿਚ ਬਣਾਏ ਆਪਣੇ ਆਸ਼ੀਆਨੇ ਵਿਚ ਸੰਤੁਸ਼ਟੀ ਭਰਿਆ ਜੀਵਨ ਬਸਰ ਕਰ ਰਹੇ ਹਨ। ਹੱਥਲੀ ਪੁਸਤਕ ਸ. ਕਾਲੇਕਾ ਦੀ ਤੀਸਰੀ ਪੁਸਤਕ ਹੈ ਜੋ ਕਿ ਇਕ ਸੱਚੇ ਸੁੱਚੇ ਸਿੱਖ ਵੱਲੋਂ ਦੁਨਿਆਵੀ ਕਾਰਜਾਂ ਦੀ ਸੰਪੂਰਨਤਾ ਉਪਰੰਤ ਉਸ ਪਰਮ ਪਿਤਾ ਪ੍ਰਮਾਤਮਾ ਪ੍ਰਤੀ ਸ਼ਰਧਾ ਨੂੰ ਵਿਅਕਤ ਕਰਦੀ ਹੈ।

ਮੈਂ ਇਸ ਪੁਸਤਕ ਦੀ ਪ੍ਰਕਾਸ਼ਨਾ ਤੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੂੰ ਮੁਬਾਰਕਬਾਦ ਦਿੰਦਾ ਹਾਂ।

ਸ. ਸੁਰਜੀਤ ਸਿੰਘ ਰੱਖੜਾ
ਸਾਬਕਾ ਕੈਬਨਿਟ ਮੰਤਰੀ, ਪੰਜਾਬ






ਇਸੇ ਕਲਮ ਤੋਂ

ISBN: 978-93-84789-99-2
Price: 200/- $ 8